ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼

ਕ੍ਰਿਤ ਬਾਬਾ ਸੁਮੇਰ ਸਿੰਘ

ਸੰਪਾਦਕ

ਡਾ. ਅੱਛਰ ਸਿੰਘ ਕਾਹਲੋਂ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

Sri Satguru Jagjit Singh Ji eLibrary NamdhariElibrary@gmail.com

©

ਪੰਜਾਬੀ ਸਾਹਿੱਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

Sri Gur-Pad Prem Prakash krit Baba Sumer Singh *(Punjabi)*

Edited by

Dr. Achhar Singh Kahlon

ISBN 81-7380-587-3

2000
ਪਹਿਲੀ ਵਾਰ : 550
ਮੁੱਲ : 385/- ਰੁਪਏ

ਡਾ. ਬਲਬੀਰ ਸਿੰਘ ਭਾਟੀਆ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪਰਕਾਸ਼ਿਤ
ਕੀਤੀ ਅਤੇ ਮੈਸਰਜ਼ ਰਾਮ ਪ੍ਰਿੰਟੇਗਰਾਫ਼, ਨਵੀਂ ਦਿੱਲੀ ਵਿਖੇ ਛਪੀ

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਦੋ ਸ਼ਬਦ

ਪੰਜਾਬੀ ਕਾਵਿ ਸਾਹਿਤ ਵਿਚ ਗੁਰੂ ਸਾਹਿਬਾਨ ਦੇ ਜੀਵਨ ਨਾਲ ਸੰਬੰਧਤ ਕਈ ਪੋਥੀਆਂ ਉਪਲਬਧ ਹਨ। ਇਨ੍ਹਾਂ ਵਿਚੋਂ ਹੀ ਇਕ ਪੋਥੀ ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼ ਕ੍ਰਿਤ ਸੁਮੇਰ ਸਿੰਘ ਜੀ ਹੈ। ਇਸ ਪੋਥੀ ਦਾ ਮਹੱਤਵਪੂਰਨ ਪਹਿਲੂ ਇਹ ਹੈ ਕਿ ਇਸ ਵਿਚ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਗੱਦੀ ਉੱਤੇ ਬੈਠਣ ਤੋਂ ਲੈਂ ਕੇ ਜੋਤੀ ਜੋਤ ਸਮਾਉਣ ਤੱਕ ਦੇ ਸਾਰੇ ਜੀਵਨ ਸਮਾਚਾਰ ਬਾਤਰਤੀਬ ਢੰਗ ਨਾਲ ਬਿਆਨ ਕੀਤੇ ਗਏ ਹਨ। ਇਸ ਪੁਸਤਕ ਦੇ ਸੰਪਾਦਨ ਦਾ ਕੰਮ ਡਾ. ਅੱਛਰ ਸਿੰਘ ਕਾਹਲੋਂ ਨੇ ਸੰਪੂਰਣ ਕੀਤਾ ਹੈ। ਆਸ ਹੈ ਕਿ ਇਹ ਪੁਸਤਕ ਸਿੱਖ ਚਿੰਤਨ ਅਤੇ ਖੋਜਾਰਥੀਆਂ ਲਈ ਲਾਹੇਵੰਦ ਸਾਬਤ ਹੋਵੇਗੀ।

ਪੰਜਾਬੀ ਯੂਨੀਵਰਸਿਟੀ
ਪਟਿਆਲਾ।

ਜਸਬੀਰ ਸਿੰਘ ਆਹਲੂਵਾਲੀਆ
ਵਾਈਸ-ਚਾਂਸਲਰ

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਆਲੋਚਨਾਤਮਕ ਪਰਿਚਯ

ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਸਮਾਚਾਰਾਂ ਨਾਲ ਸੰਬੰਧਿਤ ਕਾਵਿ-ਰੂਪ ਵਿੱਚ ਕਈ ਪੋਥੀਆਂ ਉਪਲਬਧ ਹਨ। ਇਨ੍ਹਾਂ ਵਿਚੋਂ ਹੀ ਇਕ ਪੋਥੀ ਸ਼੍ਰੀ ਗੁਰ ਪਦ ਪ੍ਰੇਮ ਪ੍ਰਕਾਸ਼ ਕ੍ਰਿਤ ਬਾਬਾ ਸੁਮੇਰ ਸਿੰਘ ਜੀ ਹੈ। ਇਸ ਪੋਥੀ ਦਾ ਆਕਾਰ, ਆਦਿ ਤੱਤਕਰਾ ਅਤੇ ਅੰਤਿਮ ਪ੍ਰਿਸ਼ਸ਼ਟ ਤੋਂ ਬਿਨਾਂ ਮੂਲ ਪਾਠ 729 ਪੰਨੇ ਦਾ ਹੈ। ਇਸ ਪੋਥੀ ਦਾ ਮਹੱਤਵਪੂਰਨ ਪਹਿਲੂ ਇਹ ਹੈ ਕਿ ਇਸ ਵਿੱਚ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਗੱਦੀ ਉੱਤੇ ਬੈਠਣ ਤੋਂ ਲੈ ਕੇ ਜੋਤੀ-ਜੋਤ ਸਮਾਣ ਤਕ ਦੇ ਸਾਰੇ ਜੀਵਨ-ਸਮਾਚਾਰ ਬਾ-ਤਰਤੀਬ ਢੰਗ ਨਾਲ ਬਿਆਨ ਕੀਤੇ ਗਏ ਹਨ। ਇਸ ਪੋਥੀ ਦੇ 51 ਅਧਿਆਇ ਹਨ ਅਤੇ 400 ਦੇ ਕਰੀਬ ਸਾਖੀਆਂ ਹਨ। ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਰਚਨਾਵਾਂ ਵਿੱਚੋਂ ਕਿਸੇ ਇਕ ਵਿੱਚ ਵੀ ਇਤਨੀਆਂ ਸਾਖੀਆਂ ਨਹੀਂ ਮਿਲਦੀਆਂ। ਕੁਝ ਲਿਖਾਰੀਆਂ ਨੇ ਕਈ ਥਾਵਾਂ ਦੇ ਵੱਡੇ-ਵੱਡੇ ਘਾਪੇ ਛੱਡੇ ਹਨ। ਪਰ ਇਸ ਲੇਖਕ ਨੇ ਗੁਰਗੱਦੀ ਪ੍ਰਾਪਤੀ ਤੋਂ ਲੈ ਕੇ ਜੋਤੀ ਜੋਤ ਸਮਾਉਣ ਤਕ ਹਰ ਛੋਟਾ ਮੋਟਾ ਵੇਰਵਾ ਦਿੱਤਾ ਹੈ। ਇਸ ਬਾਰੇ ਵੱਖਰੀ ਥਾਂ ਤੇ ਵਿਚਾਰ ਕੀਤਾ ਜਾਵੇਗਾ। ਸਭ ਤੋਂ ਪਹਿਲਾਂ ਇਸ ਪੋਥੀ ਦੇ ਕਰਤਾ ਬਾਰੇ ਵਿਚਾਰ ਕਰਨੀ ਉਚਿਤ ਜਾਪਦੀ ਹੈ।

ਕਰਤਾ

ਬਾਬਾ ਸੁਮੇਰ ਸਿੰਘ ਭੱਲਾ (ਪਟਨੇ ਵਾਲੇ) ਸਾਹਿਬ ਗੁਰੂ ਅਮਰਦਾਸ ਜੀ ਦੀ ਅੰਸ਼ ਵਿਚੋਂ ਸਨ। ਇਸ ਪੁਸਤਕ ਦੀ ਸਾਖੀ ਨੰ: 152 ਵਿਚ ਜੋ ਜਾਣਕਾਰੀ ਦਿੱਤੀ ਗਈ ਹੈ ਉਸ ਦੇ ਆਧਾਰ ਤੇ, ਮਹਾਨ ਕੋਸ਼ ਭਾਈ ਕਾਨ੍ਹ ਸਿੰਘ ਦੇ ਆਧਾਰ ਤੇ, ਅਤੇ 'ਮਹਿਮਾ ਪ੍ਰਕਾਸ਼' ਕ੍ਰਿਤ ਬਾਬਾ ਸਰੂਪ ਦਾਸ ਭੱਲਾ ਜੀ ਦੇ ਆਧਾਰ ਤੇ ਆਪ ਦੇ ਜੀਵਨ ਅਤੇ ਜੀਵਨ ਕਾਲ ਬਾਰੇ ਜੋ ਕੁਝ ਪਤਾ ਲੱਗ ਸਕਿਆ ਹੈ, ਉਹ ਅੰਕਿਤ ਕਰ ਰਹੇ ਹਾਂ।

ਕਰਤਾ ਨੇ ਆਪਣੇ ਵੰਸ਼ ਬਾਰੇ ਜਾਣਕਾਰੀ ਦੇਂਦਿਆਂ ਹੋਇਆ ਲਿਖਿਆ ਹੈ ਕਿ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਵਰ ਨਾਲ ਬਾਬਾ ਮੇਘ ਰਾਜ ਭੱਲਾ ਜੀ ਦੇ ਘਰ ਚਾਰ ਪੁੱਤਰ ਹੋਏ, ਰਤਨ ਸਿੰਘ, ਦੀਨ ਦਯਾਲ, ਸ੍ਰੀ ਨਰਾਇਨ ਦਾਸ ਅਤੇ ਸ੍ਰੀ ਗੁਰਬਖਸ਼। ਅੱਗੋ ਰਤਨ ਸਿੰਘ ਜੀ ਦੇ ਬਹੁੜ ਮਲ, ਬਹੁੜ ਮੱਲ ਦੇ ਬਾਬਾ ਸਰੂਪ ਦਾਸ, ਬਾਬਾ ਸਰੂਪ ਦਾਸ ਦੇ ਕਿਰਪਾ ਦਿਆਲ ਸਿੰਘ, ਕਿਰਪਾ ਦਿਆਲ ਸਿੰਘ ਦੇ ਕਪਲ ਦੇਵ ਅਤੇ ਕਪਲ ਦੇਵ ਦੇ ਬਾਬਾ ਸਾਧੂ ਸਿੰਘ ਅਤੇ ਬਾਬਾ ਸਾਧੂ ਸਿੰਘ ਦੇ ਸਪੁੱਤਰ ਸੁਮੇਰ ਸਿੰਘ ਜੀ ਮਹੰਤ ਪਟਨਾ ਸਾਹਿਬ ਵਾਲੇ, ਇਸ ਪੁਸਤਕ ਦੇ ਲੇਖਕ ਸਨ ਜਿਵੇਂ :

Sri Satguru Jagjit Singh Ji eLibrary NamdhariElibrary@gmail.com

ਸ੍ਰੀ ਗੁਰੂ ਅਮਰਦਾਸ ਦੀ ਅੰਸਾ ॥
ਮੇਘ ਰਾਜ ਸਾਹਿਬ ਆਪ ਧੁਨਿਸਾ ॥
ਜਬ ਕਬ ਬੈਠ ਕਹਹਿ ਘਰ ਮਾਹੀ ॥
ਗੁਰੂ ਗੋਬਿੰਦ ਸਿੰਘ ਸਮ ਕੋ ਨਾਹੀ ॥
ਮੁਕਤ ਭੁਕਿਤ ਅਰ ਭਕਿਤ ਮਹਾਨਾ ॥
ਦੇਤ ਰੀਝ ਕਰ ਕ੍ਰਿਪਾ ਨਿਧਾਨਾ ॥

....

ਮੇਰੇ ਸਤਗੁਰੁ ਪ੍ਰਾਨ ਆਧਾਰਾ ॥
ਜਾਚਕ ਇਛਾ ਪੂਰਕ ਦ੍ਵਾਰਾ ॥
ਇਹ ਬਿਧਿ ਨਿਤ ਨਿਤ ਸੁਨ ਤਿਨ ਨਾਰੀ ॥
ਇਕ ਦਿਨ ਦੁਖਿ ਤਿਨ ਗਿਰਾ ਉਚਾਰੀ ॥

....

ਕਲਮ ਦਾਨ ਕਾਗਜ ਤਬ ਮਾਗਾ ॥
ਮੇਘ ਰਾਜ ਧਰ ਦਿਅ ਗੁਰ ਆਗਾ ॥
ਤਾ ਪਰ ਚਾਰ ਨਾਮ ਲਿਖ ਦੀਨੇ ॥
ਰਤਨ ਸਿੰਘ ਜੀ ਬੜੇ ਪ੍ਰਬੀਨੇ ॥
ਦੀਨ ਦਯਾਲ ਸਰਬ ਸੁਖ ਧਾਮਾ ॥
ਸ੍ਰੀ ਨਰਾਇਣ ਦਾਸ ਅਕਾਮਾ ॥
ਸ੍ਰੀ ਗੁਰ ਬੰਸੁ ਚਾਰ ਸੁਤ ਭਏ ॥
ਸਵਾ ਪਹਿਰ ਗੁਰੁ ਪੂਜਾ ਦਏ ॥

....

ਰਤਨ ਸਿੰਘ ਕੇ ਬਹੁੜ ਮਲ ॥
ਗਈ ਬਹੋਰਨ ਹਾਰ ਅਲਤ ॥
ਤਿਨ ਕੇ ਸ਼੍ਰੀ ਸਰੂਪ ਸਸਿ ਬਾਬਾ ॥
ਜਿਨ ਮਹਿਮਾ ਪ੍ਰਕਾਸ ਅਜਾਬਾ ॥
ਤਿਨ ਕੇ ਕ੍ਰਿਪਾ ਦਯਾਲ ਸਿੰਘ ਸਵਾਮੀ ॥
ਕਪਲ ਦੇਵ ਘਟ ਅੰਤਰਜਾਮੀ ॥
ਤਿਨ ਕੇ ਸਾਹਿਬ ਸਾਧੂ ਸਿੰਘ ॥
ਜਿਨ ਸੁਤ ਮੈ ਸੁਮੇਰ ਹਰਿ ਸਿੰਘ ॥[1]

ਉਪਰੋਕਤ ਹਵਾਲੇ ਤੋਂ ਪਤਾ ਲਗਦਾ ਹੈ ਕਿ ਬਾਬਾ ਮੇਘ ਦਾਸ ਜੀ ਭੱਲਾ ਗੋਇੰਦਵਾਲ ਰਹਿੰਦੇ ਸਨ। ਉਹ ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਅਪਾਰ ਸ਼ਰਧਾ ਰਖਦੇ ਸਨ। ਹਰ ਸਮੇਂ ਗੁਰੂ ਜੀ ਦੇ ਗੁਣ ਗਾਉਂਦੇ ਰਹਿੰਦੇ ਸਨ। ਇਕ ਦਿਨ ਉਨ੍ਹਾਂ ਦੀ ਧਰਮ ਪਤਨੀ ਨੇ ਗਿਲਾ ਕੀਤਾ ਅਤੇ

---

1. ਸਾਖੀ 152, ਪੰਨਾ 342

Sri Satguru Jagjit Singh Ji eLibrary NamdhariElibrary@gmail.com

ਗੁਰੂ ਜੀ ਪਾਸ ਜਾਣ ਲਈ ਬਾਬਾ ਜੀ ਨੂੰ ਪ੍ਰੇਰਨਾ ਕੀਤੀ। ਬਾਬਾ ਜੀ ਗੁਰੂ ਜੀ ਪਾਸ ਗਏ ਅਤੇ ਪੁੱਤਰਾਂ ਦੀ ਦਾਤ ਪਾਈ॥ ਇਸੇ ਲੜੀ ਵਿੱਚ ਬਾਬਾ ਸਾਧੂ ਸਿੰਘ ਦੇ ਘਰ ਬਾਬਾ ਸੁਮੇਰ ਸਿੰਘ ਜੀ ਦਾ ਜਨਮ ਹੋਇਆ। ਬਾਬਾ ਕਿਰਪਾ ਦਿਆਲ ਸਿੰਘ ਜੀ ਭੱਲਾ ਗੋਇੰਦਵਾਲ ਛੱਡ ਕੇ ਨਿਜ਼ਾਮਾਬਾਦ (ਜ਼ਿਲਾ ਆਜ਼ਮਗੜ੍ਹ, ਯੂ. ਪੀ.) ਵਿੱਚ ਜਾ ਵਸੇ ਸਨ। ਇਹ ਨਗਰ ਜੌਨਪੁਰ ਤੋਂ 20 ਕੋਹ ਅਤੇ ਕਾਂਸ਼ੀ ਤੋਂ 30 ਕੋਹ ਹੈ। ਆਪਣੀ ਇਕ ਉਦਾਸੀ ਸਮੇਂ ਗੁਰੂ ਨਾਨਕ ਦੇਵ ਜੀ ਵੀ ਇਥੇ ਗਏ ਸਨ। ਇਥੇ ਗੁਰੂ ਜੀ ਦੀ ਯਾਦ ਵਿੱਚ ਇਕ ਗੁਰਦੁਆਰਾ ਵੀ ਹੈ।[1] ਇਸ ਪੁਸਤਕ ਦਾ ਕਰਤਾ ਨਿਜਾਮਾਬਾਦ ਆ ਵਸਣ ਬਾਰੇ ਵੀ ਇਸ ਪੁਸਤਕ ਵਿਚ ਜ਼ਿਕਰ ਕਰਦਾ ਹੈ ਜਿਸ ਦਾ ਅੱਗੇ ਜਾ ਕੇ ਵਰਣਨ ਕੀਤਾ ਜਾਵੇਗਾ। ਨਜੀਬਾਬਾਦ ਵਿੱਚ ਹੀ ਲੇਖਕ ਦੇ ਪਿਤਾ ਬਾਬਾ ਸਾਧੂ ਸਿੰਘ ਜੀ ਨੇ ਆਪ ਨੂੰ ਗੁਰੂ ਜੱਸ ਲਿਖਣ ਦੀ ਪ੍ਰੇਰਨਾ ਅਤੇ ਅਸ਼ੀਰਵਾਦ ਦਿੱਤੀ। ਇਸ ਪੁਸਤਕ ਦੀ, ਲੇਖਕ ਦੁਆਰਾ ਲਿਖੀ ਗਈ, ਭੂਮਿਕਾ ਵਿੱਚ ਇਸ ਤਰ੍ਹਾਂ ਦਰਜ਼ ਹੈ :

ਸੰਮਤ ਉਨਿਸ ਸੈ ਅਧਿਕ ਤੇਇਸ ਸਾਲ ਰਸਾਲ ॥
ਨਗਰ ਨਜੀਬਾ ਬਾਦ ਮੈ ਭਯੋ ਸੁ ਬਚਨ ਨਿਹਾਲ
ਚੋ:॥ ਲਹਿ ਬਰਦਾਨ ਸਹਿਤ ਸਨਮਾਨਾ ॥
ਮਨ ਹੀ ਮਨ ਮੈ ਅਤਿ ਸਕੁਚਾਨਾ ॥
ਹਾਥ ਜੋਰ ਪਦ ਬੰਦਨ ਕੀਨੀ ॥
ਉਰ ਉਮਗਤ ਉਮਹਤ ਮਤਿ ਚੀਨੀ ॥

ਪਿਤਾ ਦਾ ਅਸ਼ੀਰਵਾਦ ਪ੍ਰਾਪਤ ਕਰਨ ਉਪਰੰਤ ਲੇਖਕ ਨੇ ਸ਼੍ਰੀ ਹਜ਼ੂਰ ਸਾਹਿਬ ਦੇ ਦਰਸ਼ਨ ਵੀ ਕੀਤੇ ਜਿਵੇਂ :

ਪੁਨ ਹਜ਼ੂਰ ਕੋ ਦਰਸਨ ਪਾਯੋ ॥
ਅਬਚਲ ਨਗਰ ਮਹਾਤਮ ਗਾਯੋ ॥

ਪਹਿਲਾਂ ਆਪ ਨੇ ਗੁਰੂ ਨਾਨਕ ਜੱਸ ਦੀ ਰਚਨਾ ਕੀਤੀ ਅਤੇ ਫਿਰ ਖਾਲਸ 'ਸਤਕ' ਵੀ ਰਚਿਆ। 1937 ਸੰਮਤ ਵਿਚ ਲੇਖਕ ਸ਼੍ਰੀ ਅੰਮ੍ਰਿਤਸਰ ਦੇ ਦਰਸ਼ਨਾਂ ਲਈ ਆਇਆ। ਇਸ ਸਮੇਂ ਤਕ ਗੁਰ ਪਦ ਪ੍ਰੇਮ ਪ੍ਰਕਾਸ਼ ਦੀ ਰਚਨਾ ਸੰਪੂਰਨ ਹੋ ਚੁੱਕੀ ਸੀ। ਇਸ ਸਮੇਂ ਦੇ ਦੌਰਾਨ ਕਿਸੇ ਗਨੇਸਾ ਸਿੰਘ ਪਰਮਾਦੀ ਨਾਂ ਦੇ ਵਿਅਕਤੀ ਨੇ ਆਪ ਨੂੰ ਕਾਫ਼ੀ ਦੁੱਖ ਵੀ ਪਹੁੰਚਾਏ ਸਨ। ਲੇਖਕ ਦੇ ਮਨ ਵਿਚ ਚਿੰਤਾ ਸੀ। ਅੰਮ੍ਰਿਤਸਰ ਤੋਂ ਲੇਖਕ ਲਾਹੌਰ ਗਿਆ ਜਿਥੇ ਉਸ ਦਾ ਮਿਲਾਪ ਬੂਟਾ ਸਿੰਘ ਨਾਲ ਹੋਇਆ। ਇਸੇ ਬੂਟਾ ਸਿੰਘ ਨੇ, ਜਿਸ ਦੀ ਕਿ ਆਪਣੀ 'ਆਫਤਾਬ ਪੰਜਾਬ' ਨਾਮੀ ਪ੍ਰੈਸ ਸੀ, ਇਸ ਪੁਸਤਕ ਨੂੰ ਛਾਪਣ ਲਈ ਸਹਿਮਤੀ ਪ੍ਰਗਟ ਕੀਤੀ। ਜਿਵੇਂ :

ਸੰਮਤ ਉਨਿਸ ਸੈ ਅਧਿਕ ਸੈਤੀਸ ਬ੍ਰਿਖ ਕੇ ਮਾਸ
ਭੋ ਅੰਮ੍ਰਿਤਸਰ ਕੋ ਦਰਸ ਆਨੰਦ ਨਿਧਿ ਰਸ ਰਾਸ ॥
ਉਰਿ ਚਿੰਤਤ ਅਭਿਲਾਖਾ ਭਾਰੀ ॥
ਪੁਨ ਲਹੌਰ ਮੈ ਗਯੋ ਬਿਚਾਰੀ ॥
ਤਹ ਬੂਟਾ ਸਿੰਘ ਜਾਤ ਭਡੂਟਾ ॥

---

2. *ਮਹਾਨ ਕੋਸ਼, ਭਾਈ ਕਾਨ੍ਹ ਸਿੰਘ ਨਾਭਾ*

Sri Satguru Jagjit Singh Ji eLibrary NamdhariElibrary@gmail.com

ਸੁਖਦ ਸਿੱਖ ਸੇਵਾ ਸੁਖ ਜੂਟਾ ॥
ਦਾਨ ਮਾਨ ਸਨਮਾਨ ਨਿਧਾਨਾ ॥
ਸਭ ਬਿਧਿ ਸਿਖੀ ਮੈ ਸਵਧਾਨਾ ॥

....

ਕਰ ਅਰਦਾਸ ਕਹੀ ਹਸ ਬਾਨੀ ॥
ਗੁਰੂ ਗੋਬਿੰਦ ਸਿੰਘ ਧਨੁਪਾਨੀ ॥
ਤਿਨਕੇ ਜਸ ਕਰ ਗ੍ਰੰਥ ਸਹਾਯੋ ॥
ਹੋਇ ਜੂ ਕੋਊ ਆਪ ਅਲਾਯੋ ॥
ਦੀਜੈ ਮੁਹਿ ਮੈ ਮੁਦ੍ਰਿਤ ਕਰਿਹੋ ॥
ਗੁਰ ਜਸ ਗੁਰ ਸੰਪ੍ਰਦਾ ਪ੍ਰਚਰਿ ਹੌਂ ॥
ਸੁਨ ਇਮਿ ਬਿਨਯੋ ਮੇਰੋ ਮਨ ਹਰਖਾ ॥
ਗੁਰੂ ਰਸ ਰਸਿਕ ਸਖਾ ਸੁਚਿ ਪਰਖਾ ॥' *(ਪੰਨਾ—3)*

ਉਪਰੋਕਤ ਜਾਣਕਾਰੀ ਤੋਂ ਬਿਨਾਂ ਲੇਖਕ ਨੇ ਇਸ ਬਾਰੇ ਵੀ ਦੱਸਿਆ ਹੈ ਕਿ ਉਸ ਦੀ ਰਚਨਾ ਦਾ ਆਧਾਰ ਗੁਰਬਖਸ਼ ਸਿੰਘ (ਰਾਮ ਕੁਇਰ) ਦੁਆਰਾ ਸਾਹਿਬ ਸਿੰਘ ਨੂੰ ਲਿਖਾਈ ਗਈ ਗੁਰੂ ਜੀ ਦੀ ਜੀਵਨੀ ਹੈ। ਪਰ ਲੇਖਕ ਨੇ ਇਹ ਗੱਲ ਸਪੱਸ਼ਟ ਨਹੀਂ ਕੀਤੀ ਕਿ ਸੁਮੇਰ ਸਿੰਘ ਨੇ ਸਾਹਿਬ ਸਿੰਘ ਪਾਸੋ ਕਿਵੇਂ ਪ੍ਰੇਰਨਾ ਲਈ ਸੀ। ਭੂਮਿਕਾ ਵਿਚ ਹੀ ਲੇਖਕ ਲਿਖਦਾ ਹੈ :

ਚੌ: ॥ ਅਸ ਸਾਹਿਬ ਗੁਰਬਖਸ਼ ਸਿੰਘ ਬਰ ॥
ਰਾਮ ਕੌਰ ਜਿਹਿ ਨਾਮ ਧਰਮ ਧਰ ॥

....

ਤਿੰਨ ਪੈ ਚਲ ਪੂਛਯੋ ਗੁਰ ਗਾਥਾ ॥
ਤੇ ਜਥਾਰਥ ਕਰ ਕਰਿਹਿ ਸਨਾਥਾ ॥
ਅਸ ਬਿਚਾਰ ਉਰ ਆਵਤ ਮੇਰੇ ॥
ਆਗੇ ਜੋ ਰੁਚਿ ਰਾਉਰ ਪ੍ਰੇਰੇ ॥
ਵਾਹ ਵਾਹ ਸਭ ਹਨ ਸੁਬਖਾਨੀ ॥
ਸਾਹਿਬ ਸਿੰਘ ਸੁਮਤਿ ਕੀ ਬਾਨੀ ॥

ਫਿਰ ਸੰਗਤ ਸਹਿਤ ਰਮਦਾਸ਼ ਆਉਣ ਬਾਰੇ ਵੀ ਜਾਣਕਾਰੀ ਹੈ :

ਸੰਮਤ ਸਤ੍ਰੈ ਅਧਿਕ ਇਕਯਾਨਬੇ ਮਹਾਨ ॥
ਦੁਤੀਆ ਮਾਸ ਬਿਸਾਖ ਬਰ ਗੁਰ ਦਿਨ ਗੁਰ ਗੁਨਗਾਨ ॥
ਸਭਹੀ ਜੁਰਿ ਰਾਮਦਾਸਹਿ ਆਏ ॥
ਉਰ ਅਭਿ ਲਾਖਨ ਲਾਖਨ ਭਾਏ ॥

ਅਰਥਾਤ 1791 ਸੰਮਤ ਦੇ ਵਿਸਾਖ ਦੇ ਮਹੀਨੇ ਵਿਚ ਸੰਗਤ ਰਮਦਾਸ ਆਈ॥ ਰਾਮ ਕੁਇਰ ਜੀ ਅਥਵਾ ਗੁਰਬਖਸ਼ ਸਿੰਘ ਜੀ ਦਾ ਜੀਵਨ-ਕਾਲ 1729 ਤੋਂ 1818 ਸੰਮਤ ਤਕ ਦਾ ਹੈ।

---

1. *ਮਹਿਮਾ ਪ੍ਰਕਾਸ਼*, ਭਾਸ਼ਾ ਵਿਭਾਗ, ਪਟਿਆਲਾ, 1971, ਭੂਮਿਕਾ, ਪੰਨਾ 21

Sri Satguru Jagjit Singh Ji eLibrary NamdhariElibrary@gmail.com

ਜਦੋਂ ਕਿ ਲੇਖਕ ਦੇ ਪਿਤਾ ਬਾਬਾ ਸਾਧੂ ਸਿੰਘ ਜੀ ਦਾ ਸਮਾਂ 1897 ਸੰਮਤ ਤੋਂ 1964 ਸੰਮਤ ਤਕ ਦਾ ਦੱਸਿਆ ਹੈ। ਇਹ ਸੰਮਤ ਮਹਿਮਾ ਪ੍ਰਕਾਸ਼ ਦੇ ਸੰਪਾਦਕ ਨੇ ਦਿੱਤਾ ਹੈ ਅਤੇ ਇਸ ਸੰਪਾਦਕ ਨੇ ਅੱਗੋਂ ਇਸ ਨੂੰ ਮਹਾਨ ਕੋਸ਼ ਭਾਈ ਕਾਨ੍ਹ ਸਿੰਘ ਨਾਭਾ ਤੋਂ ਉਧਰਿਤ ਕੀਤਾ ਹੈ। ਪਰ ਇਹ ਸੰਮਤ ਠੀਕ ਨਹੀਂ। ਇਹ ਸਮਾਂ ਸੰਤ ਸਾਧੂ ਸਿੰਘ, ਗਿੜਵੜੀ ਵਾਲੇ ਨਿਰਮਲੇ ਸੰਤ ਗੁਲਾਬ ਸਿੰਘ ਚੇਲਾ ਦਾ ਸੀ। ਇਸ ਲਈ ਨਾ ਤਾਂ ਸਾਧੂ ਸਿੰਘ ਦੇ ਜੀਵਨ-ਕਾਲ ਦਾ ਪਤਾ ਹੈ ਅਤੇ ਨਾ ਹੀ ਸੁਮੇਰ ਸਿੰਘ ਦੇ ਜੀਵਨ-ਕਾਲ ਬਾਰੇ ਕੋਈ ਨਿਸਚੇਜਨਕ ਵਾਕਫ਼ੀਅਤ ਹੈ। ਆਪ ਲੇਖਕ ਨੇ ਕੁਝ ਦੱਸਿਆ ਨਹੀਂ। ਸੋ ਸਾਖੀ (ਗੁਰ ਰਤਨਮਾਲ) ਜੋ ਕਿ ਪੰਜਾਬੀ ਯੂਨੀਵਰਸਿਟੀ ਦੁਆਰਾ ਸੰਪਾਦਿਕ ਹੋ ਚੁੱਕੀ ਹੈ। ਇਸ ਪੁਸਤਕ ਦਾ ਰਚਨਾ-ਕਾਲ 1781 ਈਸਵੀ ਦੱਸਿਆ ਗਿਆ ਹੈ। ਇਸ ਦਾ ਭਾਵ ਇਹ ਹੋਇਆ ਕਿ ਸਾਹਿਬ ਸਿੰਘ ਹੀ ਰਾਮ ਕੁਇਰ ਜੀ ਨੂੰ ਮਿਲਿਆ ਹੈ, ਸੁਮੇਰ ਸਿੰਘ ਨਹੀਂ ਮਿਲਿਆ।

ਇਸ ਤੋਂ ਬਿਨਾਂ ਇਸ ਪੋਥੀ ਵਿੱਚ ਇਕ ਤੋਂ ਵਧੀਕ ਵਾਰ ਰਾਮ ਕੁਇਰ ਜੀ ਸਾਹਿਬ ਸਿੰਘ ਨੂੰ ਸੰਬੋਧਨ ਕਰ ਕੇ ਬੋਲਦੇ ਹਨ ਜਿਵੇਂ :

ਤਬ ਹੋਹੁ ਸਾਹਿਬ ਸਿੰਘ ਚੁਪ ਹਵੈ ਰਹਯੋ ਆਪਨੀ ਠੌਰ ॥

ਦੋ: ॥ 1. *ਕਿਤਕ ਕਾਲ ਗੁਰ ਮੋਨ ਹਵੈ ਜਾਇ ਬਿਰਾਜੈ ਭੌਨ ॥*
ਸਾਹਿਬ ਸਿੰਘ ਹੋਹੁ ਗਯੋ ਨਿਜ ਆਸ੍ਰਮ ਮਹਿ ਜੋਨ ॥

....

2. *ਸਾਹਿਬ ਸਿੰਘ ਸੁਨਹੁ ਹਿਤਧਾਰੀ ॥*
ਮੋਸਨ ਪੁਨ ਗੁਰੁ ਗਿਰਾ ਉਚਾਰੀ ॥
3. *ਇਹ ਗੁਰੁ ਨਿਜ ਮੁਖ ਕਥਾ ਸੁਨਾਈ ॥*
ਸਾਹਿਬ ਸਿੰਘ ਲਿਖ ਤੋਹਿ ਗਥਾਈ ॥
4. *ਰਾਮ ਕੌਰ ਕਹਿ ਸਾਹਿਬ ਸਿੰਘ ॥*
ਕਹਿ ਨ ਜਾਤ ਗੁਰ ਗਤਿ ਮਤਿ ਸਿੰਘ ॥ *(ਸਾਖੀ 124, ਪੰਨਾ 295)*

1923 ਸੰਮਤ ਅਰਥਾਤ ਇਸ ਘਟਨਾ ਤੋਂ 14 ਸਾਲ ਪਹਿਲਾਂ ਬਾਬਾ ਸਾਧੂ ਸਿੰਘ ਜੀ ਸੁਮੇਰ ਸਿੰਘ ਨੂੰ 'ਗੁਰ ਜਸ' ਰਚਨ ਬਾਰੇ ਆਖਦੇ ਹਨ। 1923 ਸੰਮਤ 1866 ਈਸਵੀ ਬਣਦਾ ਹੈ। ਇਸ ਦਾ ਇਹ ਭਾਵ ਹੋਇਆ ਕਿ ਉਸ ਸਮੇਂ ਸੁਮੇਰ ਸਿੰਘ 18, 19 ਵਰ੍ਹਿਆਂ ਦਾ ਤਾਂ ਹੋਵੇਗਾ ਹੀ। ਇਸ ਤੋਂ ਵੱਧ ਲੇਖਕ ਦੇ ਜੀਵਨ ਕਾਲ ਬਾਰੇ ਹੋਰ ਕੋਈ ਵਾਕਫ਼ੀਅਤ ਪ੍ਰਾਪਤ ਨਹੀਂ ਹੋਈ।

ਪੁਸਤਕ ਦੇ ਅੰਤ ਉਪਰ ਲੇਖਕ ਨੇ ਆਪਣੇ ਬਾਰੇ ਇਹ ਜਾਣਕਾਰੀ ਵੀ ਦਿੱਤੀ ਹੈ ਕਿ ਉਸ ਦੇ ਵਡੇਰੇ ਸੰਮਤ 1818 (1761 ਈ.) ਵਿਚ ਪੂਰਬ ਦੇਸ਼ ਵਿਚ ਅਥਵਾ ਨਿਜਾਮਾਬਾਦ ਆ ਵਸੇ ਸਨ। ਇਹ ਉਹ ਸਮਾਂ ਸੀ ਜਦੋਂ ਪੰਜਾਬ ਦੇ ਸਿੱਖਾਂ ਤੇ ਮੁਸੀਬਤਾਂ ਦੇ ਪਹਾੜ ਟੁੱਟੇ ਹੋਏ ਹਨ। ਲੇਖਕ ਲਿਖਦਾ ਹੈ :

ਨਗਰ ਨਿਜਾਮਾਂ ਬਾਦ ਸੁਹਾਯੋ ॥
ਸਿੰਘ ਪੁਰਾ ਜਿਹਿ ਸਿੰਘਨ ਗਾਯੋ ॥
ਤਹ ਮਮ ਪੁਰਸ ਪਿਤਾਮਹਿ ਆਏ ॥

Sri Satguru Jagjit Singh Ji eLibrary NamdhariElibrary@gmail.com

ਤਬ ਤੇ ਹਮ ਇਹ ਠੌਰ ਬਸਾਏ ॥
ਅਠਾਰਹ ਸਤ ਅਠਾਹਰ ਬਰ ॥
ਪੂਰਬ ਦੇਸ ਨਿਵਾਸ ਭਯੋ ਘਰ ॥
ਤਤਹਿ ਬੈਠਯਹ ਪੂਰਨ ਕੀਨਾ ॥
ਸਤਗੁਰੁ ਕ੍ਰਿਪਾ ਭਰੋਸਾ ਚੀਨਾ ॥

ਲੇਖਕ ਦੀ ਸ਼ਖ਼ਸੀਅਤ

ਪੁਸਤਕ ਦੇ ਗੰਭੀਰ ਅਧਿਐਨ ਤੋਂ ਇਹ ਪਤਾ ਚਲਦਾ ਹੈ ਕਿ ਲੇਖਕ ਉੱਤੇ ਬ੍ਰਾਹਮਣੀ ਮੱਤ ਦਾ ਬਹੁਤ ਪ੍ਰਭਾਵ ਹੈ। ਮੰਗਲਾਚਰਨ ਤੋਂ ਲੈ ਕੇ ਅੰਤ ਤਕ ਲੇਖਕ ਨੇ ਇਕ ਤੋਂ ਵਧੀਕ ਵਾਰ ਜਗਦੰਬੇ, ਅੰਬਿਕਾ, ਕਾਲੀ ਮਾਤਾ, ਚੰਡੀ ਮਾਤਾ ਆਦਿ ਸ਼ਬਦਾਂ ਦੀ ਵਰਤੋਂ ਕਰ ਕੇ ਦੇਵੀ ਉਸਤਤੀ ਕੀਤੀ ਹੈ। ਲੇਖਕ ਨੇ ਬੜੀ ਸਿਆਣਪ ਨਾਲ ਦੇਵੀ ਨੂੰ ਆਦਿ ਸ਼ਕਤੀ ਦਾ ਰੂਪ ਬਿਆਨ ਕਰ ਕੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਚੰਡੀ ਚਰਿਤਰ ਦੇ ਆਰੰਭ ਵਿੱਚ ਅੰਕਿਤ ਮੰਗਲਾਚਰਨ ਦਾ ਰੂਪ ਵੀ ਦੇ ਲਿਆ ਹੈ। ਜਿਵੇਂ :

ਤੇਰੀ ਪਾਇ ਸੱਤਾ ਬਿਧਿ ਪਾਲਤ ਪ੍ਰਗਟ ਬਾਤ ਤੇਰੀ
ਤੇਰੀ ਪਾਇ ਸੱਤਾ ਹੈ ਸੁਰੇਸ ਰਾਜਧਾਨੀ ਮੈ ॥
ਤੇਰੀ ਪਾਇ ਸੱਤਾ ਸਤਨਾਮ ਕੋ ਪ੍ਰਕਾਸ ਹੋਤ ॥
ਭਗਤ ਸਰੂਪਣੀ ਗੁਰੂ ਗਿਆਨ ਬਾਨੀ ਮੈ ॥
ਤੇਰੀ ਪਾਇ ਸੱਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੂਕੀ
ਸੇਵਕਾਈ ਪਾਇਐ ਸੁਮੇਰ ਸਿੰਘ ਮਾਨੀ ਮੈ ॥
ਕਰਤਾ ਕ੍ਰਿਪਾਨੀ ਜੋਤ ਜਾਗਤੀ ਪ੍ਰਮਾਨੀ ਜੰਗ ਦੰਬਿਕਾ ਭਵਾਨੀ
ਸੁਖਦਾਨੀ ਅਨੁਮਾਨੀ ਮੈਂ ॥

ਇਸੇ ਪ੍ਰਕਾਰ ਪੁਸਤਕ ਦੇ ਅੰਤ ਉੱਤੇ ਵੀ ਦੇਵੀ ਉਸਤਿਤ ਦਾ ਵੱਖਰਾ ਪ੍ਰਸੰਗ ਦਿੱਤਾ ਹੈ।

ਭਗਤ ਜਗਤ ਕੇ ਜਿਤੇ ਹੈ ਤਿਤੇ ਰਾਖੇ ਤੁਹੀ ਰਾਖਤ ਹੈ
ਰਾਖੈਗੀ ਬਿਘਨ ਗਨ ਹਾਨੀ ਤੂੰ ॥
ਤਾਰਨ ਤਰਨ ਬਿਸਤਾਰਨ ਸੁ ਜਸ ਦੀਹਂ ਧਾਰਨ ਧਰਨ
ਧਰਨੀ ਧਰ ਨਿਸਾਨੀ ਤੂੰ ॥
ਏਰੀ ਮੇਰੀ ਅੰਬੇ ਜਗਦੰਬੇ ਨਬਿ ਲੇਬੇ ਕਰ
ਸੇਵਕ ਸੁਮੇਰ ਸਿੰਘ ਸਾਚੀ ਸਾਵਧਾਨੀ ਤੂੰ ॥
ਜਨ ਮਨ ਮਾਨੀ ਮਹਾਕਾਲ ਪਟਰਾਨੀ ਤਵ
ਭ੍ਰਮ ਭਯ ਹਾਨੀ ਸੁਖ ਖਾਨੀ ਸ੍ਰੀ ਭਵਾਨੀ ਤੂੰ ॥

ਇਸ ਤੋਂ ਬਿਨਾਂ ਦੇਵੀ ਪ੍ਰਗਟ ਕਰਨ ਵਾਲੇ ਅਧਿਆਇ ਵਿਚ ਵੀ ਦੇਵੀ ਉਸਤਿਤ ਕੀਤੀ ਹੈ, ਪਰ ਦੇਵੀ ਨੂੰ ਆਦਿ ਸ਼ਕਤੀ ਦੇ ਰੂਪ ਵਿਚ ਵਧੇਰੇ ਪੇਸ਼ ਕੀਤਾ ਹੈ। ਜਦੋਂ ਕਿ ਲੇਖਕ ਦਾ ਧੁਰ ਅੰਦਰ ਦੇਵੀ ਪੂਜਨ ਪ੍ਰਤੀ ਰੁਚਿਤ ਜਾਪਦਾ ਹੈ। ਲੇਖਕ ਦੀ ਸ਼ਖ਼ਸੀਅਤ ਦਾ ਦੂਸਰਾ ਪੱਖ ਵੀ ਬ੍ਰਾਹਮਣਵਾਦ ਨਾਲ ਸੰਬੰਧਿਤ ਜਾਪਦਾ ਹੈ। ਪੰਡਤਾਂ ਨੂੰ, ਵਿਦਵਾਨਾਂ ਨੂੰ, ਕਵੀਆਂ ਨੂੰ, ਪ੍ਰਚਾਰਕਾਂ

Sri Satguru Jagjit Singh Ji eLibrary NamdhariElibrary@gmail.com

ਨੂੰ ਦਾਨ ਦਿਵਾਉਣ ਦਾ ਮੌਕਾ ਲੇਖਕ ਕਦੀ ਨਹੀਂ ਗਵਾਉਂਦਾ। ਭਾਵੇਂ ਦੇਵੀ ਪ੍ਰਗਟ ਕਰਨ ਵਾਲੇ ਪੰਡਿਤਾਂ ਨੂੰ ਦਾਨ ਦੇਣਾ ਹੋਵੇ ਅਤੇ ਭਾਵੇਂ ਗੁਰੂ ਜਸ ਕਰਨ ਵਾਲੇ ਅਥਵਾ ਕਥਾ ਕਰਨ ਵਾਲੇ ਨੂੰ ਦਾਨ ਦੇਣਾ ਹੋਵੇ ਲੇਖਕ ਅਜਿਹੀ ਘਟਨਾ ਨੂੰ ਦਾਨ ਦਿੱਤੇ ਅਤੇ ਲਏ ਬਿਨਾਂ ਖਾਲੀ ਨਹੀਂ ਜਾਣ ਦੇਂਦਾ। ਇਸ ਤਰ੍ਹਾਂ ਉਹ ਇਕ ਪੇਸ਼ਾਵਰ ਪ੍ਰਚਾਰਕ ਦੇ ਰੂਪ ਵਿਚ ਵੀ ਸਾਡੇ ਸਾਹਮਣੇ ਆਉਂਦਾ ਹੈ। ਲੇਖਕ ਸਾਖੀ ਨੰ: 110 ਵਿਚ ਲਿਖਦਾ ਹੈ :

ਬਿਧਿਵਤ ਬੇਦ ਪਢਹਿ ਪਰਧਾਨਾ ॥16॥
ਬਿਧਿਵਤ ਦਾਨ ਲੇਇ ਸੁਨ ਪਯਾਰੇ ॥

ਲੇਖਕ ਸਰਾਧ ਦੇ ਕਰਨ ਕਰਾਉਣ ਬਾਰੇ ਵੀ ਜਾਣਕਾਰੀ ਅੰਕਿਤ ਕਰਦਾ ਹੈ : ਜਿਵੇਂ :

'ਏਕ ਬਾਰ ਗੁਰ ਸ੍ਰਾਧ ਕਰਾਯੋ ॥
ਬਹੁਤ ਬਸਤ੍ਰ ਹਯ ਗਯ ਸੁਭਾਯੋ ॥

ਲੇਖਕ ਨੇ ਗੁਰੂ ਜੀ ਨੂੰ ਅੰਤਿਮ ਸਮੇਂ ਵੀ ਪੰਡਿਤ ਨੂੰ ਬੁਲਾਉਂਦੇ ਦੱਸਿਆ ਹੈ। ਜਿਵੇਂ :

ਇਕ ਦਿਨ ਸ੍ਰੀ ਗੁਰਦੇਵ ਦਯਾ ਕਰ ਹਰਿ ਪ੍ਰਹਲਾਦ ਬੁਲਾਯੋ ॥
ਬਿਪ੍ਰ ਬਰਨ ਇਸਰਾਇ ਤਾਹਿ ਬੈਠਾਇ ਰਹਤ ਬਚ ਗਾਯੋ ॥

ਇਸੇ ਤਰ੍ਹਾਂ ਨਿਓਦੇ ਖਾਣ ਬਾਰੇ ਵੀ ਜ਼ਿਕਰ ਹੈ :

ਨਯੋਤਾ ਜੇਵੈਹਿ ਸੁਦ੍ ਦਿਜਹਿ ਧਿਰਕਾਰੈ ॥
ਪਰ ਉਪਕਾਰ ਨਿਕਾਰ ਬਿਕਾਰ ਬਿਚਾਰੈ ॥
'ਕਰਯੋ ਅਧਿਕ ਬਰ ਬ੍ਰਹਮ ਭੋਜ ਗੁਰ ਪੂਰੀ ਔਰ ਕਚੋਰੀ ॥
ਦਈ ਦੀਛਨਾ ਅਨਗਿਨ ਦਿਜ ਗਨ ਜਿਨ ਜਿਨ ਜਾਂਚੀ ਜੋਰੀ ॥

ਭਾਵ ਲੇਖਕ ਨੂੰ ਦੱਛਣ ਲੈਣ ਦੇਣ ਅਤੇ ਖਾਣ ਪੀਣ ਲਈ ਚੰਗੇ ਤੇ ਸਵਾਦੀ ਭੋਜਨਾਂ ਦੀ ਸਦਾ ਇੱਛਾ ਰਹਿੰਦੀ ਹੈ ਅਤੇ ਉਹ ਅਜਿਹੇ ਮੌਕੇ ਤੇ ਅਜਿਹੇ ਕਰਮ ਕਰਨ ਦੀ ਪ੍ਰਸੰਸਾ ਕਰਦਾ ਹੈ। ਲੇਖਕ ਦੀ ਸ਼ਖ਼ਸੀਅਤ ਦਾ ਸਭ ਤੋਂ ਵੱਡਾ ਪੱਖ ਇਸ ਗੱਲ ਵਿਚ ਵੇਖਿਆ ਜਾਂਦਾ ਹੈ ਕਿ ਉਹ ਸੁਖ ਨਿਧਾਨ ਛੱਕਣ ਦਾ ਆਦੀ ਜਾਪਦਾ ਹੈ। ਇਹ ਜਾਂ ਤਾਂ ਉਸ ਦੀ ਨਿੱਜੀ ਕਮਜ਼ੋਰੀ ਹੈ ਜਾਂ ਉਸ ਨੇ ਜਿਨ੍ਹਾਂ ਇਤਿਹਾਸਾਂ, ਤਵਾਰੀਖਾਂ ਦੀਆਂ ਪੁਸਤਕਾਂ ਨੂੰ ਆਧਾਰ ਬਣਾਇਆ ਹੈ, ਉਨ੍ਹਾਂ ਦੇ ਆਧਾਰ ਤੇ ਹੀ ਅਜਿਹੀਆਂ ਘਟਨਾਵਾਂ ਅੰਕਿਤ ਕਰੀ ਜਾਂਦਾ ਹੈ। ਇਸ ਪੁਸਤਕ ਵਿਚ ਉਹ ਗੁਰੂ ਜੀ ਨੂੰ ਵੀ ਸੁੱਖਾ ਛੱਕਣ ਵਾਲੇ ਵਿਅਕਤੀ ਦੇ ਰੂਪ ਵਿੱਚ ਇੱਕ ਤੋਂ ਵਧੀਕ ਵਾਰ ਪੇਸ਼ ਕਰਦਾ ਹੈ। ਹਾਲਾਂਕਿ ਉਹ ਖੁਦ ਗੁਰੂ ਜੀ ਦੇ ਮੁਖਾਰਬਿੰਦ ਤੋਂ ਭੰਗ ਆਦਿ ਨਸ਼ਿਆਂ ਦਾ ਖੰਡਨ ਵੀ ਕਰਵਾਉਂਦਾ ਹੈ। ਜਿਵੇਂ ਗੁਰੂ ਜੀ ਪੰਡਤਾਂ ਨੂੰ ਸੰਬੋਧਨ ਕਰ ਕੇ ਆਖਦੇ ਹਨ :

ਪੀ ਪੀ ਭਾਂਗ ਗਏ ਬੌਰਾਈ ॥
ਸਤ੍ ਮਿਤ੍ ਕੀ ਖ਼ਬਰ ਨ ਪਾਈ ॥

ਇਸ ਤੋਂ ਤਾਂ ਇਹ ਜਾਪਦਾ ਹੈ ਕਿ ਉਹ ਖੁਦ ਸੁਖ-ਨਿਧਾਨ ਛੱਕਣ ਦਾ ਆਦੀ ਸੀ। ਜਿਉਂ ਹੀ ਗੁਰੂ ਜੀ ਚਮਕੌਰ ਦੀ ਗੜ੍ਹੀ ਵਿੱਚੋਂ ਨਿਕਲ ਕੇ ਤੁਰਦੇ ਹਨ ਤਾਂ ਲੇਖਕ ਉਨ੍ਹਾਂ ਨੂੰ ਸੁਖ ਨਿਧਾਨ ਦੀ ਦੇਗ ਛਕਾਉਣ ਲਗ ਪੈਂਦਾ ਹੈ ਜਿਵੇਂ :

ਸਤਗੁਰ ਕਹੀ ਅਮਲ ਨਹੀਂ ਛਕਾ ॥
ਸੁਖਾ ਲਿਆਵਹੁ ਤਨ ਸਭ ਥਕਾ ॥

Sri Satguru Jagjit Singh Ji eLibrary NamdhariElibrary@gmail.com

ਲੈਨ ਗਯੋ ਸੋ ਸੁਖਨ ਨਿਧਾਨਾ ॥
ਤਬ ਲੌ ਬੋਲੇ ਗੁਰ ਭਗਵਾਨਾ ॥

ਜਾਂ

ਸੁਨਹੁ ਖਾਲਸਾ ਹਵੈ ਸਵਧਾਨਾ ॥
ਭਾਂਗ ਜਦਪਿ ਨਹ ਪੀਵਨ ਜੋਗਾ ॥
ਕਰਦ ਭੇਟ ਕਰ ਜੋਗ ਅਜੋਗ ॥

ਜਾਂ

ਬਹਬਲ ਨਾਮ ਗ੍ਰਾਮ ਪ੍ਰਭ ਗਏ ॥
ਦੁਪਹਰ ਮਾਹਿ ਸੁ ਡੇਰਾ ਲਏ ॥
ਤ੍ਰਿਤਿਆ ਪ੍ਰਹਰ ਬਨ ਸੁਖਨ ਨਿਧਾਨਾ ॥.
ਛਕਯੋ ਛਕਾਯੋ ਭੇਟ ਕ੍ਰਿਪਾਨਾ ॥

ਪੁਸਤਕ ਦੇ ਅੰਤ ਉੱਤੇ ਜਦੋਂ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦਾ ਸਮਾਂ ਨੇੜੇ ਆਇਆ ਹੋਇਆ ਸੀ ਉਸ ਸਮੇਂ ਵੀ ਸੁਖ ਨਿਧਾਨ ਦੀ ਦੇਗ ਛਕਦਿਆਂ ਦਰਸਾਉਂਦਾ ਹੈ : ਜਿਵੇਂ :

ਡੇਢ ਪਹਰ ਜਬ ਦਿਨ ਮਨ ਜਾਨਾ ॥
ਸੁਖ ਨਿਧਾਨ ਕੋ ਸਮਯ ਪਛਾਨਾ ॥
ਦੇਗ ਤਯਾਰ ਕਰ ਭੋਗ ਲਗਾਯੋ ॥
ਪਾਛੇ ਤੇ ਸਭ ਸਿੰਘਨ ਪਾਯੋ ॥

(ਸਾਖੀ 47 ਪੰਨਾ 561)

ਗਿਆਨੀ ਗਿਆਨ ਸਿੰਘ ਨੇ ਵੀ ਪੰਥ ਪ੍ਰਕਾਸ਼ ਵਿਚ ਇਸ ਤਰ੍ਹਾਂ ਦੀਆਂ ਘਟਨਾਵਾਂ ਦਿੱਤੀਆਂ ਹਨ। ਮਲੂਮ ਹੁੰਦਾ ਹੈ ਕਵੀ ਨੇ ਇਹ ਵਿਚਾਰ ਪੰਥ ਪ੍ਰਕਾਸ ਚੋਂ ਲਿਆ ਹੈ।[1] ਪਰ ਬਾਰ-ਬਾਰ ਇਸ ਪ੍ਰਸੰਗ ਨੂੰ ਅੰਕਿਤ ਕਰਨਾ ਲੇਖਕ ਦੀ ਰੁਚੀ ਨੂੰ ਪ੍ਰਗਟ ਕਰਦਾ ਹੈ। ਸਾਡਾ ਨਿਸਚਾ ਹੈ ਕਿ ਲੇਖਕ ਜ਼ਰੂਰ ਇਸ ਕਮਜ਼ੋਰੀ ਦਾ ਸ਼ਿਕਾਰ ਸੀ। ਨਹੀਂ ਤਾਂ ਜਿਹੜੇ ਗੁਰੂ ਗੋਬਿੰਦ ਸਿੰਘ ਜੀ ਨਸ਼ਿਆਂ ਦਾ ਖੰਡਨ ਕਰਦੇ ਹਨ ਜਿਵੇਂ ਕਿ ਉਪਰ ਲੇਖਕ ਦੇ ਹੀ ਸ਼ਬਦਾਂ ਵਿਚੋਂ ਉਦਾਹਰਣ ਦਿੱਤੀ ਗਈ ਹੈ, ਉਹ ਸੁੱਖਾ ਕਿਵੇਂ ਛੱਕ ਸਕਦੇ ਹਨ। ਨਾਲੇ ਜਿਸ ਗੁਰੂ ਨੇ ਸਾਰੀ ਕੌਮ ਨੂੰ ਨਵਾਂ ਜੀਵਨ ਦਿੱਤਾ, ਗਿਣਤੀ ਦੇ ਸਿੱਖਾਂ ਨਾਲ ਲੱਖਾਂ ਵੈਰੀਆਂ ਦਾ ਮੁਕਾਬਲਾ ਕੀਤਾ, ਕੀ ਉਹ ਸੁੱਖਾ ਪੀ ਕੇ ਅਜਿਹਾ ਕਾਰਜ ਕਰ ਸਕਦੇ ਸਨ ? ਆਦਿ ਪ੍ਰਸ਼ਨ ਹਨ ਜਿਨ੍ਹਾਂ ਦਾ ਉੱਤਰ ਮਨ-ਮਤੀਏ ਲੇਖਕਾਂ ਕੋਲ ਕੋਈ ਨਹੀਂ ਹੈ। ਅਫ਼ਸੋਸ ਦੀ ਗੱਲ ਤਾਂ ਇਹ ਹੈ ਕਿ ਸਾਡਾ ਇਤਿਹਾਸ ਲਿਖਣ ਵਾਲੇ ਮਨਮਤੀਏ ਲੋਕ ਰਹੇ ਹਨ ਅਤੇ ਲਕੀਰ ਦੇ ਫ਼ਕੀਰ ਵਾਂਗ ਅੱਖਾਂ ਮੀਟ ਕੇ ਹਰ ਸੱਚ ਝੂਠ ਬਿਨਾਂ ਸੋਚੇ ਸਮਝੇ ਕਹੀ ਜਾਂਦੇ ਰਹੇ ਹਨ। ਇਹ ਉਨ੍ਹਾਂ ਦਾ ਆਪਣਾ ਵਿਚਾਰ ਹੈ। ਗੁਰਮੱਤ ਅਥਵਾ ਗੁਰ ਸਿੱਖੀ ਦਾ ਵਿਚਾਰ ਨਹੀਂ ਹੈ। ਅਸਲ ਵਿੱਚ ਗੁਰ-ਇਤਿਹਾਸ, ਗੁਰ-ਆਸ਼ਿਆਂ ਅਨੁਸਾਰ ਰਚਿਆ ਹੀ ਨਹੀਂ ਗਿਆ।

ਲੇਖਕ ਦੀ ਸ਼ਖ਼ਸੀਅਤ ਦਾ ਇਕ ਹੋਰ ਮਹੱਤਵਪੂਰਨ ਪੱਖ ਉਸ ਸਮੇਂ ਸਾਡੇ ਸਾਹਮਣੇ

---

1. ਪੰਥ ਪ੍ਰਕਾਸ਼ ਭਾਸ਼ਾ ਵਿਭਾਗ, 1970, ਪੰਨਾ 287.

Sri Satguru Jagjit Singh Ji eLibrary NamdhariElibrary@gmail.com

ਆਉਂਦਾ ਹੈ ਜਦੋਂ ਅਸੀਂ ਵੇਖਦੇ ਹਾਂ ਕਿ ਉਹ ਗੁਰੂ ਜੀ ਨੂੰ ਬਾਰ-ਬਾਰ ਸਰਾਪ ਦੇਂਦੇ ਅਤੇ ਵਰ ਦੇਂਦੇ ਦਰਸਾਉਂਦਾ ਹੈ। ਗੁਰੂ ਘਰ ਵਿਚ ਕਰਾਮਾਤ ਕਹਿਰ ਦਾ ਨਾਮ ਹੈ। ਗੁਰੂ ਤੇਗ ਬਹਾਦਰ ਜੀ ਨੇ ਵੀ ਸੀਸ ਵਾਰ ਦਿੱਤਾ ਸੀ, ਪਰ ਕਰਾਮਾਤ ਨਹੀਂ ਸੀ ਵਿਖਾਈ। ਉਨ੍ਹਾਂ ਦਾ ਸੀਸ ਵਾਰਨਾ ਹੀ ਕਰਾਮਾਤ ਸੀ। ਪਰ ਇਸ ਪੁਸਤਕ ਦਾ ਕਰਤਾ ਗੁਰੂ ਜੀ ਨੂੰ ਇਕ ਕੋਪੀ ਗੁਰੂ ਦੇ ਰੂਪ ਵਿਚ ਪੇਸ਼ ਕਰਦਾ ਹੈ, ਜਿਹੜਾ ਕਿ ਬਿਲਕੁਲ ਠੀਕ ਨਹੀਂ ਹੈ। ਗੁਰੂ ਜੀ ਦੀ ਸ਼ਖ਼ਸੀਅਤ ਇਕ ਬ੍ਰਹਮ-ਗਿਆਨੀ ਦੀ ਸ਼ਖ਼ਸੀਅਤ ਸੀ। ਜਿਸ ਮਹਾਨ ਗੁਰੂ ਨੇ ਆਪਣੀਆਂ ਅੱਖਾਂ ਸਾਹਮਣੇ ਆਪਣੇ ਪੁੱਤਰਾਂ ਨੂੰ ਸ਼ਹੀਦ ਹੋਣ ਲਈ ਪ੍ਰੇਰਨਾ ਦਿੱਤੀ ਹੋਵੇ, ਹੱਥੀਂ ਜੰਗ ਵਿਚ ਤੋਰਿਆ ਹੋਵੇ ਉਹ ਗੁਰੂ ਭਲਾ ਕਿਵੇਂ ਨਿੱਕੀ-ਨਿੱਕੀ ਗੱਲ ਤੇ ਸਰਾਪ ਦੇਣ ਲੱਗ ਪਵੇਗਾ? ਇਹ ਗੱਲ ਸਮਝ ਨਹੀਂ ਆਉਂਦੀ? ਵਿਸ਼ੇਸ਼ ਕਰ ਕੇ ਅਨੰਦਪੁਰ ਤਿਆਗਣ ਤੋਂ ਬਾਅਦ ਤਾਂ ਲੇਖਕ, ਮਾਲਵੇ ਵਿੱਚ ਵਿਚਰਦਿਆਂ ਨੂੰ ਬਾਰ-ਬਾਰ ਸਰਾਪ ਦੇਂਦੇ ਅਤੇ ਵਰ ਦੇਂਦੇ ਵਿਖਾਉਂਦਾ ਹੈ ਜਿਵੇਂ ਕਿ ਉਹ ਕੋਈ ਕਰਾਮਾਤੀ ਸੰਤ ਹੋਣ ਜਿਨ੍ਹਾਂ ਦਾ ਸੁਭਾਅ ਹੀ ਅਜਿਹਾ ਹੋਵੇ। ਲੇਖਕ ਗੁਰੂ ਜੀ ਦੀ ਇਸ ਬਿਰਤੀ ਦਾ ਅਰੰਭ ਆਨੰਦਪੁਰ ਤੋਂ ਕਰਦਾ ਹੈ ਜਦੋਂ ਉਹ ਮਾਤਾ ਗੁਜਰੀ ਜੀ ਨੂੰ ਸਰਾਪ ਦੇਂਦੇ ਹਨ ਅਤੇ ਫਿਰ ਕਲਾ ਰਾਇ ਨਾਲ ਮਿਲਾਪ ਸਮੇਂ ਮੁਗਲਾਂ ਨੂੰ ਸਰਾਪ ਦੇਂਦੇ ਹਨ। ਫਿਰ ਕੋਟਕਪੂਰੇ ਦੇ ਕਪੂਰੇ ਨੂੰ ਸਰਾਪ ਦੇਂਦੇ ਹਨ ਫਿਰ ਡੱਲੇ ਨੂੰ ਸਰਾਪ ਦੇਂਦੇ ਹਨ, ਭਾਈ ਰਾਮ ਸਿੰਘ ਨੂੰ ਸਰਾਪ ਦੇਂਦੇ ਹਨ ਆਦਿ ਆਦਿ। ਲੇਖਕ ਦੇ ਇਸ ਪ੍ਰਕਾਰ ਦੇ ਪ੍ਰਸੰਗ ਗੁਰਮੱਤ ਦੇ ਅਨੁਸਾਰ ਨਹੀਂ ਹਨ। ਗੁਰੂ ਜੀ ਵਰਗੇ ਬ੍ਰਹਮ-ਗਿਆਨੀ ਪ੍ਰਭੂ ਰੂਪ ਸੰਪੂਰਨ ਸ਼ਖ਼ਸੀਅਤ ਨੂੰ ਸਰਾਪ ਦੇਣ ਦੀ ਕੀ ਲੋੜ ਸੀ। ਉਹ ਤਾਂ ਸਭ ਬਿਧਿ ਜਾਣੀ ਜਾਣ ਸਨ। ਜਿਵੇਂ :

ਮੈਂ ਹੋ ਪਰਮ ਪੁਰਖ ਕੋ ਦਾਸਾ ॥
ਦੇਖਣ ਆਇਯੋ ਜਗਤ ਤਮਾਸ਼ਾ ॥

ਆਪ ਤਾਂ ਇਸ ਜਗਤ ਤਮਾਸ਼ੇ ਨੂੰ ਵੇਖ ਰਹੇ ਸਨ। ਇਹ ਲੇਖਕ ਦੀ ਆਪਣੀ ਕਮਜ਼ੋਰੀ ਹੈ, ਉਹ ਖੁਦ ਬਾਬਾ ਰੂਪ ਵਿੱਚ ਇੱਕ ਪੇਸ਼ਾਵਰ ਪ੍ਰਚਾਰਕ ਹੋਣ ਦੇ ਨਾਤੇ ਸ਼ਾਇਦ ਅਜਿਹੀਆਂ ਗੱਲਾਂ ਗੁਰੂ ਜੀ ਦੇ ਮੂੰਹ ਪਾ ਕੇ ਕਹਿਣਾ ਚਾਹੁੰਦਾ ਹੈ ਤਾਂ ਕਿ ਲੋਕ ਉਸ ਦੀ ਸੇਵਾ ਕਰਦੇ ਰਹਿਣ, ਦਾਨ ਦੇਂਦੇ ਰਹਿਣ ਅਤੇ ਭੈਅ ਮੰਨਦੇ ਰਹਿਣ। ਜਾਂ ਇਹ ਵੀ ਹੋ ਸਕਦਾ ਹੈ ਕਿ ਸੁਣੀਆਂ ਪੜ੍ਹੀਆਂ ਸਾਖੀਆਂ ਦੇ ਆਧਾਰ ਤੇ ਸ਼ਰਧਾ ਵਸ ਉਸ ਨੇ ਅਜਿਹਾ ਕੀਤਾ ਹੋਵੇ।

ਰਚਨਾ ਤੇ ਰਚਨਾ-ਕਾਲ

ਪੁਰਾਤਨ ਹੱਥ-ਲਿਖਤਾਂ ਵਿੱਚੋਂ ਇਹ ਇਕ ਐਸੀ ਪੁਸਤਕ ਹੈ ਜਿਹੜੀ ਪੱਥਰ ਦੇ ਛਾਪੇ ਵਿੱਚ ਛਪੀ ਮਿਲਦੀ ਹੈ। ਪੁਸਤਕ ਦੇ ਅੰਤ ਤੇ ਛਪੇ ਇਸ਼ਤਿਹਾਰ ਅਨੁਸਾਰ ਇਹ ਪੁਸਤਕ 1939 ਈਸਵੀ ਵਿਚ ਆਫਤਾਬ ਪੰਜਾਬ ਪ੍ਰੈਸ ਲਾਹੌਰ ਵਿੱਚ ਛਪੀ ਸੀ। ਇਸ ਪ੍ਰੈਸ ਦਾ ਮਾਲਕ ਬੂਟਾ ਸਿੰਘ ਸੀ। ਲੇਖਕ ਬੂਟਾ ਸਿੰਘ ਨਾਲ ਆਪਣੀ ਭੇਂਟ ਬਾਰੇ ਇਸ ਤਰ੍ਹਾਂ ਲਿਖਦਾ ਹੈ :

ਸੰਮਤ ਉਨਿਸ ਸੈ ਅਧਿਕ ਸੈਂਤਿਸ ਬ੍ਰਿਖ ਕੇ ਮਾਸ ॥
ਭੋ ਅੰਮ੍ਰਿਤਸਰ ਕੋ ਦਰਸ ਅਨੰਦ ਨਿਧ ਰਸ ਰਾਸ ॥
ਉਰ ਚਿੰਤਤ ਅਭਿਲਾਖਨ ਭਾਰੀ ॥ ਪੁਨ ਲਾਹੌਰ ਮੈ ਗਯੋ ਬਿਚਾਰੀ ॥
ਤਹ ਬੂਟਾ ਸਿੰਘ ਜਾਤ ਭਬੂਟਾ ॥ ਸੁਖਦ ਸਿੱਖ ਸੇਵਾ ਸੁਖ ਜੂਟਾ ॥

Sri Satguru Jagjit Singh Ji eLibrary NamdhariElibrary@gmail.com

....

ਕਰ ਅਰਦਾਸ ਕਹੀ ਹਸ ਬਾਨੀ ॥ ਗੁਰੂ ਗੋਬਿੰਦ ਸਿੰਘ ਧਨੁਪਾਨੀ ॥
ਦੀਜੈ ਮੁਹਿ ਮੈ ਮੁਦ੍ਰਿਤ ਕਰਹੋ ॥
ਗੁਰ ਜਸ ਗੁਰ ਸੰਪ੍ਰਦਾ ਪ੍ਰਚਰਿਹੌਂ ॥

(ਪੰਨਾ 3)

ਲੇਖਕ 1937 ਸੰਮਤ ਦੇ ਗਰਮੀਆਂ ਦੇ ਮਹੀਨੇ ਵਿਚ ਬੂਟਾ ਸਿੰਘ ਨੂੰ ਲਾਹੌਰ ਮਿਲਦਾ ਹੈ। ਲੇਖਕ ਉਸ ਸਮੇਂ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨਾਂ ਨੂੰ ਆਇਆ ਹੋਇਆ ਸੀ। ਇਥੋਂ ਹੀ ਉਹ ਲਾਹੌਰ ਜਾਂਦਾ ਹੈ। ਪਰ ਰਚਨਾ ਦੇ ਅੰਤ ਉੱਤੇ ਉਹ ਇਸ ਦੀ ਸੰਪੂਰਨਤਾ ਦੇ ਸੰਬੰਧ ਵਿਚ ਇਸ ਤਰ੍ਹਾਂ ਲਿਖਦਾ ਹੈ :

ਸੰਮਤ ਉਨਿਸ ਸਤ ਅਠਤੀਸਾ ॥
ਮਾਸ ਭਾਦ੍ਰ ਪਦ ਬੁਧ ਦਿਨ ਦੀਸਾ ॥
ਸੁਦੀ ਚਤ੍ਰੁਰ ਦੀਸ ਅਤਿਹਿ ਸੁਹਾਵਨ ॥
ਬ੍ਰਤ ਅਨੰਤ ਭਗਵਾਨ ਸੁਭਾਵਨ ॥

ਜਾਂ

ਗੁਰ ਸੰਮਤ ਜੁ ਚਤ੍ਰੁਰ ਸਤ ਦੁਆਦਸ ॥
ਪੂਰਨ ਭਯੋ ਗ੍ਰੰਥ ਯਹ ਜਸ ਰਸ ॥

ਅਰਥਾਤ 1938 ਸੰਮਤ (1881 ਈਸਵੀ) ਦੇ ਭਾਦਰੋਂ ਮਹੀਨੇ, ਦਿਨ ਬੁੱਧਵਾਰ ਅਤੇ ਨਾਨਕ ਸ਼ਾਹੀ ਸੰਮਤ 412 (1881 ਈਸਵੀ) ਵਿਚ ਇਹ ਪੁਸਤਕ ਤਿਆਰ ਹੋਈ ਸੀ। 1881 ਈਸਵੀਂ ਵਿਚ ਪੁਸਤਕ ਤਿਆਰ ਹੋ ਜਾਣ ਉਪਰੰਤ ਉਹ ਕਿਹੜੇ ਕਾਰਨ ਸਨ ਜਿਨ੍ਹਾਂ ਕਰ ਕੇ ਪੁਸਤਕ 1939 ਈਸਵੀਂ ਨੂੰ ਛਪੀ ਅਰਥਾਤ 58 ਸਾਲਾਂ ਮਗਰੋਂ ਛਪੀ। ਇਸ ਗੱਲ ਬਾਰੇ ਲੇਖਕ ਨੇ ਕੋਈ ਜ਼ਿਕਰ ਨਹੀਂ ਕੀਤਾ।

ਸੰਪਾਦਨਾ ਲਈ ਪ੍ਰਾਪਤ ਕਾਪੀ

ਇਸ ਪੁਸਤਕ ਦੀ ਸੰਪਾਦਨਾ ਲਈ ਅਸੀਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਲਾਇਬ੍ਰੇਰੀ ਦੀ ਪ੍ਰਤੀ ਨੰਬਰ 2512—092 ਗੋ 740 ਸੁ-ਸ੍ਰੀ (40934) ਦੀ ਵਰਤੋਂ ਕੀਤੀ ਹੈ। ਪੰਜਾਬੀ ਦੀਆਂ ਹੱਥ-ਲਿਖਤਾਂ (ਹੱਥ ਲਿਖਤ ਸਾਹਿਤ) ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅਤੇ ਭਾਸ਼ਾ ਵਿਭਾਗ ਪਟਿਆਲਾ ਦੁਆਰਾ ਪ੍ਰਕਾਸ਼ਤ ਸੂਚੀਆਂ ਵਿਚ ਜਾਂ ਤਾਂ ਇਸ ਪੁਸਤਕ ਦੇ ਹੱਥ-ਲਿਖਤ ਖਰੜੇ ਦਾ ਜ਼ਿਕਰ ਹੀ ਨਹੀਂ ਅਤੇ ਜੇ ਹੈ ਤਾਂ ਉਸ ਨੂੰ ਅਧੂਰੇ ਰੂਪ ਵਿਚ ਦੱਸਿਆ ਗਿਆ ਹੈ। ਖਰੜਿਆਂ ਵਿਚ ਜ਼ਿਆਦਾਤਰ ਪੂਰਬਾਰਧ ਦਾ ਜ਼ਿਕਰ ਹੈ। ਇਹ ਪੂਰਬਾਰਧ ਵੀ ਗੁਰੂ ਪਦ ਪ੍ਰੇਮ ਪ੍ਰਕਾਸ਼ ਪਾਤਸ਼ਾਹੀ ਪਹਿਲੀ ਨਾਲ ਸੰਬੰਧਿਤ ਹੈ। ਇਸ ਲਈ ਅਸੀਂ ਹੋਰ ਕਿਸੇ ਖਰੜੇ ਤੋਂ ਸਹਾਇਤਾ ਲੈਣ ਦਾ ਉਪਰਾਲਾ ਨਹੀਂ ਕੀਤਾ। ਦੂਸਰਾ ਵੱਡਾ ਕਾਰਨ ਇਹ ਵੀ ਹੈ ਕਿ ਇਸ ਛਾਪੇ ਵਾਲੀ ਕਾਪੀ ਦੇ ਪ੍ਰਿਸ਼ਿਸ਼ਟ ਵਿਚ ਸੋਧਾਈ ਕੀਤੀ ਹੋਈ ਮਿਲਦੀ ਹੈ। ਇਸ ਲਈ ਵੀ ਪਾਠ-ਅੰਤਰ ਦੇ ਭੇਦ ਹੋਣ ਦੀ ਸੰਭਾਵਨਾ ਨਹੀਂ ਹੈ। ਇਹ ਪੱਥਰ ਦਾ ਛਾਪਾ ਜੁੜਵਾਂ ਹੈ। ਪਹਿਲਾਂ ਇਸ ਦਾ ਪੱਦ ਛੇਦ ਕਰ ਕੇ ਫਿਰ ਇਸ ਦਾ ਵਿਸਤ੍ਰਿਤ ਅਧਿਐਨ ਕੀਤਾ ਹੈ।

Sri Satguru Jagjit Singh Ji eLibrary NamdhariElibrary@gmail.com

ਲੇਖਕ ਦੇ ਆਪਣੇ ਕਹਿਣ ਅਨੁਸਾਰ ਉਸ ਨੇ ਗੁਰੂ ਜੀ ਦੇ ਜੀਵਨ ਸਮਾਚਾਰਾਂ ਨਾਲ ਸੰਬੰਧਿਤ ਸਾਰੇ ਗ੍ਰੰਥਾਂ ਦਾ ਮੁਤਾਲਿਆ ਕੀਤਾ ਹੈ ਅਤੇ ਸਾਰੇ ਗ੍ਰੰਥਾਂ ਦਾ ਸਾਰ ਰੂਪ ਦੇਣ ਦਾ ਯਤਨ ਕੀਤਾ ਹੈ। ਲੇਖਕ ਨੇ ਜਿਨ੍ਹਾਂ ਗੁਰਬਿਲਾਸਾਂ ਜਾਂ ਹੋਰ ਪੁਸਤਕਾਂ ਤੋਂ ਲਾਭ ਉਠਾਇਆ ਹੈ। ਇਕ ਸੁਹਿਰਦ ਸਾਹਿਤਕਾਰ ਵਾਂਗ ਉਨ੍ਹਾਂ ਸਭ ਦਾ ਵੇਰਵਾ ਉਨ੍ਹਾਂ ਦੇ ਰਚਨਾ-ਕਾਲ ਸਹਿਤ ਦਿੱਤਾ ਹੈ।

ਇਹ ਗੱਲ ਲੇਖਕ ਦੇ ਹੱਕ ਵਿਚ ਜਾਂਦੀ ਹੈ ਕਿ ਉਸ ਨੇ ਕੁਝ ਵੀ ਛੁਪਾ ਕੇ ਨਹੀਂ ਰਖਿਆ —ਜਿਵੇਂ :

ਚੋ: ॥ 1. *ਸੈਨਾ ਸਿੰਘ ਕਹੀ ਗੁਰ ਸੋਭਾ ॥*
ਸਤਰਹ ਸਤ ਅਠ ਸਠ ਓਭਾ ॥

2. *ਮਨੀ ਸਿੰਘ ਹੂੰ ਗ੍ਰੰਥ ਬਨਾਯੋ ॥*
ਗੁਰ ਬਿਲਾਸ ਅਤਿ ਅਨੁਪਮ ਗਾਯੋ ॥

3. *ਕਹੀ ਕੇਸਰਾ ਸਿੰਘ ਛਿਬ੍ਰ ਮਤ ॥*
ਅਠਾਰਹੁ ਸਤ ਪਚਿਸ ਸੰਮਤ ॥

4. *ਸ੍ਰੀ ਬਾਬਾ ਸਰੂਪ ਸਸਿ ਸਵਾਮੀ ॥*
ਅਮਰ ਅੰਸ ਜਗ ਜੋਤਨ ਮਾਮੀ ॥
ਸਤਕ ਅਠਾਰਹ ਅਰ ਇਕਤੀਸਾ ॥
ਗੁਰ ਮਹਿਮਾ ਪ੍ਰਕਾਸ ਜਗਦੀਸਾ ॥

5. *ਭਾਈ ਸੁਖਾ ਸਿੰਘ ਬਨਾਯੋ ॥*
ਗੁਰ ਬਿਲਾਸ ਅਤਿ ਪ੍ਰੇਮ ਬਢਾਯੋ ॥
ਅਠਾਰਹ ਸਤ ਚੋਵਨ ਪਿਖਾ ॥
ਗੁਰ ਬਿਲਾਸ ਬਰਨਯੋ ਜਸ ਸਿਖਾ ॥

6. *ਉਨਿਸ ਸਤ ਪੂਰੇ ਭਏ ਸ੍ਰੀ ਸੰਤੋਖ ਮ੍ਰਿਗੇਸ*
ਸੀ ਸੂਰਜ ਪ੍ਰਕਾਸ਼ ਕਿਅ ਅਦਭੂਦ ਗ੍ਰੰਥ ਬਿਸੇਸ ॥

7. *ਭਾਈ ਗਿਆਨ ਸਿੰਘ ਸੁਖਦਾਨਾ ॥*
ਜਿਨ ਗੁਰ ਜਸ ਕਿਆ ਕੰਠ ਮਹਾਨਾ ॥

....

ਅਰਥਾਤ ਸੰਮਤ 1708 ਵਿਚ (1711 ਈ.) ਕਵੀ ਸੈਨਾਪਤੀ ਨੇ 'ਗੁਰ ਸੋਭਾ' ਦੀ ਰਚਨਾ ਕੀਤੀ (ਇਹ ਪੁਸਤਕ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਛਪ ਚੁੱਕੀ ਹੈ) ਕੇਸਰ ਸਿੰਘ ਛਿਬਰ ਦੇ ਬੰਸਾਵਲੀ ਨਾਮੇ ਦੀ ਰਚਨਾ ਮਿਤੀ ਸੰਮਤ 1825 ਬਿਕ੍ਰਮੀ (1768 ਈ.) ਹੈ। ਇਹ ਵੀ ਪੰਜਾਬ ਯੂਨੀਵਰਸਿਟੀ, ਪੰਜਾਬੀ ਵਿਭਾਗ ਦੁਆਰਾ 'ਪਰਖ' ਦੇ ਅੰਕ ਦੇ ਰੂਪ ਵਜੋਂ ਡਾ. ਸੁਰਿੰਦਰ ਸਿੰਘ ਕੋਹਲੀ ਜੀ ਦੀ ਸੰਪਾਦਨਾ ਹੇਠ ਛੱਪ ਚੁੱਕੀ ਪੁਸਤਕ ਹੈ। ਬਾਬਾ ਸਰੂਪ ਦਾਸ ਭੱਲਾ ਦੀ ਰਚਨਾ 'ਮਹਿਮਾ ਪ੍ਰਕਾਸ਼' ਦੀ ਰਚਨਾ ਮਿਤੀ 1831 ਸੰਮਤ (1774 ਈ.) ਹੈ। ਇਸੇ ਤਰ੍ਹਾਂ ਭਾਈ ਸੁੱਖਾ ਸਿੰਘ ਦੁਆਰਾ ਰਚਿਤ ਗੁਰਬਿਲਾਸ ਦੀ ਰਚਨਾ ਮਿਤੀ ਸੰਮਤ 1854 (1797 ਈ.) ਹੈ ਅਤੇ ਭਾਈ ਸੰਤੋਖ ਸਿੰਘ ਦੀ ਰਚਨਾ ਦਾ ਕਾਲ ਸੰਮਤ 1900 (1843 ਈਸਵੀ) ਹੈ।

Sri Satguru Jagjit Singh Ji eLibrary NamdhariElibrary@gmail.com

ਉਪਰੋਕਤ ਸਾਰੀਆਂ ਰਚਨਾਵਾਂ ਦਾ ਅਧਿਐਨ ਸੁਮੇਰ ਸਿੰਘ ਜੀ ਨੇ ਕੀਤਾ ਸੀ ਅਤੇ ਫਿਰ ਉਨ੍ਹਾਂ ਨੇ ਇਸ ਰਚਨਾ ਲਈ ਇਨ੍ਹਾਂ ਪੁਸਤਕਾਂ ਨੂੰ ਅਧਾਰ ਬਣਾਇਆ ਸੀ। ਇਸ ਦ੍ਰਿਸ਼ਟੀ ਤੋਂ ਵੀ ਇਸ ਰਚਨਾ ਦੀ ਪ੍ਰਮਾਣਿਕਤਾ ਸਿੱਧ ਹੋ ਜਾਂਦੀ ਹੈ।

ਰਚਨਾ ਦੀ ਬਣਤਰ ਵਿਧੀ

ਪੁਸਤਕ ਦੀ ਰਚਨਾ-ਪ੍ਰਕ੍ਰਿਆ ਇਸ ਤੋਂ ਪਹਿਲੀਆਂ ਰਚਨਾਵਾਂ ਨਾਲੋਂ ਵੱਖਰੀ ਕਿਸਮ ਦੀ ਹੈ। ਸ਼ਾਇਦ ਇਹ ਪਹਿਲੀ ਪੁਸਤਕ ਹੈ ਜਿਸ ਵਿਚ ਮੰਗਲਾਚਰਣ ਤੋਂ ਬਾਅਦ ਭੂਮਿਕਾ ਲਿਖੀ ਗਈ ਹੈ ਅਤੇ ਇਸ ਮੰਤਵ ਲਈ ਲੇਖਕ ਸੁਚੇਤ ਰੂਪ ਵਿਚ ਲਿਖਦਾ ਹੈ :

ਪੁਨ ਭੂਮਿਕਾ ਸੁ ਲਘੂ ਲਿਖ ਲਈ ॥
ਸ੍ਰੀ ਗੁਰਬਰ ਉਪਮਾ ਨਿਤ ਨਈ ॥ *(ਪੰਨਾ—2)*

ਲੇਖਕ ਕੇਵਲ ਭੂਮਿਕਾ ਪ੍ਰਤੀ ਹੀ ਸੁਚੇਤ ਨਹੀਂ ਸਗੋਂ ਉਹ ਰਚਨਾ ਦੇ ਉਦੇਸ਼ ਬਾਰੇ ਵੀ ਚੇਤੰਨ ਰੂਪ ਵਿੱਚ ਜਾਣਕਾਰੀ ਦਿੰਦਾ ਹੈ। ਉਸ ਦਾ ਕਹਿਣਾ ਹੈ ਕਿ ਉਸ ਨੇ ਇਹ ਰਚਨਾ ਕੇਵਲ ਸੁਹਜ-ਸਵਾਦ ਅਥਵਾ ਮਨੋਰੰਜਨ ਪ੍ਰਾਪਤ ਕਰਨ ਲਈ ਨਹੀਂ ਕੀਤੀ ਸਗੋਂ ਖ਼ਾਲਸਾ ਪੰਥ ਦੀ ਅਗਵਾਈ ਲਈ ਕੀਤੀ ਹੈ ਜਿਵੇਂ :

ਗੁਰਸਿੱਖੀ ਗੁਰਮੁਖ ਧਰਮ ਗੁਰਗਾਦੀ ਕੀ ਰੀਤ
ਗੁਰੂ ਗ੍ਰੰਥ ਗੁਰੂ ਰੂਪਤਾਸੋ ਖਾਲਸਾ ਸੁਪ੍ਰੀਤ ॥
ਚੌ: ॥ ਤਿਨ ਕੇ ਹਿਤ ਯਹ ਗ੍ਰੰਥ ਸੁਹਾਯੋ ॥
ਨਾਹਿ ਪ੍ਰਮਾਦਿਨ ਹੇਤ ਬਨਾਯੋ ॥ *(ਪੰਨਾ—4)*

ਭੂਮਿਕਾ ਵਿਚ ਲੇਖਕ ਨੇ ਆਪਣੀ ਰਚਨਾ ਦੇ ਮੂਲ ਪ੍ਰੇਰਨਾ ਸ੍ਰੋਤ ਬਾਰੇ ਜ਼ਿਕਰ ਕਰਦਿਆਂ ਦੱਸਿਆ ਹੈ ਕਿ ਉਸ ਨੇ ਸਾਰੇ ਗ੍ਰੰਥਾਂ ਦੇ ਅਧਿਐਨ ਉਪਰੰਤ ਆਪਣੇ ਨਿੱਜ-ਅਨੁਭਵ ਨਾਲ ਗੁਰੂ-ਜਸ ਦੀ ਰਚਨਾ ਕੀਤੀ ਹੈ ਜਿਵੇਂ :

ਬਰਨਹੁ ਸ੍ਰੀ ਸਤ ਗੁਰ ਗੁਨ ਗਾਥਾ ॥
ਹੇਰ ਅਨੇਕ ਗ੍ਰੰਥ ਮਤਿ ਗਾਥਾ ॥
ਨਿਜ ਅਨੁਭਵ ਕਛੁ ਪ੍ਰਗਟ ਪ੍ਰਮਾਨਕ ॥
ਕਹਿਹੋ ਕ੍ਰਿਪਾ ਦ੍ਰਿਸ ਗੁਰ ਨਾਨਕ ॥ *(ਪੰਨਾ—4)*

ਕਥਾ ਪ੍ਰਬੰਧ ਦੇ ਅਰੰਭ ਵਿੱਚ ਲੇਖਕ ਨੇ ਜਾਣਕਾਰੀ ਦਿੱਤੀ ਹੈ ਕਿ ਸਾਹਿਬ ਸਿੰਘ ਜੀ, ਭਾਈ ਰਾਮ ਕੁਇਰ ਅਥਵਾ ਗੁਰਬਖ਼ਸ਼ ਸਿੰਘ ਪਾਸ ਰਮਦਾਸ ਜਾਂਦੇ ਹਨ। ਭਾਈ ਰਾਮ ਕੁਇਰ ਜੀ ਗੁਰੂ ਗੋਬਿੰਦ ਸਿੰਘ ਜੀ ਦੇ ਨਜ਼ਦੀਕੀ ਸਾਥੀ ਸਨ। ਆਪ ਬਾਬਾ ਬੁੱਢਾ ਜੀ ਦੇ ਖ਼ਾਨਦਾਨ ਵਿੱਚੋਂ ਬਾਬਾ ਗੁਰਦਿੱਤਾ ਜੀ ਦੇ ਸਪੁੱਤਰ ਸਨ। ਸਾਹਿਬ ਸਿੰਘ ਸੰਗਤ ਨਾਲ ਸੰਮਤ 1791 ਵਿਚ ਰਮਦਾਸ (ਨੇੜੇ ਡੇਰਾ ਬਾਬਾ ਨਾਨਕ) ਜਾਂਦਾ ਹੈ ਅਤੇ ਜਿਸ ਤਰ੍ਹਾਂ ਭਾਈ ਰਾਮ ਕੁਇਰ ਜੀ ਉਸ ਨੂੰ ਗੁਰੂ ਜੀ ਦੇ ਜੀਵਨ ਸਮਾਚਾਰ ਸੁਣਾਉਂਦੇ ਹਨ ਉਸੇ ਤਰ੍ਹਾਂ ਲਿਖਦਾ ਜਾਂਦਾ ਹੈ।

ਸੰਮਤ ਸਤ੍ਰਹ ਸੈ ਅਧਿਕ ਇਕਯਾਨਬੇ ਮਹਾਨ ॥
ਦੁਤੀਆ ਮਾਸ ਬਿਸਾਖ ਬਰ ਗੁਰਦਿਨ ਗੁਨਗੁਨ ਗਾਨ ॥
ਚੌ:॥ ਸਭਹੀ ਜੁਰਿ ਰਮਦਾਸਹਿ ਆਏ ॥

Sri Satguru Jagjit Singh Ji eLibrary NamdhariElibrary@gmail.com

ਉਰ ਅਭਿਲਾਖਨ ਲਾਖਨ ਪਾਏ ॥
ਰਾਮ ਕੌਰ ਆਸ੍ਰਮ ਸੁਖ ਸਾਨਾ ॥
ਸਹਜ ਬੈਰ ਜਹ ਪਸੁ ਨ ਭੁਲਾਨਾ ॥

(ਪੰਨਾ—5)

ਭਾਈ ਰਾਮ ਕੁਇਰ ਜੀ ਦਾ ਜੀਵਨ-ਕਾਲ ਸੰਮਤ ਬਿ. 1729 ਤੋਂ 1818 ਬਿ. ਤਕ ਦਾ ਹੈ ਅਰਥਾਤ 1672 ਈਸਵੀ ਤੋਂ 1761 ਈਸਵੀ ਤਕ ਦਾ ਇਸ ਹਿਸਾਬ ਨਾਲ ਗੁਰਬਖਸ਼ ਸਿੰਘ ਜੀ (ਭਾਈ ਰਾਮ ਕੁਇਰ) ਜਿਸ ਨੂੰ ਲੇਖਕ ਨੇ ਕਈ ਥਾਵਾਂ ਤੇ ਰਾਮ ਕੌਰ ਹੀ ਲਿਖਿਆ ਹੈ ਗੁਰੂ ਗੋਬਿੰਦ ਸਿੰਘ ਜੀ ਦੇ ਅਨੰਦਪੁਰ ਛੱਡਣ ਤਕ ਉਨ੍ਹਾਂ ਦੇ ਨਾਲ ਰਹੇ ਪ੍ਰਤੀਤ ਹੁੰਦੇ ਹਨ। ਇਸ ਗੱਲ ਦੀ ਪੁਸ਼ਟੀ ਲੇਖਕ ਨੇ ਇਸ ਪੁਸਤਕ ਵਿਚ ਇਕ ਵਾਰ ਫਿਰ ਕੀਤੀ ਹੈ ਅਤੇ ਦੱਸਿਆ ਹੈ ਕਿ ਭਾਈ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੂੰ ਰਮਦਾਸ ਤੋਂ ਸ਼੍ਰੀ ਦਮਦਮਾ ਸਾਹਿਬ ਮਿਲਣ ਲਈ ਆਉਂਦੇ ਹਨ। ਇਸ ਤੋਂ ਇਹ ਵੀ ਪ੍ਰਗਟ ਹੁੰਦਾ ਹੈ ਕਿ ਦਮਦਮਾ ਸਾਹਿਬ ਤੋਂ ਤੁਰਨ ਸਮੇਂ ਤੱਕ ਦੇ ਹਾਲਾਤ ਭਾਈ ਸਾਹਿਬ ਰਾਮ ਕੁਇਰ ਨੇ ਅੱਖੀਂ ਵੇਖੇ ਜਾਂ ਗੁਰੂ ਜੀ ਤੋਂ ਸੁਣੇ ਸਨ। ਸ਼੍ਰੀ ਦਮਦਮਾ ਸਾਹਿਬ ਤੋਂ ਗੁਰੂ ਜੀ ਨੂੰ ਦੱਖਣ ਲਈ ਚਲਦੇ ਹਨ। ਭਾਈ ਰਾਮ ਕੁਇਰ (ਗੁਰਬਖਸ਼ ਸਿੰਘ) ਦੇ ਗੁਰੂ ਜੀ ਨਾਲ ਇਸ ਮਿਲਾਪ ਬਾਰੇ ਲੇਖਕ ਲਿਖਦਾ ਹੈ :

ਪੁਨ ਰਮਦਾਸ ਪੁਰੇ ਤੇ ਆਏ ਰਾਮ ਕੌਰ ਬਡ ਗਯਾਨੀ ॥
ਰਹੈ ਨਿਕਟ ਸ੍ਰੀ ਗੁਰੁ ਸਤਗੁਰ ਕੇ ਸਖਾ ਅਨਨਯ ਅਮਾਨੀ ॥

(ਪੰਨਾ—500, ਸਾਖੀ 61)

ਇਸ ਸਾਖੀ ਵਿਚ ਬਾਬਾ ਸੁਮੇਰ ਸਿੰਘ ਨੇ ਇਹ ਵੀ ਲਿਖਿਆ ਹੈ ਕਿ ਭਾਈ ਮਨੀ ਸਿੰਘ ਜੀ ਵੀ ਦਮਦਮੇ ਸਾਹਿਬ, ਗੁਰੂ ਜੀ ਦੇ ਦਰਸ਼ਨ ਕਰਨ ਲਈ ਆਉਂਦੇ ਹਨ :

ਮਨੀ ਸਿੰਘ ਸ੍ਰੀ ਅੰਮ੍ਰਿਤਸਰ ਤੇ ਸਭ ਸਮਾਜ ਲੈ ਆਏ ॥
ਪਰੇ ਚਰਨ ਅਘ ਹਰਨ ਗੁਰੂ ਕੇ ਮਨ ਬਾਂਛਤ ਫਲ ਪਾਏ ॥ (ਪੰਨਾ—500)

ਪਰ ਲੇਖਕ ਨੇ ਇਸ ਗੱਲ ਬਾਰੇ ਕੋਈ ਸੰਕੇਤ ਨਹੀਂ ਦਿੱਤਾ ਕਿ ਸਾਹਿਬ ਸਿੰਘ ਦੀ ਕਿਸ ਲਿਖਤ ਵਿਚੋਂ ਇਹ ਪ੍ਰਸੰਗ ਲੈ ਕੇ ਲਿਖੇ ਹਨ। ਸਾਹਿਬ ਸਿੰਘ ਦੁਆਰਾ ਰਚਿਤ ਮੰਨੀ ਜਾਂਦੀ ਪੁਸਤਕ 'ਸੌ ਸਾਖੀ' ਦੀ ਪਹਿਲੀ ਸਾਖੀ ਦੀਆਂ ਨਿਮਨ-ਲਿਖਤ ਕਾਵਿ-ਪੰਕਤੀਆਂ ਵਿਚੋਂ ਵੀ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਸਾਹਿਬ ਸਿੰਘ 1791 ਬਿਕਰਮੀ ਸੰਮਤ ਵਿਚ ਰਾਮ ਕੁਇਰ ਜੀ ਕੋਲ ਜ਼ਰੂਰ ਗਏ ਸਨ ਤਾਂ ਹੀ ਉਨ੍ਹਾਂ ਨੇ ਇਸ ਰਚਨਾ ਦੀ ਪਹਿਲੀ ਸਾਖੀ ਵਿਚ ਰਚਨਾ ਦਾ ਸਮਾਂ 1791 ਸੰਮਤ ਦਿੱਤਾ ਹੈ ਜਿਵੇਂ :

ਸੰਬਤ ਵਿਕ੍ਰਮ ਭੂਪਤੀ ਸਤਾਰਾ ਸਤ ਨੌ ਏਕ ॥
ਮਾਹਿ ਵੈਸਾਖੀ ਵਾਹਗੁਰੁ ਮਲਕੀ ਦੁਤੀਆ ਭੇਕ ॥
ਦਾਸ ਸੰਗਤਿ ਮਾਹਿ ਸਿਖਾ ਕਰਿਓ ਬਿਬੇਕ ॥
ਇਹ ਲਿਖਾਰੀ ਗੁਰੂ ਹਿਤ ਸਾਖੀ ਲਿਖੇ ਅਨੇਕ ॥

ਸਾਹਿਬ ਸਿੰਘ ਦੇ ਜੀਵਨ-ਕਾਲ ਬਾਰੇ 'ਸੌ ਸਾਖੀ' ਦੇ ਸੰਪਾਦਕ ਗੁਰਬਚਨ ਸਿੰਘ ਨਈਅਰ ਨੇ ਵੀ ਕੁਝ ਨਹੀਂ ਲਿਖਿਆ। ਸੰਭਵ ਹੈ ਕਿ ਬਾਬਾ ਸੁਮੇਰ ਸਿੰਘ ਜੀ ਨੂੰ ਵੀ ਸਾਹਿਬ ਸਿੰਘ ਦੇ ਜੀਵਨ-ਕਾਲ ਬਾਰੇ ਇਸ ਤੋਂ ਵੱਧ ਕੁਝ ਪਤਾ ਨਾ ਹੋਵੇ ਕਿ ਉਹ ਗੁਰਬਖਸ਼ ਸਿੰਘ ਜੀ

Sri Satguru Jagjit Singh Ji eLibrary NamdhariElibrary@gmail.com

ਨੂੰ 1791 ਸੰਮਤ ਵਿਚ ਰਮਦਾਸ ਮਿਲੇ ਸਨ ਅਤੇ ਪੋਥੀ ਦੀ ਰਚਨਾ ਕੀਤੀ ਸੀ। ਇਸ ਰਚਨਾ ਗੁਰਪਦ ਪ੍ਰੇਮ ਪਦ ਪ੍ਰਕਾਸ਼ ਵਿੱਚ ਵੀ ਸੋ ਸਾਖੀ ਵਾਲੀਆਂ ਕਈ ਭਵਿੱਖਵਾਚੀ ਸਾਖੀਆਂ ਨੂੰ ਬਦਲਵੇਂ ਰੂਪ ਵਿਚ ਅੰਕਿਤ ਕੀਤਾ ਗਿਆ ਹੈ। ਇਹ ਵੀ ਹੋ ਸਕਦਾ ਹੈ ਕਿ ਸੁਮੇਰ ਸਿੰਘ ਦੇ ਸਾਹਮਣੇ ਇਹ ਪੁਸਤਕ ਗੁਰ ਰਤਨ ਮਾਲ (ਸੋ ਸਾਖੀ) ਹੋਵੇ ਜਿਸ ਦੇ ਆਧਾਰ ਤੇ ਉਸ ਨੇ ਆਪਣੀ ਰਚਨਾ ਦਾ ਪ੍ਰੇਰਨਾ ਸਰੋਤ ਨੀਯਤ ਕਰ ਲਿਆ ਹੋਵੇ ਅਤੇ 1791 ਬਿਕਰਮੀ ਸੰਮਤ ਵਿੱਚ ਸਾਹਿਬ ਸਿੰਘ ਨੂੰ ਰਾਮ ਕੁਇਰ ਜੀ ਨਾਲ ਰਮਦਾਸ ਮਿਲਾ ਕੇ ਆਪਣੀ ਰਚਨਾ ਦਾ ਆਧਾਰ ਕਾਇਮ ਕਰ ਲਿਆ ਹੋਵੇ।

ਸੁਮੇਰ ਸਿੰਘ ਨੇ ਆਪਣੀ ਰਚਨਾ ਨੂੰ ਹੋਰ ਪ੍ਰਮਾਣਿਕ ਤੇ ਨਿਆਏ ਯੁਕਤ ਕਰਨ ਲਈ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਗੱਦੀ ਤੇ ਬੈਠਣ ਤੋਂ ਪਹਿਲਾਂ ਦੇ ਜੀਵਨ ਨੂੰ 'ਸ਼੍ਰੀ ਮੁਖ ਵਾਕ ਪਾਤਸ਼ਾਹੀ 10' ਦੇ ਸਿਰਲੇਖ ਅਧੀਨ 'ਬਚਿੱਤਰ ਨਾਟਕ' ਤੇ ਆਧਾਰਿਤ ਕਰ ਕੇ ਬਿਆਨ ਕਰ ਦਿੱਤਾ ਹੈ ਜਿਵੇਂ :

ਅਬ ਮੈ ਆਪਨੀ ਕਥਾ ਬਖਾਨੋ ॥
ਤਪ ਸਾਧਤ ਜਿਹਿ ਬਿਧਿ ਮੁਹਿ ਆਨੋ ॥
ਹੇਮ ਕੁੰਟ ਪਰਬਤ ਹੈ ਜਹਾਂ ॥
ਸਪਤ ਸ੍ਰਿੰਗ ਸੋਭਿਤ ਹੈ ਤਹਾਂ ॥

ਅਤੇ ਇਸ ਮੁਢਲੇ ਜੀਵਨ ਦੇ ਅੰਤਲੇ ਸ਼ਬਦ ਇਸ ਤਰ੍ਹਾਂ ਅੰਕਿਤ ਹਨ :

ਜਨਮ ਮਰਨ ਪ੍ਰਭ ਮੂਢ ਕਹਤ ਹੈ ॥
ਜੇ ਨ ਤੱਤਵ ਗੁਰ ਭੇਵ ਲਹਤੁ ਹੈ ॥
ਹਰਿ ਹਰਿ ਜਨਮਤ ਦਰਸਾਈ ॥
ਸਭਹੀ ਸੁਗਮ ਰੀਤ ਸਮਝਾਈ ॥

ਇਸ ਉਪਰੰਤ ਰਾਮ ਕੁਇਰ ਜੀ ਦੁਆਰਾ ਇਕ ਦੋਹਿਰੇ ਵਿਚ ਇਸ ਤਰ੍ਹਾਂ ਦਰਸਾਇਆ ਹੈ :

ਦੋਹਰਾ॥ ਬਾਲ ਚਰਿਤਰ ਗੁਰ ਕੇ ਜਿਤੇ ਤੇ ਹਮ ਨਿਰਖੇ ਨਾਹਿ ॥
ਰਾਜ ਚਰਿਤ ਬਰਨਨ ਕਰਤ ਨਿਜ ਮਤਿ ਮਿਤੁ ਤੁਮ ਮਾਹਿ ॥

(ਪੰਨਾ—11)

ਇਸ ਉਪਰੰਤ 'ਗੁਰਗਾਦੀ ਮੰਗਲਾਤਮਕ' ਸਿਰਲੇਖ ਅਧੀਨ ਰਚਨਾ ਦੇ ਅਗਲੇ ਭਾਗ ਦਾ ਅਰੰਭ ਕਰ ਦਿੱਤਾ ਗਿਆ ਹੈ।

ਇਕ ਸੁਚੇਤ ਸਾਹਿਤਕਾਰ ਵਾਂਗ ਲੇਖਕ ਇਸ ਰਚਨਾ ਦੇ ਅੰਤ ਉਪਰ ਰਚਨਾ ਦੀਆਂ ਸੰਪੂਰਨ ਵਿਧੀ ਵਿਧਾਨਾਂ, ਅਧਿਆਵਾਂ ਅਤੇ ਸਾਖੀਆਂ ਦੀ ਗਿਣਤੀ ਇਸ ਤਰ੍ਹਾਂ ਦਿੱਤੀ ਹੈ। ਜੁਮਿਲਾ ਸਭ ਸਾਖੀ ਪੂਰਬਾਰਧ ਉਤਰਾਰਧ ਕੀ। ਸਿਰਲੇਖ ਅਧੀਨ ਸਾਖੀ 59 ਵਿੱਚ ਦਿੱਤੀ ਹੈ :

"ਇਤਿ ਸ੍ਰੀ ਗੁਰਪਦ ਪ੍ਰੇਮ ਪ੍ਰਕਾਸ਼ ਸ੍ਰੀ ਗੁਰ ਚਤੁਰਥ ਖੰਡਾਤਰ ਗਤਿ ਦਸਮ ਮੰਡਲ ਉਤਰਾਰਧੇ ਸ੍ਰੀ ਗੁਰੂ ਗੋਬਿੰਦ ਸਿੰਘ ਸਚਾ ਪਾਤਸ਼ਾਹ ਸਚ ਖੰਡ ਪ੍ਰਸਥਾਨ ਪ੍ਰਸੰਗ ਬਰਨਨਾਤਮਕ ਦਸਮ ਮੰਡਲ ਸਮਾਪਤ ॥ ਬਿਯਾਲਸਵੀ ਪ੍ਰਾਂਤ ॥42॥ ਗ੍ਰੰਥ ਸਮਾਪਤ ਮਸਤ ਸਭੰਭੂਯਾਤ ਸਤਿ ਸ੍ਰੀ ਅਕਾਲ ਗੁਰ ਬਰ ਅਕਾਲ ॥51 ਭਾਂਤ

Sri Satguru Jagjit Singh Ji eLibrary NamdhariElibrary@gmail.com

ਸਮਗਰ ਦਸਮ ਮੰਡਲ ਹੈ॥ ਸ੍ਰੀ ਵਾਹਗੁਰੂ ਮੁਖ ਕਰ ਉਚਾਰ ॥ ਸੰ: ਨਾ : 412॥
ਭਾਦ੍ਰੋ ਸੁਧੀ 14 ਅਨੰਤ ਚੌਦੇਸ ਬੁਧਵਾਰ 12 ਘੜੀ ਦਿਨ ਚਢੇ ॥

ਅਰਥਾਤ ਪਹਿਲੇ ਹਿੱਸੇ ਦੇ 9 ਅਧਿਆਵਾਂ ਵਿੱਚ ਅਤੇ ਦੂਸਰੇ ਹਿੱਸੇ ਦੇ 42 ਅਧਿਆਵਾਂ ਵਿਚ ਕੁੱਲ 396 ਸਾਖੀਆਂ ਅੰਕਿਤ ਕੀਤੀਆਂ ਹਨ।

ਰਚਨਾ ਦੀ ਵਸਤੂ ਸਮੱਗਰੀ

ਰਚਨਾ ਦੇ ਅਰੰਭ ਵਿਚ ਲੇਖਕ ਨੇ ਗੁਰ ਜੀ ਦੇ ਗੁਰਗੱਦੀ ਤੇ ਬੈਠਣ ਦੇ ਦ੍ਰਿਸ਼ ਨੂੰ ਬੜੇ ਸੁੰਦਰ ਢੰਗ ਨਾਲ ਬਿਆਨ ਕੀਤਾ ਹੈ। ਉਪਰੰਤ ਇੱਕ ਸਾਖੀ ਵਿਚ ਦੱਸਿਆ ਹੈ ਕਿ ਗੁਰਗੱਦੀ ਤੇ ਬੈਠਣ ਤੋਂ ਬਾਅਦ ਚਾਰ ਗੁਰੂ ਬੰਸਾਂ ਦੇ ਵਾਰਸ ਅਰਥਾਤ ਬੇਦੀ, ਤ੍ਰਿਹਨ, ਭੱਲੇ ਅਤੇ ਸੋਢੀ ਗੁਰੂ ਜੀ ਦੀ ਪ੍ਰੀਖਿਆ ਲੈਣ ਲਈ ਆਏ। ਇਸ ਸਮੇਂ ਗੁਰੂ ਜੀ ਨੇ ਦੱਸਿਆ ਕਿ ਜਿਵੇਂ ਹੰਸ ਦੇ ਪੁੱਤਰ ਸਭ ਹੰਸ ਹੁੰਦੇ ਹਨ ਤਿਵੇਂ ਹੀ ਗੁਰੂ ਅੰਸ ਸਭ ਇੱਕ ਸਮਾਨ ਹੁੰਦੀ ਹੈ। ਗੁਰਗੱਦੀ ਤਾਂ ਇਕ ਆਤਮਿਕ ਸੰਬੰਧ ਹੈ।

3. ਤੀਸਰੇ ਅਧਿਆਇ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਵਿਆਹ ਦਾ ਪ੍ਰਸੰਗ ਵਰਣਨ ਕੀਤਾ ਹੈ। ਇਸ ਭਾਗ ਵਿੱਚ ਮਾਤਾ ਜੀਤੋ ਜੀ ਦੇ ਵਿਆਹ ਤੋਂ ਬਿਨਾਂ, ਚੋਰੀ ਪ੍ਰਗਟ ਕਰਨ, ਸੋਢੀ ਗੁਲਾਬ ਰਾਏ ਨੂੰ ਬਖਸ਼ਸ਼ ਕਰਨਾ, ਕੀਰਤਨੀਏ ਦੇ ਪਿਤਾ ਦੇ ਰਿੱਛ ਬਣ ਜਾਣ ਦੀ ਸਾਖੀ, ਕਾਬਲ ਦੇ ਮਸੰਦ ਨੂੰ ਤੰਬੂ ਬਣਾਉਣ ਦਾ ਆਦੇਸ਼ ਦੇਣ ਦੀ ਸਾਖੀ ਅਤੇ ਮਾਤਾ ਸੁੰਦਰੀ ਜੀ ਦੇ ਵਿਆਹ ਦਾ ਪ੍ਰਸੰਗ ਦਰਜ਼ ਹੈ। ਇਸ ਸਾਰੇ ਭਾਗ ਨੂੰ 'ਰਾਜ ਸਾਜ' ਸਿਰਲੇਖ ਦਿੱਤਾ ਗਿਆ ਹੈ।

4. ਚੌਥੇ ਅਧਿਆਇ ਤੋਂ ਗੁਰੂ ਜੀ ਦੇ ਜੰਗਾਂ ਯੁੱਧਾਂ ਦਾ ਹਾਲ ਆਰੰਭ ਹੁੰਦਾ ਹੈ। ਅਸਾਮ ਦਾ ਰਾਜਾ ਰਤਨ ਰਾਇ ਜਿਸ ਦਾ ਜਨਮ ਗੁਰੂ ਤੇਗ ਬਹਾਦਰ ਜੀ ਦੇ ਵਰਦਾਨ ਨਾਲ ਹੋਇਆ ਸੀ ਗੁਰੂ ਜੀ ਦੇ ਦਰਸ਼ਨਾਂ ਲਈ ਆਨੰਦਪੁਰ ਆਉਂਦਾ ਹੈ। ਹੋਰ ਬਹੁਤ ਸਾਰੀਆਂ ਭੇਟਾਵਾਂ ਨਾਲ ਉਹ ਇੱਕ ਪਰਸਾਦੀ ਨਾਮੀ ਹਾਥੀ ਵੀ ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਕਰਦਾ ਹੈ ਅਤੇ ਇਕ ਪੰਜ ਕਲਾਂ ਵਾਲਾ ਸ਼ਸਤਰ ਵੀ ਭੇਟ ਕਰਦਾ ਹੈ।

ਰਤਨ ਰਾਏ ਦੇ ਜਾਣ ਤੋਂ ਬਾਅਦ ਗੁਰੂ ਜੀ ਰਣਜੀਤ ਨਗਾਰਾ ਬਣਵਾਉਂਦੇ ਹਨ। ਇਸ ਨਗਾਰੇ ਦੀ ਗੂੰਜ ਨਾਲ ਪਹਾੜੀ ਰਾਜਿਆਂ ਦੇ ਦਿਲ ਕੰਬ ਜਾਂਦੇ ਹਨ। ਸਭ ਤੋਂ ਵਧੇਰੇ ਤਕਲੀਫ਼ ਕਹਿਲੂਰ ਦੇ ਰਾਜੇ ਭੀਮ ਚੰਦ ਨੂੰ ਹੁੰਦੀ ਹੈ। ਉਹ ਗੁਰੂ ਜੀ ਦੀ ਵਧਦੀ ਸ਼ਕਤੀ ਨੂੰ ਵੇਖ ਕੇ ਇਕ ਖਤਰਾ ਮਹਿਸੂਸ ਕਰਦਾ ਸੀ। ਉਹ ਆਪਣੇ ਮੰਤਰੀ ਪਰਮਾਨੰਦ ਪਰੋਹਤ ਨੂੰ ਗੁਰੂ ਜੀ ਪਾਸੋਂ ਪਰਸਾਦੀ ਹਾਥੀ ਮੰਗਣ ਲਈ ਭੇਜਦਾ ਹੈ। ਗੁਰੂ ਜੀ ਜਾਣੀ ਜਾਣ ਸਨ ਅਤੇ ਇਹ ਕਹਿ ਕੇ 'ਪੰਮੇ' ਨੂੰ ਮੋੜ ਦੇਂਦੇ ਹਨ ਕਿ ਗੁਰਸਿੱਖ ਨੇ ਭੇਟ ਕਰਨ ਵੇਲੇ ਕਿਹਾ ਸੀ ਕਿ ਇਹ ਹਾਥੀ ਕੇਵਲ ਗੁਰੂ ਜੀ ਦੀ ਸੇਵਾ ਲਈ ਹੀ ਭੇਂਟ ਕੀਤਾ ਹੈ। ਇਸ ਤੇ ਭੀਮ ਚੰਦ ਸੜਬਲ ਉਠਦਾ ਹੈ। ਫਿਰ ਉਹ ਆਪਣੇ ਕੋਤਵਾਲ ਨੂੰ ਭੇਜਦਾ ਹੈ। ਕੋਤਵਾਲ ਨੂੰ ਉਹ ਕਟੋਚੀਏ ਰਾਜੇ ਦੀ ਸਲਾਹ ਨਾਲ ਭੇਜਦਾ ਹੈ। ਫਿਰ ਉਹ ਪ੍ਰੋਹਤ ਪੰਮੇ ਅਤੇ 'ਜਸਵਾਰੀ' ਨੂੰ ਭੇਜਦਾ ਹੈ ਜਿਨ੍ਹਾਂ ਨੂੰ ਮੰਦ ਸ਼ਬਦ ਬੋਲਣ ਕਰ ਕੇ ਗੁਰੂ-ਦਰਬਾਰ ਵਿਚੋਂ ਕੱਢ ਦਿੱਤਾ ਜਾਂਦਾ ਹੈ। ਇਸ ਤੇ ਭੀਮ ਚੰਦ ਸੜ ਉਠਦਾ ਹੈ। ਉਹ ਗੁਰੂ ਜੀ ਨੂੰ ਇਕ ਪੱਤਰ ਵੀ ਭੇਜਦਾ ਹੈ। ਇਸੇ ਸਮੇਂ ਦੌਰਾਨ ਨਾਹਨ ਦੇ ਰਾਜਾ ਫਤੇ ਸ਼ਾਹ ਗੁਰੂ ਜੀ ਨੂੰ ਨਾਹਨ ਆ ਕੇ ਦਰਸ਼ਨ ਦੇਣ ਲਈ ਬਿਨੈ-ਪੱਤਰ ਭੇਜਦਾ ਹੈ ਜਿਵੇਂ :

Sri Satguru Jagjit Singh Ji eLibrary NamdhariElibrary@gmail.com

ਇਤਨੇ ਮੈਂ ਸ੍ਰੀ ਨਾਹਨ ਨੇਸ ਸੁਨਤ ਸਤਗੁਰ ਸੋਭਾ ॥
ਦਰਸਹੁ ਕਿਮਿ ਪਦ ਕੰਜ ਪਰਮ ਪਰਮਲ ਮਨ ਲੋਭਾ ॥
ਭੇਜੀ ਬਿਨੇ ਬਨਾਇ ਪਾਤੀ ਭਲ ਭਾਂਤੀ ॥
ਲੈ ਸੋ ਧਾਵਨ ਪਹੁਚ ਹਜੂਰ ਮੈ ਕਹੀ ਸਭ ਭਾਂਤੀ ॥

(ਪੰਨਾ—45)

ਇਸ ਅਧਿਆਇ ਦੇ ਅੰਤ ਵਿਚ ਗੁਰੂ ਜੀ ਪਾਉਂਟਾ ਸਾਹਿਬ ਲਈ ਚੱਲ ਪੈਂਦੇ ਹਨ।

5. ਪੰਜਵੇਂ ਅਧਿਆਇ ਵਿਚ ਗੁਰੂ ਜੀ ਜਮਨਾ ਨਦੀ ਦੇ ਕੰਢੇ ਪਾਉਂਟਾ ਸਾਹਿਬ ਪਹੁੰਚ ਜਾਂਦੇ ਹਨ। ਇਥੇ ਹੀ ਉਨ੍ਹਾਂ ਦਾ ਰਾਮ ਰਾਇ ਨਾਲ ਮੇਲ ਹੁੰਦਾ ਹੈ। ਇਸੇ ਅਧਿਆਇ ਵਿਚ ਪੀਰ ਬੁੱਧੂ ਸ਼ਾਹ ਅਤੇ ਫਤੇ ਸ਼ਾਹ ਨਾਲ ਭੇਂਟ ਹੁੰਦੀ ਹੈ। ਕਵੀ ਨੇ ਬੜੇ ਹੀ ਸੰਖੇਪ ਸ਼ਬਦਾਂ ਵਿਚ ਇਸ ਮੇਲ ਦਾ ਚਿੱਤਰ ਪੇਸ਼ ਕੀਤਾ ਹੈ।

ਤੌ ਲੌ ਬੁਧੂ ਸਾਹਿਬ ਬਰ ਕਰਤ ਬੰਦਗੀ ਨਿਤ ॥
ਬੜੋ ਫਕੀਰ ਪਗਨ ਪਰਯੋ ਆਨ ਭਾਉ ਭਰ ਹਿਤ ॥

ਫਤੇ ਸ਼ਾਹ ਦੇ ਮੇਲ ਬਾਰੇ ਲਿਖਿਆ ਹੈ :

"ਫਤੇ ਸ਼ਾਹ ਮਾਨੀ ਗੁਰਬਾਨੀ ॥
ਸ੍ਰੀ ਸਤਗੁਰੂ ਕੀ ਅਕਥ ਕਹਾਨੀ ॥

6. ਛੇਵੇਂ ਅਧਿਆਇ ਵਿਚ ਪਾਉਂਟਾ ਸਾਹਿਬ ਵਿਚ ਹੀ 'ਕ੍ਰਿਸ਼ਨ ਅਵਤਾਰ' ਦੀ ਟਚਨਾ ਬਾਰੇ ਹਾਲ ਬਿਆਨ ਕੀਤਾ ਹੈ। ਇੱਥੋਂ ਹੀ ਗੁਰੂ ਜੀ ਕਪਾਲ ਮੋਚਨ ਗਏ ਜਿਹੜਾ ਕਿ ਹਿੰਦੂਆਂ ਦਾ ਇਕ ਬਹੁਤ ਪੁਰਾਤਨ ਤੀਰਥ ਹੈ। ਇਸ ਅਧਿਆਇ ਵਿਚ ਰਾਮ ਰਾਇ ਦੀ ਪਹਿਲੀ ਪਤਨੀ ਦੇ ਮਨੂੰ ਮਾਜਰੇ ਪਿੰਡ ਜਾਣ ਦੀ ਸਾਖੀ ਵੀ ਦਰਜ਼ ਹੈ। ਰਾਮ ਰਾਇ ਜੀ ਦਾ ਦਿਹਾਂਤ ਹੋ ਜਾਂਦਾ ਹੈ। ਇਸ ਬਾਰੇ ਵੀ ਸਾਖੀ ਅੰਕਿਤ ਹੈ। ਇਸ ਮੋਤ ਵਿਚ ਰਾਮ ਰਾਏ ਦੇ ਮਸੰਦਾਂ ਦਾ ਹੱਥ ਸੀ। ਗੁਰੂ ਜੀ ਪਾਸ ਰਾਮ ਰਾਇ ਜੀ ਦੀ ਪਤਨੀ ਬਿਨੈ-ਪੱਤਰ ਭੇਜਦੀ ਹੈ ਕਿ ਮਸੰਦ ਹੰਕਾਰੀ ਹੋ ਗਏ ਹਨ। ਗੁਰੂ ਜੀ ਰਾਮ ਰਾਇ ਦੇ ਮਸੰਦਾਂ ਨੂੰ ਮੋਤ ਦੀ ਸਜ਼ਾ ਦੇਂਦੇ ਹਨ। ਗੁਰ ਸਾਹਿਬ ਦੇ ਜੀਵਨ ਨਾਲ ਸੰਬੰਧਿਤ ਹੋਰ ਕਈ ਗ੍ਰੰਥਾਂ ਵਿਚ ਇਹ ਪ੍ਰਸੰਗ ਨਹੀਂ ਮਿਲਦਾ।

7. ਸੱਤਵੇਂ ਅਧਿਆਇ ਦਾ ਵਸਤੂ-ਜਗਤ ਗੁਰੂ ਜੀ ਦੇ ਜੀਵਨ ਕਾਲ ਦੇ ਪ੍ਰਥਮ ਯੁੱਧ, 'ਭੰਗਾਣੀ ਦੇ ਯੁੱਧ' ਨਾਲ ਸੰਬੰਧਿਤ ਹੈ। ਇਸ ਯੁੱਧ ਦਾ ਹਾਲ ਲੇਖਕ ਨੇ ਬੜੇ ਵਿਸਤਾਰ ਨਾਲ ਬਿਆਨ ਕੀਤਾ ਹੈ। ਭੀਮ ਚੰਦ ਦੇ ਪੁੱਤਰ ਦਾ ਵਿਆਹ ਫਤੇ ਸ਼ਾਹ ਦੀ ਲੜਕੀ ਨਾਲ ਹੋਣਾ ਸੀ। ਇਸ ਮੌਕੇ ਦਾ ਨਜਾਇਜ਼ ਫ਼ਾਇਦਾ ਭੀਮ ਚੰਦ ਉਠਾਉਂਦਾ ਹੈ ਅਤੇ ਰਿਸ਼ਤੇਦਾਰੀ ਦੇ ਲਿਹਾਜ਼ ਕਾਰਨ ਫਤੇ ਸ਼ਾਹ ਬੇਵਸ ਹੋ ਜਾਂਦਾ ਹੈ। ਉਸ ਨੂੰ ਮਜ਼ਬੂਰਨ ਗੁਰੂ ਜੀ ਵਿਰੁੱਧ ਲੜਨਾ ਪੈਂਦਾ ਹੈ। ਇਸ ਲੜਾਈ ਵਿਚ ਗੁਰੂ ਜੀ ਦੀ ਭੂਆ ਮਾਤਾ 'ਬੀਰੋ' ਜੀ ਦੇ ਪੰਜੇ ਪੁੱਤਰ ਸੰਗੋ ਸ਼ਾਹ, ਗੁਲਾਬ ਚੰਦ, ਜੀਤ ਮੱਲ, ਗੰਗਾ ਰਾਮ ਅਤੇ ਮਾਹਰੀ ਚੰਦ ਬਹਾਦਰੀ ਨਾਲ ਲੜਦੇ ਹਨ। ਸੰਗੋ ਸ਼ਾਹ, ਤੇ ਜੀਤ ਮੱਲ ਜੀ ਇਸ ਲੜਾਈ ਵਿਚ ਸ਼ਹੀਦੀ ਪ੍ਰਾਪਤ ਕਰਦੇ ਹਨ। ਇਸੇ ਲੜਾਈ ਵਿਚ ਪੀਰ ਬੁੱਧੂ ਸ਼ਾਹ ਦੇ ਦੋ ਲੜਕੇ ਸ਼ਹੀਦ ਹੋ ਜਾਂਦੇ ਹਨ। ਜਿਵੇਂ :

ਬੁਧੂ ਸ਼ਾਹ ਆਇ ਢਿਗ ਤੋਲੌਂ ਬੋਲਯੋ ਦੀਨ ਦਯਾਲਾ ॥
ਆਗਯਾ ਪਾਇ ਰਾਉਰੀ ਆਯੋ ਮੈਲੇ ਸੈਨ ਬਿਸਾਲਾ ॥

Sri Satguru Jagjit Singh Ji eLibrary NamdhariElibrary@gmail.com

ਦਵੈ ਸੁਤ ਸਮਰ ਸ਼ਹੀਦ ਭਏ ਮਮ ਮਹਾਰਾਜ ਭ੍ਰਮ ਨਾਹੀ ॥
ਹੇਤ ਰਾਉਰੀ ਅਏ ਗਏ ਅਰ ਬਰ ਬਿਹਿਸੁ ਕੇ ਮਾਹੀ ॥

(ਪੰਨਾ—74)

ਸੰਗੋ ਸ਼ਾਹ ਅਤੇ ਜੀਤ ਮੱਲ ਦੀ ਸ਼ਹੀਦੀ ਦਾ ਹਾਲ ਇਸ ਤਰ੍ਹਾਂ ਵਰਣਨ ਹੈ :

ਸੰਗੋ ਸਾਹ ਜੀਤ ਮੱਲ ਮਰੈ ॥
ਸੁਨਤ ਸੋਕ ਮਾਤਾ ਜੀ ਕਰੇ ॥

(ਪੰਨਾ—74)

ਇਸੇ ਲੜਾਈ ਵਿਚ ਪੰਜ ਸੌ ਉਦਾਸੀ ਅਤੇ ਪੰਜ ਸੌ ਪਠਾਣ ਜਿਹੜੇ ਗੁਰੂ ਜੀ ਨੇ ਪੀਰ ਬੁਧੂ ਸ਼ਾਹ ਦੇ ਕਹਿਣ ਤੇ ਨੌਕਰ ਰਖੇ ਸਨ ਭੱਜ ਜਾਂਦੇ ਹਨ। ਭੰਗਾਣੀ ਦਾ ਯੁੱਧ ਜਿੱਤ ਕੇ ਗੁਰੂ ਜੀ ਲਾਹਾ ਤੋਟਾ ਨਗਰ ਦੀ ਰਾਣੀ ਨੂੰ ਨਿਵਾਜ਼ਦੇ ਹੋਏ ਵਾਪਸ ਅਨੰਦਪੁਰ ਆ ਜਾਂਦੇ ਹਨ। ਇਸ ਲੜਾਈ ਦਾ ਇਤਿਹਾਸਕ ਮਹੱਤਵ ਵੀ ਕਾਫ਼ੀ ਹੈ। ਇਸ ਲੜਾਈ ਦੀ ਮਿਤੀ ਬਾਰੇ ਵਿਚਾਰ ਕਰਦਿਆਂ ਲੇਖਕ ਨੇ ਲਿਖਿਆ ਹੈ :

ਸੰਮਤ ਸਤਰਹ ਸਤ ਚੌਤਾਲੀ ॥
ਕਥਾ ਪੁਨੀਤ ਜਗਤਮੈ ਚਾਲੀ ॥

(ਪੰਨਾ—78)

ਇਸ ਯੁੱਧ ਦੇ 1744 ਸੰਮਤ (1687 ਈਸਵੀ) ਵਿਚ ਹੋਇਆ। ਪਰ ਗਿਆਨੀ ਸੋਹਣ ਸਿੰਘ ਸੀਤਲ ਨੇ ਇਸ ਯੁੱਧ ਦਾ ਸਮਾਂ ਅਠਾਹਰਾਂ ਵਿਸਾਖ 1743 ਸੰਮਤ ਅਥਵਾ 1686 ਈਸਵੀ ਦੱਸਿਆ ਹੈ।[1]

8. ਪੁਸਤਕ ਦੇ ਪੂਰਬਾਰਧ ਭਾਗ ਦੇ ਅਠਵੇਂ ਅਧਿਆਇ ਵਿੱਚ ਨਾਦੌਣ ਦੇ ਯੁੱਧ ਦਾ ਵਰਣਨ ਕੀਤਾ ਗਿਆ ਹੈ। ਇਸ ਅਧਿਆਇ ਵਿਚ ਤਿੰਨ ਸਾਖੀਆਂ ਹੋਰ ਵੀ ਹਨ। ਇਸ ਅਧਿਆਇ ਦੀ ਪਹਿਲੀ ਸਾਖੀ ਵਿੱਚ ਭੀਮ ਚੰਦ ਆਪਣੇ ਮੰਤਰੀ ਤੇ ਪ੍ਰੋਹਤ ਪਰਮਾ ਨੰਦ ਦੇ ਸਮਝਾਉਣ ਤੇ ਅਨੰਦਪੁਰ ਗੁਰੂ ਜੀ ਨਾਲ ਸੰਧੀ ਕਰਨ ਲਈ ਆਉਂਦਾ ਹੈ ਪਰ ਦਿਲ ਵਿਚ ਕਪਟ ਰਖਦਾ ਹੈ। ਜਿਵੇਂ :

ਯਾਤੇ ਭਲੋ ਇਨਹਿ ਜੋ ਮਿਲਬੋ ਮੰਤ੍ ਬਹੁ ਸਮਝਾਯੋ ॥
ਕਪਟ ਹ੍ਰਿਦੈ ਧਰ ਨੀਤ ਰੀਤ ਉਰ ਭੀਮ ਭੀਮ ਨ੍ਰਿਪ ਆਯੋ ॥

(ਪੰਨਾ—79)

ਇਸ ਅਧਿਆਇ ਦੀ ਮਹੱਤਵਪੂਰਨ ਸਾਖੀ ਅਥਵਾ ਘਟਨਾ ਸਾਹਿਬਜ਼ਾਦਾ ਅਜੀਤ ਸਿੰਘ ਦਾ ਜਨਮ ਹੋਣਾ ਹੈ। ਮਾਤਾ ਸੁੰਦਰੀ ਜੀ ਦੀ ਕੁੱਖੋਂ ਸਾਹਿਬਜ਼ਾਦਾ ਅਜੀਤ ਸਿੰਘ ਦਾ ਜਨਮ 23 ਮਾਘ 1743 ਬਿ. ਨੂੰ ਹੋਇਆ। ਭੰਗਾਣੀ ਦੇ ਯੁੱਧ ਦੀ ਜਿੱਤ ਦੀ ਖੁਸ਼ੀ ਵਿਚ ਗੁਰੂ ਜੀ ਨੇ ਨਵ ਜਨਮੇ ਬਾਲਕ ਦਾ ਨਾਮ ਅਜੀਤ ਸਿੰਘ ਰੱਖਿਆ। ਇਤਿਹਾਸਕ ਦ੍ਰਿਸ਼ਟੀ ਤੋਂ ਇਸ ਸਮੇਂ ਔਰੰਗਜ਼ੇਬ ਦੱਖਣ ਦੀ ਲੰਬੀ ਮੁਹਿੰਮ ਕਾਰਨ ਆਰਥਿਕ ਪੱਖੋਂ ਬਹੁਤ ਕਮਜ਼ੋਰ ਹੋ ਚੁੱਕਾ ਸੀ। ਰਾਜਸੀ ਤੌਰ ਤੇ ਉਸ ਦਾ ਪਹਾੜੀ ਇਲਾਕੇ ਅਤੇ ਪੰਜਾਬ ਤੇ ਗਲਬਾ ਘਟ ਰਿਹਾ ਸੀ।

---

1. ਗੁਰ ਇਤਿਹਾਸ ਪਾਤਸ਼ਾਹੀ ਦਸ, ਸੋਹਣ ਸਿੰਘ ਸੀਤਲ। ਪੰਨਾ—337

Sri Satguru Jagjit Singh Ji eLibrary NamdhariElibrary@gmail.com

ਇਸ ਮੰਤਵ ਦੀ ਪੂਰਤੀ ਲਈ ਉਸ ਨੇ ਲਾਹੌਰ ਦੇ ਅਤੇ ਜੰਮੂ ਦੇ ਸੂਬੇਦਾਰ ਨੂੰ ਬਹੁਤ ਸਖ਼ਤ ਹੁਕਮ ਭੇਜੇ। ਉਸ ਸਮੇਂ ਜੰਮੂ ਦਾ ਸੂਬੇਦਾਰ ਮੀਆਂ ਖਾਂ ਸੀ। ਔਰੰਗਜ਼ੇਬ ਦਾ ਹੁਕਮ ਪਾ ਕੇ ਉਸ ਨੇ ਆਪਣੇ ਜਰਨੈਲ 'ਅਲਿਫ਼ ਖਾਂ' ਨੂੰ ਪਹਾੜੀ ਰਾਜਿਆਂ ਪਾਸੋਂ ਖ਼ਰਾਜ ਵਸੂਲ ਕਰਨ ਲਈ ਭੇਜਿਆ। ਰਾਜਾ ਕਿਰਪਾਲ, ਅਲਿਫ਼ ਖਾਂ ਦੀ ਸ਼ਰਨ ਵਿਚ ਪੁੱਜ ਗਿਆ। ਇਸ ਤੋਂ ਪ੍ਰਭਾਵਿਤ ਹੋ ਕੇ ਦਿਆਲਚੰਦ ਬਿਜੜਵਾਲ ਵੀ ਉਨ੍ਹਾਂ ਨਾਲ ਰਲ ਗਿਆ। ਸਾਰੇ ਪਾਸਿਓਂ ਤੋਂ ਮੁਸੀਬਤ ਵਿਚ ਘਿਰਿਆ ਮਹਿਸੂਸ ਕਰ ਕੇ ਭੀਮ ਚੰਦ ਨੇ ਗੁਰੂ ਜੀ ਤੋਂ ਮੱਦਦ ਮੰਗੀ। ਗੁਰੂ ਜੀ ਨੇ ਇਹ ਪ੍ਰਾਰਥਨਾ ਸਵੀਕਾਰ ਕਰ ਲਈ। ਜਦੋਂ ਗੁਰੂ ਜੀ ਲੜਾਈ ਵਿਚ ਸ਼ਾਮਲ ਹੋ ਗਏ ਤਾਂ ਪਾਸਾ ਹੀ ਪਲਟ ਗਿਆ।

ਲੇਨ ਹਿਤ ਕਰ ਜੰਮੂ ਭੇਜਯੋ ਮੀਆਂ ਖਾਨ ਪਠਾਨਾ ॥
ਅਲਫ ਖਾਂ ਨਦੌਣ ਪਠਾਯੋ ਸਭ ਰਾਜਨ ਢਿਗ ਜਾਨਾ ॥

(ਪੰਨਾ—80)

ਗਿਆਨੀ ਗਿਆਨ ਸਿੰਘ ਤਵਾਰੀਖ ਗੁਰੂ ਖਾਲਸਾ ਅਨੁਸਾਰ ਇਹ ਯੁੱਧ ਕੱਤਕ ਮਹੀਨੇ 1746 ਬਿਕ੍ਰਮੀ ਨੂੰ ਹੋਇਆ (1689 ਈ.)

9. ਨੌਵਾਂ 'ਅਧਿਆਇ' ਵਿਚ ਸਾਹਿਬਜ਼ਾਦਾ ਜੁਝਾਰ ਸਿੰਘ ਦੇ ਜਨਮ ਦੀ 'ਕਥਾ ਅਤੇ ਦਿਲਾਵਰ ਖਾਂ ਦੇ ਪੁੱਤਰ ਦਾ ਮੈਦਾਨ ਛੱਡ ਕੇ ਭੱਜਣ ਦਾ ਪ੍ਰਸੰਗ, ਦਰਜ ਹੈ। ਦਿਲਾਵਰ ਖਾਂ ਨੂੰ ਇਸ ਹਾਰ ਤੋਂ ਬਹੁਤ ਗੁੱਸਾ ਆਉਂਦਾ ਹੈ ਅਤੇ ਉਹ ਹੁਸੈਨੀ ਖਾਂ ਨੂੰ ਵੱਡੀ ਫ਼ੌਜ ਦੇ ਕੇ ਭੇਜਦਾ ਹੈ। ਇਸੇ ਅਧਿਆਇ ਵਿੱਚ ਰੁਸਤਮ ਦਿਲਾਵਰ ਖਾਂ ਦਾ ਪੁੱਤਰ ਮੈਦਾਨ 'ਚੋਂ ਹਾਰ ਕੇ ਭੱਜਦਾ ਹੈ। ਬਦਲਾ ਲੈਣ ਲਈ ਹੀ ਹੁਸੈਨ ਖ਼ਾਂ ਨੂੰ ਭੇਜਿਆ ਜਾਂਦਾ ਹੈ। ਇਸ ਲੜਾਈ ਵਿਚ ਹੁਸੈਨ ਖਾਂ ਮਾਰਿਆ ਗਿਆ। ਹੁਸੈਨ ਖਾਂ ਦੇ ਮਾਰੇ ਜਾਣ ਤੇ ਹਾਰ ਤੋਂ ਬਾਅਦ ਦਿਲਾਵਰ ਖਾਂ ਇਕ ਰਾਜਪੂਤ ਫ਼ੌਜਦਾਰ ਜੁਝਾਰ ਸਿੰਘ ਨੂੰ ਭੇਜਦਾ ਹੈ। ਇਸ ਲੜਾਈ ਵਿੱਚ ਜੁਝਾਰ ਸਿੰਘ ਤੇ ਚੰਦਨ ਰਾਇ ਦੋਵੇਂ ਮਾਰੇ ਗਏ। ਦੱਖਣ ਵਿਚ ਔਰੰਗਜ਼ੇਬ ਨੂੰ ਜਦੋਂ ਅਲਿਫ਼ ਖ਼ਾਂ ਦੀ ਹਾਰ ਦਾ ਪਤਾ ਲੱਗਾ ਤਾਂ ਉਹ ਬਹੁਤ ਗੁੱਸੇ ਵਿਚ ਆਇਆ। ਉਸ ਨੇ ਆਪਣੇ ਪੁੱਤਰ ਸ਼ਾਹਜ਼ਾਦਾ ਮੁਅੱਜ਼ਮ ਨੂੰ ਫ਼ੌਜ ਦੇ ਕੇ ਭੇਜਿਆ। ਇਹ ਸ਼ਾਹਜ਼ਾਦਾ ਬਾਅਦ ਵਿਚ ਬਹਾਦਰ ਸ਼ਾਹ ਬਣਿਆ ਸੀ। ਸ਼ਾਹਜ਼ਾਦਾ ਮੁਅੱਜਮ 1753 ਬਿਕਰਮੀ ਨੂੰ ਪੰਜਾਬ ਆਇਆ ਸੀ ਪਰ ਉਸ ਨੇ ਭਾਈ ਨੰਦ ਲਾਲ ਜੀ ਦੇ ਕਹਿਣ ਤੇ ਅਨੰਦਪੁਰ ਤੇ ਹਮਲਾ ਨਹੀਂ ਕੀਤਾ ਸਗੋਂ ਸਿੱਧਾ ਲਹੌਰ ਚਲਾ ਗਿਆ ਸੀ। ਇਸ ਅਧਿਆਇ ਵਿਚ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਦੇ ਜਨਮ ਦੀ ਕਥਾ ਵੀ ਦਰਜ ਹੈ। ਇਸ ਦੇ ਨਾਲ ਹੀ ਕਵੀ ਅੰਮ੍ਰਿਤ ਰਾਏ ਭੱਟ ਅਤੇ ਅਨੂਪ ਕੌਰ ਦਾ ਪ੍ਰਸੰਗ ਵੀ ਅੰਕਿਤ ਹੈ।

1. *ਚੇਤ ਮਾਸ ਦੀ ਸੁਦੀ ਸਤਮੀ ਮੰਗ ਮੰਗਲ ਦਿਨ ਕੋ ॥*
ਪ੍ਰਗਟਯੋ ਪੂਤ ਪਰਮ ਪ੍ਰਿਯ ਸਾਹਿਬ ਜੁਝਾਰ ਸਿੰਘ ਤਿਨ ਕੋ ॥

(ਪੰਨਾ—83)

ਸਾਹਬਜ਼ਾਦੇ ਦਾ ਜਨਮ 21 ਚੇਤ 1747 ਬਿਕਰਮੀ (1690 ਈ.) ਨੂੰ ਮਾਤਾ ਜੀਤੋ ਜੀ ਦੀ ਕੁੱਖੋਂ ਹੋਇਆ ਸੀ।

Sri Satguru Jagjit Singh Ji eLibrary NamdhariElibrary@gmail.com

ਸ੍ਰੀ ਮੁਖ ਵਾਕ-2 : ਤਬ ਲੌ ਖਾਨ ਦਿਲਾਵਰ ਆਏ ॥ ਪੂਤ ਆਪਨ ਹਮਓਰ ਪਠਾਏ ॥

....

(ਪੰਨਾ—84)

ਗਯੋ ਖ਼ਾਨਜਾਦਾ ਪਿਤਾ ਪਾਸ ਭਜੀ॥ ਸਕੋ ਜਵਾਬ ਦੈ ਨਾਇ ਸੋ ਸੂਰ ਲਜੀ ॥

(ਉਹੀ)

3. *ਭਲੀ ਭਾਂਤ ਸੋ ਸਸਤਰ ਅਸਤ੍ਰ ਝਾਰੇ ॥*
ਗਿਰੇ ਭਿਸਤ ਕੋ ਖਾਂ ਹੁਸੈਨੀ ਪਧਾਰੇ ॥

(ਪੰਨਾ—88)

ਇਹ ਯੁੱਧ 1751 ਬਿਕਰਮੀ ਦੇ ਅਖੀਰ ਵਿਚ ਹੋਇਆ

4. *ਸ੍ਰੀ ਮੁਖ ॥ ਇਹਿ ਬਿਧਿ ਸੋ ਬਧ ਭਯੋ ਜੁਝਾਰਾ ॥*
ਆਨ ਬਸੈ ਤਬ ਧਾਮਲ ਝਾਰਾ॥
ਤਬ ਔਰੰਗ ਮਨ ਮਾਹਿ ਰਿਸਾਵਾ
ਮਦ੍ ਦੇਸ ਕਹਿ ਪੂਤ ਪਠਾਵਾ ॥

(ਪੰਨਾ—90)

ਇਸੇ ਅਧਿਆਇ ਵਿੱਚ ਮਿਰਜਾ ਬੇਗ਼ ਦੀ ਚੜਾਈ ਦਾ ਹਾਲ ਵੀ ਅੰਕਿਤ ਹੈ। ਇਸ ਅਧਿਆਇ ਦੀ 42ਵੀਂ ਸਾਖੀ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਦੇ ਜਨਮ ਨਾਲ ਸੰਬੰਧਿਤ ਕਰ ਕੇ ਦਰਜ ਕੀਤੀ ਗਈ ਹੈ ਜਿਵੇਂ :

5. *ਮਾਘ ਸੁਦੀ ਪ੍ਰਤਿ ਪਤਿ ਤਿਥਿ ਪਾਈ ॥*
ਪ੍ਰਗਟੇ ਜੋਰਾਵਰ ਸਿੰਘ ਰਾਈ ॥

ਸਾਹਿਬ ਜ਼ੋਰਾਵਰ ਸਿੰਘ ਜੀ ਦਾ ਜਨਮ ਮਾਘ 1753 ਬਿਕਰਮੀ (1696 ਈਸਵੀ) ਦਾ ਹੈ। ਅੰਮ੍ਰਿਤ ਰਾਏ ਭੱਟ ਦੇ ਗੁਰੂ ਜੀ ਦੇ ਦਰਬਾਰ ਵਿਚ ਆਉਣ ਸੰਬੰਧੀ ਲਿਖਿਆ ਹੈ :

6. *ਅੰਮ੍ਰਿਤ ਰਾਏ ਸੁ ਜਸ ਸੁਨ ਆਯੋ ॥*
ਛੈਨ ਰਾਇ ਸੁਤ ਅਤਿ ਮਨ ਤਾਂਯੋ ॥

(ਪੰਨਾ—93)

ਇਸੇ ਅਧਿਆਇ ਵਿਚ ਸਾਹਿਬਜ਼ਾਦਾ ਫਤਹਿ ਸਿੰਘ ਜੀ ਦੇ ਜਨਮ ਸੰਬੰਧੀ ਵੀ ਵਿਚਾਰ ਦਰਜ ਹਨ :

7. ਫਾਗੁਨ ਸੁਦੀ ਇਕਾਦਸੀ ਭਾਰੀ ॥
ਪ੍ਰਗਟੇ ਫਤੇ ਸਿੰਘ ਅਘਹਾਰੀ ॥

(ਪੰਨਾ —74)

ਸਾਹਿਬਜ਼ਾਦਾ ਫਤਹਿ ਸਿੰਘ ਜੀ ਦਾ ਜਨਮ ਚਾਰ ਫੱਗਣ 1755 ਬਿ. ਅਰਥਾਤ ਚਾਰ ਫੱਗਣ 1698 ਈਸਵੀ ਨੂੰ ਹੋਇਆ ਸੀ।

ਇਸ ਅਧਿਆਇ ਅਥਵਾ ਪੂਰਬਾਰਧ ਦਾ ਅੰਤਿਮ ਪ੍ਰਸੰਗ ਅਨੂਪ ਕੋਰ ਹੈ। ਜਿਵੇਂ :

---

1. ਗੁਰ ਇਤਿਹਾਸ ਦਸ ਪਾਤਸ਼ਾਹੀਆਂ, ਸੋਹਨ ਸਿੰਘ ਸੀਤਲ, ਪੰਨਾ 339.

Sri Satguru Jagjit Singh Ji eLibrary NamdhariElibrary@gmail.com

ਲਖ ਗੁਰ ਰੂਪ ਅਨੂਪ ਬਿਕਾਈ ॥
ਮੰਦ ਮਨੋਰਥ ਛਲਬੇ ਲਾਗੀ ॥
ਭਈ ਨ ਚਰਣ ਕਮਲ ਅਨੁਰਾਗੀ ॥

ਪ੍ਰਚੱਲਿਤ ਕਥਾ ਅਨੁਸਾਰ ਗੁਰੂ ਜੀ ਦੇ ਸਮੇਂ ਇਕ ਅਤਿ ਸੁੰਦਰ ਔਰਤ ਅਨੂਪ ਕੌਰ ਹੋਈ ਹੈ। ਉਸ ਨੂੰ ਆਪਣੀ ਜਵਾਨੀ ਤੇ ਸੁੰਦਰਤਾ ਤੇ ਬਹੁਤ ਮਾਣ ਸੀ। ਗੁਰੂ ਜੀ ਨੂੰ ਕਹਿਣ ਲੱਗੀ ਮਹਾਰਾਜ ਮੈਨੂੰ ਆਪ ਜੀ ਵਰਗੇ ਸਰੂਪ ਵਾਲੇ ਪੁੱਤਰ ਦੀ ਇੱਛਾ ਹੈ। ਜਾਣੀਜਾਣ ਗੁਰੂ ਜੀ ਨੇ ਹੱਸ ਕੇ ਉੱਤਰ ਦਿੱਤਾ। ਮੇਰੇ ਵਰਗਾ ਤਾਂ ਮੈਂ ਹੀ ਹਾਂ ਤੁਸੀਂ ਮੈਨੂੰ ਆਪਣਾ ਪੁੱਤਰ ਮੰਨ ਲਵੋ॥ ਇਹ ਸੁਣ ਕੇ ਅਨੂਪ ਕੌਰ ਸ਼ਰਮਿੰਦੀ ਹੋ ਗਈ ਅਤੇ ਮੁਆਫ਼ੀ ਮੰਗਣ ਲੱਗੀ। ਇਸ ਤਰ੍ਹਾਂ ਪਹਿਲੇ ਭਾਗ ਦੇ ਨੌ ਅਧਿਆਵਾਂ ਨੂੰ ਕਵੀ ਨੇ ਪੂਰਬਾਰਧ ਦਾ ਨਾਮ ਦਿੱਤਾ ਹੈ।

ਬਾਬਾ ਸੁਮੇਰ ਸਿੰਘ ਮਹੰਤ ਨੇ ਇਕ ਸੁਹਿਰਦ ਸਾਹਿਤਕਾਰ ਵਾਂਗ ਆਪਣੀ ਰਚਨਾ ਦੇ ਪਹਿਲੇ ਅੱਧ ਦੇ ਅਧਾਰ ਸ੍ਰੋਤ ਦਾ ਵਰਣਨ ਕੀਤਾ ਹੈ ਜਿਵੇਂ :

ਪੂਰਬਾਰਧ ਪੂਰਨ ਯਾ ਭਯੋ ॥ ਚਰਿਤਰ ਬਿਚਿਤ੍ਰ ਜੁ ਨਾਟਕ ਕਹਯੋ ॥
ਅਤਿ ਸੰਛੇਪ ਕਥਾ ਗੁਰ ਰਾਈ ॥
ਸੁਖਾ ਸਿੰਘ ਮਨ ਕਛੁਕ ਬਢਾਈ ॥
ਸ੍ਰੀ ਸੰਤੋਖ ਸਿੰਘ ਪੁਨ ਰਚੀ ॥
ਮਣਿ ਗਣ ਗੁਨ ਗਨ ਤੇ ਅਤਿ ਖਚੀ ॥

(ਪੰਨਾ—95)

ਅਰਥਾਤ ਇਥੋਂ ਤੱਕ ਦੇ ਕਥਾ-ਪ੍ਰਸੰਗ ਦਾ ਸ੍ਰੋਤ 'ਬਚਿਤ੍ ਨਾਟਕ', ਗੁਰ ਬਿਲਾਸ-ਸੁਖਾ ਸਿੰਘ ਅਤੇ ਭਾਈ ਸੰਤੋਖ ਸਿੰਘ ਦੀਆਂ ਰਚਨਾਵਾਂ ਹਨ।

ਉਤਰਾਰਧ

1. ਇਸ ਖੰਡ ਦੇ ਪਹਿਲੇ ਅਧਿਆਇ ਵਿਚ ਲੇਖਕ ਨੇ ਮਹਾਭਾਰਤ ਦੀ ਕਥਾ ਬਾਰੇ ਦੱਸਿਆ ਹੈ। ਜਿਵੇਂ :

"ਇਕ ਦਿਨ ਭਾਰਥ ਕਥਾ ਪ੍ਰਕਾਸੀ ॥
ਭੀਮ ਸੈਨ ਬਲ ਬਰਨ ਬਿਲਾਸੀ ॥
ਜਿਹ ਕੁੰਦ੍ਰਕ ਇਵ ਗਜ ਬਗਰਾਏ ॥
ਅਬਲੌ ਭ੍ਰਮਤ ਅਕਾਸਨ ਆਏ ॥

(ਪੰਨਾ—96)

ਇਸ ਸਾਖੀ ਵਿਚ ਪੁਰਾਣ-ਕਥਾ ਅਨੁਸਾਰ ਪਾਂਡਵਾਂ ਦੇ ਜਗਯ ਕਰ ਕੇ ਸ਼ਕਤੀ ਪ੍ਰਾਪਤ ਕਰਨ ਦੀ ਕਥਾ ਨੂੰ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਦੇਵੀ ਪ੍ਰਗਟ ਕਰਨ ਦੇ ਪ੍ਰਸੰਗ ਨਾਲ ਜੋੜਿਆ ਹੈ। ਅਸਲ ਵਿਚ ਗੁਰੂ ਜੀ ਦੇਵੀ ਪੂਜ ਬਿਲਕੁਲ ਨਹੀਂ ਸਨ। ਉਨ੍ਹਾਂ ਅਨੁਸਾਰ ਕਿਸੇ ਦੇਵੀ ਦੇਵਤੇ ਦੀ ਪੂਜਾ ਵਿਵਰਜਿਤ ਹੈ। ਪਰ ਲੇਖਕ ਨੇ ਇਸ ਪ੍ਰਸੰਗ ਨੂੰ ਕਾਫ਼ੀ ਵਿਸਤਾਰ ਨਾਲ ਬਿਆਨ ਕੀਤਾ ਹੈ। ਇਸ ਬਾਰੇ ਅਸੀਂ ਪਹਿਲੇ ਸਫ਼ਿਆਂ ਵਿੱਚ ਲਿਖ ਆਏ ਹਾਂ ਕਿ ਲੇਖਕ ਤੇ ਬ੍ਰਾਹਮਣੀ ਮੱਤ ਦਾ ਪ੍ਰਭਾਵ ਜਾਪਦਾ ਹੈ। ਜਿਸ ਕਾਰਨ ਉਹ ਅਜਿਹੇ ਪ੍ਰਸੰਗ ਰੀਝ ਨਾਲ ਬਿਆਨ ਕਰਦਾ ਹੈ। ਅਸੀਂ ਇਸ ਪ੍ਰਸੰਗ ਨੂੰ ਗੁਰਮੱਤ ਦੇ ਅਨੁਕੂਲ ਨਹੀਂ ਸਮਝਦੇ ਇਸ ਲਈ

Sri Satguru Jagjit Singh Ji eLibrary NamdhariElibrary@gmail.com

ਦੌਲਤ ਰਾਏ ਦੇ ਇਨ੍ਹਾਂ ਸ਼ਬਦਾਂ ਨਾਲ ਇਸ ਬਹਿਸ ਨੂੰ ਬੰਦ ਕਰਦੇ ਹਾਂ :

> *"..... ਗੁਰੂ ਜੀ ਦੀ ਵਿਚਾਰਧਾਰਾ ਦੇ ਤਾਂ ਇਹ ਉਕਾ ਹੀ ਉਲਟ ਸੀ ਤੇ ਆਸ ਨਹੀਂ ਕੀਤੀ ਜਾ ਸਕਦੀ ਕਿ ਉਨ੍ਹਾਂ ਦਾ ਅਜਿਹਾ ਵਿਚਾਰ ਜਾਂ ਵਿਸ਼ਵਾਸ ਸੀ— ।"*[1]

2. ਉਤਰਾਰਧ ਦੇ ਦੂਜੇ ਅਧਿਆਇ ਵਿਚ ਮਸੰਦਾਂ ਨੂੰ ਸੋਧਣ ਨਾਲ ਸੰਬੰਧਿਤ ਸਾਖੀਆਂ ਦਾ ਵਰਣਨ ਹੈ। ਮਸੰਦਾਂ ਦਾ ਸਿਲਸਲਾ ਗੁਰੂ ਰਾਮ ਦਾਸ ਜੀ ਦੇ ਸਮੇਂ ਤੋਂ ਅਰੰਭ ਹੋਇਆ ਸੀ। ਗੁਰੂ ਜੀ ਨੇ ਕੁਝ ਚੰਗੇ ਆਚਰਣ ਤੇ ਨਾਮ ਸਿਮਰਨ ਵਾਲੇ ਸਿੱਖਾਂ ਨੂੰ ਸਿੱਖੀ ਪ੍ਰਚਾਰ ਅਤੇ ਗੁਰੂ-ਕਾਰ ਇਕੱਠੀ ਕਰਨ ਲਈ ਥਾਪਿਆ ਸੀ। ਹੌਲੀ-ਹੌਲੀ ਇਹ ਮਸੰਦ ਆਚਰਣਹੀਨ ਅਤੇ ਲਾਲਚੀ ਵੀ ਹੋ ਗਏ। ਇਹ ਗੁਰੂ-ਘਰ ਲਈ ਭੇਜੀਆਂ ਵਸਤਾਂ ਘਰ ਹੀ ਰੱਖ ਲੈਂਦੇ ਅਤੇ ਕਈ ਵਾਰੀ ਗਰੀਬ ਸਿੱਖਾਂ ਨੂੰ ਕਈ ਪ੍ਰਕਾਰ ਦੀਆਂ ਧਮਕੀਆਂ ਨਾਲ ਤੰਗ ਵੀ ਕਰਦੇ ਸਨ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਮਸੰਦਾਂ ਦੇ ਕੁਕਰਮਾਂ ਦਾ ਪਤਾ ਲੱਗਾ ਤਾਂ ਆਪਣੇ ਬਹੁਤ ਸਾਰੇ ਹੰਕਾਰੀ ਤੇ ਬੇਈਮਾਨ ਮਸੰਦਾਂ ਨੂੰ ਮੌਤ ਦੀ ਸਜ਼ਾ ਦਿੱਤੀ ਅਤੇ ਅੱਗੋਂ ਵਾਸਤੇ ਮਸੰਦ ਪ੍ਰਥਾ ਬੰਦ ਕਰ ਦਿੱਤੀ। ਇਸ ਅਧਿਆਇ ਵਿਚ ਚੇਤੂ ਮਸੰਦ ਦੇ ਮਾਰਨ ਅਤੇ ਚੈਆਂ ਮੈਯਾਂ ਮਸੰਦ ਦੇ ਬਧ ਕਰਨ ਦੇ ਪ੍ਰਸੰਗ ਦਰਜ ਹਨ। ਇਸ ਵਿੱਚ ਹੀ ਸੰਗਤ ਸਾਹਿਬ ਫੇਰੂ ਦਾ ਪ੍ਰਸੰਗ ਦਰਜ ਹੈ ਜਿਹੜਾ ਇਮਾਨਦਾਰ ਤੇ ਸੰਗਤਾਂ ਦਾ ਸੇਵਾਦਾਰ ਮਸੰਦ ਸੀ। ਨੰਦ ਚੰਦ ਮਸੰਦ ਦੇ ਗੁਰੂ-ਘਰ ਤੋਂ ਭੱਜ ਕੇ ਕਰਤਾਰਪੁਰ ਧੀਰਮੱਲੀਆਂ ਕੋਲ ਚਲੇ ਜਾਣ ਅਤੇ ਮਾਰੇ ਜਾਣ ਦਾ ਪ੍ਰਸੰਗ ਵੀ ਅੰਕਿਤ ਹੈ :

1. *ਸਭ ਮਿਲ ਚੇਤੋ ਕੇ ਢਿਗ ਆਏ ॥*
   ਭਾਈ ਚੇਤੋ ਜੀ ਏ ਸੋਢੀ ਬੜੇ ਜੋਰ ਮੈਂ ਆਏ ॥
   ਜਾਨਤ ਪਿਤਾ ਗੁਰੂ ਹੋ ਹਮਰੈ ਮੈ ਹੀ ਗੁਰ ਨਹਿ ਕੋਈਂ ॥
   ਗੁਰੂ ਹਮਾਰੇ ਖੀਸੈ ਭੀਤਰ ਚਾਹਹਿ ਕਰਹਿ ਸੁ ਹੋਈ ॥

   (ਪੰਨਾ—117)

2. *ਤਾ ਦਿਨ ਤੇ ਸ੍ਰੀ ਗੁਰ ਕੀਓ ਮਹਾਂ ਮਸੰਦਨ ਤਿਯਾਗੀ ॥*
   ਸਿੱਖਨ ਕੋ ਸੰਕਟ ਕਟਯੋ ਕੰਟਕ ਕਟਕ ਨਿਖਾਗੀ ॥

   (ਪੰਨਾ—120)

3. *ਅਕਲ ਅਦਾਲਤ ਗੁਰੁ ਕਰੀ ਅਪਨੇ ਘਰ ਕੀ ਆਪ ॥*
   ਮਾਨ ਮਸੰਦਨ ਕੋ ਮਰਦ ਮੇਯਉ ਕਰਯੋ ਸੁ ਅਮਾਪ ॥

ਜਿਥੇ ਚੇਤੂ ਮਸੰਦ ਅਤੇ ਚੈਆਂ ਮੈਯਾਂ ਮਸੰਦ ਨੂੰ ਸੋਧਿਆ ਉਥੇ ਫੇਰੂ ਜੀ ਵਰਗੇ ਨਿਰਮਾਣ-ਸੇਵਕ ਨੂੰ ਸੀਨੇ ਨਾਲ ਵੀ ਲਾਇਆ ਅਤੇ ਫੇਰੂ ਜੀ ਦੇ ਕਹਿਣ ਤੇ ਸ਼ਰਧਾਲੂ ਤੇ ਇਮਾਨਦਾਰ ਮਸੰਦਾਂ ਦੀ ਜਾਨ ਬਖਸ਼ੀ ਕੀਤੀ ਪਰ ਅੱਗੋਂ ਤੋਂ ਮਸੰਦ ਪ੍ਰਥਾ ਖ਼ਤਮ ਕਰ ਕੇ ਗੁਰੂ ਜੀ ਨੇ ਸਿੱਖਾਂ ਨੂੰ ਖ਼ਾਲਸਾ (ਆਪਣੇ ਨਾਲ ਸਿਧਾ ਜੋੜ ਲਿਆ) ਕਰ ਲਿਆ। ਖਾਲਸਾ ਦਾ ਭਾਵ ਅਰਥ ਸਿੱਧਾ ਸਬੰਧ ਹੋਣਾ ਹੈ।

3. ਉਤਰਾਰਧ ਦੇ ਤੀਸਰੇ ਅਧਿਆਇ ਵਿੱਚ ਲੇਖਕ ਨੇ ਗੁਰੂ ਜੀ ਦੁਆਰਾ ਖ਼ਾਲਸਾ ਪੰਥ

---

1. *ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ*, ਦੌਲਤ ਰਾਏ, 8ਵੀਂ ਵਾਰ, 1988, ਪੰਨਾ 153.

Sri Satguru Jagjit Singh Ji eLibrary NamdhariElibrary@gmail.com

ਦੀ ਸਾਜਨਾ ਕਰਨ ਦੇ ਪ੍ਰਸੰਗ ਨੂੰ ਬਿਆਨ ਕੀਤਾ ਹੈ। 1699 ਈਸਵੀ ਦੇ ਵਿਸਾਖੀ ਦੇ ਮੇਲੇ ਤੇ ਦੂਰੋਂ-ਦੂਰੋਂ ਸਿੱਖ ਸੰਗਤਾਂ ਆਨੰਦਪੁਰ ਸਾਹਿਬ ਪੁੱਜੀਆਂ ਹੋਈਆਂ ਸਨ। ਭਰੇ ਦੀਵਾਨ ਵਿੱਚ ਗੁਰੂ ਜੀ ਨੇ ਚਮਕਦੀ ਤਲਵਾਰ ਹੱਥ ਲੈ ਕੇ ਇੱਕ ਸਿੱਖ ਦੇ ਸਿਰ ਦੀ ਮੰਗ ਕੀਤੀ। ਇਹ ਪੰਜਾਂ ਪਿਆਰਿਆਂ ਦੇ ਇਮਤਿਹਾਨ ਦੀ ਘੜੀ ਸੀ। ਇਸ ਪ੍ਰੀਖਿਆ ਵਿੱਚੋਂ ਪੰਜ ਸਿਦਕਵਾਨ ਸੂਰੇ ਸਿੱਖ ਭਾਈ ਦਯਾ ਸਿੰਘ, ਭਾਈ ਸਾਹਿਬ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ ਅਤੇ ਭਾਈ ਧਰਮ ਸਿੰਘ ਪਾਸ ਹੋਏ। ਇਹ ਪ੍ਰੀਖਿਆ ਸਿੱਖਾਂ ਦੀ ਸੀ। ਗੁਰੂ ਜੀ ਦੀ ਨਹੀਂ ਸੀ। 30 ਮਾਰਚ 1699 ਨੂੰ ਗੁਰੂ ਜੀ ਨੇ ਪਹਿਲਾਂ ਇਨ੍ਹਾਂ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਅਤੇ ਫਿਰ ਇਨ੍ਹਾਂ ਤੋਂ ਆਪ ਛਕਿਆ ਅਤੇ ਕਿਹਾ :

ਸਭਹਨ ਮੱਧ ਕਹੀ ਪ੍ਰਭ ਬਾਨੀ ॥
ਏਹ ਪਾਂਚਹੁ ਮਮ ਪ੍ਰਿਅ ਗੁਨ ਖਾਨੀ ॥
ਇਨ ਕੀ ਸਮਤਾ ਨਾਹਿ ਕਰਨੀ ॥
ਗੁਰੂ ਖਾਲਸਾ ਰੂਪ ਬਿਚਰਨੀ ॥"

(ਪੰਨਾ—132)

ਪੰਜ ਪਿਆਰੇ

1. *ਤਬਲੌ ਦਯਾ ਰਾਮ ਸੋ ਬਿਚਾਰੀ*
   ਰਹਤੈਯਾ ਲਾਹੌਰ ਕੋ ਖੱਤ੍ਰੀ ਜਾਤ ਸੋਫਤ ਭਾਰੀ ॥
2. *ਧਰਮਦਾਸ ਨਿਜ ਧਰਮ ਬਿਚਾਰਯੋ ॥*
   ਹਸਤਨਾਪੁਰ ਕੋ ਮੇਰੋ ਜਾਤ ਜਾਟ ਅਤਿ ਪ੍ਰੇਮੀ ॥
3. *ਮੁਹਕਮ ਮੁਹਕਮ ਭਯੋ ਅਗਾਰੀ ॥*
   ਮਹਾਰਾਜ ਮੇਰੋ ਸਿਰ ਲੀਜੈ ਕੀਚੈ ਕਾਜ ਬਿਚਾਰੀ ॥
4. *ਸਾਹਿਬਦਾਸ ਹੁਤੋ ਢਿਗ ਨਾਈ ਗੁਰ ਸਿਖੀ ਉਰ ਆਈ ॥*
5. *ਹਿੰਮਤ ਹਿੰਮਤ ਕਰਤ ਤਬ ਬੋਲਯੋ ॥*
   ਬਾਸੀ ਜਗਨਨਾਥ ਕੋ ਝੀਵਰ ਜਾਤ ਸਿਸਯ ਬਲ ਤੋਲਯੋ ॥

ਇਸ ਤਰ੍ਹਾਂ ਜਾਤ-ਪਾਤ ਖ਼ਤਮ ਕਰ ਕੇ ਗੁਰੂ ਜੀ ਨੇ ਖਾਲਸੇ ਦੀ ਸਾਜਨਾ ਕੀਤੀ।

ਅਧਿਆਇ ਚੌਥਾ : ਇਸ ਅਧਿਆਇ ਵਿਚ ਪੰਜ ਸਾਖੀਆਂ ਅੰਕਿਤ ਹਨ। ਪਹਿਲੀ ਸਾਖੀ ਵਿੱਚ ਸ਼ੇਰ ਅਤੇ ਖੋਤੇ ਦੀ ਤੁਲਨਾ ਨਾਲ ਇਕ ਦ੍ਰਿਸ਼ਟਾਂਤ ਦੇ ਕੇ ਰਹੱਸਮਈ ਗੱਲ ਸਮਝਾਈ ਗਈ ਹੈ। ਦੂਸਰੀ ਵਿੱਚ ਗੁਰੂ ਜੀ ਨਾਲ ਭਾਈ ਨੰਦ ਲਾਲ ਜੀ ਦਾ ਮਿਲਾਪ ਕਰਵਾਇਆ ਹੈ। ਤੀਸਰੀ ਵਿੱਚ ਲੰਗਰ ਦੀ ਪ੍ਰੀਖਿਆ ਬਾਰੇ ਹਾਲ ਵਰਨਣ ਹੈ ਅਤੇ ਭਾਈ ਨੰਦ ਲਾਲ ਦੇ ਲੰਗਰ ਨੂੰ ਉਤਮ ਦੱਸਿਆ ਹੈ। ਚੌਥੀ ਸਾਖੀ ਵਿੱਚ ਹੋਲੇ ਮਹੱਲੇ ਦੇ ਤਿਉਹਾਰ ਦਾ ਦ੍ਰਿਸ਼ ਵਰਨਣ ਹੈ ਅਤੇ ਪੰਜਵੀਂ ਵਿੱਚ ਦੀਵਾਨ ਗੋਯਾ ਦਾ ਪ੍ਰਸੰਗ ਦਰਜ ਹੈ :

ਖਤਰੀ ਏਕ ਆਗਰੇ ਰਹੀ ਭਲੋ ਰਹੀਸ ਕਹਾਵੈ ॥
ਨੰਦ ਲਾਲ ਤਾਕੇ ਸੁਤ ਜਨਮਯੋ ਨੰਦ ਲਾਲ ਗੁਨਗਾਵੈ ॥

....

(ਪੰਨਾ 134)

Sri Satguru Jagjit Singh Ji eLibrary NamdhariElibrary@gmail.com

ਨੰਦ ਲਾਲ ਸ੍ਰੀ ਸਤਗੁਰ ਪ੍ਰੇਮੀ ॥
ਸਭ ਤੇ ਅਧਿਕ ਕ੍ਰਿਪਾ ਸਤਿਗੁਰ ਕੀ ਜਾ ਪਰ ਪ੍ਰਗਟੀ ਨੇਮੀ ॥

(ਪੰਨਾ 136)

ਹੋਲੀ ਦਾ ਪ੍ਰਸੰਗ ਵੀ ਦਿੱਤਾ ਹੈ ਜਿਹੜਾ ਕਿ ਗੁਰਮੱਤ ਨਾਲ ਮੇਲ ਨਹੀਂ ਖਾਂਦਾ। ਲੇਖਕ ਨੇ ਕਈ ਪ੍ਰਸੰਗ ਪੌਰਾਨ-ਕਥਾਵਾਂ ਦੇ ਆਧਾਰ ਤੇ ਹੀ ਗੁਰੂ ਜੀ ਦੇ ਜੀਵਨ ਨਾਲ ਜੋੜ ਦਿੱਤੇ ਹਨ।

ਇਸ ਅਧਿਆਇ ਦੀ ਅੰਤਲੀ ਸਾਖੀ ਨੰਦ ਲਾਲ ਗੋਯਾ ਜੀ ਨਾਲ ਸੰਬੰਧਿਤ ਹੈ ਜਿਸ ਵਿੱਚ ਭਾਈ ਸਾਹਿਬ ਨੇ ਗੁਰੂ ਜੀ ਤੋਂ ਪੁੱਛ ਕੇ ਰਹਤ ਮਰਯਾਦਾ ਦੀ ਰਚਨਾ ਕੀਤੀ ਜਿਵੇਂ :

ਕਬਹੁਕ ਔਸਰ ਪਾਇ ਕੈ ਪੂਛੀ ਪ੍ਰੇਮ ਪਸਾਰ ॥
ਸਿੰਘਨ ਕੀ ਮਰਜਾਦਾ ਪ੍ਰਭ ਹੈ ਕੈਸੀ ਕਰਤਾਰ ॥

....

ਤਾਂ ਤੇ ਟੀਕਾ ਤਾਸ ਕੀ ਕੀਨੀ ਅਤਿ ਮਤਿ ਧੀਰ ॥

(ਪੰਨਾ—147)

5. ਪੰਜਵੇਂ ਅਧਿਆਇ ਵਿੱਚ ਲੇਖਕ ਨੇ ਰਹਤ-ਮਰਯਾਦਾ ਬਾਰੇ ਹੀ ਵਿਚਾਰ ਅੰਕਿਤ ਕੀਤੇ ਹਨ ਜਨੇਊ, ਮੁੰਡਨ ਆਦਿ ਰੀਤਾਂ ਬਾਰੇ ਵਿਚਾਰ ਹੈ। ਭਾਈ ਦਯਾ ਸਿੰਘ ਦੁਆਰਾ ਰਹਿਤ-ਮਰਯਾਦਾ ਦਾ ਵਰਨਣ ਹੈ : ਜਿਵੇਂ :

ਆਦਿ ਪੰਥ ਕੇ ਦਯਾ ਸਿੰਘ ਕਰੀ ਰੀਤ ਨਿਰਧਾਰ ॥
ਮਾਨਨੀਯ ਸਭ ਪੰਥ ਕੋ ਭਈ ਭਬਯ ਸੁਖ ਕਾਰ ॥

(ਪੰਨਾ—143)

6. ਛੇਵੇਂ ਅਧਿਆਇ ਵਿੱਚ ਬਹਿਲੋ ਵੰਸ਼ੀ ਭਾਈ ਗੁਰਦਾਸ ਜੋ ਕਿ ਰਾਮ ਰਾਇ ਦਾ ਸੇਵਕ ਸੀ, ਦਾ ਪ੍ਰਸੰਗ ਅੰਕਿਤ ਹੈ। ਰਾਮ ਰਾਇ ਦੀ ਮੋਤ ਉਪਰੰਤ ਇਹ ਗੁਰੂ ਜੀ ਕੋਲ ਹੀ ਰਿਹਾ। ਦੂਸਰੀ ਸਾਖੀ ਵਿਚ ਅਨੰਦਪੁਰ ਦੇ ਨੇੜੇ ਬਜਰੂੜ ਦੇ ਰੰਗੜਾਂ ਨੂੰ ਸਜ਼ਾ ਦੇਣ ਦਾ ਪ੍ਰਸੰਗ ਦਰਜ ਹੈ। ਇਹ ਰੰਗੜ ਸਿੱਖ ਸੰਗਤ ਨੂੰ ਲੁੱਟ ਲੈਂਦੇ ਸਨ। ਗੁਰੂ ਜੀ ਨੇ ਇਨ੍ਹਾਂ ਨੂੰ ਪੂਰੀ ਸਜ਼ਾ ਦਿੱਤੀ। ਅਗਲੀ ਸਾਖੀ ਵਿਚ ਹੋਲੇ ਮਹੱਲੇ ਦੇ ਤਿਉਹਾਰ ਦਾ ਵਰਣਨ ਹੈ। ਇਸ ਤੋਂ ਬਾਅਦ ਗ੍ਰਹਿ ਮਹਾਤਮ ਦਰਜ ਹੈ ਇਹ ਵੀ ਗੁਰਮੱਤ ਨਾਲ ਮੇਲ ਨਹੀਂ ਖਾਂਦਾ। ਇਸ ਦਾ ਆਧਾਰ ਵੀ ਕੋਈ ਪੁਰਾਣ-ਕਥਾ ਜਾਪਦੀ ਹੈ।

ਇਸ ਅਧਿਆਇ ਵਿੱਚ ਰਾਮ ਕੁਇਰ ਜੀ ਦੇ ਅੰਮ੍ਰਿਤ ਛਕਣ ਦਾ ਪ੍ਰਸੰਗ ਵੀ ਅੰਕਿਤ ਹੈ। ਗੁਰੂ ਜੀ ਨੇ ਰਾਮ ਕੁਇਰ ਜੀ ਨੂੰ (ਬਾਬਾ ਬੁੱਢਾ ਜੀ ਦੇ ਵੰਸ਼ ਵਿਚੋਂ ਬਾਬਾ ਗੁਰਦਿੱਤਾ ਜੀ ਦੇ ਪੁੱਤਰ) ਅੰਮ੍ਰਿਤ ਦੀ ਦਾਤ ਦੇ ਕੇ ਗੁਰਬਖ਼ਸ਼ ਸਿੰਘ ਨਾਮ ਦਿੱਤਾ। ਜਿਵੇਂ :

ਹੋਹਿ ਬੁਢਾ ਬੁਢਿਆ ਅਰਥ ਕਾਹੂੰ ਨ ਸੂਝ ॥
ਆਪਨੇ ਅਨਮਾਨ ਮਾਫਿਕ ਸਭਨ ਲੀਨੋ ਬੂਝ ॥
ਢਾਲ ਕਰਦ ਕਟਾਰ ਬਖਸ਼ੀ ਹਰਖ ਅਤਿ ਹੀ ਕੀਨ ॥
ਨਾਮ ਸ੍ਰੀ ਗੁਰਬਖ਼ਸ਼ ਸਿੰਘ ਸੁਨਾਇਆ ਸਿਖਦੀਨ ॥

(ਪੰਨਾ—148)

Sri Satguru Jagjit Singh Ji eLibrary NamdhariElibrary@gmail.com

ਇਸ ਅਧਿਆਇ ਵਿਚ ਕਨੈਤਾਂ ਦੀ ਕਥਾ, ਕੇਸ਼ੋ ਦਾਸ ਦਾ ਭਵਿੱਖ ਆਦਿ-ਕਥਾਵਾਂ ਗੁਰਮੱਤ ਦੇ ਸਿਧਾਂਤ ਨਾਲ ਮੇਲ ਨਹੀਂ ਖਾਂਦੀਆਂ। ਇਹ ਕਵੀ ਦੇ ਆਪਣੇ ਮਨੋਭਾਵਾਂ ਜਾਂ ਪਰੰਪਰਾ ਦੇ ਪ੍ਰਭਾਵ ਦੀ ਉਪਜ ਹਨ।

ਇਸ ਅਧਿਆਇ ਵਿਚ ਲੰਗਰ ਦੇ ਮਹਾਤਮ ਦੀ ਸਾਖੀ ਅਤੇ ਕਾਲ ਪੈਣ ਤੇ ਗੁਰੂ ਜੀ ਵੱਲੋਂ ਲੰਗਰ ਚਲਾਉਣ ਦੀਆਂ ਸਾਖੀਆਂ ਬੜੀਆਂ ਮਹੱਤਵਪੂਰਨ ਸਾਖੀਆਂ ਹਨ। ਇਨ੍ਹਾਂ ਦੇ ਨਾਲ ਹੀ ਦਿਖਾਵੇ ਦੇ ਕੀਰਤਨੀਏ ਸਿੱਖਾਂ ਦੇ ਪਾਖੰਡ ਦਾ ਪਾਜ ਖੋਲ੍ਹਣ ਦਾ ਪ੍ਰਸੰਗ ਵੀ ਮਹੱਤਵਪੂਰਨ ਹੈ। ਗੁਰੂ ਜੀ ਸਭ ਪ੍ਰਕਾਰ ਦੇ ਵਹਿਮਾਂ ਭਰਮਾਂ, ਅੰਧ-ਵਿਸ਼ਵਾਸਾਂ ਤੇ ਸੁਆਰਥ ਤੋਂ ਖਾਲਸਾ ਪੰਥ ਨੂੰ ਮੁਕਤ ਕਰਨਾ ਚਾਹੁੰਦੇ ਸਨ। ਸਿੱਖ ਧਰਮ ਦੀ ਮੁਢਲੀ ਬੁਨਿਆਦ ਸੰਗਤ ਅਤੇ ਪੰਗਤ ਦੇ ਅਰਥਾਂ ਨੂੰ ਦ੍ਰਿੜ੍ਹ ਕਰਵਾਉਣਾ ਚਾਹੁੰਦੇ ਸਨ। ਇਸ ਮੰਤਵ ਦੀ ਪੂਰਤੀ ਲਈ ਉਨ੍ਹਾਂ ਨੇ ਆਪਣੇ ਨਿੱਜੀ ਪਰਵਾਰ ਨੂੰ ਵੀ ਨਹੀਂ ਬਖਸ਼ਿਆ। ਜਦੋਂ ਕਾਲ ਪੈਣ ਦੇ ਸਮੇਂ ਮਾਤਾ ਗੁਜਰੀ ਜੀ ਨੇ ਲੰਗਰ ਦੀ ਰਸਦ ਘਟਾਉਣ ਦੇ ਆਦੇਸ਼ ਦਿੱਤੇ ਤਾਂ ਗੁਰੂ ਜੀ ਕ੍ਰੋਧ ਵਿਚ ਆ ਗਏ ਅਤੇ ਮਾਤਾ ਜੀ ਨੂੰ ਸਖ਼ਤ ਸ਼ਬਦ ਕਹੇ ਜਿਨ੍ਹਾਂ ਨੂੰ ਲੇਖਕ ਨੇ ਸਰਾਪ ਕਹਿਆ ਹੈ, ਜਿਵੇਂ :

ਕਬਹੂ ਪਰਯੋ ਕਾਲ ਬਿਕਰਾਲਾ ॥ ਭਯੋ ਅੰਨ ਅਤਿ ਅਲਭ ਰਸਾਲਾ ॥
ਸ੍ਰੀ ਸਤਗੁਰੁ ਗੋਬਿੰਦ ਸਿੰਘ ਸਵਾਮੀ ॥ ਭੋਜਨ ਦਿਓ ਸਭਨ ਹਿਤ ਨਾਮੀ ॥
ਕਈ ਸਹੰਸਰ ਕਰਹਿ ਨਿਤ ਭੋਜਨ ॥ ਭਯੋ ਅਧਿਕ ਅਧਿਕ ਨਾਹ ਪ੍ਰਯੋਜਨ ॥
ਤਬ ਮਾਤਾ ਲੰਗਰ ਘਟਵਾਯੋ ॥ ਸਿੱਖਨ ਸਭ ਹੀ ਗੁਰਹਿ ਸੁਨਾਯੋ ॥
ਗੁਰਬਰ ਸੁਨਤਕੋਪ ਅਤਿ ਕੀਓ ॥ ਮਾਤਾ ਗੁਜਰੀ ਉਜਰੀ ਕੀਓ ॥

ਅਤੇ ਜਦੋਂ ਮੁੜ ਲੰਗਰ ਪੂਰਾ ਚਾਲੂ ਹੋ ਗਿਆ ਤਾਂ ਗੁਰੂ ਜੀ ਸ਼ਾਂਤ ਹੋਏ। ਜਿਵੇਂ :

ਸੁਨ ਬਿਹਸੇ ਮਾਤਾ ਪਗ ਪਰੇ ॥ ਮਾਤ ਪਿਤਾ ਭੁਕਿਤ ਹਮ ਕਰੈ ॥

....

ਲੰਗਰ ਚਲਹਿ ਸਰਾਪ ਨਹੀ ਲਾਗੈ ॥ ਨਿਤ ਕੀਰਤ ਬਿਸਤੀਰਤ ਜਾਗਹਿ ॥

ਇਸ ਤਰ੍ਹਾਂ ਇਸ ਅਧਿਆਇ ਦੇ ਪ੍ਰਸੰਗ ਗੁਰੂ ਜੀ ਦੇ ਦ੍ਰਿੜ੍ਹ-ਨਿਸਚੇ ਅਤੇ ਪ੍ਰਭੂ-ਵਿਸ਼ਵਾਸ ਨੂੰ ਦਰਸਾਉਂਦੇ ਹਨ।

7. ਉਤਰਾਰਧ ਦੇ ਸਤਵੇਂ ਅਧਿਆਇ ਵਿਚ—ਸ਼ਹੀਦਾਂ ਦੀ ਕਥਾ—ਸੁਨਿਆਰੇ ਦੇ ਸੋਨਾ ਚੁਰਾਉਣ ਦੀ ਕਥਾ, 'ਅਨੰਦ ਭਇਆ ਮੇਰੀ ਮਾਇ' ਤੁਕ ਦੀ ਸਾਖੀ ਅਤੇ ਕਬੀਰ ਦੀ ਕਥਾ ਅੰਕਿਤ ਹੈ। ਇਸ ਤੋਂ ਬਿਨਾ ਭੀਮ ਚੰਦ ਦੁਆਰਾ ਮੁੜ ਪਰਮਾਨੰਦ ਵਜ਼ੀਰ ਨੂੰ ਭੇਜਣ ਦਾ ਪ੍ਰਸੰਗ ਵੀ ਹੈ। ਇੱਕ ਮਿਰਤਕ ਦੇਹ ਦਾ ਨਾਟਕ ਪ੍ਰਸੰਗ ਵੀ ਅੰਕਿਤ ਹੈ। ਇਸ ਦੇ ਨਾਲ ਹੀ ਨੰਦ ਸਿੰਘ ਦੀ ਕਥਾ, ਲਹੌਰਾ ਸਿੰਘ ਪ੍ਰਤੀ ਮੁਕਤਨਾਮਾ ਅਤੇ ਕੱਚੀ ਬਾਣੀ ਦਾ ਵਿਚਾਰ ਸਾਖੀਆਂ ਦਰਜ ਹਨ। ਇਸ ਵਿੱਚ ਇਤਿਹਾਸਕ ਪੱਖੋਂ ਕੇਵਲ ਭੀਮ ਚੰਦ ਦੇ ਵਜ਼ੀਰ ਪਰਮਾਨੰਦ ਦੇ ਅਨੰਦਪੁਰ ਆਉਣ ਦੀ ਸਾਖੀ ਮਹੱਤਵਪੂਰਨ ਹਨ। ਸ਼ਹੀਦਾਂ ਦੀ ਕਥਾ, ਕਬੀਰ ਦੀ ਕਥਾ, ਸੁਨਿਆਰ ਦੀ ਕਥਾ, ਮਿਰਤਕ ਦੇਹ ਦਾ ਨਾਟਕ ਕਰਨ ਦੀ ਕਥਾ ਸਭ ਅਣਇਤਿਹਾਸਕ ਕਿਸਮ ਦੀਆਂ ਸਾਖੀਆਂ ਹਨ। ਇਨ੍ਹਾਂ ਵਿਚੋਂ ਅਨੰਦ ਦੀ ਪਉੜੀ ਦੇ ਅਰਥਾਂ ਵਾਲੀ ਸਾਖੀ ਮਹੱਤਵਪੂਰਨ ਹੈ। ਇਸ ਵਿਚ ਗੁਰੂ ਜੀ ਗੁਰਮੁਖੀ ਅੱਖਰਾਂ ਦੇ ਪੜ੍ਹਨ ਦੀ ਪ੍ਰੇਰਨਾ ਦੇਂਦੇ ਹਨ। ਜਿਵੇਂ :

ਪਠਹੁ ਗੁਰਮੁਖੀ ਅਖਯਰ ਆਗਯਾ ਸ੍ਰੀ ਮੁਖ ਸਤਗੁਰ ਗਾਈ ॥

Sri Satguru Jagjit Singh Ji eLibrary NamdhariElibrary@gmail.com

ਗ੍ਰੰਥੀ ਕੋ ਸੋਪਯੋ ਤਿਨ ਤਾਕੋ ਪੈ ਤਿਸ ਖਰੀ ਪਢਾਈ ॥

2. *ਭੀਮ ਚੰਦ ਉਰ ਅਤਿ ਅਕੁਲਾਯੋ ॥*
ਸ੍ਰੀ ਸਤਗੁਰੁ ਕੇ ਤੇਜ ਤ੍ਰਸਾਯੋ ॥
ਪੰਮਾ ਪਰਮਾਨੰਦ ਸੁ ਮੰਤ੍ਰੀ ॥
ਪਠਯੋ ਪਤਿਤ ਪਾਵਨ ਢਿਗ ਤੰਤ੍ਰੀ ॥

ਇਸ ਤਰ੍ਹਾਂ, ਇਸ ਅਧਿਆਇ ਵਿੱਚ ਲਾਹੌਰਾ ਸਿੰਘ ਪ੍ਰਤਿ ਮੁਕਤਨਾਮਾ ਵੀ ਦਰਜ਼ ਹੈ। ਕੱਚੀ ਬਾਣੀ ਤੇ ਸੱਚੀ ਬਾਣੀ ਦੇ ਅੰਤਰ ਨਿਖੇੜ ਦੀ ਕਥਾ ਵੀ ਦਰਜ਼ ਹੈ। ਇਸ ਸਾਖੀ ਵਿਚ ਬਵੰਜਾ ਕਵੀਆਂ ਦਾ ਜ਼ਿਕਰ ਵੀ ਹੈ :

ਜਾਹਿ ਪਢਤ ਉਰ ਪ੍ਰੀਤ ਬਢਤ ਸੋ ਬਾਨ ਤਜਨ ਨ ਜੋਗ ॥
ਗੁਰੁ ਜਸ ਬਿਨ ਸੋ ਕਾਚੀ ਬਾਨੀ ਜਾਮੈ ਕਾਮ ਸੰਯੋਗ ॥

....

ਹਮਹੁ ਮਹਾ ਭਾਰਥ ਬਨਵਾਯੋ ਬਾਵਨ ਕਬਿ ਜਨ ਰਾਖ ॥
ਬਿਦਯ ਸਾਗਰ ਨਾਮ ਗ੍ਰੰਥ ਕੋ ਸਿੰਘ ਹਿਤ ਸੁਚਿ ਸਾਖ ॥

ਇਸ ਤਰ੍ਹਾਂ ਇਸ ਅਧਿਆਇ ਵਿਚ ਲੇਖਕ ਨੇ ਗੁਰੂ ਜੀ ਦੁਆਰਾ ਰਚੇ ਰਚਾਏ ਜਾਣ ਵਾਲੇ ਸਾਹਿਤ ਬਾਰੇ ਵੀ ਸੰਖਿਪ ਰੂਪ ਵਿੱਚ ਸੰਕੇਤਕ ਜਾਣਕਾਰੀ ਦਿੱਤੀ ਹੈ।

8. ਅੱਠਵੇਂ ਅਧਿਆਇ ਵਿੱਚ ਅਨੰਦਪੁਰ ਦੀਆਂ ਮੁੱਢਲੀਆਂ ਲੜਾਈਆਂ ਦਾ ਹਾਲ ਵਰਨਣ ਹੈ। ਵਿਸ਼ੇਸ਼ ਕਰ ਕੇ ਬਲੀਆ ਚੰਦ ਅਤੇ ਆਲਮ ਚੰਦ ਦੀ ਲੜਾਈ ਦਾ ਵਰਣਨ ਹੈ—ਇਸ ਤੋਂ ਬਿਨ੍ਹਾਂ ਭੂਤ ਕਥਾ, ਪਤੀ ਦੀ ਨਿੰਦਾ ਨਾ ਕਰਨ ਵਾਲੀ ਔਰਤ ਦਾ ਪ੍ਰਸੰਗ ॥ ਸਰਦੀ ਦੀ ਰੁੱਤ ਵਿਚ ਕੱਪੜੇ ਵੰਡਣ ਦਾ ਪ੍ਰਸੰਗ ਅਤੇ ਜ਼ਾਲਮ ਸਿੰਘ ਪ੍ਰਤੀ ਸੇਵਾ ਮਹਾਤਮ ਦੇ ਪ੍ਰਸੰਗ ਵੀ ਅੰਕਿਤ ਹਨ। ਇਨ੍ਹਾਂ ਪ੍ਰਸੰਗਾਂ ਵਿਚ ਸਦਾਚਾਰਕ ਕਿਸਮ ਦੀ ਸਿੱਖਿਆ ਦਿੱਤੀ ਗਈ ਹੈ।

ਬਲੀਆ ਚੰਦ ਤੇ ਆਲਮ ਚੰਦ ਦੋ ਪਹਾੜੀ ਰਾਜਪੂਤ ਸਨ। ਇਕ ਦਿਨ ਗੁਰੂ ਗੋਬਿੰਦ ਸਿੰਘ ਜੀ ਸ਼ਿਕਾਰ ਖੇਡ ਰਹੇ ਸਨ ਕਿ ਇਨ੍ਹਾਂ ਨਾਲ ਗੁਰੂ ਜੀ ਦਾ ਮੇਲ ਹੋ ਗਿਆ। ਗੁਰੂ ਜੀ ਨਾਲ ਸਿੱਖ ਘੱਟ ਸਨ, ਪਰ ਰਾਜਪੂਤਾਂ ਨਾਲ ਕਾਫ਼ੀ ਗਿਣਤੀ ਵਿਚ ਆਦਮੀ ਸਨ। ਗਿਣਤੀ ਵਿਚ ਬਹੁਤ ਹੋਣ ਦੇ ਮਾਣ ਵਿਚ ਉਨ੍ਹਾਂ ਨੇ ਗੁਰੂ ਜੀ ਤੇ ਹਮਲਾ ਕਰ ਦਿੱਤਾ। ਗੁਰੂ ਜੀ ਦੇ ਸੂਰਬੀਰ ਜੋਧੇ ਭਾਈ ਆਲਮ ਸਿੰਘ ਜੀ ਨੇ ਆਲਮ ਚੰਦ ਤੇ ਹੱਲਾ ਕਰ ਦਿੱਤਾ ਅਤੇ ਬਲੀਆ ਚੰਦ ਨਾਲ ਭਾਈ ਉਦੈ ਸਿੰਘ ਦਾ ਟਾਕਰਾ ਹੋ ਪਿਆ। ਆਲਮ ਚੰਦ ਇਕ ਬਾਂਹ ਕਟਵਾ ਕੇ ਮੈਦਾਨ ਵਿਚੋਂ ਭੱਜ ਗਿਆ ਅਤੇ ਬਲੀਆ ਚੰਦ ਭਾਈ ਉਦੈ ਸਿੰਘ ਹੱਥੋਂ ਮਾਰਿਆ ਗਿਆ। ਇਤਿਹਾਸਿਕ ਤੌਰ ਤੇ ਇਹ ਘਟਨਾ ਸੰਮਤ 1757, ਈਸਵੀ 1700 ਦੀ ਹੈ। ਲੇਖਕ ਨੇ ਇਸ ਲੜਾਈ ਵਿਚ ਦਯਾ ਸਿੰਘ ਜੀ ਨੂੰ ਵੀ ਸ਼ਾਮਲ ਦੱਸਿਆ ਹੈ। ਮਹਾਂ ਸਿੰਘ ਜੀ ਨੂੰ ਵੀ। ਇਸ ਲੜਾਈ ਨੂੰ ਭਾਈ ਰਾਮ ਕੁਇਰ ਜੀ ਨੇ ਅੱਖੀਂ ਵੇਖਿਆ ਸੀ ਜਿਵੇਂ :

ਰਾਮ ਕੈ ਕਹਿ ਹੁਤੋ ਸਾਥ ਮੈ ਨਿਰਖਤ ਭਯੋ ਅਧੀਰਾ ॥
ਨਿਰਖੇ ਮਰੇ ਪਰੇ ਸੁ ਪਹਾਰੀ ਸੂਰ ਸਿੰਘ ਸੰਘਾਰੇ ॥

(ਸਾਖੀ—47)

ਇਸੇ ਭਾਈ ਰਾਮ ਕੁਇਰ ਜੀ (ਗੁਰਬਖ਼ਸ਼ ਸਿੰਘ) ਪਾਸੋਂ ਸੁਣ ਕੇ ਸਾਹਿਬ ਸਿੰਘ ਨਾਮੀ

Sri Satguru Jagjit Singh Ji eLibrary NamdhariElibrary@gmail.com

ਵਿਅਕਤੀ ਨੇ ਗੁਰੂ ਜੀ ਦੇ ਜੀਵਨ ਸਮਾਚਾਰ ਲਿਖੇ ਸਨ। ਸਹਿਬ ਸਿੰਘ ਦਾ ਜ਼ਿਕਰ ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਵਿੱਚ ਵੀ ਮਿਲਦਾ ਹੈ।

ਇਸ ਅਧਿਆਇ ਦੀ ਸਾਖੀ ਨੰ: 48 ਵਿਚ ਭੀਮ ਚੰਦ ਦੁਆਰਾ ਦਿੱਲੀ ਦੇ ਰਾਜੇ ਤੋਂ ਸਹਾਇਤਾ ਮੰਗਣ ਲਈ ਵਿਚੋਲਾ ਭੇਜੇ ਜਾਣ ਦੀ ਕਥਾ ਦਰਜ ਹੈ। ਆਲਮ ਚੰਦ ਅਤੇ ਬਲੀਆ ਚੰਦ ਦੀ ਹਾਰ ਸੁਣ ਕੇ ਪਹਾੜੀ ਰਾਜੇ ਇਕੱਠੇ ਹੋ ਕੇ ਸਲਾਹ ਕਰਦੇ ਹਨ :

ਸੁਨ ਸਭ ਮਿਲੇ ਪਹਾੜੀ ਰਾਜਾ ॥
ਭੀਮ ਚੰਦ ਢਿਗ ਸੋਕ ਸਮਾਜਾ ॥
ਮਹਾਰਾਜ ਅਬ ਬਿਗਰੀ ਬਾਤੇ ॥
ਕਲਗੀਧਰ ਉਤਪਾਤ ਸਦਾਂਤੇ ॥
ਯਾਤੇ ਸਭ ਮਿਲ ਮੰਤ੍ਰ ਪਕਾਯੋ ॥
ਦਿਹਲੀ ਏਕ ਵਕੀਲ ਪਠਾਯੋ ॥

(ਸਾਖੀ 48)

ਇਹ ਵਿਚੋਲਗੀ ਹੀ ਬਾਅਦ ਵਿਚ ਅਨੰਦਪੁਰ ਦੇ ਵੱਡੇ ਯੁੱਧ ਦਾ ਆਧਾਰ ਬਣਦੀ ਹੈ। ਜਿਸ ਵਿਚ ਬਾਈਧਾਰ ਦੇ ਪਹਾੜੀ ਰਾਜੇ, ਸੂਬਾ ਲਹੌਰ, ਸੂਬਾ ਸਰਹੰਦ ਅਤੇ ਸੂਬਾ ਦਿੱਲੀ ਦੀ ਮਿਲਵੀਂ ਫੌਜ ਗੁਰੂ ਜੀ ਤੇ ਆਕ੍ਰਮਣ ਕਰਦੀ ਹੈ। ਸਰਦੀ ਦੇ ਮੌਸਮ ਵਿਚ ਲੋੜਵੰਦਾਂ ਨੂੰ ਲੋੜ ਅਨੁਸਾਰ ਕੱਪੜੇ ਵੰਡਣੇ ਗੁਰੂ ਘਰ ਦਾ ਮੁੱਢ ਤੋਂ ਹੀ ਬਿਰਦ ਰਿਹਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਵੀ ਇਹ ਸੇਵਾ ਜਾਰੀ ਰਖੀ—ਜ਼ਾਲਮ ਸਿੰਘ ਦੀ ਸਾਖੀ ਨੰ: 51 ਵਿਚ ਇੱਕ ਅਮੀਰ ਸਿੱਖ ਦੀ ਕਹਾਣੀ ਹੈ ਜਿਸ ਹੱਥੋਂ ਗੁਰੂ ਜੀ ਨੇ ਪਾਣੀ ਨਹੀਂ ਸੀ ਛੱਕਿਆ। ਕਿਉਂਕਿ ਉਸ ਨੇ ਹੱਥਾਂ ਨਾਲ ਕਦੀ ਕੋਈ ਕੰਮ ਨਹੀਂ ਸੀ ਕੀਤਾ ਅਤੇ ਨਾਂ ਹੀ ਲੋੜਵੰਦਾਂ ਦੀ ਸੇਵਾ ਕੀਤੀ ਸੀ।

ਕਰ ਤੇ ਗਿਰਾਇ ਜਲ ਦਯੋ ਜਲਕੁ ਸਿੱਖ ਕੇ ਕਰ ਛਵੈ ਪਰੀ ॥
ਸੁਨ ਦੇਹ ਗੇਹ ਸਨੇਹ ਜੋ ਕਰ ਸੌਨ ਕਛ ਸੇਵਾ ਕਰੀ ॥

ਇਸ ਪ੍ਰਕਾਰ ਇਸ ਅਧਿਆਇ ਵਿਚ ਗੁਰੂ ਜੀ ਦੇ ਜੀਵਨ ਸਮਾਚਾਰਾਂ ਦਾ ਰਹੱਸਮਈ ਵਰਣਨ ਹੈ। ਇਹ ਅਧਿਆਇ ਗੁਰੂ ਜੀ ਦੇ ਜੀਵਨ ਦੀ ਮੁੱਖ ਘਟਨਾ ਅਨੰਦਪੁਰ ਦੇ ਛੱਡਣ ਦਾ ਆਧਾਰ ਪੇਸ਼ ਕਰਦਾ ਹੈ ਕਿਉਂਕਿ ਇਸੇ ਅਧਿਆਇ ਵਿਚ ਪਹਾੜੀ ਰਾਜੇ ਦਿੱਲੀ ਦੇ ਸ਼ਹਿਨਸ਼ਾਹ ਤੋਂ ਸਹਾਇਤਾ ਮੰਗਣ ਲਈ ਵਿਚੋਲਾ ਭੇਜਦੇ ਹਨ।

9. ਨੌਵੇਂ ਅਧਿਆਇ ਵਿਚ ਕੇਵਲ ਦੋ ਹੀ ਪ੍ਰਸੰਗ ਹਨ।

ਪਹਿਲਾ ਪ੍ਰਸੰਗ ਇਸ ਗੱਲ ਬਾਰੇ ਜਾਣਕਾਰੀ ਦੇਂਦਾ ਹੈ ਕਿ ਦਿੱਲੀ ਦੇ ਸੂਬੇ ਨੇ ਪਹਾੜੀ ਰਾਜਿਆਂ ਦੀ ਸਹਾਇਤਾ ਕਰਨ ਦੀ ਬੇਨਤੀ ਪ੍ਰਵਾਨ ਕਰ ਲਈ ਸੀ। ਦੂਸਰਾ ਪ੍ਰਸੰਗ (ਪੈਂਦੇ ਖਾਂ) ਪੈਂਦੇ ਖਾਂ ਦੀ ਮੋਤ ਨਾਲ ਸੰਬੰਧਿਤ ਹੈ। ਪਹਿਲੇ ਪ੍ਰਸੰਗ ਵਿਚ ਦੱਸਿਆ ਹੈ ਕਿ ਦਿੱਲੀ ਦੇ ਬਾਦਸ਼ਾਹ ਵੱਲੋਂ ਪਹਾੜੀ ਰਾਜਿਆਂ ਨੂੰ ਹੁਕਮ ਆ ਗਿਆ ਕਿ ਸ਼ਾਹੀ ਫ਼ੌਜਾਂ ਉਨ੍ਹਾਂ ਦੀ ਸਹਾਇਤਾ ਕਰਨਗੀਆਂ।

ਭੀਮ ਚੰਦ ਨ੍ਰਿਪ ਕੋ ਜੋ ਮੰਤ੍ਰੀ ॥
ਦਿਹਲੀ ਗਯੋ ਅਧਿਕ ਹਿਤ ਜੰਤ੍ਰੀ ॥

....

Sri Satguru Jagjit Singh Ji eLibrary NamdhariElibrary@gmail.com

ਰਾਜਾ ਜੀ ਹਮ ਕਰਹਿ ਸਹਾਇ ॥
ਭੇਜਹੁ ਖਰਚ ਫ਼ੌਜ ਅਬ ਜਾਇ ॥

ਉਪਰੋਕਤ ਘਟਨਾ ਤੋਂ ਬਾਅਦ ਦਿੱਲੀ ਦੇ ਸੂਬੇ ਵੱਲੋਂ ਦੋ ਜਰਨੈਲ ਪੈਂਦੇ ਖਾਂ ਅਤੇ ਦੀਨ ਬੇਗ ਦਸ ਹਜਾਰ ਸੈਨਾਂ ਨਾਲ ਰਾਜਿਆਂ ਦੀ ਮੱਦਦ ਲਈ ਭੇਜੇ ਗਏ। ਇਸ ਵਾਰ ਵਿਰੋਧੀ ਧਿਰ ਦੀ ਕਮਾਨ ਪੈਂਦੇ ਖਾਂ ਨੇ ਸੰਭਾਲੀ ਹੋਈ ਸੀ। ਇਸ ਲੜਾਈ ਵਿਚ ਗੁਰੂ ਜੀ ਦੇ ਹੱਥੋਂ ਪੈਂਦੇ ਖਾਂ ਮਾਰਿਆ ਗਿਆ ਅਤੇ ਦੀਨ ਬੇਗ ਜਖ਼ਮੀ ਹਾਲਤ ਵਿਚ ਮੈਦਾਨ ਵਿਚੋਂ ਭੱਜ ਗਿਆ। ਇਸ ਲੜਾਈ ਵਿਚ ਸਿੱਖਾਂ ਦੀ ਜਿੱਤ ਹੋਈ।

ਪੈਂਡੇ ਖਾਂ ਕੋ ਮਾਰ ਕੇ ਕਲਗੀਧਰ ਨਰ ਰਾਇ ॥
ਕਹੇ ਖਰੇ ਤਿਹ ਠੌਰ ਤਬ ਦੁੰਦਭ ਸੰਖ ਬਜਾਇ ॥

....

ਇਸ ਭਾਂਤ ਕੀਨੋ ਖਰੋ ਖੇਤ ਖਾਲੀ ॥
ਲਗਯੋ ਦੀਨ ਬੇਗਾਹੁ ਕੇ ਘਾਉ ਆਲੀ ॥

ਇਸ ਤਰ੍ਹਾਂ ਇਸ ਲੜਾਈ ਦੀ ਹਾਰ ਨਾਲ ਔਰੰਗਜ਼ੇਬ ਨੂੰ ਹੋਰ ਵਧੇਰੇ ਗੁੱਸਾ ਆਇਆ ਸੀ।

10. ਦਸਵੇਂ ਅਧਿਆਇ ਵਿੱਚ ਭੀਮ ਚੰਦ ਦੁਆਰਾ ਮੁੜ ਪਹਾੜੀ ਰਾਜਿਆਂ ਨੂੰ ਇਕੱਠਾ ਕਰਨ ਦਾ ਪ੍ਰਸੰਗ ਅੰਕਿਤ ਹੈ। ਸਾਖੀ ਨੰਬਰ 54 ਵਿਚ ਰਾਜਿਆਂ ਦੇ ਇਕੱਠੇ ਹੋਣ ਦਾ ਵਰਣਨ ਇਸ ਪ੍ਰਕਾਰ ਹੈ :

ਪਤ੍ਰ ਪਠਾਇ ਬੁਲਾਇ ਸਭ ਕਹਲੂਰੀਈ ਸਭ ਬਗਾਰੇ ॥
ਜਸਵਾਲੀ ਸੋ ਕਟੋਚਿ ਘਮੰਡੀ ਚੰਦ ਆਦਿ ਜੇ ਗਾਜੇ ॥
ਚਮਵਾਲੀ ਬਸੀਹਰੀ ਜਾਨੋ ਔਰ ਦੜ੍ਹੋਲੀ ਵਾਰੇ ॥
ਕਰ ਸਭ ਕੋ ਇਕਤ੍ਰ ਕਹਿਲੂਰੀ ਨ੍ਰਿਪ ਬਰ ਕਿਓ ਅਖਾਰੇ ॥

ਅਤੇ

ਗੁਰ ਸਨ ਦ੍ਰੋਹ ਤੁਰਕ ਹਿਤਕਾਰੀ ॥
ਬਾਇਸ ਧਾਰ ਮਿਲੀ ਮਤਵਾਰੀ ॥

ਪਹਾੜੀ ਇਕੱਠੇ ਹੋ ਕੇ ਗੁਰੂ ਜੀ ਤੇ ਹੱਲਾ ਕਰਦੇ ਹਨ। ਇਸ ਲੜਾਈ ਵਿਚ ਅਜਮੇਰ ਚੰਦ, ਕੇਸਰੀ ਚੰਦ ਤੇ ਜਮਤ੍ਰੂਲਾ ਗੂਜਰ (ਜਗਤੁੱਲਾ) ਪਹਾੜੀ ਰਾਜਿਆਂ ਵੱਲੋਂ ਲੜਦੇ ਹਨ। ਗੁਰੂ ਜੀ ਦੀ ਤਰਫੋਂ ਉਦੈ ਸਿੰਘ, ਸਾਹਿਬ ਸਿੰਘ, ਅਤੇ ਦੁਨੀ ਚੰਦ ਲੜਦੇ ਹਨ। ਇਸ ਲੜਾਈ ਦੀ ਸਭ ਤੋਂ ਮਹੱਤਵਪ੍ਰੇਰਨ ਘਟਨਾ ਸਾਹਿਬਜ਼ਾਦਾ ਅਜੀਤ ਸਿੰਘ ਦਾ ਬਹਾਦਰੀ ਨਾਲ ਲੜਨਾ ਹੈ। ਇਸ ਵੇਲੇ ਅਜੀਤ ਸਿੰਘ ਜੀ ਦੀ ਉਮਰ ਕੇਵਲ 15 ਸਾਲ ਸੀ। ਇਸ ਲੜਾਈ ਵਿੱਚ ਸਾਹਿਬ ਸਿੰਘ ਹੱਥੋਂ ਜਮਤ੍ਰੂਲਾ ਮਾਰਿਆ ਗਿਆ। ਜਿਵੇਂ :

ਬਡੋ ਬੀਰ ਇਕ ਸਾਹਬ ਸਿੰਘ ਸਹੀਦ ਸੁਊ ਗਰਜਯੋ ਬਲਧਾਰੀ ॥
ਕੇਸਤ ਭਾਊ ਅੰਗਾਊ ਥਿਰਯੋ ਕਤ ਬੋਲਤ ਬਾਉਰੈ ਜਯੋ ਅਬਚਾਰੀ ॥

....

ਮਰਤਹਿ ਭਾਊ ਕੇ ਭਏ ਸਭੈ ਪਹਾਰੀ ਦੰਗ ॥

Sri Satguru Jagjit Singh Ji eLibrary NamdhariElibrary@gmail.com

ਲੋਥ ਲੈਨ ਹਿਤ ਪੁਨਪਰੈ ਅਰਿ ਅਰਿ ਗਏ ਅਭੰਗ ॥

ਇਸ ਲੜਾਈ ਵਿਚ ਵੀ ਗੁਰੂ ਜੀ ਦੀ ਜਿੱਤ ਹੁੰਦੀ ਹੈ।

11. ਗਿਆਰਵੇਂ ਅਧਿਆਇ ਵਿਚ ਅਨੰਦਪੁਰ ਦੀਆਂ ਮੁੱਢਲੀਆਂ ਲੜਾਈਆਂ ਦੀਆਂ ਮਹੱਤਵਪੂਰਨ ਘਟਨਾਵਾਂ ਨੂੰ ਬਿਆਨ ਕੀਤਾ ਗਿਆ ਹੈ। ਲੇਖਕ ਨੇ ਸਾਹਿਬਜ਼ਾਦਾ ਅਜੀਤ ਸਿੰਘ ਦੀ ਜਿੱਤ, ਰਾਜੇ ਕੇਸਰੀ ਸਿੰਘ ਦਾ ਮੈਦਾਨ ਵਿਚੋਂ ਭੱਜਣਾ—ਭੀਮ ਚੰਦ ਤੇ ਕੇਸਰੀ ਸਿੰਘ ਦੀ ਸਲਾਹ ਮਸਤ ਹਾਥੀ ਨੂੰ ਕਿੱਲ੍ਹੇ ਵੱਲ ਭੇਜਣਾ—ਦੁਨੀ ਚੰਦ ਦਾ ਡਰ ਕੇ ਭੱਜ ਜਾਣਾ—ਹਾਥੀ ਦਾ ਮੁਕਾਬਲਾ ਬਚਿਤ੍ਰ ਸਿੰਘ ਨੇ ਕਰਨਾ ਅਤੇ ਕੇਸਰੀ ਸਿੰਘ ਦਾ ਮਾਰਿਆ ਜਾਣਾ ਆਦਿ ਘਟਨਾਵਾਂ ਨੂੰ ਅੰਕਿਤ ਕੀਤਾ ਹੈ। ਅਜੀਤ ਸਿੰਘ ਜੀ ਦੀ ਜਿੱਤ ਬਾਰੇ ਅੰਕਿਤ ਹੈ :

ਸਭ ਭਜੀ ਸੈਨ ਨਹਿ ਪਾਰ ਧੀਰ ॥
ਜੀਤੇ ਅਜੀਤ ਹਰਿ ਬੀਰ ਪੀਰ ॥

ਇਸ ਲੜਾਈ ਵਿਚ ਕੇਸਰੀ ਸਿੰਘ ਮੈਦਾਨ ਵਿਚੋਂ ਭੱਜ ਜਾਂਦਾ ਹੈ। ਦੂਸਰੇ ਦਿਨ ਮਸਤ ਹਾਥੀ ਦੇ ਮੱਥੇ ਤੇ ਭਾਰੇ ਤਵੇ ਬੰਨ੍ਹ ਕੇ ਕਿਲ੍ਹੇ ਵੱਲ ਛੱਡਿਆ ਜਾਂਦਾ ਹੈ। ਹਾਥੀ ਦਾ ਮੁਕਾਬਲਾ ਕਰਨ ਲਈ ਪਹਿਲੇ ਦਿਨ ਗੁਰੂ ਜੀ ਨੇ ਭਾਈ ਸਾਲੋ ਦੇ ਪੋਤਰੇ ਦੁਨੀ ਚੰਦ ਨੂੰ ਆਖਿਆ ਸੀ ਪਰ ਉਹ ਡਰਦਾ ਹੋਇਆ ਰਾਤ ਦੇ ਹਨੇਰੇ ਵਿੱਚ ਕਿੱਲ੍ਹੇ ਦੀ ਕੰਧ ਟੱਪ ਕੇ ਕੁਝ ਸਾਥੀਆਂ ਨਾਲ ਭੱਜ ਗਿਆ ਅਤੇ ਬਾਅਦ ਵਿਚ ਜਾ ਕੇ ਮਰ ਗਿਆ। ਅਗਲੇ ਦਿਨ ਮਸਤ ਹਾਥੀ ਦਾ ਮੁਕਾਬਲਾ ਬਚਿਤ੍ਰ ਸਿੰਘ ਕਰਦਾ ਹੈ ਅਤੇ ਕੇਸਰੀ ਸਿੰਘ ਦਾ ਟਾਕਰਾ ਉਦੈ ਸਿੰਘ ਕਰਦਾ ਹੈ। ਬਚਿੱਤ੍ਰ ਸਿੰਘ ਹਾਥੀ ਦਾ ਮੱਥਾ ਪਾੜ ਕੇ ਵਾਪਸ ਮਾਰ ਭਜਾਉਂਦਾ ਹੈ ਅਤੇ ਉਦੈ ਸਿੰਘ ਕੇਸਰੀ ਸਿੰਘ ਦਾ ਬਧ ਕਰ ਦੇਂਦਾ ਹੈ।

1. *ਆਲ ਸਿੰਘ ਸੁਨ ਬਚਨਿਏ ਕਰੀ ਬਿਨਯ ਜਗਦੀਸ ॥*
ਗਜ ਮੰਦ ਮਰਦਨ ਹਿਤ ਧਯੋ ਸਿੰਘ ਬਚਿਤ੍ਰ ਮਹੀਸ ॥
ਤਾਤੇ ਨ੍ਰਿਪ ਕੇਸਰੀ ਹਿਤ ਭੇਜਿਆ ਸਿੰਘ ਸਪੂਤ ॥

ਇਸ ਤਰ੍ਹਾਂ ਕੇਸਰੀ ਉਦੈ ਸਿੰਘ ਦੇ ਹੱਥੋਂ ਮਾਰਿਆ ਜਾਂਦਾ ਹੈ।

ਇਸੇ ਲੜਾਈ ਵਿਚ ਹੰਡੂਰ ਦਾ ਰਾਜਾ, ਭਾਈ ਸਾਹਬ ਸਿੰਘ ਦੇ ਹੱਥੋਂ ਜਖ਼ਮੀ ਹੋ ਕੇ ਮੈਦਾਨ ਵਿਚੋਂ ਭੱਜ ਗਿਆ। ਇਸ ਲੜਾਈ ਦੀ ਲੱਕ ਤੋੜਵੀਂ ਹਾਰ ਨਾਲ ਮੰਦੀ ਨੀਤ ਵਾਲੇ ਪਹਾੜੀ ਰਾਜੇ ਇਕ ਪਾਸੇ ਤਾਂ ਗੁਰੂ ਜੀ ਨਾਲ ਸੰਧੀ ਦੀ ਗੱਲ ਕਰਦੇ ਰਹੇ ਤੇ ਦੂਜੇ ਪਾਸੇ ਸਰਹੰਦ ਦੇ ਸੂਬੇ ਤੋਂ ਸਹਾਇਤਾ ਵੀ ਪ੍ਰਾਪਤ ਕਰਨ ਦੇ ਯਤਨ ਕਰਦੇ ਰਹੇ।

12. ਬਾਹਰਵੇਂ ਅਧਿਆਇ ਵਿਚ ਲੇਖਕ ਨੇ ਸਾਹਿਬ ਰਾਮ ਕੁਇਰ ਜੀ ਨਾਲ ਸੰਬੰਧਿਤ ਪ੍ਰਸੰਗਾਂ ਦਾ ਵਰਣਨ ਕੀਤਾ ਹੈ ਜਿਵੇਂ ਰਾਮ ਕੁਇਰ ਜੀ ਦੇ ਮਨ ਵਿਚ ਪੈਦਾ ਹੋਏ ਸ਼ੰਕੇ ਨੂੰ ਗੁਰੂ ਜੀ ਨੇ ਦੂਰ ਕੀਤਾ। ਰਾਮ ਕੁਇਰ ਜੀ ਨੂੰ ਗੁਰੂ ਜੀ ਨੇ ਅੰਮ੍ਰਿਤ ਛਕਾਇਆ ਦਾ ਪ੍ਰਸੰਗ ਅਤੇ ਰਾਮ ਕੁਇਰ ਜੀ ਦੁਆਰਾ ਨਵਾਬ ਨੂੰ ਸਰਾਪ ਦੇਣ ਦਾ ਪ੍ਰਸੰਗ ਦਰਜ਼ ਹੈ। ਇਕ ਹੋਰ ਸਾਖੀ ਅੰਕਿਤ ਹੈ ਜਿਸ ਅਨੁਸਾਰ ਰਾਮ ਕੁਇਰ ਜੀ ਇਕ ਨੇਤਰਹੀਣ ਨੂੰ ਅੱਖਾਂ ਦੀ ਰੋਸ਼ਨੀ ਬਖਸ਼ਦੇ ਹਨ। ਲੇਖਕ ਨੇ ਪੁਸਤਕ ਦੇ ਅਰੰਭ ਵਿਚ ਵੀ ਦੱਸਿਆ ਹੈ ਕਿ ਉਸ ਦੀ ਇਸ ਪੁਸਤਕ ਦਾ ਆਧਾਰ ਸਾਹਿਬ ਰਾਮ ਕੁਇਰ ਜੀ ਦੁਆਰਾ ਸਾਹਬ ਸਿੰਘ ਨੂੰ ਸੁਣਾਈਆਂ ਗਈਆਂ ਅਤੇ

Sri Satguru Jagjit Singh Ji eLibrary NamdhariElibrary@gmail.com

ਸਾਹਿਬ ਸਿੰਘ ਦੁਆਰਾ ਲਿਖੀਆਂ ਗਈਆਂ ਸਾਖੀਆਂ ਹਨ। ਇਸ ਲਈ ਇਸ ਅਧਿਆਇ ਵਿੱਚ ਕੇਂਦਰੀ ਰੂਪ ਵਿਚ ਸਾਹਿਬ ਰਾਮ ਕੁਇਰ ਜੀ (ਗੁਰਬਖ਼ਸ਼ ਸਿੰਘ) ਨਾਲ ਸੰਬੰਧਿਤ ਘਟਨਾਵਾਂ ਹੀ ਕੇਂਦਰੀ ਰੂਪ ਵਿਚ ਪੇਸ਼ ਕੀਤੀਆਂ ਗਈਆਂ ਹਨ ਅਤੇ ਇਹ ਦੱਸਿਆ ਹੈ ਕਿ ਅੰਮ੍ਰਿਤ ਛਕਾਣ ਉਪਰੰਤ ਗੁਰੂ ਜੀ ਨੇ ਰਾਮ ਕੁਇਰ ਦਾ ਨਾਮ ਗੁਰਬਖ਼ਸ਼ ਸਿੰਘ ਰੱਖਿਆ ਸੀ।

ਇਸ ਤੋਂ ਬਿਨਾ ਭਾਈ ਜੋਗਾ ਸਿੰਘ ਜੀ ਦਾ ਪ੍ਰਸੰਗ ਵੀ ਅੰਕਿਤ ਹੈ ਜਿਸ ਬਾਰੇ ਆਮ ਵਾਰਤਾ ਪ੍ਰਚੱਲਤ ਹੈ ਕਿ ਉਹ ਗੁਰੂ ਜੀ ਦਾ ਹੁਕਮ ਸੁਣ ਕੇ ਵਿਆਹ ਦੀਆਂ ਲਾਵਾਂ ਵਿਚੇ ਹੀ ਛੱਡ ਕੇ ਆਨੰਦਪੁਰ ਵੱਲ ਮੁੜ ਆਇਆ ਸੀ ਪਰ ਹੁਸ਼ਿਆਰਪੁਰ ਦੇ ਨੇੜਿਓਂ ਦੀ ਲੰਘਦੇ ਸਮੇਂ ਇਕ ਵੇਸਵਾ 'ਤੇ ਮੋਹਿਤ ਹੋ ਗਿਆ ਸੀ। ਇਥੇ ਗੁਰੂ ਜੀ ਨੇ ਪਹਿਰੇਦਾਰ ਦਾ ਰੂਪ ਧਾਰ ਕੇ ਉਸ ਦੀ ਰੱਖਿਆ ਕੀਤੀ ਸੀ। ਇਸ ਤੋਂ ਬਿਨਾਂ ਕਵੀ ਸੈਨਾਪਤੀ (ਕਰਤਾ ਗੁਰ ਸੋਭਾ) ਦੀ ਕਥਾ ਵੀ ਅੰਕਿਤ ਹੈ ਅਤੇ ਆਸਾ ਸਿੰਘ ਮਤਸਦੀਕਾ ਦੀ ਸਾਖੀ ਵੀ ਦਰਜ਼ ਹੈ। ਰਾਮ ਸਿੰਘ ਮਾਰਵਾੜੀਏ ਅਤੇ ਸਰਹੰਦ ਦੇ ਰਹਿਣ ਵਾਲੇ ਇਕ ਬਾਣੀਏ ਅਤੇ ਇਕ ਪਠਾਣ ਦੀ ਸਾਖੀ ਵੀ ਅੰਕਿਤ ਹੈ।

13. ਤੇਰ੍ਹਵੇਂ ਅਧਿਆਇ ਵਿਚ ਲੇਖਕ ਨੇ ਭਾਈ ਕੇਸਰ ਸਿੰਘ ਛਿੱਬਰ ਦੇ ਰਹਿਤਨਾਮੇ ਦਾ ਪ੍ਰਸੰਗ ਬਿਆਨ ਕੀਤਾ ਹੈ। ਜਿਵੇਂ :

ਗੁਰ ਗ੍ਰੰਥ ਜੀ ਪਾਠ ਕਰਾਵਹੁ ॥
ਸਹਸਕਿਰਤ ਸਲੋਕ ਪਢਪਾਵਹੁ ॥
ਗੁਰੁ ਘਰ ਕਰ ਇਹ ਗਰੁੜ ਪਰਾਨਾ ॥
ਗੁਰੂ ਗ੍ਰੰਥ ਜੋ ਬਚਨ ਬਖਾਨਾ ॥ *(ਸਾਖੀ—78)*

ਸਾਖੀ ਨੰ: 80 ਵਿਚ ਇਕ ਮਕਰੰਦ ਨਾਮੀ ਵਿਅਕਤੀ ਦਾ ਪ੍ਰਸੰਗ ਹੈ ਜਿਹੜਾ ਕਿ ਮਥੁਰਾ ਦਾ ਰਹਿਣ ਵਾਲਾ ਸੀ। ਇਹ ਵਿਅਕਤੀ ਅਨੰਦਪੁਰ ਆ ਕੇ ਅੰਮ੍ਰਿਤਪਾਨ ਕਰਦਾ ਹੈ ਅਤੇ ਫਿਰ ਨਿਜ਼ਾਮਾਬਾਦ ਜਾਂਦਾ ਹੈ।

ਇਸੇ ਅਧਿਆਇ ਵਿਚ ਬੇਦੀ ਬੰਸ ਦੇ ਬਾਬਾ ਕਲਾਧਾਰੀ ਜੀ ਦਾ ਪ੍ਰਸੰਗ ਵੀ ਅੰਕਿਤ ਹੈ। ਇਸੇ ਮਹਾਪੁਰਖ ਦਾ ਪੁੱਤਰ ਇਕ ਅਜੀਤ ਸਿੰਘ ਨਾਮੀ ਵਿਅਕਤੀ ਸੀ। ਬੇਦੀ ਬੰਸ ਵਿਚੋਂ ਹੋਣ ਕਰ ਕੇ ਅਤੇ ਨਾਮਰਸੀਏ ਹੋਣ ਕਰ ਕੇ ਗੁਰੂ ਜੀ ਦਾ ਬਹੁਤ ਸਤਿਕਾਰ ਕਰਦੇ ਸਨ। ਸਾਹਿਬ ਸਿੰਘ ਬੇਦੀ ਦੇ ਜਨਮੇ ਦੀ ਕਥਾ ਵੀ ਇਸੇ ਅਧਿਆਇ ਵਿੱਚ ਦਰਜ ਹੈ। ਇਸੇ ਭਾਗ ਵਿੱਚ ਸਾਹਿਬਜ਼ਾਦਾ ਫਤਹਿ ਸਿੰਘ ਦੇ ਦੁਮਾਲਾ ਸਜਾਉਣ ਦਾ ਪ੍ਰਸੰਗ ਵੀ ਅੰਕਿਤ ਹੈ।

ਲਿਖਾਰੀ ਰੋਸ਼ਨ ਸਿੰਘ ਅਤੇ ਦਿੱਲੀ ਦੇ ਸਿਰ ਗੁੰਮਿਆਂ ਦੀ ਕਥਾ ਵੀ ਇਸੇ ਅਧਿਆਇ ਵਿੱਚ ਦਰਜ ਹੈ।

14. ਚੌਧਵੇਂ ਅਧਿਆਇ ਵਿੱਚ ਅਨੰਦਪੁਰ ਛਡਾਉਣ ਦੀ ਸਾਖੀ, ਨਿਰਮੋਹਗੜ੍ਹ ਦਾ ਯੁੱਧ, ਤੋਪਚੀ ਨੂੰ ਮਾਰਨ ਦਾ ਪ੍ਰਸੰਗ, ਔਰੰਗਜ਼ੇਬ ਦੇ ਹੁਕਮ ਨਾਲ ਸੂਬਾ ਸਰਹੰਦ ਦਾ ਗੁਰੂ ਜੀ ਨਾਲ ਲੜਨਾ। ਭੀਮ ਚੰਦ ਨੇ ਸੂਬੇ ਨਾਲ ਸਲਾਹ ਕਰਨੀ ਆਦਿ ਘਟਨਾਵਾਂ ਦਰਜ ਹਨ। ਇਸ ਅਧਿਆਇ ਦੀ ਮਹੱਤਵਪੂਰਨ ਘਟਨਾ ਬਿਸਾਲੀ ਦੇ ਰਾਜੇ ਦਾ ਗੁਰੂ ਜੀ ਦੀ ਸ਼ਰਣ ਵਿਚ ਆਉਣਾ ਹੈ। ਗੁਰੂ ਜੀ ਦੇ ਬਿਸਾਲੀ ਜਾਣ ਦਾ ਪ੍ਰਸੰਗ ਵੀ ਅੰਕਿਤ ਹੈ। ਪਹਾੜੀ ਰਾਜੇ ਆਟੇ ਦੀ ਗਊ ਬਣਾ ਕੇ ਸਹੁੰ ਚੁੱਕਦੇ ਹਨ ਪਰ ਦਿਲ ਵਿਚ ਵੈਰ ਭਾਵਨਾ ਰੱਖਦੇ ਹਨ।

Sri Satguru Jagjit Singh Ji eLibrary NamdhariElibrary@gmail.com

ਤਾਤੇ ਕਰਹੁ ਕਾਜ ਅਬ ਸੋਈ ॥
ਹਮ ਰਾਜਨ ਕਰ ਜਿਮਿ ਹਿਤ ਹੋਈ ॥
ਸੁਨਤ ਬਿਨਯ ਪੰਮਾ ਜੀ ਚਲੇ ॥
ਗਾਇ ਕਰੀ ਜਵ ਚੂਰਨਾ[1] ਭਲੇ ॥
ਆਨੰਦਪੁਰ ਕੇ ਦਵਾਰੇ ਧਰੀ ॥
ਗੋਬਰਸਨ ਧਰ ਲੀਪਨ ਕਰੀ ॥

ਇਸ ਅਧਿਆਇ ਵਿੱਚ ਇੱਕ ਹੋਰ ਮਹੱਤਵਪੂਰਨ ਘਟਨਾ ਨਿਰਮੋਹਗੜ੍ਹ ਦੀ ਲੜਾਈ ਹੈ। ਇਹ ਲੜਾਈ ਪਹਾੜੀ ਰਾਜਿਆਂ ਅਤੇ ਸੂਬਾ ਸਰਹਿੰਦ ਵਜ਼ੀਰ ਖਾਂ ਨੇ ਰਲ ਕੇ ਗੁਰੂ ਜੀ ਵਿਰੁੱਧ ਲੜੀ। ਨਿਰਮੋਹ ਦੀ ਲੜਾਈ ਵਿਚ ਦੁਸ਼ਮਣ ਨੇ ਹਰ ਮੋਰਚੇ ਤੇ ਮਾਰ ਖਾਧੀ। ਗੁਰੂ ਜੀ ਉਚੀ ਥਾਂ ਤੇ ਬੈਠੇ ਇਹ ਲੜਾਈ ਵੇਖ ਰਹੇ ਸਨ ਕਿ ਮੁਸਲਮਾਨ ਫ਼ੌਜਾਂ ਦੇ ਇਕ ਤੋਪਚੀ ਨੇ ਗੁਰੂ ਜੀ ਤੇ ਗੋਲਾ ਦਾਗ ਦਿੱਤਾ। ਗੁਰੂ ਜੀ ਤਾਂ ਬਚ ਗਏ ਪਰ ਗੁਰੂ ਜੀ ਦੇ ਸੀਸ ਤੇ ਚੌਰ ਕਰਨ ਵਾਲਾ ਸਿੰਘ ਸ਼ਹੀਦ ਹੋ ਗਿਆ। ਗੁਰੂ ਜੀ ਨੇ ਐਸਾ ਤੀਰ ਚਲਾਇਆ ਕਿ ਤੋਪਚੀ ਮਾਰਿਆ ਗਿਆ। ਦੂਸਰੇ ਤੀਰ ਨਾਲ ਗੁਰੂ ਜੀ ਨੇ ਉਸ ਦੇ ਭਰਾ ਦੂਜੇ ਤੋਪਚੀ ਨੂੰ ਵੀ ਪਾਰ ਬੁਲਾ ਦਿੱਤਾ।

ਤਬਲੌ ਤਕਿ ਚਪਿ ਤੋਪ ਧਾਰ ॥ ਮੰਜੋ ਕਰਤ ਚੌਰ ਸੋ ਲੀਨ ਮਾਰ ॥
ਦਸਤਾਰ ਸਜਤ ਸਤਗੁਰ ਦਿਨੇਸਾ ॥ ਧਨੁ ਨ ਤਾਨ ਅਠਾਹਰਹਿ ਟਾਂਕ ਬੇਸਾ ॥
ਤਿਹ ਮਾਰ ਭ੍ਰਾਤ ਪੁਨ ਹਰਯੋ ਤਾਸ ॥ ਲਖ ਭੀਮ ਚੰਦ ਉਰਭਾ ਨਿਰਾਸ ॥

(ਸਾਖੀ 87)

ਇਸ ਅਧਿਆਇ ਵਿੱਚ ਬਿਸਾਲੀ ਦੇ ਰਾਜੇ ਦੇ ਬੇਨਤੀ ਕਰਨ ਤੇ ਗੁਰੂ ਜੀ ਦੇ ਬਿਸਾਲੀ ਜਾਣ ਬਾਰੇ ਵੀ ਲਿਖਿਆ ਹੈ। ਇਸ ਅਧਿਆਇ ਦੇ ਅੰਤ ਤੇ ਇਕ ਸਾਖੀ ਅਜਿਹੀ ਵੀ ਅੰਕਿਤ ਹੈ ਜਿਸ ਵਿਚ ਔਰੰਗਜ਼ੇਬ ਆਪਣੇ ਖ਼ਾਸ ਆਦਮੀ ਨੂੰ ਗੁਰੂ ਜੀ ਦੀ ਪ੍ਰੀਖਿਆ ਲੈਣ ਲਈ ਭੇਜਦਾ ਹੈ। ਸੰਭਵ ਹੈ ਇਹ ਆਦਮੀ ਸ਼ਾਹੀ ਦਰਬਾਰ ਦੀ ਸੀ. ਆਈ. ਡੀ. ਦਾ ਮੈਂਬਰ ਹੋਵੇ। ਇਹ ਗੁਰੂ ਜੀ ਦੇ ਕੌਤਕ ਵੇਖ ਕੇ ਹੈਰਾਨ ਹੁੰਦਾ ਹੈ ਅਤੇ ਬਾਦਸ਼ਾਹ ਨੂੰ ਜਾ ਕੇ ਦੱਸਦਾ ਹੈ ਕਿ ਗੁਰੂ ਜੀ ਨਾਲ ਲੜਨਾ ਠੀਕ ਨਹੀਂ।

15. ਪੰਦਰਵੇਂ ਅਧਿਆਇ ਵਿੱਚ ਚਾਰ ਪ੍ਰਸੰਗ ਹਨ। ਪਹਿਲਾਂ ਪ੍ਰਸੰਗ ਨਿਰਮੋਹੀ ਰਾਜਾ ਤੇ ਗੂਜਰੀ ਦੀ ਕਥਾ ਦਾ ਹੈ। ਇਸ ਦਾ ਕੋਈ ਇਤਿਹਾਸਿਕ ਸਬੂਤ ਮੌਜੂਦ ਨਹੀਂ। ਇਹ ਕਿਸੇ ਪੁਰਾਣ ਕਥਾ ਤੇ ਆਧਾਰਤ ਹੈ। ਦੂਸਰਾ ਪ੍ਰਸੰਗ ਵੀ ਕਾਲਪਨਿਕ, ਪੁਰਾਣ ਕਥਾ ਦਾ ਹੈ। ਇਸ ਅਧਿਆਇ ਵਿਚ ਕਲਮੋਟ ਦੀ ਲੜਾਈ ਤੇ ਗੁਰੂ ਜੀ ਦਾ ਵਾਪਸ ਅਨੰਦਪੁਰ ਆਉਣਾ ਦੋ ਮਹੱਤਵਪੂਰਨ ਘਟਨਾਵਾਂ ਹਨ। ਗੁਰੂ ਜੀ ਜਿਸ ਸਮੇਂ ਸਤਲੁਜ ਤੋਂ ਪਾਰ ਹੋਏ ਸਨ ਉਨ੍ਹਾਂ ਨਾਲ 2, 3 ਹਜ਼ਾਰ ਫ਼ੌਜ ਸੀ। ਕਲਮੋਟ ਦੇ ਗੁਜਰਾਂ ਦੀ ਸਹਾਇਤਾ ਨਾਲ ਰਾਜਾ ਅਜਮੇਰ ਚੰਦ ਨੇ ਗੁਰੂ ਜੀ ਤੇ ਹਮਲਾ ਕੀਤਾ ਪਰ ਗੁਰੂ ਦੇ ਸਿੱਖਾਂ ਹੱਥੋਂ ਕਰਾਰੀ ਹਾਰ ਖਾਧੀ। ਇਸ ਅਧਿਆਇ ਵਿਚ ਗੁਰੂ ਜੀ ਭੰਬੋਰ ਦੇ ਰਾਜਾ ਨੂੰ ਵੀ ਮਿਲਦੇ ਹਨ, ਅਤੇ ਫਿਰ ਵਾਪਸ ਅਨੰਦਪੁਰ ਆ ਜਾਂਦੇ ਹਨ। ਕਲਮੋਟ ਦੀ ਲੜਾਈ ਦਾ ਇਕ ਦ੍ਰਿਸ਼ ਹੈ :

---

1. ਜਵਾਂ ਦਾ ਆਟਾ

Sri Satguru Jagjit Singh Ji eLibrary NamdhariElibrary@gmail.com

ਸਤਗੁਰ ਕਹੀ ਕਿ ਘੇਰਾ ਛੀਜੈ ॥
ਰੈਨ ਨਿਵਾਸ ਇਤਹਿ ਦੁਖ ਛੀਜੈ ॥
ਹਲਾ ਕਰਯੋ ਪ੍ਰਾਤ ਮਿਲ ਜਬਹੀ ॥
ਲਯੋ ਲੂਟਿ ਕਲਮੋਟਹਿ ਤਲ ਹੀ ॥
ਬਹੁਤਕ ਅਰੇ ਲਰੇ ਅਰ ਮਰੇ ॥
ਬਹੁਤਕ ਭਾਜਿ ਗਿਰਿਨ ਮਹਿ ਬਰੇ ॥

(ਸਾਖੀ 96)

ਇਸ ਲੜਾਈ ਤੋਂ ਬਾਅਦ ਗੁਰੂ ਜੀ ਆਨੰਦਪੁਰ ਵਾਪਸ ਆ ਜਾਂਦੇ ਹਨ।

16. ਸੋਲ੍ਹਵਾਂ ਅਧਿਆਇ ਕਈ ਕਲਪਿਤ ਕਿਸਮ ਦੇ ਪ੍ਰਸੰਗਾਂ ਨਾਲ ਭਰਪੂਰ ਹੈ ਜਿਵੇਂ ਗੁਰੂ ਜੀ ਸ਼ਿਕਾਰ ਗਏ ਅਤੇ ਭਗਤ ਨਾਰਦ ਜੀ ਨੂੰ ਮਿਲੇ. ਭਗਤ ਜੀ ਨੇ ਗੁਰੂ ਜੀ ਨੂੰ ਖੰਭ ਦਿੱਤੇ। ਫਿਰ ਗੁਰੂ ਜੀ ਕਟਾਹ ਗਏ ਅਤੇ ਜੱਛਾਂ ਤੇ ਨਾਗਾਂ ਦੀ ਸੁਲਹਾ ਕਰਵਾਈ। ਇਸ ਅਧਿਆਇ ਵਿੱਚ ਜੋਗਾ ਸਿੰਘ ਨਾਮੀ ਸੇਵਾਦਾਰ ਦਾ ਪ੍ਰਸੰਗ ਵੀ ਦਰਜ ਹੈ। ਪਰ ਇਸ ਅਧਿਆਇ ਦਾ ਸਭ ਤੋਂ ਵਧੇਰੇ ਮਹੱਤਵਪੂਰਨ ਤੇ ਇਤਿਹਾਸਿਕ ਘਟਨਾ ਮਾਤਾ ਸਾਹਿਬ ਦੇਵਾਂ ਜੀ ਨਾਲ ਗੁਰੂ ਸਾਹਿਬ ਦੀ ਸ਼ਾਦੀ ਹੋਣਾ ਹੈ। ਮੰਡੀ ਜਾਣ ਅਤੇ ਬਾਵੰਜਾ ਕਵੀਆਂ ਦੇ ਨਾ ਦਰਜ ਕਰਨ ਵਾਲੀ ਸਾਖੀ ਵੀ ਅੰਕਿਤ ਹੈ।

ਮਾਤਾ ਸਾਹਿਬ ਦੇਵਾਂ ਜੀ ਦੇ ਵਿਆਹ ਦਾ ਪ੍ਰਸੰਗ ਬੜਾ ਮਹੱਤਵਪੂਰਨ ਹੈ। ਗੁਰੂ ਜੀ ਇਸ ਸਮੇਂ ਤਕ ਚਾਰ ਪੁੱਤਰਾਂ ਦੇ ਪਿਤਾ ਸਨ ਅਤੇ ਬ੍ਰਹਮਚਾਰਯ ਧਾਰਨ ਕਰ ਚੁੱਕੇ ਸਨ ਪਰ ਪੋਠੋਹਾਰ ਦੀ ਸੰਗਤ ਨੇ ਕਿਹਾ ਕਿ ਸਾਰਾ ਸਮਾਜ ਇਸ ਬਾਲਕੀ ਨੂੰ ਮਾਤਾ ਸਮਝਦਾ ਹੈ। ਇਸ ਲਈ ਆਪ ਤੋਂ ਬਿਨਾ ਹੋਰ ਕੋਈ ਇਸ ਨਾਲ ਵਿਆਹ ਨਹੀਂ ਕਰਵਾਏਗਾ। ਗੁਰੂ ਜੀ ਨੇ ਸੰਗਤ ਦਾ ਕਿਹਾ ਮੰਨ ਲਿਆ ਅਤੇ ਮਾਤਾ ਸਾਹਿਬ ਦੇਵਾਂ ਨੂੰ ਖਾਲਸੇ ਦੀ ਮਾਤਾ ਦਾ ਖ਼ਿਤਾਬ ਦਿੱਤਾ ਜਿਵੇਂ :

ਸਤਗੁਰੁ ਕਹੀ ਸਿੰਘ ਜਗ ਜੇਤੇ ॥
ਸਭ ਸਪੂਤ ਗੋਦੀ ਮੈ ਤੇਤੇ ॥
ਏ ਦੋਊ ਚਾਰਨ ਕੀ ਮਾਤਾ ॥
ਭੂ ਅਗਿਨਤ ਕੀ ਭਈ ਬਿਖਿਆਤਾ ॥
ਲਹਿ ਬਰਦਾਨ ਅਧਿਕ ਹਰਖਾਨੀ ॥
ਪੁਲਕਾਨੀ ਪਤਿ ਪਗ ਲਪਟਾਨੀ ॥
ਤਬ ਤੇ ਭਈ ਖਾਲਸਾ ਮਾਤਾ ॥
ਮਾਨਤ ਸਿੰਘ ਰਹੇ ਸਭ ਭਾਂਤਾ ॥

ਇਸ ਅਧਿਆਇ ਵਿਚ ਗੁਰੂ ਜੀ ਦੇ ਮੰਡੀ ਜਾਣ ਦਾ ਜ਼ਿਕਰ ਵੀ ਹੈ। ਸਾਖੀ ਨੰਬਰ 104 ਅਤੇ 105 ਮੰਡੀ ਜਾਣ ਅਤੇ ਕਵੀਆਂ ਦੇ ਨਾਮ ਨਾਲ ਸੰਬੰਧਿਤ ਹਨ :

1. *ਬੋਲੇ ਸ਼੍ਰੀ ਸਾਚੇ ਗੁਰ ਮੰਡਿਆਲੀ ਮਹਾਰਾਜ ॥*
   ਜੋ ਕੋਊ ਇਹਿ ਰਾਜ ਕਹਿ ਚਹਿਹੈ ਕਰਨ ਅਕਾਜ ॥
2. *ਬਾਵਨ ਕਬਿ ਪਾਵਨ ਇਹਿ ਭਾਂਤੀ ॥*

Sri Satguru Jagjit Singh Ji eLibrary NamdhariElibrary@gmail.com

ਕਹਤਿ ਹਜੂਰ ਅਧਿਕ ਰਸ ਖਯਾਤੀ ॥

(ਸਾਖੀ 105)

ਇਸ ਅਧਿਆਇ ਵਿਚ ਆਨੰਦਪੁਰ ਵਿਚ ਗੁਰੂ ਜੀ ਦੇ ਉਸ ਸਮੇਂ ਦਾ ਜ਼ਿਕਰ ਹੈ ਜਿਹੜਾ ਕੁਝ ਸ਼ਾਂਤੀ ਨਾਲ ਬੀਤਿਆ ਸੀ।

17. ਅਧਿਆਇ ਸਤਾਰਵਾਂ ਫਿਰ ਅਮਨ ਦੇ ਸਮੇਂ ਵਿਚ ਗੁਰੂ ਜੀ ਦੁਆਰਾ ਸਾਹਿਤ ਰਚਨਾ ਵੱਲ ਧਿਆਨ ਦੇਣ ਨਾਲ ਸੰਬੰਧਿਤ ਹੈ। ਇਸ ਵਿਚ ਕਵੀ ਹੀਰ ਦੇ ਗੁਰੂ ਜੀ ਦੀ ਸ਼ਰਨ ਵਿੱਚ ਆਉਣ ਦਾ ਪ੍ਰਸੰਗ ਦਰਜ ਹੈ। ਦੂਸਰਾ ਪ੍ਰਸੰਗ ਚੰਦ ਕਵੀ ਦੇ ਗੁਰੂ ਜੀ ਦੇ ਦਰਬਾਰ ਵਿੱਚ ਆਉਣ ਨਾਲ ਸਬੰਧ ਰਖਦਾ ਹੈ। ਤੀਸਰਾ ਪ੍ਰਸੰਗ ਬ੍ਰਾਹਮਣਾਂ ਨਾਲ ਸੰਬੰਧਿਤ ਹੈ ਅਤੇ ਚੌਥਾ ਖ਼ਾਲਸੇ ਪ੍ਰਤਿ ਬਖਸ਼ਸ਼ ਨਾਲ। ਮੋਤ ਉਪਰੰਤ ਵਿਅਕਤੀ ਕਿਥੇ ਜਾਂਦਾ ਹੈ। ਇਕ ਸਾਖੀ ਇਸ ਭਾਵ ਦੇ ਵਿਚਾਰ ਦੀ ਹੈ। ਇਕ ਸਾਖੀ ਆਲਮ ਸਿੰਘ ਦੁਆਰਾ ਕੀਤੇ ਗਏ ਪ੍ਰਸ਼ਨਾਂ ਦੇ ਉੱਤਰ ਦੇਣ ਨਾਲ ਸੰਬੰਧਿਤ ਹੈ। ਇਸ ਅਧਿਆਇ ਵਿੱਚ ਗੁਰੂ ਜੀ ਪਾਸੋਂ ਭਵਿੱਖ ਬਾਣੀ ਵੀ ਕਰਵਾਈ ਗਈ ਹੈ। ਇਸ ਸਾਖੀ ਦਾ ਅਧਾਰ ਗੁਰ ਰਤਨ ਮਾਲ (ਸੋ ਸਾਖੀ) ਜਾਪਦੀ ਹੈ। ਮੂਰਤੀ ਪੂਜਾ ਬਾਰੇ ਵੀ ਵਾਦ-ਵਿਵਾਦ ਅੰਕਿਤ ਹੈ ਅਤੇ ਅਖੀਰ ਵਿਚ ਲਾਲ ਸਿੰਘ ਦੀ ਕਥਾ ਅੰਕਿਤ ਹੈ। ਇਸੇ ਅਧਿਆਇ ਵਿਚ ਗੁਰੂ ਜੀ ਦੀ ਰਵਾਲਸਰ ਦੀ ਯਾਤਰਾ ਦਾ ਹਾਲ ਵਰਣਨ ਹੈ।

1. *ਸਭ ਕਬਿ ਬਰ ਹਾਜਿਰ ਤਬ ਆਏ ॥*
   ਬੈਠ ਬੰਦ ਬੰਦ ਪਦ ਭਾਏ ॥
   ਏਕ ਹੀਰ ਕਬਿਤ ਦਾਰਦ੍ਰੀ ॥
   ਅਧਿਕ ਗੁਨੀ ਨਹਿ ਛਲਿ ਛਿਦ੍ਰੀ ॥

ਇਸੇ ਤਰ੍ਹਾਂ ਕਵੀ ਚੰਦਨ ਦਾ ਜ਼ਿਕਰ ਹੈ।

ਕਬਹੁਕ ਇਕ ਕਬਿ ਚੰਦਨ ਨਾਮਾ ॥
ਸੋ ਆਯੋ ਸਤਗੁਰ ਕੀ ਸਾਮਾ ॥

ਗੁਰੂ ਜੀ ਦੇ ਘਾਹੀ ਧੰਨਾ ਸਿੰਘ ਅਤੇ ਕਵੀ ਚੰਦਨ ਦੇ ਸੰਵਾਦ ਵੀ ਅੰਕਿਤ ਹਨ। ਬ੍ਰਾਹਮਣਾਂ ਵਾਲੇ ਭਾਗ ਵਿੱਚ ਗੁਰੂ ਜੀ ਪੰਥ ਖਾਲਸੇ ਦੇ ਨਿਆਰੇਪਣ ਬਾਰੇ ਵਿਚਾਰ ਕਰਦੇ ਹੋਏ ਲਿਖਦੇ ਹਨ ਕਿ ਬ੍ਰਾਹਮਣ ਤਾਂ ਭੰਗ ਪੀ ਪੀ ਕੇ ਬੌਰੇ ਹੋ ਜਾਂਦੇ ਹਨ :

ਪੀ ਪੀ ਭਾਂਗ ਗਏ ਬੌਰਾਈ ॥
ਸਤ੍ ਮਿਤ੍ ਕੀ ਖ਼ਬਰ ਨ ਕਾਈ ॥
ਹਿੰਦ ਧਰਮ ਰਾਖਨ ਹਿਤ ਕੀਨੋ ॥
ਪੰਥ ਖਾਲਸਾ ਅਨੁਪਮ ਚੀਨੋ ॥

ਦੂਸਰੇ ਪ੍ਰਸੰਗ ਵਿਚ ਖਾਲਸੇ ਪ੍ਰਤਿ ਬਖਸ਼ਸ਼ ਅੰਕਿਤ ਹੈ। ਇਸ ਦਾ ਸਿਰਲੇਖ "ਸ੍ਰੀ ਸਰਬਲੋਹ ਮੰਗਲਾਚਰਨ" ਵੀ ਹੈ।

ਖਾਲਸਾ ਮੇਰੋ ਰੂਪ ਹੈ ਖਾਸ ॥
ਖਾਲਸੇ ਮੇ ਮੈਂ ਕਰੋਂ ਨਿਵਾਸ ॥
ਖਾਲਸਾ ਮੇਰੋ ਮੁਖ ਹੈ ਅੰਗ ॥
ਖਾਲਸੇ ਕੇ ਹੌ ਸਦ ਸਦ ਸੰਗ ॥

Sri Satguru Jagjit Singh Ji eLibrary NamdhariElibrary@gmail.com

ਖਾਲ਼ਸਾ ਮੇਰੋ ਇਸਟ ਸੁਹਿਰਦ ॥
ਖਾਲਸਾ ਮੇਰੋ ਕਹੀਅਤ ਬਿਰਦ ॥

....

ਯਾ ਮੈ ਰੰਚ ਨ ਮਿਥਯਾ ਭਾਖੀ ॥
ਪਾਰਬ੍ਰਹਮ ਗੁਰ ਨਾਨਕ ਸਾਖੀ ॥

ਇਸ ਤਰ੍ਹਾਂ ਆਲਮ ਸਿੰਘ ਦੁਆਰੇ ਪੁਛੇ ਜਾਣ ਵਾਲੇ ਪ੍ਰਸ਼ਨਾਂ ਦੇ ਉੱਤਰ ਵੀ ਗੁਰੂ ਜੀ ਇਸ ਅਧਿਆਇ ਦੀ ਸਾਖੀ 111 ਵਿਚ ਦੇਂਦੇ ਹਨ ਸਾਖੀ ਦਾ ਅਰੰਭ ਹੈ :

ਏਕ ਬਾਰ ਆਲਮ ਸਿੰਘ ਆਯੋ ॥
ਸ਼੍ਰੀ ਸਤਗੁਰੁ ਪਦ ਸੀਸ ਨਿਵਾਯੋ ॥
ਪੂਛਯੋ ਪ੍ਰਸ਼ਨ ਦੀਨ ਦੁਖ ਕਰਨਾ ॥
ਧਰਮ ਸੇਤ ਪਾਲਕ ਅਘਹਰਨਾ ॥

ਇਥੇ ਆਲਮ ਸਿੰਘ ਨਾਲ ਭਵਿੱਖ ਬਾਣੀ ਹੋਈ ਵੀ ਦਰਸਾਈ ਹੈ। ਇਸ ਅਧਿਆਇ ਦੇ ਅੰਤ ਵਿਚ ਲਾਲ ਸਿੰਘ ਸਿੱਖ ਦੀ ਸ਼ਰਧਾਮਈ ਸਾਖੀ ਦਰਜ ਹੈ।

18. ਅਠਾਹਰਵਾਂ ਅਧਿਆਇ ਫਿਰ ਸੁਣੀਆਂ ਸੁਣਾਈਆਂ ਸਾਖੀਆਂ ਤੇ ਅਧਾਰਿਤ ਕਰ ਕੇ ਲਿਖਿਆ ਗਿਆ ਹੈ। ਇਸ ਵਿਚ ਗੁਰੂ ਦੇ ਸਿੱਖਾਂ ਦੀਆਂ ਸਾਖੀਆਂ ਦਰਜ ਹਨ। ਜਿਵੇਂ ਹਰ ਗੁਪਾਲ ਬਾਣੀਏ ਦੀ ਸਾਖੀ ਹੈ, ਧਿਆਨ ਸਿੰਘ ਅਤੇ ਬਿਸੰਭਰ ਦਾ ਪ੍ਰਸੰਗ ਦਰਜ ਹੈ। ਬਿਸੰਭਰ ਨੂੰ ਬਿਬੇਕ ਗਿਆਨ ਦੇਣ ਦੀ ਕਥਾ ਅੰਕਿਤ ਹੈ। ਇਸੇ ਕਾਂਡ ਵਿਚ ਭੂਪਨਾਮਾ ਅੰਕਿਤ ਹੈ। ਭੂਪਨਾਮਾ ਦੇ ਅਰੰਭ ਵਿਚ ਦਰਜ ਹੈ :

ਗੁਰੂ ਨਾਨਕ ਅੰਗਦ ਗੁਰੂ ਅਮਰਦਾਸ ਭਲ ਤੇਜ ॥
ਰਾਮ ਦਾਸ ਗੁਰੁ ਅਰਜਨ ਹਰਿ ਗੋਬਿੰਦ ਸੁਨ ਰੇਜ ॥
ਗੁਰੁ ਹਰਿ ਰਾਇ ਹਰਿ ਕ੍ਰਿਸ਼ਨ ਗੁਰੂ ਤੇਗ ਬਹਾਦਰ ॥
ਤਾਕਾ ਸੁਤ ਦਸਵਾ ਗੁਰੂ ਹੋਹਿ ਦਿਖਾਵਾ ਰੂਪ ॥

ਇਸ ਤੋਂ ਬਾਅਦ ਭਵਿੱਖਬਾਣੀ ਅੰਕਿਤ ਹੈ ਜਿਸ ਦਾ ਗੁਰਮੱਤ ਨਾਲ ਕੋਈ ਸੰਬੰਧ ਨਹੀਂ ਜੁੜਦਾ। ਇਹ ਸਾਰਾ ਪ੍ਰਸੰਗ 'ਸੋ ਸਾਖੀ' ਨਾਲ ਮਿਲਦਾ ਹੈ। ਇਸ ਅਧਿਆਇ ਵਿਚ ਰੋਪੜ ਵਾਸੀ ਸਿੱਖਾਂ ਦੀ ਕਥਾ ਵੀ ਅੰਕਿਤ ਹੈ। ਅੰਤਲੀ ਸਾਖੀ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਇਕ ਸਿੱਖ ਨੂੰ ਮਕਾਨ ਬਖਸ਼ਿਸ਼ ਕਰਨ ਦੀ ਕਥਾ ਹੈ। ਗੁਰੂ ਜੀ ਇਸ ਤਰ੍ਹਾਂ ਦੇ ਪਰਉਪਕਾਰ ਦੇ ਅਨੇਕਾਂ ਕੰਮ ਕਰਿਆ ਕਰਦੇ ਸਨ, ਪਰ ਇਸ ਸਾਖੀ ਦਾ ਕੋਈ ਇਤਿਹਾਸਿਕ ਪ੍ਰਮਾਣ ਨਹੀਂ ਮਿਲਦਾ।

19. ਉਤਾਰਾਰਧ ਖੰਡ ਦਾ ਉਨੀਵਾਂ ਅਧਿਆਇ ਫਿਰ ਬ੍ਰਾਹਮਣੀ ਮੱਤ ਦੇ ਪ੍ਰਭਾਵ ਦਾ ਲਖਾਇਕ ਹੈ। ਜਿਸ ਬਾਰੇ ਪਿੱਛੇ ਲੇਖਕ ਦੀ ਸ਼ਖ਼ਸੀਅਤ ਵਾਲੇ ਭਾਗ ਵਿੱਚ ਵੀ ਵਿਚਾਰ ਕੀਤੀ ਗਈ ਹੈ। ਲੇਖਕ ਗੁਰੂ ਜੀ ਨੂੰ ਸਰਾਧ ਕਰਵਾਉਂਦਿਆਂ ਦੱਸਦਾ ਹੈ ਜਿਵੇਂ :

ਏਕ ਬਾਰ ਗੁਰ ਸ੍ਰਾਧ ਕਰਾਯੋ ॥
ਬਹੁਤ ਬਸਤ੍ਰ ਹਯ ਗਬ ਬਸਤ ਚੁਯਾਓ ॥

Sri Satguru Jagjit Singh Ji eLibrary NamdhariElibrary@gmail.com

ਸਭ ਪੰਡਤ ਪਾਧੇ ਤਬ ਆਏ ॥
ਸਿਹਜਾ ਦਈ ਧਰਮ ਮਗ ਭਾਏ ॥ *(ਸਾਖੀ—122, ਪੰਨਾ—289)*

ਇਹ ਪ੍ਰਸੰਗ ਵੀ ਗੁਰਮੱਤ ਨਾਲ ਮੇਲ ਨਹੀਂ ਖਾਂਦਾ। ਸਗੋਂ ਮਨਮਤੀਆਂ ਦੁਆਰਾ ਜਨਮਸਾਖੀਆਂ ਵਿੱਚ ਅਜਿਹੀਆਂ ਘਟਨਾਵਾਂ ਤੇ ਆਧਾਰਤ ਜਾਪਦਾ ਹੈ। ਗੁਰੂ ਨਾਨਕ ਜੀ ਦੀਆਂ ਜਨਮ ਸਾਖੀਆਂ ਨਾਲ ਵੀ ਇਸੇ ਤਰ੍ਹਾ ਦੇ ਪ੍ਰਸੰਗ ਜੋੜੇ ਗਏ ਸਨ। ਇਸ ਅਧਿਆਇ ਵਿਚ ਮਾਤਾ ਜੀਤੋ ਜੀ ਦੇ ਜੋਗ-ਅਭਿਆਸ ਬਾਰੇ ਵੀ ਸਾਖੀ ਅੰਕਿਤ ਹੈ। ਜਗਨ ਨਾਥ ਦੀ ਸੰਗਤ ਲਈ ਸੋਨਾ ਭੇਜਣ ਲਈ ਹੁਕਮਨਾਮਾ ਭੇਜਣ ਦਾ ਪ੍ਰਸੰਗ ਵੀ ਦਰਜ ਹੈ। ਇਸੇ ਅਧਿਆਇ ਵਿਚ ਗੁਰੂ ਜੀ ਦੁਆਰਾ 9 ਕਰੋੜ ਦਾ ਧਨ ਸਤਲੁਜ ਵਿਚ ਪਾਉਣ ਦਾ ਪ੍ਰਸੰਗ ਵੀ ਅੰਕਿਤ ਹੈ। ਇਸ ਦੇ ਨਾਲ ਹੀ ਭੀਮ ਚੰਦ ਦੁਆਰਾ ਸਤਲੁਜ ਵਿਚੋਂ ਧਨ ਖੋਜਣ ਦਾ ਪ੍ਰਸੰਗ ਵੀ ਜੋੜ ਦਿੱਤਾ ਹੈ। ਇਹ ਤਰ੍ਹਾਂ ਦੀਆਂ ਸਾਖੀਆਂ ਸਿੱਖੀ-ਸਿੱਧਾਂਤਾਂ ਦੇ ਵਿਰੁੱਧ ਹਨ। ਕਵੀਂ ਸਭਾ ਵਿੱਚ ਪ੍ਰਸ਼ਨਾਂ-ਉੱਤਰਾਂ ਸੰਬੰਧੀ ਵੀ ਇਕ ਸਾਖੀ ਦਰਜ ਹੈ ਅਤੇ ਅਖੀਰ ਵਿੱਚ ਕਿਸੇ ਮਥਰਾ ਨਾਂ ਦੇ ਪੰਡਿਤ ਨੂੰ ਜੋਗ-ਅਭਿਆਸ ਦੇਣ ਦਾ ਪ੍ਰਸੰਗ ਹੈ। ਇਸ ਕਿਸਮ ਦੇ ਰਲਾ ਮਨਮਤੀਆਂ ਦੁਆਰਾ ਹਰ ਗੁਰੂ ਸਾਹਿਬਾਂ ਦੇ ਜੀਵਨ ਸਮਾਚਾਰਾਂ ਵਿਚ ਪਾਉਣ ਦੇ ਯਤਨ ਕੀਤੇ ਗਏ ਸਨ। ਹਿੰਦੂ ਧਰਮ ਦੀ ਪੁਜਾਰੀ ਸ਼੍ਰੇਣੀ ਗੁਰੂ ਸਾਹਿਬਾਂ ਦੇ ਵਧਦੇ ਪ੍ਰਭਾਵ ਤੋਂ ਦੁੱਖੀ ਸੀ। ਉਸ ਲਈ ਉਸ ਸ਼੍ਰੇਣੀ ਨੇ ਗੁਰੂ ਜੀ ਦੇ ਇਤਿਹਾਸ ਨੂੰ ਵਿਗਾੜਣ ਲਈ ਅਜਿਹੀਆਂ ਸਾਖੀਆਂ ਘੜੀਆਂ ਹਨ।

20. ਵੀਹਵੇਂ ਅਧਿਆਇ ਵਿਚ ਅੱਠ ਸਾਖੀਆਂ ਦਰਜ ਹਨ ਇਨ੍ਹਾਂ ਵਿਚ ਜਪੁਜੀ ਦੀ ਪਉੜੀ, ਪਉੜੀ ਦਾ ਮਹਾਤਮ, ਭਾਈ ਮਨੀ ਸਿੰਘ ਜੀ ਦੀ ਕਥਾ, ਗੁਰੂ ਗ੍ਰੰਥ ਸਾਹਿਬ ਕਰਤਾਰਪੁਰੋਂ ਮੰਗਵਾਉਣ ਲਈ ਹਰਕਾਰਾ ਭੇਜਣਾ, ਸਬੀਹ ਸਾਹਬ ਦੀ ਕਥਾ, ਤਮਾਕੂ ਦੀ ਉਤਪਤੀ ਦੀ ਕਥਾ ਅਤੇ ਮੁੰਡਨ ਕਦੋਂ ਤੋਂ ਚਲੇ ਆਦਿ ਕਥਾਵਾਂ ਦਰਜ ਹਨ। ਇਨ੍ਹਾਂ ਵਿਚ ਉਸ ਸਮੇਂ ਦੇ ਰਚੇ ਰਹਿਤਨਾਮਿਆਂ ਦਾ ਪ੍ਰਭਾਵ ਵੇਖਿਆ ਜਾ ਸਕਦਾ ਹੈ। ਤਮਾਕੂ ਅਤੇ ਮੁੰਡਨ ਕਰਨ ਦੀ ਕਥਾ ਦਾ ਸੰਬੰਧ ਸਿੱਧਾ ਰਹਿਤਨਾਮਿਆਂ ਨਾਲ ਹੈ। ਭਾਵੇਂ ਇਸ ਗੱਲ ਦੀ ਕੋਈ ਇਤਿਹਾਸਿਕ ਪ੍ਰਮਾਣਿਕਤਾ ਨਹੀਂ ਮਿਲਦੀ ਤਾਂ ਵੀ ਲੇਖਕ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਾਲੀ ਸਾਖੀ ਵਿਚ ਦੱਸਿਆ ਹੈ ਕਿ ਕਰਤਾਰਪੁਰੋਂ ਧੀਰਮੱਲੀਆਂ ਪਾਸੋਂ ਬੀੜ ਨਾ ਮਿਲਣ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਬੀੜ ਦਾ ਉਚਾਰਣ ਕੀਤਾ ਸੀ ਉਹ ਪਟਨਾ ਸਾਹਿਬ ਵਿਚ ਮੋਜੂਦ ਹੈ ਜਿਵੇਂ :

ਏਕ ਬਾਰ ਕਰਤਾਰਪੁਰ ਕਲਗੀਧਰਨ ਨਰ ਰਾਇ ॥
ਧੀਰ ਮਲ ਕੇ ਢਿਗ ਪੜੀ ਪਤ੍ਰੀ ਸਰਲ ਸੁਭਾਇ ॥

....

ਬੀੜ ਤਯਾਰ ਸੁੰਦਰ ਕਰਵਾਈ ॥
ਕੇਤਕ ਦਿਨ ਮੱਧਯ ਹਰਖਾਈ ॥

....

ਤਬਲੌ ਪਟਨੇ ਨਗਰ ਕੇ ਸਿੱਖ ਸਖਾ ਸੁਖ ਖਾਨ ॥
ਆਏ ਦਰਸਨ ਕਰਨ ਹਿਤ ਆਨੰਦਪੁਰ ਮੁਦ ਮਾਨ ॥ *(ਸਾਖੀ—134)*

....

ਸੋਇ ਗ੍ਰੰਥ ਕਹਯੋ ਲੈ ਜਾਹੂ ॥
ਮਮ ਸਮ ਪੂਜਹੁ ਮੰਦਰ ਮਾਹੂ ॥

Sri Satguru Jagjit Singh Ji eLibrary NamdhariElibrary@gmail.com

ਕਿਉਂਕਿ ਇਸ ਪੁਸਤਕ ਦਾ ਕਰਤਾ ਬਾਬਾ ਸੁਮੇਰ ਸਿੰਘ ਮਹੰਤ ਪਟਨਾ ਸਾਹਿਬ ਦੇ ਮਹੰਤ ਵੀ ਰਹੇ ਹਨ। ਸ਼ਾਇਦ ਆਪ ਦਾ ਨਿੱਜੀ ਵਿਚਾਰ ਇਸ ਸਾਖੀ ਦਾ ਆਧਾਰ ਹੋਵੇ। ਜੇ ਅਜਿਹਾ ਹੁੰਦਾ ਤਾਂ ਫਿਰ ਦਮਦਮਾ ਸਾਹਿਬ ਵਾਲੀ ਬੀੜ ਰਚਨ ਦੀ ਕੀ ਲੋੜ ਸੀ ? ਇਸ ਪ੍ਰਸ਼ਨ ਦਾ ਉਤਰ ਸਾਖੀ ਕਾਰ ਨੇ ਕੋਈ ਨਹੀਂ ਦਿੱਤਾ। ਸਾਖੀ ਨੰ: 133 ਵਿਚ ਭਾਈ ਮਨੀ ਸਿੰਘ ਜੀ ਸ਼ਹੀਦ ਵਾਲੀ ਦਮਦਮੀ ਟਕਸਾਲ ਦਾ ਜਿਕਰ ਵੀ ਹੈ। ਜਿਵੇਂ :

ਤਬ ਤੇ ਅਬਲੌ ਗੁਰਮੁਖ ਪਯਾਰੇ ॥
ਸੀਖਤ ਅਰਥ ਕਰਤ ਹਿਤ ਪਾਰੇ ॥
ਬਧੀ ਅਧਿਕ ਟਕਸਾਲ ਸੁਹਾਨੀ ॥
ਮਨੀ ਸਿੰਘ ਭਏ ਤਿਨ ਕੇ ਗਿਆਨੀ ॥
ਪੁਨ ਗੁਰਬਖਸ਼ ਸਿੰਘ ਜੀ ਭਏ ॥
ਅਮਰ ਸਿੰਘ ਤਿਨ ਤੇ ਪਚ ਲਏ ॥
ਤਿਨ ਤੇ ਭਏ ਅਧਿਕ ਸੁਖਦਾਨੀ ॥
ਸਭ ਮਹਿ ਮੁਖਯ ਰਾਮ ਸਿੰਘ ਗਿਆਨੀ ॥
ਤਿਨ ਤੇ ਮਮ ਪਿਤ ਅਰਥ ਸੁ ਸੀਖੇ ॥
ਅਰ ਸੁ ਜਥਾਰਥ ਕਰ ਚਿਤ ਲੀਖੇ ॥

ਇਸ ਪ੍ਰਸੰਗ ਦੀ ਇਤਿਹਾਸਕ ਮਹਾਨਤਾ ਹੈ ਭਾਵੇਂ ਲੇਖਕ ਨੇ ਆਪਣੇ ਵੰਸ਼ ਦਾ ਸੰਬੰਧ ਇਸ ਟਕਸਾਲ ਨਾਲ ਜੋੜਨ ਦਾ ਯਤਨ ਵੀ ਕੀਤਾ ਹੈ। ਇਸ ਅਧਿਆਇ ਵਿਚ ਇਹ ਦੋ ਉਪਰੋਕਤ ਸਾਖੀਆਂ ਹੀ ਮਹੱਤਵਪੂਰਨ ਹਨ। ਬਾਕੀ ਸਾਖੀਆਂ ਪ੍ਰਚੱਲਿਤ ਕਥਾਵਾਂ ਤੇ ਅਧਾਰਿਤ ਹਨ।

21. ਇੱਕੀਵੇਂ ਅਧਿਆਇ ਵਿਚ ਗੁਰੂ ਸਾਹਿਬ ਦੀ ਕੁਰਸ਼ੇਤਰ ਯਾਤਰਾ ਦਾ ਹਾਲ ਵਰਨਣ ਹੈ। ਕੁਰਸ਼ੇਤਰ ਸੂਰਜ ਗ੍ਰਹਿਣ ਦੇ ਸਮੇਂ ਬੜਾ ਵੱਡਾ ਮੇਲਾ ਲਗਦਾ ਸੀ। ਗੁਰੂ ਸਾਹਿਬ ਧਰਮ ਪ੍ਰਚਾਰ ਦੇ ਆਸ਼ੇ ਨਾਲ ਕੁਰਸ਼ੇਤਰ ਗਏ ਅਤੇ ਆਪਣੇ ਮੰਤਵ ਦੀ ਪੂਰਤੀ ਲਈ ਜਗਿਆਸੂਆਂ ਨੂੰ ਸਿੱਖਿਆ ਦਿੱਤੀ। ਇਸ ਅਧਿਆਇ ਵਿਚ ਆਵਲਖੇੜੀ ਜਾਣ ਦਾ ਪ੍ਰਸੰਗ ਵੀ ਅੰਕਿਤ ਹੈ। ਕੁਰਸ਼ੇਤਰ ਤੋਂ ਵਾਪਸ ਪਰਤਦੇ ਸਮੇਂ ਗੁਰੂ ਜੀ ਦੇ ਚਮਕੌਰ ਠਹਿਰਣ ਦਾ ਪ੍ਰਸੰਗ ਵੀ ਅੰਕਿਤ ਹੈ। ਇਸ ਭਾਗ ਵਿਚ ਕਾਬਲ ਦੀ ਸੰਗਤ ਦੇ ਆਉਣ ਨਾਲ ਵੀ ਇਕ ਸਾਖੀ ਸੰਬੰਧ ਰੱਖਦੀ ਹੈ। ਇਸ ਅਧਿਆਇ ਦੀਆਂ ਮਹੱਤਵਪੂਰਨ ਘਟਨਾਵਾਂ ਵਿੱਚੋਂ ਅਲਿਫ਼ ਖਾਂ ਅਤੇ ਸੈਦ ਬੇਗ ਦੇ ਯੁੱਧ ਦੀ ਘਟਨਾ ਹੈ। ਇਸੇ ਅਧਿਆਇ ਵਿੱਚ ਲੇਖਕ ਨੇ ਕਵੀ ਹੰਸ ਰਾਮ ਨੂੰ ਅਨੰਦਪੁਰ ਤੋਂ ਵਿਦਾ ਕਰਨ ਦਾ ਪ੍ਰਸੰਗ ਵੀ ਦਰਜ ਕੀਤਾ ਹੈ। ਇਸ ਦੇ ਨਾਲ ਹੀ ਸਿਰ ਸਦਕ ਦੀ ਕਥਾ ਵੀ ਦਰਜ ਹੈ। ਭੀਮ ਚੰਦ ਦੇ ਹਾਰਨ ਦੀ ਸਾਖੀ ਹੈ। ਸਾਲ ਪੱਤਰ-ਵਿਦਿਆ ਬਾਰੇ ਜਾਣਕਾਰੀ ਹੈ। ਭਾਈ ਭਗਤ ਸਿੰਘ ਦਾ ਪ੍ਰਸੰਗ ਵੀ ਇਸ ਅਧਿਆਇ ਦੇ ਅੰਤ ਤੇ ਅੰਕਿਤ ਕੀਤਾ ਗਿਆ ਹੈ।

ਇਤਿਹਾਸਕ ਦ੍ਰਿਸ਼ਟੀ ਤੋਂ ਇਸ ਅਧਿਆਇ ਵਿਚ ਸੈਦ ਬੇਗ ਅਤੇ ਅਲਿਫ਼ ਖਾਂ ਦਾ ਯੁੱਧ ਬਹੁਤ ਮਹੱਤਵਪੂਰਨ ਹੈ। ਇਹ ਦੋਵੇਂ ਸ਼ਾਹੀ ਜਰਨੈਲ ਸਨ। ਪਹਾੜੀ ਰਾਜਿਆਂ ਨੇ ਇਨ੍ਹਾਂ ਨੂੰ ਗੁਰੂ ਜੀ ਵਿਰੁੱਧ ਉਕਸਾ ਹਮਲਾ ਕਰਵਾ ਦਿੱਤਾ। ਗੁਰੂ ਜੀ ਦੇ ਸਿੱਖ ਬੜੀ ਬਹਾਦਰੀ ਨਾਲ ਲੜੇ ਇਸ ਤੇ ਸੈਦ ਬੇਗ ਬਹੁਤ ਪ੍ਰਭਾਵਤ ਹੋਇਆ ਅਤੇ ਰਣਭੂਮੀ ਵਿਚ ਹੀ ਆਪਣੇ 200 ਵਿਸ਼ਵਾਸਪਾਤਰ ਸੈਨਿਕਾਂ ਨਾਲ ਗੁਰੂ ਜੀ ਦੀ ਸ਼ਰਨ ਵਿਚ ਆ ਗਿਆ ਅਤੇ ਅਲਿਫ਼ ਖਾਂ ਦੇ

Sri Satguru Jagjit Singh Ji eLibrary NamdhariElibrary@gmail.com

ਵਿਰੁੱਧ ਲੜਨ ਲੱਗਾ। ਇਹ ਵੇਖ ਕੇ ਅਲਿਫ਼ ਖਾਂ ਮੈਦਾਨ ਛੱਡ ਕੇ ਭੱਜ ਗਿਆ ਅਤੇ ਗੁਰੂ ਜੀ ਦੀ ਜਿੱਤ ਹੋਈ। ਬਾਬਾ ਸੁਮੇਰ ਸਿੰਘ ਮਹੰਤ ਇਸ ਲੜਾਈ ਦਾ ਹਾਲ ਇਸ ਪੁਸਤਕ ਵਿਚ ਇਸ ਤਰ੍ਹਾਂ ਦਰਜ ਕਰਦੇ ਹਨ :

ਦਵੈ[1] ਉਮਰਾਉ[2] ਲਹੋਰ ਤੇ ਦਿਹਲੀ ਰਸਤੇ ਜਾਤ ॥
ਦਸ ਸਹੈਸ੍ ਸੈਨਾ ਲਿਏ ਅਧਿਕ ਬਲੀ ਬਿਖਯਾਤ ॥
ਪਾਂਚ ਹਜਾਰ ਸੈਨ ਕੋ ਮਾਲਿਕ ਸੈਦ ਬੇਗ ਜਿਹਨਾਮਾ ॥
ਲਖ ਛਬੀ ਦੀਨ ਬੰਧੁ ਸਾਹਿਬ ਭੂਲਯੋ ਸਭ ਧਨ ਧਾਮਾ ॥
ਬਿਲਗਿ ਸੈਨ ਆਪਨੀ ਕਰ ਸਾਰੀ ਜਿਨ ਮਾਨੀ ਤਿਹਿ ਆਨਾ ॥
ਸਿੰਘ ਦਿਸ ਤੇ ਮਾਰਨ ਲਾਗਯੋ ਦਲ ਤੁਰਕਾਨਾ ॥

....

ਅਲਫ ਖਾਨ ਕਹਿਯ ਖੁਦਾਇ ਯਾ ਭਯੋ ਕਹਾ ਬਲ ਖਾਵੈ ॥

(ਸਾਖੀ 142)

ਇਸ ਅਧਿਆਇ ਵਿਚ ਇਕ ਬ੍ਰਾਹਮਣ ਦੀ ਨਵ-ਵਿਆਹੀ ਪਤਨੀ ਦਾ ਬਸੀ ਦੇ ਪਠਾਣਾਂ ਹੱਥੋਂ ਖੋਹੇ ਜਾਣ ਦਾ ਪ੍ਰਸੰਗ ਵੀ ਹੈ। ਗੁਰੂ ਜੀ ਨੇ ਸਾਹਿਬਜ਼ਾਦਾ ਅਜੀਤ ਸਿੰਘ ਦੀ ਕਮਾਨ ਹੇਠ ਸਿੱਖਾਂ ਨੂੰ ਭੇਜਿਆ ਜਿਨ੍ਹਾਂ ਨੇ ਬ੍ਰਾਹਮਣ ਦੀ ਪਤਨੀ ਵਾਪਸ ਲੈ ਜਾਂਦੀ। ਜਿਵੇਂ :

ਕਬਹੁ ਕ ਇਕ ਦਿਜ ਲੈ ਤਿਅ ਅਪਨੋ ਜਾਤ ਰਹੋ ਨਿਜਧਾਮਾ ॥
ਲਖ ਸਰੂਪ ਸੋ ਤੁਰਕਨ ਛੀਨੀ ਸੋ ਆਯੋ ਗੁਹ ਸਾਮਾ ॥

....

ਲੂਟ ਕੂਟ ਤਿਹਿ ਨਾਰਿ ਨਿਕਾਰੀ
ਦਈ ਦਿਜਹਿ ਗੁਰ ਪਰਉਪਕਾਰੀ ॥

ਇਸ ਅਧਿਆਇ ਵਿਚ ਭਵਿੱਖਬਾਣੀ ਦੀ ਸਾਖੀ ਵੀ ਅੰਕਿਤ ਹੈ ਜਿਸ ਦਾ ਸਰੋਤ ਲੇਖਕ 'ਗੁਰ ਪ੍ਰਤਾਪ ਸੂਰਜ ਗ੍ਰੰਥ' ਲਿਖਿਆ ਹੈ, ਜਿਵੇਂ :

ਇਤਿ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥੇ ਪੰਚਮ ਖਸਟ ਤ੍ਰਿਸੰਤੀ ਅੰਸੁ ॥

ਇਸ ਅਧਿਆਇ ਦੇ ਅੰਤ ਵਿਚ ਝੰਗ ਦੇ ਇਲਾਕੇ ਦੇ ਇਕ ਸਿੱਖ ਭਗਤ ਸਿੰਘ ਦੀ ਕਥਾ ਦਰਜ ਹੈ।

22. ਬਾਈਸਵੇਂ ਅਧਿਆਇ ਵਿੱਚ 11 ਸਾਖੀਆਂ ਹਨ। ਇਕ ਸਾਖੀ ਇਕ ਗੁਰਸਿੱਖ ਦੁਆਰਾ ਕਾਲ ਨੂੰ ਜਿੱਤਣ ਨਾਲ ਸੰਬੰਧਿਤ ਹੈ। ਦੂਸਰੀ ਸਾਖੀ ਭਾਈ ਦਯਾ ਸਿੰਘ ਜੀ ਦੁਆਰਾ ਗਿਆਨ ਜੋਗ ਕਹਿਣ ਨਾਲ ਸੰਬੰਧਿਤ ਹੈ। ਤੀਸਰੀ ਵਿੱਚ ਗੁਰਸਿੱਖ ਮਹਾਤਮ ਅੰਕਿਤ ਹੈ। ਚੌਥੀ ਵਿਚ ਬਾਬਾ ਮੇਘ ਰਾਜ ਜੀ ਭੱਲੇ ਦਾ ਪ੍ਰਸੰਗ ਵਰਣਨ ਹੈ। ਪੰਜਵੀਂ ਸਾਖੀ ਵਿਚ ਗੁਰੂ ਜੀ ਦੁਆਰਾ ਗੋਇੰਦਵਾਲ ਦੀ ਗੁਪਤ ਯਾਤਰਾ ਕਰਨ ਦਾ ਹਾਲ ਬਿਆਨ ਹੈ। ਛੇਵੀਂ ਵਿਚ ਇਸਤ੍ਰੀ ਤਿਆਗ ਬਾਰੇ ਵਿਚਾਰ ਅੰਕਿਤ ਹਨ। ਸਤਵੀਂ ਵਿਚ ਸਿੱਖ ਅਤੇ ਸਿੱਖਣੀ ਦੇ ਸਿਦਕ ਦੀ ਗੱਲ ਕੀਤੀ ਹੈ, ਅੱਠਵੀਂ ਵਿਚ ਮਾਤਾ ਗੂਜਰੀ ਜੀ ਦੁਆਰਾ ਖੱਟ ਦਰਸ਼ਨ ਲੰਗਰ ਕਰਨ ਦਾ ਪ੍ਰਸੰਗ ਅੰਕਿਤ ਹੈ।

---

1. ਦੋਵੇਂ
2. ਸਰਦਾਰ

Sri Satguru Jagjit Singh Ji eLibrary NamdhariElibrary@gmail.com

ਨੌਵੀਂ ਵਿਚ ਸਾਧ ਫਤੇ ਚੰਦ ਅਤੇ ਦੇਵ ਦੀ ਲੜਾਈ ਦਾ ਹਾਲ ਅੰਕਿਤ ਹੈ। ਦਸਵੀਂ ਵਿਚ ਪੋਰਾਣਿਕ ਪੰਡਤ ਦੇਵੀ ਦਿੱਤੇ ਦਾ ਪ੍ਰਸੰਗ ਹੈ।

ਇਸ ਅਧਿਆਇ ਵਿੱਚ ਬਾਬਾ ਮੇਘ ਰਾਜ ਭੱਲਾ ਦੀ ਸਾਖੀ ਵਿਸ਼ੇਸ਼ ਮਹੱਤਵ ਦੀ ਧਾਰਨੀ ਹੈ। ਇਸ ਪੁਸਤਕ ਦੇ ਕਰਤਾ ਦਾ ਸੰਬੰਧ ਗੁਰੂ ਅਮਰਦਾਸ ਜੀ ਦੇ ਵੰਸ਼ ਨਾਲ ਸੀ। ਮੇਘ ਰਾਜ ਜੀ ਵੀ ਗੁਰੂ ਅਮਰਦਾਸ ਜੀ ਦੀ ਵੰਸ਼ ਵਿਚੋਂ ਸਨ। ਲੇਖਕ ਨੇ ਇਸ ਸਾਖੀ ਵਿਚ ਦੱਸਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਵਰ ਨਾਲ ਬਾਬਾ ਮੇਘ ਰਾਜ ਜੀ ਦੇ ਘਰ ਚਾਰ ਪੁਤਰ ਹੋਏ। ਜਿਨ੍ਹਾਂ ਵਿੱਚੋਂ ਇਕ ਰਤਨ ਸਿੰਘ ਦੀ ਅੰਸ਼ ਵਿਚੋਂ ਅੱਗੇ ਲੇਖਕ ਦੇ ਪਿਤਾ ਜੀ ਸਨ। ਜਿਵੇਂ :

ਰਤਨ ਸਿੰਘ ਕੇ ਬਹੁੜ ਮੱਲ ॥
ਗਈ ਬਹੋਰਨ ਹਾਰ ਅਚਲ ॥
ਤਿਨ ਕੇ ਸ੍ਰੀ ਸਰੂਪ ਸੰਸਿ ਬਾਬਾ ॥
ਜਿਨ ਮਹਿਮਾਂ ਪ੍ਰਕਾਸ਼ ਅਜਾਬਾ ॥
ਤਿਨ ਕੇ ਕ੍ਰਿਪਾ ਦਿਯਾਲ ਸਿੰਘ ਸਵਾਮੀ ॥
ਕਪਲ ਦੇਵ ਘਟ ਅੰਤਰ ਜਾਮੀ ॥
ਤਿਨ ਕੇ ਸਾਹਿਬ ਸਾਧੂ ਸਿੰਘ ॥
ਜਿਨ ਸੁਤ ਮੈਂ ਸੁਮੇਰ ਹਰਿ ਸਿੰਘ ॥ *(ਸਾਖੀ 153)*

ਇਸ ਅਧਿਆਇ ਵਿੱਚ "ਸ਼੍ਰੀ ਮੁਖਵਾਕ ਸਵੈਯਾ ਪਾਤਸ਼ਾਹੀ 10' ਸਿਰਲੇਖ ਅਧੀਨ ਗੁਰੂ ਜ਼ੀ ਦੇ ਮੁਖਾਰਬਿੰਦ ਤੋਂ ਉਚਾਰਨ ਬਾਣੀ ਵੀ ਅੰਕਿਤ ਹੈ। ਜਿਵੇਂ :

ਜੁੱਧ ਜਿਤੇ ਇਨਹੀ ਕੇ ਪ੍ਰਸਾਦਿ,
ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ ॥
ਅਘ ਅਉਧ ਟਰੈ ਇਨਹੀ ਕੇ ਪ੍ਰਸਾਦਿ,
ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ ॥
ਇਨਹੀ ਕੇ ਪ੍ਰਸਾਦਿ ਸੁ ਬਿਦਿਆ ਲਈ,
ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ ॥
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ,
ਨਹੀ ਮੋਸੇ ਗਰੀਬ ਕਰੋਰ ਪਰੇ ॥

ਇਸ ਅਧਿਆਇ ਵਿਚ 'ਬਚਿਤ੍ਰ ਨਾਟਕ' ਵਿਚੋਂ ਵੀ ਕੁਝ ਟੁਕਾਂ ਅੰਕਿਤ ਹਨ। ਜਿਵੇਂ :

ਜੇ ਹਮ ਕੋ ਪਰਮੇਸੁਰ ਉਚਰਿ ਹੈ ॥
ਤੇ ਸਭ ਨਰਕਿ ਕੁੰਡ ਮਹਿ ਪਰਿ ਹੈ ॥
ਮੋ ਕੋ ਦਾਸ ਤਵਨ ਕਾ ਜਾਨੋ ॥
ਯਾ ਮੈ ਭੇਦ ਨ ਰੰਚ ਪਛਾਨੋ ॥
ਮੈ ਹੋ ਪਰਮ ਪੁਰਖ ਕੋ ਦਾਸਾ ॥
ਦੇਖਨਿ ਆਯੋ ਜਗਤ ਤਮਾਸਾ ॥
ਜੋ ਪ੍ਰਭ ਜਗਤਿ ਕਹਾ ਸੋ ਕਹਿ ਹੋ ॥
ਮ੍ਰਿਤ ਲੋਗ ਤੇ ਮੋਨਿ ਨ ਰਹਿ ਹੋ ॥

Sri Satguru Jagjit Singh Ji eLibrary NamdhariElibrary@gmail.com

ਇਸ ਤਰ੍ਹਾਂ ਇਹ ਅਧਿਆਇ ਗੁਰਮੱਤ ਦੇ ਬੁਨਿਆਦੀ ਸਿੱਧਾਂਤਾਂ ਦੀ ਵਿਆਖਿਆ ਵੀ ਕਰਦਾ ਹੈ। ਅੰਤਮ ਸਾਖੀ ਪੋਰਾਣਿਕ ਪੰਡਤ ਦੇਵੀ ਦਿੱਤਾ ਦੇ ਪ੍ਰਸੰਗ ਨੂੰ 'ਬਚਿਤ੍ਰ ਨਾਟਕ' ਦੇ ਪਰਿਪੇਖ ਵਿਚ ਪੇਸ਼ ਕਰਦੀ ਹੈ।

23. ਤੇਈਸਵਾਂ ਅਧਿਆਇ ਕਵੀਆਂ ਦੁਆਰਾ ਗੁਰ-ਸੋਭਾ ਕਰਨ ਦੇ ਪ੍ਰਸੰਗ ਨਾਲ ਸੰਬੰਧਿਤ ਹੈ। ਇਸ ਅਧਿਆਇ ਦਾ ਆਧਾਰ ਵੀ ਕਈ ਸੈਨਾ-ਪਤਿ ਆਦਿ ਦੁਆਰਾ ਰਚਿਤ ਗੁਰਸੋਭਾ ਦੇ ਪ੍ਰਸੰਗ ਹਨ। ਹਰਿ ਕਵੀ ਦੇ ਕਬਿਤ, ਆਲਮ ਕਬਿਦਾਨ, ਹੰਸ ਰਾਮ, ਆਦਿ ਕਵੀਆਂ ਦੁਆਰਾ ਰਚਿਆ 'ਗੁਰ ਜਸ' ਅੰਕਿਤ ਹੈ।

24. ਚੋਵੀਸਵੇਂ ਅਧਿਆਇ ਵਿੱਚ ਪਹਿਲੀ ਸਾਖੀ ਮਾਤਾ ਜੀ ਨੂੰ ਸਰਾਪ ਦੇਣ ਨਾਲ ਸੰਬੰਧਿਤ ਹੈ। ਦੂਸਰੀ ਵਿਚ ਸੈਦ ਖਾਂ ਦੇ ਫ਼ੌਜ ਲੈ ਕੇ ਆਉਣ ਦਾ ਪ੍ਰਸੰਗ ਹੈ। ਤੀਸਰੀ ਸਾਖੀ ਵਿਚ ਸੈਦ ਖਾਂ ਦੇ ਦਰਸ਼ਨ ਕਰ ਕੇ ਤਿਆਗੀ ਹੋ ਜਾਣ ਦਾ ਪ੍ਰਸੰਗ ਹੈ। ਚੋਥੀ ਸਾਖੀ ਵਿਚ ਰਮਜਾਨ ਖਾਂ ਬੱਧ ਦਾ ਪ੍ਰਸੰਗ ਵਰਣਨ ਹੈ। ਪੰਜਵੀਂ ਵਿਚ ਭੀਮ ਚੰਦ ਦੇ ਔਰੰਗਜ਼ੇਬ ਕੋਲ ਜਾਣ ਦਾ ਪ੍ਰਸੰਗ ਹੈ। ਛੇਵੀਂ ਵਿਚ ਦਿੱਲੀ, ਲਾਹੌਰ ਅਤੇ ਸਰਹੰਦ ਦੇ ਸੂਬਿਆਂ ਦੀਆਂ ਫ਼ੌਜਾਂ ਦਾ ਆਨੰਦਪੁਰ ਉਪਰ ਚੜ੍ਹ ਆਉਣ ਦਾ ਹਾਲ ਵਰਣਨ ਹੈ। ਇਸ ਅਧਿਆਇ ਵਿਚ ਲੇਖਕ ਨੇ ਸ਼੍ਰੀ ਕ੍ਰਿਸ਼ਨ ਵਾਂਗ ਗੁਰੂ ਜੀ ਦੁਆਰਾ ਸਿੱਖ ਨੂੰ ਯੁੱਧ ਦਾ ਗੀਤਾ ਉਪਦੇਸ਼ ਦੇਂਦਿਆਂ ਵੀ ਦੱਸਿਆ ਹੈ।

ਇਤਿਹਾਸਕ ਦ੍ਰਿਸ਼ਟੀ ਤੋਂ ਇਸ ਅਧਿਆਇ ਦਾ ਬਹੁਤ ਮਹੱਤਵ ਹੈ। ਰਮਜ਼ਾਨ ਖਾਂ ਦੇ ਮਾਰੇ ਜਾਣ ਵਾਲੇ ਪ੍ਰਸੰਗ ਵਿਚੋਂ ਕੁਝ ਸਤਰਾਂ ਹਨ :

ਚੋਖੋ ਸਰਾਸਨ ਤੇ ਕਢ ਤੀਰ ਗੰਭੀਰ ਗੁਰੂ ਧਨੁ ਦੁਪਰ ਰਾਖਾ ॥
ਕਾਨ ਪ੍ਰਮਾਨ ਲੌ ਤਾਨ ਕਮਾਨ ਪਛਾਨ ਕੈ ਸਤ੍ਰ ਸੀਸ ਕੀ ਸਾਖਾ ॥
ਛੋਰਤ ਹੀ ਛਹਰਯੋ ਛਹਰਯੋ ਨਹੀਂ ਲਾਗਤ ਹੀ ਗਿਰਯੋ ਬਿਜਲਯੋ ਭਾਖਾ ॥
ਸ੍ਰੀ ਗੁਰੁ ਗੋਬਿੰਦ ਸਿੰਘ ਮਹਾਂਬਲੀ ਦੇਵ ਕਹੈ ਪਨ ਪੂਰਨ ਰਾਖਾ ॥"

(ਸਾਖੀ 165)

ਰਮਜ਼ਾਨ ਖਾਂ ਦੇ ਮਾਰੇ ਜਾਣ ਦੀ ਘਟਨਾ 1760 ਬਿਕਰਮੀ ਅਥਵਾ 1704 ਈਸਵੀ ਦੇ ਅੰਤਲੇ ਸਮੇਂ ਦੀ ਹੈ। ਇਸੇ ਸਾਖੀ ਵਿਚ ਰਮਜ਼ਾਨ ਖਾਂ ਦੇ ਮਰਨ ਤੋਂ ਪਹਿਲਾਂ ਸ਼ਾਹੀ ਫ਼ੌਜ ਦੀ ਕਮਾਨ ਜਰਨੈਲ ਸੈਦ ਖ਼ਾਂ ਦੇ ਹੱਥ ਸੀ ਜਿਹੜਾ ਗੁਰੂ ਜੀ ਦੇ ਦਰਸ਼ਨ ਕਰਨ ਉਪਰੰਤ ਸਰਕਾਰੀ ਨੌਕਰੀ ਛੱਡ ਕੇ ਫ਼ਕੀਰ ਹੋ ਗਿਆ ਸੀ। ਭੀਮ ਚੰਦ ਰਾਜਾ ਔਰੰਗਜ਼ੇਬ ਕੋਲ ਜਾਂਦਾ ਹੈ ਅਤੇ ਸਹਾਇਤਾ ਦੀ ਮੰਗ ਕਰਦਾ ਹੈ। ਰਮਜ਼ਾਨ ਖਾਂ ਦੇ ਮਰਨ ਦੀ ਖ਼ਬਰ ਦਿੱਲੀ ਵੀ ਪੁੱਜਦੀ ਹੈ। ਪਹਾੜੀ ਰਾਜੇ ਮੁੜ ਔਰੰਗਜ਼ੇਬ ਕੋਲ ਜਾਂਦੇ ਹਨ। ਔਰੰਗਜ਼ੇਬ ਲਾਹੌਰ, ਸਰਹੰਦ ਦੇ ਸੂਬਿਆਂ ਨੂੰ ਪਰਵਾਨੇ ਭੇਜਦਾ ਹੈ। ਫਲਸਰੂਪ ਦਿੱਲੀ, ਲਾਹੌਰ ਅਤੇ ਸਰਹੰਦ ਦੀਆਂ ਫ਼ੌਜਾਂ ਨਾਲ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਵੀ ਅਨੰਦਪੁਰ ਨੂੰ ਘੇਰਾ ਪਾ ਲੈਂਦੀਆਂ ਹਨ। ਗੁਰੂ ਜੀ ਇਸ ਅੰਤਮ ਅਤੇ ਫ਼ੈਸਲਾਕੁਨ ਯੁੱਧ ਬਾਰੇ ਆਪਣੇ ਸਿੱਖ ਸਿਪਾਹੀਆਂ ਨੂੰ ਗੀਤਾ ਵਿਚ ਕ੍ਰਿਸ਼ਨ ਵਾਂਗ ਉਪਦੇਸ ਦੇਂਦੇ ਹਨ ਜਿਵੇਂ :

ਗੋਬਿੰਦ ਗੀਤਾ ਤਹਾਂ ਸੁਨਾਈ ॥
ਕਰੀ ਖਾਲਸਾ ਮੱਧਯ ਬਡਾਈ

Sri Satguru Jagjit Singh Ji eLibrary NamdhariElibrary@gmail.com

ਸਿੰਘਨ ਕੇ ਸੰਦੇਹ ਮਿਟਾਏ
ਜੁਧ ਧਰਮ ਸਭ ਭਾਂਤਿ ਦ੍ਰਿਢਾਏ ॥

25. ਪੱਚੀਸਵੇਂ ਅਧਿਆਇ ਵਿਚ ਅਨੰਦਪੁਰ ਦੀ ਸੁਰੱਖਿਆ ਲਈ ਕੀਤੇ ਗਏ ਪ੍ਰਬੰਧ ਦੀ ਸਾਖੀ ਦਰਜ ਹੈ। ਮੋਰਚਿਆਂ ਦੀ ਤਿਆਰੀ ਤੇ ਹਾਲ ਵਰਣਨ ਹੈ। ਸੂਬੇ, ਭੀਮ ਚੰਦ ਨਾਲ ਸਲਾਹ ਕਰਦੇ ਹਨ। ਲੇਖਕ ਨੇ ਯੁੱਧ ਦਾ ਇਕ ਦ੍ਰਿਸ਼ ਇਸ ਤਰ੍ਹਾਂ ਪੇਸ਼ ਕੀਤਾ ਹੈ।

ਦੁਹੂੰ ਓਰ ਕੇ ਮੋਰਚੇ ਭੀਰ ਭਾਰੀ ॥
ਤੀਰ ਗੋਰੀਨ ਕੀ ਚਲੀ ਮਾਰ ਮਾਰੀ ॥
ਚਲਾਕੀ ਦਿਖਾਵੈ ਕਰੈ ਭਾਉ ਆਛੇ ॥
ਲਰੇ ਮੋਛ ਐਂਠੇ ਜਬੈ ਕਾਛ ਕਾਛੈ ॥
ਚਲੀ ਸ੍ਰੋਨਧਾਰਾ ਰਿਸਾਹੀ ਸਾਹਨੀ ।[1]
ਮਹਾਰਾਜ ਕੀ ਮਾਨਕੈ ਆਨ ਬਾਨੀ ॥

ਭੀਮ ਸੈਨ ਸੂਬਾ ਸਰਹੰਦ, ਸੂਬਾ ਦਿੱਲੀ ਅਤੇ ਸੂਬਾ ਲਾਹੌਰ ਨੂੰ ਸਲਾਹ ਦੇਂਦਾ ਹੈ ਕਿ ਅਨੰਦਪੁਰ ਦਾ ਘੇਰਾ ਤੰਗ ਕੀਤਾ ਜਾਵੇ ਅਤੇ ਬਾਹਰੋਂ ਅੰਨ, ਬਸਤਰ ਕੋਈ ਚੀਜ਼ ਅੰਦਰ ਨਾ ਜਾਣ ਦਿੱਤੀ ਜਾਵੇ। ਇਸੇ ਅਧਿਆਇ ਵਿਚ ਘਟਾ ਤੋਪ ਦੀ ਵਰਤੋਂ ਬਾਰੇ ਵੀ ਲਿਖਿਆ ਹੈ। ਇਸ ਜ਼ਬਰਦਸਤ ਘੇਰੇ ਬਾਰੇ ਕਵੀ ਨੇ ਲਿਖਿਆ ਹੈ :

ਸੂਬਨ ਕਰੀ ਖਰੀ ਤਕਰਾਈ ਅੰਨ ਬਸਤ੍ਰ ਨਹਿ ਆਵੈ ॥
ਨਾਕੇ ਚਾਰ ਓਰ ਬੰਦ ਕਰ ਥਿਰ ਮੋਰਚਨ ਚਲਾਵੈ ॥

ਇਸ ਭਿਆਨਕ ਜੰਗ ਦੀਆਂ ਖ਼ਬਰਾਂ ਸਾਰੇ ਪੰਜਾਬ ਵਿਚ ਫੈਲ ਗਈਆਂ ਸਨ, ਇਸ ਲਈ ਸਿੱਖ ਵੀ ਵੱਡੀ ਗਿਣਤੀ ਵਿਚ ਅਨੰਦਪੁਰ ਪੁੱਜ ਚੁੱਕੇ ਸਨ। ਤਵਾਰੀਖ਼ ਗੁਰੂ ਖਾਲਸਾ ਅਨੁਸਾਰ ਜੰਗ ਅਰੰਭ ਹੋਣ ਸਮੇਂ ਸਿੱਖਾਂ ਦੀ ਫ਼ੌਜੀ ਗਿਣਤੀ ਲਗਪਗ ਦਸ ਹਜ਼ਾਰ ਸੀ ਜਦੋਂ ਕਿ ਦੁਸ਼ਮਨ ਦੀ ਦਸ ਲੱਖ ਤੋਂ ਵੀ ਵੱਧ ਸੀ। ਗੁਰੂ ਜੀ ਨੇ ਸਾਰੇ ਕਵੀ, ਲੇਖਕਾਂ ਤੇ ਵਿਦਵਾਨਾਂ ਦੇ ਪਰਵਾਰ ਅਨੰਦਪੁਰ ਤੋਂ ਬਾਹਰ ਭੇਜ ਦਿੱਤੇ ਸਨ। ਪਰ ਆਪਣਾ ਪਰਿਵਾਰ ਨਹੀਂ ਭੇਜਿਆ ਸੀ। ਸੂਬਾ ਸਰਹੰਦ ਵਜ਼ੀਰ ਖਾਂ ਦੀ ਕਮਾਨ ਹੇਠ ਮਈ 1704 ਈਸਵੀ ਵਿਚ ਇਹ ਯੁੱਧ ਅਰੰਭ ਹੋਇਆ। ਇਹ ਲੜਾਈ ਲੰਬੀ ਹੋ ਗਈ ਸੀ। ਇਸ ਅਧਿਆਇ ਵਿਚ ਇਕ ਸਾਖੀ ਦਰਜ ਹੈ ਕਿ ਵਜ਼ੀਰ ਖ਼ਾਂ ਤੇ ਜ਼ਬਰਦਸਤ ਖਾਂ ਇਕ ਰੁੱਖ ਦੀ ਛਾਵੇਂ ਸਤਰੰਜ ਖੇਡ ਰਹੇ ਸਨ ਕਿ ਗੁਰੂ ਜੀ ਨੇ ਇਕ ਤੀਰ ਦਾ ਨਿਸ਼ਾਨਾ ਮਾਰਿਆ। ਇਹ ਤੀਰ ਪਲੰਗ ਦੇ ਪਾਵੇ ਵਿਚ ਜਾ ਲੱਗਾ। ਵਜੀਰ ਖ਼ਾਂ ਨੇ ਤੀਰ ਪਛਾਣ ਕੇ ਕਿਹਾ ਕਿ ਇਹ ਤਾਂ ਕਰਾਮਾਤ ਹੈ। ਗੁਰੂ ਜੀ ਨੇ ਇਕ ਹੋਰ ਤੀਰ ਮਾਰਿਆ ਉਹ ਰੁੱਖ ਦੇ ਟਹਿਣੇ ਵਿਚ ਲੱਗਾ। ਇਸ ਨਾਲ ਇਕ ਪੱਤਰ ਸੀ ਜਿਸ ਵਿਚ ਗੁਰੂ ਜੀ ਨੇ ਲਿਖਿਆ ਸੀ ਕਿ ਇਹ ਕਰਾਮਾਤ ਨਹੀਂ, ਅਭਿਆਸ ਹੈ। ਅਸੀਂ ਤਹਾਨੂੰ ਸ਼ਸਤਰਾਂ ਦੀ ਲੜਾਈ ਤੋਂ ਬਿਨਾਂ ਨਹੀਂ ਮਾਰਨਾ ਚਾਹੁੰਦੇ।

ਦੂਸਰ ਧਨੁ ਪਰ ਸਰ ਸੰਧਾਨਾ ॥
ਕਾਨ ਪ੍ਰਮਾਨ ਤਾਨ ਪੁਨ ਹਾਨਾ ॥

---

1. ਸ਼ਾਹ ਦੀ ਫੌਜ

Sri Satguru Jagjit Singh Ji eLibrary NamdhariElibrary@gmail.com

ਲਗਯੋ ਜਾਇ ਸਿੰਮਲ ਤਰ ਡਾਲੀ ॥
ਤਾਂ ਮੈਂ ਇਕ ਪਤ੍ਰਕਾ ਨਿਹਾਰੀ ॥ *(ਸਾਖੀ 175—ਪੰਨਾ—375)*

26. ਛੱਬੀਵੇਂ ਅਧਿਆਇ ਵਿਚ ਭਾਈ ਰਾਮ ਸਿੰਘ ਅਤੇ ਭਾਈ ਤ੍ਰਿਲੋਕ ਸਿੰਘ ਦੀ ਸਾਖੀ ਦਰਜ ਹੈ। ਇਹ ਦੋਵੇ ਨਾਭੇ ਅਤੇ ਪਟਿਆਲੇ ਦੇ ਚੌਧਰੀ ਸਨ। ਇਸ ਅਧਿਆਇ ਵਿਚ ਸਭ ਤੋਂ ਵੱਧ ਮਹੱਤਵਪੂਰਨ ਘਟਨਾ ਭਾਈ ਘਨੱਈਆ ਜੀ ਦੀ ਹੈ। ਇਸ ਜੰਗ ਵਿਚ ਜਿਥੇ ਉਹ ਸਿੱਖਾਂ ਨੂੰ ਪਾਣੀ ਪਲਾਉਂਦੇ ਸਨ ਉਥੇ ਮੁਸਲਮਾਨ ਦੁਸ਼ਮਨ ਸਿਪਾਹੀਆਂ ਨੂੰ ਵੀ ਪਾਣੀ ਪਿਲਾਈ ਜਾਂਦੇ ਸਨ। ਸ਼ਕਾਇਤ ਕਰਨ ਤੇ ਗੁਰੂ ਜੀ ਨੇ ਪੁਛਿਆ ਤਾਂ ਭਾਈ ਜੀ ਨੇ ਕਿਹਾ ਮਹਾਰਾਜ ਮੈਨੂੰ ਤਾਂ ਹਰ ਚਿਹਰੇ ਵਿਚੋਂ ਤੁਹਾਡਾ ਹੀ ਰੂਪ ਨਜ਼ਰ ਆਉਂਦਾ ਹੈ।

ਜਲ ਕੀ ਗਾਗਰ ਭਰ ਭਰ ਲਯਾਵੈ ॥
ਸਿੰਘਨ ਕੋ ਮੋਰਚਨ ਪਿਲਾਵੈ ॥
ਤਯੋ ਹੀ ਤੁਰਕਨ ਦਲ ਚਲ ਜਾਈ ॥
ਤਿਨਿ ਹੂ ਕਹਿ ਜਲ ਦੇ ਛਕਾਈ ॥

ਇਸ ਅਧਿਆਇ ਵਿੱਚ ਇਕ ਸਾਖੀ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਗੁਰੂ ਜੀ ਨੇ ਬਚਦੀਆਂ ਵਸਤਾਂ ਸਤਲੁਜ ਵਿਚ ਪਾ ਦਿੱਤੀਆਂ ਸਨ। ਇਕ ਸਿੱਖ ਦੇ ਪਾਰਸ ਚੜ੍ਹਾਉਣ ਦੀ ਕਥਾ ਵੀ ਦਰਜ ਹੈ। ਇਹ ਪਾਰਸ ਵੀ ਗੁਰੂ ਜੀ ਨੇ ਦਰਿਆ ਵਿਚ ਸੁੱਟ ਦਿੱਤਾ ਸੀ। ਘੇਰਾ ਤੰਗ ਹੋਣ ਕਰ ਕੇ ਸਿੰਘ ਕਦੀ-ਕਦੀ ਯਤਨ ਕਰ ਕੇ ਘੇਰਾ ਤੋੜ ਕੇ ਅਨਾਜ ਲੈ ਆਉਂਦੇ ਸਨ।

27. ਸਤਾਈਵੇਂ ਅਧਿਆਇ ਵਿਚ ਪਹਾੜੀ ਰਾਜਿਆਂ ਅਤੇ ਮੁਗ਼ਲਾਂ ਦੀਆਂ ਫ਼ੌਜਾਂ ਦੇ ਕਸਮਾਂ ਖਾ ਕੇ ਗੁਰੂ ਜੀ ਦੇ ਖਜ਼ਾਨਾ ਲੁੱਟਣ ਦੀ ਕਥਾ ਹੈ। ਇਸ ਅਧਿਆਇ ਵਿੱਚ ਹੀ ਕੁਝ ਸਿੰਘ ਬਿਦਾਵਾ ਲਿਖ ਕੇ ਜਾਂਦੇ ਹਨ। ਅਤੇ ਇਸੇ ਅਧਿਆਇ ਵਿਚ ਅਨੰਦਪੁਰ ਛੱਡਣ ਦਾ ਪ੍ਰਸੰਗ ਹੈ। ਇਹ ਕਾਂਡ ਸਭ ਤੋਂ ਵੱਧ ਮਹੱਤਵਪੂਰਨ ਹੈ। ਗੁਰੂ ਜੀ ਅਨੰਦਪੁਰ ਦਾ ਕਿੱਲ੍ਹਾ ਨਹੀਂ ਛੱਡਣਾ ਚਾਹੁੰਦੇ ਸਨ ਪਰ ਹਿੰਦੂ ਰਾਜਿਆਂ ਦੀਆਂ ਅਤੇ ਮੁਗ਼ਲਾਂ ਦੀਆਂ ਝੂਠੀਆਂ ਕਸਮਾਂ ਕਾਰਨ ਮਾਤਾ ਜੀ ਅਤੇ ਸਿਰਕਰਦੇ ਸਿੱਖਾਂ ਨੇ ਬਾਰ-ਬਾਰ ਗੁਰੂ ਜੀ ਨੂੰ ਬੇਨਤੀਆਂ ਕਰ ਕੇ ਕਿੱਲ੍ਹਾ ਛੱਡਣ ਲਈ ਮਜਬੂਰ ਕਰ ਦਿੱਤਾ ਸੀ। ਗੁਰੂ ਜੀ ਸੰਗਤ ਦਾ ਹੁਕਮ ਨਹੀਂ ਟਾਲ ਸਕਦੇ ਸਨ। ਅਨੰਦਪੁਰ ਤੋਂ ਗੁਰੂ ਜੀ ਦੇ ਚੱਲ ਪੈਣ ਦਾ ਦ੍ਰਿਸ਼ ਬਾਬਾ ਸੁਮੇਰ ਸਿੰਘ ਜੀ ਨੇ ਇਨ੍ਹਾਂ ਸ਼ਬਦਾਂ ਵਿਚ ਪੇਸ਼ ਕੀਤਾ ਹੈ :

ਪਾਛੈ ਸਤਗੁਰ ਕੇ ਤਬ ਚਲੈ ॥ ਸਿੰਘ ਪੰਚ ਸੈ ਇਤਉਤ ਭਲੇ ॥
ਬਾਜਤ ਬਰ ਰਣਜੀਤ ਨਗਾਰਾ ॥ ਚਢੇ ਗੁਰੂ ਸਾਹਿਬ ਬਲਧਾਰਾ ॥
ਮੋਰਨ ਲਦ ਖਚਰਨ ਕਹਿ ਲੀਨਾ ॥ ਅਪਰ ਸਰਬ ਧਨ ਤਿਯਾਗਨ ਕੀਨਾ ॥
ਭਲੇ ਸਸਤ੍ਰ ਸਭ ਸਿੰਘਨ ਦੀਏ ॥
ਕਮਰ ਕਸੇ ਮਹਿ ਸਿੰਘਨ ਕੀਏ ॥
ਗ੍ਰਾਮ ਧਨੋਲੇ ਨੌਂ ਸਭ ਗਏ ॥
ਸਿੰਘ ਪੰਚ ਸੈ ਗੋਲ ਬਨਏ ॥

(ਸਾਖੀ 190)

ਆਨੰਦਪੁਰ ਛੱਡਣ ਸਮੇਂ ਗੁਰੂ ਜੀ ਨਾਲ ਕੇਵਲ ਪੰਜ ਸੌ ਲੜਾਕੇ ਸਿੰਘ ਸਨ। ਇਸ

Sri Satguru Jagjit Singh Ji eLibrary NamdhariElibrary@gmail.com

ਗੱਲ ਦੀ ਪੁਸ਼ਟੀ ਬਹੁਤ ਸਾਰੇ ਇਤਿਹਾਸਕਾਰਾਂ ਨੇ ਕੀਤੀ ਹੈ।[1]

28. ਅਠਾਈਵੇਂ ਅਧਿਆਇ ਵਿੱਚ ਗੁਰੂ ਜੀ ਨੇ ਨਿਰਮੋਹਗੜ੍ਹ ਦੇ ਸਥਾਨ ਤੋਂ ਜੋ ਹੁਕਮਨਾਮਾ ਨਾਹਨ ਦੇ ਰਾਜੇ ਲਈ ਸਯਾਮ ਸਿੰਘ ਹੱਥੀਂ ਭੇਜਿਆ ਸੀ, ਉਸ ਦਾ ਜ਼ਿਕਰ ਹੈ। ਸਰਸਾ ਨਦੀ ਤੋਂ ਪਿੱਛੇ ਸਾਹਿਬ ਅਜੀਤ ਸਿੰਘ ਦੁਸ਼ਮਨਾਂ ਦੀਆਂ ਫ਼ੌਜਾਂ ਨਾਲ ਲੜਦੇ ਹੋਏ ਘੇਰੇ ਵਿਚ ਆ ਗਏ ਸਨ। ਭਾਈ ਉਦੈ ਸਿੰਘ ਜੀ ਨੇ ਉਨ੍ਹਾਂ ਨੂੰ ਘੇਰੇ ਵਿਚੋਂ ਕੱਢ ਕੇ ਗੁਰੂ ਨਾਲ ਮਿਲਣ ਲਈ ਆਦੇਸ਼ ਦਿੱਤਾ ਅਤੇ ਆਪ ਲੜਦੇ ਹੋਏ ਸ਼ਹੀਦ ਹੋ ਗਏ। ਸਰਸਾ ਵਿਚ ਹੜ੍ਹ ਆਇਆ ਹੋਇਆ ਸੀ। ਬਹੁਤ ਸਾਰੇ ਸਿੱਖ ਅਤੇ ਗੁਰੂ ਜੀ ਦਾ ਪ੍ਰਵਾਰ ਨਦੀ ਪਾਰ ਕਰਦੇ ਸਮੇਂ ਬਿਖਰ ਗਿਆ। ਗੁਰੂ ਜੀ ਚਾਲੀ ਸਿੰਘਾਂ ਨਾਲ ਚਮਕੌਰ ਪੁੱਜੇ। ਇਸ ਅਧਿਆਇ ਵਿਚ ਲੇਖਕ ਨੇ ਕੇਂਦਰੀ ਰੂਪ ਵਿਚ ਚਮਕੌਰ ਦੀ ਜੰਗ ਦਾ ਹਾਲ ਬਿਆਨ ਕੀਤਾ ਹੈ। ਇਸੇ ਜੰਗ ਵਿਚ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਜੁਝਾਰ ਸਿੰਘ ਸ਼ਹੀਦ ਹੋ ਗਏ। ਗੁਰੂ ਜੀ ਨੂੰ ਪੰਥ ਦਾ ਹੁਕਮ ਮੰਨ ਕੇ ਚਮਕੌਰ ਦੀ ਗੜ੍ਹੀ ਛੱਡਣੀ ਪਈ। ਇਥੇ ਗੁਰੂ ਸਾਹਿਬ ਨੇ ਪੰਥ ਨੂੰ ਗੁਰਿਆਈ ਬਖ਼ਸ਼ੀ। ਸਾਹਿਬਜ਼ਾਦਾ ਅਜੀਤ ਸਿੰਘ ਦੀ ਸ਼ਹੀਦੀ ਬਾਰੇ ਲੇਖਕ ਦਾ ਵਿਚਾਰ ਹੈ :

ਸ੍ਰੀ ਅਜੀਤ ਸਿੰਘ ਹ੍ਵੈਂ ਰਨ ਦੁਰੇ ॥
ਜਦਯਪਿ ਕਾਹੁ ਨ ਮਾਰੇ ਮਰ ਮਰੇ ॥
ਜੀਵ ਅਨੰਤ ਘਾਇ ਕਰ ਵਾਰ ॥
ਭਾਂਤ ਭਾਂਤ ਕੋ ਦੈ ਲਲਕਾਰਾ ॥
ਦੋ:॥ ਪਿਤ ਸਨਮੁਖ ਤਨ ਤਯਾਗ ਕੈ ਦੁਖ ਨਹਿ ਲਖ ਕਛੁ ਜੀਅ ॥
ਯਾ ਅਸਾਰ ਸੰਸਾਰ ਕੋ ਤਯਾਗ ਦੀਓ ਗੁਨ ਸੀਵ ॥

ਲੇਖਕ ਨੇ ਇਸ ਲੜਾਈ ਵਿੱਚ ਜ਼ੋਰਾਵਰ ਸਿੰਘ ਨੂੰ ਸ਼ਹੀਦ ਹੁੰਦੇ ਵੀ ਦੱਸਿਆ ਹੈ ਜੋ ਕਿ ਇਤਿਹਾਸਿਕ ਤੋਰ ਤੇ ਠੀਕ ਨਹੀਂ ਹੈ। ਇਸ ਯੁੱਧ ਵਿਚ ਦੋ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਜੀ ਸ਼ਹੀਦ ਹੋਏ ਸਨ। ਇਕ ਹੋਰ ਜੁਝਾਰ ਸਿੰਘ ਦਾ ਵੀ ਜ਼ਿਕਰ ਸਿੱਖ ਇਤਿਹਾਸ ਵਿਚ ਆਉਂਦਾ ਹੈ ਜਿਹੜਾ ਗੁਰੂ ਜੀ ਨੂੰ ਦੱਖਣ ਵੱਲ ਜਾਂਦੇ ਸਮੇਂ ਰਸਤੇ ਵਿਚ ਮਿਲਿਆ ਸੀ ਅਤੇ ਉਸੇ ਰਸਤੇ ਦੀ ਇਕ ਝੜਪ ਵਿਚ ਸ਼ਹੀਦ ਹੋ ਗਿਆ ਸੀ। ਛੋਟੇ ਸਾਹਿਬਜ਼ਾਦੇ ਸਰਹੰਦ ਵਿੱਚ ਹੀ ਸ਼ਹੀਦ ਹੋਏ ਸਨ।

29. ਇਸ ਅਧਿਆਇ ਵਿਚ ਗੁਰੂ ਜੀ ਦੇ ਮਾਛੀਵਾੜੇ ਜਾਣ, ਉਥੇ ਗੁਲਾਬੇ ਦੇ ਘਰ ਠਹਿਰਣ, ਉਚ ਦੇ ਪੀਰ ਬਣ ਕੇ, ਮਾਛੀਵਾੜੇ ਤੋਂ ਜਾਣ ਦੇ ਪ੍ਰਸੰਗ ਦਰਜ ਹਨ। ਮਾਛੀਵਾੜੇ ਤੋਂ ਜਾਂਦਿਆਂ ਰਸਤੇ ਵਿਚ ਮੁਗ਼ਲ ਫ਼ੌਜਾਂ ਵੱਲੋਂ ਰੋਕਣ ਦਾ ਪ੍ਰਸੰਗ ਵੀ ਅੰਕਿਤ ਹੈ ਅਤੇ ਕਾਜ਼ੀ ਦੁਆਰਾ ਗਵਾਹੀ ਦੇਣ ਦੀ ਕਥਾ ਵੀ ਅੰਕਿਤ ਹੈ। ਰਸਤੇ ਵਿਚ ਗੁਰੂ ਜੀ ਕਨੇਚ ਪਿੰਡ ਗਏ। ਇਥੇ ਹੀ ਗੁਰੂ ਜੀ ਕਿਰਪਾਲ ਮਹੰਤ ਦੇ ਘਰ ਉਤਰੇ। ਇਥੋਂ ਗੁਰੂ ਜੀ ਕਟਾਣੇ ਗਏ। ਕਟਾਣੇ ਤੋਂ ਲਲੀ ਕੁਬੀ ਗਏ। ਰਾਇ ਕੱਲੇ ਨੂੰ ਮਿਲੇ। ਕੱਲੇ ਰਾਇ ਨੇ ਗੁਰੂ ਜੀ ਦੇ ਕਹਿਣ ਤੇ 'ਮਾਹੀ' ਨੂੰ ਸਰਹੰਦ ਭੇਜਿਆ ਅਤੇ ਮਾਹੀ ਸਰਹੰਦ ਤੋਂ ਵਾਪਸ ਆ ਕੇ ਸਾਰੇ ਸਮਾਚਾਰ ਸੁਣਾਉਂਦਾ ਹੈ ਅਤੇ

---

1. ਗੁਰ ਇਤਿਹਾਸ ਪਾਤਸ਼ਾਹੀਆਂ ਦਸ-ਸੋਹਣ ਸਿੰਘ ਸੀਤਲ, ਪੰਨਾ 384.

Sri Satguru Jagjit Singh Ji eLibrary NamdhariElibrary@gmail.com

ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਪਾ ਜਾਣ ਬਾਰੇ ਦੱਸਦਾ ਹੈ।

30. ਤੀਹਵੇਂ ਅਧਿਆਇ ਵਿਚ ਗੁਰੂ ਜੀ ਦੇ ਤਖਤੂਪੁਰੇ ਜਾਣ ਦੀ ਕਥਾ ਦਰਜ ਹੈ। ਦੀਨੇ, ਕਾਂਗੜੇ ਸਮੀਰ ਰਾਇ ਨੂੰ ਮਿਲੇ। ਇਸ ਅਧਿਆਇ ਵਿਚ ਪਰਮ ਸਿੰਘ ਧਰਮ ਸਿੰਘ ਦਾ ਪ੍ਰਸੰਗ ਦਰਜ ਹੈ। ਧਰਮ ਸਿੰਘ ਨੂੰ ਸ਼ਹੀਦ ਸਿੰਘ ਦੇ ਦਰਸ਼ਨ ਹੋਣ ਬਾਰੇ ਵੀ ਸਾਖੀ ਅੰਕਿਤ ਹੈ। ਗੁਰੂ ਜੀ ਏਥੇ ਠਹਿਰਣ ਸਮੇਂ ਸਮੀਰ ਨੂੰ ਗੁਦੜ ਵਾਲੇ ਬਸਤਰ ਬਖ਼ਸ਼ਦੇ ਹਨ। ਇਕ ਦਿਨ ਸਮੀਰ ਨੂੰ 'ਸੀਤ ਪ੍ਰਸਾਦ' ਦੇਂਦੇ ਹਨ, ਪਰ ਉਹ ਮਾਂ ਦੇ ਕਹਿਣ ਤੇ ਨਹੀਂ ਖਾਂਦਾ। ਇਸ ਭਾਗ ਵਿਚ ਸਮੀਰ ਦੀ ਚੌਰਾਸੀ ਕੱਟਣ ਦਾ ਪ੍ਰਸੰਗ ਵੀ ਦਰਜ ਹੈ। ਇਥੇ ਹੀ ਦਿਆਲਪੁਰੀ ਨਾਮੀ ਸਰਹੰਦ ਦਾ ਵਸਨੀਕ ਆਪ ਜੀ ਨੂੰ ਮਿਲਦਾ ਹੈ। ਇਸ ਅਧਿਆਇ ਵਿਚ ਸਮੀਰ ਨੂੰ ਸੂਬਾ ਸਰਹੰਦ ਵੱਲੋਂ ਪੱਤਰ ਭੇਜਿਆ ਜਾਂਦਾ ਹੈ ਕਿ ਉਹ ਗੁਰੂ ਜੀ ਨੂੰ ਪਕੜ ਕੇ ਸੂਬੇ ਦੇ ਪੇਸ਼ ਕਰੇ। ਇਸ ਅਧਿਆਇ ਵਿੱਚ ਦੀਨੇ ਕਾਂਗੜ ਤੋਂ ਹੀ ਜ਼ਫ਼ਰਨਾਮਾ ਭੇਜਣ ਦਾ ਇਤਿਹਾਸਕ ਪ੍ਰਸੰਗ ਅੰਕਿਤ ਹੈ। ਇਹ ਜ਼ਫ਼ਰਨਾਮਾ (ਫਤਿਹ-ਪੱਤਰ) ਗੁਰੂ ਜੀ ਭਾਈ ਦਯਾ ਸਿੰਘ ਦੇ ਹੱਥ ਭੇਜਦੇ ਹਨ। ਇਸ ਅਧਿਆਇ ਦੀ ਅੰਤਲੀ ਸਾਖੀ ਵਿੱਚ ਸ਼ੇਰ ਮਾਰਨ ਦੀ ਕਥਾ ਅੰਕਿਤ ਹੈ।

31. ਇਕੱਤੀਵੇਂ ਅਧਿਆਇ ਵਿਚ ਦੀਨੇ ਕਾਂਗੜ ਤੋਂ ਅੱਗੇ ਮਾਲਵੇ ਵਿਚ ਹੋਰ ਥਾਵਾਂ ਤੇ ਵਿਚਰਨ ਦੇ ਪ੍ਰਸੰਗ ਦਰਜ ਹਨ। ਦੀਨ ਕਾਂਗੜ ਤੋਂ ਗੁਰੂ ਜੀ ਰਖਾਲੇ ਪੁੱਜਦੇ ਹਨ ਅਤੇ ਰਖਾਲੇ ਤੋਂ ਤਖਤੂਪੁਰੇ ਜਾਂਦੇ ਹਨ। ਘੁੰਘਣੀਏ ਸਿੰਘ ਦੀ ਕਥਾ ਅੰਕਿਤ ਹੈ। ਭਗਤੇ ਵਿਚ ਭਾਈ ਭਗਤੇ ਦੁਆਰੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਕੈਦ ਪ੍ਰੇਤਾਂ ਨੂੰ ਅਜ਼ਾਦ ਕਰਨ ਦਾ ਪ੍ਰਸੰਗ ਹੈ। ਤਿੱਤਰ ਮਾਰਨ ਦੀ ਸਾਖੀ ਅੰਕਿਤ ਹੈ। ਇਸੇ ਤਰ੍ਹਾਂ ਭੱਦਰ ਸੈਨ ਦੀ ਸਾਖੀ ਆਦਿ ਸਾਖੀਆਂ ਪੁਰਾਣ ਕਥਾਵਾਂ ਤੇ ਆਧਾਰਿਤ ਹਨ। ਗੁਰੂ ਜੀ ਬਾਦਰੀ ਤੋਂ ਬਨਗਾੜੀ ਪੁੱਜਦੇ ਹਨ ਅਤੇ ਇਥੋਂ ਅੱਗੇ 'ਬਹਬਲ' ਜਾਂਦੇ ਹਨ। ਅੱਗੇ ਦੋਦੇਵਾਲੇ ਤਾਲ ਪੁੱਜਦੇ ਹਨ। 'ਸਿਵਰਾਮੀ' ਤੋਂ ਹੁੰਦੇ ਹੋਏ ਗੁਰੂ ਜੀ ਕੋਟਕਪੂਰੇ ਪੁੱਜਦੇ ਹਨ। ਕੋਟਕਪੂਰੇ ਤੋਂ ਢਿਲਵੀਂ ਅਤੇ ਢਿਲਵਾਂ ਤੋਂ ਜੈਤੋ ਜਾਣ ਦਾ ਪ੍ਰਸੰਗ ਅੰਕਿਤ ਹੈ। ਢਿਲਵਾਂ ਤੋਂ 'ਕੋਠੇ ਮਲੂਕੇ' ਜਾਂਦੇ ਹਨ। ਫਿਰ ਜੈਤੋ ਦੇ ਤਾਲ ਵਿਚ ਇਸ਼ਨਾਨ ਕਰਦੇ ਹਨ। ਉਸ ਤੋਂ ਬਾਅਦ ਸੁਨਿਅਰ ਜਾਣ ਦਾ ਪ੍ਰਸੰਗ ਹੈ ਅਤੇ ਫਿਰ ਗੁਰੂ ਜੀ 'ਰਮਿਆਣੇ' ਪੁੱਜਦੇ ਹਨ। ਮਾਝੇ ਦੇ ਪੰਜ ਸੌ ਸਿੱਖ ਨਾਲ ਰਹਿੰਦੇ ਹਨ। ਰੁਪਾਣੇ ਪੁੱਜਣ ਦੀ ਸਾਖੀ ਅੰਕਿਤ ਹੈ ਜਿਸ ਵਿੱਚ ਗੁਰੂ ਜੀ ਘੋੜੇ ਦੀ ਮੰਗ ਕਰਦੇ ਹਨ। ਸੋਢੀ ਬੰਸ ਵਿਚੋਂ ਭਾਈ ਅਭੈ ਸਿੰਘ ਘੋੜਾ ਹਾਜ਼ਰ ਕਰਦਾ ਹੈ। ਇਕ ਮੁਸਲਮਾਨ ਮੁਹਰਾਂ ਲੈ ਕੇ ਪਾਣੀ ਦਾ ਕਟੋਰਾ ਦੇਂਦਾ ਹੈ। ਇਸ ਪ੍ਰਸੰਗ ਨਾਲ ਹੀ ਇਸ ਅਧਿਆਇ ਦਾ ਅੰਤ ਹੋ ਜਾਂਦਾ ਹੈ।

32. ਬੱਤੀਵਾਂ ਅਧਿਆਇ ਫਿਰ ਗੁਰੂ ਜੀ ਦੀ ਮਾਲਵੇ ਦੀ ਯਾਤਰਾ ਨਾਲ ਸੰਬੰਧਿਤ ਹੈ। ਇਸ ਵਿਚ ਗੁਰੂ ਜੀ ਦੇ ਜੀਵਨ ਅਤੇ ਸਿੱਖ ਇਤਿਹਾਸ ਦੀ ਇਕ ਮਹੱਤਵਪੂਰਨ ਘਟਨਾ ਘਟਦੀ ਹੈ। ਇਹ ਘਟਨਾ ਹੈ ਮੁਕਤਸਰ ਦਾ ਯੁੱਧ। ਇਹ ਸਿੱਖਾਂ ਤੇ ਸ਼ਾਹੀ ਫ਼ੌਜਾਂ ਵਿਚ ਹੋਇਆ ਅੰਤਿਮ ਯੁੱਧ ਹੈ। ਇਸ ਤੋਂ ਬਾਅਦ ਕੋਈ ਯੁੱਧ ਨਹੀਂ ਹੁੰਦਾ। 1707 ਈ. ਵਿਚ ਔਰੰਗਜ਼ੇਬ ਵੀ ਮਰ ਜਾਂਦਾ ਹੇ। ਇਥੇ ਹੀ ਗੁਰੂ ਜੀ ਚਾਲੀ ਮੁਕਤਿਆਂ ਨੂੰ ਵਰਦਾਨ ਦੇਂਦੇ ਹਨ। ਏਥੇ ਹੀ ਮਹਾਂ ਸਿੰਘ 'ਟੁੱਟੀ ਗੰਢਣ' ਲਈ ਬੇਨਤੀ ਕਰਦਾ ਹੈ। ਇਹ ਪ੍ਰਸੰਗ ਸਿੱਖ ਮੱਤ ਵਿਚ ਆਮ ਪ੍ਰਚੱਲਿਤ

Sri Satguru Jagjit Singh Ji eLibrary NamdhariElibrary@gmail.com

ਹੈ। ਇਸ ਦੀ ਇਤਿਹਾਸਿਕ ਸਾਰਥਿਕਤਾ ਬਾਰੇ ਕੋਈ ਨਿਸਚੈ ਨਾਲ ਨਹੀਂ ਕਿਹਾ ਜਾ ਸਕਦਾ। ਇਸ ਲੜਾਈ ਦੀ ਘਟਨਾ 1762 ਬਿਕਰਮੀ (1705 ਈ.) ਦੀ ਹੈ ਇਸ ਸਮੇਂ ਵਿਸਾਖ ਦਾ ਮਹੀਨਾ ਸੀ।

33. ਤੇਤੀਵੇਂ ਅਧਿਆਇ ਵਿੱਚ ਮੁਕਤਸਰ ਦੇ ਯੁੱਧ ਤੋਂ ਬਾਅਦ ਗੁਰੂ ਜੀ ਦੀ ਅਗਲੀ ਯਾਤਰਾ ਦਾ ਹਾਲ ਵਰਣਨ ਹੈ। ਸਭ ਤੋਂ ਪਹਿਲਾਂ ਗੁਰੂ ਜੀ 'ਸਰਾਇ' ਜਾਂਦੇ ਹਨ। ਫਿਰ 'ਫਤੇ ਸੰਮੂ' ਪੁੱਜਦੇ ਹਨ। ਮੁਕਤਸਰ ਅਤੇ ਰੁਪਾਣੇ ਦੇ ਪ੍ਰਸੰਗ ਦਰਜ ਹਨ। ਦੋ ਮਿਥਿਹਾਸਿਕ ਕਿਸਮ ਦੇ ਪ੍ਰਸੰਗ ਤਿੱਤਰ ਮਾਰਨ ਅਤੇ ਘੋਘੜ ਮਾਰਨ ਦੇ ਵੀ ਅੰਕਿਤ ਹਨ। 'ਭੱਟੀ' ਜਾਣ ਦਾ ਪ੍ਰਸੰਗ ਵੀ ਅੰਕਿਤ ਹੈ। ਸਰਪ ਮਾਰਨ ਦਾ ਪ੍ਰਸੰਗ ਹੈ। ਲੱਖੀ ਜੰਗਲ ਪੁੱਜਦੇ ਹਨ। ਛਤਿਆਣੇ ਜਾਂਦੇ ਹਨ ਤੇ ਫਿਰ ਅਬਲਾਦਾਨ ਸਿੰਘ ਦੀ ਸਾਖੀ ਅੰਕਿਤ ਹੈ। ਫਿਰ ਨਿਥਾਣੇ ਜਾਣ ਦਾ ਪ੍ਰਸੰਗ ਹੈ। ਭਾਈ ਦੇ ਕੋਟ ਜਾਣ ਦਾ ਪ੍ਰਸੰਗ ਵੀ ਅੰਕਿਤ ਹੈ। ਇਸ ਯਾਤਰਾ ਦੌਰਾਨ ਗੁਰੂ ਜੀ ਪੱਕੇ ਜਾਣ ਤੋਂ ਬਾਅਦ ਦਮਦਮੇ ਪੁੱਜਦੇ ਹਨ। ਇਥੇ ਗੁਰੂ ਜੀ ਦਮ ਮਾਰਦੇ (ਸਾਹ ਲੈਣਾ) ਹਨ ਭਾਵ ਕਮਰਕਸਾ ਖੋਲ੍ਹ ਕੇ ਅਰਾਮ ਕਰਦੇ ਹਨ।

34. ਚੌਂਤੀਵੇਂ ਅਧਿਆਇ ਦਾ ਕਥਾ ਪ੍ਰਸੰਗ ਦਮਦਮੇ ਸਾਹਿਬ ਬਿਰਾਜਨ ਨਾਲ ਸੰਬੰਧਿਤ ਹੈ। ਇਕ ਜੱਟੀ ਦੁਆਰਾ ਸੱਤ ਪੁੱਤਰਾਂ ਦੀ ਦਾਤ ਪ੍ਰਾਪਤ ਕਰਨ ਦਾ ਪ੍ਰਸੰਗ ਹੈ। ਦਲਪਤ ਨੂੰ ਸਰਾਪ ਦੇਣ ਦਾ ਪ੍ਰਸੰਗ ਹੈ। ਭਾਈ ਦਯਾਲ ਦਾਸ ਨੂੰ ਸਰਾਪ ਮਿਲਿਆ। ਜਿਵੇਂ ਕਿ ਅਸੀਂ ਅਰੰਭ ਵਿਚ ਵੀ ਸੰਕੇਤ ਕਰ ਆਏ ਹਾਂ। ਲੇਖਕ ਨੇ ਮਾਲਵੇ ਵਿਚ ਵਿਚਰਦਿਆਂ ਵੱਖ-ਵੱਖ ਥਾਵਾਂ ਤੇ ਕਈ ਵਿਅਕਤੀਆਂ ਨੂੰ ਗੁਰੂ ਜੀ ਪਾਸੋਂ ਸਰਾਪ ਵੀ ਦਿਵਾਇਆ ਹੈ। ਜਦੋਂ ਕਿ ਇਹ ਰੁਚੀ ਸਿੱਖ ਧਰਮ ਦੇ ਸਿਧਾਂਤਾਂ ਦੇ ਅਨੁਕੂਲ ਨਹੀਂ ਹੈ। ਇਸੇ ਅਧਿਆਇ ਵਿਚ ਗੁਰੂ ਜੀ ਦੁਆਰਾ ਬਠਿੰਡੇ ਦੇ ਕਿੱਲ੍ਹੇ ਨੂੰ ਦੇਖਣ ਦੀ ਸਾਖੀ ਵੀ ਅੰਕਿਤ ਹੈ।

35. ਪੈਂਤੀਵੇਂ ਅਧਿਆਇ ਵਿਚ ਭਾਈ ਡੱਲੇ ਨਾਲ ਸ਼ਿਕਾਰ ਜਾਣ ਦੀ ਕਥਾ ਦਰਜ ਹੈ। ਮੀਂਹ ਵਰਸਾਉਣ ਤੇ ਰਾਤ ਵਧਣ ਦਾ ਪ੍ਰਸੰਗ ਵੀ ਅੰਕਿਤ ਹੈ। ਇਹ ਪ੍ਰਸੰਗ ਵੀ ਲੇਖਕ ਦੀਆਂ ਮਨੋਕਲਪਿਤ ਜਾਂ ਪੁਰਾਣ-ਕਥਾਵਾਂ ਤੇ ਆਧਾਰਿਤ ਹਨ। ਗੁਰੂ ਜੀ ਪ੍ਰਿਕ੍ਰਿਤੀ ਦੇ ਨਿਯਮਾਂ ਵਿਰੁੱਧ ਕੁਝ ਵੀ ਨਹੀਂ ਸਨ ਕਰਦੇ। ਇਸ ਅਧਿਆਇ ਵਿੱਚ ਸੂਬਾ ਸਰਹੰਦ ਵਜੀਦ ਖਾਨ ਦੁਆਰਾ ਭਾਈ ਡੱਲੇ ਨੂੰ ਹੁਕਮ ਭੇਜਿਆ ਜਾਂਦਾ ਹੈ ਕਿ ਉਹ ਗੁਰੂ ਜੀ ਨੂੰ ਪਕੜਾ ਦੇਵੇ। ਝੂਲਣ ਸਿੰਘ ਦਾ ਪ੍ਰਸੰਗ ਦਰਜ ਹਨ। ਜੰਗਲ ਭੂਮਿ ਪ੍ਰਿਥਵੀ ਦੀ ਸਾਖੀ ਹੈ। ਸੁੰਮਣਵਾਨੀ ਖਾਲਸਾ ਦਾ ਪ੍ਰਸੰਗ ਅੰਕਿਤ ਹੈ। ਸੰਗਤ ਨੂੰ ਤਿਆਰ ਬਰ ਤਿਆਰ ਰਹਿਣ ਦੀ ਜਾਚ ਦੱਸਣ ਦੀ ਕਥਾ ਹੈ। ਇਸ ਭਾਗ ਵਿਚ ਕੋਟਕਪੂਰੇ ਦੇ ਚੌਧਰੀ ਕਪੂਰੇ ਦੇ ਮਰਨ ਦਾ ਪ੍ਰਸੰਗ ਵੀ ਅੰਕਿਤ ਹੈ। ਰਾਮ ਸਿੰਘ ਤਿਲੋਕ ਸਿੰਘ ਗੁਰੂ ਜੀ ਨੂੰ ਮਿਲਦੇ ਹਨ। ਮੁਕਤਸਰ ਦੇ ਮਹਾਤਮ ਦੀ ਕਥਾ ਹੈ। ਅੰਤ ਵਿਚ ਦੱਖਣ ਜਾਣ ਦੀ ਤਿਆਰੀ ਦਾ ਵਰਣਨ ਹੈ।

36. ਛੱਤੀਸਵੇਂ ਅਧਿਆਇ ਵਿਚ ਔਰੰਗਜ਼ੇਬ ਅਤੇ ਭਾਈ ਦਿਆ ਸਿੰਘ ਦੇ ਮਿਲਾਪ ਦੀ ਸਾਖੀ ਹੈ ਅਤੇ ਭਾਈ ਡੱਲੇ ਦੀ ਇਸਤਰੀ ਤੇ ਬਖਸ਼ਸ਼ ਕਰਨ ਦਾ ਪ੍ਰਸੰਗ ਵੀ ਅੰਕਿਤ ਹੈ।

37. ਇਸ ਅਧਿਆਇ ਵਿਚ ਦੱਖਣ ਲਈ ਚਾਲੇ ਪਾਉਣ ਦਾ ਪ੍ਰਸੰਗ ਹੈ। ਰਸਤੇ ਵਿਚ

Sri Satguru Jagjit Singh Ji eLibrary NamdhariElibrary@gmail.com

ਗੁਰੂ ਜੀ ਨੌਹਰ ਦੇਸ ਪੁੱਜਦੇ ਹਨ। ਕ੍ਰਿਸ਼ਨ ਲਾਲ ਜੋਤਸ਼ੀ ਨੂੰ ਬੁਲਵਾਉਣ ਦਾ ਪ੍ਰਸੰਗ ਦਰਜ ਹੈ। ਇਹ ਪ੍ਰਸੰਗ ਵੀ ਲੇਖਕ ਉਪਰ ਬ੍ਰਾਹਮਣੀ ਮੱਤ ਦੇ ਪ੍ਰਭਾਵ ਦਾ ਲਖਾਇਕ ਹੈ। ਗੁਰੂ ਜੀ ਤਾਂ ਆਪ ਸੰਗਤਾਂ ਨੂੰ ਬ੍ਰਾਹਮਣਾਂ ਦੇ ਪ੍ਰਭਾਵ ਤੋਂ ਮੁਕਤ ਕਰ ਰਹੇ ਸਨ ਤੇ ਆਪ ਉਹ ਪੰਡਤਾਂ ਨੂੰ ਮੰਨਦੇ ਸਨ। ਇਹ ਇਕ ਸਾਜਿਸ਼ ਹੈ ਜੋ ਕਿ ਪੁਜਾਰੀ—ਸ਼੍ਰੇਣੀ ਵੱਲੋਂ ਕੀਤੀ ਗਈ ਸੀ ਅਤੇ ਲੇਖਕ ਇਸ ਦਾ ਸ਼ਿਕਾਰ ਹੈ। ਇਸ ਅਧਿਆਇ ਵਿਚ ਗੁਰੂ ਜੀ ਦੀ ਦਾਈ ਗੁਰੂ ਜੀ ਨੂੰ ਮਿਲਦੀ ਹੈ ਜਿਸ ਤੋਂ ਰਣਜੀਤ ਸਿੰਘ ਦਾ ਬੰਸ ਉਪਜਦਾ ਹੈ। ਇਕ ਸੁਨਿਆਰੇ ਨੂੰ ਮਿਲਣ ਦੀ ਸਾਖੀ ਹੈ। ਭਾਈ ਰਾਮ ਸਿੰਘ ਨੂੰ ਸਰਾਪ ਦਿੱਤਾ ਜਾਂਦਾ ਹੈ। ਗੁਰੂ ਜੀ 'ਪੁਸ਼ਕਰ ਤੀਰਥ ਜਾਂਦੇ ਹਨ ਅਤੇ ਇਸ ਤੋਂ ਬਾਅਦ ਦਾਦੂ ਸੰਪਰਦਾਇ ਦੇ ਉਤਰਅਧਿਕਾਰੀਆਂ ਨੂੰ ਦਾਦੂ ਦਵਾਰੇ ਜਾ ਕੇ ਵੀ ਮਿਲਦੇ ਹਨ। ਇਥੋਂ ਗੁਰੂ ਜੀ ਲਾਲੀ ਪੁੱਜਦੇ ਹਨ ਅਤੇ ਇਥੇ ਹੀ ਦਯਾ ਸਿੰਘ ਜੀ ਆਪ ਨੂੰ ਮਿਲਦੇ ਹਨ। ਬਘੌਰੇ ਦੇ ਰਾਜੇ ਨੂੰ ਮਾਰਨ ਦੇ ਪ੍ਰਸੰਗ ਨਾਲ ਇਹ ਅਧਿਆਇ ਖ਼ਤਮ ਹੋ ਜਾਂਦਾ ਹੈ।

38. ਇਤਿਹਾਸਿਕ ਦ੍ਰਿਸ਼ਟੀ ਤੋਂ ਅਠੱਤੀਵਾਂ ਅਧਿਆਇ ਬਹੁਤ ਮਹੱਤਵਪੂਰਨ ਹੈ। ਇਸ ਸਮੇਂ ਔਰੰਗਜ਼ੇਬ ਦੀ ਮੋਤ ਹੋ ਜਾਂਦੀ ਹੈ ਅਤੇ ਉਸ ਦੇ ਪੁੱਤਰਾਂ ਵਿੱਚ ਤਖ਼ਤ ਲਈ ਲੜਾਈ ਛਿੜ ਪੈਂਦੀ ਹੈ। ਸ਼ਾਹਜ਼ਾਦਾ ਮੁਅੱਜ਼ਮ ਜੋ ਕਿ ਪਹਿਲਾਂ ਹੀ ਗੁਰੂ ਜੀ ਦਾ ਸਤਿਕਾਰ ਕਰਦਾ ਸੀ, ਇਸ ਲੜਾਈ ਵਿਚ ਬਹਾਦਰ ਸ਼ਾਹ ਦੇ ਲਕਬ ਧਾਰਨ ਕਰਨ ਨਾਲ ਗੁਰੂ ਜੀ ਦੀ ਸ਼ਰਨ ਵਿਚ ਆਉਂਦਾ ਹੈ। ਇਸ ਵਿਚ ਆਜ਼ਮ ਸ਼ਾਹ ਅਤੇ ਬਹਾਦਰ ਸ਼ਾਹ ਵਿਚਕਾਰ ਲੜਾਈ ਦਾ ਪ੍ਰਸੰਗ ਵਰਣਨ ਹੈ। ਲੇਖਕ ਨੇ ਦੱਸਿਆ ਹੈ ਕਿ ਗੁਰੂ ਜੀ ਦੇ ਤੀਰ ਨਾਲ ਆਜ਼ਮ ਸਾਹ ਮਾਰਿਆ ਜਾਂਦਾ ਹੈ ਅਤੇ ਬਹਾਦਰ ਸ਼ਾਹ ਦੀ ਜਿੱਤ ਹੁੰਦੀ ਹੈ। ਹੁਣ ਗੁਰੂ ਜੀ ਦਿੱਲੀ ਪੁੱਜਦੇ ਹਨ ਅਤੇ ਮਾਤਾ ਸੁੰਦਰੀ ਜੀ ਨੂੰ ਦਿੱਲੀ ਠਹਿਰਾ ਕੇ ਆਪ ਦੱਖਣ ਵੱਲ ਅੱਗੇ ਚੱਲ ਪੈਂਦੇ ਹਨ। ਇਥੋਂ ਆਪ ਮਥਰਾ, ਬਿੰਦ੍ਰਾਬਨ ਜਾਂਦੇ ਹਨ। ਫਿਰ ਆਪ ਆਗਰੇ ਪੁੱਜਦੇ ਹਨ। ਇਥੇ ਆਪ ਦੀ ਬਹਾਦਰ ਸ਼ਾਹ ਨਾਲ ਮੁਲਾਕਾਤ ਹੁੰਦੀ ਹੈ। ਇਤਿਹਾਸ ਅਨੁਸਾਰ ਗੁਰੂ ਜੀ 23 ਜੁਲਾਈ 1707 ਈਸਵੀ ਵਿੱਚ ਬਹਾਦਰ ਸ਼ਾਹ ਨੂੰ ਆਗਰੇ ਵਿਚ ਮਿਲਦੇ ਹਨ। ਬਹਾਦਰ ਸ਼ਾਹ ਨੇ ਗੁਰੂ ਜੀ ਦਾ ਧੰਨਵਾਦ ਕੀਤਾ ਅਤੇ ਨਜਰਾਨੇ ਭੇਂਟ ਕੀਤੇ। ਆਗਰਾ ਛੱਡਣ ਤੋਂ ਪਹਿਲਾਂ ਬਹਾਦਰ ਸ਼ਾਹ ਨੇ ਇਕ ਕੀਮਤੀ ਜੜਾਊ ਧੁਖਧੁਖੀ ਭੇਂਟ ਕੀਤੀ। ਸ਼ਾਹੀ ਖ਼ਿਲਅਤ ਵੀ ਭੇਂਟ ਕੀਤੀ ਪਰ ਗੁਰੂ ਜੀ ਨੇ ਪਰੰਪਰਾ ਅਨੁਸਾਰ ਇਸ ਨੂੰ ਸ਼ਾਹੀ ਦਰਬਾਰ ਵਿੱਚ ਨਹੀਂ ਪਹਿਨਿਆ ਸਗੋਂ ਇਕ ਸਿੱਖ ਸੇਵਾਦਾਰ ਨੂੰ ਫੜਾ ਦਿੱਤੀ। ਇਹ ਘਟਨਾ ਗੁਰੂ ਜੀ ਦੇ ਸਵੈਮਾਨ ਦੀ ਅਨੂਠੀ ਮਿਸਾਲ ਹੈ। ਇਸ ਅਧਿਆਇ ਵਿਚ ਗੁਰੂ ਜੀ ਪਾਸੋਂ ਬਹਾਦਰ ਸ਼ਾਹ, ਦੋਸ਼ੀਆਂ ਨੂੰ ਸ਼ਜਾ ਦੇਣ ਲਈ ਇਕ ਸਾਲ ਦੀ ਮੁਹਲਤ ਮੰਗਦਾ ਹੈ।

39. ਉਨਤਾਲੀਵੇਂ ਅਧਿਆਇ ਵਿਚ ਗੁਰੂ ਜੀ ਦੇ ਆਗਰੇ ਤੋਂ ਚੱਲਣ ਦਾ ਪ੍ਰਸੰਗ ਅੰਕਿਤ ਹੈ। ਚਿਤੌੜਗੜ੍ਹ ਜਿੱਤ ਕੇ ਗੁਰੂ ਜੀ ਬਰਹਾਨਪੁਰ ਪੁੱਜਦੇ ਹਨ। ਇਥੇ ਆਪ ਨੂੰ ਬਹਾਦਰ ਸ਼ਾਹ ਦਾ ਬੇਨਤੀ ਪੱਤਰ ਮਿਲਦਾ ਹੈ। ਹੈਦਰਾਬਾਦ ਦਾ ਸੂਬਾ ਨਜ਼ਰ ਲੈ ਕੇ ਹਾਜ਼ਰ ਹੁੰਦਾ ਹੈ ਅਤੇ ਗੁਰੂ ਜੀ ਬੰਦਾ ਘਾਟ ਪੁੱਜ ਜਾਂਦੇ ਹਨ।

40. ਚਾਲੀਵੇਂ ਅਧਿਆਇ ਵਿਚ ਗੁਰੂ ਜੀ ਦੀ ਸ਼ਿਕਾਰ ਘਾਟ ਦੀ ਸਾਖੀ ਅੰਕਿਤ ਹੈ। ਇਕ

Sri Satguru Jagjit Singh Ji eLibrary NamdhariElibrary@gmail.com

ਪਠਾਨ ਗੁਰੂ ਜੀ ਦੇ ਦਰਸ਼ਨਾਂ ਲਈ ਆਉਂਦਾ ਹੈ। ਇਕ ਉਦਾਸੀ ਸੰਤ ਬਾਲੂ ਹਸਨੇ ਦੀ ਸਾਖੀ ਵੀ ਅੰਕਿਤ ਹੈ। ਮਾਤਾ ਸਾਹਿਬ ਦੇਵਾਂ ਜੀ ਨੂੰ ਉਪਦੇਸ਼ ਦੇਣ ਅਤੇ ਦਿੱਲੀ ਜਾਣ ਦਾ ਆਦੇਸ਼ ਦੇਣ ਦੀ ਕਥਾ ਅੰਕਿਤ ਹੈ। ਮਾਤਾ ਸਾਹਿਬ ਦੇਵਾਂ ਨੂੰ ਪੁੱਤਰ ਖ਼ਾਲਸੇ ਦਾ ਵਰਦਾਨ ਦਿੱਤਾ। ਗੁਰੂ ਜੀ ਦੇ ਚੋਲਾ ਛੱਡਣ ਦੀ ਖ਼ਬਰ ਫੈਲ ਜਾਂਦੀ ਹੈ। ਬਹਾਦਰ ਸ਼ਾਹ ਦਰਸ਼ਨਾਂ ਲਈ ਆਉਂਦਾ ਹੈ। ਪੈਂਦੇ ਖਾਂ ਦੇ ਪੋਤਰੇ ਦਾ ਗੁੰਰੂ ਜੀ ਦੀ ਹਜ਼ੂਰੀ ਵਿੱਚ ਆਉਣ ਤੇ ਨੌਕਰ ਹੋਣ ਦਾ ਪ੍ਰਸੰਗ ਅੰਕਿਤ ਹੈ। ਪੈਂਦੇ ਖਾਂ ਦਾ ਪੋਤਰਾ ਗੁਰੂ ਜੀ ਨੂੰ ਛੁਰਾ ਮਾਰਦਾ ਹੈ। ਗੁਰੂ ਜੀ ਉਸ ਨੂੰ ਥਾਂ ਤੇ ਹੀ ਪਾਰ ਬੁਲਾ ਦੇਂਦੇ ਹਨ। ਬਹਾਦਰ ਸ਼ਾਹ ਆਪਣਾ 'ਜਰਾਹ' ਭੇਜਦਾ ਹੈ। ਇਸ ਪ੍ਰਸੰਗ ਨੂੰ ਇਤਿਹਾਸਕਾਰਾਂ ਨੇ ਕਈ ਢੰਗਾਂ ਤੇ ਕਈ ਸ਼ਕਲਾਂ ਵਿੱਚ ਬਿਆਨ ਕੀਤਾ ਹੈ। ਇਥੇ ਮੁੜ ਪ੍ਰਹਲਾਦ ਪੰਡਿਤ ਨੂੰ ਬੁਲਾਉਣ ਦੀ ਸਾਖੀ ਹੈ।

41. ਇਕਤਾਲੀਵਾਂ ਅਧਿਆਇ ਸਿੱਖਾਂ ਵੱਲੋਂ ਪ੍ਰਸ਼ਨਾਂ ਅਤੇ ਗੁਰੂ ਜੀ ਵੱਲੋਂ ਉੱਤਰਾਂ ਨਾਲ ਸੰਬੰਧਿਤ ਹੈ। ਇਸ ਅਧਿਆਇ ਵਿਚ ਲੇਖਕ ਨੇ ਰਹਿਤਨਾਮਿਆਂ ਤੇ ਹੁਕਮਨਾਮਿਆਂ ਦੀਆਂ ਬਹੁਤ ਸਾਰੀਆਂ ਵਿਸ਼ੇਸ਼ ਰਹਿਤਾਂ ਦਾ ਵਰਣਨ ਹੈ।

42. ਅੰਤਿਮ ਬਿਆਲੀਵੇਂ ਅਧਿਆਇ ਵਿਚ ਗੁਰੂ ਜੀ ਦੇ ਜੀਵਨ ਦੀਆਂ ਅੰਤਿਮ ਘਟਨਾਵਾਂ ਦਾ ਵਰਣਨ ਹੈ। ਜ਼ਖਮ ਠੀਕ ਹੋ ਜਾਂਦਾ ਹੈ। ਪਰ ਗੁਰੂ ਜੀ ਦੁਬਾਰਾ ਚਿਲਾ ਚੜ੍ਹਾਉਣ ਲੱਗਦੇ ਹਨ ਤਾਂ ਜਖ਼ਮ ਖੁਲ੍ਹ ਜਾਂਦਾ ਹੈ। ਇਸ ਅਧਿਆਇ ਵਿਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦੇਣ ਦਾ ਪ੍ਰਸੰਗ ਹੈ। ਚਿਤਾ ਤਿਆਰ ਕਰਨ ਦਾ ਪ੍ਰਸੰਗ ਹੈ। ਉਦਾਸੀ ਸੰਤ ਦੇ ਆਉਣ ਦੀ ਸਾਖੀ ਹੈ। ਭਗਤ ਭਗੌਤੀਏ ਨੂੰ ਦਰਸ਼ਨ ਦੇਣ ਦਾ ਪ੍ਰਸੰਗ ਹੈ। ਅਖ਼ੀਰ ਵਿੱਚ ਗੁਰਸੋਭਾ, ਅਰਦਾਸ ਕਰਨ ਦੀ ਵਿਧੀ ਆਦਿ ਦਰਜ ਹੈ। ਇਸ ਅੰਤਿਮ ਅਧਿਆਇ ਵਿੱਚ ਲੇਖਕ ਨੇ ਆਪਣੇ ਵਡੇਰਿਆਂ ਦੇ ਨਿਜ਼ਾਮਾਬਾਦ ਆ ਵਸਣ ਬਾਰੇ ਦੱਸਿਆ ਹੈ। ਇਸ ਅਧਿਆਇ ਵਿੱਚ ਉਨ੍ਹਾਂ ਪ੍ਰੇਰਨਾ ਸਰੋਤਾਂ ਦਾ ਵੀ ਜ਼ਿਕਰ ਕੀਤਾ ਹੈ ਜਿਨ੍ਹਾਂ ਤੋਂ ਇਸ ਪੁਸਤਕ ਦੀ ਰਚਨਾ ਲਈ ਸਹਾਇਤਾ ਲਈ ਗਈ ਹੈ। ਇਸ ਬਾਰੇ ਭੂਮਿਕਾ ਦੇ ਪਹਿਲੇ ਭਾਗ ਵਿਚ ਵਿਚਾਰ ਕਰ ਆਏ ਹਾਂ। ਪੁਸਤਕ ਦੇ ਲਿਖਣ ਤੇ ਸੰਪੂਰਨ ਹੋਣ ਬਾਰੇ ਸੰਪੂਰਨ ਜਾਣਕਾਰੀ ਦਿੱਤੀ ਗਈ ਹੈ ਜਿਵੇਂ :

ਪ੍ਰਾਂਤ ਸਮਗਰ ਦਸਮ ਮੰਡਲ ਹੈ ॥
ਸ੍ਰੀ ਵਾਹਗੁਰੂ ਮੁਖ ਕਰ ਉਚਾਰ ॥
ਸੰ: ਨ: 412 ॥ ਭਾਦ੍ਰੋ ਸੁਧੀ 14 ਅਨੰਤ ਚੌਦੇਸ ਬੁਧਵਾਰ

ਅਤੇ

ਅਨੰਤਾਖਯ ਪੂਜਾ ਗੁਰੂ ਪ੍ਰਭ ਜੈਸੀ ॥
ਬਸੁਚਾਰਿਨ ਅੰਕੇਦ 1938 ਸੰਮਤ ਤੈਸੀ ॥

ਰਚਨਾ ਦਾ ਸਾਹਿਤਿਕ ਪੱਖ

ਇਸ ਪੁਸਤਕ ਦੇ ਸਾਹਿਤਕ ਪੱਖ ਬਾਰੇ ਵਿਚਾਰ ਕਰਨੀ ਵੀ ਜ਼ਰੂਰੀ ਜਾਪਦੀ ਹੈ। ਸਭ ਤੋਂ ਪਹਿਲਾਂ ਇਸ ਪੁਸਤਕ ਦੇ ਭਾਸ਼ਾ ਪੱਖ ਬਾਰੇ ਅਧਿਐਨ ਕਰਦੇ ਹੋਏ ਅਸੀਂ ਵੇਖਦੇ ਹਾਂ ਕਿ ਇਸ ਦੀ

Sri Satguru Jagjit Singh Ji eLibrary NamdhariElibrary@gmail.com

ਪੰਜਾਬੀ ਪੁਰਾਤਨ ਪੰਜਾਬੀ ਅਤੇ ਅਜੋਕੀ ਪੰਜਾਬੀ ਵਿਚਕਾਰ ਇਕ ਪੁਲ ਦਾ ਕੰਮ ਦੇਂਦੀ ਹੈ। ਇਸ ਪੁਲ ਤੇ ਖਲ੍ਹੋ ਕੇ ਦੋਹਾਂ ਪਾਸਿਆਂ ਦਾ ਭਾਸ਼ਾਗਤ ਪ੍ਰਵਾਹ ਅਸਾਨੀ ਨਾਲ ਵੇਖਿਆ, ਜਾਣਿਆਂ ਅਤੇ ਪਹਿਚਾਣਿਆਂ ਜਾ ਸਕਦਾ ਹੈ। ਨਿਰਸੰਦੇਹ ਅਸੀਂ ਇਸ ਵਿੱਚ ਵਰਤੀ ਗਈ ਭਾਸ਼ਾ ਨੂੰ ਠੇਠ ਪੰਜਾਬੀ ਮੁਹਾਵਰੇ ਦੇ ਅਨੁਕੂਲ ਨਹੀਂ ਕਹਿ ਸਕਦੇ ਪਰ ਇਸ ਦਾ ਲਹਿਜਾ ਅਤੇ ਇਸ ਦਾ ਪਿੰਡਾ ਜ਼ਰੂਰ ਅਜੋਕੀ ਪੰਜਾਬੀ ਨਾਲ ਸਾਂਝ ਪਾਉਂਦਾ ਪ੍ਰਤੀਤ ਹੁੰਦਾ ਹੈ। ਇਸ ਗ੍ਰੰਥ ਦੀ ਭਾਸ਼ਾ ਤੇ ਹਿੰਦੀ, ਵੇਦਾਂਤੀ ਸੰਸਕ੍ਰਿਤ ਅਤੇ ਬ੍ਰਜ ਭਾਸ਼ਾ ਦਾ ਪ੍ਰਭਾਵ ਆਸਾਨੀ ਨਾਲ ਵੇਖਿਆ ਜਾ ਸਕਦਾ ਹੈ। ਇਸ ਦੇ ਨਾਲ ਹੀ ਇਸ ਦੀ ਭਾਸ਼ਾ ਤੇ ਉਰਦੂ ਫ਼ਾਰਸੀ ਦਾ ਪ੍ਰਭਾਵ ਵੀ ਪ੍ਰਤੀਤ ਹੁੰਦਾ ਹੈ। ਕਈ ਥਾਵਾਂ ਤੇ ਤਾਂ ਕੇਂਦਰੀ ਪੰਜਾਬੀ ਦਾ ਅਜੋਕਾ ਸਰੂਪ ਨਜ਼ਰ ਆਉਂਦਾ ਹੈ। ਜਿਵੇਂ :

ਦੂਜੇ ਦਿਨ ਪੁਨ ਲਗਯੋ ਦਿਵਾਨਾ ॥
ਬੈਠੇ ਸਤਗੁਰ ਕ੍ਰਿਪਾ ਨਿਧਾਨਾ ॥
ਸਿੰਘਨ ਰੁਖ ਲਖ ਅਰਜ਼ ਗੁਜਾਰੀ ॥
ਸਾਚੇ ਪਾਤਸਾਹ ਅਘ ਹਾਰੀ ॥

(ਪੰਨਾ 222)

ਜਿੱਥੋਂ ਤਕ ਪੰਜਾਬੀ ਵਿਆਕਰਣ ਦੀਆਂ ਕ੍ਰਿਆਵਾਂ ਦਾ ਸੰਬੰਧ ਹੈ ਲੇਖਕ ਨੇ ਕ੍ਰਿਆ ਦਾ ਵਧੇਰੇ ਕਰ ਕੇ ਸੰਯੋਗਾਤਮਕ ਰੂਪ ਹੀ ਵਰਤਿਆ ਹੈ। ਪਰ ਇਸ ਦਾ ਇਹ ਭਾਵ ਵੀ ਬਿਲਕੁਲ ਨਹੀਂ ਹੈ ਕਿ ਲੇਖਕ ਵਿਯੋਗਾਤਮਕ ਰੂਪ ਦੀ ਵਰਤੋਂ ਨਹੀਂ ਕਰਦਾ। ਉਸ ਤਰ੍ਹਾਂ ਵੀ ਰਚਨਾ, ਕਾਵਿ, ਵਿਚ ਹੋਣ ਕਰ ਕੇ ਕ੍ਰਿਆ ਦਾ ਸੰਯੋਗਾਤਮਕ ਰੂਪ ਤੋਲ ਤੁਕਾਂਤ ਦੀ ਦ੍ਰਿਸ਼ਟੀ ਤੋਂ ਵਧੇਰੇ ਠੀਕ ਰਹਿੰਦਾ ਹੈ। ਤੁਕਾਂਤ ਮੇਲਣ ਲਈ ਜਾਂ ਤੋਲ ਪੂਰਾ ਰੱਖਣ ਲਈ ਲੇਖਕ ਨੇ ਕਈ ਥਾਵਾਂ ਤੇ ਸ਼ਬਦਾਂ ਨੂੰ ਅਧੂਰੇ ਜਾਂ ਬਦਲੇ ਹੋਏ ਰੂਪ ਵਿਚ ਵੀ ਵਰਤਿਆ ਹੈ। ਉਨ੍ਹੀਵੀਂ ਸਦੀ ਵਿਚ ਰਚੇ ਗਏ ਅਤੇ ਇਸ ਤੋਂ ਪਹਿਲਾਂ ਰਚੇ ਗਏ ਸਾਹਿਤ ਤੇ ਬ੍ਰਜ ਭਾਸ਼ਾ ਦਾ ਪ੍ਰਭਾਵ ਪ੍ਰਤੱਖ ਵੇਖਿਆ ਜਾ ਸਕਦਾ ਹੈ। ਦੂਸਰੀ ਵੱਡੀ ਵਿਸ਼ੇਸ਼ਤਾ ਇਹ ਵੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਸਮਾਚਾਰਾਂ ਬਾਰੇ ਜਿਨ੍ਹਾਂ ਕਵੀਆਂ ਨੇ ਰਚਨਾਵਾਂ ਕੀਤੀਆਂ ਉਨ੍ਹਾਂ ਦੀ ਭਾਸ਼ਾ ਤੇ ਵੀ ਬ੍ਰਜ ਭਾਸ਼ਾ ਦਾ ਪ੍ਰਭਾਵ ਪ੍ਰਤੱਖ ਨਜ਼ਰ ਆਉਂਦਾ ਹੈ। ਇਸ ਦਾ ਇਕ ਕਾਰਨ ਇਹ ਵੀ ਹੈ ਕਿ ਗੁਰੂ ਜੀ ਦੇ ਦਰਬਾਰੀ ਕਵੀਆਂ ਦੀ ਭਾਸ਼ਾ ਅਤੇ ਗੁਰੂ ਜੀ ਦੀ ਆਪਣੀ ਭਾਸ਼ਾ ਤੇ ਬ੍ਰਜੀ ਦਾ ਵਧੇਰੇ ਪ੍ਰਭਾਵ ਹੈ।

ਫ਼ਾਰਸੀ ਅਤੇ ਸੰਸਕ੍ਰਿਤ ਦਾ ਪ੍ਰਭਾਵ ਵੀ ਲੇਖਕ ਦੀ ਭਾਸ਼ਾ ਤੇ ਪਿਆ ਹੈ। ਫ਼ਾਰਸੀ ਰਾਜਸੀ ਭਾਸ਼ਾ ਹੋਣ ਕਰ ਕੇ ਅਤੇ ਸੰਸਕ੍ਰਿਤ ਦਾ ਕਲਾਸੀਕਲ ਭਾਸ਼ਾ ਹੋਣ ਕਰ ਕੇ ਇਹ ਪ੍ਰਭਾਵ ਪਿਆ ਹੈ। ਬਾਬਾ ਜੀ ਸੰਸਕ੍ਰਿਤ ਅਤੇ ਹਿੰਦੀ ਸਾਹਿਤ ਦੇ ਕਾਫ਼ੀ ਜਾਣੂ ਸਨ। ਇਸ ਗੱਲ ਦੀ ਪੁਸ਼ਟੀ ਉਸ ਸਮੇਂ ਹੋ ਜਾਂਦੀ ਹੈ ਜਦੋਂ ਅਸੀਂ ਵੇਖਦੇ ਹਾਂ ਕਿ ਉਨ੍ਹਾਂ ਦੀ ਇਸ ਵੱਡ-ਅਕਾਰੀ ਰਚਨਾ ਦਾ ਲਗਪਗ ਇਕ ਚੌਥਾਈ ਭਾਗ ਪੁਰਾਣਿਕ ਅਤੇ ਅਰਧ-ਪੌਰਾਣਿਕ ਹਵਾਲਿਆਂ ਤੇ ਸਾਖੀਆਂ ਨਾਲ ਭਰਿਆ ਪਿਆ ਹੈ। ਦੇਵੀ ਦਿੱਤੇ ਨਾਲ ਸੰਬੰਧਤ ਪੁਰਾਣ-ਕਥਾ, ਨਾਰਦ ਜੀ ਨਾਲ ਸੰਬੰਧਿਤ ਪੁਰਾਣ-ਕਥਾ ਚੰਡੀ ਚਰਿਤ ਨਾਲ ਸੰਬੰਧਿਤ ਪੁਰਾਣ-ਕਥਾ ਆਦਿ। ਗੀਤਾ-ਗਿਆਨ ਤੇ

Sri Satguru Jagjit Singh Ji eLibrary NamdhariElibrary@gmail.com

ਆਧਾਰਿਤ ਵੀ ਕੁਝ ਸਾਖੀਆਂ ਹਨ। ਗ੍ਰਹਿਆ ਨਛੱਤਰਾਂ ਬਾਰੇ ਜਾਣਕਾਰੀ ਆਦਿ ਸਭ ਗੱਲਾਂ ਇਸ ਗੱਲ ਦਾ ਪ੍ਰਮਾਣ ਹਨ ਕਿ ਬਾਬਾ ਜੀ ਪੰਜਾਬੀ ਤੋਂ ਬਿਨ੍ਹਾਂ ਉਸ ਸਮੇਂ ਦੀਆਂ ਲਗਪਗ ਸਾਰੀਆਂ ਹੀ ਪ੍ਰਚੱਲਿਤ ਭਾਸ਼ਾਵਾਂ ਬਾਰੇ ਜਾਣਕਾਰੀ ਰਖਦੇ ਸਨ ਪਰ ਉਨ੍ਹਾਂ ਦਾ ਪ੍ਰੇਮ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿੱਪੀ ਨਾਲ ਹੀ ਸੀ। ਇਸੇ ਲਈ ਉਹ ਗੁਰੂ ਜੀ ਦੁਆਰਾ ਆਪਣੇ ਸਿੱਖਾਂ ਨੂੰ ਗੁਰਮੁਖੀ ਅੱਖਰ ਪੜ੍ਹਨ ਦੀ ਪ੍ਰੇਰਨਾ ਦੇਂਦਿਆਂ ਹੋਇਆ ਵੀ ਦਰਸਾਉਂਦਾ ਹੈ। ਪੁਸਤਕ ਦੇ ਉਤਰਾਰਧ ਭਾਗ ਦੇ ਅਧਿਆਇ 6ਵੇਂ ਦੀ ਸਾਖੀ ਨੰਬਰ 39 ਵਿੱਚ ਇਸ ਦੀ ਇਕ ਮਿਸਾਲ ਮਿਲ ਜਾਂਦੀ ਹੈ :

"ਏਕ ਸਿੱਖ ਕਬਹੁਕ ਗੁਰਆਗੇ ਕਹੀ ਬੇਨਤੀ ਐਸੀ ॥
ਜੈਸੋ ਭਲੋ ਹੋਇ ਪ੍ਰਭ ਮੇਰੋ ਕਰੋ ਬਾਤ ਮੈਂ ਤੈਸੀ ॥
ਪਢਹੁ ਗੁਰਮੁਖੀ ਅਖਯਰ ਆਗਯਾ ਸ੍ਰੀ ਮੁਖ ਸਤਗੁਰ ਗਾਈ ॥
ਗ੍ਰੰਥੀ ਕੋ ਸੌਪਯੋ ਤਿਨ ਤਾਕੋ ਪੈ ਤਸ ਖਰੀ ਪਢਾਈ ॥

ਭੂਮਿਕਾ ਦੇ ਵਿਸਥਾਰ ਹੋ ਜਾਣ ਦੇ ਡਰ ਤੋਂ ਇਸ ਪੁਸਤਕ ਦੇ ਭਾਸ਼ਾ ਪੱਖ ਤੇ ਹੋਰ ਵਿਚਾਰ ਜਾਂ ਵਧੇਰੀ ਉਦਾਹਰਣਾਂ ਦੇਣੀਆਂ ਏਥੇ ਸੰਭਵ ਨਹੀਂ ਹਨ। ਫਿਰ ਵੀ ਇਕ ਦੋ ਹੋਰ ਗੱਲਾਂ ਕਰਨੀਆਂ ਅਤਿ ਜ਼ਰੂਰੀ ਜਾਪਦੀਆਂ ਹਨ। ਪਹਿਲੀ ਗੱਲ ਇਹ ਹੈ ਕਿ ਵਰਣਬੋਧ ਦੀ ਦ੍ਰਿਸ਼ਟੀ ਤੋਂ ਲੇਖਕ ਬਹੁਤ ਥਾਵਾਂ ਤੇ 'ੜ' ਵਰਣ ਦੀ ਥਾਂ ਤੇ 'ਢ' ਵਰਣ ਦੀ ਵਰਤੋਂ ਕਰਦਾ ਹੈ। ਇਹ ਵਰਤੋਂ ਲਗਪਗ ਸਾਰੀ ਪੁਸਤਕ ਵਿਚ ਮਿਲਦੀ ਹੈ। 'ਬ' ਅਤੇ 'ਵ' ਦੀ ਵਰਤੋਂ ਦਾ ਵੀ ਇਹੀ ਹਾਲ ਹੈ। ਨ ਅਤੇ ਣ ਦੀ ਵਰਤੋਂ ਦਾ ਅੰਤਰ ਨਿਖੇੜ ਵੀ ਘੱਟ ਹੈ। 'ਯ' ਵਰਣ ਨੂੰ ਅੱਧੇ ਰੂਪ ਵਿਚ ਵੀ ਅਤੇ ਪੂਰੇ ਰੂਪ ਵਿਚ ਵੀ ਵਰਤਿਆ ਹੈ। ਅਜਿਹਾ ਮਾਤਰਾਵਾਂ ਨੂੰ ਧਿਆਨ ਵਿੱਚ ਰਖ ਕੇ ਕੀਤਾ ਗਿਆ ਜਾਪਦਾ ਹੈ। ਦੂਸਰੀ ਵਿਸ਼ੇਸ਼ ਗੱਲ ਇਹ ਹੈ ਕਿ ਪੈਰ ਵਿੱਚ ਅੱਧੇ ਅੱਖਰਾਂ ਦੀ ਵਰਤੋਂ ਆਮ ਕੀਤੀ ਗਈ ਹੈ। ਪੈਰਾਂ ਵਿਚ ਆਮ ਤੌਰ ਤੇ ਵਰਤੇ ਜਾਣ ਵਾਲੇ ਅੱਖਰ ਹਨ 'ਨ', 'ਤ', 'ਰ', 'ਟ' ਅਤੇ 'ਵ' ਇਨ੍ਹਾਂ ਵਰਣਾਂ ਦੀ ਵਰਤੋਂ ਵਧੇਰੇ ਹੈ। ਇਸ ਪੁਸਤਕ ਦਾ ਭਾਸ਼ਾਈ ਅਧਿਐਨ ਆਪਣੇ ਆਪ ਵਿੱਚ ਇਕ ਸੰਪੂਰਨ ਵਿਸ਼ਾ ਹੈ। ਇਸ ਥਾਂ ਵਧੇਰੇ ਵਿਸਥਾਰ ਨਹੀਂ ਦਿੱਤਾ ਜਾ ਸਕਦਾ।

ਕਲਾਸੀਕਲ ਸਾਹਿਤਿਕ ਰਚਨਾਵਾਂ ਵਿੱਚ ਜਿਨ੍ਹਾਂ ਦਾ ਵਡੇਰਾ ਭਾਗ ਕਾਵਿ-ਰਚਨਾਵਾਂ ਹੀ ਹਨ ਮੰਗਲਾਚਰਣ ਦੀ ਰੁਚੀ ਆਮ ਪਾਈ ਜਾਂਦੀ ਹੈ। ਲੇਖਕ ਅਥਵਾ ਕਵੀ ਆਪਣੀ ਰਚਨਾ ਦਾ ਅਰੰਭ ਕਰਨ ਤੋਂ ਪਹਿਲਾਂ ਆਪਣੇ ਇਸ਼ਟ ਅਥਵਾ ਗੁਰੂ ਦੀ ਅਰਾਧਨਾ ਕਰਦਾ ਹੈ। ਬਾਬਾ ਸੁਮੇਰ ਸਿੰਘ ਨੇ ਵੀ ਇਸ ਪੁਸਤਕ ਦੇ ਅਰੰਭ ਇਸ ਮੰਗਲਾਚਰਨ ਕੀਤਾ ਹੈ। ਇਸ ਪੁਸਤਕ ਦੇ ਮੰਗਲਾਚਰਨ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਮੰਗਲਾਚਰਨ ਦੁਹਰੇ ਕਿਰਦਾਰ ਦਾ ਧਾਰਨੀ ਹੈ।

ਪਹਿਲਾ ਪੱਖ ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਅਤੇ ਪਰਮ ਪਿਤਾ ਪ੍ਰਮਾਤਮਾ ਦੀ ਉਸਤਤੀ ਨਾਲ ਸੰਬੰਧਿਤ ਹੈ। ਦੂਸਰਾ ਪੱਖ ਦੇਵੀ ਉਸਤਤ ਨਾਲ ਸੰਬੰਧਿਤ ਹੈ। ਜਿਵੇਂ :

1. *ਸਤ ਨਾਮ ਸਾਚੋ ਪਾਤਸਾਹ ਜੋ ਬਿਦਿਤ ਜਗ ਜਾਕੀ*

Sri Satguru Jagjit Singh Ji eLibrary NamdhariElibrary@gmail.com

ਪਾਤਸਾਹੀ ਪਾਤਸਾਹਨ ਕੀ ਹੈ।
ਆਦਿ ਸੱਤਯ ਮੱਧਯ ਸੱਤਯ ਅਵਸਾਨ ਸਤੱਯ
ਗੁਰੂ ਨਾਨਕ ਗੋਬਿੰਦ ਸਿੰਘ ਜਾਹਿਰ ਜਗਤ ਹੈ ॥

2. *ਤੇਰੀ ਪਾਇ ਸੱਤਾ ਬਿਧਿ ਪਾਲਤ ਪ੍ਰਗਟ ਬਾਤ*
ਤੇਰੀ ਪਾਇ ਸੱਤਾ ਹੈ ਸੁਰੇਸ ਰਾਜਧਾਨੀ ਮੈ ॥
ਤੇਰੀ ਪਾਇ ਸੱਤਾ ਸਤਨਾਮ ਕੋ ਪ੍ਰਕਾਸ ਹੋਤ
ਭਗਤ ਸਰੂਪਣੀ ਗੁਰੁ ਕੀ ਗਯਾਨ ਬਾਨੀ ਮੈ ॥
ਤੇਰੀ ਪਾਇ ਸੱਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੂਕੀ ॥
ਸੇਵਕਾਈ ਪਾਇਐ ਸੁਮੇਰ ਸਿੰਘ ਮਾਨੀ ਮੈ ॥
ਕਰਤਾ ਕ੍ਰਿਪਾਨੀ ਜੋਤਿ ਜਾਗਤੀ ਪ੍ਰਮਾਨੀ ॥
ਜਗਦੰਬਿਕਾ ਭਾਵਾਨੀ ਸੁਖਦਾਨੀ ਅਨੁਮਾਨੀ ਮੈ ॥

(ਪੁਸਤਕ ਦਾ ਅਰੰਭ)

ਇਸ ਤੋਂ ਬਿਨਾਂ ਪੁਸਤਕ ਦੇ ਵਿੱਚਕਾਰ ਵੀ ਇਕ ਦੋ ਥਾਵਾਂ ਤੇ ਮੰਗਲਾਚਰਣ ਰੂਪੀ ਕਾਵਿ ਸਤਰਾਂ ਅੰਕਿਤ ਹਨ ਜਿਵੇਂ ਕਿ ਅਸੀਂ ਪਹਿਲਾਂ ਵੀ ਦੱਸ ਆਏ ਹਾਂ ਲੇਖਕ ਨੇ ਦੇਵੀ ਨੂੰ ਆਦਿ ਸ਼ਕਤੀ ਦੇ ਰੂਪ ਵਿਚ ਵੀ ਧਿਆਇਆ ਹੈ ਅਤੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ ਚੰਡੀ ਚਰਿੱਤਰ ਦੇ ਮੰਗਲਾਚਰਨ ਨੂੰ ਆਧਾਰ ਬਣਾ ਕੇ ਆਪਣੇ ਮੰਗਲਾਚਰਨ ਦੀ ਰਚਨਾ ਵੀ ਕੀਤੀ ਹੈ ਅਤੇ ਦੂਜਾ ਰੂਪ ਉਸ ਦਾ ਦੇਵੀ ਪੂਜਾ ਵਾਲਾ ਵੀ ਅੰਕਿਤ ਹੋਇਆ ਹੈ।

ਭੂਮਿਕਾ ਅਤੇ ਅਧਿਆਇ ਵੰਡ

ਲੇਖਕ ਆਪਣੀ ਰਚਨਾ ਦੀ ਅਧਿਆਇ ਵੰਡ ਕਰਨ ਪ੍ਰਤੀ ਪੂਰਨ ਰੂਪ ਵਿਚ ਸੁਚੇਤ ਜਾਪਦਾ ਹੈ। ਉਸ ਨੇ ਗੁਰੂ ਜੀ ਦੇ ਜੀਵਨ ਸਮਾਚਾਰਾਂ ਨੂੰ ਮੁੱਖ ਦੋ ਭਾਗਾਂ ਵਿਚ ਵੰਡ ਲਿਆ ਹੈ। ਇੱਕ ਭਾਗ ਦਾ ਨਾਮ ਉਸ ਨੇ ਪੂਰਬਾਰਧ ਰਖਿਆ ਹੈ ਅਤੇ ਦੂਸਰੇ ਦਾ ਉਤਰਾਰਧ। ਪਹਿਲੇ ਭਾਗ ਵਿਚ 9 ਅਧਿਆਇ ਹਨ ਅਤੇ ਦੂਸਰੇ ਭਾਗ ਵਿਚ 42 ਅਧਿਆਇ ਹਨ। ਇਸ ਤਰ੍ਹਾਂ ਸਾਰੀ ਰਚਨਾ ਨੂੰ 51 ਅਧਿਆਵਾਂ ਵਿਚ ਵਿਗਿਆਨਿਕ ਵੰਡ ਅਨੁਸਾਰ ਵੰਡਣ ਦਾ ਉਪਰਾਲਾ ਕੀਤਾ ਗਿਆ ਹੈ। ਲੇਖਕ ਨੇ ਕੁਲ ਸਾਖੀਆਂ ਦੀ ਗਿਣਤੀ 396 ਸਾਖੀਆਂ ਲਿਖੀ ਹੈ ਪਰ ਇਕ ਦੋ ਥਾਵਾਂ ਤੇ ਸਾਖੀਆਂ ਦੇ ਅੰਕ ਠੀਕ ਨਾ ਲੱਗਣ ਕਾਰਨ ਜਾਂ ਦੋ ਸਾਖੀਆਂ ਨੂੰ ਇਕ ਨੰਬਰ ਲੱਗ ਜਾਣ ਕਾਰਨ ਇਹਨਾਂ ਸਾਖੀਆਂ ਦੀ ਗਿਣਤੀ 400 ਦੇ ਕਰੀਬ ਹੋ ਗਈ ਹੈ।

ਇਸ ਪੁਸਤਕ ਦੀ ਸਾਹਿਤਿਕ ਮਹਾਨਤਾ ਦੇ ਮਹੱਤਵਪੂਰਨ ਪੱਖ ਵਿੱਚ ਇਹ ਗੱਲ ਸ਼ਲਾਘਾਯੋਗ ਹੈ ਕਿ ਲੇਖਕ ਨੇ ਖੁਦ ਇਕ ਛੋਟੀ ਜਿਹੀ ਭੂਮਿਕਾ ਲਿਖੀ ਹੈ। ਭੂਮਿਕਾ ਵਿਚ ਉਸ ਨੇ ਇਸ ਪੁਸਤਕ ਦੇ ਪ੍ਰੇਰਨਾ ਸਰੋਤ ਵਜੋਂ ਆਪਣੇ ਪਿਤਾ ਬਾਬਾ ਸਾਧੂ ਸਿੰਘ ਜੀ ਦਾ ਜ਼ਿਕਰ ਕੀਤਾ ਹੈ। ਲੇਖਕ ਨੇ ਸੰਮਤ ਸਹਿਤ ਇਸ ਘਟਨਾ ਦਾ ਜ਼ਿਕਰ ਕੀਤਾ ਹੈ। ਜਿਸ ਬਾਰੇ ਅਸੀਂ ਪਿੱਛੇ ਵਿਚਾਰ ਕਰ ਆਏ ਹਾਂ। ਇਸ ਦੇ ਨਾਲ ਹੀ ਭੂਮਿਕਾ ਵਿੱਚ ਲੇਖਕ ਨੇ ਆਪਣੀਆਂ ਹੋਰ ਰਚਨਾਵਾਂ ਦਾ ਵੇਰਵਾ ਵੀ ਦਿੱਤਾ ਹੈ।

Sri Satguru Jagjit Singh Ji eLibrary NamdhariElibrary@gmail.com

ਉਦੇਸ਼

ਲੇਖਕ ਦੁਆਰਾ ਲਿਖੀ ਗਈ ਭੂਮਿਕਾ ਦੀ ਇਕ ਹੋਰ ਮਹਾਨਤਾ ਇਹ ਵੀ ਹੈ ਕਿ ਇਸ ਵਿਚ ਪੁਸਤਕ ਦਾ ਉਦੇਸ਼ ਸਪੱਸ਼ਟ ਰੂਪ ਵਿਚ ਅੰਕਿਤ ਹੈ। ਬਹੁਤ ਘੱਟ ਰਚਨਾਵਾਂ ਹਨ ਜਿਨ੍ਹਾਂ ਵਿੱਚ ਇਸ ਰਚਨਾ ਵਰਗਾ ਉਦੇਸ਼ ਲੇਖਕ ਦੁਆਰਾ ਅੰਕਿਤ ਕੀਤਾ ਗਿਆ ਹੈ। ਲੇਖਕ ਦੱਸਦਾ ਹੈ ਕਿ ਉਸ ਦਾ ਇਸ ਪੁਸਤਕ ਨੂੰ ਰਚਣ ਦਾ ਮਨੋਰਥ ਕੋਈ ਧੰਨ ਪ੍ਰਾਪਤੀ ਜਾਂ ਸੁਹਜਸਵਾਦ ਦੀ ਪੂਰਤੀ ਨਹੀਂ ਸਗੋਂ ਉਹ ਇਸ ਦੀ ਰਚਨਾ ਖਾਲਸਾ ਪੰਥ ਦੀ ਅਗਵਾਈ ਲਈ ਕਰ ਰਿਹਾ ਹੈ। ਇਸ ਪਰਿਪੇਖ ਵਿਚ ਨਿਮਨ-ਲਿਖਤ ਕਾਵਿ-ਪੰਕਤੀ ਬੜੀਆਂ ਹੀ ਮਹੱਤਵਪੂਰਨ ਜਾਪਦੀਆਂ ਹਨ ਜਿਵੇਂ :

ਦੋ: ॥ ਗੁਰ ਸਿਖੀ ਗੁਰਮੁਖ ਧਰਮ ਗੁਰਗਾਦੀ ਕੀ ਰੀਤ ॥
ਗੁਰੂ ਗ੍ਰੰਥ ਗੁਰੂ ਰੂਪ ਤਾਸੋ ਖਾਲਸਾ ਸਪੀਤ ॥
ਚੌ: ॥ ਤਿਨ ਕੇ ਹਿਤ ਯਹ ਗ੍ਰੰਥ ਸੁਹਾਯੋ ॥
ਨਾਹਿ ਪ੍ਰਮਾਦਿਨ ਹੇਤ ਬਨਾਯੋ ॥

(ਭੂਮਿਕਾ)

ਆਪਣੀਆਂ ਹੋਰ ਸਾਹਿਤਕ-ਕ੍ਰਿਤਾਂ ਬਾਰੇ ਜਾਣਕਾਰੀ ਦੇਂਦਾ ਹੋਇਆ ਕਵੀ ਲਿਖਦਾ ਹੈ :

ਗੁਰ ਚਰਿਤ੍ਰ ਦਰਪਨ ਪ੍ਰਰੰਭਾ ॥
ਸ੍ਰੀ ਗੁਰੂ ਨਾਨਕ ਜਸ ਕੋ ਖੰਭਾ ॥

....

ਦੂਰ ਦੂਰ ਦੰਢਨ ਬਨੀ ਦੂਸਰੀ ॥
ਗੁਰ ਅੰਗਦ ਕੀ ਕਥਾ ਰਸ ਭਰੀ ॥

.... *(ਭੂਮਿਕਾ)*

ਛੰਦ ਪ੍ਰਬੰਧ

ਕਿਸੇ ਵੀ ਕਾਵਿ-ਰਚਨਾ ਦੇ ਸਾਹਿਤਿਕ ਪੱਖ ਨੂੰ ਉਤਨੀ ਦੇਰ ਭਲੀ-ਭਾਂਤ ਨਹੀਂ ਸਮਝਿਆ ਜਾ ਸਕਦਾ ਜਿਤਨੀ ਦੇਰ ਉਸ ਦੇ ਛੰਦ-ਪ੍ਰਬੰਧ ਦੀ ਕੁਸ਼ਲਤਾ ਬਾਰੇ ਨਾ ਵਿਚਾਰ ਕੀਤੀ ਜਾਵੇ। ਇਸ ਪੁਸਤਕ ਦੀ ਇਸ ਪੱਖੋ ਬੜੀ ਮਹਾਨਤਾ ਹੈ। ਇਸ ਵਿਚ ਛੰਦਾਂ ਦੀ ਵੰਨ ਸੁਵੰਨਤਾ ਹੈ ਅਤੇ ਪਿੰਗਲ ਦੈ ਨਿਯਮਾਂ ਦੀ ਪਾਲਣਾ ਕੀਤੀ ਗਈ ਹੈ। ਪਰੰਪਰਾਗਤ ਕਾਵਿ-ਰਚਨਾ ਪੱਧਤੀਆਂ ਅਤੇ ਵਿਧੀਆਂ ਦੇ ਅੰਤਰਗਤ ਇਸ ਪੁਸਤਕ ਦੇ ਲੇਖਕ ਨੇ ਪੁਰਾਤਨ ਕਲਾਸੀਕਲ ਪਿੰਗਲ ਨਿਯਮਾਂ ਦੀ ਇਨ ਬਿਨ ਪਾਲਣਾ ਕਰਨ ਦਾ ਉਪਰਾਲਾ ਜ਼ਰੂਰ ਕੀਤਾ ਹੈ ਪਰ ਕਿਤੇ-ਕਿਤੇ ਉਸ ਨੇ ਥੁਹੜੀਆਂ ਬਹੁਤੀਆਂ ਖੁੱਲ੍ਹਾਂ ਵੀ ਲਈਆਂ ਹਨ। ਉਹ ਲੋੜ ਅਨੁਸਾਰ ਜਿੱਥੇ ਵਿਚਾਰ ਜਾਂ ਘਟਨਾ ਜਾਂ ਸਥਿਤੀ ਦੀ ਮਜਬੂਰੀ ਹੋਵੇ ਉਹ ਪਿੰਗਲ ਦੇ ਨੇਮਾਂ ਤੋਂ ਕੁਝ ਖੁੱਲ੍ਹ ਵੀ ਲੈ ਲੈਂਦਾ ਹੈ। ਜਿੱਥੋ ਤੱਕ ਛੰਦਾਂ ਦੀ ਵੰਨ-ਸੁਵੰਨਤਾ ਦਾ ਵਿਚਾਰ ਹੈ ਸ਼ਾਇਦ ਇਤਨੀ ਵੱਡੀ ਗਿਣਤੀ ਵਿਚ ਉਸ ਤੋਂ ਪੂਰਬਲੇ ਅਤੇ ਬਾਅਦ ਵਿਚ ਹੋਣ ਵਾਲੇ ਕਿਸੇ ਕਵੀ ਨੇ ਇਤਨੀ

Sri Satguru Jagjit Singh Ji eLibrary NamdhariElibrary@gmail.com

ਗਿਣਤੀ ਦੇ ਵੱਖਰੇ-ਵੱਖਰੇ ਛੰਦਾਂ ਦੀ ਵਰਤੋਂ ਨਹੀਂ ਕੀਤੀ। ਇਸ ਦਾ ਵੱਡਾ ਕਾਰਣ ਇਹ ਹੈ ਕਿ ਲੇਖਕ ਨੇ ਪ੍ਰਾਪਤ ਸਮਕਾਲੀ ਸਮੂਹ ਗ੍ਰੰਥਾਂ ਦਾ ਅਧਿਐਨ ਕੀਤਾ ਹੈ ਅਤੇ ਸਾਰਿਆਂ ਦੇ ਛੰਦ-ਪ੍ਰਬੰਧ ਨੂੰ ਵਾਚਿਆ ਜਾਪਦਾ ਹੈ। ਲੇਖਕ ਦੁਆਰਾ ਵਰਤੇ ਗਏ ਪ੍ਰਮੁੱਖ ਛੰਦ ਨਿਮਨ-ਲਿਖਤ ਅਨੁਸਾਰ ਹਨ।

ਚੌਪਈ, ਦੋਹਿਰਾ, ਕਲਸ, ਨਰਾਜ਼, ਬਿਸ਼ਨ ਪੱਦ, ਕਿਧਾਰਾ, ਰਸਾਵਲ ਛੰਦ, ਪਾਧਰੀ ਛੰਦ, ਚਾਰਣੀ ਛੰਦ, ਲਾਉਨੀ ਛੰਦ, ਸੰਕਰ ਛੰਦ, ਕਬਿੱਤ, ਰੇਖਤਾ ਛੰਦ, ਭੁਯੰਗ ਪ੍ਰਯਾਤ ਛੰਦ, ਝੂਲਣਾ ਛੰਦ, ਪ੍ਰਯਾਰ ਛੰਦ (ਬੰਗਾਲੇ ਕਾ) ਲਲਿਤ ਛੰਦ, ਆਲਾ ਛੰਦ, ਗੁਨਕਲੀ ਛੰਦ, ਤੋਮਰ ਛੰਦ, ਅੜਿਲ ਛੰਦ, ਸਵੈਯਾ ਛੰਦ, ਬਸੰਤ ਛੰਦ, ਸੰਖਨਾਰੀ ਛੰਦ, ਸੋਰਠਾ ਛੰਦ, ਛੱਪਯ ਛੰਦ, ਅੰਮ੍ਰਿਤ ਧੁਨਿ ਛੰਦ ॥ ਰੁਆਮਲ ਛੰਦ, ਦੋਹਾ (ਬਿਹਾਰੀ) ਸਿਰਖੰਡੀ ਛੰਦ, ਅਸੋਤਰ੍ ਛੰਦ, ਛਰੀ ਛੰਦ, ਅੜਲ ਛੰਦ, ਛੰਤ ਆਦਿ ਛੰਦਾਂ ਦੀ ਵਰਤੋਂ ਬੜੀ ਸਫਲਤਾ ਨਾਲ ਕੀਤੀ ਹੈ।

ਉਪਰੋਕਤ 30, 32 ਛੰਦਾਂ ਤੋਂ ਬਿਨਾਂ ਉਸ ਨੇ ਕੁਝ ਹੋਰ ਛੰਦਾਂ ਦੀ ਵਰਤੋਂ ਵੀ ਕੀਤੀ ਹੈ। ਇੰਸ ਵਰਤੋਂ ਤੋਂ ਉਸ ਦੇ ਕਾਵਿ-ਨਿਯਮਾਂ ਅਤੇ ਪਿੰਗਲ ਸੰਬੰਧੀ ਵਾਕਫ਼ੀਅਤ ਬਾਰੇ ਕੋਈ ਸ਼ੱਕ ਨਹੀਂ ਰਹਿ ਜਾਂਦਾ। ਇਕ ਉਦਾਹਰਣ ਪੇਸ਼ ਹੈ—

ਬਿਸ਼ਨਪਦ ਮੁਲਤਾਨੀ : *ਸਿੰਘਨ ਇਕ ਦਿਨ ਗੁਰ ਸਨ ਕਹੀ॥*
ਸੀਤ ਕਾਲ ਅਬ ਆਨ ਪਹੂਚਯੋ ਬਸਨ ਕਾਹੂ ਢਿਗ ਨਹੀਂ ॥
ਦੇਖਹੁ ਰੰਗ ਤਮਾਸੇ ਤਾਕੇ ਸਤਗੁਰ ਕਹੀ ਦਯਾਲਾ ॥
ਇਤਨੇ ਮੈ ਇਕ ਆਯੋ ਤਿਹ ਨਾਂ ਬਨਜਾਰਾ ਮਤਵਾਲਾ ॥

ਪਾਧਰੀ ਛੰਦ : *ਇਹ ਭਾਂਤ ਬੀਤ ਨ੍ਰਿਪ ਜੰਗਜੀਤ ॥*
ਅਤਿ ਹਵੈ ਅਭੀਤ ਗੁਰੁ ਧਾਰ ਪ੍ਰੀਤ ॥
ਲਿਅ ਲੂਟ ਦੇਸ ਘਰ ਨਰ ਅਸੇਸ ॥
ਗੁਰੁ ਰੂਪ ਖਾਲਸਾ ਪ੍ਰਗਟ ਭੇਸ ॥
(ਸਾਖੀ 87)

ਸਮਕਾਲੀ ਸਾਹਿਤਕ ਰਚਨਾਵਾਂ ਬਾਰੇ ਜਾਣਕਾਰੀ ਵੀ ਇਸ ਪੁਸਤਕ ਦੇ ਸਾਹਿਤਿਕ ਮੁੱਲ ਨੂੰ ਵਧਾਉਂਦੀ ਹੈ। ਲੇਖਕ ਨੇ ਪਹਿਲੀ ਵਾਰ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨਾਲ ਸੰਬੰਧਿਤ ਲਗਪਗ ਸਾਰੀਆਂ ਹੀ ਰਚਨਾਵਾਂ ਦਾ ਤਰੀਕਾਂ ਸਹਿਤ ਵਿਵਰਣ ਦਿੱਤਾ ਹੈ। ਇਹ ਉਸ ਦੀ ਇੱਕ ਵਿਸ਼ੇਸ਼ ਪ੍ਰਾਪਤੀ ਹੈ। ਇਸ ਤਰ੍ਹਾਂ ਉਸ ਨੇ ਆਪਣੇ ਸਮੇਂ ਤਕ ਇੱਕ ਵਿਸ਼ੇਸ਼ ਖੇਤਰ ਨਾਲ ਸੰਬੰਧਿਤ ਸਾਹਿਤ ਨੂੰ, ਰਚਨਾਵਾਂ, ਕਰਤਿਆਂ ਅਤੇ ਮਿਤੀਆਂ ਸਹਿਤ ਇਕ ਥਾਂ ਇਕੱਠਾ ਬਿਆਨ ਕਰ ਕੇ ਪਾਠਕ ਦੇ ਗਿਆਨ ਵਿੱਚ ਵਾਧਾ ਵੀ ਕੀਤਾ ਹੈ ਅਤੇ ਪਾਠਕਾਂ ਵਿਚ ਜਗਿਆਸਾ ਵੀ ਪੈਦਾ ਕੀਤੀ ਹੈ। ਬਿਆਲੀਵੇਂ ਅਧਿਆਇ ਦੀ ਸਾਖੀ ਨੰਬਰ 57 ਵਿਚ ਲੇਖਕ ਨੇ ਇੱਕ ਪੂਰੀ ਸੂਚੀ ਦਿੱਤੀ ਹੈ। ਜਿਵੇਂ :

Sri Satguru Jagjit Singh Ji eLibrary NamdhariElibrary@gmail.com

ਚੌ: ॥ ਸੇਨਾ ਸਿੰਘ ਕਹੀ ਗੁਰ ਸੋਭਾ ॥
ਸਤ੍ਰਹ ਸਤ ਅਠ ਸਠ ਨਿਜਓਭਾ ॥
ਮਨੀ ਸਿੰਘ ਹੂ ਗ੍ਰੰਥ ਬਨਾਯੋ ॥
ਗੁਰਬਿਲਾਸ ਅਤਿ ਅਨੁਪਮ ਗਾਯੋ ॥
ਕਹੀ ਕੇਸਰਾ ਸਿੰਘ ਛਿਬ੍ ਮਤ ॥
ਅਠਾਹਰੂ ਮਤ ਪਚਿਸ ਸੰਮਤ ॥
ਸ੍ਰੀ ਬਾਬਾ ਸਰੂਪ ਸਸਿ ਸਵਾਮੀ ॥
ਅਮਰ ਅੰਸ ਜਗ ਜੋ ਤਨ ਨਾਮੀ ॥
ਸਤਕ ਅਠਾਹਰ ਅਰੁ ਇਕਤੀਸਾ ॥
ਗੁਰ ਮਹਿਮਾਂ ਪ੍ਰਕਾਸ ਜਗਦੀਸਾ ॥
ਭਾਈ ਸੁਖਾ ਸਿੰਘ ਬਨਾਯੋ ॥
ਗੁਰ ਬਿਲਾਸ ਅਤਿ ਪ੍ਰੇਮ ਬਢਾਯੋ ॥
ਅਠਾਰਹ ਸਤ ਚੋਵਨ ਪਿਖਾ ॥
ਗੁਰ ਬਿਲਾਸ ਬਰਨਯੋ ਜਸ ਸਿਖਾ ॥
ਸਾਧ ਸੁਮਨ ਚੰਦ੍ਰਿਕਾ ਸੁਹਾਈ ॥
ਸ੍ਰੀ ਨਿਰਬਾਨ ਰਿਖੀ ਜੋ ਗਾਈ ॥
ਉਨਿਸ ਸਤ ਪੂਰੇ ਭਏ ਸ੍ਰੀ ਸੰਤੋਖ ਮ੍ਰਿਗੇਸ ॥
ਸ੍ਰੀ ਸੂਰਜ ਪਰਕਾਸ ਕਿਅ ਅਦਭੁਦ ਗ੍ਰੰਥ ਬਿਸੇਸ ॥
ਚੌ: ॥ ਜਾਂ ਸਮਾਨ ਕੁਉ ਗ੍ਰੰਥ ਨ ਆਨਾ ॥
ਸਤਗੁਰ ਜਸ ਕਰ ਮਨਹੁ ਖਜਾਨਾ ॥
ਰਚ ਜਹਾਜ ਜਗ ਸਿੰਘ ਤਰਾਏ ॥
ਸ੍ਰੀ ਸੰਤੋਖ ਸਿੰਘ ਜਗ ਆਏ ॥
ਭਾਈ ਗਿਆਨ ਸਿੰਘ ਸੁਖਦਾਨਾ ॥
ਜਿਨ ਗੁਰ ਜਸ ਕਿਅ ਕੰਠ ਮਹਾਨਾ ॥
ਜਾਹਿ ਸਦਾ ਸਤਗੁਰੁ ਪਦ ਪ੍ਰੀਤੀ ॥
ਜਾਨਤ ਸਰਬ ਸੁ ਗੁਰੁ ਗਤਿ ਰੀਤੀ ॥

.... (ਸਾਖੀ 57)

ਲੇਖਕ ਨੇ ਕਵੀ ਸੈਨਾਪਤੀ ਦੀ ਰਚਨਾ ਗੁਰ ਸੋਭਾ (1711 ਈਸਵੀ), ਕੇਸਰ ਸਿੰਘ ਛਿਬ੍ ਦੀ ਰਚਨਾ (1768 ਈਸਵੀ) ਸ੍ਰੀ ਸਰੂਪ ਦਾਸ ਭਲਾ ਦੀ ਰਚਨਾ ਮਹਿਮਾ ਪ੍ਰਕਾਸ (1774 ਈਸਵੀ), ਭਾਈ ਸੰਤੋਖ ਸਿੰਘ ਦੀ ਰਚਨਾ ਗੁਰੁ ਸੂਰਜ ਪ੍ਰਕਾਸ਼ ਗ੍ਰੰਥ (1843 ਈਸਵੀ), ਭਾਈ ਸੁੱਖਾ ਸਿੰਘ ਦੇ ਗੁਰ ਬਿਲਾਸ (1797 ਈਸਵੀ), ਸਾਧ ਸੁਮਨ ਚੰਦ੍ਰਕਾ, ਅਤੇ ਗਿਆਨੀ ਗਿਆਨ ਸਿੰਘ ਦੇ ਪੰਥ ਪ੍ਰਕਾਸ਼ ਆਦਿ ਰਚਨਾਵਾਂ ਦਾ ਵਿਵਰਣ ਦਿੱਤਾ ਹੈ। ਇਸ ਸਮੇਂ ਦੀ ਇਕ ਰਚਨਾ

Sri Satguru Jagjit Singh Ji eLibrary NamdhariElibrary@gmail.com

ਕੁਇਰ ਸਿੰਘ ਦਾ ਗੁਰ ਬਿਲਾਸ ਹੈ ਜਿਸ ਦਾ ਰਚਨਾ ਕਾਲ 1751 ਈਸਵੀ ਹੈ। ਇਸ ਪੁਸਤਕ ਨੂੰ ਵੀ ਪੰਜਾਬੀ ਯੂਨੀਵਰਸਿਟੀ ਦੁਆਰਾ ਸੰਪਾਦਿਤ ਕੀਤਾ ਗਿਆ ਹੈ। ਇਸ ਪੁਸਤਕ ਦੀ ਸਭਿਆਚਾਰਿਕ ਮਹਾਨਤਾ ਵੀ ਹੈ। ਲੇਖਕ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਵਿਆਹ ਵਾਲੇ ਪ੍ਰਸੰਗ ਵਿੱਚ ਸਭਿਆਚਾਰਕ ਰਸਮਾਂ-ਰੀਤਾਂ ਬਾਰੇ ਬੜੇ ਸੁੰਦਰ ਢੰਗ ਨਾਲ ਬਿਆਨ ਕੀਤਾ ਹੈ। ਵਿਸ਼ੇਸ਼ ਕਰ ਕੇ ਗਾਨੇ ਦੀ ਰਸਮ, ਛੱਲਾ ਮੁੰਦਰੀ ਦੀ ਰਸਮ ਆਦਿ। ਇਸ ਸਾਰੇ ਪ੍ਰਸੰਗ ਵਿੱਚ ਸ਼ਗਨ ਪੈਣ, ਘੋੜੀ ਚੜ੍ਹਣ, ਬਰਾਤ ਦੀ ਰਵਾਨਗੀ ਤੇ ਬਰਾਤ ਦੇ ਸਵਾਗਤ ਆਦਿ ਬਾਰੇ ਵਿਸਤਾਰਪੂਰਬਕ ਦੱਸਿਆ ਗਿਆ ਹੈ। ਇਸ ਤਰ੍ਹਾਂ ਪਾਠਕਾਂ ਦੀ ਸਾਂਝ ਤਿੰਨ ਸੌ ਸਾਲ ਪੁਰਾਣੇ ਸਮਾਜਿਕ ਰਸਮਾਂ-ਰਿਵਾਜਾਂ ਨਾਲ ਪੈ ਜਾਂਦੀ ਹੈ ਜਿਵੇਂ :

ਬਰਾਤ ਚੜ੍ਹਨ ਦਾ ਦ੍ਰਿਸ਼ :

ਸਜ ਕੇ ਬਰਾਤ ਬਾਜੇ ਬਜਾਏ ॥
ਧੁਨਿ ਭੇਰ ਸੰਖ ਦੰਦ ਤਿਸ ਜਾਏ ॥

....

ਮਾਮਾ ਕ੍ਰਿਪਾਲ ਗੁਰ ਕੇ ਕ੍ਰਿਪਾਲ ॥
ਸੋਹਤ ਗਜ ਪੈ ਸਹਿ ਬ੍ਰਿਪ ਜਾਲ ॥
ਧਨ ਗਨ ਬਾਰਤ ਡਾਰਤ ਲੁਟਾਇ ॥
ਨਹਿ ਰਹੀ ਹੈ ਸਭ ਛੁਕਨ ਪਾਇ ॥

(ਪੰਨਾ—18)

ਵਿੱਚ ਬਰਾਤ ਦੀ ਚੜ੍ਹਾਈ, ਪੈਸਿਆਂ ਦੀ ਸੋਟ ਕਰਨੀ ਅਤੇ ਸ਼ਗਨ ਪੈਣੇ ਆਦਿ ਰੀਤਾਂ ਸਭਿਆਚਾਰਕ ਮਹੱਤਤਾ ਵਾਲੀਆਂ ਹਨ। ਬਰਾਤ ਦਾ ਸਵਾਗਤ ਅਤੇ 'ਮਿਲਣੀ' ਦੀ ਰਸਮ ਦਾ ਦ੍ਰਿਸ਼ ਹੈ :

ਪੁਨ ਹਰਿ ਜਸ ਸੁ ਭਿਖਿਨ ਮਿਲਨੀ ਕੀਨ ॥
ਮਾਮਾ ਕ੍ਰਿਪਾਲ ਸਮਧੀ ਪ੍ਰਬੀਨ ॥
ਗੁਰ ਪਰੋਤਿ ਕੁਲ ਦਾਦਕ ਪ੍ਰਮਾਨਾ ॥
ਨਾਨਕ ਪਰ ਨਾਨਕ ਦੀਏ ਜਾਨ ॥

(ਪੰਨਾ—19)

ਇਸੇ ਤਰ੍ਹਾਂ ਘੋੜੀ ਚੜ੍ਹਨ ਦੀ ਰਸਮ ਬਾਰੇ ਵੀ ਬੜੇ ਸੁੰਦਰ ਸ਼ਬਦਾਂ ਵਿਚ ਜਾਣਕਾਰੀ ਦਿੱਤੀ ਗਈ ਹੈ। ਜਿਵੇਂ :

ਸਹਾਨਾ ॥ ਸਲੋਨੀ ਸੂਰਤ ਕੇ ਬਲਿਹਾਰੀ ਕਰ ਕੰਗਨਾ
ਬਯਾਹ ਕੋ ਸੋਭਿਤ ਘੋਰੀ ਪਰ ਅਸਵਾਰੀ ॥
ਪੁਰਟ ਮੁਕਟ ਹਿਯ ਨਿਪਟ ਚੁਰਾਵਤ
ਮੋਤੀਅਨ ਝਾਲਰ ਲਾਈ ॥

(ਪੰਨਾ—17)

Sri Satguru Jagjit Singh Ji eLibrary NamdhariElibrary@gmail.com

ਡੋਲੀ ਤੁਰਨ ਵੇਲੇ ਦਾ ਦ੍ਰਿਸ਼

ਅਬ ਬਿਦਾਇਗੀ ਹਮਰੀ ਕੀਜੈ ॥
ਮਾਤਾ ਜੀ ਚਿਤ ਚਾਹ ਲਖੀਜੈ ॥
ਸਨ ਤਹਿ ਜਸ ਕਰੁਣ ਪ੍ਰਗਟਾਯੋ ॥
ਮਿਲਿ ਮਿਲਿ ਨਾਰਨ ਮੰਗਲ ਗਾਯੋ ॥
ਦਾਇਜ ਦੀਏ ਨ ਜਾਤ ਬਖਾਨੇ ॥
ਗਨ ਸਹਿ ਸਾਕਹਿ ਗਨਕ ਸਯਾਨੇ ॥

(ਪੰਨਾ—20)

ਜਾਂ ਫਿਰ :

ਇਹ ਭਾਂਤ ਰੋਵਤ ਰੀ ਚਢਾਈ ਪਾਲਕੀ ਪੈ ਆਨਿ ਕੈ ॥
ਪਿਤ ਲਾਇ ਗਰ ਸਮਝਾਇ ਕਰਿ ਕੀਨੀ ਬਿਦਾ ਬਿਤ ਦਾਨ ਕੇ ॥

(ਪੰਨਾ—21)

ਇਸ ਤਰ੍ਹਾਂ ਲਾੜੇ ਦੇ ਘਰ ਪਹਿਲੀ ਵਾਰ ਛੱਲਾ ਮੁੰਦਰੀ ਦੀ ਰਸਮ ਬਾਰੇ ਇਸ ਤਰ੍ਹਾਂ ਲਿਖਿਆ ਹੈ :

ਮਾਤ ਪਿਉ ਜਲ ਬਾਰ ਕੇ ਬਹੁ ਉਤਾਰੀ ਦਵਾਰ ॥

ਛੰਦ ਖੇਡਨਾ : *ਪਗ ਪਰ ਪਰਸ ਸਭਹਨ ਦਈ ਮੁਖ ਦਿਖਾਉਨੀ ਚਾਰ ॥*
ਛੰਦ ਖਿਲਾਏ ਸਤ ਗੁਰਹਿ ਛਲਾ ਮੁੰਦਰੀ ਸਾਥ ॥

(ਪੰਨਾ—21)

ਸਮੁੱਚੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ, ਗੁਰੂ ਪਦ ਪ੍ਰੇਮ ਪ੍ਰਕਾਸ਼ ਪਾਤਸ਼ਾਹੀ 10 ਅਥਵਾ ਗੁਰ ਬਿਲਾਸ ਪਾਤਸ਼ਾਹੀ 10, ਬਾਬਾ ਸੁਮੇਰ ਸਿੰਘ ਮਹੰਤ ਜੀ ਦੀ ਇਕ ਉਤਕ੍ਰਿਸ਼ਟ ਰਚਨਾ ਹੈ। ਇਸ ਦਾ ਪਾਠ ਇਤਿਹਾਸਿਕ, ਧਾਰਮਿਕ, ਸਭਿਆਚਾਰਿਕ ਅਤੇ ਸਾਹਿਤਕ ਪੱਖ ਹੋਰ ਵਧੇਰੇ ਵਿਸਤ੍ਰਿਤ ਅਧਿਐਨ ਦੀ ਮੰਗ ਕਰਦਾ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਇਸ ਰਚਨਾ ਨੂੰ ਛਾਪ ਕੇ ਪੰਜਾਬੀ ਪਾਠਕਾਂ ਦੇ ਅਧਿਐਨ ਖੇਤਰ ਨੂੰ ਹੋਰ ਵਧੇਰੇ ਵਿਸ਼ਾਲ ਕਰਨ ਦਾ ਉਪਰਾਲਾ ਕੀਤਾ ਹੈ। ਆਸ ਹੈ ਪਾਠਕ ਇਸ ਉੱਦਮ ਤੋਂ ਲਾਭ ਉਠਾਉਣਗੇ।

999/2, ਪੰਜਾਬ ਮਾਤਾ ਨਗਰ
ਪੱਖੋਵਾਲ ਰੋਡ, ਲੁਧਿਆਣਾ

ਡਾ. ਏ. ਐਸ. ਕਾਹਲੋਂ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ਤਤਕਰਾ

ਪੂਰਬਾਰਧ

ਪ੍ਰਥਮੀ ਪ੍ਰਾਤ

ਲੇਖਕ ਦੁਆਰਾ ਭੂਮਿਕਾ—ਪੋਥੀ ਦਾ ਆਰੰਭ—ਬਚਿੱਤਰ ਨਾਟਕ ਦੇ ਗੁਰਗੱਦੀ ਤੱਕ ਦਾ ਹਾਲ—ਰਾਮ ਕੁਇਰ ਜੀ ਅੱਗੋ ਦੀ ਕਥਾ ਸਾਹਿਬ ਸਿੰਘ ਨੂੰ ਸੁਣਾਉਂਦੇ ਹਨ। 1-10

ਦੁਤੀਯ ਪ੍ਰਾਤ

ਗੁਰਗੱਦੀ ਪ੍ਰਾਪਤੀ ਦਾ ਹਾਲ—ਚਾਰਾਂ ਬੰਸਾਂ (ਬੇਦੀ, ਤ੍ਰਿਹਨ, ਭੱਲੇ ਅਤੇ ਸੋਢੀ) ਦੇ ਵਾਰਸਾਂ ਵੱਲੋਂ ਗੁਰੂ ਜੀ ਦੀ ਪ੍ਰੀਖਿਆ। 10-13

ਤ੍ਰਿਤੀਯ ਪ੍ਰਾਤ

ਗੁਰੂ ਜੀ ਦੇ ਵਿਆਹ ਦਾ ਪ੍ਰਸੰਗ—ਮਾਤਾ ਜੀਤੋ ਜੀ ਦਾ ਵਿਆਹ—ਗੁਰੂ ਦੇ ਲਹੌਰ ਵਿੱਚ ਤ੍ਰਬੇਨੀ ਪ੍ਰਗਟ ਕੀਤੀ—ਬਰਾਤ ਦੀ ਵਿਦਾਇਗੀ—ਚੋਰੀ ਪ੍ਰਗਟ ਕਰਨੀ—ਸੋਢੀ ਗੁਲਾਬ ਰਾਏ ਨੂੰ ਬਖਸ਼ਸ਼—ਕੀਰਤਨੀਏ ਦੇ ਰਿਛ ਪਿਤਾ ਦਾ ਉਧਾਰ—ਕਾਬਲ ਦੇ ਮਸੰਦ ਨੂੰ ਤੰਬੂ ਬਣਾਉਣ ਦਾ ਆਦੇਸ਼—ਮਾਤਾ ਸੁੰਦਰੀ ਜੀ ਦਾ ਵਿਆਹ। 13-22

ਚਤੁਰਥੀ ਪ੍ਰਾਤ

ਅਸਾਮ ਦੇ ਰਾਜਾ ਰਤਨ ਰਾਇ ਦਾ ਦਰਸ਼ਨਾਂ ਨੂੰ ਆਉਣਾ—ਰਣਜੀਤ ਨਗਾਰਾ—ਭੀਮ ਚੰਦ ਹੰਡੂਰੀਆ—ਭੀਮ ਚੰਦ ਦੇ ਮੰਤਰੀ ਦਾ ਹਾਥੀ ਮੰਗਣਾ—ਭੀਮ ਚੰਦ ਦੇ ਕੋਤਵਾਲ ਦਾ ਆਉਣਾ—ਕਟੋਚੀਏ ਦੀ ਸਲਾਹ—ਪਰਮਾਨੰਦ ਪਰੋਹਤ ਅਤੇ ਰਾਜਾ ਜ਼ਸਵਾਰੀ ਨੂੰ ਸਭਾ 'ਚੋ ਕੱਢਿਆ—ਭੀਮ ਚੰਦ ਨੇ ਗੁਰੂ ਜੀ ਪਾਸ ਪੱਤਰ ਭੇਜਿਆ। ਨਾਹਨ ਦੇ ਰਾਜਾ ਨੇ ਨਾਹਨ ਆਉਣ ਲਈ ਬੇਨਤੀ ਪੱਤਰ ਭੇਜਿਆ। 22-40

ਪੰਚਮੀ ਪ੍ਰਾਤ

ਰਾਮ ਰਾਏ ਜੀ ਦੇ ਮਨ ਵਿੱਚ ਡਰ ਤੇ ਪ੍ਰੀਤ ਉਪਜਣੀ—ਰਾਜਾ ਫਤੇ ਸ਼ਾਹ ਨਾਲ ਮੇਲ—ਪੰਜ ਸੌ ਪਠਾਨ ਨੌਕਰ ਰੱਖੇ। 40-43

ਖਸਟਮੀ ਪ੍ਰਾਤ

ਕ੍ਰਿਸ਼ਨ ਅਵਤਾਰ ਦੀ ਰਚਨਾ ਕੀਤੀ—ਗੁਰੂ ਜੀ ਕਪਾਲ-ਮੋਚਨ ਗਏ—ਰਾਮ ਰਾਏ ਜੀ ਦੇ ਪ੍ਰਥਮ ਮਹਿਲ ਮਨੂੰ ਮਾਜਰ ਗਏ—ਰਾਮ ਰਾਏ ਜੀ ਸਰੀਰ ਤਿਆਗ ਗਏ—ਰਾਮ ਰਾਏ ਦੇ ਮਸੰਦ ਮਾਰੇ। 43-49

Sri Satguru Jagjit Singh Ji eLibrary NamdhariElibrary@gmail.com

ਸਪਤਮੀ ਪ੍ਰਾਤ

ਫਤੇ ਸ਼ਾਹ ਦੀ ਲੜਕੀ ਦੇ ਵਿਆਹ ਲਈ ਤੰਬੋਲ ਭੇਜਿਆ—ਪੰਜ ਸੌ ਪਠਾਣਾਂ ਅਤੇ ਪੰਜ ਸੌ ਉਦਾਸੀਆਂ ਦਾ ਭੱਜਣਾ—ਸੈਨਾ ਦੀ ਸਜਾਵਟ—ਭੰਗਾਣੀ ਦਾ ਯੁੱਧ—ਯੁੱਧ ਦੀ ਸਮਾਪਤੀ—ਅਨੰਦਪੁਰ ਵਾਪਸੀ ਤੇ ਲਾਹਾ ਤੋਟਾ ਨਗਰ ਦੀ ਕਥਾ—ਆਨੰਦਪੁਰ ਵਿਚ ਪ੍ਰਵੇਸ਼। 49-66

ਅਸ਼ਟਮੀ ਪ੍ਰਾਤ

ਭੀਮ ਚੰਦ ਦੀ ਮੁੜ ਬੇਨਤੀ—ਸਾਹਿਬਜ਼ਾਦੇ ਅਜੀਤ ਸਿੰਘ ਦਾ ਜਨਮ—ਆਨੰਦਪੁਰ ਚੋਰ ਪਕੜਿਆ—ਨਾਦੌਣ ਦਾ ਯੁੱਧ। 66-70

ਨਵਮੀ ਪ੍ਰਾਤ

ਸਾਹਿਬਜ਼ਾਦਾ ਜੁਝਾਰ ਸਿੰਘ ਦਾ ਜਨਮ—ਦਿਲਾਵਰ ਖ਼ਾਂ ਦੇ ਪੁੱਤਰ ਦਾ ਭੱਜਣਾ—ਹਿੰਮਤ ਹੁਸੈਨੀ ਸੰਗਤੀਏ ਦਾ ਬਧ ਕਰਨਾ—ਜੁਝਾਰ ਸਿੰਘ ਦਾ ਯੁੱਧ—ਸ਼ਾਹਜ਼ਾਦਾ ਮੁਅੱਜ਼ਮ ਦੀ ਆਮਦ—ਸਾਹਿਬ ਜ਼ੋਰਾਵਰ ਸਿੰਘ ਦਾ ਜਨਮ—ਅੰਮ੍ਰਿਤ ਰਾਏ ਭੱਟ ਦਾ ਮਿਲਾਪ—ਅਨੂਪ ਕੌਰ ਦਾ ਚਰਿਤ੍ਰ। 70-81

ਉਤਰਾਰਧ

ਪ੍ਰਥਮੀ ਪ੍ਰਾਤ

ਭਾਰਥ ਸ੍ਰਵਣ ਕਥਾ—ਦੇਵੀ ਪ੍ਰਗਟ ਕਰਨ ਦੀ ਇੱਛਾ—ਬਿਪ੍ਰ ਦੀ ਪ੍ਰੀਖਿਆ ਦਾ ਪ੍ਰਸੰਗ—ਜਗਯ ਦਾ ਅਰੰਭ—ਕਾਲੀ ਦਾਸ ਪੰਡਿਤ ਬੁਲਾਇਆ—ਜਗਯ ਦਾ ਪੂਰਨ ਹੋਣਾ—ਮਹਾ ਮਾਯਾ (ਦੇਵੀ ਦਾ) ਪ੍ਰਗਟ ਹੋਣਾ ਤੇ ਬਰਦਾਨ ਦੇਣਾ। 81-99

ਦੁਤੀਯ ਪ੍ਰਾਤ

ਖਾਲਸਾ ਪ੍ਰਗਟ ਕਰਨ ਦੀ ਆਗਿਆ—ਮਸੰਦ ਸੋਧਣੇ—ਚੇਤੂ ਮਸੰਦ ਦਾ ਬਧ—ਚੈਯਾਂ ਮੈਯਾ ਮਸੰਦ ਬਧ—ਭੰਡਾਂ ਨੇ ਮਸੰਦਾਂ ਦੀ ਨਕਲ ਉਤਾਰੀ—ਮਸੰਦਾਂ ਦੇ ਤਿਆਗ ਲਈ ਹੁਕਮ ਨਾਮੇ—ਸੰਗਤ ਸਾਬ ਫੇਰੂ ਦਾ ਪ੍ਰਸੰਗ—ਨੰਦ ਚੰਦ ਮਸੰਦ ਦਾ ਭੱਜਣਾ। 99-109

ਤ੍ਰਿਤੀਯ ਪ੍ਰਾਤ

ਪੰਜ ਪਿਆਰਿਆਂ ਦੀ ਪਰੀਖਿਆ—ਅੰਮ੍ਰਿਤ ਛਕਾਇਆ ਤੇ ਖਾਲਸਾ ਪ੍ਰਗਟ ਕੀਤਾ। 109-115

ਚਤੁਰਥੀ ਪ੍ਰਾਤ

ਖੋਤੇ ਨੂੰ ਸ਼ੇਰ ਦੀ ਖੱਲ ਪੁਆ ਕੇ ਦ੍ਰਿਸ਼ਟਾਂਤ ਦਿੱਤਾ—ਭਾਈ ਨੰਦ ਲਾਲ ਜੀ ਦਾ ਮੇਲ—ਲੰਗਰ ਦੀ ਪ੍ਰੀਖਿਆ—ਹੋਲਾ ਮਹੱਲਾ—ਦੀਵਾਨ ਗੋਯਾ ਦਾ ਪ੍ਰਸੰਗ। 115-122

ਪੰਚਮੀ ਪ੍ਰਾਤ

ਜਗਯੋਪਵੀਤ ਪ੍ਰਕਰਣ। 122-125

ਖਸਟਮੀ ਪ੍ਰਾਤ

ਬਹੱਲੋ ਦੇ ਗੁਰਦਾਸ ਦਾ ਮਿਲਾਪ—ਬਜਰੂੜ ਗਰਾਮ ਤੇ ਚੜਾਈ—ਹੋਲਾ ਮਹੱਲਾ ਦਾ ਪੁਰਵ—ਗ੍ਰਿਹਾਂ ਦਾ ਮਹਾਤਮ—ਸੁਧ ਪਾਠ ਦਾ ਪ੍ਰਸੰਗ—ਪੰਜ ਤਰ੍ਹਾਂ ਦੀ

Sri Satguru Jagjit Singh Ji eLibrary NamdhariElibrary@gmail.com

ਸਿੱਖੀ—ਸਾਹਿਬ ਰਾਮ ਕੁਇਰ ਦੇ ਬਚਨ—ਭਵਿੱਖ ਬਾਰੇ ਕਿਹਾ—ਕਨੈਤਾਂ ਦੀ ਕਥਾ—ਕੇਸ਼ੋਦਾਸ ਦਾ ਭਵਿੱਖ ਦੱਸਿਆ—ਲੰਗਰ ਦਾ ਮਹਾਤਮ—ਰਾਗੀਆਂ ਦਾ ਪਖੰਡ ਨੰਗਾ ਕੀਤਾ—ਕਾਲ ਪੈਣਾ ਅਤੇ ਲੰਗਰ ਚਲਾਉਣਾ। 125-133

ਸਪਤਮੀ ਪ੍ਰਾਤ

ਸ਼ਹੀਦਾਂ ਦੀ ਕਥਾ—ਸੁਨਿਆਰੇ ਦੇ ਸੋਨਾ ਚੁਰਾਉਣ ਦਾ ਪ੍ਰਸੰਗ—ਉਪਦੇਸ਼—'ਅਨੰਦ ਭਇਆ' ਦੀ ਤੁਕ ਦੀ ਸਾਖੀ—ਕਬੀਰ ਜੀ ਦੀ ਕਥਾ—ਭੀਮ ਚੰਦ ਨੇ ਮੁੜ ਪਰਮਾ ਨੰਦ ਵਜ਼ੀਰ ਨੂੰ ਭੇਜਿਆ—ਮ੍ਰਿਤਕ ਦਾ ਨਾਟਕ—ਨੰਦ ਸਿੰਘ ਦੀ ਕਥਾ—ਲਾਹੌਰਾ ਸਿੰਘ ਪ੍ਰਤਿ ਮੁਕਤਨਾਮਾ—ਕਚੀ ਬਾਣੀ ਦਾ ਵਿਚਾਰ। 133-144

ਅਸ਼ਟਮੀ ਪ੍ਰਾਤ

ਜਮਦੇ ਬਰਤ ਕਰਨ ਦੀ ਭੂਤਕਥਾ—ਆਲਮ ਚੰਦ, ਬਲਿਆ ਚੰਦ ਨਾਲ ਯੁੱਧ—ਭੀਮ ਚੰਦ ਨੇ ਵਿਚੋਲਾ ਭੇਜਿਆ—ਪੁਰਖ ਦੀ ਨਿੰਦਾ ਨਾ ਕਰਨ ਵਾਲੀ ਔਰਤ ਧਨ ਹੈ—ਸਰਦੀ ਦੀ ਰੁੱਤ ਵਿਚ ਕੱਪੜੇ ਵੰਡੇ—ਜ਼ਾਲਮ ਸਿੰਘ ਪ੍ਰਤਿ ਸੇਵਾ—ਮਹਾਤਮ। 144-150

ਨਵਮੀ ਪ੍ਰਾਤ

ਦਿੱਲੀ ਦੇ ਸੂਬੇ ਨੇ ਭੀਮ ਚੰਦ ਦੀ ਸਹਾਇਤਾ ਕੀਤੀ—ਪੈਂਡੇ ਖ਼ਾਂ ਦਾ ਬਧ। 150-153

ਦਸਮੀ ਪ੍ਰਾਤ

ਭੀਮ ਚੰਦ ਨੇ ਪਹਾੜੀ ਰਾਜੇ ਇਕੱਠੇ ਕੀਤੇ—ਭਾਊ ਜਮਤੂਲਾ ਗੂਜਰ ਦਾ ਬਧ। 153-159

ਏਕਾ ਦਸਮੀ ਪ੍ਰਾਤ

ਸਾਹਿਬਜ਼ਾਦਾ ਅਜੀਤ ਸਿੰਘ ਦੀ ਜਿੱਤ—ਕੇਸਰੀ ਸਿੰਘ ਰਾਜੇ ਦਾ ਭੱਜਣਾ—ਖਾਲਸੇ ਦਾ ਹੱਲਾ—ਭੀਮ ਚੰਦ ਤੇ ਕੇਸਰੀ ਸਿੰਘ ਦੀ ਸਲਾਹ—ਦੁਨੀ ਚੰਦ ਭੱਜ ਗਿਆ—ਭਾਈ ਬਚਿਤਰ ਸਿੰਘ ਦਾ ਪ੍ਰਸੰਗ—ਕੇਸਰੀ ਸਿੰਘ ਬਧ—ਸਮਰਜਿੱਤ—ਕਟੋਚੀਆ ਵੀ ਹਾਰਿਆ। 159-183

ਦ੍ਵਾ ਦਸਮੀ ਪ੍ਰਾਤ

ਆਸਾ ਸਿੰਘ ਮੁਤਸਦੀਕਾ ਉਪਕਾਰ—ਕਵੀ ਸੈਨਾਪਤੀ—ਪਠਾਨ ਦੀ ਕਥਾ—ਰਾਮ ਸਿੰਘ ਮਾਰਵਾੜੀਆ ਦੀ ਕਥਾ—ਸਾਹਬ ਰਾਮ ਕੁਇਰ ਜੀ ਦਾ ਪ੍ਰਸੰਗ—ਕੜਾਹ ਪ੍ਰਸਾਦ ਲੁਟਾਇਆ—ਰਾਮ ਕੁਇਰ ਜੀ ਦੀ ਭਰਮ-ਨਵਿਰਤੀ—ਰਾਮ ਕੁਇਰ (ਗੁਰਬਖਸ਼ ਸਿੰਘ) ਦੇ ਅੰਮ੍ਰਿਤ ਛੱਕਣ ਦਾ ਪ੍ਰਸੰਗ—ਰਾਮ ਕੁਇਰ ਨੇ ਇਕ ਮਨੁੱਖ ਨੂੰ ਅੱਖਾਂ ਬਖਸ਼ੀਆਂ—ਨਵਾਬ ਨੂੰ ਸਰਾਪ ਦਿੱਤਾ ਰਾਮ ਕੁਇਰ ਜੀ ਨੇ—ਭਾਈ ਜੋਗਾ ਸਿੰਘ ਦੀ ਕਥਾ—ਸਰਹੰਦ ਵਾਸੀ ਬਾਣੀਏ ਤੇ ਪਠਾਨ ਦੀ ਕਥਾ। 183-194

ਤ੍ਰਯੋ ਦਸਮੀ ਪ੍ਰਾਤ

ਵਾਜਿਧਲ ਅਰਜ—ਭਾਈ ਚੋਪਾ ਸਿੰਘ ਛਿੱਬਰ ਦੇ ਰਹਿਤਨਾਮੇ ਦਾ ਪ੍ਰਸੰਗ—ਮਕਰੰਦ ਜੀ ਦੇ ਨਿਜ਼ਾਮਾਬਾਦ ਆਉਣ ਦਾ ਪ੍ਰਸੰਗ, ਬਾਬਾ ਕਲਾਧਾਰੀ ਜੀ—ਬਾਬਾ ਸਾਹਿਬ ਸਿੰਘ ਦੇ ਜਨਮ ਦੀ ਕਥਾ—ਸਾਹਿਬਜ਼ਾਦਾ ਫਤਹਿ ਸਿੰਘ ਨੇ ਦੁਮਾਲਾ ਸਜਾਇਆ—ਲਿਖਾਰੀ ਰੋਸ਼ਨ ਸਿੰਘ—ਦਿੱਲੀ ਦੇ ਸਿਰਗੁੰਮੇ। 194-201

Sri Satguru Jagjit Singh Ji eLibrary NamdhariElibrary@gmail.com

ਚਤੁਰ ਦਸਮੀ ਪ੍ਰਾਂਤ

ਅਨੰਦਪੁਰ ਛੁਡਾਉਣ ਦਾ ਪ੍ਰਸੰਗ—ਨਿਰਮੋਹ ਗੜ੍ਹ ਦਾ ਯੁੱਧ—ਤੋਪਚੀ ਨੂੰ ਮਾਰਿਆ —ਔਰੰਗਜ਼ੇਬ ਦੇ ਹੁਕਮ ਨਾਲ ਸੂਬਾ ਸਰਹੰਦ ਲੜਿਆ—ਭੀਮ ਚੰਦ ਦੀ ਸੂਬੇ ਨਾਲ ਸਲਾਹ—ਬਿਸਾਲੀ ਦੇ ਰਾਜੇ ਦਾ ਸ਼ਰਣ ਆਉਣਾ—ਗੁਰੂ ਜੀ ਬਿਸਾਲੀ ਗਏ—ਸਰਹੰਦ ਦੀ ਸੈਨਾ—ਔਰੰਗਜ਼ੇਬ ਨੇ ਵਜ਼ੀਰ ਭੇਜ ਪ੍ਰੀਖਿਆ ਲਈ। 201-214

ਪੰਚ ਦਸਮੀ ਪ੍ਰਾਂਤ

ਨਿਰਮੋਹੀ ਰਾਜਾ ਤੇ ਗੂਜਰੀ ਦੀ ਕਥਾ—ਰਾਜਾ ਭੰਬੋਰ ਦੀ ਕਥਾ—ਕਲਮੋਟ ਦੀ ਲੜਾਈ—ਮੁੜ ਆਨੰਦਪੁਰ ਆਏ। 214-222

ਖਸਿਟ ਦਸਮੀ ਪ੍ਰਾਂਤ

ਗੁਰੂ ਜੀ ਸ਼ਿਕਾਰ ਗਏ—ਨਾਰਦ ਜੀ ਮਿਲੇ—ਸਾਹਿਬ ਦੇਵਾਂ ਜੀ ਦਾ ਵਿਆਹ—ਜੱਗਾ ਸਿੰਘ ਸੇਵਾਦਾਰ ਦਾ ਪ੍ਰਸੰਗ—ਗੁਰੂ ਜੀ ਕਟਾਹ ਗਏ—ਜਛ-ਨਾਗਨ ਦਾ ਪ੍ਰਸੰਗ—ਮੰਡੀ ਗਏ—ਕਵੀਆਂ ਦੇ ਨਾਮ। 222-234

ਸਪਤ ਦਸਮੀ ਪ੍ਰਾਂਤ

ਹੀਰ ਕਵੀ ਆਇਆ—ਕਵੀ ਚੰਦ ਆਇਆ—ਬ੍ਰਾਹਮਣਾਂ ਦਾ ਪ੍ਰਸੰਗ—ਖਾਲਸੇ ਨੂੰ ਬਖਸ਼ਸ਼—ਮੋਤ ਉਪਰੰਤਜਾਣ ਦਾ ਨਿਰਣਾ—ਆਲਮ ਸਿੰਘ ਦੇ ਪ੍ਰਸ਼ਨ ਦਾ ਉੱਤਰ—ਭਵਿੱਖਬਾਣੀ—ਨਿਰਣਾ, ਮੂਰਤੀਪੂਜਾ—ਲਾਲ ਸਿੰਘ ਦੀ ਕਥਾ। 234-247

ਅਸ਼ਟ ਦਸਮੀ ਪ੍ਰਾਂਤ

ਹਰ ਗੁਪਾਲ ਬਾਣੀਏ ਦੀ ਕਥਾ—ਧਿਆਨ ਸਿੰਘ, ਹਰਗੁਪਾਲ ਅਤੇ ਬਿਸੰਤਰ ਦਾ ਪ੍ਰਸੰਗ—ਧਿਆਨ ਸਿੰਘ ਦੀ ਕਥਾ—ਬਿਸੰਭਰ ਨੂੰ ਬਿਬੇਕ ਦੱਸਿਆ—ਭੂਪਨਾਮਾ—ਰੋਪੜ ਵਾਸੀਆਂ ਦਾ ਪ੍ਰਸੰਗ—ਇਕ ਸਿੱਖ ਨੂੰ ਮੰਦਰ ਦੀ ਬਖਸ਼ਿਸ਼। 247-261

ਏਕੂਨ ਬਿੰਸਤਮੀ ਪ੍ਰਾਂਤ

ਸਰਾਧਾਂ ਦਾ ਪ੍ਰਸੰਗ—ਮਾਤਾ ਜੀਤੋ ਜੀ ਦਾ ਜੋਗ-ਅਭਿਆਸ—ਨਾਰੀ ਤੇ ਭਜਨ ਪ੍ਰਸੰਗ—ਜਗਨ ਨਾਥ ਦੀ ਸੰਗਤ ਨੂੰ ਸੋਨੇ ਲਈ ਹੁਕਮਨਾਮਾ—ਨੌ ਕਰੋੜ ਸਤਲੁਜ ਵਿੱਚ ਪਾਉਣ ਦਾ ਪ੍ਰਸੰਗ—ਭੀਮ ਚੰਦ ਦਾ ਧਨ ਖੋਜਣਾ—ਕਵੀ-ਸਭਾ ਵਿਚ ਪ੍ਰਸ਼ਨ-ਉੱਤਰ ਮੱਥਰਾ ਪੰਡਿਤ ਨੂੰ ਜੋਗ ਅਭਿਆਸ ਦਿੱਤਾ। 261-273

ਬਿੰਸਤਮੀ ਪ੍ਰਾਂਤ

ਸ਼ਰਧਾ ਪੂਰਨ-ਬਚਨ—ਕਵੀ ਸੁਦਾਮਾ ਆਇਆ—ਸ਼੍ਰੀ ਜਪੁਜੀ ਬਾਣੀ ਦਾ ਪਉੜੀਵਾਰ ਮਹਾਤਮ—ਭਾਈ ਮਨੀ ਸਿੰਘ ਜੀ ਦਾ ਪ੍ਰਸੰਗ—ਪਟਨਾ ਸਾਹਿਬ ਵਾਲੀ ਬੀੜ ਦਾ ਉਚਾਰਨ, ਧੀਰਮੱਲੀਆਂ ਦਾ ਇਨਕਾਰ—ਸਬੀਹ ਸਾਹਬ ਦੀ ਕਥਾ—ਮੁੰਡਨਾਂ ਦੀ ਕਥਾ। 273-286

ਏਕ ਬਿੰਸਤਮੀ ਪ੍ਰਾਂਤ

ਕੁਰਕਸ਼ੇਤਰ ਯਾਤਰਾ—ਆਵਲ ਖੇੜੀ ਗਏ—ਉਦੈ ਸਿੰਘ ਦੀ ਭਵਿੱਖਬਾਣੀ ਚਮਕੌਰ ਠਹਿਰੇ, ਕਾਬਲ ਦੀ ਸੰਗਤ ਆਈ—ਆਲਿਫ਼ ਖਾਂ ਤੇ ਸੈਦ ਬੇਗ ਦਾ ਯੁੱਧ—ਸੈਦਬੇਗ ਨੇ ਭੀਮ ਸੈਨ ਬਾਰੇ ਦੱਸਿਆ—ਕਵੀ ਹੰਸ ਰਾਮ ਦੀ ਵਿਦਾਇਗੀ—ਸਿਰ

Sri Satguru Jagjit Singh Ji eLibrary NamdhariElibrary@gmail.com

ਸਦਕ ਦੀ ਕਥਾ—ਭੀਮ ਚੰਦ ਹਾਰਿਆ—ਭਵਿੱਖਬਾਣੀ—ਸਾਲ ਪੱਤ੍ਰ ਵਿਦਿਆ—ਭਾਈ ਭਗਤ ਸਿੰਘ ਦਾ ਪ੍ਰਸੰਗ। 286-302

ਦ੍ਵਾ ਬਿੰਸਤਮੀ ਪ੍ਰਾਤ

ਗੁਰਸਿੱਖ ਦੁਆਰਾ ਕਾਲ ਜਿੱਤਣ ਦਾ ਪ੍ਰਸੰਗ—ਭਾਈ ਦਇਆ ਸਿੰਘ ਨੇ ਗਿਆਨ ਜੋਗ ਕਿਹਾ—ਗੁਰ ਸਿੱਖ ਮਹਾਤਮ—ਬਾਬਾ ਮੇਘ ਰਾਜ ਭੱਲਾ ਜੀ ਨੂੰ ਪੁਤਰਾਂ ਦੀ ਬਖਸ਼ਸ਼—ਗੋਇੰਦਵਾਲ ਦੀ ਗੁਪਤ ਯਾਤਰਾ—ਇਸਤਰੀ ਤਿਆਗ—ਸਿਦਕੀ ਵਿਹਲੇ— ਸਤਗੁਰੁ ਦੀ ਕਿਰਪਾ ਨਾਲ ਸਿੱਖ ਦਾ ਦਰਸ਼ਨ ਹੁੰਦਾ ਹੈ—ਮਾਤਾ ਜੀ ਨੇ ਖੱਟ ਦਰਸ਼ਨ ਦਾ ਲੰਗਰ ਕੀਤਾ—ਸਾਧ ਫਤੇ ਚੰਦ ਤੇ ਦੇਵ ਦੀ ਲੜਾਈ—ਪੋਰਾਣਿਕ ਪੰਡਿਤ ਦੇਵੀ ਦਿਤਾ ਦਾ ਪ੍ਰਸੰਗ। 302-313

ਤ੍ਰੈ ਬਿੰਸਤਮੀ ਪ੍ਰਾਤ

ਗੁਰ ਜਸ ਕਵਿਤਾ ਸੰਗ੍ਰਹਿ ॥ 313-322

ਚਤੁਰ ਬਿੰਸਤਮੀ ਪ੍ਰਾਤ

ਮਾਤਾ ਜੀ ਨੂੰ ਸਰਾਪ—ਸੈਦ ਖਾਂ ਉਮਰਾਉ ਖਾਨ ਫੌਜ ਲੈ ਆਇਆ—ਸੈਦ ਖ਼ਾਂ ਦਰਸ਼ਨ ਕਰਕੇ ਤਿਆਗੀ ਹੋਇਆ—ਰਮਜਾਨ ਖਾਂ ਦਾ ਬਧ—ਔਰੰਗਜ਼ੇਬ ਨੇ ਪੱਤਰ ਭੇਜਿਆ—ਭੀਮ ਚੰਦ ਰਾਜਾ ਔਰੰਗਜ਼ੇਬ ਪਾਸ ਗਿਆ—ਸਰਹੰਦ, ਦਿੱਲੀ ਅਤੇ ਲਾਹੌਰ ਸੂਬਿਆਂ ਦੀਆਂ ਫੌਜਾਂ ਦਾ ਚੜ੍ਹ ਆਉਣਾ—ਖਾਲਸੇ ਨੂੰ ਯੁੱਧ ਦਾ ਗੀਤਾ ਉਪਦੇਸ਼। 322-332

ਪੰਚ ਬਿੰਸਤਮੀ ਪ੍ਰਾਤ

ਆਨੰਦਪੁਰ ਦਾ ਇੰਤਜ਼ਾਮ—ਮੋਰਚਿਆਂ ਦਾ ਯੁੱਧ—ਸੂਬਿਆਂ ਤੇ ਭੀਮ ਚੰਦ ਦੀ ਵਾਰਤਾ—ਘਾਟਾ ਰੋਪ ਤੋਪ—ਗੁਰੂ ਜੀ ਨੇ ਤੀਰ ਨਾਲ ਪੱਤਰ ਭੇਜਿਆ—ਨਰ ਸਿੰਘ ਦਾ ਮੋਰਚਾ—ਗੁਰੂ ਜੀ ਨੇ ਸਿਰੋਪਾਉ ਦੀਏ। 332-340

ਖਸਟ ਬਿੰਸਤਮੀ ਪ੍ਰਾਤ

ਰਾਮ ਸਿੰਘ ਤ੍ਰਿਲੋਕ ਸਿੰਘ ਗੁਰੂ ਜੀ ਨੂੰ ਮਿਲੇ—ਭਾਈ ਘਨੱਈਆ ਜੀ ਦਾ ਪ੍ਰਸੰਗ—ਸਿੱਖ ਉਦਮ ਕਰਕੇ ਅੰਨ ਲੈ ਆਏ—ਇਕ ਸਿੰਘ ਦਾ ਤੁਰਕਾਂ ਨੇ ਅਪਮਾਨ ਕੀਤਾ—ਖ਼ਜਾਨੇ ਦੀਆਂ ਬਚਦੀਆਂ ਵਸਤੂਆਂ ਸਤਲੁਜ ਵਿਚ ਪਾਈਆਂ—ਸਿੱਖਾਂ ਦੇ ਪੈਰ ਹਿਲ ਗਏ—ਸਿੰਘਾਂ ਦੀ ਪਰਖ ਕੀਤੀ—ਇਕ ਸਿੱਖ ਨੇ ਪਾਰਸ ਚੜ੍ਹਾਇਆ—ਸਿੰਘਾਂ ਨੂੰ ਦਰੱਖਤਾਂ ਦੀ ਛਿੱਲ ਖਾਣ ਤੋ ਹਟਾਇਆ। 340-349

ਸਪਮ ਬਿੰਸਤਮੀ ਪ੍ਰਾਤ

ਝੂਠੀ ਕਸਮ ਚੁੱਕ ਕੇ ਖਜਾਨਾ ਲੁਟਿਆ—ਪਹਾੜੀਆਂ ਅਤੇ ਮੁਗਲਾਂ ਦੀਆਂ ਕਸਮਾਂ—ਸਿੱਖਾਂ ਦਾ ਬਿਦਾਵਾ—ਗੁਰੂ ਜੀ ਅਨੰਦਪੁਰ ਤੋਂ ਚੱਲੇ। 349-355

ਅਸ਼ਟ ਬਿੰਸਤਮੀ ਪ੍ਰਾਤ

ਨਾਹਨ ਦੇ ਰਾਜੇ ਲਈ ਹੁਕਮਨਾਮਾ—ਭਾਈ ਉਦੈ ਸਿੰਘ ਦਾ ਯੁੱਧ ਤੇ ਸ਼ਹੀਦੀ—ਸਰਸਾ ਪਾਰ ਕਰਕੇ ਘਨੌਲੇ ਗਏ—ਚਮਕੌਰ ਦੀ ਗੜ੍ਹੀ ਵਿਚ ਪੁੱਜੇ—ਚਮਕੌਰ ਦਾ ਯੁੱਧ—ਸਾਹਿਬਜ਼ਾਦਾ ਅਜੀਤ ਸਿੰਘ ਤੇ ਜੁਝਾਰ ਸਿੰਘ ਦੀ ਸ਼ਹੀਦੀ—ਖਾਲਸੇ ਨੂੰ ਗੁਰਆਈ। 355-372

Sri Satguru Jagjit Singh Ji eLibrary NamdhariElibrary@gmail.com

ਏਕੋਨ ਤ੍ਰਿੰਸਤਮੀ ਪ੍ਰਾਤ

ਗੁਰੂ ਜੀ ਮਾਛੀਵਾੜੇ ਗਏ—ਗੁਲਾਬੇ ਦੇ ਘਰ ਗਏ—ਉਚ ਦੇ ਪੀਰ ਬਣੇ—ਸੈਨਾ ਨੇ ਗੁਰੂ ਜੀ ਨੂੰ ਰੋਕਿਆ—ਕਾਜੀ ਦੀ ਗਵਾਹੀ—ਕਨੈਚ ਗਏ—ਕਿਰਪਾਲ ਮਹੰਤ ਦੇ ਘਰ ਗਏ। ਕਟਾਣੇ ਗਏ—ਲਲੀ ਕੁਬੀ ਗਏ—ਰਾਇ ਕੱਲਾ ਦਰਸ਼ਨਾ ਲਈ ਆਇਆ—ਰਾਏਕੋਟ ਗਏ—ਮਾਹੀ ਨੇ ਸਰਹੰਦ ਦਾ ਸਮਾਚਾਰ ਲਿਆ ਸੁਣਾਇਆ। 372-390

ਤ੍ਰਿੰਸਤਮੀ ਪ੍ਰਾਤ

ਗੁਰੂ ਜੀ ਤਖਤੂਪੁਰੇ ਗਏ—ਕਾਂਗੜੇ ਵਿਚ ਸਮੀਰ ਰਾਏ ਦੇ ਘਰ ਗਏ—ਪਰਮ ਸਿੰਘ ਧਰਮ ਸਿੰਘ ਦਾ ਮਿਲਾਪ—ਧਰਮ ਸਿੰਘ ਨੂੰ ਸ਼ਹੀਦ ਨੇ ਦਰਸ਼ਨ ਦਿੱਤੇ—ਸਮੀਰ ਨੂੰ ਗੁਦੜ ਵਾਲੀ ਪੁਸ਼ਾਕ ਬਖਸ਼ੀ—ਸਮੀਰ ਨੂੰ ਸੀਤ-ਪ੍ਰਸਾਦ ਦਿੱਤਾ—ਸਮੀਰ ਦੀ ਚੌਰਾਸੀ ਕੱਟੀ—ਦਿਆਪੁਰੀ ਸਰਹੰਦ ਦਾ ਆ ਮਿਲਿਆ—ਸੂਬਾ ਸਰਹੰਦ ਦਾ ਸਮੀਰ ਨੂੰ ਆਦੇਸ਼—ਭਾਈ ਦਇਆ ਸਿੰਘ ਦੁਆਰਾ ਜਫ਼ਰਨਾਮਾ ਭੇਜਿਆ—ਇਕ ਸ਼ੇਰ ਮਾਰਿਆ। 390-404

ਏਕ ਤ੍ਰਿੰਸਤਮੀ ਪ੍ਰਾਤ

ਰਾਜਾ ਭਦ੍ ਸੈਨ ਦੀ ਕਥਾ—ਰਖਾਲੇ ਗਏ—ਭਗਤੇ ਗਏ—ਤੀਤਰ ਮਾਰਿਆ—ਘੁੰਘਨੀਆਂ ਸਿੰਘ ਨੂੰ ਅੰਮ੍ਰਿਤ ਛਕਾਇਆ—ਭਾਈ ਭਗਤੇ ਦੇ ਪ੍ਰੇਤ ਅਜ਼ਾਦ ਕੀਤੇ—ਬਾਦਰੀ ਗਏ—ਬਨਗਾੜੀ ਗਏ—ਬਹਬਲ ਗਏ—ਦੋਦੇਤਾਲ ਗਏ—ਸਿਵਰਾਮੀ ਗਏ—ਕੋਟਕਪੂਰੇ ਗਏ—ਢਿਲਵੀਂ ਗਏ—ਜੇਤੋ ਗਏ—ਕੋਠੇ ਮਲੂਕ ਗਏ—ਜੈਤੋ ਦੇ ਤਾਲ ਵਿਚ ਇਸ਼ਨਾਨ ਕੀਤਾ—ਸੁਨਿਆਰ ਗਏ—ਰਮਿਯਾਣੇ ਗਏ—ਅਭੈ ਸਿੰਘ ਨੇ ਘੋੜਾ ਪੇਸ਼ ਕੀਤਾ—ਮਾਝੇ ਦੇ ਸਿੱਖਾਂ ਦਾ ਪ੍ਰਸੰਗ—ਰੁਪਾਣੇ ਗਏ—ਖਾਨ ਨੇ ਮੋਹਰ ਲੈ ਕੇ ਪਾਣੀ ਦਾ ਟਕੋਰਾ ਦਿੱਤਾ। 404-421

ਦਵੈ ਤ੍ਰਿੰਸਤਮੀ ਪ੍ਰਾਤ

ਮੁਕਤਸਰ ਦਾ ਯੁੱਧ ਹੋਇਆ। 421-429

ਤ੍ਰੈ ਤ੍ਰਿੰਸਤਮੀ ਪ੍ਰਾਤ

ਸੁਨਤ ਭੂਪ ਧਾਏ ਤਬ ਐਸੇ। ਦੀਪਕ ਲਖਤ ਮਸਕ ਗਨ ਜੈਸੇ॥
ਟਿਡੀ ਦਲ ਸੁ ਉਛਲਿ ਜਨੁ ਆਯੋ॥ ਦੋਦੋ ਦੁੰਦਭ ਦੀਹ ਬਜਾਯੋ॥੫॥
ਉਤ ਵਜੀਰ ਖਾਂ ਆਇਸਦੀਨੀ॥ ਸਾਰੀ ਮਲੇਛ ਸੈਨ ਅਤਿ ਪੀਨੀ।
ਚਹੁ ਦਿਸ ਲਯੋ ਘੇਰਿ ਕਰ ਜਬਹੀ॥ ਮਧਯਾ ਬਿਰਾਜਤ ਸਤਗੁਰ ਤਬਹੀਂ॥੬॥
ਸ਼੍ਰੀ ਗੁਰੁ ਹਿਤ ਉਤ ਬਾਨ ਪ੍ਰਮਾਨੇ॥ ਛਾੜਤ ਕਾਨ ਪ੍ਰਮਾਨ ਸੁਤਾਨੇ॥
ਲਾਗਤ ਗਿਰੇ ਸ਼ੂਰ ਬੇਸ਼ੁਮਾਰਾ॥ ਦਖਯਣ ਬਾਮ ਬਾਨ ਤਕ ਮਾਰਾ॥੭॥

ਸਮਾਨਕਾ ਛੰਦ॥ ਤਰ ਤਰ ਤੀਰੰ॥ ਪਰ ਭਰ ਬੀਰੰ॥ ਉਨ ਉਨ ਮਾਰੈ॥ ਨਹਿ ਸੁਸ ਭਾਰੈ॥੮॥ ਅਰਿ ਅਰਿ ਆਰੇ॥ ਤਰ ਭਰ ਬਾਰੇ॥ ਪੁਨ ਪੁਨ ਪ੍ਰੇਰੇ॥ ਜਨ ਅਹਿ ਛੇਰੇ॥੯॥ ਅਰਿ ਸਿਰ ਗਾਲੈ॥ ਘਾਵਨ ਘਾਲੇ॥ ਭਭ ਕਤ ਘਾਵਾ॥ ਅਰਿ ਉਰ ਚਾਵਾ॥੧੦॥ ਨਿਸਤਨ ਸਾਧ॥ ਖਪਰਨ ਬਾਧੈ॥ ਬਕਤ ਬਕਾਰਾ॥ ਨ੍ਰਿਪ ਜਨ ਕਾਗਾ॥੧੧॥ ਤੁਰਕਨ ਸੈਨਾ॥ ਕਰ ਸਰ ਪੈਨਾ॥ ਤੁਪਕਨ ਗੋਲੀ॥ ਅਲਿ ਅਲਿ ਬੋਲੀ॥੧੨॥ ਸਮਰ ਸੁਜਾਨਾ॥ ਬਾਹਹਿ ਬਾਨਾ॥ ਲਭਪਥ ਠਾਢੀ॥ ਉਰ ਰੁਚਿ ਬਾਢੀ॥੧੩॥ ਬਿਬੁਧਨ ਕੱਨਯਾ॥ ਅਤਨ ਪ੍ਰਪੰਨਯਾ॥ ਕਰ ਜਯ ਮਾਲਾ॥ ਬਰ ਨਰੁ ਬਾਲਾ॥੧੪॥ ਬਜਤ ਸੁ ਬਾਜਾ॥ ਲਖ ਘਨ ਲਾਜਾ॥ ਰੁਧਿਰ[2] ਪਰਨਾਰਾ॥ ਛੁਟਤ ਫੁਹਾਰਾ॥੧੫॥ ਹਯ ਹਿਹ ਨਾਹੀ॥ ਗਯ ਚਿਕਰਾਹੀ॥ ਕਹੁ ਕਰ ਪਾਦਾ॥ ਕਹੁ ਭੁਜ ਬਾਦਾ॥੧੬॥ ਸਮਰਸ ਰੋਖਾ॥ ਅਤਿ ਰਿਸ ਚੋਖਾ॥ ਸਿਰਹੰਦ ਸੂਬਾ॥ ਕਰ ਮਨਸੂਬਾ[3]॥ ਪਰਿ ਘਰਿ ਹਾਈ॥ ਨ੍ਰਿਪ ਸਹਿ ਘਾਈ॥ ਬਿਧਿਧ ਬਿਧਾਨਾ॥ ਮਾਰਤ ਬਾਨਾ॥੧੭॥ ਅਬ ਕਤ ਜਾਹੁ॥ ਭਟ ਰਨ ਮਾਹੁ॥ ਭਜ ਕਿਤ ਜੈਹੌਂ॥ ਤਿਤ ਤਨਦੈ ਹੌਂ॥੧੮॥ਦੋ:॥ ਸਿੰਧੁ ਮੇਖਲਾ ਭੂਅਨ ਕੋ ਜੋ ਨ੍ਰਿਪ ਸਾਹਨ ਸਾਹ॥ ਤਾਸਨ ਮਨਸੁ ਬਿਰੋਧ ਕਰ ਕ੍ਰਿਤ ਬਚਿ ਹੋ ਸੁਖ ਸਾਹ॥੧੯॥ਚੌ:॥ ਗਾਲ ਬਜਾਇ ਕਰਹਿ ਬਹੁ ਹੱਲਾ॥ ਭੂਪ ਚੰਦ ਇਕਉਰ ਇਕੱਲਾ॥ ਏਕ ਓਰ ਸੋ ਭੀਮ ਚੰਦ ਭਾ॥ ਚੰਦ ਘਮੰਡ ਸੁਏਕ ਮੰਦ ਭਾ॥੨੦॥ ਏਕ ਓਰ ਸੂਬਾ ਸਿਰਹੰਦੀ॥ ਕਰ ਆਪਨੀ ਮਿਸਲ ਪਸੰਦੀ॥ ਥੋਰੇ ਸੂਰ ਸੰਗ ਗੁਰ ਜਾਨੇ॥ ਅਰੁ ਮੈਦਾਨ ਬੀਚ ਪਹਿਚਾਨੇ॥੨੧॥ ਜੋ ਨਾ ਆਜ ਜੀਤਹਿ ਛਮ ਮਿਲਿ ਸਬ॥ ਪੁਨ ਨਹਿ ਮਾਰਯੋ ਜਾਇ ਸੁਨਹੁ ਸਬ॥ ਲਾਖਨ ਸੇਨ ਓਰ ਕਛੁ ਨਾਹੀ॥ ਦ੍ਵੈ ਸਹੰਸ੍[4] ਸੰਗ ਸਤਗੁਰੁ ਜਾਹੀ॥੨੨॥ ਮਾਰਤ ਮਾਰ ਬਕਾਰ ਉਚਾਰਤ॥ ਆਗੇ ਚਰਨ ਸੈਨ

---

1. ਜਿਵੇਂ ਦੇਵਤਿਆਂ ਵਿਚ ਇੰਦਰ, 2. ਲਹੂ, 3. ਢੰਗ, ਤਦਬੀਰ, 4. ਦੋ ਹਜ਼ਾਰ

Sri Satguru Jagjit Singh Ji eLibrary NamdhariElibrary@gmail.com

ਗੁਰ ਧਾਰਨ॥ ਸਭ ਰਾਜਨ ਮਿਲ ਹੱਲਾ ਕੀਨੋ॥ ਛਾਇ ਗੁਬਿੰਦ ਸਿੰਘ ਗੁਰ ਲੀਨੋ॥੨੩॥ **ਕਬਿਤ**॥ ਸਮਰ ਸੁਮੰਦ ਸਰ ਸਲਿਲ ਮੰਦਾਚਲ ਹੈ ਕੇਸੋ ਰਾਮ ਰੂਪਨਿ ਸਾਚ ਰਨ ਸੈ ਭਾਸਾ ਹੈ॥ ਕੈਧੋ ਜਗ ਸਿੰਧ ਸੈਨ ਸੰਗ ਚਤੁਰੰਗਿ[1] ਲੈ ਮਧਯ ਮੈ ਗੁਬਿੰਦ ਠਾਂਢੋ ਕਰਤ ਬਿਲਾਸ ਹੈ॥ ਕੈਧੋ ਘਨਘੋਰ ਸੋਰ ਕਰ ਕੈ ਪ੍ਰਭਾਕਰ ਕੋ ਰੋਕਯ ਹੈ ਕਾਸ ਸੁਮੇਰ ਸਿੰਘ ਪਾਸ ਹੈ। ਕੈਸੋ ਸ਼੍ਰੀ ਗੁਬਿੰਦ ਸਿੰਘ ਸਾਹਿਬ ਨਰੇਸਨ ਕੋ ਸੰਘਾਰ ਨਹੀ ਹੈ ਬਨਯੋ ਨਾਟਕ ਤਮਾਸਾ ਹੈ॥੨੪॥ਚੌ:॥ ਇਹ ਬਿਧਿ ਗਏ ਸਤਦ੍ਰਵ[2] ਤੀਰਾ॥ ਮਾਰਤ ਬੈਰਿਨ ਬਾਨੁ ਸੁਬੀਰਾ॥ ਮਰੇ ਅਨੰਤ ਸੁਭਟ ਬਿਕਰਾਲਾ॥ ਬਲ ਬਿਸਾਲ ਬੜ ਹੇਲਾ ਘਾਲਾ॥੨੫॥ ਕਰ ਮਸਲਹਤ ਯਹੀ ਠਹਰਾਈ॥ ਉਤਰਨ ਦੇਹ ਨ ਨਦ ਗੁਰਰਾਈ॥ ਬੜੋਜੋਰ ਕਰ ਲੀਨ ਸੁ ਆਗਾ॥ ਤਬ ਗੁਰੁ ਉਠਹਿ ਕੋਪ[3] ਅਤਿ ਜਾਗਾ॥੨੬॥ **ਕਬਤਿ**॥ ਦਯਾ ਸਿੰਘ ਉਦੈ ਸਿੰਘ ਮੁਹਕਮ ਸਿੰਘ ਬੀਰ ਬਖਸ਼ਸ ਸਿੰਘ ਬਖਸ਼ੀਸ਼ ਸਿੰਘ ਧਾਏ ਹੈ॥ ਸੇਰ ਸਿੰਘ ਦੇਵਾ ਸਿੰਘ ਆਲਮ ਸਿੰਘ ਮ੍ਰਿਗੀਸ ਬੀਰ ਈਸ਼ਰ ਸਿੰਘ ਜੂਹੂ ਸਸਤ੍ਰਨ ਸਜਾਏ ਹੈ॥ ਭਨਤ ਸੁਮੇਰ ਸਿੰਘ ਬਚਿਤਰ ਸਿੰਘ ਨਾਹਰ ਸਿੰਘ ਕਜਾ ਸਿੰਘ ਅਜਬ ਸਿੰਘ ਅਜਾਇਬ ਸਿੰਘ ਆਏ ਹੈਂ॥ ਅਤਹੀ ਅਤੀਤ ਸੁਰਪਤਿ ਤੈ ਅਜੀਤ ਐਸੇ ਸੂਰਮੇ ਅਜੀਤ ਸਿੰਘ ਸੰਗ ਕੈ ਪਠਾਏ ਹੈਂ॥੨੭॥ ਭਗਵਾਨ ਸਿੰਘ ਔ ਅਨਿਕ ਸਿੰਘ ਮਹਾ ਸਿੰਘ ਧਰਮ ਸੁ ਸਿੰਘ ਰਾਮ ਸਿੰਘ ਰਨਧਾਯੋ ਹੈਂ॥ ਮਾਨ ਸਿੰਘ ਮਹਿਮਾ ਮਹਾਨ ਸੁ ਨਿਸਾਨਚੀ ਹੂੰ ਸੰਗ ਮੈ ਸੁਮੇਰ ਸਿੰਘ ਸੁ ਦਲ ਮਿਲਾਯੋ ਹੈ॥ ਏਕਨ ਦਬ ਚੱਦ ਪੱਟ ਕੈ ਉਲੱਟ ਪੱਟ ਕੱਟ ਮਾਰਾ ਝੱਟ ਝੱਟਕੇ ਦਿਖਾਯੋ ਹੈ॥ ਪੈਰ ਨ ਫਿਰਾਗਯੋ ਹੈ ਸੋ ਅਗੇਹ ਹੀ ਬਢਾਯੋ ਹੈ ਸੋ ਸਾਹਿਬ ਗੁਬਿੰਦ ਸਿੰਘ ਅਤਹੀ ਰਿਝਾਯੋ ਹੈ॥੨੮॥ਚੌ:॥ ਏ ਆਗੇ ਰਨ ਕਰਹਿ ਅਪਾਰਾ।।। ਪਾਛੇ ਸਾਹਿਬ ਚੰਦ ਜੂਝਾਰਾ॥ ਬਾਜਤ ਰਨਜਿਤ[4] ਜਬਹਿ ਨਗਾਰਾ॥ ਸਤ੍ਰਨ ਉਰ ਲਗ ਬਜ੍ਰ ਪ੍ਰਹਾਰਾ॥੨੯॥ ਮਧਯ ਗੁਬਿੰਦ ਸਿੰਘ ਗੁਰੁ ਸੋਹਾ॥ ਜਨ ਤਾਰਨ ਮਧਿ ਉਡਪਤਿ ਜੋਹਾ॥ ਜਦੁਨ ਮਾਹਿ ਜਦੁ ਨਾਇਕ ਰਾਜਾ॥ ਗੁਰ ਨਾਨਕ ਭਗਤਨ ਮਧਿ ਭ੍ਰਾਜਾ॥੩੦॥ ਕਬਿਤ॥ ਤੀਰਨ ਤੜਾ ਤੜੀ ਸੜਾ ਸੜੀ ਸੁ ਸੈਫਨ ਕੀ ਬੀਰਨ ਅੜਾ ਅੜੀ ਸੁ ਪੜਾ ਪੜੀ ਗਿਰਿਨ ਕੀ॥ ਖਗ ਕੇ ਖੜਾਕੇ ਤਯੋ ਹੀ ਤੁਪਕ ਧੜਾਕੇ ਜੈਸੇ ਬਾਰਿ ਸਗੜਾਕੇ ਹੋਤ ਪਰਤੀ ਕ੍ਰਿਖਿਨ ਕੀ॥ ਭਨਤ ਸੁਮੇਰ ਸਿੰਘ ਸ਼੍ਰੀ ਗੁਰੁ ਗੋਬਿੰਦ ਸਿੰਘ ਬਾਨਨ ਤੈ ਐਸੀ ਕਾਟੀ ਸਾਹਨੀ ਅਰਿਨ ਕੀ ਹੋਸ ਨਾ ਲਰਨ ਕੀ ਰਹੀ ਨ ਹੈ ਘਰਨ ਕੀ ਤਯੋ ਨਿਹਚੈ ਮਰਨ ਕੀ ਸਮਰ ਫਿਰਨ ਕੀ॥੩੧॥ਚੌ:॥ ਜਾਹਿ ਬਾਨ ਸਤਗੁਰੁ ਕਰ[5] ਲਾਗਾ॥ ਤਨ ਤਜ ਸੁਰ ਗਯੋ ਸੁਭਾਗਾ॥ ਮਾਰੇ ਅਧਿਕ ਬੀਰ ਬਰਿਆਰਾ॥ ਸ਼੍ਰੀ ਅਜੀਤ ਸਿੰਘ ਰਨ ਲਿਕਰਾਰਾ॥੩੨॥ **ਸਿਰਖੰਡੀ ਛੰਦ**॥ ਗਰਜਯੋ ਸਿੰਘ ਅਜੀਤ ਜੈਕਾਰੇ ਬੋਲਦਾ॥ ਕਰਦਾ ਸਤ੍ਰ ਸਭੀਤ ਜੰਗ ਵਿਚ ਸਾਹਸੀ॥ ਹਿੰਮਤ ਕਿੰਮਤ ਸਗਲੀ ਪਗਲੀ ਕਰ ਦਈ॥ ਸੁਧ ਸੁਭ ਅਗਲੀ ਪਿਛਲੀ ਛੁਟੀ ਜੰਗ ਦੀ॥੩੩॥ ਮਾਰੇ ਸੂਰ ਅਨੰਤ ਸੋਨ ਸਰਿਤਾ ਬਹੀ॥ ਫਿਸਲਤ ਪਰ

---

1. ਚਾਰ ਪ੍ਰਕਾਰ, 2. ਸਤਲੁਜ, 3. ਕ੍ਰੋਧ, 4. ਰਣਜੀਤ ਨਗਾਰਾ, 5. ਸਤਗੁਰ ਦੇ ਹੱਥ ਦਾ

Sri Satguru Jagjit Singh Ji eLibrary NamdhariElibrary@gmail.com

ਤੁਰੰਤ ਗਿਰਤ ਮਾਰੇ ਬਿਨਾ॥ ਕਾਲੌਂ ਸਮਰ ਮਹਾਨ ਕਹਹੁ ਸੁ ਬਨਾਇਕੈ॥ ਇਕ ਇਕ ਚਰਿਤ ਸੁਜਾਨ ਗ੍ਰੰਥ ਅਤਿ ਬੱਢਿ ਗਯੋ॥੩੪॥ ਸਾਹਿਬ ਚੰਦ ਮਹਾਨ ਪਰਯੋ ਘੇਰਯੋ ਗਯੋ॥ ਮਾਰਤ ਸੂਰਨ ਆਰ ਸਹੰਸ੍ਰਨ ਪ੍ਰਾਨਲੈ॥ ਅੰਤ ਦੇਵ ਪੁਰ ਆਪ ਗਯੋ ਤਨ ਤਯਾਗ ਸੋ॥ ਪਰੇ ਲੋਥਹਿ ਤਛਾਘਨ ਸਿੰਘਨ ਲੈਨ ਦੀ॥ ਲੀਨੀ ਲੋਥ ਉਠਾਇ ਪਾਰਸਰਤਾ ਭਏ॥ ਹਾਰੇ ਕਰਤ ਉਪਾਇ ਨ ਬਲ ਕਛੁ ਚਲ ਸਕਾ॥ ਕੀਨੋ ਅਤਿ ਘਮਸਾਨ ਨ ਰੋਕੇ ਗੁਰੁ ਰੁਕੇ॥ ਸਤਦ੍ਰਵ ਪਾਰਿ ਨਿਸਾਨ ਜਾਇ ਰਣਜਿਤ ਬਜਾ[1]॥੩੬॥ਦੋ: :॥ ਮਿਲਯੋ ਬਿਸਾਲੀ ਨਗਰ ਕੋ ਆਗੈ ਰਾਜਾ ਆਇ॥ ਚਰਨ ਚੁੰਮ ਗੁਰਦੇਵ ਕੇ ਪਧਰਾਏ ਪੁਰ ਪਾਇ॥੩੭॥ ਭਲੀ ਰੋਰ ਸਵ ਕਾਸ ਸਭ ਸਮਝ ਨਰੇਸ ਸਯਾਨ॥ ਸਤਗੁਰੁ ਕੋ ਆਸਨ ਦੀਓ ਸਭ ਆਪ ਓਘ ਬਿਲਾਲ॥੩੮॥ ਰਨ[2] ਮਹਿਮਾ ਸੂਰਨ ਕਹੀ ਲਹੀ ਜਥਾਰਥ ਰੀਤ॥ ਸ਼੍ਰੀ ਅਜੀਤ ਹਰਿ ਕੀ ਪ੍ਰਭਾ ਰਾਖੇ ਸਤ੍ਰ ਸਭੀਤ॥੩੯॥ ਆਗਾ ਇਨ ਰੋਕਨ ਕਰਯੋ ਪਾਛਾ ਸਾਹਿਬ ਚੰਦ॥ ਮਧਯ ਪਧਾਰੇ ਸਤਗੁਰੂ ਜਿਮਿ ਉਡ ਗਨਮੈ ਚੰਦ॥੪੦॥ ਮਰੇ ਸਿੰਘ ਦਾਹੇ ਸਕਲ ਘਾਇਲ ਚੰਗੇ ਕੀਨ॥ ਸਾਲ ਪਤ੍ਰ ਬੰਧਵਾਇ ਕੇ ਜੈ ਜੈ ਕਾਰ ਪ੍ਰਬੀਨ॥੪੧॥

ਸਾਖੀ ੯੧।। ਚੌ:॥ ਇਤ ਨ੍ਰਿਪਗਨ ਮਨ ਅਸ ਅਨੁਮਾਨਾ॥ ਸਾਹ ਸੈਨਾ ਆਈ ਸਬਿਧਾਨਾ॥ ਸੁਖੂ ਨ ਗੁਰੁਹਿ ਮਾਰ ਸਕ ਭਾਈ॥ ਅਬ ਕਾ ਕੋਈ ਕਿਹੇ ਲਰਾਈ॥੧॥ ਚਲਹੁ ਭਾਜ ਕਾਰਜ ਹ੍ਵੈ ਗਯਖੂ॥ ਆਨੰਦ ਪੁਰ ਜਿਹਿ ਕਿਹਿ ਬਿਧਿ ਲਯਖੂ॥ ਸੁਬਾ ਹੁੰ ਕਿਹਿ ਬਿਦਾ ਦੀਜੀਏ॥ ਅਪਨੀ ਸੈਨਾ ਸਭਾ ਰਲੀਜੀਏ॥੨॥ ਨਗਰ ਬਿਸਾਲੀ ਨ੍ਰਿਪਤਿ ਕੁ ਚਾਲੀ॥ ਦੀਨ ਸਰਨ ਸਤਗੁਰੂ ਪਾਲੀ॥ ਤਾਤੇ ਤਾਕਹਿ ਸਮਝਨ ਲੈਹੈਂ॥ ਕਛੂ ਸੂਰਨ ਇਤ ਉਤ ਥਿਰਕੈ ਹੈਂ॥੩॥ ਕਰ ਬਰ ਇੰਤਜਾਮ ਨ ਅਗਮਾ॥ ਗਮਨਹਿ ਨਿਜ ਨਿਜ ਗਜ ਲਲਾਮਾ॥ ਮੰਤ੍[3] ਪਕਾਇ ਖਾਨ ਢਿਗ ਆਏ॥ ਜਸ ਸਭ ਪੁਰਸਕਾਰ ਸੁਭਥਾਏ॥੪॥ ਐ ਜਨਾਬ ਆਲੀ ਖਾਂ ਭਾਈ॥ ਮਦ੍ਦ ਹਿਤ ਬਹੁ ਸਿਦਤ ਪਾਈ॥ ਸਾਂਚ ਝੂੰਠ ਸਭ ਹਮਰਾ ਦੇ ਖਯੋ॥ ਕੈਸੇ ਬਲੀ ਗੁਬਿੰਦ ਸਿੰਘ ਪੇਖਯੋ॥੫॥ ਨਤ੍ਰ ਇਤਨੇ ਨ ਰਹਿਤ ਖਾਂ ਸਾਹਿਬ॥ ਕਰਤੇ ਕਬਹੁ ਨ ਮਦਤ ਚਾਹਿਬ॥ ਸੁਬੇ ਕਹੀ ਸਹੀ ਸਤ ਕਹੀ॥ ਗੋਬਿੰਦ ਸਿੰਘ ਸਮ ਦੂਸਰ ਨਹੀ॥੬॥ ਦੇਵ ਕਿਸੋ ਦਾਨਵ ਨਰ ਮਾਹੀ॥ ਕੈ ਫਰਿਸ਼ਤੋ ਕਹਿ ਸਕ ਨਾਹੀ॥ ਅਸ ਭੁਜ ਬਲ ਕਹੁ ਕਾਮਹਿ ਰਾਜਾ॥ ਨਿਜ ਬਲ ਜਾ ਪਨਾਹ ਪਰ ਗਾਜਾ॥੭॥ ਤਾਤੇ ਅਬ ਜਸ ਰਾਜਨ ਭਾਖੋ॥ ਤਸ ਹਮ ਕਰਿਹ ਕਿਤੁਮ ਸੁਖਰਾਖੋ॥ ਰਾਜਨ ਕਹੀ ਆਪ ਸੁ ਪਧਾਰੈ॥ ਹਮਹੂੰ ਨਿਜ ਨਿਜ ਰਾਜ ਸੰਭਾਰੇ॥ ਜੇਨ ਕੇਨ ਬਿਧਿ ਬਲ ਛਲ ਕਰਕੈ॥ ਆਨੰਦ ਨਗਰ ਲਉ ਹਮ ਅਰਿਕੈ॥ ਅਬ ਗੁਰ ਚੇਲਨ ਢਿਗ ਚਲ ਜੈਂ ਹੈ॥ ਨਾਹਕ ਸੈਨ ਕੋਨ ਮਰਵੈ ਹੈਂ॥੯॥ ਅਸ ਕਹਿ ਦਈ ਬਿਦਾ ਨ੍ਰਿਪਤ ਧਨ ਅਨ ਗਨ ਸੁਖ ਪਾਲ॥ ਹੈ ਗੈ ਬਾਹਿਨ ਬਿਬਿਧ ਬਿਧਿ ਬਸਨ ਬਿਭੂਖਨ ਜਾਲ॥੧੦॥ਛੰਦ॥ ਲਹਿ ਸੋ ਗਯੋ ਸਰਹੰਦ॥

---

1. ਰਣਜੀਤ ਨਗਾਰਾ, 2. ਜੰਗ ਦਾ ਹਾਲ, 3. ਸਲਾਹ ਕਰਕੇ

Sri Satguru Jagjit Singh Ji eLibrary NamdhariElibrary@gmail.com

ਅਗਿਆਨ ਰੂਪ ਸ ਨਿੰਦ।। ਰਾਜੇ ਗਏ ਨਿਜ ਧਾਮ।। ਕਰ ਕਰ ਸੁ ਸੰਘਰ ਬਾਮ।।੧੧।। ਕਛੂ ਰਹੀ ਸੈਨਾ ਸੰਗ।। ਸੋ ਕਰੀ ਇਤ ਉਤ ਅੰਗ।। ਜਿਮਿ ਬਲ ਨ ਚਲਇ ਸੁ ਧਾਮ।। ਗੋਬਿੰਦ ਸਿੰਘ ਲਲਾਮ।।੧੨।। ਇਤ ਨ੍ਰਿਪ ਨਗਰ ਬਿਸਾਲ।। ਗੁਰ ਸੇਵ ਮਾਹਿ ਕਿਰਪਾਲ।। ਲਗ ਕਰਨ ਨਰਿੰਦ ਨਿੰਦ।। ਬਿਸਵਾਸ ਘਾਤ ਬਿਲੰਦ।।੧੩।। ਮਹਾ ਰਾਜਾ ਭੀਮ।। ਅਬ ਭਯੋ ਮਮਤਾ ਸੀਮ।। ਗੁਰੁ ਕਰ ਬਿਰੋਧ ਨ ਜਾਨ।। ਨਿਤ ਲਰਤ ਮਰਤ ਪਛਾਨ।।੧੪।। ਮਤ ਭ੍ਰਮਤ ਜਾ ਕਰ ਨਾਥ।। ਦਿਜ ਗੁਰ ਬਿਰੋਧਤ ਸਾਥ।। ਸੁਨੀ ਕਹੀ ਦੀਨ ਦਯਾਲ।। ਇਕ ਸਿੰਘ ਹੋਇ ਨ੍ਰਿਪਾਲ।।੧੫।। ਲਹੌਰ ਤਿਹ ਰਜਧਾਨਿ[1]।। ਰਣਜੀਤ ਸਿੰਘ ਪ੍ਰਮਾਨ।। ਸੋ ਲੇਹ ਸਭ ਕੋ ਲੂਟ।। ਰਯਤ ਬਨਤ ਤਬ ਛੂਟ।।੧੬।। ਰਣਜੀਤ ਸਿੰਘ ਸਮਾਨ।। ਤਿਹ ਸਮਯ ਹੋਇ ਨ ਆਨ।। ਸਭ ਮਾਰ ਲੇ ਹਹਿ ਦੂਨ।। ਕੋਊ ਬਚਹਿ ਸੁ ਛਲ ਬਿਹੂਨ।।੧੭।। ਅਬ ਪੰਥ ਬਾਲਕ ਮੋਰ।। ਤਿਹ ਸਿਖਹੁ ਰਨ ਕੀਤੋਰ।। ਰਣਜੀਤ ਸਿੰਘ ਕੇ ਬਾਹਦ।। ਬਿਤਿ ਬਹੁਤ ਬਰਖ ਲਿਖਾਇ।।੧੮।। ਸਭ ਸਿੰਧ ਮੇਖਲ ਭੂਮ।। ਨ੍ਰਿਪ ਹੋਇ ਸਿੰਘ ਸੁ ਝੂਮ।। ਇਹ ਭਾਂਤ ਦੀਨਾ ਨਾਥ।। ਨਰ ਨਾਥ ਕੀਨ ਸਨਾਥ।।੧੯।। ਕਬਹੂੰ ਕੁ ਚਢੇ ਸ਼ਿਕਾਰ।। ਰਣਿ ਜਿਤ ਬਜਿਯੋ ਨਦ ਪਾਰ।। ਸੁਨ ਸੈਨ ਗਿਰ ਨਰ ਰਾਏ।। ਗੁਰੂ ਰਾਇ ਪੈ ਅਰਿ ਰਾਇ।।੨੦।। ਇਕ ਬਾਰ ਲਾਗੇ ਲਰਨ।। ਕੁਊ ਤਾਕ ਕਾਹੂ ਨ ਸਰਨ।। ਸਭ ਸਿੰਘ ਸਤਗੁਰ ਚਰਨ।। ਅਕਰਨ ਕਰਨ ਔਢਰ ਢਰਨ।।੨੧।। ਭਲੀ ਭਾਂਤ ਖਾਈ ਮਾਰ।।ਭਾਜੀ ਸੁ ਸੈਨਾ ਹਾਰ।। ਬਹੁਤਕ ਮਰੇ ਸਰ ਸੰਗ।। ਬਹੁ ਗਿਰੇ ਨਦੀਹ ਤਰੰਗ।।੨੨।। ਪੁਨ ਨਰ ਗਏ ਸਭ ਭਾਜ।। ਲਿਅ ਲੂਟ ਸਿੰਘਨ ਰਾਜ।। ਖੇਤੀ ਭਈ ਵੈਰਾਨ।। ਸਸੀ[2] ਭੀਮ ਭਯੋ ਹੈਰਾਨ।।੨੩।। ਕੋਊ ਦੇਤ ਧਨ ਨ ਨਰੇਸ।। ਇਤ ਸੇਵ ਸਜਤ ਹਮੇਸ਼।।੨੪।। ਆਵਤ ਸੁ ਸੰਗਤ ਨਿਤ।। ਦਰਸੰਤ ਦਰਸਨ ਮਿਤ।। ਦਾਤਾ ਸੁ ਉਤ ਅਰ ਇਤੁ।। ਰੀਝਤ ਸੁਨਤ ਕਬਿਤ।।੨੫।। ਦਿਨ ਕਿਤਕ ਇਤਹਿ ਬਿਤਾਇ।। ਸੇਵਾ ਗ੍ਰਹਨ ਕਰ ਰਾਇ।।ਉਨ ਪ੍ਰਾਤ ਕੀਨ ਪਯਾਨ।। ਸੁ ਸੁਮੇਰ ਸਿੰਘ ਮਹਾਨ।।੨੬।।ਦੋ।। ਪਢੇ ਸੁਨੇ ਹਿਆ ਮੈ ਧਰੇ ਗੁਰ ਨਿਰਮੋਹ ਪ੍ਰਸੰਗ।। ਉਰ ਧਰਕਤ ਥਿਰਤਾ ਗਹਿਹਿ ਹੈ ਕਾਰਜ ਇਕ ਰੰਗ।।੨੭।।

ਸਾਖੀ।।੯੨।। ਦੋ: : ।। ਇਹ ਬਿਧਿ ਬੀਤਯੋ ਕਾਲ ਬਹੁਤ ਕਰਤ ਅਨੰਦ ਬੁਲੰਦ।। ਸ਼੍ਰੀ ਸਤਗੁਰੁ ਆਨੰਦ ਪੰਤਿ ਸੇਵਤਸਿਖ ਮੁਕੰਦ।।੧।।ਚੌ:।। ਅਵਰੰਗ ਸਾਹ ਸੁਨਤ ਘਬਰਾਯੋ।। ਦਲ ਬਲ ਢਲ ਛਲ ਕਰ ਫਿਰ ਆਯੋ।। ਜੇਰ ਦਸਤ ਪ੍ਰਥਮਹਿ ਤਿਤ ਗਯੋ।। ਰਾਜਨ ਸੰਗ ਫਿਰਯੋ ਬਲ ਗਯੋ।।੨।। ਜਮਤੂਲਾ ਕੇਸਰੀ ਮਗਯੋ।। ਨ੍ਰਿਪ ਸਮਾਜ ਸਹਿਸੈਨ ਪਰਾਯੋ।। ਜੋ ਕਰ ਬਲਬੀਰਾ ਲੈ ਗਯਾ।। ਜਥਾ ਨਾਮ ਸੋ ਸ੍ਰੁਬਾ ਭਯਾ।।੩।। ਜੇਰਦਸ ਬਨ ਜੇਰਦਸਪੁਨ।। ਭਾਜਯੋ ਸੋ ਲਾਜਯੋ ਨ ਅਯੋ ਅਨੁ।। ਤੇਗ ਬਹਾਦਰ ਸਨਕਰ ਦਰੋਹ ਤੇਂ।। ਸੋ ਫਲ ਮਿਲਯੋ ਸੁ ਆਜ ਮੋਹ ਤੇ।।੪।।ਦੋ:।। ਪੁਨ ਕਰ ਬੈਰ ਵਜੀਦ ਖਾ ਗਯੋ ਸਿਰੰਦੀ

---

1. ਰਾਜਧਾਨੀ, 2. ਰਾਜਾ

Sri Satguru Jagjit Singh Ji eLibrary NamdhariElibrary@gmail.com

ਨਾਥ॥ ਭਾਜ ਅਯੋ ਮਰ ਨਾਇ ਦਲ ਕਲਗੀਧਰ ਕੇ ਸਾਥ॥੫॥ ਚੌ॥ ਨਹਿ ਜਹਿ ਸੈਨਨ ਦੁਰਗ ਸਿਪਾਹਾ॥ ਤਹ ਹੁਨ ਹਾਰਯੋ ਗੁਰੁ ਗੁਨ ਗਾਹਾ॥ ਅਬ ਉਪਾਉ ਕਸਹੋ ਇਹ ਭਾਈ॥ ਜੀਤਬ ਕਿਮਿ ਕਲਗੀਧਰ ਰਾਈ॥੬॥ ਸੈਨ ਚੈਨ ਤਜ ਸੋਚਤ ਸਾਹੂ॥ ਉਮ ਗਤ ਉਰਨ ਕਰਤ ਉਤਸਾਹੂ॥ ਇਹ ਬਿਧਿ ਕਛੂ ਦਿਨ ਜਬਹੀ ਬੀਤਾ॥ ਭਯੋ ਨ ਕਯਹੁ ਸੁਨਹੁ ਨਿ ਚੀਤਾ॥੭॥ ਕਬਹੁਕ ਭਾਂਡ ਨਕਲ ਨਿਕਾਲੀ॥ ਲਖਤ ਸਾਹ ਉਰ ਅਨੁਪਮ ਚਾਲੀ॥ ਕਹੀ ਸ਼ਾਹ ਕੋਊ ਸੁਮਤਿ ਸੰਭਾਲੋ॥ ਸਿੰਘਨ ਕੀ ਸੁਭ ਨਕਲ ਨਿਕਾਲੋ॥੮॥ ਲਖਤ ਸਾਹ ਤਬ ਨ ਕਲ ਲਿਕਾਲੀ॥ ਸਜ ਦਸਤਾਰ ਸੁ ਕੇਸ ਸੰਭਾਲੀ॥ ਕਰਦ ਆਦਿ ਸਭ ਸਸਤ੍ਰ ਸਜਾਏ॥ ਬਸਨ ਨੀਲ ਪਹਿਰੇ ਮਨ ਭਾਏ॥੯॥ ਕਛਯੋ ਕਛਹਰਾ ਕਟਿ ਪਟ ਜੀਦਾ॥ ਬੋਲ ਵਾਹ ਗੁਰੁ ਫਤੇ ਰਫੀਕਾ॥ ਇਤਤੇ ਉਤਤੇ ਸੰਗਤ ਆਈ। ਵਾਹ ਗੁਰੂ ਕੀ ਫਤੇ ਬੁਲਾਈ॥੧੦॥ ਆਪੁ ਸਮਾਹਿਸੁ ਭਜੋਨ ਕੀਨੋ॥ ਇਕ ਮੁਖ ਮੇ ਇਕ ਕਰ ਤੇ ਦੀਨਾ॥ ਜਲ ਅਰ ਦੂਧ ਭਾਂਤ ਮਿਲਿ ਗਏ॥ ਜਾਤ ਪਾਂਤ ਨਹਿ ਪੂੰਛਤ ਭਏ॥੧੧॥ ਕਰਤ ਕਰਤ ਭੋਜਨ ਮਨ ਆਈ॥ ਕਵਨ ਜਾਤ ਤੁਮਰੀਹੈ ਭਾਈ॥ ਕਵਨ ਦੇਸ ਬਿਵਹਾਰ ਬਤਾਵਹੁ॥ ਤਿਨ ਤਬ ਕਹੀ ਕਿਸ ਨਹੁ ਸੁਨਵਾਹੁ॥੧੨॥ ਦਿਜ ਬਰ ਛੱਤ੍ਰੀ ਬੈਸਰ ਸੂਦਾ[1]॥ ਨਿਜ ਨਿਜ ਆਪਨੇ ਕਹੇ ਨਮੂਦਾ॥ ਨਿਰਖਿ ਸਾਹ ਅਤਹੀ ਘਬਰਾਯੋ॥ ਇਨ ਸਨ ਜੀਤਬ ਕਠਿਨ ਬਤਾਯੋ॥੧੩॥ ਮੈਤ੍ਰੀ ਮੁਦਿ ਤਾਖਯ ਮਰੀ॥੧੪॥ ਬਿਦਾ ਦਾਨ ਦੈ ਤਾੜਨ ਕੀਨੋ॥ ਅਵਰੰਗ ਅਵਰੰਗ ਮੁਖ ਚੀਨੋ॥ ਮਨ ਹੀ ਮਨ ਮੂਰਛਿਤ ਨਿਤ ਰਹਈ॥ ਕਾਹੂ ਸਨ ਕਛੂ ਸੁਨਹਿ ਨ ਕਹਈ॥੧੫॥ ਸਮਝੀ ਮਨ ਮੈ ਸੰਤਨ ਸੰਗਾ॥ ਕਿਉ ਬਿਰੋਧ ਜੇ ਅਤਿ ਡਰ ਡੰਗਾ॥ ਤਾਂਤੇ ਤਾਕਰ ਫਲ ਅਬ ਲਾਗਾ॥ ਜੈ ਹੈ ਪ੍ਰਾਨ ਅਵਸਯ ਅਭਾਗਾ॥੧੬॥ਦੋ:॥ ਤਾਂ ਦਿਨਤੇ ਨਵਰੰਗ ਕੋ ਨਿਸ ਦਿਨ ਰਹੀ ਨ ਚੈਨ॥ ਸਨਮੁਖ ਸਿੰਘਨ ਨਿਤ ਨਿਰਖਿ ਸਰਪਚ ਚੁੰ ਧਰਿ ਬੈਨ॥੧੭॥ਚੌ: :॥ ਨਿਜ ਮਨ ਕਰ ਅਨੁਮਾਨ ਮਹਾਨਾ॥ ਪਠਯੋ ਏਕ ਮੰਤ੍ਰੀ ਬਲਵਾਨਾ॥ ਨਿਰਖਨ ਹਿਤ ਸਤਗੁਰੂ ਨਿਕਾਈ॥ ਚਨ ਪ੍ਰਧਾਨ ਸੁ ਆਮ ਦਆਈ॥੧੮॥ ਆਗਯ ਔਰ ਸੈਨਸੁਖ ਰਾਸੀ॥ ਆਵਹੁ ਲਖ ਆਨੰਦ ਬਿਲਾਸੀ॥ ਸੋ ਸਤਗੁਰੁ ਕੇ ਨਿਕਟਹਿ ਆਯੋ॥ ਕਰ ਆਦਰ ਸ਼੍ਰੀ ਪ੍ਰਭ ਬਿਠਲਾਯੋ॥੧੯॥ ਜਾਨੀ ਜਾਨ ਜਾਨ ਸਭ ਲੀਨੀ॥ ਕਛੂ ਨ ਤਾਹਿ ਤਬ ਆਗਯਾ ਕੀਨੀ॥ ਅਪਰ ਚਰਿਤ੍ਰ ਮਧਯ ਮਨਕੀਨਾ॥ ਲਖ ਸਰੂਪ ਤਿਨ ਅਨੁਪਮ ਚੀਨਾ॥੨੦॥ਦੋ:॥ ਸੁਨਯੋਨ ਲਖਯੋ ਨ ਕਬਹੁ ਜਸ ਅੰਗ ਅਨੰਗ ਸਮਾਨ। ਨਿਰਖਿ-ਨਿਰਖਿ ਉਰ ਹਰਖਿ[2] ਅਤਿ ਅਭਿ ਮਤਿਦਾਯਕ ਜਾਨ॥੨੧॥ਚੌ:॥ ਕਈ ਦਿਵਸ ਗੁਰੁ ਕੇ ਢਿਗ ਰਹਯੋ॥ ਦਰਸ ਕਰਤ ਉਰਉਮਗਤ ਲਹਯੋ॥ ਕਾਂਹ ਦੇਸ ਤੇ ਸੰਗਤ ਆਈ॥ ਲਾਖਨ ਧਨ ਤਿਨ ਦੀਓ ਚਢਾਈ॥੨੨॥ ਸ਼੍ਰੀ ਪ੍ਰਭੂ ਕਹੀ ਦੀਜੀਐ ਖਾਨਹਿ॥ ਜਾਤੇਏ ਇਤਕੀ ਮਿਤ ਜਾਨਹਿ॥ ਬਰ ਜਤਹੁੰ ਸੁ ਸੀਲ

---

1. ਬ੍ਰਾਹਮਣ, ਖੱਤਰੀ, ਸੂਦਰ ਤੇ ਵੈਸ, 2. ਖੁਸ਼

Sri Satguru Jagjit Singh Ji eLibrary NamdhariElibrary@gmail.com

ਨਿਧਿ ਸਾਮੀ॥ ਦਯੋ ਤਾਹਿ ਧਨ ਗਨ ਘਟ ਗਮੀ॥੨੩॥ ਸਿਰਪਾਉ ਗੁਰੁ ਘਰ ਤੇ ਲੀਜੇ॥ ਬਰਜਨ ਨਾਹਿ ਖਾਨ ਜੀ ਕੀ ਜੈ॥ ਲਾਜਿਤ ਹੈ ਧਨ ਛੋਰਨ ਗਯਊ॥ ਆਗਯਾ ਮਾਨ ਸੀਸ ਪਹਿ ਲਯਊ॥੨੪॥ ਇਕ ਦਿਨ ਕਰ ਕਰ ਨਾਥ ਸੁਚੇਤਾ॥ ਦਰਸ਼ਨ ਦੇਤ ਸੁਦਆਨਿ ਕੇਤਾ॥ ਤੁਪਕ ਕਹੂੰ ਤੇ ਨੀਕੀ ਆਈ॥ ਗੋਲੀ ਤਾ ਮੈ ਨਿਜ ਕਰ ਪਾਈ॥੨੫॥ ਕਹੀ ਕਿ ਸੀਸੁ ਸਿਖ ਕੁਊ ਦੇ ਹੈਂ॥ ਮੇਰੀ ਆਇਸ ਮਾਨਨ ਕੈ ਹੈ॥ ਬਹੁਤ ਭਏ ਅਗਾਰੀ ਖਰੇ॥ ਸਤਗੁਰ ਸਿਸਤ ਬਾਂਧ ਨਹਿ ਡਰੇ॥੨੬॥ ਸ਼੍ਰੀ ਗੁਰੁ ਕਹੀ ਕਿ ਇਸ ਨ ਬਨੈਗੀ॥ ਯਾ ਮੈ ਸਿਸਤਨ ਨੀ ਕਲਗੈਗੀ॥ ਜਲ ਭਰ ਘਟ ਧਾਰਹੁ ਸਿਰ ਪਰ ਅਬ॥ ਲੈਨ ਸੀਸ ਨਿਸਾਨ ਸਧੈ ਤਬ॥੨੭॥ ਸੁਨਤ ਸਭ ਸਿੰਘਨ ਤਸਕੀਨੋ॥ ਜਲ ਭਰ ਘਟ[1] ਸੁ ਸੀਸ ਪਰ ਲੀਨੋ॥ ਨਿਹਚਲ ਮਨ ਕਰ ਜਪਜੀ ਪਾਠਾ॥ ਡਾਢੇ ਪ੍ਰਾਨ ਦਾਨ ਕਰ ਹਾਠਾ॥ ਮੰਤ੍ਰੀ ਨਿਰਖਿ ਬਿਕਲ ਮਨ ਭਯੋ॥ ਮਮ ਚਿਤ ਇਤ ਅਨਰਥ ਗੁਰ ਕਯੋ॥ ਇਨਹਿ ਪ੍ਰਾਨ ਨਹਿ ਦੇਤ ਸਕਾਸਾ॥ ਖਿਨ ਮਹਿ ਭਏ ਸੁ ਚਹਤ ਬਿਨਾਸਾ॥੨੮॥ਦੋ: :॥ ਹਾਥ ਜੋਰ ਕਰ ਨਮ੍ ਹੈ ਅਦਬ ਬਹੂਤ ਬਨਾਇ॥ ਬੋਲਯੋ ਸਾਹਿਨ ਸਾਹ ਸ਼੍ਰੀ ਗੁਰੁ ਸਾਚੇ ਪਾਤਸਾਹ॥੩੦॥ਚੌ:॥ ਮਮ ਮਨ ਕੀ ਮਨਸਾ ਪਹਿਚਾਨੀ॥ ਕੀਨੀ ਸੁਇ ਸਭ ਸਮਝਨ ਛਾਨੀ॥ ਅਬ ਸਬ ਭਾਂਤ ਸੰਦੇਹ[2] ਨਸਾਵਾ[3]॥ ਇਨਹਿ ਨ ਕਰਿਆ ਘਾਤ ਮਨ ਭਾਵਾ॥੩੧॥ ਸੁਨ ਸਰਕਾਰ ਵਿਚਾਰ ਖਾਨ ਕੀ॥ ਸਿਖਨ ਜਨ ਗਨ ਨਿਰ ਭਿਮਾਨ ਕੀ॥ ਤਾ ਕ ਕਹੀ ਸੀਲ ਕਰੁਨਾ ਕਰ॥ ਲਖਯਨ ਕਿਏ ਸਿੰਘ ਸਾਹਿਬ ਨਰ॥੩੨॥ ਸਿੰਘਨ ਕਹੀ ਤੁਰਕ[4] ਯਹ ਆਯੋ॥ ਮੁਕਿਤ ਮਹਿ ਤਿਨ ਬੱਟਾ ਲਾਯੋ॥ ਹੇ ਸ੍ਵਾਮੀ ਏ ਛਲੀ ਅਘੀ ਹੈ॥ ਏ ਨਿਤ ਗਉਰ ਬਚ ਉਲਘੀ ਹੈ॥੩੩॥ ਹਮਰੋ ਕੀਜੈ ਨਾਥ ਨਿਸਾਨਾ॥ ਛੂੰਟੈ ਪੁਨ ਪੁਨ ਆਵਨ ਜਾਨਾ[5]॥ ਸਿੰਘਨ ਆਨ ਟਾਰ ਦਿਅ ਆਗੇ॥ ਅਪਰ ਖਯਾਲ ਮੈ ਪ੍ਰਭੂ ਅਨੁਰਾਗੇ॥੩੪॥ ਲਾਖਨ ਆਵਹਿ ਲਾਖਨ ਜਾਹੀ॥ ਸੈਨਸਮੂਹ ਗਨਤਿ ਕਛੁ ਨਾਹੀ॥ ਤਲਬ ਤਲਾਸਨ ਭੋਜਨ ਭਾਸਾ॥ ਕੇਵਲ ਉਰ ਦਰਸਨ ਅਭਿਲਾਥਾ॥੩੫॥ ਕਬਹੁ ਸਤਕ ਸਹੰਸ੍ ਕਬ ਆਵੈ॥ ਅੰਮ੍ਰਿਤ ਛਕ ਗੁਰ ਫਤੇ ਬੁਲਾਵੈ॥ ਇਕ ਪੰਗਤ ਇਕ ਤਨ ਇਕ ਰੂਪਾ॥ ਖਯਤ੍ਰੀ ਧਰਮ ਸੁ ਪਰਮ ਅਨੂਪਾ॥੩੬॥ ਸਭ ਜਨ ਸੋਢਿ ਬੰਸ ਅਭਿਮਾਨੀ॥ ਨਾ ਪਿਤ ਧੀ ਵਰ ਜਾਟ ਨ ਜਾਨੀ॥ ਨਿਰਖਿ ਨਿਰਖਿ ਅਤਿ ਚਿਤ ਅਕੁਲਾਨਾ॥ ਇਨ ਤੇ ਜੀਤ ਨ ਸਕ ਅਵਰਾਨਾ॥[6]੩੭॥ ਏ ਹੈ ਮਹਾਬਲੀ ਬਰਿਆਰਾ॥ ਅਲਹ ਕੇ ਰਸੂਲ[7] ਸਰਦਾਰਾ॥ ਰਾਮ ਸਯਾਮ[8] ਇਨਕੇ ਮਤ ਸੁਨੇ॥ ਤਿਨ ਹੀ ਸੇ ਏਊ ਉਰ ਗੁਨੀ॥੩੮॥ ਅਤੁਲਿਤ ਬਲ ਅਤੁਲਿਤ ਪ੍ਰਭਤਾਈ॥ ਅਤੁਲਿਤ ਧਨ ਤਨ ਰੂਪ ਨਿਕਾਈ॥ ਬਿਦਯਾ ਬਾਕਯਾ ਮਨੋਹਰ ਤਾਈ॥ ਸੀਲ ਸੁਭਾਉ ਧੀਰ ਰੀਭਿਗਈ॥੩੯॥ ਨੀਤ ਪ੍ਰੀਤ ਪਨ ਪਾਲਕ ਪਰਜਾ॥ ਪਰੋਪਕਾਰਦਾਤਾ ਬੜ ਸਰਜਾ॥ ਬਰ ਬਖਯਸ ਥਲ ਭਲ ਅਨੁਕੰਪਾ॥ ਇਦਹੁ ਕੇਨ ਦੀਖ

---

1. ਘੜਾ, 2. ਸ਼ੰਕਾ, 3. ਦੂਰ ਹੋ ਗਿਆ, 4. ਮੁਗਲ, 5. ਬਾਰ ਬਾਰ ਜੰਮਣਾ ਮਰਨਾ, 6. ਔਰੰਗਜ਼ੇਬ, 7. ਹਜ਼ਰਤ ਮੁਹੰਮਦ, 8. ਰਾਮ ਤੇ ਕ੍ਰਿਸ਼ਨ

Sri Satguru Jagjit Singh Ji eLibrary NamdhariElibrary@gmail.com

ਅਸਸੰਪਾ॥੪੦॥ ਦੇਵ ਤੁਲਯ ਪ੍ਰਾਕ੍ਰਮ ਪਰਧਾਨਾ॥ ਪਾਵਨ ਪਤਿਤ ਪ੍ਰਾਕ੍ਰਿਤ ਭਗਵਾਨਾ॥ ਸਰਨ ਪਾਲ ਰਘੁ ਲਾਲਾ ਸਮਾਨਾ॥ ਅਕਰਨ ਕਰਨ ਕ੍ਰਿਸਨ ਭਗਵਾਨਾ॥੪੧॥ ਧਨਦੁ ਤੇ ਧਨ ਅਧਿਕ ਪ੍ਰਧਾਨਾ॥ ਔਛਰ ਛਰਨ ਕਰਨ ਕਲਯਾਨਾ॥ ਹਰਨ ਭਾਰ ਧਰਨੀ ਅਵਤਾਰਾ॥ ਕਲਗੀਧਰ ਗੁਰਬਰ ਸੁਖ ਕਾਰਾ॥੪੨॥ ਮਾਗ ਬਿਦਾਲਖ ਪਰਮ ਪ੍ਰਭਾਊ॥ ਸਮਝ ਸੋਰ ਅਘ ਅਵਰੰਗ ਸਊ॥ ਨਿਕਟ ਜਾਇ ਸਭ ਸੋਧ ਸੁਝਾਈ॥ ਸਾਹਨਸਾਹ ਸੁ ਔਰੰਗਮਈ॥੪੩॥ ਮਿਲਹੁ ਭੂਲ ਅਪਨੀ ਬਖਸਾਵਹੁ॥ ਇਨ ਸਨ ਕਯੋਹੁ ਪਾਰਨਹਿ[1] ਪਾਵਹੁ॥ ਅਲਹਰ ਸੂਲ ਆਖਰੀ ਜਾਨਹੁ॥ ਇਹ ਤੇ ਅਧਿਕ ਨ ਸੁਰਨਰ ਮਾਨਹੁ॥੪੪॥ ਤੇਰ ਤਰਨ ਨਿਜ ਨਹਿ ਅਸ੍ਵਾਵਹੁ॥ ਬਿਨਯ ਬਿਬੇਕ ਬਿਨੀਤ ਬਧਾਵਹੁ॥ ਮੇਰੀ ਕਹੀ ਸਾਂਚ ਕਰ ਜਾਨਹੁ॥ ਅਨਤਿਤ ਪ੍ਰਿਅ ਬਾਦੀਨ ਪਛਾਨਹੁ॥੪੫॥ ਇਨ ਹਿਨ ਨਰ ਕਰ ਉਰਮਹਿ ਲੇਖਹੁ॥ ਪੂਰਨ ਪੁਰਖ ਅਲਾਹ ਸੁ ਪੇਖਹੁ॥[2] ਸਾਂਚੇ ਪਾਤਸਾਹ ਯਹ ਸਾਂਚੇ॥ ਮੈ ਇਹ ਇਹ ਬਿਧਿ ਬਿਧਿ ਕਰ ਜਾਚੇ॥੪੬॥ ਆਇਸ ਮਹਿ ਜਿਨ ਕੇ ਜਨ ਐਸੇ॥ ਸੀਸ ਦੇਤ ਸਿਸ੍ਰਹਿ ਹਿਤ ਬੈਸੇ॥ ਪ੍ਰਭ ਸਮ ਸਾਹਨ ਸਾਹ ਨ ਆਨਾ ਚਾਹਹਿ ਕਰਹਿ ਕਤਲ ਜਗ ਜਾਨਾ॥੪੭॥ ਆਇਸ ਸਨ ਸਿਰ ਦੇਇਨ ਕੋਈ॥ ਪੂਛ ਲੀਜੀਏ ਅਨੁਗਹਿ ਜੋਈ॥ ਇਕ ਸਨ ਤਬ ਅਵਰੰਗ ਤਿਮ ਕਹੀ॥ ਤੇਰੋ ਸੀਸ ਮੋਹਿ ਅਬ ਚਹੀ॥੪੮॥ ਤਿਨ ਤਬ ਕਹੀ ਸੀਸ ਨ ਦੈਹੋਂ॥ ਸੂਰੀ ਫਾਸੀ ਪੇ ਢਹਿ ਜੈਹੋਂ॥ ਮੰਤ੍ਰੀ ਕਹੀ ਸੁਨਹੁ ਨਰ ਰਾਈ॥ ਸਾਹਨ ਸਾਹ ਦਿਹਲੀਸ ਕਹਾਈ॥੪੯॥ ਇਨ ਸਨ ਤਜਹੁ ਬਿਰੋਧ ਵਿਚਾਰੀ॥ ਕਹ ਮਸਕ[3] ਕਹਾ ਗਰੁੜ[4] ਨਿਹਾਰੀ॥ ਸੈਨ ਅਗਿਨਕਰ ਗਨਨਾ ਨਾਹੀ॥ ਲਾਖਨ ਆਵਹਿ ਲਾਖਨ ਜਾਹੀ॥੫੦॥ ਆਗਯਾ ਮਹਿ ਜਿਨ ਸੀਸ ਸਭਨ ਕੇ॥ ਰਹੀ ਨ ਪੂਛਨ ਹੋਸ ਤਿਨਹੁ ਕੇ॥ ਦੇਨ ਲਖਹੁ ਮੁਹਿ ਲਾਖਨ ਦੀਨਾ॥ ਆਦਮ ਲਾਖਨ ਧਨ ਨਿਤ ਚੀਨ॥੫੧॥ਦੋ:॥ ਸੁਨਤ ਸਾਹ ਅਵਰੰਗ ਨਹੀ ਬਚਲ ਗਈ ਤੱਵ ਬੁਧਿ॥ ਗੁਰ ਟੁਕਰੇ ਤਕਰੇ ਪਰੇ ਉਰ ਤੇ ਉਨਯੋ ਕੁਸੁੱਧਿ[5]॥੫੨॥ਚੌ:॥ ਦਲ ਲਾਖਨ ਪਠਾਇ ਦਲ ਮਲਹੌਂ॥ ਕਾ ਗੁਰ ਬਰ ਤਿਨ ਤਨ ਕਲ ਛਲਿਹੌ॥ ਮੇਰੇ ਸਰ ਸਰਬ ਸਰਦਾਰਾ॥ ਰਾਖਤ ਉਰ ਬਲ ਦਰਪ ਅਪਾਰਾ॥੫੩॥ ਆਪ ਜਾਇ ਕੇ ਤਤ[6] ਪਠਾਈ॥ ਦੈਹੋ ਰਾਜ ਹਿਅ ਤੈ ਬਨਾਈ॥ ਉਪਰ ਤੇ ਨਿਜ ਪੈਜ ਜਨਾਈ। ਅੰਤਰਗਤਿ ਮੁਰਝਯੋ ਅਕੁਲਾਈ॥੫੪॥ ਗੁਰ ਨਾਨਕ ਗਾਦੀ ਪਰ ਬੈਠਾ॥ ਹਰਿ ਗੁਬਿੰਦ ਗੁਰੁ ਨ ਤਾ ਐਠਾ॥ ਇਹੁ ਬਿਧਿ ਸੋ ਸੋਚਤ ਬਲ ਗੁਰ ਕੋ॥ ਕਬਹੁ ਕਰਤ ਬਲ ਆਪਨ ਉਰ ਕੋ॥੫੫॥ਦੋ:॥ ਇਹ ਬਿਧਿਨਵ ਰੰਗ ਸਾਹ ਕੀ ਭਈ ਕਥਾ ਸੁਨ ਲੀਨ॥ ਅਬ ਇਤ ਕੀ ਚਿਤ ਦੀਜੀਏ ਚਰਿਤ ਕਲਗੀਧਰ ਕੀਨ॥੫੬॥

ਸਾਖੀ॥੯੩॥ ਇਤ ਸ੍ਰੀ ਗੁਰੁ ਪਦ ਪ੍ਰੇਮ ਪ੍ਰਕਾਸ ਨਾਮ ਗ੍ਰੰਥੇ ਸ੍ਰੀ ਗੁਰੁ ਖੰਡ ਦਸਮ ਮੰਡਲ ਉਤਾਰਧੇ ਨਿਰਮੋਹ ਜੁੱਧ ਰਾਜਨ ਛਲ ਬਿਸਲੀਸ ਨ੍ਰਿਪ ਨਗਰ ਪ੍ਰਵੇਸ ਬਰਨਨੰ ਨਾਮ ਚਤੁਰ ਦਸਮੀਂ ਪ੍ਰਾਤ॥੧੪॥ਚੌ:॥ ਨਗਰ ਬਿਸਾਲੀ ਬਸਤ ਬਿਸਾਲਾ॥ ਭਯੋ ਤਾਸ

---

1. ਅੰਤ ਨਾ ਪਾਣਾ, 2. ਵੇਖੋ, 3. ਅੱਛਰ, 4. ਇਕ ਪੰਛੀ, 5. ਭੈੜੀ ਮੱਤ, 6. ਪੁੱਤਰ

Sri Satguru Jagjit Singh Ji eLibrary NamdhariElibrary@gmail.com

ਸਤਗੁਰੁ ਰਖਵਾਲਾ॥ ਸਭ ਭਾਂਤਨ ਕੀ ਛੂਟੀ ਕਸਾਲੀ॥ ਨਗਰ ਬਿਸਾਲੀ ਭਯੋ ਬਿਸਾਲੀ॥੧॥ ਨਿਤ ਨਵ ਨੇਹ ਨਿਤ ਨਈ ਸੇਵਾ॥ ਨਿਰਖਤ ਨਿਤ ਨਈ ਛਬਿ ਨਰਦੇਵਾ॥ ਕਬਹੁ ਸਭਾ ਮਹਿ ਚਰਚਾ ਚਾਲੀ॥ ਭੋਯ ਕਵਨ ਨਿਰਮੋਹ ਨ੍ਰਿਪਾਲੀ॥੨॥ ਜੇ ਜਾਨਨਹਾਰੇ ਤਹ ਰਹੇ॥ ਤਿਨ ਪੁਰ ਨ ਬਚ ਪੂਰਨ ਕਹੇ॥ ਸ਼੍ਰੀ ਰਘੁ ਨਾਥ ਪ੍ਰਸਨ ਕਬ ਕੀਨੋ॥ ਮਨ ਨਿਰਮੋਹ ਕਵਨ ਬਿਧਿ ਚੀਨੋ॥੩॥ ਕਹੀ ਬਸਿਸ੍ਠ[1] ਕਥਾ ਸੁ ਪੁਰਾਨੀ॥ ਸੁਨਹਿ ਰਾਮ ਸਭ ਕਰ ਸਵਧਾਨੀ॥ ਮਹਾਂਰਾਜ ਇਕ ਰਾਜਾ ਭਯੋ॥ ਇਕ ਦਿਨ ਸੋ ਸਿਕਾਰ ਹਿਤ ਗਯੋ॥ ਏਕ ਗੂਜਰੀ ਨੈਨ ਨਿਹਾਰੀ॥ ਬੜੇ ਨਯਨ ਮਨ ਕਾਮ ਪਿਆਰੀ॥ ਨਿਰਖਤ ਰੂਪ ਗਉ ਠਗ ਗਯੋ॥ ਤਟ[2] ਸਤਦ੍ਰਵ[3] ਲਖ ਬੋਲਤ ਭਯੋ॥੫॥ਦੋ:॥ ਅਰੇ ਗੁਜਰੀ ਊਜਰੀ ਸੁੰਦਰ ਰੂਪ ਅਪਾਰ॥ ਕਹਾਂ ਰਹਤ ਕਾਕਛੁ ਕਰਤ ਅਹਹਿ ਕਵਨ ਕੀ ਨਾਰ॥੬॥ ਦਧਿ ਮਟਕੀ ਤੇਰੀ ਗਿਰੀ ਲਗ ਕਰ ਰਥ ਕੀ ਬਾਂਹਿ॥ ਤੋਹਿ ਨੈਕ ਚਿੰਤਾ ਨਹੀ ਕਤ ਬਿਹਸਤਿ ਸੁਖ ਮਾਹਿ॥੭॥ਚੌ:॥ ਕਹਿ ਗੂਜਰੀ ਸੁਨਹੁ ਨਰ ਗਈ॥ ਹਾਨ ਲਾਭ ਸਮ ਮਮ ਬ੍ਰਿਤ ਆਈ॥ ਬਹੁਤਕ ਹਸੀ ਬਹੁਤ ਮੈ ਰੋਈ॥ ਦੋਉਨ ਤੇ ਅਬ ਬਿਲਗਹਿ[4] ਹੋਈ॥੮॥ ਨਰਪਤ ਪੁਨ ਪੁਨ ਪੂੰਛਨ ਕਰਹੀਂ॥ ਸ੍ਰਵਨ ਸੁਧਾ ਜਨ ਝਰਨ ਝਰਹੀਂ॥ ਸੁਨਹੁ ਨਰੇਸ ਮੋਰ ਬਿਰਤੰਤਾ॥ ਸ੍ਰਵਨ ਲਾਇ ਕਰ ਮਨ ਦ੍ਰਿਢ ਮੰਤਾ॥੯॥ ਬੜੇ ਸਾਹ ਕੀ ਮੈ ਹੀ ਬੇਟੀ॥ ਸਾਹ ਸਖੀ ਸੰਗ ਪਤਿ ਪਗਭੇਟੀ॥ ਨੈ ਹਰ ਸੁਖ ਕਰ ਜਨਮ ਬਿਤਾਯੋ॥ ਸਾਸੁਰ ਪਤੀ ਮਿਲ ਆਨੰਦ ਸੁਖ ਪਾਯੋ॥੧੦॥ ਭਾਂਤ ਭਾਂਤ ਭੋਗਯੋ ਗਰ ਲਾਈ॥ ਅਤਨ ਤਾਪ ਸੰਤਾਪ ਮਿਟਾਈ॥ ਸਚੀ ਇੰਦ੍ਰ ਸਮ ਆਨੰਦ ਦੀਨਾ॥ ਪਤ ਅਨੰਗ ਸਮ ਸੁੰਦਰ ਚੀਨਾ॥੧੧॥ ਪ੍ਰੀਤ ਪਰਸ ਵਰ ਰਹੀ ਸੁ ਐਸੀ॥ ਚੰਦ ਚਾਂਦਨੀ ਕੀ ਮਿਤਿ ਜੈਸੀ॥ ਗਰਭ ਭਯੋ ਜਬ ਸਤ ਸੁਮਾਸਾ॥ ਪਤਿ ਬਿਦੇਸ ਗਯੋ ਬਨਜ[5] ਬਿਲਾਸਾ॥੧੨॥ ਤਾ ਪਾਛੇ ਪ੍ਰਸੂਤ ਮੈ ਭਈ॥ ਪੂਤ ਪਰਮ ਸੁੰਦਰ ਨਿਪੁ ਜਈ॥ ਚਾਰ ਮਾਸ ਜਬ ਬੇਟਾ ਭਯੋ॥ ਕਬਹੁ ਨਹਾਇ ਕੇਸ ਬਗਰਯੋ॥੧੩॥ ਕੰਚਨ ਚੌਂਕੀ ਚਾਰ ਜੜਾਈ॥ ਬਸਨ ਬਿਭਖਨ ਤਨ ਛਬਿ ਛਾਈ॥ ਨਗਰ ਨ੍ਰਿਪਤ[6] ਮੁਹਿ ਨਿਰਖਿ ਬਿਕਾਨਾ[7]॥ ਰੂਪ ਪ੍ਰਮਾਨਨ ਜਾਨ ਸੋਯਾਨਾ॥੧੪॥ਦੋ:॥ ਰਾਜਨ ਤਿਅ ਕਹਿ ਰੂਪ ਸਮਪਤਿ ਬ੍ਰਤ ਸ੍ਰਤਨ ਆਨ॥ ਜਾਂਤੇ ਬੜ ਬੜ ਬੇਸ ਮੈਂ ਬੜ ਬੜ ਭਏ ਜਿਆਨ॥੧੫॥ ਦਾਨ ਮਾਨ ਸਨਮਾਨ ਕਰ ਦੇਵ ਪਿਤਰ ਦਿਜ ਦੀਨ॥ ਆ ਸਿਖ ਮੈ ਸਭ ਕੀਲਈ ਕਬਹੁ ਕੁਕਰਮ ਨ ਕੀਨ॥੧੬॥ਚੌ:॥ ਕਾਲ ਬਿਬਸ ਨ੍ਰਿਪਕਹਿ ਦ੍ਰਿਸ੍ਯਾਨੀ॥ ਤਿਨ ਕਰ ਜੋਰ ਕੀਨ ਮੁਹਿ ਰਾਨੀ॥ ਜਦਯ ਮਮ ਸਸਰਹੁ ਸਮਝਾਯੋ॥ ਕਰ ਨ੍ਰਿਪ ਜੋਰ ਮੋਹਿ ਘਰ ਯਾਓ॥੧੭॥ ਸਾਹੁ ਦੇਸ ਤੇ ਦੀਨ ਨਿਕਾਰੀ॥ ਲੂਟ ਦਰਬ ਸਭ ਲੀਨਹੁ ਭਾਰੀ॥ ਜਦਯਪਿ ਮੰਤ੍ਰੀ ਹੂੰ ਸਮਝਾਯੋ॥ ਤਉ ਨ੍ਰਿਪਤਿ ਮਨ ਕਾਮ ਭੁਲਾਯੋ॥੧੮॥ ਬਾਹਰ ਰਾਜਾ ਕੀ ਜੇਗਨੀ॥ ਤਿਨ

---

1. ਵਿਸ਼ਿਸ਼ਟ, 2. ਕੰਢਾ, 3. ਸਤਲੁਜ, 4. ਨਿਰਲੇਪ, 5. ਵਪਾਰ ਕਰਨ ਲਈ, 6. ਰਾਜਾ,
7. ਮੋਹਿਤ ਹੋ ਗਿਆ

Sri Satguru Jagjit Singh Ji eLibrary NamdhariElibrary@gmail.com

ਗਨ ਮੈ ਮੁਹਿ ਕਰ ਪਟਰਾਨੀ॥ ਸਾਤ ਬਰਖ ਲਗ ਨ੍ਰਿਪ ਸਨ ਰਮੀ[1]॥ ਅਤਿ ਅਨੰਦ ਭੋਗੇ ਸੁਖਮਨੀ॥੧੬॥ ਤਬਲੌ ਮਮ ਪਤਿ ਤਿਤਤ ਚਲ ਆਯੋ॥ ਸੁਨਤ ਕਥਾ ਮਨ ਅਤਿ ਪਛੁਤਾਯੋ॥ ਭੇਊ ਸਾਧ ਸੰਪਤਿਹ ਲੁਟਾਈ॥ ਮਮ ਨਾਮੇ ਜਪੁ ਨਿਸੁ ਦਿਨ ਛਾਈ॥ ਬਸਨ ਕੁਚੀਲ ਸੀਲ ਨਿਧ ਗਾਵੈ॥ ਧਰ ਮਮ ਨਾਮ ਕਬਿਤ ਬਨਾਵੈ॥ ਬਨ ਜੋਗੀ ਮਹਿਲਨਤਰ ਆਯੋ॥ ਹਿਤ ਭਿਖਯਾ ਕੇ ਅਲਖ ਜਗਾਯੋ॥੨੧॥ ਮੈਹੁ ਸੁਨੀ ਮਮ ਮਨੁਹੂ ਚਲਾ॥ ਮਿਲਹੁ ਕਿਮਪਿ ਪ੍ਰਿਯ ਪ੍ਰੀਤਮ ਛਲਾ॥ ਮੈਂ ਤਿਹ ਤੇਰਾ ਤਿਨ ਮੁਹਿ ਹੇਰਾ॥ ਰੋਵਤ ਭਏ ਦੁਊ ਤਿਹ ਬੇਰਾ॥੨੨॥ ਭਰਕੀ ਬਿਰਹ ਜਾਲ ਮੁਰਝਾਈ॥ ਧੀਰਜ ਧਰ ਸੈਨਤ ਸਮਝਾਈ॥ ਅਸਮਸਾਨ ਇਕ ਮੰਦਿਰ ਰਹਾ॥ ਸੋ ਸੰਕੇਤ ਆਪ ਮਹਿ ਲਹਾ॥੨੩॥ ਨਿਜ ਕਰ ਨ੍ਰਿਪਹਿ ਸੰਘਾਰ[2] ਭਈ॥ ਢਾਢਸ ਕਰ ਕਰ ਪਤਿ ਢਿਗ ਗਈ॥ ਨਿਰਜਨ ਨਿਲਯ ਸਰਪ ਇਕ ਆਯੋ॥ ਪ੍ਰੀਤਮ ਕੋ ਤਿਨ ਪ੍ਰਾਨਨ-ਸਾਯੋ॥੨੪॥ ਲਖਯੋ ਜਾਇ ਪ੍ਰਿਅਤਮ ਅਕੁਲਾਈ॥ ਰੋਈ ਗਰੇ ਲਾਇ ਮਨ ਭਾਈ॥ ਹੋਨੀ ਕੇ ਕ੍ਰਿਤ ਲਖ ਸਭ ਰਾਜਾ॥ ਮੈਂ ਭਈ ਦੋਊ ਭਾਂਤ ਗਤਿ ਲਾਜਾ॥੨੫॥ ਪਿਠਘਰ ਪਤਿ ਘਰ ਮਿਤ ਘਰ ਗਯੋ॥ ਏਕ ਪਹਰ ਇਮ ਬਤੀਤ ਭਯੋ॥ ਭਜਯੋ ਚੋਰ ਇਕਲੈ ਮੁਹਿ ਸੰਗਾ॥ ਨਿਜ ਨਾਰੀ ਕਰ ਮਦਨ ਉਮੰਗਾ॥੨੬॥ ਤਾਕੇ ਘਰ ਮੈ ਅਤਿ ਦੁਖ ਪਾਯੋ॥ ਕਥ ਭੋਜਨ ਕਬ ਛੁਧਾ ਛੁਦਾਯੋ॥ ਇਕ ਨਰੇਸ ਤਿਨ ਚੋਰਨ ਮਾਰਾ॥ ਹਮ ਭੈ ਭਾਜੀ ਦੁਖਤ ਅਪਰਾ॥੨੭॥ ਇਕ ਗਨਕਾ[3] ਕੇ ਹਾਥ ਬਿਕਾਨੀ॥ ਲਖ ਸਰੂਪ ਸੋ ਅਤਿਹਿ ਲੁਭਾਨੀ॥ ਕਰ ਸ਼ਿੰਗਾਰ ਮੁਹਿ ਦਾਰ ਬਿਠਾਯੋ॥ ਅਨਿਕ ਨਰਨ[4] ਸੰਗ ਭੋਗ ਕਮਾਯੋ॥੨੮॥ ਤਾਹੀ ਗ੍ਰਾਮ ਪੂਤ ਮਮ ਰਹਈ। ਮੈ ਨ ਜਾਨਸੋ ਮੁਹਿ ਨਹਿ ਲਈ॥ ਸੋ ਉਸ ਰੂਪ ਲਖਯੋ ਢਿਗ ਆਯੋ॥ ਤਾਸੋ ਮੈ ਅਤਿ ਕੇਲਿ ਮਚਾਯੋ॥੨੯॥ ਆਸਨ ਚੁੰਬਨ ਅਨਿਕ ਪ੍ਰਕਾਰਾ॥ ਮਾਨਯੋ ਮੈ ਤਾ ਕਹਿ ਭਰਮਾਰਾ॥[5] ਏਕ ਬਰਖ ਲਗ ਸੁਤ ਕੀ ਨਾਰੀ॥ ਭੋਗਤ ਰਹੀ ਬਿਧਿ ਅਘ ਭਾਰੀ॥੩੦॥ਦੋ:॥ ਕਬਹੁਕ ਹਸਤ ਹਸਤ ਮਨ ਆਈ॥ ਜਾਤ ਪਾਤ ਪੂੰਛੀ ਕੁਸਲਾਈ॥ ਤਬ ਤਿਨ ਨਿਜ ਬਿਰਤੰਤ ਬੁਝਾਯੋ॥ ਪਿਤ ਮਾਤਾ ਕੋ ਕਰਮ ਸੁਨਾਯੋ॥੩੧॥ ਸੁਤ ਪਛਾਨ ਮਨ ਮਾਨ ਗਿਲਾਨਾ॥ ਜਰਨ ਹੇਤ ਮਤ ਸਮਝ ਮਹਾਨਾ॥ ਚਿਤਾ ਬਨਾਇ ਜਰਨ ਜਬ ਲਾਗੀ॥ ਬਰਖਾ ਭਈ ਬੁਝੀ ਸਭ ਆਗੀ॥੩੨॥ ਮੈ ਬਹਿ ਚਲੀ ਧਾਰਿ ਸਰਿ ਤਾਕੀ॥ ਇਕ ਗੁਜਰ ਕੀ ਪਰ ਗਈ ਝਾਂਕੀ॥ ਲਖ ਸੁ ਕੁਮਾਰੀ ਨਾਰੀ ਮੋਹੀ॥ ਦਯਾ ਕੀਨ ਗਹਿ ਲੀਨ ਸੁ ਓਹੀ॥੩੩॥ ਤਿਨਮੁਹਿ ਆਪਨੀ ਨਾਰਿ ਬਨਾਈ॥ ਤਬ ਤੇ ਨ੍ਰਿਪ ਗੂਜਰੀ ਕਹਾਈ॥ ਕਹੁ ਮੈ ਸੋਕ[6] ਕਵਨ ਸੋਂ ਕਰੋਂ॥ ਕਾ ਕੇ ਬਲ ਕਾਕੋ ਛਲ ਧਰੋਂ॥੩੪॥ਦੋ:॥ ਕਹਾ ਬਨਿਕ ਧਨ ਧਨਿਕ ਕੀਸੁ ਤਾਸ ਰੂਪ ਨਿਧਾਨ॥ ਕਹਾ ਸੁਪਤਿ ਸੁੰਦਰ ਬਰੀ ਉਪਜਯੋ ਪੂਤ ਪ੍ਰਧਾਨ॥੩੫॥ਚੌ:॥ ਸਕਿਆ ਤੇ ਪਰਕੀ ਆ ਭਈ॥ ਪੁਨ ਚੋਰਨ ਕੀ ਨਾਰਿ ਕਹਾਈ॥ ਪੁਨ ਮੈ ਭਈ ਸੁਗਨਿਕਾਰਾਜਾ॥ ਸੁਤ ਸਨ ਭੋਗੇ ਭੋਗ ਸਮਾਜਾ॥੩੬॥ ਮਰਤ ਬਚੀ ਗੂਜਰੀ ਹੈ ਗਈ॥ ਦਧਿ[7] ਕੀ ਕਹੂ ਕਿਹ ਚਿੰਤਾ ਭਈ॥

---

1. ਰਹੀ, 2. ਮਾਰਕੇ, 3. ਵੇਸਵਾ, 4. ਮਨੁੱਖਾ, 5. ਪਤੀਪੁਣਾ, 6. ਚਿੰਤਾ ਗ਼ਮ, 7. ਦੁੱਧ

Sri Satguru Jagjit Singh Ji eLibrary NamdhariElibrary@gmail.com

ਅਬ ਮੁਹਿ ਹਾਨ ਲਾਭ ਸਮਦੇਖਾ॥ ਕੰਚਨ ਕੋੜੀ ਇਕ ਤੁਲ ਲੇਖਾ॥੩੭॥ ਨਰਕ ਸੁਰਗ ਤੁ ਅਲੋਕ ਪਤਾਲਾ॥ ਸਭ ਹੀ ਮਹਿ ਦੀਸਤ ਘੁਲਾਲਾ॥ ਅਬ ਮੁਹਿ ਸੋਕ ਹਰਖ ਨਹਿ ਰਹਾ॥ ਉਦਾਹ ਰਨ ਆਪਨ ਮੈਂ ਕਹਾ॥੩੮॥ ਸੁਨਤ ਨ੍ਰਿਪ ਪਤਿ ਮਨ ਮੋਹਨ ਸਾਨਾ॥ ਪਰਯੋ ਚਰਨ ਤਾ ਕੇ ਹਰਖਾਨਾਂ॥ ਤਬ ਤੇ ਤਿਹਿ ਨਿਰ ਮੋਹੀ[1] ਮਾਨਾ॥ ਭਯੋ ਨ੍ਰਿਪਤਿ ਨਿਐਹ ਮੁਕਾਮਾ॥੩੯॥ ਮੁਨਿ[2] ਬਿਸਸ[3] ਯਹ ਕਥਾ ਸੁਨਾਈ॥ ਸੁਨਤ ਰਾਮ ਅਤਿ ਹੀ ਮਨ ਲਾਈ॥ ਸੁਨਹੁ ਰਾਮ ਕਬ ਸੁਤ ਨਿਰਮੋਹੂ॥ ਮ੍ਰਿਗਿਆ ਗਯੋ ਅਧਿਕ ਕਰ ਕੋਹੂ॥੪੦॥ ਖੇਲਤ ਖੇਲ ਅਖੇਟ ਬਨਾਈ॥ ਇਕ ਜੁਗੀਆ ਕੀ ਕੁਟੀ ਲਖਾਈ॥ ਗਯੋ ਜਾਇ ਕਰ ਮਾਥ ਨਿਵਾਯੋ॥ ਜੋਗਿ ਰਾਜ ਨਿਜ ਢਿਗ ਬੈਠਾਯੋ॥੪੧॥ਦੋ:॥ ਕੋ ਤੂੰ ਕਯੋ ਕਰ ਇਤ ਅਯੋ ਜੋਗੀ ਪੂੰਛੀ ਤਾਂਹਿ॥ ਬੋਲਯੋ ਮੈ ਨਿਰਮੋਹ ਨ੍ਰਿਪਤਾ ਸੁਤ ਮ੍ਰਿਗਿਆ ਮਾਹਿ॥੪੨॥ਚੌ:॥ ਮਮ ਪਿਤ ਹਾਨ ਲਾਭ ਸਮਤਾਈ॥ ਅਸ ਨ੍ਰਿਪ ਹੈ ਨ ਹੋਇ ਮੁਨਿਰਾਈ॥ ਜੋਗੀ ਸੁਨਤ ਚਰਿਤ੍ਰ ਬਨਾਯੋ॥ ਨ੍ਰਿਪਹਿ ਪਰੀਖਨ ਹਿਤ ਲਲਚਾਯੋ॥੪੩॥ ਬਸਨ ਲਏ ਨ੍ਰਿਪ ਸੁਤ ਕੇ ਸਾਰੇ॥ ਰੁਧਰ ਭਿਜਾਇ ਗਯੋ ਨ੍ਰਿਪ ਦਾਰੇ॥ ਨਿਰਖਿ ਖਰੀ ਚੇਰੀ ਰਨ ਵਾਸਾ॥ ਕੀਯੋ ਅਤਿ ਥਿਤ ਬਚਨ ਪ੍ਰਕਾਸਾ॥੪੪॥ ਸੁਨ ਚੇਰੀ ਰਾਨੀ ਸਨ ਕਹਿਓ॥ ਸਯ ਮਸੁ ਅਨਹਨ ਮ੍ਰਿਗਿ ਪਤ ਲਹੀਓ॥ ਰੁਧਿਰ ਪੁਲਿਤ ਹਬਸਨ ਸੁਤਾਕੇ॥ ਕਰਹੁ ਕ੍ਯਾ ਕਰ ਸੋਕ ਸਭਾਕੇ॥੪੫॥ ਚੇਰੀ ਕਹੀ ਅਹਹੁ ਮੁਨਿ ਗਈ॥ ਉਪਦੇਸਹੁ ਕਤ ਮੋਹ ਉਪਾਈ॥ ਨਹਿ ਚੇਰੀ ਨਹਿ ਨ੍ਰਿਪ ਨਹਿ ਰਾਨੀ॥ ਨਹਿਨ ਰਾਜ ਨਹਿ ਕੁਆਰ[4] ਕਹਾਨੀ॥੪੬॥ ਨੌਕਾ ਕਰਸੀ ਜੋਗ ਭਯੋ ਹੈ॥ ਕਿਤ ਆਯੋ ਜੈ ਹੈ ਨ ਲਹਯੋ ਹੈ॥ ਚਾਰ ਘਰੀ ਕੋ ਖੇਲ ਰੁਸਾਈ॥ ਕਿਤ ਆਏ ਕਿ ਜਾਨਿਨ ਜਾਂਈ॥੪੭॥ ਪੁਨ ਕਹਿਆ ਤਿਬ ਸੁਨਹੁ ਤੁਮ ਰਾਨੀ॥ ਯਹ ਚੇਰੀ ਨਿਰਮੋਹ ਨਿਸਾਨੀ। ਹਮ ਲਖ ਤਿਹਿ ਨਹਿ ਭੋਜਨ ਕੀਨਾ॥ ਰੁਦਨ ਕਰਤ ਤਨ ਹੈ ਗਯੋ ਛੀਨਾ[5]॥੪੮॥ ਮਾਤ ਹੋਇ ਉਰ ਉਮਗਿਨਿ ਭੋਰਾ॥ ਮਨਹੁ ਕਸਾਈ ਘਰ ਮ੍ਰਿਗ ਛੋਰਾ॥ ਸੁਨਤ ਅਤਿਥ ਬਚ ਰਾਨੀ ਬੋਲੀ॥ ਕਾਸਨ ਕਰਹੁ ਮੋਹ ਅਨਮੋਲੀ॥੪੯॥ਦੋ:॥ ਬਿਰਖ ਏਕ ਪੰਛੀ ਅਧਿਕ ਰੈਨ ਬਸੇਰਾ ਕੀਨ॥ ਪ੍ਰਾਤ ਉਹੀ ਅਪਨੇ ਤਰਫ ਕੋ ਕਿ ਕਾਹੂ ਨ ਚੀਨ॥੫੦॥ਚੌ:॥ ਅਤਿਥ ਰਾਜ ਸੁਤ ਤਿਅ ਦਿਸ ਹੇਰੀ॥ ਕਹੁ ਸੁੰਦਰ ਤੂੰ ਮਨ ਸਤਿ ਏਰੀ॥ ਤਵ ਪਤਿ ਮ੍ਰਿਗ ਪਤਿ ਬਨ ਮੈ ਮਾਰਯੋ॥ ਜੁ ਕਛੁ ਬੈਨ ਕਰਤਬ ਕਰ ਭਾਰੋ॥੫੧॥ ਤਬ ਤਿਨ ਕਹੀ ਨ ਪਤਿਆ[5] ਕੋਈ॥ ਯਹ ਸੰਜੋਗ ਆਨ ਬਨ ਸੋਈ॥ ਕਬਹੁ ਬਿਜੋਗ ਕਬਹੁ ਸੰਜੋਗ। ਕਰਿਅ ਕਵਨ ਹਿਤ ਰੁਦਨ ਅਜੋਗ॥੫੨॥ ਨ੍ਰਿਪ ਨਿਰਮੋਹ ਨਿਕਟ ਚਲ ਗਯੋ॥ ਜਿਨ ਗੂਜਰੀ ਪ੍ਰਸਾਦਿ ਪਦ ਪਯੋ॥ ਨਰ ਪਤ ਤਵ ਸੁਤ ਸੁੰਦਰ ਸਯਾਮਾ॥ ਮ੍ਰਿਗ[6] ਪੁਤ ਗੁਨਯੋ[7] ਰੁਧਿਰ[8] ਲਖ ਜਾਮਾ[9]॥੫੩॥ ਜੋ ਉਪਾਉ ਕਰਨੋ ਸੋ ਕਰਨੋ॥ ਬਿਧਿ ਗਤਿ ਨਿਰਖਿ ਨਯਨ ਜਲ ਭਰ ਲੈ॥ ਕਹਿ ਨਿਰਮੋਹ ਅਤਿਥ ਹੈ ਤੋਹੀ॥ ਲਾਜਨ ਲਾਗ ਕਹਤ ਅਸ ਮੋਹੀ॥੫੪॥ਦੋ:॥ ਤਪ ਬਿਅਰਥ ਕਰ ਸੰਕ ਧਰਮ

---

1. ਮੋਹ ਤੋਂ ਰਹਿਤ, 2. ਵਿਸ਼ਿਸ਼ਟ, 3. ਰਿਸ਼ੀ, 4. ਕਮਜ਼ੋਰ, 5. ਇਸਤਰੀ, 6. ਸ਼ੇਰ, 7. ਮਾਰਿਆ, 8. ਖ਼ੂਨ, ਲਹੂ, 9. ਕਪੜੇ

Sri Satguru Jagjit Singh Ji eLibrary NamdhariElibrary@gmail.com

ਮਤਾ ਦਈ ਨ ਡਾਰ॥ ਮ੍ਰਿਤਕ ਧਰਮ ਸੰਸਾਰ ਯਹ ਯਾਕੁ ਇਹੇ ਬਿਹਾਰ॥੫੫॥ਚੌ:॥ ਨਾਹਕ ਇਤ ਚਲ ਆਯੋ ਮੁਨਿਬਰ[1]॥ ਤਯਾਗ ਭਜਨ ਮਨ ਕਰਕਰ ਭਯ ਡਰ॥ ਕੋਕਿਹ ਸੁਤਕੋ ਕਿਹਿ ਮਹਿਤਾਰੀ[2]॥ ਦਿਵਸ ਚਾਰਕਹ ਪੇਖਨ ਭਾਰੀ॥੫੬॥ ਤੁਮ ਤਪਸਿ[3] ਸ੍ਰਮ[4] ਕਰ ਇਤ ਆਏ॥ ਯਹਿ ਮੁਹਿ ਚਿੰਤਾ ਅਤਿ ਉਪਜਾਏ॥ ਸੁਤ ਸਰੀਰ ਕਰ ਸੋਕ ਨ ਮੋਰੀ॥ ਮਰਨ ਧਰਮ ਸੰਸ੍ਰਿਤ ਦੋਹੀ॥੫੭॥ ਏਕ ਭਜਨ ਭਗਵੰਤ ਭਰੋਸਾ॥ ਭਕ੍ਰਿ ਭਾਵ ਯਹ ਭਾਵ ਮਹਿ ਤੋਸਾ॥ ਇਹ ਬਿਧਿ ਬਚਨ ਨਰੇਸ ਕਹਯੋ ਜਬ॥ ਧੱਨਯਾ ਧੱਨਯ ਭਾਖਯੋ ਤਪੀਸੀ ਤਬ॥੫੮॥ ਪਰਯੋ ਚਰਨ ਬਹੁ ਉਸਤਿ ਕਹੀ॥ ਗਯੋ ਨਿਜਾਸ੍ਰਮ ਨ੍ਰਿਪਹਿ ਨਿਹਰੀ॥ ਤਿਹਿ ਨਿਰਮੋਹ ਨ੍ਰਿਪਤ ਕਰਥਾਨਾ॥ ਜਹ ਕੀਨੋ ਪ੍ਰਭ ਬੜ ਘਮਸਾਨਾ॥ ਇਹਿ ਬਿਧਿ ਨਿਤ ਨਵ ਕਥਾ ਬਿਲਾਸਾ॥ ਪੁਰ ਬਿਲਾਸ ਮਹਿ ਮਹਤ ਪ੍ਰਕਾਸਾ॥ ਨਿਰਖਿ ਖਾਲਸਾ ਸਭ ਸੁਖ ਮਾਨਹਿ॥ ਪਰਹਿ ਪਗਨਮੁਦ ਮੰਗਲ ਸਾਨਹਿ॥੬੦॥

ਸਾਖੀ॥੬੪॥ਸੋ:॥ ਕਬਹੁ ਕ ਗਏ ਸਿਕਾਰ ਸ਼੍ਰੀ ਸਤਗੁਰੁ ਕਾਰਨ ਕਰਨ॥ ਰਣਜਿਤ ਬਜਯੋ ਉਦਾਰ ਤ੍ਰਸਿਤ[5] ਪਹਾਰੀ ਗਨ ਭਏ॥੧॥ਚੌ:॥ ਕਰ ਸਲਾਹ ਲਰਬੇ ਕੋ ਆਏ॥ ਤਬ ਸਿੰਘਨ ਤਿਨ ਦਲ ਬਿਚਲਾਏ॥ ਮਹਾ ਘੋਰ ਤਹ ਆਹ ਵ ਕੀਨਾ॥ ਲੂਟ ਕੂਟ ਦਲ ਦਲ ਮਲ ਦੀਨਾ॥੨॥ ਅਰਧ ਨਰਾਜ ਛੰਦ॥ ਤੜਾਕ ਤੀਰ ਮਾਰਹੀਂ॥ ਪੜਾਕ ਪੈਰ ਡਾਰਹੀਂ॥ ਅੜਾ ਕੋ ਨਹੀ ਰਹਾ॥ ਸ਼ੜਾਕ ਸੈਹਬੀ ਗਹਾ॥੩॥ ਖੜਾਕ ਖੱਗ ਖੋਲ ਕੀ॥ ਧੜਾਕ ਬੋਲ ਤੋਲਕੀ॥ ਗਿਰੰਤ ਭੂਮ ਸੂਰਮੇ॥ ਬਰੰਤ ਨੂਰ ਹੂਰਮੇ॥੪॥ ਪਰੰਤ ਆਇ ਜੋਨ ਪੈ॥ ਕਰੰਤ ਮਾਰ ਤੋਨ ਪੈ॥ ਨਚੇ ਪਾਰ ਜੁਧ ਭਾ॥ ਅਨੰਗ ਸੰਗ ਸ਼ੁੱਧਭਾ॥੫॥ਚੌ:॥ ਇਹਿ ਬਿਧਿ ਘਨੇ ਬੀਰ ਰਨ ਮਾਰੇ॥ ਆਏ ਨਗਰ ਬਿਸਾਲ ਮੰਝਾਰੇ॥ ਆਇ ਗਇ ਚਰਨਨ ਲਿਪਟਾਨਾ॥ ਸ੍ਰੀ ਪ੍ਰਭ ਕੋ ਸ਼੍ਰੀ ਪ੍ਰਭ ਕਰਜਾਨਾ॥੬॥ ਯੋਹੀ ਜਬ ਕਬ ਮਨ ਮਹਿ ਧਾਰੇ॥ ਪਾਰ ਉਚਾਰ ਜੰਗ ਬਿਸਾ ਹੈ॥ ਦੇਸ ਗ੍ਰਾਮ ਸਭ ਉਜਰਨ ਲਾਗਾ॥ ਕਿਖਕ[6] ਦੁਖਿਤ ਅਤਿ ਭਏ ਅਭਾਗਾ॥੭॥ ਨ੍ਰਿਪ ਸਸਿ ਭੀਮ ਤੀਰ ਸਤਰੋਹੇ॥ ਤੁਮਰੇ ਜਿਅਤ ਮਰਤ ਹਮ ਜੋਏ॥ ਤਿਨਹਿ ਦੇਤ ਧੀਰਜ ਨਰ ਰਾਈ॥ ਮੈਂ ਕਰਿ ਹੌਂ ਗੁਰ ਸੰਗ ਲਗਾਈ॥੮॥ ਮਨ ਹੀ ਮਨ ਪਛਤਾਵਤ ਬੈਸਾ॥ ਗਾਇ ਬ੍ਰਿਪਹਨ ਮਨੁ ਅਘ ਪੈਸਾ॥ ਕਬਹੁ ਸਿਕਾਰ ਹੇਤ ਪ੍ਰਭ ਚਲੈ॥ ਪੁਰ ਭੰਬੋਰਨਿ ਕਟ ਭੇਖਲੇ॥੯॥ ਤਹ ਕੋ ਗਇ ਆਇ ਪਗ ਲਾਗਾ॥ ਕੀਜਿਅ ਪਾਵਨ ਮਮ ਗ੍ਰਿਹ ਭਾਗਾ॥ ਤਾਸਪ੍ਰੀਤ ਲਖ ਪੁਰ ਪ੍ਰਭ ਗਏ॥ ਭੋਜਨ ਭਾਂਤ ਭਾਂਤ ਤਿਨ ਕਏ॥੧੦॥ ਸਰਬ ਸਿੰਘ ਸਹਿ ਨਾਥ ਜਿਮਾਏ॥ ਧਰਨ ਧੋਇ ਸਭ ਭਵਨ ਜਿਚਾਏ॥ ਨਿਸਿ ਬਸ ਪ੍ਰਾਤ ਚਲਨ ਜਬ ਲਾਗੇ॥ ਰਾਇ ਖਰਾ ਭਾਪਗ ਗਹਿ ਆਗੇ॥੧੧॥ ਨਾਥ ਨਗਰ ਕ੍ਰਿਤਾਰਥ ਕਰੀਐ॥ ਕਛੁ ਅਹਿ ਰਹਿ ਇਤਮੁਹਿ ਨਿ[7] ਸ੍ਰਰੀਐ॥ ਸਤਗੁਰੁ ਸਭ ਬਹੀਰ ਬੁਲਵਾਯੋ॥ ਬਿਸਾਲੀ ਸੰਗ ਲੈ ਸਤਆਯੋ॥੧੨॥ ਬਿਸਾਲੀਸ ਪਦ ਗ੍ਰਹਿਸ ਕੁ ਚਾਨਾ॥ ਜਨੁ ਮਨਿ ਛੁਹਿ ਹਾਥ ਮੁਰ ਝਾਨਾ॥ ਸੁਰ ਤੁਰ ਮਿਲ ਪੁਨ ਦਾਰਿਦ ਰਸ॥ ਚਿੰਤਾ ਮਨ ਲਹਿ ਚਿੰਤਾ ਗਹਾ॥੧੩॥ ਕਿਹ ਅਘ ਮੋਰ ਨਗਰ ਪ੍ਰਭ

---

1. ਰਿਸ਼ੀ, 2. ਮਾਤਾ, 3. ਤਪੱਸਵੀ, 4. ਖੇਚਲ, 5. ਡਰ ਗਏ, 6. ਕਿਸਾਨ, 7. ਪਾਰ ਉਤਾਰਾ ਕਰੋ

Sri Satguru Jagjit Singh Ji eLibrary NamdhariElibrary@gmail.com

ਤਯਾਗਾ॥ ਹੋਇ ਸਭਾਗਾ ਭਜਹੁ ਅਭਾਗਾ। ਸ਼੍ਰੀ ਮੁਖ ਕਹੀ ਤੋਰ ਅਘ[1] ਨਾਹੀ॥ ਯਾ ਜਰਨੇਹ ਜਾਨ ਮਨ ਮਾਹੀ॥੧੪॥ ਮੈਂ ਨਿਤ ਅੰਗ ਸੰਗ ਨ੍ਰਿਪ ਤੇਰੇ॥ ਸਿਮਰਹੁ ਸਰਬ ਕਾਲ ਲਖ ਨੇਰੇ॥ ਕਾਰਜ ਪਰਇ ਕੜਾਹ ਕਰਵਹੁ॥ ਕਰ ਅਦਰਾਸ ਸਿਧਿ ਸਭ ਪਾਵਹੁ॥੧੫॥ ਸਤ੍ਰ ਜੋਰ ਕਰੇ ਜਬ ਕੋਈ॥ ਕਰਿਹ ਸਹਾਇ ਖਾਲਸਾ ਸੋਈ॥ ਧੀਰਜ ਦੇ ਉਰ ਪੀਰ[2] ਗਵਾਈ॥ ਮਾਥ ਨਿਵਾਇ ਗਯੋ ਨਰ ਗਈ॥੧੬॥ਦੋ:॥ ਇਹਿ ਬਿਧਿ ਨਿਤ ਨਵ ਅਨੰਦ ਕਰ ਕਬ ਮ੍ਰਿਗਿਆ ਕਬ ਬੈਨ॥ ਰਾਗ ਤਾਨ ਕਿਰਤਨ ਹਰਖ ਕਰਤ ਕੜਾਹ ਸੁਖੈਨ॥੧੭॥

ਸਾਖੀ॥੬੫॥ਚੌ:॥ ਦੂਰ ਦੂਰ ਤੇ ਸੰਗਤ ਆਵੈ॥ ਕਰ ਦਰਸਨ ਪਰਮਾਨੰਦ ਪਾਵੈ॥ ਨਿਰਭਉ ਨਿਰਕਾਰ ਨਿਰਵੈਰੀ॥ ਆਤਮ ਰਾਮ ਰਮਤ ਸਭ ਮੈਰੀ॥੧॥ ਇਕ ਦਿਨ ਊਚੇ ਥਲ ਪ੍ਰਭ ਬੈਸੇ॥ ਨਿਰਭੈ ਕਰਤ ਸਿੱਖ ਗਨ ਸੈਸੇ॥ ਕਛ ਕੇਸ ਕਿਰਪਾਨ ਪ੍ਰਮਾਨਾ॥ ਉਪਦੇ ਸਤ ਸਭ ਕਹਿ ਸਵਧਾਨਾ॥੨॥ ਸੁੰਦਰ ਦੇਸ ਸੈਲ ਅਤਿ ਸੋਹਾ॥ ਸਤ ਦ੍ਰਵ ਨੀਰ ਪਾਪ ਹਰ ਜੋਹਾ॥ ਇਹਾਂ ਪਾਂਡਵਨ ਹੂੰ ਤਪ ਕੀਨੋਨ॥ ਬ੍ਰਹਮਾ ਹੂੰ ਇਤ ਤਪ ਮਨਦੀਨੋ॥੩॥ ਕੋਲੇ ਸ੍ਰਰ ਰਾਖਯੋ ਬਰ ਨਾਮਾ॥ ਕੰਦ ਮੂਲ ਫਲ ਅਤਿ ਇਹਿ ਠਾਮਾ। ਹਯਾ ਤਪ ਕੁਰਤਿਨ[3] ਤਜ[4] ਨਰ ਕੋਊ॥ ਪਹੁਚਤ ਬ੍ਰਹਮ ਲੋਕ ਸੁਨ ਸੋਊ॥੪॥ ਯਹ ਪ੍ਰਦੇਸ ਸੁੰਦਰ ਸਭ ਭਾਂਤੀ॥ ਨਿਕਟ ਅਨੰਦਪੁਰੀ ਸੁਖਦਾਤੀ॥ ਇਹਿ ਬਿਬਿ ਕਬਹੁ ਮਹਾਤਮ ਕਹਹੀਂ॥ ਕਬਹੁ ਖੇਲ ਮ੍ਰਿਗਿਆ ਹਿਉਮ ਰਹੀ॥੫॥ ਇਕ ਦਿਨ ਸਿੰਘਨ ਕਹੀ ਕ੍ਰਿਪਾਲਾ ਸੁਖ ਸੋਵਤ ਸਤ੍ਰ ਨ ਸੰਭਾਲਾ॥ ਜੰਗ ਨ ਭਯੋ ਬਹੁਤ ਦਿਨ ਬੀਤਾ॥ ਚਿੰਤ ਉਤਸਾਹ ਕਵਨ ਪ੍ਰਭੂ ਕੀਤਾ॥੬॥ਦੋ:॥ ਬਿਹਸਿ ਕਹੀ ਨਿਤ ਜੰਗ ਕੋ ਤੁਮਰੇ ਗਰੇ ਉਮੰਗ॥ ਕਰਹੁ ਸੁਚੇ ਤਾਰਹਤ ਬਿਧਿਪ੍ਰਨ ਪੂਰਨ ਸੁ ਨਿਹੰਗ॥੭॥ਚੌ:॥ ਕਰਹੁ ਨ ਉਰ ਅਪਨੀ ਜਮਤਾਈ॥ ਹਰਹੁ ਅਰਿਨ ਸਹਿਜਹਿ ਸਮੁਦਾਈ॥ ਤਬਲੌ ਕਹੁ ਤੇ ਸੰਗਤ ਆਈ॥ ਭੇਟਾ ਭਾਂਤ ਭਾਂਤ ਕੀ ਲਯਾਈ॥੮॥ ਕਲਮੋਟਿ[5] ਅਜ ਲਟਿ ਤਿਹ ਲੀਨੋ॥ ਦੇਤ ਦੁਹਾਈ ਗੁਰੁ ਨਹਿ ਚੀਨੋ॥ ਆਇ ਕਹੀ ਕਲਗੀਧਰ ਆਗੇ॥ ਬਿਹਸੇ ਪ੍ਰਭੂ ਲਖਕੁਨਰ ਅਭਾਗੇ॥੯॥ ਆਲਮ ਸਿੰਘ ਕਹੇ ਸੁਖਦਾਈ॥ ਦੀਜੈ ਦੁਸਨ ਨਾਥ ਸਜਾਈ॥ ਹੇਤ ਸਿਕਾਰ ਖਾਲਸਾ ਜਾਹੂ॥ ਕਲਮੋਟਿਅਨ ਲੂਟਿ ਲੇ ਆਹੂ॥੧੦॥ ਪ੍ਰਾਤ ਭਏ ਰਣਜੀਤ ਨਗਾਰਾ॥ ਬਾਜਯੋ ਚਢਯੋ ਸਿੰਘ ਦਲ ਭਾਰਾ॥ ਗੁਰੂ ਗੁਬਿੰਦ ਸਿੰਘ ਹੂ ਚਲੇ॥ ਬਚਨ ਕਿਓ ਸਤ ਸਭ ਅਘ ਦਲ ਮਲੇ ॥੧੧॥ਦੋ:॥ ਨਦੀ ਪਾਰ ਕਲਮੋਟ ਪੈਦ ਏ ਮੋਰਚੇ ਲਾਇ॥ ਹੋਨ ਲਗੀ ਸਤ ਜੁੱਧ ਕੀ ਤਯਾਰੀ ਉਰ ਅਕੁਲਾਈ॥੧੨॥ਚੌ:॥ ਪ੍ਰਭ ਦਲ ਨਿਰਖ ਧੀਰ ਤਾ ਭਾਗੇ॥ ਕਉ ਕਉ ਲਰੇ ਸਰ ਬਰ ਬਾਗੀ॥ ਗਾਂਢੀ ਜਾਏ ਨਿਜਦਾਰ ਲਗਾਏ॥ ਡਰਉਰ ਧਰ ਥਿਰ ਨਰ ਸਮੁਦਾਏ॥੧੩॥ ਸਤਗੁਰੁ ਕਹੀ ਕਿ ਘੇਰਾ ਕੀਜੈ॥ ਰੈਨ ਨਿਵਾਸ ਇਤਹਿ ਦੁਖ ਛੀਜੈ॥ ਹਲਾ ਕਰਯੋ ਪ੍ਰਾਤ ਮਿਲ ਜਬਹੀਂ॥ ਲਯੋ ਲੂਟਿ ਕਲਮੋਟ ਹਿਤ ਬਹੀ॥੧੪॥ ਬਹੁਤਕ ਅਰੇ ਲਰੇ ਅਰ ਮਰੇ॥ ਬਹੁਤਕ ਭਾਜਿ ਗਿਰਿਨਮਹਿੰ[6] ਬਰੇ। ਬਹੁਤਕ ਸਤਗੁਰ ਸਰਨੀ

---

1. ਪਾਪ, 2. ਚਿੰਤਾ, 3. ਸਰੀਰ, 4. ਛੱਡੇਗਾ, 5. ਕਿਲਮੋਟ ਦੀ ਰਿਆਸਤ, 6. ਪਹਾੜ ਵਿਚ

Sri Satguru Jagjit Singh Ji eLibrary NamdhariElibrary@gmail.com

ਆਏ॥ ਤ੍ਰਾਹ ਤ੍ਰਾਹ ਮੁਖ ਬਚਨ ਅਲਾਏ॥੧੫॥ ਕੋਟਿ[1] ਗਿਰਾਇ ਕੀਨ ਮੈਦਾਨਾ॥ ਮਿਲਯੋ ਆਨ ਗੂਜਰ ਰੰਘੜਾਨਾ॥ ਪਰੇ ਚਰਨ ਪਰ ਭੂਲਿ ਛਿਮਾਈ॥ ਕਹਮਨ ਫਲ ਪਾਯੋ ਗੁਰ ਮਈ॥੧੬॥ ਜੇ ਜੇ ਮਿਲੇ ਅਭਯ ਤੇ ਕੀਨੇ॥ ਜੇ ਜੇ ਅਰੇ ਹਤੇ ਅਰੁਛੀਨੇ॥ ਸਦਨ ਗਿਰਾਇ ਖੜਗ ਗਹਿ ਘਾਏ॥ ਨਿਜ ਕ੍ਰਿਤ ਕੇ ਫਲ ਤੁਰਤਹਿ ਪਾਏ॥੧੭॥ਦੋ:॥ ਸੰਤਨ ਸੰਗ ਬਿਰੋਧ ਕਰ ਬਿਗਰਤ ਸਗਰੀ ਬਾਜਤ॥ ਲੋਕ ਔਰ ਪਰਲੋਕ ਕੀ ਭੂਲਿ ਜਾਤ ਸੁਧ ਸੰਤ॥੧੮॥ ਏਕ ਨਿਸਾਨਿ ਵਸੇ ਅਵਰ ਸਤਗੁਰ ਦੀਨ ਦਯਾਲ॥ ਆਪ ਖੰਡਨ ਮੰਡਨ ਸੁ ਜਸ ਮਹਾ ਕਾਲ ਰਛਪਾਲਾ॥

ਸਾਖੀ॥੯੬॥ਦੋ:॥ ਮਿਲਿ ਸਿੰਘਨ ਬਿਨਤੀ ਕਰੀ ਸੁਨੀਐ ਸਾਚੇ ਸਾਹ॥ ਹਿੰਦ ਪਨਾਹ ਨਿਬਹ ਕਰ ਚਾਹਮਾਹ ਅਰੁ ਕਾਹ॥੧॥ਚੌ:॥ ਚਲਿਐ ਨਗਰ ਅਨੰਦ ਆਪਾਨੇ॥ ਬਹੁ ਅਤਿ ਬਿਤੇ ਸੁ ਇਤ ਬਿਲਗਾਨੇ॥ ਸਪਥ ਕੁਪਥਿ ਅਨਹੂੰ ਕੀ ਭਈ॥ ਸਤਪਥ ਕੀ ਮਤ ਮਥ ਨਹਿ ਗਈ॥੨॥ ਆਪਨ ਆਪ ਆਪ ਹੀ ਲਜਾਨੇ॥ ਅਪਹਿ ਆਏ ਆਪ ਪਰਾਨੇ॥ ਸੇਵਕ ਬਾਨੀ ਸੁਨ ਸੁਖ ਰਾਸੀ॥ ਕਰਨਾਨਿਧਿ ਜਨ ਗਨ ਆਘਨਾਸੀ[2]॥੩॥ ਦਲ ਬਿਦਾਰ ਘੋਰ ਮੰਗਵਾਯੋ॥ ਕਰ ਅਰਦਾਸਾ ਡੰਕ ਬਜਾਯੋ॥ ਪਾਛੇ ਸ੍ਰੀ ਅਜੀਤ ਸਿੰਘ ਰਾਖੇ॥ ਮਾਤ ਬਹੀਰ ਬਿਘਨ ਹਰ ਭਾਖੇ॥੪॥ ਪਹੁਚੇ ਅਨੰਦ ਪੁਰੀ ਸੁਹਾਈ॥ ਤੁਰਹੀ ਢੋਲ ਨਗਾਰਾ ਬਜਾਈ॥ ਬੜੇ ਦ੍ਵਾਰ ਦਰਬਾਰ ਪਧਾਰੇ॥ ਕਰ ਅਰਦਾਸ ਕੜਾਹ ਬੰਟਾਰੇ ॥੫॥ ਆਨੰਦ ਗਢ ਸੁ ਕੇਸ ਗਢ ਗਏ॥ ਕਰੇ ਕੜਾਹ ਸੁ ਆਨੰਦ ਲਏ॥ ਜੇ ਜੇ ਥਾਨ ਭਏ ਬੀਰਾਨਾ॥ ਕਾਰੀਗਰ ਲਾਗੇ ਸਬਿਧਾਨਾ॥੬॥ ਬਾਗ ਤੜਾਗ ਸੁਭਾਗ ਬਨਾਏ॥ ਨਰ ਨਾਰੀ ਸੁਭ ਧਰਮ ਲਗਾਏ॥ ਗੁਪਤ ਸੈਵ ਬਿਸਕਰਮਾ[3] ਕੀਨੀ। ਮਾਨਹੁ ਇੰਦ੍ਰ ਪੁਰੀ ਰਚਿ ਦੀਨੀ॥੭॥ ਵੈਸਹਿ ਮਹਲ ਸੁ ਵੈਸ ਅਟਾਰੀ॥ ਬੀਥੀ ਬਗਰ ਹਾਟ ਅਘਹਾਰੀ॥ ਸੁਨ ਸੁਨ ਭੀਮ ਚੰਦ ਘਬਰਾਈ॥ ਲਖ ਉਰ ਗੁਰ ਸੋਭਾ ਅਧਿ ਕਾਈ॥੮॥ ਅਪਨੇ ਮਨ ਮੈ ਅਪਿ ਪਛਾਵਾ॥ ਇਨ ਕਰ ਬਿਗਰਨ ਨਿਜ ਬਿਗਰਾਵਾ॥ ਆਗੇ ਤੇ ਪੁਰ ਅਧਿਕ ਬਿਰਾਜਾ। ਬੈਠਾ ਸ਼੍ਰੀ ਸਤਗੁਰੁ ਮਹਾਰਾਜਾ॥੯॥ ਰਾਜ ਜੋਗ ਦੁਉ ਰਤਿ ਦਿਖਾਈ॥ ਜਨ ਰਾਜਾ ਮਨੁ ਪ੍ਰਚੁਰਯੋ ਆਈ॥ ਚੋਰ ਘੋਰ ਕੁਉ ਨਾਹਿ ਕੁਕਰਮੀ॥ ਦਿਜ ਸੁਤਿ ਮਾਰਗ ਪਾਲਕ ਧਰਮੀ॥੧੦॥ ਛ੍ਰਤੀ ਸਰਬ ਧਨੁਰ ਧਰ ਦੇਖੇ। ਬੈਸਯ ਬਿਸੇਸ ਧਨਿਕ ਅਵਰੇਖੇ॥ ਬਿਸਨ ਭਗਤ ਸਤਗੁਰੁ ਪਦ ਪ੍ਰੇਮੀ॥ ਸੂਦ੍ ਕਰ ਸੇਵਾ ਜਗ ਨੇਮੀ॥੧੧॥ ਸਿੰਘ ਪੰਥ ਸਤ ਮਤ ਤੇ ਨੀਕਾ॥ ਸਭ ਤੇ ਬਿਲ ਗਲ ਘਤ ਸੁਖ ਜੀਕਾ॥ ਬਿਨ ਸਤਗੁਰੁ ਪਦ ਆਨ ਨ ਜਾਨਾ॥ ਦੇਵੀ ਦੇਵ ਨ ਰਿਖਿ ਮੁਨਿ ਮਾਰਹਿ॥੧੨॥ ਦੰਭ ਕਪਟ ਛਲ ਜਹਾਨ ਰਹਾ॥ ਸੰਤ ਸਰਲ ਚਿਤ ਬਿਗ ਸਤਿਮਹਾ॥ ਸੁ ਪਖ ਰਾਜ ਪਖ ਸਭਹਿ ਸੁਹਾਏ॥ ਸਲਿਲ ਸੀਚੇ ਸਭ ਬਿਧਿ ਸੁ ਬਨਾਏ॥੧੩॥ ਸਰਿਸ ਕੁਬੇਰ ਸੋਹ ਜਹ ਸਾਮੀ॥ ਕੈਸੋ ਇੰਦ੍ ਬੈਠ ਸੁਖ ਗਾਮੀ॥ ਬ੍ਰਹਮ ਲੋਕ ਬ੍ਰਹਮਾ ਜਨ ਰਾਜੇ॥ ਬਿਸਰ ਬੈਠ ਬੈਕੁੰਠ ਬਿਰਾਜੈ॥੧੪॥ ਜਿਹਿ ਜਿਹਿ ਜਥਾ ਸੁਰੁਚਿ

---

1. ਕਿਲਾ, 2. ਪਾਪ ਹਰਾਤਾ, 3. ਗੁਰੂ ਵਿਸ਼ਕਰਮਾ

Sri Satguru Jagjit Singh Ji eLibrary NamdhariElibrary@gmail.com

ਲਖ ਲੀਨੋ॥ ਕਾਮਿਨ ਕਾਮ ਰੂਪ ਮਰ ਭੀਨੋ॥ ਸਮ ਦਮ ਦਯਾ ਅਧਿਕ ਲਿਸਾਰਾ॥ ਕਾਮ ਕ੍ਰੋਧ ਕੋ ਕੀਨ ਸੰਘਾਰਾ॥੧੫॥ ਸਭ ਰਾਜਨ ਕੇ ਮੰਤਰੀ ਆਏ। ਪਰ ਪਸ ਪਰਨਿਜ ਭੂਲ ਛਿਪਾਏ॥ ਸਰਲ ਸੁਭਾਉ ਏਕ ਰਸ ਪ੍ਰੀਤੀ॥ ਬੈਰਿਹੁ ਪਗ ਜਿਨੇਹ ਸੁਨੀਤੀ॥੧੬॥ ਆਵਤ ਸਰਨ ਸੁ ਆਦਰ ਪਾਵਾ॥ ਕਰਤ ਬਿਰੋਧ ਤਾਸੁ ਘਰ ਘਾਵਾ॥ ਭੀਮ ਚੰਦ ਕਪਟੀ ਸੁ ਕੁਕਰਮੀ॥ ਮਿਲਯੋ ਮਹਤ ਕਰ ਸੋਚ ਅਧਰਮੀ॥੧੭॥ ਸਤਗੁਰੁ ਸਰਬ ਭਾਂਤ ਸਤਕਾਰਾ॥ ਆਗੇ ਤੇ ਹਿਤ ਅਧਿਕ ਨਿਕਾਰਾ॥ ਪੁਨ ਪੰਮਾ ਜੀ ਗੁਰ ਢਿਗ ਆਏ॥ ਬੈਠੇ ਸਭਾ ਮਧਯ[1] ਸਰਮਾਏ॥੧੮॥ ਸਭ ਰਾਜਨ ਕੇ ਮੰਤ੍ਰੀ ਆਏ॥ ਕਉ ਕਉ ਨ੍ਰਿਪਤਿ ਪਗਨ ਲਪਟਾਏ॥ ਨਿਰ ਬਿਰੋਧ ਗੁਰ ਘਰ ਅਘਰਾਹੀ॥ ਆਤਮ ਰਾਮ ਰਮਤ ਦੁਖ ਟਾਰੀ॥੧੯॥ ਸ੍ਰੀ ਮੁਖ ਵਾਕ।ਮ:੧੫॥ ਬਚਨ ਹੂਆ॥ ਜੇ ਰਤ ਲਗੇ ਕਪੜੇ ਜਾਮਾ ਹੋਇ ਪਲੀਤ॥ ਜੇ ਰਤ ਪੀਵਹਿ ਨਾਨਕਾ ਤਿਨ ਕਿਉ ਨਿਰਮਲ ਚੀਤ॥੧॥ਦੋ:॥ ਨਿਰਖਤ ਪੰਮੇ ਸਭਾ ਮਧਿ ਕਿ ਅਜਿ ਨਿਕੰਮੇ ਕਾਜ॥ ਬ੍ਰਿਮਾਧਮ ਕਾਮੀ ਕੁਟਿਲ ਕਪਟ ਰੂਪ ਕੋ ਧਾਮ॥੨੦॥ਚੌ:॥ ਬਚਨ ਭਯੋ ਬਾਮਨ ਕਰ ਬੋਲਾ॥ ਸਮਝ ਬੂਝ ਬਿਨ ਸਮਝਹੁ ਝੋਲਾ॥ ਹੈਬੇ ਪੀਰ ਵਜੀਰ ਸੁਪੰਮਾ॥ ਧਰਮ ਅਧਰਮਨ ਰਾਪ ਸਰੰਮਾ॥੨੧॥ ਰਾਜਪੂਤ ਕੀ ਜਾਤ ਸੁ ਕਹੀ॥ ਤਾਤ ਮਾਤ ਹਿਤ ਸੰਤਨ ਗਹੀ॥ ਕੇਵਲ ਕਪਟ ਟਲੇ ਵਰਧਾਰੇ॥ ਸਾਰਥ[2] ਰਤ ਪਰਮਾਰ ਬਹਾਰੇ॥੨੨॥ ਸਤਯ ਸਤਯ ਸੁਨ ਸਭਾਨ ਕਹੀ॥ ਇਨਕੀ ਮਤਿ ਗਤਿ ਐਸਹਿ ਲਹੀ॥ ਆਪਨ ਕਿਓ ਆਪਹੀ ਪੈਹੈਂ॥ ਪ੍ਰਭ ਕੋ ਕਾਕਛੁ ਕਰਹਿ ਅਭੈ ਹੈਂ॥੨੩॥ ਬੋਲਯੋ ਪੰਮਾ ਬਿਨਯ ਬਨਾਈ॥ ਭੂਲੇਹਮੁ ਬਕਸਹੁ ਗੁਰ ਗਈ॥ ਸਰਨ ਪਰੇ ਉਬਰੇ ਹਰ ਹਾਲਾ॥ ਹੈ ਯਹ ਰਾਉਰ ਸੀਲ ਬਿਸਾਲਾ॥੨੪॥ ਪੁਨ ਸਭ ਸੋਢਿਨ[3] ਸਿਖਨ ਕਹੀ॥ ਬਕਸਹੁ ਦੀਨ ਬੰਧੁ ਤਾਲਹੀ॥ ਨਿਤ ਕੀ ਭਲੀ ਲਗਈ ਨਾਹੀ॥ ਕਰਿਅ ਮੇਲ ਸਤੁ ਤਾਨ ਸਾਂਹੀ॥੨੫॥ ਬਚਨ ਭਯੋ ਰਜਪੂਤਨ ਜਾਨਹੁ॥ ਮਾਤਾ ਪਿਤਾ ਸਤੁ ਇਨ ਮਾਨਹੁ॥ ਮੀਤ ਪੂਜ ਜੇ ਪਾਲਨਹਾਰੇ॥ ਤਿਨਹਿ ਭੂਮਿ ਹਿਤਹ ਨਹਿ ਬਿਚਾਰੇ॥੨੬॥ ਇਨਹਿ ਬਿਸ੍ਵਾਸ ਜੋਗ ਜਿਨ ਜਾਨਹੁ॥ ਕਪਟੀ[4] ਪਰਮ ਪਹਾੜੀ ਮਾਨਹੁ॥ ਭੀਰ ਪਰਹਿ ਤਬ ਸਾਲੂ ਬਨਹੀਂ॥ ਨਤਰੁ ਸਾਧੁ ਹਨ ਸੰਕਨ ਗਨਹੀਂ॥੨੭॥ ਦਗਾ ਬਾਪ ਕੇ ਸੰਗ ਕਰੈ ਹੈਂ॥ ਔਰਨ ਤੇ ਏ ਕਹੁ ਕਿ ਡਰ ਹੈਂ॥ ਧਨ ਅੰਨ ਅਧਿਕ ਜਾਨ ਜਬ ਲੀਜੈ॥ ਇਨਸਲ ਤਬਹਿ ਮਿਤ੍ਰਤਾਕੀਜੈ॥੨੮॥ ਤਬ ਸਰਧਾ ਦੇਵਨ ਸੋਂ ਕਰਹੀ॥ ਭੀਰ ਪਰੇ ਪਰਤਿਹ ਪਰ ਹਰ ਹੀ॥ ਜੋ ਰੁਚਿ ਅਹਹਿ ਖਾਲਸੇ ਕੇਰੀ॥ ਹਮ ਹਿ ਪਾਲਨੀ ਸੋਇ ਇਹ ਬੇਰੀ॥੨੯॥ ਪੰਮਾ ਪਰਮਾਨੰਦ ਵਜੀਰ ਮਾਚੜ ਲਰਹਨ ਲਗੋ ਗੁਹੁ ਤੀਰ॥ ਬਚਹੁ ਏਕ ਬਾਮਨ ਕੇ ਨਾਤੇ॥ ਕਰਤ ਕਪਟ ਅਕਪਟ ਘਰ ਆਤੇ॥੩੦॥ ਇਹਿ ਬਿਧਿ ਪੁਨ ਪ੍ਰਭੁ ਨਗਰ ਬਸਾਏ॥ ਬਨੁ ਬਨ ਬਾਸ ਰਾਮ ਘਰ ਆਏ॥ ਭਏ ਸਰਬ ਨਰ ਨਾਰ ਸੁਖਾਰੀ॥ ਗਾਵਹਿ ਗੁਨ ਗੋਬਿੰਦ ਅਘਾਰੀ॥੩੧॥ਦੋ:॥ ਪਢੇ ਸੁਨੈ ਯਹ ਕਥਾ ਜੋ ਪਰਮ ਪ੍ਰੇਮ ਉਪਜਾਇ॥ ਤਾਹਿ ਮਿਲੈ ਪੁਨ

---

1. ਵਿਚ, 2. ਖ਼ੁਦਗਰਜੀ, 3. ਸੋਢੀਆਂ ਨੇ, 4. ਧੋਖੇਬਾਜ਼

Sri Satguru Jagjit Singh Ji eLibrary NamdhariElibrary@gmail.com

ਸੰਪਤਾ ਭਈ ਨਸਟ ਜੋ ਜਾਇ॥੩੨॥

ਸਾਖੀ॥੬੭॥ ਇਤਿ ਸ੍ਰੀ ਗੁਰ ਪਦ ਪ੍ਰੇਮ ਪ੍ਰਕਾਸ਼ ਪੁਰਾਨੇ ਚਤੁਰਥ ਖੰਡ ਦਸਮ ਮੰਡਲ ਉਤ੍ਰਾਰਧੇ ਕਲਮੋਟ ਬਿਜਯ ਅਨੰਦਪੁਰ ਪ੍ਰਵੇਸ ਬਰਲਨੰ ਨਾਮ ਪੰਚ ਦਸਮੀ ਪ੍ਰਾਂਤ॥੧੫॥ਦੋ:॥ ਆਨੰਦ ਪਤਿ ਅਨੰਦ ਨਗਰ ਨਿਤ ਨਵ ਅਨੰਦ ਕੀਨ॥ ਚਾਰ ਸੁਅਨ ਸੁੰਦਰ ਸਰਸ ਨਿਰਖਿ ਕਾਮ ਦੁਤਿ ਛੀਨ॥੧॥ਚੌ:॥ ਪੰਮਾ ਕਰ ਨਿਤ ਕਾਮ ਨਿਕੰਮਾ॥ ਰਾਖਯ ਸਬ੍ ਹਮ ਕਪਟ ਕ੍ਰਿਤ ਥੰਮਾ॥ ਲਿਖ ਰਾਜਨ ਕੇ ਪਾਸ ਪਠਾਹੋ॥ ਮੇਰੇ ਬਸ ਗੋਬਿੰਦ ਸਿੰਘ ਆਯੋ॥੨॥ ਉਪਰ ਤੇ ਸਿਖੀ ਦਿਖਰਾਵੇ॥ ਅੰਤਰ ਤੇ ਅੰਤਰਾ ਕਮਾਵੇ॥ ਏਕ ਬਾਰਹਯ ਗਯ਼ ਚੁਰਵਾਏ॥ ਅਨਕ ਗਨ ਧਨ ਸਬਹੀ ਬਤਰਾਏ॥੩॥ ਚਾਤੁਰ ਸਭਾ ਚਾਰੁਹੀ ਕਰੈ॥ ਗੁਰਬਰਕੇ ਅਨੁਸਾਰੀ ਸਰੇ॥ ਕਰਯੋ ਖਜਾਨੋ ਨਜਰ ਮਝਾਰੀ॥ ਬਿਨ ਗੁਰ ਆਨ ਨ ਜਾਨ ਬਿਕਾਰੀ॥੪॥ ਭੀਮ ਚੰਦ ਗੁਰ ਘਰ ਕੇ ਘੋਰੇ॥ ਅਪਨੇ ਕਰੇ ਤਬੇਲੇ ਚੋਰੇ॥ ਇਨ ਰਾਜਨ ਕੀ ਮਤਿ ਬੋਰਾਈ॥ ਚੋਰੀ ਜਾਰੀ ਕਰ ਭਰਮਾਈ॥੫॥ ਕਬਹੁਕ ਤੁਰਕ ਦਲ ਨ੍ਰਿਪ ਪਨਵਾਯੋ॥ ਇਤ ਆਪਨੋ ਸਲ੍ਹੂਕ ਜਤਾਯੋ॥ ਨਿਜ ਸੈਨਾ ਗੁਰਓਰ ਪਠਾਈ॥ ਜੰਗ ਜੀਤ ਅਰਿ ਦੀਏ ਭਜਾਈ॥੬॥ ਜਯੋ ਸਤਗੁਰੁ ਯਾ ਉਰ ਅਨੁਮਾਨੈ॥ ਦੋਸਨ ਨ੍ਰਿਪ ਤੁਰਕਨ ਕਰ ਜਾਨੈ॥ ਜਾਨੀ ਜਾਨ ਸਕਲ ਘਟ ਬਾਸੀ॥ ਪੂਰਨ ਬ੍ਰਹਮ ਅਚੁਤ ਅਬਿਨਾਸੀ॥੭॥ ਅਸ ਨਿਹਚਾ ਤਿਨ ਕੇ ਉਹ ਨਾਹੀਂ॥ ਛਲ ਬਲ ਤੇ ਜੀਤਹਿ ਜਿਅਚਾਂਹੀ॥ ਸਿਖੀ ਰੀਤ ਦਿਖਾਵਹਿ ਕੈਸੇ॥ ਨਵਤ ਪਾਰਧੀ ਮ੍ਰਿਗ ਲਖ ਜੈਸੇ॥੮॥ਦੋ:॥ ਕਬਹੁ ਗਏ ਸਿਕਾਰ ਹਿਤ ਮ੍ਰਿਗਘਤਿ ਨਿਰਖੇ ਨੈਨ॥ ਭੀਮ ਚੰਦ ਕੇ ਸੂਰ ਬਰ ਹਾਜਿਰ ਰਹੇ ਸੁਬੈਨ॥੯॥ਚੌ:॥ ਦੋਊ ਮ੍ਰਿਗ ਪਤ ਸਮੁਹਿਆਏ॥ ਆਇਸ[1] ਲੈ ਗਿਰਿ[2] ਬੀਰ[3] ਸਿਧਾਏ॥ ਖੜਗ ਨਿਕਾਰ ਸੀਸ ਤਿਨ ਕਾਟੇ॥ ਛਤ੍ਰਾਪਨ ਆਪਨ ਕਰ ਡਾਟੇ॥੧੦॥ ਬਲ ਲਖ ਦੀਨ ਬੰਧੁ ਤਵ ਰੀਝੇ॥ ਸਿਰੇ ਪਾਉਦੀਨੇ ਹਿਤ ਸੀਝੇ॥ ਮ੍ਰਿਗਿਆ ਕਰ ਭੋਜਨ ਤਹ ਪਾਏ॥ ਪੁਰ ਆਨੰਦ ਬਹੁਰ ਪ੍ਰਭ ਆਏ॥੧੧॥

ਸਾਖੀ॥੬੮॥ਚੌ ॥ ਪੁਨ ਕਬਹੁ ਕ ਪ੍ਰਭ ਮ੍ਰਿਗਿਆ ਗਏ॥ ਸ਼੍ਰੀ ਨਾਰਦ ਪ੍ਰਭ ਦਰਸ਼ਨ ਭਏ॥ ਬੈਠੇ ਆਸਨ ਚਾਰੁ ਬਿਛਾਈ॥ ਬਹੁਤ ਭਾਂਤ ਅਧਿਕਾਰ ਜਤਾਈ॥੧॥ ਦ੍ਰੁਹੁ ਦਿਸ ਮਿਲੇ ਖਿਲੇ ਮੁਨ ਭਾਏ॥ ਕਾਹੁ ਨ ਸਮਝੇ ਕੋਏ ਆਏ॥ ਗੁਪਤ ਰੀਤ ਬਾਰਤਾ ਬਿਲਾਸਾ॥ ਸਿੰਘਨ ਕਛੁ ਸਮਝਾਨ ਸੁਬਾਸਾ॥ ਕਛੁਕ ਪੰਖ ਨਾਰਦ ਰਿਖਿ ਦੀਨੇ॥ ਕਰ ਬੀਨਾ ਧਾਰੇ ਤਨ ਛੀਨੇ॥ ਗੌਰ ਬਰ੍ਨ ਅਤੁਲਿਤ ਪ੍ਰਭਤਾਈ॥ ਰਘੁਪਤਿ[4] ਭਕ੍ਤਿ ਸੁ ਗੁਰ ਗਮ ਪਾਈ॥੩॥ਦੋ ॥ ਦ੍ਵੈ ਕਰ ਜੋਰ ਤਹੀ ਤਬੈ ਨਾਰਦ ਅਸਤਤਿ ਕੀਨ॥ ਦੀਨ ਬੰਧੁ ਕਲਿ ਮਲ ਹਰਨ ਭਲੋ ਪੰਥ ਜਗ ਕੀਨ॥੪॥ਚੌ:॥ ਸ੍ਰੀ ਪ੍ਰਭੂ ਕਹੀ ਪੰਖ ਏ ਕੈਸੇ॥ ਮੁਨਬਰ ਕਹੀ ਸੁਰੁਚਿ ਪ੍ਰਭ ਜੈਸੇ। ਯਹ ਦੀਦਾਰ ਭੇਟ ਪ੍ਰਭੂ ਰਾਖੀ॥ ਰਿਕਤ ਪਾਨ ਅਨੁਚਿਤ ਸੁਤਿ ਸਾਖੀ॥੫॥ ਪ੍ਰਭ ਅਸਕੇਤ ਤਾਤ ਪ੍ਰਗਟਾਏ॥ ਸਸਤਰ ਅਸਤਰ ਬਿਚਯ ਚਿਤ ਲਾਏ॥

---

1. ਹੁਕਮ, 2. ਪਹਾੜ, 3. ਬਹਾਦਰ, 4. ਰਘੁ ਵੰਸ਼ ਦੇ ਰਾਜਾ ਰਾਮ ਚੰਦਰ

Sri Satguru Jagjit Singh Ji eLibrary NamdhariElibrary@gmail.com

ਸਰਨ ਲਗਾਇ ਸੁ ਸਰਨ ਪ੍ਰਹਾਰੋ॥ ਜਿਤ ਚਾਹਹੁ ਤਿਤ ਦਿਸਹਿ ਸੰਘਾਰਹੁ॥੬॥ ਕੋਊ ਲੋਕ ਬਚਹਿ ਗੋ ਨਾਹੀ॥ ਜਿਹ ਠਾਲੋਏ ਸਰਨ ਨਹਿ ਜਾਹੀਂ॥ ਜਬ ਜਬ ਬਿਸਨ ਧਰਹਿ ਅਵਤਾਰਾ॥ ਤਬ ਤਬ ਨਿਰਖਹੁ ਦਰਸ ਮੁਰਾਰਾ॥੭॥ ਗੁਰ ਨਾਨਕ ਦਰਸਨ ਹਿਤ ਆਯੋ॥ ਪੂਛ ਪਿਤਾ ਸਨ ਸਬ ਸਮਝਾਯੋ॥ ਪੁਨ ਸੁਨ ਪ੍ਰਭ ਭੰਜਨ ਮਹਿ ਭਾਰਾ॥ ਅਯੋ ਨਿਰਖਨ ਯਹ ਅਵਤਾਰਾ॥੮॥ਅਸੋਤ੍ਰ॥ਛੰਦ॥ ਨਾਥ ਅਦ ਭੁਤ ਗਤ ਅਪਰ ਮਿਤ ਚਰਿਤ ਕਹ ਤਬ ਨੈਨ॥ ਅਖਿਲ ਬਿਸ੍ਵਬਿਲਾਸ ਨਾਯਕਸੁ ਕ੍ਰਿਤ ਕਰੁਨਾ ਐਨ॥ ਤੁਰਕ ਤੇਜ ਬਢਤ ਦਿਨਹੁ ਦਿਨ ਤਾਂਹਿ ਦੀਨ ਦੁਰਾਇ॥ ਸੁਧ ਮਤ ਸੰਤਤ ਸੁ ਸੁਤਿ ਨਿਰਨਯ ਕਬਿਤ ਬਨਾਇ॥੧॥ ਬਿਰੁਜ ਬਯਾਪਕ ਅਘਨ ਖਾਪ ਕਉ ਥਪ ਥਾਪਕਾ ਜਾਨਦਾ॥ ਆਸਰੇ ਇਹ ਕਾਲ ਗਉਰ ਦੇਵ ਪਤਿ ਬਿ ਬੁਧਾਨ॥ ਪਗ ਪਤਾਲ ਅਕਾਲ ਸੀਸ ਬਰਾਟ ਰੂਪ ਅਪਾਰ॥ ਸਹਸ[1] ਨਯਨ ਸਹਸ ਕਰਨ[2] ਭੁਜ ਅਭੁਜ ਇਕ ਨਿਰਧਾਰ॥੨॥ ਕਬਹੁ ਧਰ ਚੋਬਸਿਤਨ ਨ੍ਰਿਪ ਰਾਜ ਰਾਜਨ ਬੰਸ॥ ਅਬ ਭਏ ਗੁਰੁ ਰੂਪ ਸਾਹਿਬ ਸੁ ਬਿਧਿ ਕਰਿ ਕਲਿ ਕੰਸ॥ ਸਿੰਘ ਗਨਨ ਉਧਾਰ ਕਰ ਭੁਵਿ ਭਾਰ ਦੇਹੁ ਮਿਟਾਇ॥ ਸੁ ਗੁਰੁ ਗੁਰੁ ਨਾਨਕ ਸੁ ਗਾਦੀ ਧਰਮ ਨਿਜ ਬਿਬਰਾਇ॥੩॥ ਹੋਇ ਹੈ ਨਿਤਨਵ ਅਮਿਤ ਯਹ ਪੰਥ ਪ੍ਰਗਟ ਪ੍ਰਮਾਨ॥ ਖੋਇ ਹੈ ਕਲਿ ਕਲੁਖਕੁਲਕੋ ਜਾਨ ਜੀਅ ਮਹਾਨ॥ ਨਯਨ ਮਮ ਸਭ ਸਫ਼ਲ ਭੇ ਪ੍ਰਭੂ ਨਿਰਖਿਦੁ ਭੁਜ ਸਰੂਪ॥ ਜਯ ਜਿਤਯ ਸਤਚਿਤ ਅਨੰਦ ਅਨੰਦ ਗੁਰੁ ਭੂਪ॥੪॥੧੨॥ਚੌ:॥ ਇਮਿ ਅਸਤਤਿ[3] ਕਰ ਨਾਰਦ ਗਏ॥ ਦੋਊ ਓਰਨਤਿਤਤਿਅਤਿ ਭਏ॥ ਪੰਖਨ ਦੀਓ ਸਰਨ ਸੁਲਗਾਏ॥ ਧਨੁ ਧਰਿ ਸਤਗੁਰੁ ਸਰਸੁ ਚਲਾਏ॥੧੩॥ ਕ੍ਰਮ ਕ੍ਰਮ ਪਾਂਚ ਤੀਰ ਤਕ ਮਾਰੇ॥ ਮਧ ਆ ਅਕਾਸ ਨਯਨ ਸੁਨਿ ਹਾਰੇ॥ ਸਿੰਘਨ ਕਹੀ ਲਖਹੁ ਕਹਿ ਗਏ॥ ਪਹਰ ਪ੍ਰਮਾਣ ਨ ਉਤਰਤ ਭਏ॥੧੪॥ ਸਿੰਘਨ ਕਹੀ ਨ ਤੂ ਪਰ ਆਏ॥ ਰਹੇ ਅਕਾਸ ਪ੍ਰਕਾਸ ਸਮਾਏ॥ ਸਤਗੁਰ ਕਹੀ ਅਕਾਸ ਸੁ ਸੂਨਾ॥ ਉਤਰਹਿ ਸਰਨਿਰਖਹੁ ਸੁਨ ਸੂਨਾ॥੧੫॥ ਸਿੰਘਨ ਕਹੀ ਲਖਾ ਭਲ ਭਾਂਤੀ॥ ਕਹਹਿ ਆਪ ਹੀ ਇਨ ਕੀ ਖਯਾਤੀ॥ ਸ਼੍ਰੀ ਪ੍ਰਭ ਹੁਮਾਯੁ ਕੇ ਪਗ॥ ਕੀਲੇ ਮੁਇ ਏ ਨਾਰਦ ਰਿਖਿ ਬਰ॥੧੬॥ ਭਲੇ ਭਾਗ ਤੁਮ ਦਰਸਨ ਪਾਯੋ॥ ਦੇਵ ਰਿਖੀ ਇਹ ਜਗਤ ਤਰਾਯੋ॥ ਪਰ ਉਪਕਾਰੀ ਹਰਿ ਦਰਬਾਰੀ॥ ਬਿਧ ਸੁਤ ਸਰਨਾਗਤਿ ਹਿਤਕਾਰੀ॥੧੭॥ਦੋ:॥ ਪੰਖ ਗਏ ਨਿਜ ਦੇਸ ਲੈ ਸਰਹਿ ਸੁਨਹੁ ਪ੍ਰਿਅ ਬੈਨ॥ ਪਵਨ ਚਕ੍ ਉਪਰ ਭਲੇ ਅਬ ਨਹਿ ਉਤਰਹਿ ਐਨ॥੧੮॥ਚੌ: :॥ ਸੁਨਹੁ ਸਰਬ ਸਿੰਘ ਸਵਧਾਨਾ॥ ਨਾਰਦ[4] ਜੁ ਯਹ ਕੌਤਕੁ ਤਾਨਾ॥ ਹਿਤ ਉਪਦੇਸ ਨਰੀਤ ਦਿਖਾਈ॥ ਸਮਝਹੁ ਸੋ ਸਭ ਰਿਖਿ ਚੁਤਰਾਈ॥੧੯॥ ਤੁਮ ਅਨਨਯ ਸ੍ਰੀ ਸਤਗੁਰੁ ਪਯਾਰੇ॥ ਗੁਰਬਾਨੀ ਕਰ ਕੰਠ ਮਝਾਰੇ॥ ਸ੍ਰੀ ਗੁਰੁ ਲੋਕ ਯਨਹਿ ਬਿਧਿ ਜੇ ਹੋ॥ ਸਤਗੁਰੁ ਨਾਨਕ ਦਰਸਨ ਪੈ ਹੋਂ॥੨੦॥ ਜਬ ਪੰਖਨ ਕਰ ਇਹਿ ਪ੍ਰਭਤਾਈ॥ ਗੁਰਬਾਨੀ ਤਬ ਬਿਫਲ ਨ ਜਾਈ॥ ਪੰਖੀ

---

1. ਹਜ਼ਾਰਾਂ 2. ਕੰਨ 3. ਉਸਤਤਿ 4. ਨਾਰਦ ਰਿਖੀ

Sri Satguru Jagjit Singh Ji eLibrary NamdhariElibrary@gmail.com

ਰੂਪ ਗੁਰੁਹਿ ਅਨੁਮਾਨਹੁ॥ ਸਾਖੀ ਸਬਦ ਪੰਖ ਪਹਿਚਾਨਹੁ॥ ਸਰ ਸਮਾਨ ਸਭ ਸਿਖ ਸੁਹਾਏ॥੨੧॥ ਪ੍ਰੇਮ ਸੰਜੋਗ ਪੰਖ ਸਰ ਲਾਗੇ॥ ਧਨ ਉਪਾਸਨਾ ਨਿਸਯ ਆਗੇ॥ ਹੰਤਾ ਤਯਾਗ ਨ ਚਿਲਾ ਚਢਾਈ॥ ਇੰਦ੍ਰਨ ਰੋਕਨ ਖੈਚ ਚਲਾਈ॥੨੨॥ ਤਬ ਸਤਗੁਰੁ ਕੇ ਦੇਸ ਸਿਧੈਹੌਂ॥ ਜਨਮ ਮਰਨ ਸੁਖ ਦੁਖ ਨਹਿ ਪੈ ਹੌਂ॥ ਮਾਨਹ ਹਰਿ ਇਛਾ ਗਹੀ ਅਸੀ॥ ਹੋਨੀ ਹੋਇ ਸੁ ਹੋਇ ਰਸ ਰਸੀ॥੨੩॥ਦੋ:॥ ਸੁਧ ਚਿਤ ਹੰਕਾਰ ਤਜ ਨਿਰ ਬੇਰੀ ਨਿਰਮੋਹੀ॥[1] ਭਜਤ ਭਜਤ ਮੁਹਿ ਪਾਇ ਹੋ ਨਹਿ ਯਾਮੈ ਕਛੁ ਧੋਹ॥

ਸਾਖੀ॥੬੬॥ਚੌ:॥ ਇਹ ਬਿਧਿ ਬਹੁ ਦਿਨ ਨਾਥ ਬਿਤਾਏ॥ ਪਰਮ ਪੁਰਖ ਪਰਮਾਨੰਦ ਪਾਏ॥ ਸੰਗਤ ਨਿਤ ਪ੍ਰਤਿ ਨਿਹ ਚਿਤ ਆਵੈ॥ ਨਹ ਕੁਉ ਮਗਟੋਕੈ[2] ਨ ਦੁਖਾਵੈ॥੧॥ ਪੂਰਹਿ ਕਾਮਨਾ ਸੰਗਤ ਮਨ ਕੀ॥ ਮੁਕਿਤ ਭੁਕਿਤ ਅਰ ਭਕਿਤ ਸੁਧਨ ਕੀ॥ ਕਬਹੁਕ ਇਕ ਸਿੱਖ ਖਤ੍ਰੀ ਆਯੋ॥ ਪੋਠੋਹਾਰ ਸੁ ਸੰਗਤ ਭਾਯੋ॥੨॥ ਤਾਸੁ ਸੁਤਾ[3] ਸੀ ਸਾਹਿਬ ਦੇਵੀ॥ ਸਤਗੁਰ ਭਕਿਤ ਪ੍ਰਗਟ ਬਪੁ ਸੇਵੀ॥ ਜਬ ਤੇ ਜਨਮੀ ਤਾਂ ਘਰ ਮਾਹੀ॥ ਗੁਰੁਹਿ ਸਮਰੰਪੀ ਉਚਿਤ ਸੁਚਾਹੀ॥੩॥ ਮਾਤਾ ਜਾਨ ਸੁ ਪਗ ਰਜ ਲਾਵੈਂ॥ ਨਿਤ ਪਤ ਪੂਜਾ ਕਰ ਤ੍ਰਿਪਾਤਾਵੈਂ॥ ਪ੍ਰਥਮ ਜਿਵਾਇਅ ਚਹਿ ਸੁਅ ਹਾਰਾ॥ ਸੇਵਹਿ ਸਕਲ ਸਹਿਤ ਪਰਵਾਰਾ॥੪॥ ਪੁਰ ਰਵਿਤਾਸ[4] ਕੀ ਬਾਸੀ॥ ਰਾਵਾਗੋਤ ਕਹਤ ਮੁਖ ਰਾਸੀ॥ ਧਨ ਬਿਨਨਿ ਜਿਹ ਸਮੁਝਾਲੇ ਕਨਯਾ॥ ਪਰਯੋ ਆਨ ਪ੍ਰਭੂ ਪਗਨ ਅਨਾਯਾ॥੫॥ ਸਤਗੁਰ ਸਨ ਸੁ ਬ੍ਰਿਭੰਤ ਬੁਝਾਯੋ॥ ਦਾਸੀ ਕਰਹੁ ਨਾਥ ਸਫਲਾਯੋ॥ ਕਹੀ ਕ੍ਰਿਪਾਨਿਧਿ ਕਛੁ ਦਿਨ ਬੀਤੇ॥ ਤਯਾਗਯੋ ਗ੍ਰਸਤ ਕਰਮਹ ਹਮੀਤੇ॥੬॥ ਤਾਂਤੇ ਅਬ ਕਰ ਬਯਾਹ ਸੁਤੀਜਾ॥ ਕਰਿਹੈ ਕਹਾ ਸੁਨਹੁ ਤੁਮ ਈਜਾ॥ ਤਬ ਤਿਨ ਕਹੀ ਕ੍ਰਿਪਾਨਿਧਿ ਸੁਨਿਏ॥ ਸਰਨਾਗਤ ਨਹਿ ਤਯਾਗਨ ਗੁਨਿਏ॥੭॥ ਮਾਤਾ ਜਾਨ ਸੁਕਨਯ ਪਾਲੀ॥ ਅਬ ਯਾਹ ਆਨ ਜੋਗ ਨਹਿ ਲਾਲੀ॥ ਕੋਊ ਖਤ੍ਰੀ ਨਹਿਯਾ ਕਹਿ ਲੈਹੈਂ॥ ਪ੍ਰਭ ਸਮਰਥ ਬਸ ਕਛੁ ਨਚਲੈਹੈ॥੮॥ ਸਤਗੁਰੁ ਕਹੀ ਪੂਛਿ ਅਬ ਯਾਹੀ॥ ਕਾਰਦਿ[5] ਦਰਸ ਕਿ ਕਾਮ ਮਦਾਈ॥ ਕਨਯ ਕਹੀ ਦਰਸ ਰਸ ਚਾਹੌਂ॥ ਪ੍ਰਭ ਪਗ ਪੋਛਿ ਪਰਮ ਪਦ ਪਾਹੌਂ॥੯॥ਦੋ: ਬਿਹਸਿ ਕਹੀ ਨੀਕੀ ਕਹੀ ਰਹੀ ਕੁਆਰੀ ਨਾਰਿ॥ ਮਾਤਾ ਜੀ ਕੇ ਢਿਗ ਪਠੀ ਲੀਨੀ ਮਾਤ ਉਤਾਰ॥੧੦॥ਚੌ:॥ ਦੈ ਬਹੁ ਅਨਮਧਤੀ ਸਰਨ ਰਾਖੀ॥ ਇਕ ਸਮਧਰ ਕਰ ਪ੍ਰੇਮ ਸੁਭਾਖੀ॥ ਬਿਨ ਦਰਸਨ ਨਹਿ ਪਵਿਤ ਪਾਨੀ॥ ਕਰਹਿ ਨ ਭੋਜਨ ਨਿਤ ਗੁਰੁ ਧਯਾਨੀ॥੧੧॥ ਕਬਹੁਕ ਕਹੀ ਕ੍ਰਿਪਾ ਕਰ ਗੁਰ ਬਰ॥ ਕਹੁ ਕਿਮਿ ਖਿੰਨ ਚਿਤ ਤੇਰੋ ਘਰ॥ ਤਿਨ ਤਬ ਕਹੀ ਤੀਅਤਨ ਮੇਰਾ॥ ਚਾਹਤ ਏਕਪੂਤ ਮੁਖ ਤੇਰਾ॥੧੨॥ ਸਤਿਗੁਰ ਕਹੀ ਸਿੰਘ ਜਗ ਜੇਤੇ॥ ਸਭ ਸਪੂਤ ਗੋਦੀ ਮੈ ਤੇਤੇ॥ ਏ ਦੋਊ ਚਾਰਨ ਕੀ ਮਾਤਾ॥ ਤੂ ਅਗਿਨਤ ਕੀ ਭਈ ਬਿਖਿਆਤਾ॥੧੩॥ ਲਹਿ ਬਰਦਾਨ ਅਧਿਕ ਹਰਖਾਨੀ॥ ਪੁਲਕਾਨੀ ਪਤਿ ਪਗ ਲਪਟਾਨੀ॥ ਤਬ ਤੇ ਭਈ ਖਾਲਸਾ ਮਾਤਾ। ਮਾਨਤ ਸਿੰਘ ਰਹੇ ਸਭ ਭਾਂਤਾ॥

---

1. ਮੋਹ ਤੋ ਰਹਿਤ, 2. ਰਸਤੇ, 3. ਪੁਤਰੀ, 4. ਸ਼ਹਿਰਦਾਨਾਂ, 5. ਭਾਵਨਾ

Sri Satguru Jagjit Singh Ji eLibrary NamdhariElibrary@gmail.com

ਸਾਖੀ॥੧੦੦॥ਚੌ:॥ ਇਕ ਜਗਾ ਸਿੰਘ ਗੁਰਮੁਖ ਪਯਾਰਾ॥ ਆਯੋ ਸੇਵਾ ਮਾਹਿ ਬਿਚਾਰਾ॥ ਪਰਮ ਪ੍ਰੇਮ ਪਗ ਸੇਵ ਕਮਾਵੈ॥ ਮੁਖ ਜਪ ਜਾਪ ਸੁਖਮਨੀ ਗਾਵੈ॥੧॥ ਨਿਤ ਕੇ ਸੇਵਕ ਤਾਹਿ ਹਟਾਵੈ॥ ਸੇਵਾ ਕਰਨ ਨ ਦੇਹਿ ਦੁਖਾਵੈ॥ ਕਹਹਿ ਆਜ ਕੋ ਆਜਿਜ ਆਯੋ॥ ਲੈ ਹੈ ਸੇਵਾ ਫਲ ਭਲ ਭਾਯੋ॥੨॥ ਇਕ ਨਿਸ ਸ੍ਰੀ ਸਤਗੁਰ ਸੁਖਆਏ॥ ਟਹਲੀਆਨ ਦੂਰਬਾਕ ਅਲਾਏ॥ ਹਮਰੀ ਲੈਨ ਚਾਕਰੀ ਆਯੋ॥ ਕਪਟੀ ਦੰਭੀ ਦੰਭ ਕਮਾਯੋ॥੩॥ ਜਗਾ ਸਿੰਘ ਜ਼ੋਰ ਕਰ ਕਹੀ॥ ਯਹ ਸਭ ਦਯਾ ਆਪ ਕੀ ਲਹੀ॥ ਤੁਮ ਸਤਗੁਰ ਸੇਵਕ ਅਬਨਾਸੀ॥ ਹਮ ਸੇਵਕ ਕੇ ਸੇਵ ਕਰਾਸੀ॥੪॥ ਛਮਹੁ ਸਿੰਘ ਜੀ ਮਮ ਅਪਰਾਧਾ॥ ਕਰਹੁ ਨ ਕੋਪ ਕਿਰਪਾ ਰਸ ਬਾਧਾ॥ ਸੁਨ ਸਤਗੁਰ ਸਭ ਪ੍ਰਾਤ ਹਕਾਰੇ॥ ਬੈਠਾਰੇ ਨਿਜ ਸਭਾ ਮਝਾਰੇ॥੫॥ ਸਤਗੁਰੁ ਕਹੀ ਕਹੀ ਕਿਨ ਤੋਹੀ॥ ਤਿਨ ਤਬ ਕਹੀ ਦਯਾ ਪਗ ਤੋਹੀ॥ ਮੁਹਿ ਗਉਰ ਦਰਸਨ ਅਭਿਲਾਖਾ॥ ਬਚਨ ਕੁ ਬਚਨ ਮਾਨ ਨਹਿ ਰਾਖਾ॥੬॥ ਸਤਗੁਰੁ ਤਬ ਜਲ ਪਾਤ੍ਰ ਮੰਗਾਯੋ॥ ਇਕ ਪਾਬਰ ਟੁਕਰਾ ਅਨਵਾਯੋ॥ ਔਰ ਪਤਾਸੇ ਤਾ ਮਹਿਤਾਰੇ॥ ਬੰਤ ਜਾਮ ਇਕ ਕੇ ਫੇਰ ਉਘਾਰੇ॥੭॥ ਸਰਬ ਟਹਲਿਅਨ ਤਬਹਿ ਬੁਲਾਯੋ॥ ਕਹਯੋ ਲਖਹੁ ਚਰਿਤ ਗੁਰ ਗਾਯੋ॥ ਪਰਯੋ ਪਾਤਾਸੋ ਸੋ ਗਰ ਗਯੋ॥ ਪਾਥਰ ਕੋ ਪਾਥਰ ਰਹਿ ਗਯੋ॥੮॥ ਤੁਮ ਸਭ ਜਦਯਪਿ ਅਹੁ ਪੁਰਾਨੇ॥ ਬਿਨਾ ਪ੍ਰੇਮ ਇਕ ਰੰਗ ਨ ਮਾਨੇ॥ ਜਗਾ ਸਿੰਘ ਅਬਹਿ ਹੇ ਆਯੋ॥ ਪੈਜਲ ਮਿਲਿ ਇਕ ਰੰਗ ਸੁ ਭਾਯੋ॥੯॥ ਤਾ ਤੇ ਯਾਰੀ ਰੀਸ ਨ ਕਰੋ॥ ਸਨਮਾਨਹੁ ਸੁਭ ਬਚਨ ਉਚਰੋ॥ ਜੋਅ ਕਹਿ ਕਟੁ ਬਚਨ ਅਲੈਹੋ॥ ਤੋ ਤੁਮ ਯਾਕੋ ਭਲ ਫਲ ਪੈ ਹੋ॥੧੦॥ ਕਰਹੁ ਈਰਖਾ ਕਯੋ ਹੂੰ ਨਾਹੀ॥ ਜੋ ਚਾਹਹੁ ਤੁਮ ਨਿਜ ਭਲ ਯਾਹੀ॥ ਸੁਨ ਸਭ ਹੀ ਚਰਨਨ ਲਪਟਾਏ॥ ਸਤਯ ਬਚਨ ਅਪਰਾਧ ਛਮਾਏ॥੧੧॥ਦੋ:॥ ਸੇਵਕ ਕੀ ਇਮਿ ਰਾਖਹੀ ਸਤਿਗੁਰ ਸਾਚੇ ਲਾਜ॥ ਸਿੰਘ ਸੁਮੇਰ ਸਦੀਵਹੀ ਸਭ ਹਰ ਸੋਕ ਸਮਾਜ॥੧੨॥

ਸਾਖੀ॥੧੦੧॥ਚੌ: :॥ ਕਬਹੁਕ ਪੰਮੇ ਮਾਚੜ ਕਹੀ। ਮਹਾਰਾਜ ਬਿਨਤੀ ਮਮ ਅਹੀ॥ ਮੇਲਾ ਅਬ ਰੁਆਲ ਸਰ ਆਯੋ॥ ਨਰ ਨਾਰੀ ਨ ਕਰ ਤੀਰ ਭਰਾਯੋ॥੧॥ ਤੀਰਥ ਬੜੋ ਦਰਸ ਪ੍ਰਭ ਦੀਜੈ॥ ਪਾਵਨ ਪਦ ਧਰ ਪਾਵਨ ਕੀਜੈ॥ ਸਭ ਤੀਰਥ ਤੇ ਅਧਿਕ ਬਖਾਨੇ॥ ਸ੍ਰੁਤਿ ਪੁਰਾਨ ਸੁਚ ਸੰਤ ਸਯਾਨੇ॥੨॥ ਅਰ ਸਭ ਨ੍ਰਿਪ ਸਹਿਤ ਰਨਵਾਸਾ॥ ਤਹ ਐਹੋ ਹੇ ਕਰੁਣਾ ਰਾਸਾ॥ ਸੁਤਹ ਸਿਧ ਸਭ ਦਰਸਨ ਪੈ ਹੈਂ॥ ਦੁਰਮਤਿ ਦੂਰ ਹੋਇ ਆਪ[1] ਛੈਹੈਂ[2]॥੩॥ ਮੇਲ ਹੋਇ ਇਹ ਬਿਧਿ ਭਲ ਭਾਂਤੀ॥ ਕਰ ਦਰਸਨ ਹੈ ਸੀਤਲ ਛਾਤੀ ਬਿਨ ਦਰਸੇ ਦੂਰਹਿ ਤੇ ਸੁਨ ਸੁਨ॥ ਚੁਗਲਨ ਕੀ ਚੁਗਲੀ ਉਰ ਗੁਨ ਗੁਨ॥੪॥ ਬਧਤ ਬਿਰੋਧ ਗਯੋ ਗੁਰਰਾਈ॥ ਕੀਓ ਆਪਨੋ ਲਿਅ ਫਲ ਪਾਈ॥ ਤਾਤੇ ਤਿਨਹਿ ਉਧਾਰਨ ਕਾਜਾ॥

---

1. ਪਾਪ, 2. ਨਾਸ ਹੋਣਾ

Sri Satguru Jagjit Singh Ji eLibrary NamdhariElibrary@gmail.com

ਤੀਰਥ ਦਰਸੀਅ ਸ੍ਰੀ ਮਹਾਰਾਜਾ॥੫॥ਦੋ:॥ ਚਰਨਾਮ੍ਰਿਤ ਸਭ ਚਾਖਿਹੋ ਸਹਜੀ ਸੇਵਕ ਹੋਇ॥ ਬਿਨਯ ਬਿਪ੍ਰਕੀ ਮਾਨਿਏ ਮਹਾਰਾਜ ਅਖਹੋਇ॥੬॥ਚੌ॥ ਸਭ ਪਰਵਾਰ ਸੁ ਸਖਿਨ ਕਹੀ॥ ਚਲਿਐ ਮਹਾਰਾਜ ਭਲ ਅਹੀ॥ ਜਦਪਿ ਕਪਟ[1] ਗੁਰ ਤਾਕਰ ਜਾਨਹਿ॥ ਪੈਨ ਕਹਯੋ ਕਛੁ ਬਚਨ ਪ੍ਰਮਾਨਹਿ॥੭॥ ਮਦਨ ਸਿੰਘ ਇਕ ਰਹੋ ਚਮਾਰਾ॥ ਸਤਗੁਰੁ ਅਸ੍ਵ[2] ਕੇਰ ਘਸਿਆਰਾ॥[3] ਜੋ ਕਰਿਹੈ ਸੋ ਭਰਿਹੈ ਭਾਈ॥ ਗੁਰੁ ਕੋ ਕਹਾ ਬਿਗਰਿ ਕਛੁ ਜਾਈ॥੪॥ ਸੇਵਕ ਹੋਇ ਸੁ ਕਾਰਜ ਸਾਰੈ॥ ਦੁਸਮਨ ਦੂਤ ਮਰਹਿ ਮੁਖ ਕਾਰੈ[4]॥ ਸਿੰਘਨ ਕਹੀ ਮਦਨ ਸਿੰਘ ਟਾਰਾ॥ ਯਹ ਕਾ ਕਹਤ ਗੁਰੂ ਘਸਿਆਸਾ॥੯॥ਦੋ:॥ ਸ਼੍ਰੀ ਸਤਗੁਰੁ ਸਭ ਸਨ ਕਹੀ ਏਕ ਬਰਖ ਲਗ ਜਾਇ॥ ਗੁਰੂ ਅਸ੍ਵ ਕਿ ਗਾਇਕੋ ਜੋ ਸੇਵੇ ਸਿਧਿ ਪਾਇ॥੧੦॥ਚੌ:॥ ਇਨ ਕਰ ਸੇਵਕ ਸਿਧਿ ਸਭ ਪਾਈ॥ ਤਾਂਤੇ ਸਭ ਸਮਝੀ ਚਤੁਰਾਈ॥ ਸੇਵਾ ਕਰ ਘੋਰਨ ਕੀ ਨੀਕੇ॥ ਮਤ ਡਰ ਸਰਬ ਮਨੋਰਥ ਠੀਕੇ॥੧੧॥ ਅਬ ਯਹ ਸਮਯੋ ਮੋਨ ਕੋ ਜਾਨੀ॥ ਯਾਕੋ ਫਲ ਆਗੇ ਮਨਮਾਨੀ॥ ਸਤਗੁਰੁ ਸਭ ਤਯਾਰੀ ਕਰਵਾਈ॥ ਮਾਤਾ ਮਹਲਨ ਟਹਲਿਨਿ ਭਾਈ॥੧੨॥ ਸੁ ਸੁਤ ਸਿੰਘ ਸਭ ਸਰੇ ਮੁਸਦੀ॥ ਕਉ ਕੁਉ ਰਹੇ ਨਗਰ ਕੀ ਤਦੀ॥ ਪਹੁਚੇ ਜਾਇ ਰੁਆਲ ਸਰੋਵਰ॥ ਤਰਤਸੁ ਗਿਰਿ ਜਹ ਪੁਹਪਸਰਿ ਸਬਰ॥੧੩॥ ਤਯੋ ਹੀ ਸਭ ਗਿਰੀ ਸਹੂੰ ਆਏ॥ ਅਗਿਨ ਸੈਨਾ ਸੰਗ ਹਰਖਾਏ॥ ਚਲਿਆਲੀ ਬਘਿਆਲਮ ਦੂਣੀ॥ ਸ੍ਰੀ ਨਗਰੀ ਏ ਕਾਮ ਗਢੂਨੀ॥੧੪॥ ਹੰਢੂਰੀ ਕਹਲੂਰੀ ਆਏ॥ ਤਯੋ ਕਟੋਚੀਏ ਅਤਿ ਰਸ ਸਾਏ॥ ਬਿਸੈਰੀ ਮੰਡੈਲ ਤੀਆਦਿ॥ ਆਏ ਨ੍ਰਿਪ ਬਰ ਤੀਰਥ ਸਾਦੀ॥੧੫॥ ਕਰ ਬਿਸਨਾਨ ਦਾਨਦਿਜ ਦੀਨੋ॥ ਸਭ ਤੇ ਅਧਿਕ ਸੁ ਜਸ ਗੁਰ ਲੀਨੋ॥ ਲ੍ਰਿਪ ਗਨ ਹੂੰ ਦੀਨੋ ਬਹੁ ਦਾਨਾ॥ ਪੁਨ ਗੁਰ ਦਰਸਨ ਉਰ ਅਨੁਮਾਨਾ॥੧੬॥ ਲਾਗੀ ਸਭਾ ਅਖੰਡ ਅਪਾਰਾ॥ ਠਾਢੇ ਸਿੰਘ ਸੂਰ ਸਰਦਾਰਾ॥ ਪਲਗ ਪਿਸ੍ਵ ਠਾਢੈ ਬਰਬੀਰਾ॥ ਉਦੈ ਸਿੰਘ ਅਧਿਕ ਕਰਨ ਧੀਰਾ॥੧੭॥ ਚਾਰਹੁ ਤਾਤ ਸੋਹਗੁਰ ਆਗੇ॥ ਨਿਰਖਤਿ ਸੁ ਛਲਿ ਮਦਨ ਦੁਰਭਾਗੇ॥ ਦਯਾ ਸਿੰਘ ਆਗੇ ਸਭ ਆਈ॥ ਬੈਠਾ ਰਹਿ ਸੁ ਉਚਿਤ ਥਲ ਲਯਾਈ॥੧੮॥ ਪਲੰਗ ਸਮੀਪ ਸੁ ਰਾਮ ਕੁਮਾਰਾ॥[5] ਨੰਦ ਲਾਲ ਦੁਉ ਬੈਠ ਬਿਚਾਰਾ॥ ਬਾਵਨ[6] ਕਬਿ[7] ਲਬ ਫਰਸ ਸੁ ਬੈਠੇ॥ ਕਉ ਨਾਂਢੇ ਪਢਿ ਉਸਤਤਿ ਪੈਠੇ॥੧੯॥ ਬੜੀ ਦੂਰ ਲਗ ਫਰਸ ਸੁਹਾਯੋ॥ ਸੇਤ ਬਰਨ ਪਯਫੇਨ ਲਜਾਯੋ॥ ਛਤ੍ਰ ਲਿਏ ਨਾਂਚੋ ਬਚਿਤ੍ਰ ਹਰ॥ ਆਲਮ ਸਿੰਘ ਚਮਰ[8] ਕਰ ਕਰ ਬਰ॥੨੦॥ ਮਾਨ ਸਿੰਘ ਕਰ ਲੀਏ ਨਿਸਾਨਾ॥ ਸੁਰਮਈ ਰੰਗ ਅਧਿਕ ਸੁਖ ਸਾਨਾ॥ ਇੰਦ੍ਰ ਬਰੁਨ ਕੁਬੇਰਹਿ ਹਰ ਕੀ॥ ਸਭਾ ਲਜਾਨ ਨਿਰਖਿ ਗੁਰ ਬਰ ਕੀ॥੨੧॥ ਪੰਮਾ ਪਰਮਾਨੰਦ ਬਿਕਾਰੀ॥ ਦਰਸਾਵਤ ਸਭ ਨ੍ਰਿਪ ਅਘਾਰੀ॥ ਸਾਹਿਬ ਚੰਦ ਧਰਮ ਚੰਦ ਦੋਉ॥ ਰਾਖਤ ਧਨ ਅਨਗਨ ਗਿਨ

---

1. ਧੋਖਾ, 2. ਘੋੜਾ, 3. ਘਾਹੀ, 4. ਕਾਲੇ, 5. ਰਾਮ ਕੁਇਰ, 6. ਬਾਵੰਜਾ, 7. ਕਵੀ, 8. ਚਵਰ

Sri Satguru Jagjit Singh Ji eLibrary NamdhariElibrary@gmail.com

ਸੋਊ॥੨੨॥ ਸਿਰੇਪਾਉ ਸੁ ਉਚਿਤ ਪਹਿਚਾਨ॥ ਦੰਤ ਪੂੰਛ ਨੰਦ ਲਾਲ ਅਮਾਨੀ॥ ਸਭ ਰਾਜੇ ਪਦ ਪਰ ਸਿਰ ਧਾਰਹਿ॥ ਧਨਯ ਧਨਯਨਿਜ ਮੁਖਹੁ ਉਚਾਰਹਿ॥੨੩॥ ਸਤਗੁਰੁ ਦਰਸ ਣਗੌਰੀ[1] ਡਾਰੀ॥ ਮੋਹਿਤ ਭਈ ਸਕਲ ਨਰ ਨਾਰੀ॥ ਰਾਮ ਕਿਸਨ[2] ਸਮਲਖ ਉਰਮਾਹੀ॥ ਨਿੰਦਹਿ ਨਿਜ ਨਿਜ ਕਰਮ ਗੁਨਾਂਹੀ॥੨੪॥ ਅਘਨ[3] ਛਮਾਵਹਿ ਨੈਨ ਲਜਾਵਹਿ॥ ਭਰ ਭਰ ਧਾਰਨ ਭੇਟ ਚਢਾਵਹਿ॥ ਰਾਗੀ ਕਰਹਿ ਸਬਦ ਸੁਰ ਜੰਗਾ॥ ਕਵਿ ਗਨ ਪਢਤ ਕਬਿਤੋ ਪ੍ਰਸੰਗਾ॥੨੫॥ ਸਤਗੁਰੁ ਉਤਰ ਪ੍ਰਸ ਸੁਨਾਵਹਿ॥ ਜੋ ਜਿਹ ਰੁਚਿ ਤਿਹਿ ਤਥਾ ਬਤਾਵਹਿ॥ ਬੈਰ ਪ੍ਰੀਤ ਸਮਸਰ ਗੁਰ ਘਰ ਮੈ॥ ਸਭ ਫਲਦਾਇਕ ਦਾਤਾ ਪਰ ਮੈ॥੨੬॥ਦੋ:॥ ਆਸਿਖ ਲੈਸੁ ਪ੍ਰਨਾਮ ਕੈ ਮੋਹਿਤ ਹੈ ਨਰ ਰਾਜ॥ ਨਿਜ ਨਿਜ ਆਸ਼ਮ ਕ ਗਏ ਹਰਖਿਤ ਉਸਤਿ ਸਾਜ॥੨੭॥ਚੌ:॥ ਬਰਨਤ ਸੀਲ ਸੁਭਾਵ ਬਿਭਾਤੀ॥ ਕੋਟਿ ਸੂਰ ਸਮ ਪ੍ਰਫੁਲਿ ਕਾਤੀ॥ ਬਿਹਸਤਬਦਨ ਨੈਨ ਰਤਨਾਰੇ॥ ਕਲਗੀ ਸੀ ਛਜਤਿ ਛਬਿ ਧਾਰੇ॥੨੮॥ ਕੇਹਰ ਠਵਨ ਕੰਧ ਬ੍ਰਿਖਰਾਜਾ॥ ਹਾਰੇ ਸਭ ਉਪਮਾਨ ਅਕਾਜਾ॥ ਨ੍ਰਿਪ[4] ਚੰਬਯਾਲ[5] ਕੇ ਇਕ ਰਹੀ ਕਨਯਾ[6]॥ ਮਨਹੁ ਕਾਮਤਿਆ ਰੂਪ ਅਨਨਯਾ॥੨੯॥ ਕਿਸੋ ਨਾਗਿਨੀ ਜੁਛਿਨ ਐਸੀ॥ ਕੰਦੇਵਨੀ ਨਹਿ ਸਮ ਤੈਸੀ॥ ਬਿਦਯਾਵਾਨ ਕਾਬਯ ਬਹੁ ਪਢੀ॥ ਗੁਰੁ ਕਵਿਤਾ ਬਹੁ ਸੁਨਮਨ ਚਢੀ॥੩੦॥ ਸਰਲ ਕਬਿੱਤ ਲਖਤਿ ਹਮ ਨ ਆਈ॥ ਗੁਰ ਰਸ ਭਰੀ ਕਬਿਤ ਬਨਾਈ॥ ਨਹਿ ਕੁਊ ਚਿਤ੍ ਕਠਿਨਤਾ ਰਾਖੀ॥ ਸੁਨ ਸਤਗੁਰ ਆਗਮਨ ਸਾਖੀ॥੩੧॥ ਪਿਤਸਨ ਪੂੰਛਿ ਪਤ੍ਰਿਕਾ ਭੇਜੀ॥ ਕਰ ਬਹੁ ਉਪਮਾ ਕਬਿਤੋ ਸੁਏ ਜੀ॥ ਸਾਰਾ ਪੰਨਾ ਦੂਜਾ ਗੋਨਾ॥ ਨਰ ਨਾਰੀ ਥੇ ਦੋਨੋ ਭਉ ਨਾ॥੩੨॥ ਕਛੁ ਖਾਧਾ ਕਛੁ ਲੈ ਕੇ ਸਉਨਾ॥ ਉਤਰ ਦੇਹੁ ਗੁਰੂ ਜੀ ਕਉਨਾ॥ ਸਤਗੁਰ ਪਢਤਿਹ ਉਤਰ ਦੀਨਾ॥ ਤਾਹੀ ਸਮਯਨ ਸੋਚਨ ਗੀਨਾ॥੩੩॥ਦੋ:॥ ਜਾਨਹੁ ਸਾਗਦੇਵ ਦੇਹ ਪੋਨਾ ਮਾਨਸ ਦੇਹ॥ ਦੁਬਿਧਾ[7] ਦੂਜੀ ਦੂਰ ਕਰ ਨਰ ਨਾਰੀ ਮਿਲਖੇਹ॥੩੪॥ ਉਭੈ ਲੋਕ ਜਮਾਤ ਫਿਰਤ ਕਛੁ ਖਾਇ ਨ ਖਰਚਯੋ ਮਾਲ॥ ਪ੍ਰਲੈਕਾਲ ਮਹਿ ਸੂਤਿਹੈ ਸਤ ਉਤਰ ਯਾਬਾਲ॥੩੫॥ਚੌ:॥ ਸੁਨ ਸਮਝ ਸਭ ਮਨ ਪ੍ਰਭੂਤਾਈ॥ ਪਿਤ ਆਇਸ ਲੈ ਮਿਲਬੇ ਆਈ॥ ਚਰਨ ਸਮੀਪ ਸੀਸ ਧਰ ਰਹੀ॥ ਪ੍ਰਭੂ ਕਮਾਨਸਨ ਥਾਪੀ ਸਹੀ॥੩੬॥ ਤਬ ਤਿਨ ਕਹੀ ਕਿ ਜਗ ਗੁਰਰਾਈ॥ ਕਿਹਿ ਕਾਰਨ ਕਰਨ ਛੁਹਾਈ॥ ਕਹੀ ਕ੍ਰਿਪਾਨਿਧਿ ਸੁਨ ਤੂੰ ਕਨਯ॥ ਬੇਗ ਮਰਹੀਸੁ ਅਵਰੰਗ ਅਨਯਾ॥੩੭॥ ਕਬਹੂ ਮਥੁਰਾ ਆਇ ਨਹਾਈ॥ ਸ੍ਰੀ ਬਿਸਰਾਂਤ ਘਾਟ ਹਰ ਖਾਈ॥ ਤਾਤੇ ਪੁਨ ਕੁਲ ਛਤ੍ਰਿਨ ਜਨਮੀ॥ ਅਬ ਸੁਨ ਆਪਨ ਜਨਮ ਸੁ ਮਰਮੀ॥੩੮॥ ਅਬ ਮਾਲਵੇ ਜਾਟ ਘਰ ਜੈਹੈਂ॥ ਛਲੇ ਸੰਗ ਬਯਾਹ ਤਵ ਹੰ ਹੈ॥ ਤਬ ਤੂੰ

---

1. ਮਾਇਆ, 2. ਰਾਮ ਕ੍ਰਿਸ਼ਨ ਦੇ ਸਮਾਨ, 3. ਪਾਪ, 4. ਰਾਜੇ, 5. ਚੰਬੇ ਦੇ, 6. ਇਕ ਪੁਤਰੀ, 7. ਦੁਚਿੱਤੀ

Sri Satguru Jagjit Singh Ji eLibrary NamdhariElibrary@gmail.com

ਹਮਰੀ ਸੇਵਕ ਮੈਹੈਂ॥ ਸਭ ਭਵ ਬੰਧਨ ਤੇ ਛੂਟ ਜੈਹੈਂ॥੩੯॥ਦੋ:॥ ਪਰਬਕਾਲ ਇਸਨਾਨ ਫਲ ਜਨਮੀ ਛਤ੍ਰਿਨ ਧਾਮ॥ ਸਤ੍ਰੁਤੀਅ ਲਖਨਹਿ ਛੁਹਯੋ ਸੁਨ ਕਨਯਾ ਸੁਖ ਧਮ॥੪੦॥ ਮਮ ਦਰਸਨ ਫਲ ਜਾਇ ਅਬ ਜਨਮ ਦਮਦਮੇ ਮਾਹਿ॥ ਗਈ ਗੇਹ ਸਿਰਨਾਇ ਪਦ ਰਹੀ ਸੁ ਜਪਤ ਪਮਾਹਿ॥੪੧॥ਚੌ:॥ ਕਛੁ ਕ ਕਾਲ ਮਹਿ ਨਿਜ ਤਨ ਤਯਾਗਾ॥ ਜਨਮੀ ਜਾਇਜਾਟ ਕੁਲ ਮਾਗਾ॥ ਭਲ ਸਿੰਘ ਕੀ ਨਾਰੀ ਸੋਭਾਈ॥ ਸਤਗੁਰੁ ਸੇਵ ਪਰਮ ਪਦ ਲਈ॥੪੨॥ ਅਪਰਸਰ ਬਰ ਨਵ ਸਹੁਆਯੋ॥ ਪਗ ਪਰਸਤ ਪਰਮਾਨੰਦ ਪਾਯੋ॥ ਮਾਤਨ ਸਨ ਮਿਲਿ ਲੈ ਕਰ ਭੇਟਾ॥ ਸਿਰੇਪਾਉ ਲਹਿ ਸਭ ਦੁਖ ਮੇਟਾ॥੪੩॥ ਪੁਨ ਪੁਨ ਮਿਲਿ ਸਭ ਰਾਜੇ ਗਏ॥ ਸੁਨ ਗੁਰ ਬਚਨ ਅਨੰਦਿਤ ਭਏ॥ ਜਿਨ ਕੇ ਮਨ ਬਿਰੋਧ ਤੇ ਦੁਖੀ॥ ਜੇ ਅ ਬਿਰੋਧ ਭਏ ਤੇ ਸੁਖੀ॥੪੪॥

ਸਾਖੀ॥੧੦੨॥ਚੌ:॥ ਕਬਹੁ ਮਾਲਵੀ ਗਿਰ ਗੁਰ ਗਏ॥ ਪੰਜ ਸਿੰਘ ਨਿਜ ਸੰਗਹਿ ਲਏ॥ ਤਹ ਇਕ ਕੋਤਕ ਭਯੋ ਅਪਾਰਾ॥ ਸੁਨਹੁ ਸਰਬ ਸ੍ਰੋਤਾ ਸੁਖਾਰਾ॥੧॥ ਮਿਲੋਯ ਆਨਤਹਿ ਏਕ ਰੀਧੀਲਾ॥ ਪਗ ਪਰਸ਼ਯੋ ਭਰਮੋ ਦਰਸੀਲਾ॥ ਤੂੰ ਕੋ ਪ੍ਰਭ ਪੂਛੀ ਸੁ ਬਤਾਯੋ॥ ਰੇਵਾ ਸੁਤ[1] ਰਿਵਾਲ ਮੈ ਆਯੋ॥੨॥ ਮਮ ਅਸਥਾਨ ਆਇ ਗੁਰ ਰਾਈ॥ ਦੀਨੀ ਮੋਕਹਿ ਅਧਿਕ ਬੜਾਈ॥ ਅਬ ਗੁਰਬਰ ਮਮ ਸੁਨਿਅ ਕਹਾਨੀ॥ ਕਹੀ ਮੋਹਿ ਮਮ ਮਾਤਾ ਸਯਾਨੀ॥੩॥ ਤਬ ਮੈਂ ਉਤਰ ਖੰਡ ਮਝਾਰੀ॥ ਕਰਯੋ ਤੀਨ ਜੁਗਤਪ ਅਬਿਕਾਰੀ॥ ਭਯੋ ਜਿਤੇ ਦ੍ਰਿਅ ਧਯਾਨ ਲਗਾਈ॥ ਆਏ ਤਬ ਬ੍ਰਹਮਾ ਅਕੁਲਾਈ॥੪॥ ਮੈ ਅਤਿ ਕਰ ਉਪਮਾ ਸਰਿ ਝਾਯੋ॥ ਮਾਗੁ ਮਾਗੁ ਬਿਧਿ ਮੁਖਹੁ ਅਲਾਯੋ॥ ਮੈਂ ਤਬ ਕਹੀ ਰਾਜਸੀ ਪਾਊ॥ ਬਹੁਤ ਜੁਗਨ ਲਗ ਰਾਜ ਕਮਾਊਂ॥੫॥ ਏਵ ਮਸਸੁਤ ਨਾਗ ਸਿਆਨੇ॥ ਕਰ ਬਹੁ ਜੁਗਨ ਰਾਜਯ ਮੁਦ ਮਾਨੇ॥ ਮਹਾਰਾਜ ਤਬ ਪੁਰਮੈ ਕੀਨੋ॥ ਮੰਡਿਹਿ ਬਿਸੁ ਕਰ ਮਾਰ ਰਚਿ ਦੀਨੋ॥੬॥ ਤਿਰਸਨ[2] ਜੁਗ ਮੈ ਰਾਜ ਕਮਾਯੋ॥ ਇੰਦ੍ਰ ਲੋਕ ਸਮ ਸੁੱਖ ਸਰਸਾਯੋ॥ ਕੋਪਯੋ ਜਛ ਰਾਜ ਇਕ ਬਾਰੀ॥ ਲੀਨ ਛੀਨ ਧਨ ਧਾਮ ਅਧਾਰੀ॥੭॥ ਕਰ ਸੰਗ੍ਰਾਮ ਤਬੈ ਤਨ ਤਯਾਗੋ॥ ਧਰ ਬਿਯਬਪੁ ਪੁਨ ਤਪ ਅਨੁਰਾਗਯੋ॥ ਮਮਤਪ ਭੂਮਿ ਬ੍ਰਹਮ ਬਦੀਨਾ॥ ਉਪਲ ਕਮਲ ਸਮ ਤਰਹਿ ਸੁਚੀਨਾ॥੮॥ ਤੀਰਥ ਭਯੋ ਬ੍ਰਹਮ ਬਰ ਸੋਈ॥ ਜਛਨ ਸੰਗ ਬੈਰ ਮਮ ਹੋਈ। ਜਸ ਸ੍ਰੀ ਕਲ ਕੀਤਲ ਹਰਿ ਧਰਿਹੈਂ॥ ਤਬ ਮੋਕੇ ਨਿਜ ਸੰਗ ਅਨੁਸਰਿ ਹੈ॥੯॥ ਤਬਲੌ ਕਰਹੁ ਬੈਨਤ ਤਪ ਗੁਰੁ ਬਰ॥ ਤੁਮਹੂੰ ਹੋ ਅਵਤਾਰਨੁ ਨਰਹਰਿ॥ ਜਛਨ ਕਹਿ ਸਮਝਾਇ ਬੁਝਾਈ॥ ਮਮ ਸਹਾਂਇਤਾ ਕਰਿ ਗੁਰਰਾਈ॥੧੦॥ ਯਹ ਤੇ ਗਉਰ ਸਰਨੀ ਆਯੋ। ਸੁਨ ਪ੍ਰਭਧਨ ਟੰਕੋਰ ਚਢਾਯੋ॥ ਧਨੁ ਧੁਨਿ ਸੁਨਿ ਸਭ ਗਿਰ ਬਰਰਾਨੈ॥ ਪ੍ਰਲੈ ਕਾਲ ਇਵ ਰਵ ਪ੍ਰਗਟਾਨੇ॥੧੧॥ ਭੀਭੂੰ ਕੰਪ ਕੰਪ ਸਭ ਛਾਈ॥ ਆਯੋ ਏਕ ਜਛਤ

---

1. ਪੱਤਰ. 2. ਤੇਹਟ

Sri Satguru Jagjit Singh Ji eLibrary NamdhariElibrary@gmail.com

ਬਧਾਈ॥ ਜਟਾਂ ਸਮਾਨ ਰੋਮ ਤਨ ਧਾਰੇ॥ ਓਢੇ ਮ੍ਰਿਗਕਰ ਚਰਮ ਸਵਾਰੇ॥੧੨॥ ਮਾਥ ਨਿਵਾਇ ਕਹਨ ਅਸ ਲਾਗਾ॥ ਕੀਨ ਕੁਸਮਯ ਆਪ ਅਨੁਰਾਗਾ॥ ਜਬ ਤਵ ਪੰਥ ਖਾਲਸਾ ਭਾਰਾ॥ ਫੈਲੋਗੋ ਸਭ ਧਰਨ ਮਝਾਰਾ॥੧੩॥ ਤਬ ਤੁਮ ਪ੍ਰਭ ਇਤ ਆਵਨ ਕਰੀਓ॥ ਜਛਨ ਕੇ ਗ੍ਰਿਹਿ ਡੇਰਾ ਧਰੀਓ॥ ਸਰਦਧਾਰ ਜਛ ਮੇਰੋ ਨਾਮਾ॥ ਹੈ ਕੁਬੇਰ ਕੇ ਹਮ ਸਭ ਸਾਮਾ॥੧੪॥ ਜਾਗਨ ਸੰਗ ਬੈਰ ਨਿਤ ਹਮਰਾ॥ ਜੁਗਹ ਜੁਗੰਤਰ ਕੋ ਯਹ ਰਗਰਾ॥[1] ਕਬਹੁ ਹਮ ਪ੍ਰਬਲ ਕਬਹੁ ਕਿ ਨਾਗਾ॥ ਕਹਤ ਪੁਰਾਨ ਅਨੇਕ ਬਿਭਾਗਾ॥੧੫॥ ਪਛ ਪਾਤ ਪ੍ਰਭ ਕਰਹੁ ਨ ਕਾਹੂ॥ ਦੀਨ ਬੰਧ ਤਾਸ ਸਰਲ ਸੁਧਾਹੂ॥ ਸਤਗੁਰੁ ਘਰ ਸਭ ਕਰਹੈਂ ਸਾਂਝਾ॥ ਨਹਿ ਮਮਤ ਕਾਹੂ ਕੇ ਮਾਂਝਾ॥੧੬॥ ਜਬ ਪ੍ਰਭ ਹਮਰੇ ਡੇਰਨ ਐ ਹੈਂ॥ ਦਸ ਹਜਾਰ ਜਛਨ ਦਲ ਦੈਹੈਂ॥ ਮਿਲ ਤਵ ਪੰਥ ਰੂਪ ਤੇ ਜਛਾ॥ ਹਰਿ ਹੈ ਅਰਿ ਕਰ ਸਿਰ ਪ੍ਰਤਿ ਪਛਾ॥੧੭॥ ਕਾਰਜ ਸਰਬ ਸੁਧਾਰਨ ਕੇ ਹੈਂ॥ ਸਿਖੀ ਸਤਨਾਮ ਕੀ ਲੈ ਹੈ॥ ਜਾਨਤ ਹੌਂ ਭਵਿਖਯ ਬਿਰਤੰਤਾ। ਕਹਹੁ ਕਹਾ ਮੈ ਸ੍ਰੀ ਪਤਿ ਸੰਤਾ॥੧੮॥ ਹੈ ਗਉਰ ਮੁਹਿ ਬੜਾ ਭਰੋਸਾ॥ ਕਰਹੁ ਨਾ ਕੋਪ ਨਾਗ ਅਫਸੋਸਾ॥ ਸਤਗੁਰ ਕਹੀ ਤੁਰਕ ਬਰਿਆਰਾ॥ ਹੈ ਅਬ ਇਹਿ ਐਸਰ ਸਰਦਾਰਾ॥੧੯॥ ਏਕ ਬਾਨਸਨ ਮਾਰ ਸਕਤ ਹੋ॥ ਨਾਰ ਨਾਟਕ ਕਲਿ ਕਾਲ[2] ਤਕਤ ਹੌਂ॥ ਨਰ ਲੀਲਾ ਮਰਜਾਦਾ ਜੈਸੀ॥ ਨਾਹਿ ਬਿਗਾਹਿਨ ਚਾਹਿਐ ਤੈਸੀ॥੨੦॥ ਜੋ ਨਟ ਰਾਜ ਰੂਪ ਧਰ ਆਵੈ॥ ਤਬ ਲਗ ਤੈਸੋ ਕਰਮ ਕਮਾਵੈ॥ ਤਾਂਤੇ ਸਰਜ ਸਹਜ ਸਭ ਹੋਈ॥ ਸਭ ਦੁਸ੍ਮਨ ਮਰਹੌਂ ਭੈ ਖੋਈ॥੨੧॥ਦੋ:॥ ਬੋਲਯੋ ਨਾਗ ਰਵਾਲ ਤਬ ਰੇਵਾ ਸੁਤ ਬਲਵਾਨਾ॥ ਹੋ ਹੂੰ ਸ੍ਰੀ ਪ੍ਰਭੁ ਪੰਥ ਮੈਂ ਐਹੌ ਕ੍ਰਿਪਾ ਨਿਧਾਨਾ॥੨੨॥ਚੌ: :॥ ਏਕ ਕੋਟ ਸੈਨਾ ਲੈ ਐਹੌ॥ ਭੁਜੰਗੀਨ ਕੀ ਸੰਗਯਾਲੈ ਹੌਂ॥ ਲਰਹੁ ਬੈਰਿਅਨ ਸਨ ਭਲ ਭਾਂਤੀ॥ ਜੀਤਹੁ ਗ੍ਰੰਧਭ ਦੇਸਅ ਰਾਤੀ॥੨੩॥ ਮਮ ਸੈਨਾਂ ਡਰਾਵਨੀ ਹੈ ਹੈ॥ ਸੁਨਹੁ ਤਾਤ ਤੁਰਕਨ ਖੈਕੈ ਹੈਂ॥ ਜਬ ਨਿੰਨਾਂਬੇ ਸੰਮਤ ਆਈ॥ ਭੁਜੰਗਨਿਕੀ ਬਜਹਿ ਬਧਾਈ॥੨੪॥ਦੋ:॥ ਜੋਕਪੀਸ ਗੰਧਰਬ ਕੀ ਹੈ ਸੰਤਾਨ ਮਹਾਨ॥ ਬਲ ਮਲੇਛ ਧਰ ਦਾਬਿ ਹੈਂ ਹਤਹੌ ਤਹਿ ਨਿਦਾਨ॥੨੫॥ਚੌ:॥ ਪੰਥ ਖਾਲਸਾ ਸੁਜ ਬਢੈ ਹੌਂ॥ ਮੈਹੁ ਭੁਜੰਗੀ ਸਿੰਘ ਕਹੈ ਹੌਂ॥ ਬਰਖ ਪਚਾਸ ਸੁ ਤੇਜ ਪ੍ਰਕਾਸਾ॥ ਮਮ ਨਾਰੀ ਮਦਨਾ ਅਘਨਾਸਾ॥੨੬॥ ਹੈ ਹੈ ਪੂਤ ਬਲੀ[3] ਦ੍ਵੈ[4] ਮੇਰੇ॥ ਕਰਹੈ ਕਾਰਜ ਬੜੇ ਬਡੇਰੇ॥ ਜਬ ਹੈ ਹੈ ਬਲਵਾਨ ਜੁਵਾ ਤਨ॥ ਕਰਿਹੈ ਰਾਜ ਸਾਜ ਸਤ੍ਰੂਨਹਨ॥੨੭॥ ਤਬ ਤਨ ਤਜ ਮੈ ਮੁਨ ਇਤ ਐਕੋ॥ ਨਾਗਨ ਅਧਗ ਬਿਹਰਨ ਕੈ ਹੌਂ॥ ਪਾਛੇ ਘਨੇ ਜੰਗ ਘਮਸਾਨਾ॥ ਹੰ ਹੈ ਪ੍ਰਜਾ ਦੁਖਿਤ ਅਕੁਲਾਨਾ॥੨੮॥ਦੋ:॥ ਜੀਤ ਜੰਗ ਇਕ ਪੁਤ੍ ਮਮ ਕਰੀ ਕਾਂਗੜੇ ਰਾਜ॥ ਦਿਲੀ ਪੂਰਬ ਪ੍ਰਾਗਲੋਂ ਏਕ ਛਤ੍ ਮਹਾਰਾਜ॥੨੯॥ਚੌ:॥ ਸਤ ਦ੍ਰਵ, ਰਾਵੀ, ਬਯਾਸ, ਝਨਾਊ॥

---

1. ਝਗੜਾ, 2. ਕਲਯੁੱਗ, 3. ਬਹਾਦਰ, 4. ਦੋ

Sri Satguru Jagjit Singh Ji eLibrary NamdhariElibrary@gmail.com

ਜਿਹਲਮ ਸਿੰਧ ਸੁ ਦੇਸ ਪ੍ਰਭਾਉ।। ਦੂਸਰ ਪੂਤ ਰਾਜ ਮਹਾਰਾਜਾ।। ਕਾਸਮੀਰ ਕੇ ਤਖਤ ਬਿਰਾਜਾ।।੩੦।। ਕਾਬੁਲਾਦਿ ਪਸਿਮ ਕੇ ਸਗਰ।। ਕਰਿਹੈ ਰਾਜ ਤੇਜ ਬੜ ਨਾਗਰ।। ਬਰਣ ਆਲਮੀ ਸਤ ਕਹਿ ਲੈ ਹੈਂ।। ਮੰਗਯਾ ਸਿੰਘ ਭੁਜੰਗੀ ਹੈ ਹੈਂ।।੩੧।। ਸਭ ਗਉਰ ਪਦ ਚਰ ਅਘਨਾਸੀ।। ਰਹਿਹੈਂ ਆਇਸ ਗੁਰੁ ਅਬਿਨਾਸੀ।। ਮਹਾਰਾਜ ਤੁਮ ਪੰਥ ਪ੍ਰਕਾਸਾ।। ਪੂਰਨ ਕਰੀ ਸੇਵਕਨ ਆਸਾ।।੩੨।। ਬੇਦਨਮਾਤ ਗਾਇਤ੍ਰੀ ਰਿਸੀ।। ਤਾਂਤੇ ਆਪਤ ਪਰਿਹੈਂ ਇਸੀ।। ਏਕ ਬਰਖਲਸ ਕਸ ਮਹਾਨਾ।। ਸਾਪ ਸਵਿਤ੍ਰੀ ਕਰ ਗੁਰ ਜਾਨਾ।।੩੩।। ਪਾਹੁਲ ਦਈ ਮਾਨ ਨਹਿ ਰਾਖਾ।। ਨਿਜ ਅਪਮਾਨ ਸਾਪ ਤਿਨ ਭਾਖਾ।। ਸਮਯ ਸਮਯ ਪਰਹੋਂ ਹੂੰ ਆਈ।। ਕਰਹੁ ਸਹਾਇ ਦੀਨ ਦੁਖਦਾਈ।।੩੪।। ਰਾਉਰ ਮਹਿਮਾ ਅਗਮ ਅਪਾਰਾ।। ਕਿਮਿ ਜਾਨਹਿ ਜਢ[1] ਜੀਵ ਮੁਰਾਰਾ।। ਸਰਦਧਾਰ ਤਬ ਜਛ ਅਲਾਈ।। ਕਹੀ ਕੁਬੇਰ ਸੁ ਮੈ ਸਭ ਗਾਈ।।੩੫।। ਅਬ ਕੁਬੇਰ ਕਹਿ ਪ੍ਰਭ ਕਛੁ ਕਹੈ।। ਤੋ ਤਿਹ ਕਹਹਿ ਜਾਇ ਸੁਖ ਲਹੈਂ।। ਹਰੁ ਸਭ ਗਉਰਰ ਆਇਸ ਮਾਹੀ।। ਮਹਾਰਾਜ ਸੁਨੀਐ ਸਕ ਨਾਹੀ।।੩੬।। ਸਤਗੁਰ ਕਹੀ ਜਛ ਰਾਜਾ ਸੋਂ।। ਹਮਰੀ ਕਹੁ ਅਸੀਸ ਸਜਾਸੋਂ।। ਪ੍ਰਿਥਮ ਅਨੰਦਪੁਰ ਜੰਗ ਕਰਹਿਗੋਂ।। ਪੁਨ ਚਮਕੋਰਹਿ ਅਧਿਕ ਲਰੈਂਗੇ।।੩੭।। ਮੁਕਤ ਸਰੋਵਰ ਜੰਗ ਆਪਾਰਾ।। ਮਾਰਹਿਗੇ ਤੁਰਕਨ ਸਰਦਾਰਾ।। ਆਰਜ[2] ਧਰਮ ਉਬਾਰਨ ਕੈਂ ਹੈਂ।। ਮਾਰਿ ਮਲੇਛਨ ਧੂਰੀ ਮਿਲ ਹੈਂ।।੩੮।।ਦੋ:।। ਸਹਨ ਸਾਹ ਨਵਰੰਗ ਕੋ ਕਰ ਕਰਹਮ ਬਦਰੰਗ।। ਮਾਰਹਿਗੇ ਪਠ ਪਤ੍ਰ ਲਿਖ ਲਖ ਬਾਬਰ ਬਚ ਬਯੰਗ।।੩੯।।ਚੌ:।। ਤੁਰਕਨ ਸੰਗ ਬਿਰੋਧ ਕਰ ਹਾਰਾ।। ਪੰਥਹਿ ਪਾਇ ਬੜੋ ਗਰ ਝਗਰਾ।। ਪੁਨ ਹਮ ਦਖਨ ਦੇਸ ਸਿਧੈ ਹੈਂ।। ਨੰਦੀ[3] ਤਟ ਤਨ ਤਯਾਗਨ ਕੈ ਹੈਂ।।੪੦।। ਤੁਮਨੂੰ ਤਜਹੁ ਬਿਰੋਧ ਬਿਚਾਹੀ।। ਨਾਗਨ ਸਨ ਕਰਹੁ ਹਿਤ ਭਾਰੀ।। ਯਹ ਮੇਰੀ ਜੋ ਸਰਨ ਸਿਧਾਇਆ।। ਤਾਂਤੇ ਹਮ ਤੁਮ ਕੋ ਸਮਝਾਯਾ।।੪੧।। ਸਰਨ ਤਯਾਗਨੋ ਦੋਸ ਮਹਾਨਾ।। ਸ੍ਰੁਤਿ ਸਿੰਮ੍ਰਿਤ ਸਿਧਾਂਤ ਬਖਾਨਾ।। ਹੇ (ਰੇਵਾਲ) ਤੁਮਹੂੰ ਸੁ ਬਿਰੋਧਾ।। ਤਜਹੁ ਸੁ ਜੀਅ ਤੇ ਅਮਿਤ ਕਰੋਧਾ।।੪੨।।ਦੋ:।। ਸਮਾ ਪਾਇ ਰਾਜ ਲੈ ਕਰਿਐ ਆਪਨ ਕਾਜ।। ਅਬ ਦੋਊ ਤੁਮ ਸੰਧ ਕਰਹੋ ਹੁ ਅਨੰਦ ਬਿਰਾਜਣ।।੪੩।।ਜੋ:।। ਦੋਊਨਿ ਦਿਓ ਮਿਲਾਇ ਸਾਚੇ ਸਤਗੁਰੁ ਦਯਾਘਨ।। ਦੋਊ ਪਰ ਪਰਪਾਇ ਬਿਦਾ ਭਏ ਨਿਜ ਥਲ ਗਏ।।੪੪।।ਚੌ:।। ਸੁਨ ਕੁਬੇਰ ਹੂੰ ਮਾਨੀ ਬਾਨੀ।। ਤਜਯੋ ਬੈਰ ਨਾਗਨ ਸਨਮਾਨੀ।। ਤਬ ਤੇ ਜਛ ਜਾਗ ਸਨ ਛੂਟਾ।। ਸਦਾ ਜੰਗ ਜੋ ਹੋਤ ਅਖੁਟਾ।।੪੫।।ਦੋ:।। ਮਾਲਵਾ ਗਿਰ ਤੇ ਆਇਕੈ ਦੀਨ ਬੰਧੁ ਜਗਰਾਇ।। ਸਾਨ ਦਾਨ ਬਿਧਾਨਕਰ ਤੀਰਥ ਪੁਨਯ ਪ੍ਰਭਾਇ।।੪੬।। ਸਭ ਰਾਜਨ ਕਹਿ ਬ੍ਰਿਦਾ ਕੈ ਲੈ ਸੈਨਾ ਨਿਜ ਸੰਗ।। ਆਨੰਦਪੁਰ ਤਯਾਰੀ ਕਰੀ ਸ੍ਰੀ ਸਤਗੁਰ ਅਘਭੈਗ।।[4]।।੪੭।।

---

1. ਚੇਤਨਾਹੀਣ, 2. ਆਰੀਆ ਧਰਮ, 3. ਨਰਬਦਾ ਨਦੀ, 4. ਦੁੱਖਾਂ ਦਾ ਨਾਸ਼ ਕਰਨ ਵਾਲੇ

Sri Satguru Jagjit Singh Ji eLibrary NamdhariElibrary@gmail.com

ਸਾਖੀ॥੧੦੩॥ਚੌ:॥ ਸੇਨਾ ਸੁਭ ਸਿੰਘਨ ਕੀ ਸਰੀ॥ ਭਾਂਤ ਭਾਂਤ ਕੀ ਸੋਭਾ ਭਰੀ॥ ਮਗ ਮਹਿ ਮਿਲਆ ਨ੍ਰਿਪਤ ਮੰਡਿਆਲੀ॥ ਸਤਗੁਰੁ ਭਰਿ ਪ੍ਰੇਮ ਪਨ ਪਾਲੀ॥੧॥ ਆਗੇ ਹੈ ਪਦ ਪਕਰ ਪੁਹਿਮਿ ਪਤਿ॥ ਬਿਨਤੀ ਕੀਨੀ ਬਾਰ ਬਾਰ ਅਤਿ॥ ਲੈ ਅਪਨੇ ਸੁ ਰਾਜ ਮੈ ਗਯੋ॥ ਭਾਂਤ ਭਾਂਤਿ ਸੋ ਸੇਵਤ ਭਯੋ॥੨॥ ਨਦੀ ਤੀਰ ਉਤਰੇ ਗੁਰ ਰਾਈ॥ ਛਤ੍ਰ ਧਾਰ ਪੁਨ ਬਿਜਯਾ ਪਾਈ॥ ਕਰਯੋ ਸੁਚੇਤਾ ਬਾਂਧੀ ਪਾਗਾ॥ ਆਇ ਨ੍ਰਿਪਤਿ[1] ਪ੍ਰਭ ਪਗ ਰਜਲਾਗਾ॥੩॥ ਪ੍ਰੇਮ ਪ੍ਰਲਾਪ ਕਰਤ ਮਲਿ ਮਾਲਾ॥ ਰੀਝਤ ਸਤਗੁਰੁ ਕਰੁਣਾ ਪਾਲਾ॥ ਬਿਹਸਿ ਕਹੀ ਗੁਰਯਾਨਦ ਨੀਰਾ॥ ਰਾਖੁਹੁ ਘਟਹਿ ਸੂਧ ਸੁਚ ਧੀਰਾ॥੪॥ ਮਰਾਹੁ ਗੋਰੀ ਕਰਹੁ ਨਿਸਾਨਾ॥ ਸਿੰਘਨ ਕੀਨੋ ਬਚਨ ਬਖਾਨਾ॥ ਕਾਹੂੰ ਕੀ ਨਹਿ ਲਾਗੀ ਗੋਰੀ॥ ਤਬ ਬੋਲਯੋ ਕ੍ਰਿਪ ਬਰ ਕਰ ਜੋਰੀ॥੫॥ ਸ੍ਰੀ ਸਤਗੁਰੁ ਕੀ ਆਇਸ ਪਾਈ॥ ਹੁਨਹੁ ਨਿਸਾਨਾ ਪ੍ਰਭੂ ਜਗਰਾਈ॥ ਸਤਗੁਰ ਕਹੀ ਨ੍ਰਿਪਤਿ ਬੜਭਾਗਾ॥ ਕਰਹੁ ਭਲੇ ਹਿਤ ਮਨਿ ਜੁ ਅਨੁਰਾਗਾ॥੬॥ ਸੀਧੇ ਤੇ ਪੂਠਾ ਕਰ ਦੀਨਾ॥ ਮੰਲਿਆਲੀ ਪਤਿ ਸਭ ਲਖ ਲੀਨਾ॥ ਬਰੰਬ੍ਰਹਿ ਕਲਗੀਧਰ ਭਾਖੀ॥ ਰਾਜਾ ਕਹੀ ਦਿਓ ਸਭ ਸਾਖੀ॥੭॥ ਪੁਨ ਪ੍ਰਭ ਕਹੀ ਮਾਂਗ ਕਛੁ ਰਾਜਾ॥ ਬੋਲਯੋ ਬਿਲਖ ਗਰੀਬ ਨਿਵਾਜਾ॥ ਰਾਜਬੰਸ ਤੇ ਧੰਸਨ ਹੋਵਹਿ॥ ਤਵ ਸੁ ਪੰਥ ਮਹਿਮਾ ਜਬ ਜੋਵਹਿ॥੮॥ਦੋ:॥ ਬੋਲੇ ਸ੍ਰੀ ਸਾਚੇ ਗੁਰ ਮੰਡਿਆਲੀ ਮਹਾਰਾਜ॥ ਜੋ ਕੋਊ ਇਹਿ ਰਾਜ ਕਹਿ ਚਹਿਹੈ ਕਰਨ ਅਕਾਜ॥੯॥ਦੋ:॥ ਯਾਹੀ ਘਟ ਇਵ ਚਟਪਟ ਸੋਈ॥ ਚੋਪਟ ਹੈ ਹੈ ਖਟ ਪਟ ਖੋਈ॥ ਅਤਿ ਪ੍ਰਸੰਨ ਮਨ ਰਾਜਾ ਭਯਾ॥ ਮੰਡਿਆਲੀ ਪੁਰਮਹਿ ਲੈ ਗਯਾ॥੧੦॥ ਭਾਂਤਿ ਭਾਂਤਿ ਕੀ ਸੇਵਾ ਕਰੀ॥ ਲਿਏ ਰਿਝਾਇ ਨਾਥ ਨਰ ਹਰੀ॥ ਕਈ ਦਿਵਸ ਤਿਤ ਪ੍ਰਭ ਪਦ ਧਾਰੇ॥ ਨਿਤ ਨਈ ਨ੍ਰਿਪ ਸੇਵਾ ਬਿਸਤਾਰੇ ॥੧੧॥ਦੋ:॥ ਕਬਹੁਕ ਗਏ ਸਿਕਾਰ ਕੋ ਸੰਗ ਸੈਨ ਨਰਪਾਲ॥ ਗਢ ਕਮਲਾਹ ਬਿਸਾਲ ਤਹਿ ਨਿਰਖਯੋ ਗੁਰੁ ਰਛਪਾਲ॥੧੨॥ਚੌ:॥ ਗਢ ਕਮਲਾਹ ਕਾਹੁ ਨਹਿ ਜੀਤਾ॥ ਤਹਇਿਕ ਦੁਰਗ ਸਤਗੁਰੂ ਕੀਤਾ॥ ਗੋਬਿੰਦ ਗਢ ਸੁ ਨਾਮ ਤਿਹਿਰਾਖਾ॥ ਅਰ ਇਹ ਬਿਧਿ ਬਰਦਾਨ ਸੁ ਭਾਖਾ॥੧੩॥ ਮੇਰੋ ਪੰਥੁ ਜਬੈ ਬਢ ਜੈਹੈਂ॥ ਗਢ ਕਮਲਾਹ ਆਇ ਤਬਲੈਹੈਂ॥ ਨ੍ਰਿਪਤਿ ਕਹੀ ਪ੍ਰਭੂ ਬਚਨ ਸਹੀ ਹੈਂ॥ ਮੈ ਇਕ ਬਿਨਤੀ ਮੋਰਯ ਹੀ ਹੈ॥੧੪॥ਦੋ:॥ ਲਯੋ ਕਾਹੁ ਨਹਿ ਆਜਲੋ[2] ਯਹ ਗਢ ਦੀਨ ਦਯਾਲ॥ ਕਰੇ ਸਿਕੰਦਰ ਮੋਰਚੇ ਰਹਯੋ ਮਵਾਸ ਬਿਸਾਲਾ॥੧੫॥ਚੌ:॥ ਤਬ ਅਫਲਾਤੂ ਜਤਨ ਬਿਚਾਰਾ॥ ਗਿਰਨਾੜੀ ਕਹਿ ਕਾਟ ਦਿਖਾਰਾ॥ ਬਿਨਾ ਨੀਰ ਗਢ ਸਭ ਘਬਰਾਏ॥ ਇੰਦ੍ਰ ਇਸ ਨ੍ਰਿਪ ਅਧਿਕ ਧਿਆਏ॥੧੬॥ ਰੀਝ ਦੇਵ ਪਤਿ ਦਿਆ ਬਰਦਾਨਾ॥ ਇਕ ਸੁਮੇਘ ਪ੍ਰਥਰੀਜ ਲਖਾਨਾ॥ ਸੰਪਟੁ ਪਾਇ ਨ੍ਰਿਪਤਿ ਤਿਹਿ ਰਾਖਾ॥ ਜਬ ਜਿਅ ਹੋਇ ਸੁ ਜਲ ਅਭਿਲਾਖਾ॥੧੭॥

---

1. ਰਾਜਾ, 2. ਆਜ ਤੱਕ

Sri Satguru Jagjit Singh Ji eLibrary NamdhariElibrary@gmail.com

ਨਿਕਰਤ ਗਿਰ ਸਮ ਹ੍ਵੈ ਜਲ ਦੇਈ॥ ਸੰਪਟ ਮਹਿ ਲਘ ਹ੍ਵੈ ਰਹਿ ਸੇਈ॥ ਇਹਿ ਬਿਧਿ ਸਾਹ ਸਿਕੰਦਰ[1] ਹਾਰਾ॥ ਲਿਯੋਨ ਗਢ[2] ਕਮ੍ਹਲਾਹ ਬਿਚਾਰਾ॥੧੮॥ਦੋ:॥ ਜਿਹ ਜਲ ਇਤ ਸੰਪਟ ਪਰਮ ਜਿਹ ਸੁ ਸਿਕੰਦਰ ਹਾਰ ਤਾਹਿ ਜੀਤ ਸੁ ਅਭੀਤ ਕੋ ਨਹਿ ਪ੍ਰਤੀਤ ਜਿਅ ਸਾਰ॥੧੯॥ਚੌਪਈ॥ ਸੁਨਹੁ ਨ੍ਰਿਪਤ ਮਮਪੁਤ ਖਾਲਸਾ॥ ਕਰਿ ਹੈ ਹਯਾਕੀ ਪੂਰ ਲਾਲਸਾ॥ ਸਮਯ ਸਮਯ ਪਰ ਸੋ ਸਭ ਹੋਈ॥ ਬਲੀ ਕਾਲ ਸਭ ਕੇ ਸਿਰ ਜੋਈ॥੨੦॥ ਰਕਤ ਬਿੰਦ ਮਹਿਖਾਸੁਰਮਾਰੇ॥ ਸੁੰਭਨਿ ਸੁੰਭ ਨ੍ਰਿਪਤਿ ਸੰਘਾਰੇ॥ ਕਾ ਕਮਲਾਹ ਅਹਹਿ ਗ੍ਰਹਰਾਜਾ॥ ਜਬ ਅਕਾਲ ਯਾ ਕੇ ਸਿਰ ਗਾਜਾ॥੨੧॥ ਇਹ ਬਿਧਿ ਦੈ ਬਰਦਾਨ ਮਹਾਨਾ॥ ਆਏ ਨਗਰ ਨ੍ਰਿਪਤਿ ਸੰਗ ਸਯਾਨਾ॥ ਰਣਜੀਤ ਸਿੰਘ ਨ੍ਰਿਪ ਮਰਯੋ॥ ਖੜਗ ਸਿੰਘ ਗਾਦੀ ਪਰ ਬਿਰਯੋ॥੨੨॥ ਨੌ ਨਿਹਾਲ ਸਿੰਘ ਤਾ ਕੋ ਬੇਟਾ॥ ਲੈ ਸਿੰਘਨ ਦਲ ਬਲ ਸੁਅਮੇਟਾ॥ ਲੀਓ ਜੀਤ ਕਮਲਾਹ[3] ਗਢੀ ਕੋ॥ ਭਯੋ ਖਾਲਸਾ ਤੇਜ ਬਢੀ ਕੋ॥੨੩॥ ਅਨ ਤ੍ਰੂ ਗਈ ਸਾਕੀ ਅੰਸਾ॥ ਤਾਕੀ ਸੈਨ ਲਰੀ ਸਰਬੰਸ॥ ਕਰ ਘਮਸਾਨ ਜੀਤ ਰਨ ਲੀਨਾ॥ ਸਤਗੁਰੁ ਕਰ ਬਰ ਪੂਰਨ ਕੀਨਾ॥੨੪॥ ਮੰਡੀਪਤਿ ਸਨ ਕਛੂ ਕਿਅ ਰੋਗ॥ ਭਯੋ ਅਧਿਕਤਾ ਤੇ ਦਲ ਹੋਗ॥ ਖੜਗ ਸਿੰਘ ਸੁਤ ਸਹਿ ਮਰ ਗਯੋ॥ ਸਤਗੁਰੁ ਬਾਕ ਸੰਪੂਰਨ ਭਯੋ॥੨੫॥ਦੋ:॥ ਸੰਮਤ ਅਠਾਰਹਿ ਸਤਕ ਸੇਤਾਨਬੇ[4] ਮਹਾਨ॥ ਸੂਧੇ ਤੇ ਪੂਰਾ ਭਯੋ ਗਢ ਕਮਲਾਹ ਨਿਦਾਨ॥੨੬॥ ਸ੍ਰੀ ਸਤਗੁਰੁ ਨ੍ਰਿਪਆ ਸਿਖ ਦੀਨਾ॥ ਭਾਂਤਿ ਭਾਂਤਿ ਬੰਦਨ ਤਿਨ ਕੀਤਾ॥ ਆਨੰਦ ਨਗਰੀ ਆਨ ਬਿਰਾਜੇ॥ ਪੂਰਨ ਕਰ ਸਭ ਸੇਵਕ ਕਾਜੇ॥੨੭॥ ਨਿਤ ਨਵ ਸੰਗਤ ਆਵਨ ਲਾਗੀ॥ ਨਿਤ ਨਵ ਪੂਜਨ ਕਰ ਅਨੁਰਾਗੀ॥ ਲਿਖਹਿ ਲਿਖਾਰੀ ਗੁਰ ਕਵਿਤਾਈ॥ ਹਾਜਰ ਰਹਹਿ ਸੁ ਚਰਨਨ ਆਈ॥੨੮॥ ਚਾਰ ਲਿਖਾਰੀ ਅਤਿ ਸਵਧਾਲਾ॥ ਲਿਖਹਿ ਸੁ ਗੁਰੁ ਕ੍ਰਿਤਿਕਾਬਯ ਪੁਰਾਨਾ॥ ਕਬਹੂੰ ਤਿਨ ਤੇ ਸੁਨ ਗੁਰਰਾਈ॥ ਕਬਹੁ ਆਪ ਉਚਰਹਿ ਮਨ ਲਾਈ॥੨੯॥ਦੋ:॥ ਸੰਗਤ ਕਹਿ ਆਗਯਾ ਦਈ ਜੋ ਕਛੂ ਪੂਛਨ ਹੋਇ॥ ਨੰਦ ਲਾਲ ਮਮ ਪ੍ਰਿਅ ਪਰਮਪੂਛਿ ਲੇਹੁ ਤੁਮ ਸੋਇ॥੩੦॥

ਸਾਖੀ॥੧੦੪॥ਚੌ:॥ ਸੁਨਹਿ ਆਪ ਅਰੁ ਕਬਿਤਾ ਕਰੈਂ॥ ਕਬਿ ਨ ਸੰਗ ਪਰਚਹਿ ਮੁਦ[5] ਭਰੈਂ॥ ਹਾਸ ਬਿਲਾਸ ਰੀਤ ਨਵਰੰਗਾ॥ ਬਰਨਹਿ ਰਸ ਬਅੰਜਨ ਪ੍ਰਸੰਗਾ॥੧॥ ਭਾਵ ਬਿਭਾਵ ਕਹਹਿ ਅਨੁਭਾਵਾ॥ ਸੰਚਾਰੀ ਸਾਤਨਕਨ ਪ੍ਰਭਾਵਾ॥ ਸਾਬਦ ਆਰਥੀ ਕਹਹਿ ਬਯੰਜਨਾ॥ ਅਭਿਧਾ ਕਹਹਿ ਲਖਯਨਾਭਨਾ॥ ਸਕਯਾ ਪਰ ਕੀਯਾ ਸਾਮਾਨਯਾ॥

---

1. ਯੂਨਾਨੀ ਜੇਤੂ ਸਿਕੰਦਰ ਮਹਾਨ,
2. ਕਿਲਾ,
3. ਕਮਲਾਹ ਗੜ੍ਹ,
4. 1897 ਸੰਮਤ (ਈਸਵੀ 1840),
5. ਕਵੀ ਜਨਾਂ ਨਾਲ ਖੁਸ਼ ਰਹਿੰਦੇ ਹਨ

Sri Satguru Jagjit Singh Ji eLibrary NamdhariElibrary@gmail.com

ਬਿਬਿਧਿਨਾਯ ਕਾ ਭੇਦ ਪਛਾਨਯਾ॥ ਹਾਵਦ ਸਾਰਿ ਤੁਰਤਿ ਅਰੁਕਾਲਾ॥ ਕਹਹਿਸੁਨਹਿ ਸਭ ਦੀਨ ਦਯਾਲਾ॥੩॥ ਨਵਰਸ ਬਰਨਿ ਰੀਤ ਗੁਰਨ ਭਾਖਹਿ॥ ਚਮਤਕਾਰ ਸੁ ਅਲੰਕ੍ਰਿਤ ਰਾਖਹਿ॥ ਦੂਖਨ ਦੂਰ ਦਿਖਾਵਹਿ ਤੇਈ॥ ਭੂਖਨ ਭੂਰਿ ਭੂਰਿ ਉਰ ਭੇਈ॥੪॥ ਆਪਨੀ ਨ੍ਰਿਤ ਰਬਿ ਰਾਨੀ ਕਹੈਂ॥ ਉਸਤਿ ਬੀਰ ਧੀਰ ਗੁਨ ਗਹੈਂ॥ ਨਾਟਕ ਕਸਹੂੰ ਭੇਦ ਸੁਨਾਵਹਿ॥ ਚੰਪੂਰਛਿ ਰਚਿ ਗੁਰਹਿ ਰਿਝਾਵਹਿ॥੫॥ ਕਰਹਿ ਪੁਰਾਨ ਬਨਾਵਨ ਰੀਤੀ॥ ਕਲਯ[1] ਰਚਹਿ ਰੁਚਿ ਉਚਿ ਕਰ ਪ੍ਰੀਤੀ॥ ਤਿਨ ਕੇ ਸੁਲਹੁ ਨਾਮ ਹਰਖਾਈ॥ ਜੇ ਬਾਵਨ[2] ਪਾਵਨ ਕਬਿਤਾਈ॥੬॥ ਅਥ ਕਵਿ ਅਨ ਕੇ ਨਾਮ ਬਰਨਨੰ॥ ਪਥਮ ਨੰਦ ਲਾਲ ਸੁ ਬਿਸਾਲਾ॥ ਸਤ ਗੁਰੁ ਪ੍ਰਿਅ ਪੂਰਨ ਮਤਿਵਾਲਾ॥ ਅੰਮ੍ਰਿਤ ਰਾਏ, ਸੁਉਦੈ ਰਾਇਤ੍ ਭਨ॥ ਮੰਗਲ ੪ ਹੰਸ ਰਾਮ ਪੂਰਨ ਗੁਲਾਬ॥੭॥ ਛਤੀਸ ਲਾਖ ਜਾਹਿ ਗੁਰ ਦੀਨਾਂ॥ ਬਾਜ ਪੇਇ ਪਦਵੀ ਜਿਹ ਚੀਨਾ॥ ਅਸਨੀਂ ਕਰ ਬਾਸੀ ਸੁਖ ਰਾਸੀ॥ ਹੰਸ ਰਾਮ ਕਬਿ ਸੁਮਤਿ ਪ੍ਰਕਾਸੀ॥੮॥ ਕੁਵੇਰੇਸ ਕਲਿ ਕੇ ਸਵ ਬੇਟਾ॥ ਪਾਂਚ ਸਤ ਕਬਸ ਹਿਤਿ ਭੇਟਾ॥ ਰਾਮ ਸਯਾਮਦ ਸਤਗੁਰੁ ਕੇਪਯਾਰੇ॥ ਅੰਤ ਰੰਗ ਸਭ ਗੁਨ ਨਿਰਧਾਰੇਂ॥੯॥ ਸੈਨਾਪਤਿ ਸੈਨਾ ਸਿੰਘ ੧੦ ਜਾਨਹੁ॥ ਰਾਵਲ ੧੧ ਅਲ੍ਹ ੧੨ ਮਧੁ ੧੩ ਅਨਹੁ॥ ਚੰਦਾ ੧੪, ਬਲ੍ਹ ੧੫, ਲਖਾ ੧੬ ਈਸਰ॥੧੭॥ ਬਿਧੀ ਚੰਦ ੧੮ ਬਿਚਲ ੧੯ ਕਬੀਸਰ॥੧੦॥ ਖਾਨ ਚੰਦ ੨੦ ਚੰਦਨ ੨੧ ਸੁਖਦੇਊ ੨੨॥ ਪਿੰਡੀ ਲਾਲ ੨੩॥ ਰਸਿਕ ਗੁਰੁ ਦੇਊ। ਮਾਨ ਦਾਸ ਬੈਰਾਗੀ ੨੪ ਜਾਨਹੁ॥ ਧਰਮ ਚੰਦ ੨੫ ਬਲਭ ੨੬ ਅਨੁਮਾਨਹੁ॥੨੬॥ ਅਲੀ ੨੭ ਹੁਸੇਨ ਅਲੀ ੨੮ ਕਲ੍ਹੂਕਬਿ॥੨੯॥ ਕਬਿ ਬਲ ੩੦ ਤਯੋਨਿਹਾਲ ਚੰਦ ਕਬਿ॥੩੧॥ ਅਨੀ ਰਾਇ ੩੨ ਬਿਖਾ ੩੩ ਅਰ ਗੁਨਿਆ ੩੪ ਆਲਮਸਾਹ ੩੫ ਮਦਨ ਸਨਿਆ॥੩੬॥ ਧਯਾਨ ਸਿੰਘ ੩੭ ਧਰਮ ਸਿੰਘ ੩੮ ਟਹਕਨ ੩੯ ਦਯ ਸਿੰਘ ੪੦ ਰੋਸਨ ਸਿੰਘ ੪੧ ਗੁਨਿਜਨ॥ ਮਾਲਾ ਸਿੰਘ ੪੨ ਧੰਨਾ ਸਿੰਘ ੪੩ ਕਵੀ॥ ਆਸਾ ਸਿੰਘ ੪੪ ਨੰਦ ਸਿੰਘ ਜਵੀ॥੪੫॥੧੩॥ ਈਸਰ ਦਾਸ ੪੬ ਹੀਰ ੪੭ ਸੁਖ ਧਾਮਾ॥ ਨੰਦ ਲਾਲ ਪੰਡਿਤ ੪੮ ਸੁ ਸੁਦਾਮਾ॥੪੯॥ ਸੁਖਾ ਸਿੰਘ ੫੦ ਤਬ ਗੁਰਦਾਸ॥੫੧॥ ਨਾਨੂ ਬੈਰਾਗੀ ੫੨ ਗੁਨਰਾਜਾ॥੧੪॥ ਨਿਹਚਲ ਦਾਸਹੁ ਤੋ ਸੁ ਫਕੀਰਾ॥ ਏਬਾਵ ਕਲਿ ਸੁਮਤਿ ਗੰਭੀਰਾ॥ ਰਹਹਿ ਕਹਹਿ ਗੁਰੁ ਸੁ ਜਸ ਮਹਾਨਾ॥ ਬੀਰ ਸੂਰਤਾ ਸੁਮਤਿ ਪ੍ਰਧਾਨਾ॥੧੫॥ ਜਸ ਸਤਗੁਰੁ ਰੁਚਿ ਜਾਨਹਿ ਕਬਿ ਬਰ॥ ਕਰਹਿ ਕਲਿ ਤੋਂ ਕਥਾ ਅਤਿ ਹਿਤ ਕਰ॥ ਬਾਵਨ[3] ਕਬਿ ਪਾਵਨ ਇਹਿ ਭਾਂਤੀ॥ ਕਹਤਿ ਹਜ਼ੂਰ ਅਧਿਕ ਰਸ

---

1. ਕਵਿਤਾ,
2. ਬਾਵੰਜਾ,
3. 52 ਕਵੀ

Sri Satguru Jagjit Singh Ji eLibrary NamdhariElibrary@gmail.com

ਖਯਾਤੀ॥੧੬॥ ਅਨੰਦ ਨਗਰ ਅਨੰਦ ਸਮਾਜਾ॥ ਨਿਰਖਤਦੁ ਮਨ ਦੁਰਤ ਗਿਰਿ[1] ਭਾਜਾ॥ ਨਿਤ ਨਵ ਮੰਗਲ ਨਿਤ ਨਵਰੰਗਾ॥ ਸੁਨ ਕੀਰਤਨ ਸੁ ਸਬਦ ਆਭੰਗਾ॥੧੭॥

ਸਾਖੀ॥੧੦੫॥ ਇਤਿ ਸ੍ਰੀ ਗੁਰੁ ਪਦ ਪ੍ਰੇਮ ਪ੍ਰਕਾਸ ਪੋਰਾਨੇ ਸ੍ਰੀ ਗੁਰੁ ਚਤੁਰਥ ਖੰਡਾਤਰ ਦਸਮ ਮੰਡਲ ਉਤ੍ਰਾਰਥੇ ਸ੍ਰੀ ਸਤਗੁਰੁ ਗੋਬਿੰਦ ਸਿੰਘ ਰੇਵਾਲਸਰ ਤੀਰਥ ਜਾਤ੍ਰਾ ਬਨਨ ਨਾਤਮਕ ਖਸਿ ਦਸਮੀ[2] ।।ਪ੍ਰਾਤ:॥੧੬॥ਚੌ:॥ ਇਹ ਬਿਧਿ ਕੇਤਕ ਕਾਲ ਲਿਤਾਯੋ॥ ਕਬਿਤਾ ਰਸ ਬਿਨੋਦ ਉਰ ਛਾਯੋ॥ ਕਬਹੁ ਕੀਨੀ ਬਿਜਯਾ ਪਾਨ॥ ਬੈਰੇ ਆਨ ਸੋਢਿ ਕੁਲ ਭਾਨ॥੧॥ ਸਭ ਕਬਿ ਬਰ ਹਾਜਿਰ ਤਬ ਆਏ॥ ਬੈਠ ਬੰਦ ਬੰਦ ਪਦ ਭਏ॥ ਏਕ ਹੀਰ ਕਬਿਤ ਦਾਰਦ੍ਰੀ॥ ਅਧਿਕ ਗੁਨੀ ਕਛੁ ਨਹਿ ਛਲ ਛਿਦ੍ਰੀ॥੨॥ ਤਿਨ ਦਰਿਦ੍ ਪ੍ਰਤਿ ਕਬਿਤ ਉਚਾਰੀ॥ ਹਾਜਿਰ ਭਯੋ ਨਾਥ ਨਿਰਧਾਰੀ॥ ਜਹ ਸੀ ਸਤਗੁਰੁ ਸਾਹਨ ਸਾਹਾ॥ ਸਭ ਸੁਖ ਨਿਧਿ ਅਕਾਲ ਸੁਤਚਾਹਾ॥੩॥ਦੋ:॥ ਪੇਸ ਅਗਾਰੀ ਸਭਾ ਕੇ ਭਯੋ ਹੀਰ[3] ਬੁਧਵਾਨ॥ ਆਗਯਾ ਲੈ ਬੋਲਤ ਭਯੋ ਸ੍ਰੀ ਸੋਢੀ ਸੁਲਤਾਨ॥੪॥ ਪਢਨ ਕਬਿਤ ਚਹਹਿ ਕਰ ਨਾਟਕ॥ ਇਤ ਉਤ ਹੇਰ ਹੀਰ ਕਬਿ ਸੁਰ ਭਟ॥ ਬੋਲਯੋ ਏਕ ਬੀਰ ਬਰਨਵਾਨਾ॥ ਦੇਤ ਪਢਨ ਨਹਿ ਕ੍ਰਿਪਾ ਨਿਧਾਨਾ॥੫॥ ਭਾਸਨ ਲਰ ਲਰ ਕਬਿਤ ਸੁਝੈਹੌਂ॥ ਮਹਾਰਾਜ ਸੁਖ ਖਾਨ ਰਿਝੈਹੌਂ॥ ਮਹਾਰਾਜਾ ਕਛ ਕਹਨਨ ਆਵੈ॥ ਪਦ ਪ੍ਰਤਾਪ ਸਭ ਕਛੁ ਗੁਨ ਗਾਵੈ॥੬॥ ਹੀਰ ਕੋ ਬਚਨ ਦਾਰਦ੍ ਪਤਿ॥ ਕਬਿੱਤ॥ ਪਾਸ ਨਾਚੋ ਝਗਰਤ ਝੁਕ ਤਕਰੇਰੇ ਮੋਹਿ ਬਾਤਨ ਕਰਨ ਪਾਉਂ ਮਹਾਬਲੀ ਬੀਰ ਸੋਂ। ਐਸੋ ਅਰਿ ਨਿਪਨਿਕਟ ਬਸੇ ਨਿਸ ਦਿਨ ਨਿਪਟ ਨਿਸੰਕ ਸਨ ਘੇਰੇ ਫੇਰ ਭੀ ਰਸੋ॥ ਦਾਰਦ ਕਪੂਤ ਤੇਰੋ ਮਰਨ ਬਨਚੋ ਹੈ ਆਜ ਕਰ ਕੈ ਸਲਾਮ ਬਿਦਾਹੂਜੈ ਕਬਿ ਹੀਰ ਸੋ॥ ਨਾਤੋਂ ਗੁਰੁ ਗੋਬਿੰਦ ਸਿੰਘ ਬਿਕਲ ਕਰੈ ਗੋ ਤੋਹਿ ਟੂ ਕਿਟੂ ਹੈ ਹੈ ਗਾਢੇ ਦਾਨਨ ਤਰਿ ਸੇ॥੭॥ ਕਬਿੱਤ॥ ਜੈਸੇ ਪ੍ਰਹਲਾਦ ਸੁਰਪਤਿ ਕੀਨੋ ਪਤ ਦੈ ਕੈ ਯਾਹੂ ਪਤਿ ਕਾਜੈ ਨੇਕ ਚਿਤ ਦੈ ਸਮਾਰਿਏ॥ ਜੈਸੇ ਬਲ ਬਾਂਧਯੋ ਧਰ ਬਾਵਨ ਸਰੂਪ ਹੀਰ ਟੂਕ ਟੂਕ ਕਰੋ ਚਾਢ ਆਖਿਨ ਪਛਾਰਿਏ॥ ਛਾਡਤ ਨ ਸੰਸ ਜੁਰੋਯ ਰਹੈ ਮਾਰੋ ਜਾਮ ਤੇਰੇ ਦਾਨ ਨਾਮਤੇ ਪਰੇਤ ਮੇਰੇ ਝਾਰਿਏ॥ ਏਕੈ ਗੁਰੂ ਗੋਬਿੰਦ ਗੁਰੁ ਰਜਾ ਕੋ ਬਾਹਨ ਹੈ ਜੈਸੇ ਮੁਰ ਮਾਰਯੋ ਤੈਸੇ ਮੇਰੇ ਅਰਿ ਮਾਰਿਏ॥੮॥ਚੌ:॥ ਸੁਨ ਸਾਚੇ ਸਤਗੁਰ ਅਬਿਨਾਸੀ॥ ਦੀਨੋ ਧਨ ਅਨਗਿਨ ਗੁਨਰਾਸੀ॥ ਕਬਿਗਨ ਮਧਯੋ ਰੋਜ ਕਰ ਦੀਓ॥ ਦਾਰਿ ਦੁਰਦ ਦਮਨ ਸੁਖ ਕੀਯੋ॥੯॥

ਸਾਖੀ॥੧੦੬॥**ਚੌ:**॥ ਕਬਹੁਕ ਇਕ ਕਬਿ ਚੰਦਨ ਨਾਮਾ॥ ਸੋ ਆਯੋ ਸਤਗੁਰ ਕੀ

---

1. ਪਹਾੜੀ ਰਾਜੇ,
2. ਸੋਲ੍ਹਵਾਂ,
3. ਕਵੀ ਦਾ ਨਾਂ

Sri Satguru Jagjit Singh Ji eLibrary NamdhariElibrary@gmail.com

ਬਚਨ ਸੁਨਾਏ॥੧੩॥ ਤਿਨ ਤਬ ਕਹੀ ਭਈ ਮੈ ਬਿਰਧਾ॥ ਰਾਖਤ ਤਉ ਦਰਸਨ ਕੀ ਸਰਧਾ॥ ਥਾਨ ਬੁਨਾਇ ਤਯਾਰ ਮੈ ਕਰਿਹੌਂ॥ ਕਿਮਿ ਪਦ ਨਿਰੰਖਿ ਪਾਰ ਭਵ ਪਰਹੌਂ॥੧੪॥ ਤਬ ਦੀਨੋ ਸਤ ਗੁਰੁ ਬਰਦਾਨਾ॥ ਐ ਹੈ ਹਮ ਭਵ ਗ੍ਰਮ ਨਿਦਾਨਾ॥ ਲੈ ਕਰ ਬਚਨ[1] ਬਨਾਵਹਿ ਪਹਿਰੈ॥ ਸਰਧਾ ਪੂਰਨ ਕਰਹਿ ਦੁਖ ਦਰੈ॥੧੫॥ ਸੋ ਖਤਰਾਨੀ ਸਿਮਰਨ ਆਈ॥ ਭੇਜ ਗੁਲਾਬਾ ਨਿਕਟ ਬੁਲਾਈ॥ ਤਨ ਕਾਪਤ ਉਰ ਪ੍ਰੇਮ ਮਹਿ ਭਰੀ॥ ਰਾਖ ਥਾਨ ਦੈ ਪਦ ਨਰ ਹਰੀ॥੧੬॥ ਮੁਰਝਤ ਗੁਰੁ ਸੁਤ ਸੰਪਤ ਨਾਸਾ॥ ਕਹਾ ਕਰਯੋ ਯਹ ਚਰਿਤ ਪ੍ਰਕਾਸਾ॥ ਸ੍ਰੀ ਮੁਖ ਕਹੀ ਜੁਆਇ ਸਹਰੀ॥ ਸੋ ਨਹਿ ਕਾਹੂੰ ਮੇਟਨ ਕਰੀ॥੧੭॥ ਰਘੁ ਨੰਦਨ ਬਨਬਾਸ[2] ਸਿਧਾਏ॥ ਸਿਅ[3] ਰਾਵਨ ਹਰਿ[4] ਅਤਿ ਦੁਖ ਪਾਏ॥ ਕੌਨ ਕੌਨ ਕੀ ਕਹਹੁ ਕਹਾਨੀ॥ ਪਾਡਵ ਦੁਰੇ ਰਹੇ ਬਲਖਾਨੀ॥੧੮॥ ਸੁਨ ਬਿਰਧਾ ਤਵ ਦਿਨ ਨਿਕਟਾਏ॥ ਜੈ ਹੈ ਫੁਰ ਗੁਰਧਾਮ ਸੁਹਾਏ॥ ਥਾਨ ਸਿਵਾਇ ਕੀਨ ਇਕ ਜਾਮਾ॥ ਅਰੁ ਕੀਨੇ ਚਾਵਾਰੇ ਲਲਮਾ॥੧੯॥ ਨਬੀ ਖਾਨ ਸਨ ਕਹਿ ਰੰਗ ਵਾਏ॥ ਬਸਨ ਸੁਰਮਈ ਲਖ ਹਰਖਾਏ॥ ਰੰਗ ਰੇਜਹਿ ਦੀਨੋ ਬਰਦਾਨਾ॥ ਧੋਵਹੁ ਨਹਿ ਯਹਿ ਮਾਟ ਪੁਰਾਨਾ॥੨੦॥ਦੋ:॥ ਪਾਇ ਪਾਇ ਜਲ ਮਾਟ ਮਹਿ ਰੰਗਹੁ ਬਸਨ ਅਨੇਕ॥ ਕਬਹੂੰ ਨੀਲ ਨ ਪਾਇਓ ਮਮ ਬਰਦਾਨਾ ਬਿਬੇਕ॥੨੧॥ਚੌ:॥ ਸੋ ਸੁ ਮਾਟ ਤਾਕੇ ਘਰ ਰਹਾ॥ ਬਹੁਤ ਕਾਲ ਲਗ ਇਹਿ ਬਿਧਿ ਚਹਾ॥ ਕਬਹੁ ਕ ਭਾਬਿਨ[5] ਮਹਿ ਭਈ ਰਾਗ[6]॥ ਧੋਯੋ ਮਾਟ ਗਯੋ ਬਰ ਭਾਰਾ॥੨੨॥ ਏਕ ਪਲਗ ਸ੍ਰੀ ਪ੍ਰਭੂ ਮੰਗਵਾਯੋ॥ ਇਕ ਚਾਦਰ ਦੀਨ ਦਿਦਾਰ॥੨੩॥ ਬਰਦਸਾਰ[7] ਸੁਰਮਈ ਕਰੀ॥ ਨੀਲ ਬਸਨ ਕੀ ਰਚਨਾ ਧਰੀ॥ ਕਤਹੂੰ ਲਿਖਯੋ ਕੇਸ ਬਗ ਗਏ॥ ਪੋੜੇ ਪਲੰਗ ਆਪ ਤਬ ਆਏ॥੨੪॥ ਚਾਰ ਸੁ ਛਟੀ ਚਾਰਹੂੰ ਕੋਨਾ॥ ਮੁਰਛਰ ਬਾਧਯੋ ਛਾਤ ਸੁ ਕੋਨਾ॥ ਗਨੀ ਨਬੀ ਖਾਆਗੇ ਲਾਗੇ॥ ਪਾਛੇ ਧਰਮ ਸਿੰਘ ਬੜ ਭਾਗੇ॥੨੫॥ ਮਾਨ ਸਿੰਘ ਸੰਗ ਪਟ ਸੁਰਮਈ॥ ਸਭ ਕੇ ਭਏ ਅਨਨਯ ਸੁਖਈ॥ ਮੁਰ ਛਲ ਲੈ ਕਰ ਦਯਾ ਸਿੰਘ ਬਰ॥ ਹਾਜੀ ਬੇਖ ਬਨੇ ਸ੍ਰੀ ਨਰ ਹਰ॥੨੬॥ ਤਹਾਂ ਉਚ ਕੇ ਪੀਰ ਸਦਾਏ॥ ਸਰੇ ਸੈਨ ਮਧ ਨਹਿ ਕਿਨ ਪਾਏ॥ ਰਹਿ ਦਸ ਦਿਵਸ[8] ਸੁ ਮਾਛੀਵਾਰੇ॥ ਕੀਨੀ ਬਿਰਧਾ ਭਾਵ ਜਲ ਪਾਰੇ॥

ਸਾਖੀ॥੨੦੦॥ ਇਹਿ ਬਿਧਿ ਚਲੈ ਸੈਨ ਕੇ ਮਾਹੀ ਕਹਹਿ ਕੇ ਉਚ ਦੇ ਪੀਰ ਸਦਾਹੀਂ॥ ਸੰਗ ਸੈਦਯ ਪਠਾਨ ਜੈ ਰਾਜੀ॥ ਸਇਯਦ ਕਹਹਿ ਉਚਰੇ ਹਾਜੀ॥੧॥ ਜਾਰਤ[9] ਕਰ ਮਕੇ ਕੀ ਆਏ॥ ਵਲੀ ਪੀਰ ਸਭ ਮਧਯ ਸੁਹਾਏ॥ ਆਗੇ ਪਾਂਚ ਹਜਾਰੀ ਸੈਨਾ॥ ਉਤਰਉ ਇਕ ਉਮਰਾਉ ਸੁ ਐਨਾ॥ ਤਿਨ ਤਬ ਮਨ ਮਹਿ ਕੀਨੀ ਬਿਚਾਰਾ॥

---

1. ਬਸਤਰ, 2. ਰਾਮ ਚੰਦ ਜੀ ਬਨਵਾਸ ਗਏ, 3. ਪਾਂਡਵਾਂ ਨੇ ਦੁੱਖ ਭੋਗਿਆ, 4. ਸੀਤਾ, 5.ਚੁਰਾ ਕੇ, 6. ਸੁਰਮਈ ਰੰਗ ਦੇ ਬਸਤਰ, 7. ਲਲਾਰੀ, 8. ਦਸ ਦਿਨ, 9. ਜਿਆਰਤ, ਧਾਰਮਿਕ ਯਾਤਰਾ

Sri Satguru Jagjit Singh Ji eLibrary NamdhariElibrary@gmail.com

ਯਹ ਨ ਹੋਇ ਗੋਬਿੰਦ ਸਿੰਘ ਭਾਰਾ॥ ਪੂੰਛੀ ਤਬ ਉਚਕੇ ਬਤਰਾਈ॥ ਅਹਹਿ ਪੀਰ ਅਬ ਹਾਜੀ ਆਹੀ॥੩॥ਦੋ:॥ ਮਨ ਮਹਿ ਤਾਕਤ ਤੁਰਕ ਤਬ ਕੀਨੋ ਯਹੈ ਬਿਚਾਰ॥ ਹੈ ਯਹ ਗੁਰੁ ਗੋਬਿੰਦ ਹਰਿ ਸਭ ਸਿੰਘਨ ਸਰਦਾਰ॥੪॥ਚੌ:॥ ਨਿਜ ਮੰਤ੍ਰਿਨ ਸ ਮੰਤ੍ਰ ਪਕਾਯੋ॥ ਸ੍ਰੀ ਸਤਗੁਰੁ ਢਿਗ ਦੂਤ ਪਠਾਯੋ॥ ਉਤਰਹਿ ਆਪ ਕ੍ਰਿਪਾ ਕਰ ਯਹੀ॥ ਖਾ ਸਾਹਿਬ ਸਲਾਮ ਬਹੁ ਕਹੀ॥੫॥ ਦੇਹਿ ਦਿਦਾਰ ਜਾਹਿ ਜਿਅ ਜਹਾ॥ ਉਤਰਯੋ ਪਲੰਗ ਕ੍ਰਿਪਾਨਿਧਿ ਤਹਾਂ॥ ਤੰਬੂ ਮੱਧਯ ਦੀਨ ਭਲ ਡੇਰਾ॥ ਚੌਕਸ ਸਿੰਘ ਰਹੇ ਚਹੁ ਫੇਰਾ॥੬॥ ਪੁਨ ਉਮਰਾਉ ਦੂਤ ਇਕ ਆਯੋ॥ ਕਰਤਾ ਜੀਅ ਬਚਨ ਤਿਨ ਗਾਯੋ॥ ਸੁਨਹੁ ਪੀਰ ਜੀ ਅਬ ਸਭ ਭਾਂਤੀ॥ ਖੋਜਤ ਹਮ ਗੁਰੁ ਕਹਿ ਨਰ ਘਾਤੀ॥੭॥ ਯਾ ਤੇ ਪਤਾ ਬਤਾਵਹੁ ਅਪਨਾ॥ ਦੇਹੁ ਗਵਾਹ ਜਾਹੁ ਚਿਤ ਥਪਨਾ॥ ਸ੍ਰੀ ਮੁਖ ਕਹੀ ਪੀਰ ਹਮ ਹਾਜੀ॥ ਜਾਨਤ ਹੈ ਹਮ ਕਹਿ ਇਕ ਕਾਜੀ॥੮॥ ਨੂਰ ਪੁਰ ਕੋ ਰਹਿ ਬੇਵਾਰੋ ਉਤਰਯੋ ਮਾਛੀਵਾਰ ਨਿਹਾਰੋ॥ ਸੈਨ ਗਹਨ ਹਿਤ ਗੁਰਹਿ ਜੁ ਆਈ॥ ਤਾ ਮੈ ਅਮੁਕੀ ਮਿਸਲ ਰਹਾਈ॥੯॥ ਭੇਜਯੋ ਤੁਰਤ ਸਾੜਨੀ[1] ਸਾਰ॥ ਕੀਜੀਹਿ ਨਿਸਾਵਹੁ ਅਬ ਬਿਹ ਕਾਰ॥ ਇਤ ਗੁਰ ਬਿਲਗ ਬਿਰਾਜੇ ਤੰਬੂ॥ ਧਯਾਨ ਪਰਾ ਇਨ ਸਤ ਚਿਤ ਅੰਬੂ॥੧੦॥ ਸਾਝ ਸਮੇਖਾਨਾ ਭਾਜ ਬਹੀ॥ ਆਏ ਮਲੇਛ ਬੁਲਾਵਨ ਤਬਹੀ॥ ਕਹੀ ਨਬੀ ਖਾਂ ਸਪੀਰ ਹਮਾਰੇ॥ ਰੋਜ ਰਾਖ ਨਿਤਯ ਬਿਵਹਾਰੇ ॥੧੧॥ ਇਕ ਜਵ[2] ਖਾਹਿ ਔਰ ਕਛੁ ਨਾਹੀ॥ ਖਾਨਾ ਖਾਹਿ ਮੁਰੀਦ ਸਦਾਹੀ॥ ਤਬ ਉਮਰਾਉ ਮੁਰੀਦ ਬੁਲਵਾਏ॥ ਦਯਾ ਸਿੰਘ ਸਿਖ ਬਚਨ ਸੁਨਾਏ॥੧੨॥ਦੋ:॥ ਸਾਚੇ ਸਤਗੁਰੁ ਕ੍ਰਿਪਾ ਨਿਧਿ ਅਬਿ ਕਿ ਕਰਹਿ ਬਿਵਹਾਰ॥ ਅਪਨੀ ਓਰ ਨਿਹਾਰੀਏ ਸੇਵਕ ਬਿਰਦ ਬਿਚਾਰ॥੧੩॥ਚੌ:॥ ਕਛ ਪਸੂ ਕਰਮੀਨ ਨ੍ਹਿ ਸਿੰਘ॥ ਬਨੇ ਆਪ ਗੁਰੁ ਗੋਬਿੰਦ ਸਿੰਘ॥ ਸਰਬ ਭਖਯ ਕਰ ਸਦਾਹੁ ਤਾਸਾ॥ ਸੂਰਜ ਸਰਬ ਸੋਖ ਅਘਨਾਸਾ॥੧੪॥ ਤਿਨ ਕਹਿ ਦੋਖਨ ਹੀ ਗੁਰ ਰਾਈ॥ ਹੈ ਜੀਵਹਿ ਸਭ ਬਿਧਿ ਕਠਨਾਈ॥ ਤੁਰਕ ਸੰਗ ਇਕ ਯਾਰੀ ਮਾਰੀ॥ ਕਿਮਿ ਭੋਜਨ ਬਨਿਹੈ ਬਿਧਿਨਾਹੀ॥੧॥ ਜੋ ਪ੍ਰਭ ਕਹਹਿ ਕਰਹਿ ਹਮ ਸੋਈ॥ ਯਾ ਮੈ ਸੰਸਯ ਨਾਹਿ ਕੋਈ॥ ਕਰਦ[3] ਭੇਟ ਕਰ ਸ੍ਰੀ ਮੁਖ ਕਹੀ॥ ਛਕਹੁ ਪ੍ਰਸਾਦਹਿ ਸੰਸਯ ਨਹੀ॥੧੬॥ ਪ੍ਰਛਯਹ ਕਯਾ ਤਬ ਇਮ ਕਰੋ॥ ਮੁਕੇ ਤੇ ਯਹ ਮਤ ਅਬਲਹੋ॥ ਪਾਂਚ ਬਾਰ ਬਿਨ ਲੋਹਾ ਲਾਗੇ॥ ਖਾਨਾ ਪਾਕਨ ਹੋਤ ਸੁਬਾਗੇ॥੧੭॥ ਭੋਜਨ ਕੀਏ ਤੁਰਕ ਨਹਿ ਕੋਈ॥ ਤੁਰਕ ਤੁਰਕਨੀ ਸੰ ਰਤ ਸੋਈ॥ ਪੁਨ ਅੰਮ੍ਰਿਤਸਰ ਕਰਇਸਨਾਨਾ॥ ਤਜਿਓ ਸਭ ਮਨ ਕੇਰ ਗਿਲਾਨਾ॥੧੮॥ਦੋ:॥ ਗਏ ਪਾਂਚਹੂੰ ਤਬੈ ਤਹ ਢਿਗ ਬੈਠੇ ਉਮਰਾਉ॥ ਖਾਨਾ ਹੈ ਦੇ ਥਾਲ ਇਕ ਪਰਸਿ ਬਬਰਰਚੀ[4] ਆਉ॥੧੯॥

---

1. ਸਾਂਢਨੀ ਸਵਾਰ, 2. ਜੌ ਜਾਂ ਇਕ ਦਾਨਾ ਜਾਂ ਕੋਈ ਹੋਰ ਵਸਤੂ, 3. ਕ੍ਰਿਪਾਨ ਭੇਟ ਕਰਕੇ, 4. ਬਾਵਰਚੀ

Sri Satguru Jagjit Singh Ji eLibrary NamdhariElibrary@gmail.com

ਕਯਾ ਸਿੰਘ ਅਰ ਧਰਮ ਸਿੰਘ ਬਰ॥ ਬੈਠੇ ਏਕ ਤਸਤਰੀ ਕਰ ਕਰ॥ ਨਬੀ ਗਨੀ ਖਾਇ ਇਕ ਤਸਤਰੀ॥ ਇਕ ਉਮਰਾਉ ਮਾਨ ਸਿੰਘ ਧਰੀ॥੨੦॥ ਮਾਨ ਸਿੰਘ ਤਬ ਕਰਦ ਨਿਕਾਰੀ॥ ਮਨ ਮਾਹਿ ਸਤਗੁਰੁ ਧਯਾਨ ਚਿਤਾਰੀ॥ ਰਾਖਹੁ ਲਾਜ ਦੀਨ ਦੁਖ ਭੰਜਨ॥ ਲਾਗਤ ਜਿਮ ਕੜਾਹ ਮੈ ਪੰਜਾ॥੨੧॥ ਅਪਨੋ ਜਾਨ ਧਰਮ ਨਿਰਬਾਹੋ॥ ਤਯੋ ਹੀ ਦਯਾ ਸਿੰਘ ਚਿਤ ਚਾਹੋ॥ ਧਰਮ ਸਿੰਘ ਹੂੰ ਕੀਨੋ ਧਯਾਨਾ॥ ਨਬੀ ਗਨੀ ਖਾਂ ਉਰ ਹੈ ਠਾਨਾ॥੨੨॥ ਮਾਨ ਸਿੰਘ ਤਬ ਕਰਦ ਚਲਾਈ॥ ਕਹਿ ਉਮਰਾਉ ਕਰਤ ਕਾ ਭਾਈ॥ ਮਾਨ ਸਿੰਘ ਕਹਿ ਜਬ ਹਮ ਗਏ॥ ਮਕੇ ਮਾਹਿੰ ਬਚਨ ਯਹ ਭਏਂ॥੨੩॥ ਪਾਂਚ ਬਾਰ ਬਿਨ ਲਾਗੋ ਲੋਹਾ॥ ਖਾਨਾ ਪਾਕ[1] ਹੋਤ ਨਹਿ ਜੋਹਾ॥ ਤਾਤੇ ਹਮ ਯਹ ਖਾਨਾ ਜੋਈ॥ ਕੀਨੋ ਪਾਕ ਪਾਕ ਬਿਧਿ ਜੋਈ॥੨੪॥ਦੋ:॥ ਪ੍ਰਥਮ ਜੋਤ ਕਯੋਂ ਦੁਤਿਅ ਰਾਖਯੋ ਤ੍ਰਿਤਿ ਬਨਾਇ॥ ਪਕਯੋ ਚਤੁਰਥ ਪੰਚਮੋ ਕਰਦ ਭੇਟ ਕਰ ਖਾਇ॥੨੫॥ਚੋ:॥ ਸੁਨ ਉਮਰਾਉ ਮੋਨ ਹੈ ਗਯੋ॥ ਸਿੰਘ ਤਬ ਤਹ ਅਚਰਜ ਭਯੋ॥ ਨਿਰਖਹਿ ਨਿਜਹਿ ਤੀਨ ਹੂੰ ਤਬੈ॥ ਬੈਠੇ ਬਿਲਗ ਪੰਗਤੀ ਤਬੈ॥੨੬॥ ਧਰਯੋ ਕੜਾਹ ਪ੍ਰਸਾਦਅਗਾਰੀ॥ ਰਖਯੋ ਸਤਗੁਰੁ ਭਾਗ ਨਿਕਾਰੀ॥ ਤੁਰਕ ਲਖਹਿ ਹਮਰੇ ਸੰਗ ਖਾਈ॥ ਯਹ ਚਰਿਤ੍ਰ ਨਿਰਖਹਿ ਕਉ ਨਾਹੀ॥੨੭॥ ਜਿਮ ਜਾਨਕੀ[2] ਅਗਿਨ ਮਧਿ ਰਾਖੀ॥ ਮਾਯਾ ਸੀ ਆਹਰੀ ਸਭ ਭਾਖੀ॥ ਤਿਮ ਮਹ ਪ੍ਰਗਟ ਸੰਗ ਸਿੰਘ ਰਹੇ॥ ਵਾਸਤਵਿਕ ਸਹਿ ਬਿਲਗ ਸੁਬਹੈ॥੨੮॥ ਭੋਜਨ ਕਰ ਸਤਗੁਰੁ ਢਿਗ ਆਏ॥ ਬੀਤ ਚੈਨ ਦਿਨ ਮਨ ਦਿਪਤਾਏ॥ ਚੋਰ ਘੋਰ ਪਰ ਤਿਅ ਰਤਿ ਭਾਗੇ॥ ਸੰਧਯਾ ਤਰ ਪਨ ਪੂਜਨ ਲਾਗੇ॥੨੯॥ਦੋ:॥ ਆਯੋ ਸੈਦਯ ਗੁਰਪੁਰ ਸੁਨ ਸਭ ਕਥਾ ਸੁਜਾਨ॥ ਸਾਖੀ ਗੁਰੁ ਸਾਖੀ ਦਬ ਭਾਖੀ ਮਿਤ ਸੁਖ ਦਾਨਾ॥੩੦॥ਚੋ:॥ ਪੀਰ ਉਚ ਕੇ ਸੈਯਦ ਸਹੀ॥ ਯਾਮੈ ਕੁਛ ਸੰਸਯ ਨਾਹੀ॥ ਬੁਰੋ ਕਰਯੋ ਇਨ ਕਹਿ ਤੁਮ ਰੋਕਾ॥ ਸੈਫ ਜਬਾਨ ਸੁ ਕਾਮਿਲ ਲੋਕਾ॥੩੧॥ ਗੁਰੂ ਗੋਬਿੰਦ ਸਿੰਘ ਏ ਨਾਰੀ॥ ਬਕਸਾਵਹੁ ਨਿਜਖਤਾ[3] ਸਯਾਹੀ॥ ਡਰ ਉਮਰਾਉ ਭੇਟ ਸਤ ਪਾਂਚ॥ ਸੰਗ ਸੈਯਦ ਆਯੋ ਲਗਿਆਚ॥੩੨॥ ਸੀਸ ਨਿਵਾਏ ਕਰੀ ਤਾਜੀਮ॥ ਸੁਨਹੁ ਪੀਰ ਜੀ ਬੜੇ ਅਜੀਮ॥ ਹਮ ਚਾਕਰ ਹਜਰਤ ਕੇ ਅਹੈ॥ ਗੁਰ ਬਰ ਡਰ ਕਰ ਡਰਤੇ ਰਹੈ॥੩੩॥ ਇਤੋ ਉਪਦ੍ਰਵ ਇਤਨੀ ਸੈਨਾ॥ ਗਰਯੋ ਨ ਗਯੋ ਗੁਰੂ ਇਕ ਨੈਨਾ॥ ਕਸਮ ਕੁਰਾਨ ਕਾਢ ਤਿਹ ਦੀਨੋ॥ ਹਮ ਸਭ ਸੁਊ ਅਘ ਚਿਭਨ ਚੀਨੋ॥੩੪॥ ਤਊਨ ਗਹਯੋ ਗਯੋ ਭਜਿ ਗਯੋ॥ ਤਾਤੇ ਚਿਤ ਬਯਾਕੁਲਤਾ ਲਹਯੋ॥ ਭ੍ਰਮ ਬਸ ਦਯੋ ਖੇਦ ਮੈ ਜੋਈ॥ ਬਕਸਹੁ ਪੀਰ ਉਚ ਕੇ ਸੋਈ॥੩੫॥ ਸਤ ਗੁਰੁ ਕਹੀ ਨ ਗੁਰ ਗਹਿ ਜਾਈ॥ ਤੁਰਕ ਤੇਜ ਨਾਸਹਿ ਸੁਮਾਦਾਈ॥ ਧਰਮ ਹਾਰਿਗੇ ਤੁਰਕ ਪਹਾਰੀ॥ ਤਾਤੇ ਨਹਿ ਰਹਿ ਬਲ ਛਲ ਧਾਹੀ॥੩੬॥ ਤੁਮਰੋ ਅਬ

---

1. ਪਵਿੱਤਰ, 2. ਸੀਤਾ, 3. ਆਪਣੀ ਭੁੱਲ, ਗ਼ਲਤੀ

Sri Satguru Jagjit Singh Ji eLibrary NamdhariElibrary@gmail.com

ਗੁਨਾਹ ਕਛੂ ਨਾਹੀ॥ ਨਹਿ ਨਿਰਾਜ ਤੁਮ ਪਰਹਮ´ਯਾਹੀ॥ ਜਾਕੀ ਕਰਿਯ ਚਾਕਰੀ ਜੈਸੀ॥ ਪ੍ਰਾਨਹੁ ਲੋਨ ਬਿਮੁਖਤਾ ਤੈਸੀ॥੩੭॥ਦੋ:॥ ਏਕ ਕੋਸ ਆਗੇ ਗਏ ਸੈਯਦ ਭੇਟਯੋ ਆਇ॥ ਮੋ ਪਰ ਕਿਰਪਾ ਕੀਜੀਏ ਕਲਗੀਧਰ ਨਰ ਰਾਇ॥੩੮॥ ਤਾਹਿ ਹੁਕਮਨਾਮਾ ਦੀਓ ਗੁਰੂ ਗਰੀਬ ਨਿਵਾਜ॥ ਇਨ ਮਮ ਸੇਵਾ ਅਤਿ ਕਰੀ ਸਮ ਸੰਤਾਨ ਸਮਾਜ॥੩੯॥ਚੌ:॥ ਇਨਕੀ ਕਰਹਿ ਸੇਵ ਜੋ ਕੋਈ॥ ਧਨ ਅਨ ਬਸਨ ਮਿਲਹਿ ਮੁਹਿ ਸੋਈ॥ ਤੁਮ ਮੇਰੋ ਕੀਨੋ ਉਪਕਾਰਾ॥ ਉਪਕਾਰੀਹਿ ਨਹਿ ਘਾਤ ਨਿਹਾਰਾ॥੪੦॥ ਲਾਗਹਿ ਤਾਤੀ ਪੌਨ ਨ ਤੋਹੀ॥ ਰਹਹੁ ਅਨੰਦ ਐਨ ਨਿਜ ਮੋਹੀ॥ ਦੀਨ ਤਿਹ ਅਸਹੁਕਮ ਸੁਨਾਮਾ॥ ਆਗੇਚਲੇ ਗੁਰੁ ਸਤ ਨਾਮਾ॥੪੧॥

ਸਾਖੀ॥੨੦੧॥ ਪਹੁਚੇ ਗ੍ਰਾਮ ਕਨੈਚ[1] ਕ੍ਰਿਪਾਲ੍ਹਾ॥ ਤਹ ਫੱਤਾ ਇਕ ਜਾਟ ਸੁਖਾਲਾ॥ ਆਇ ਪ੍ਰਯੋ ਸ੍ਰੀ ਸਤਗੁਰ ਚਰਨਾ॥ ਦੀਨ ਬੰਧੁ ਪ੍ਰਣ ਤਾਰਨ ਹਰਨਾ॥੧॥ ਸਮਯ ਅਨੂਪਮ ਆਪ ਬਨਾਯੋ॥ ਕਹਹੁ ਸੁ ਕਰਹੁ ਕਾਜ ਮਨ ਭਾਯੋ॥ ਸ੍ਰੀ ਮੁਖ ਕਹੀ ਕਿ ਤਵਾ[2] ਘਰ ਘੋਰੀ॥ ਅਹਹਿ ਅਨੂਠੀ ਦੈ ਅਬ ਛੋਰੀ॥੨॥ ਆਗਲ ਗ੍ਰਾਮ ਜਾਇ ਕਰ ਪਯਾਰੇ॥ ਫੇਰਹਿਗੇ[3] ਹਮ ਬੜਵਾ ਥਾਰੇ॥ ਸੁਨ ਫੱਤਾ ਘਰ ਪਰ ਜਬ ਗਯੋ॥ ਤਬ ਮਨ ਮੈ ਇਮ ਸੋਚਤ ਭਯੋ॥੩॥ ਸਰਬ ਨਾਸ ਕਰ ਕਿਅ ਅਸ ਹਾਲਾ॥ ਮੈ ਨ ਦੇਹੁ ਘੋਰੀ ਬਰ ਚਾਲਾ॥ ਇਕ ਟਟੂਵਾਨੀ ਲੈ ਕਰ ਖਰੀ॥ ਸ੍ਰੀ ਪ੍ਰਭ ਨਹਿ ਪਸੰਦ ਸੋ ਕਰੀ॥੪॥ ਰੇ ਫੱਤਾ ਕਤ ਮਿਥਯਾ[4] ਕਹੈ॥ ਹਮ ਨ ਲੇਹਿ ਕਾਰਜ ਭਰ ਚਹੈ॥ ਬੋਲਯੋ ਮੋਰ ਜਵਾਈ ਆਯੋ॥ ਲੈ ਘੋਰੀ ਸੋ ਕਤਹੁ ਸਿਧਾਯੋ॥੫॥ ਸ੍ਰੀ ਮੁਖ ਕਯੋ ਨ ਘੋਰੀ ਫੱਤਾ॥ ਹੁਤੋ ਸੁ ਪੱਤਾ ਭਯੋ ਕੁਪਤਾ॥ ਘਰ ਆਵਤ ਲਗ ਘੋਰੀ ਮਰੀ॥ ਦੇਖਤ ਭਸਯੋ ਨਾਗ ਪਗ ਧਰੀ॥੬॥ ਫੱਤਾ ਘੋਰੀ ਦੋਊ ਗਏ॥ ਗੁਰੁ ਬੇਮੁਖਤਾ ਕੇ ਫਲ ਭਏ॥ ਤਹ ਇਕ ਡੂੰਮ ਸੁਨੀ ਅਸ ਬਾਨੀ॥ ਦੀਨੀ ਨਿਜ ਘੋਰੀ ਹਰਖਾਨੀ॥ ਤਾਕਹਿ ਦੀਨ ਦਯਾਲ ਬਰਦਾਨਾ॥ ਤਾਕੇ ਦਾਰ ਅਜਹੁ ਹਯ ਥਾਨਾ॥ ਆਗੇ ਚਲੇ ਸਰਨ ਸੁਖ ਦਾਈ॥ ਹਾਜੀ ਬੇਖ ਧਰੇ ਨਰ ਰਾਈ॥੮॥

ਸਾਖੀ॥੨੦੨॥ ਸੋਹਤ ਕੇਸ ਸੁਚਿਕਨੇ ਕਾਰੇ॥ ਸਨਿਗਧ ਸੁਗਧਿਤ ਅਤਿ ਸਟਕਾਰੇ॥ ਕਰ ਕੰਕਨ ਅਤ ਲਖਤ ਸੁਹਾਯੋ॥ ਗੌਰ ਬਰਨ ਤਨ ਛਬਿ ਫਬਿ ਭਾਯੋ॥੧॥ ਸਯਾਮ[5] ਸਮਰ ਮੋਛ ਅਤਿ ਬਾਂਕੀ॥ ਤਿਕੁਟੀ ਕੁਟਿਲ ਕਮਾਨ ਨਿਕਾਸੀ॥ ਉਰ ਕਪਾਟ ਕੀ ਕੀਮਤਿ ਖੋਈ॥ ਚਲ ਦਲ ਦਲ ਦ੍ਰੁਤਿ ਓ ਧਰ ਬਿਗੋਈ॥੨॥ ਬ੍ਰਿਖਭ ਕੰਧ ਕੇ ਹਰ ਨਵਨ ਨਰ ਬਾਹਨ ਨਰ ਰਾਇ॥ ਚਲੇ ਜਾਤ ਮਗ ਤੁਰਕ ਦਰ ਆਭਾ ਕਰ ਦਿਨ ਰਾਇ॥੩॥ ਕਬਿਤ॥ ਖੰਡ ਕਰ ਅਖਿਲ ਘਮੰਡ ਖੰਡ ਪਤਿਨ ਕੈ ਜਿਨ ਤੇ ਅਖੰਡ ਰਹਯੋ ਕੋਊ ਨਾਹਿ॥ ਕਾਮਨਾ ਪੁਰਾਇ ਸਤਿ ਭਾਇ ਹਰ ਖਾਇ ਆਇ ਪੰਥ ਪ੍ਰਗਟਾਇ ਸਾਜਨਾ

---

1. ਕਨੇਚ ਪਿੰਡ, 2. ਤੇਰੇ, 3. ਮੋੜ ਦਿਆਂਗੇ, 4. ਝੂਠ, 5. ਕਾਲੀਆਂ ਸੁੰਦਰ ਮੁੱਛਾਂ

Sri Satguru Jagjit Singh Ji eLibrary NamdhariElibrary@gmail.com

ਸੁ ਸਾਜੀ ਕੋ॥ ਸੋਈ ਗੁਰ ਗੋਬਿੰਦ ਮ੍ਰਿਗਿੰਦ ਰਘੂਨਾਥ ਜਿਨ ਜਾਨਕੀ ਕੇ ਹੇਤ ਕੀਨੋ ਸਰਨ ਸਮਾਜੀ ਕੋ॥ ਕੀਨੇ ਭਕਤ ਹਾਜੀ ਸੋਭਾ ਕਾਮ ਤੇ ਬਿਰਾਜੀ ਉਰ ਭ੍ਰਮ ਕਾਜੀ ਐ ਨਿਮਾਜੀ ਰੂਪ ਹਾਜੀ ਕੋ॥੪॥ ਕਊ ਕਹੰ ਨਿਸਿ ਅਧਿਆਰ ਚੰਦ ਲੀਲੇ ਜਾਤ ਕੋਊ ਕਹੈ ਤਮ ਗੁਨ ਸਤ ਗੁਨ ਛਾਜੀ ਕੋ॥ ਕੋਊ ਕਹੈ ਹਿੰਦੂ ਸਾਹ ਸਾਚੋ ਸੋ ਗੁਬਿੰਦ ਸਿੰਘ ਜਿਨ ਰਨ ਕੀਨੋ ਲੀਨੋ ਲਾਖਨ ਤਨਾਜੀ ਕੋ॥ ਚੰਦ ਸੂਰ ਬਰਨੁ ਕੁਬੇਰ ਅਲੀ ਕੋਊ ਕਹੈ ਪਾਵਕ ਲਪਟ ਧੂਮ ਧਾਜੀ ਕੋ॥ ਬੜੇ ਬੜੇ ਕਾਜੀ ਖੜੇ ਹੇਰਤ ਨਿਮਾਜੀ ਚਕੇ ਚੋਕੇ ਔਜ ਕੇ ਸੋ ਹੇਰ ਜਾਤ ਰੂਪ ਹਾਜੀ ਕੋ॥੫॥ਚੋ:॥ ਸਭਨ ਛਲਤ ਨਹਿ ਆਪ ਛਲਾਇਆ॥ ਹੇਹਰ[1] ਗ੍ਰਾਮ ਮਾਹਿ ਪ੍ਰਭੂ ਆਇਆ॥ ਤਹਾਂ ਕ੍ਰਿਪਾਲ ਉਦਾਸੀ ਆਯੋ॥ ਕਰ ਬੰਦਨਿ ਗੁਰਧਾਮ ਟਿਕਾਯੋ॥੬॥ ਸੇਵਾ ਕਰੀ ਕਰੀ ਸਵਧਾਨੀ॥ ਲਾਗੀ ਸਭਾ ਸਮੁੰਦਰ ਜਾਨੀ॥ ਕਹੀ ਨਬੀ ਖਾਂ ਦੀਨ ਦਯਾਲਾ॥ ਸਿੰਘਨ ਹਮ ਸੰਗ ਛਕਯੋ ਰਸਾਲਾ॥੭॥ ਇਨ ਕੀ ਗਤਿ ਮਿਤਿ ਕਿਹ ਬਿਧਿ ਹੋਈ॥ ਕਹੀਐ ਕ੍ਰਿਪਾ ਸਿੰਘ ਗੁਰ ਸੋਈ॥ ਸਤਗੁਰੁ ਸਿੰਘ ਸਮੀਪ ਬੁਲਾਏ॥ ਨਿਰਖਤ ਸਾਧ ਸੰਤ ਸਮੁਦਾਏ॥੮॥ ਸ੍ਰੀ ਮੁੱਖ ਕਹੀ ਜੋ ਭੋਜਨ ਖਾਯੋ॥ ਦਿਖ ਰਾਵਹੁ ਨਿਸਚਰਿਤ ਸੁਹਾਯੋ॥ ਮਮਹਿਤ ਬਾਂਧ ਗਾਂਠ ਕੀਲਯਾਏ॥ ਸੋ ਸਭ ਦਿਖਰਾਵਹੁ ਸਮੁਝਾਏ॥੯॥ਦੋ:॥ ਸਿੰਘਨ ਸ੍ਰੀ ਪ੍ਰਭ ਚਰਨ ਢਿਗ ਕਹੀ ਸਪਥ ਕਰ ਭਾਇ॥ ਚਮ ਨਹਿ ਖਾਯੋ ਮਾਸ ਅਨ ਬਿਨਾ ਕੜਾਹ ਸੁਭਾਇ॥੧੦॥ਚੋ:॥ ਯਹ ਸ੍ਰੀ ਸਤਿਗੁਰ ਕਰ ਬਰਤਾਰਾ॥ ਰਾਖਯੋ ਹੁਕਮ ਮਾਨ ਤਿਹ ਬਾਰਾ॥ ਹਮ ਸਭ ਤੁਰਕ ਸੰਗ ਨਹਿ ਰਹੇ॥ ਬਿਲਗ ਛਕਤ ਬਿਲਗਹਿ ਹਮ ਬਹੇ॥ ਤੁਰਕਨ ਭਏ ਅੰਨ ਨਹਿ ਖਾਯੋ॥ ਸ੍ਰੀ ਗੁਰੁ ਸਾਹਿਬ ਧਰਮ ਬਚਾਯੋ॥ ਨਬੀ ਗਨੀ ਖਾਂ ਉਹ ਬਿਸਮਾਏ[2]॥ ਸਤਗੁਰ ਮਹਿਮਾ ਲਖ ਪਤਿ ਆਏ॥੧੨॥ਦੋ:॥ ਕਰਦ ਭੇਟ ਕਰ ਮਹਾਤਮ ਸ੍ਰੀ ਮੁਖ ਬਰਨਯੋ ਆਪ॥ ਯਾਤੇ ਛੂਟਤ ਪਾਪ ਸਭ ਪ੍ਰਾਪਤ ਪੁਨਯ ਪ੍ਰਭਾਤ॥੧੩॥ਚੋ:॥ ਕਰਦ ਭੇਟ ਬਿਨ ਪਿਅਹਿ ਨ ਪਾਨੀ॥ ਬਿੰਦੁ ਮਾਤ੍ਰ ਹੂੰ ਗੁਰੁ ਮੁਖ ਗਿਆਨੀ॥ ਸੋ ਖਾਲਸਾ ਮੋਹਿ ਅਤਿ ਪਯਾਰਾ॥ ਛਕਹਿ ਪ੍ਰਸਾਦ ਜੁ ਭੇਟ ਬਿਚਾਰਾ॥੧੪॥ ਭਯੋ ਭੇਟ ਨਹਿ ਜੋ ਪ੍ਰਸਾਦਾ॥ ਛਕਨ ਜੋਗ ਨਹਿ ਜੋ ਮਰਜਾਦਾ॥ ਸੁਰਾਸਮਾਨ ਸਲਿਲ ਸੋਜਾਨਾ॥ ਅੰਨ ਮਾਸ ਇਵ ਜਾਨ ਸੁਜਾਨਾ॥੧੫॥ ਕਰਦ ਨੇਮ ਤਿਨ ਜਾ ਕੇ ਮਹਾ॥ ਕੋਊ ਦੁਖ ਪ੍ਰਾਪਤ ਨਹਿ ਤਹਾਂ॥ ਸਮਉਪਵੀਤ ਕਰਦ ਨਿਤ ਧਾਰਾ॥ ਸੋ ਮੇਰੋ ਹੈ ਅਤਿ ਹੀ ਪਯਾਰਾ॥੧੬॥ ਮੋਹਿ ਨ ਚਢਤ ਭੇਟ ਬਿਨ ਆਨਾ॥ ਸੁਨਹੁ ਖਾਲਸਾ ਹੈ ਸਵਧਾਨਾ॥ ਭਾਂਗ ਜਦਪਿ ਨਹ ਪੀਵਨ ਜੋਗ॥ ਕਰਦ ਭੇਟ ਕਰ ਜੋਗ ਅਜੋਗ॥੧੭॥ ਕਰਦ ਭੇਟ ਕਰ ਜੋ ਕੁਛ ਛਕੈ॥ ਪਾਵਨ

---

1. ਹੇਰ ਪਿੰਡ,
2. ਹੈਰਾਨ ਹੋਏ

Sri Satguru Jagjit Singh Ji eLibrary NamdhariElibrary@gmail.com

ਜਾਲ ਅਪਾਵਨ ਤਕੈ॥ ਸੁਨ ਬਰਦਾਨ ਸਭਾ ਹਰ ਖਾਈ॥ ਬਾਰ ਬਾਰ ਚਰਨਨ ਲਿਪਟਾਈ॥੧੮॥ ਤਬ ਦੋਊ ਪਠਾਨ ਬੁਲਵਾਏ॥ ਕਰ ਕੰਕਨ ਜੜਾਊ ਪਹਿਰਾਏ॥ ਸੇਵਾ ਕੇ ਸਦਕੇ ਦਿਅਸਦਾ॥ ਸ੍ਰੀ ਗੁਰੁ ਬਰ ਲਿਖਿ ਕਰ ਕਰ ਪਟਾ॥੧੯॥ ਆਗੇ ਜਹ ਲਗ ਹੋਇ ਰਜਾਇ॥ ਪਹੁਚਾਵੇ ਹਮ ਸ੍ਰੀ ਗੁਰੁ ਰਾਇ॥ ਤਬ ਪ੍ਰਭ ਕਹੀ ਕਾਜ ਸਭ ਭਯੋ॥ ਨਿਰਭੈ ਰਹਹੁ ਸੁਖੀ ਘਰ ਜਯੋ॥੨੦॥ ਤੇ ਪਦ ਗਹਿ ਕਰ ਪੰਥ ਪਯਾਨੇ॥ ਇਤ ਕ੍ਰਿਪਾਲ ਮਨ ਮਾਨ ਮਲਾਨੇ॥ ਸਾਹਿਬ ਸਿੰਘ ਨ ਕੋਊ ਅਰੀ॥ ਨਹਿ ਕੋਊ ਮਿਤ੍ਰ ਸੁ ਜਨ ਜਪ ਧਰੀ॥੨੧॥ ਜਿਹਿ ਜਸ ਕਰ ਜਿਹ ਕਾਲ ਮਝਾਰੀ॥ ਸੋ ਤਸ ਹੋਤ ਸੁਨਹੁ ਨਿਰਧਾਰੀ॥ ਕਹਤ ਗਨੀ ਖਾਂ ਨਬੀ ਸਖਾਂਨਾ॥ ਕਹਾ ਕ੍ਰਿਪਾਲ ਸੰਤ ਮਤਿ ਮਾਨਾ॥੨੨॥ ਮਨ ਮਹਿ ਡਰ ਡੇਰਾ ਕੋ ਆਯੋ॥ ਤੁਰਕਨ ਸੰਗ ਬੈਰ ਦੁਖ ਪਾਯੋ॥ ਬੋਲਯੋ ਚਰਨ ਕਮਲ ਨਿਰ ਜਾਇ॥ ਮਹਾਰਾਜ ਡੇਰਾ ਲੁਟ ਜਾਇ॥੨੩॥ ਰਾਉਰ ਚਰਨ ਹਰਨ ਸੰਤਾਪਾ॥ ਲੰਮੀ ਚਲਹਿ ਬਚਹਿ ਪਰਤਾਪਾ॥ ਹਲਵਾਰੇ[1] ਵਾ ਅਰ ਤਲਵੰਡੀ॥ ਤੁਰ ਕੀ ਪੰਡ ਧਾਰਕ ਖਰ ਖੰਡੀ॥੨੪॥ ਸ੍ਰੀ ਮੁਖ ਕਹੀ ਸਿਦਕ ਤਵ ਗਯੋ॥੨੩॥ ਮੂਰਖਪਨ ਕਰ ਬਚਨ ਭਯੋ॥ ਹਮ ਤੋ ਕਰਹਿ ਤੁਰਕ ਕਰ ਨਾਸਾ॥ ਤੋ ਕਹਿ ਦੇਹਿ ਤੁਰਕ ਗਨ ਤ੍ਰਾਸਾ॥੨੫॥ ਇਮਿ ਦੈ ਸਾਪ ਰੈਨ ਤਹਿ ਰਹੇ॥ ਪ੍ਰਾਤ ਚਢਨ ਕੀਆ ਗਯਾ ਕਹੇ॥ ਇਕ ਕ੍ਰਿਪਾਲ ਕਰਹੁ ਤੋ ਭੰਡਾਰੀ॥ ਰਾਖਯੋ ਪੈਸਾ ਪਾਂਚ ਅਗਾਰੀ॥੨੬॥ ਤਾਕੇ ਨਰ ਸ੍ਰੀ ਸਤਿਗੁਰ ਦੀਨੋ॥ ਮੁਸਿਟ ਬੰਧ ਕਰ ਕਰ ਆਪ ਛੀਨੋ॥ ਰਾਖ ਖਜਾਨਾ ਯਹੈ ਅਮਾਨ॥ ਖੋਲ ਨ ਕਬਹੂੰ ਕ੍ਰਿਪਾਲ ਬਖਾਨਾ॥੨੭॥ ਖੋਲਨ ਕੀ ਮਰਜੀ ਕਬ ਕਰੀ॥ ਬਿਹਸੇ ਦੀਨ ਬੰਧੁ ਗੁਰ ਸਹੀ॥ ਦਸਮ ਗੁਰੂ ਯਾ ਬਚਨ ਬਖਾਨਾ॥ ਦਸਮ ਮਹੰਤ ਸੁ ਖੋਲ ਖਜਾਨਾ॥੨੮॥ ਸੋ ਅਬ ਲੌ ਤਿਨਕੇ ਢਿਗ ਰਾਖਾ॥ ਖੋਲਤ ਨਾਹਿਨ ਸਤਗੁਰ ਭਾਖਾ॥ ਜਾਟ ਬੁਲਾਇ ਮੰਚ ਉਠਵਾਈ॥ ਚਲੇ ਕ੍ਰਿਪਾਨਿਧਿ ਤਬ ਅਗਵਾਈ॥੨੯॥

ਸਾਖੀ॥੨੦੩॥ਚੌ:॥ ਸਮ ਸਰ ਚਲਹੁ ਜਬਹਿ ਪ੍ਰਭ ਕਹੀ॥ ਕਹੀ ਕ੍ਰਿਪਾਲ ਅੰਸ ਸਮ ਨਹੀ॥ ਸ੍ਰੀ ਮੁਖ ਕਹੀ ਹੋਏ ਸਮਜੈ ਹੈ॥ ਤੈਸਹਿ ਭਯੋ ਲਖਯੋ ਬਿਨ ਭੈ ਹੈ॥੧॥ ਪੰਚ ਮਲਾ ਗਯੋ ਸੰਤ ਕ੍ਰਿਪਾਲਾ॥ ਗਏ ਕਟਾਣੇ[2] ਦੀਨ ਦਯਾਲਾ॥ ਇਕ ਭਟ ਜੱਟੀ ਮਗ ਆਈ॥ ਪਲੰਗ ਉਠਾਇਸੁ ਔਸਰ ਪਾਈ॥ ਨਾਰਿ ਜਾਨਿ ਗੁਰੁ ਤਬ ਬਰਜਾਈ॥ ਮਾਗੁ ਮਾਗੁ ਕਹਿ ਹਿਤ ਇਤ ਆਈ॥ ਮਮ ਸੁਤ ਕੇ ਘਰ ਉਪਜਹਿ ਬੇਟਾ॥ ਦੀਨ ਬੰਧੁ ਸਭ ਦੁਖਨ ਸਮੇਟਾ॥੩॥ ਸ੍ਰੀ ਮੁਖ ਕੇਹੀ ਹੋਹਿ ਸੰਤਾਨਾ॥ ਸਾਤ ਸਾਤ ਹੈ ਬਯਾਹ ਮਹਾਨਾ॥ ਅਜਹੋ ਲੌ ਤਿਨ ਕੇ ਕੁਲ ਜੇਤੇ॥ ਅਧਿਕ ਬਿਬਾਹ ਬੰਸ ਸਭ ਤੇਤੇ॥੪॥

---

1. ਹਲਵਾਰਾ ਨਗਰ,
2. ਕਟਾਣਾ ਪਿੰਡ

Sri Satguru Jagjit Singh Ji eLibrary NamdhariElibrary@gmail.com

ਸਾਖੀ॥੨੦੪॥ ਨਰ ਬਾਹਨ ਪ੍ਰਗੁਰ ਅਘਹਾਰੀ॥ ਚਲੇ ਜਾਤ ਮੋਹਤ ਨਰ ਨਾਰੀ॥ ਥਿਰ ਹੈ ਪੁਨ ਪ੍ਰਭ ਆਗੇ ਗਏ॥ ਲਲੀ ਕੁਬੀ ਪਹੁਚ ਤਬ ਭਏ॥੫॥ ਤਹ ਇਕ ਬਟ ਕਰ ਬ੍ਰਿਖਜ ਨਿਹਾਰਾ॥ ਬੋਲਾ ਦੀਨ ਬੰਧੁ ਗੁਰ ਭਾਰਾ॥ ਯਹ ਰਸਾਲ ਤਹੁ ਕਹਤੇ ਆਯੋ॥ ਸਿੰਘ ਕਹੀ ਓਕੇ ਬਟ ਭਲ ਭਾਯੋ॥੬॥ ਤੀਨ ਬਾਰ ਪ੍ਰਭ ਕਹਾ ਰਸਾਲਾ॥ ਭਏ ਰਸਾਲ ਪਾਤ ਜਿਹ ਜਾਲਾ॥ ਜੋ ਨਨਕਾਰਤ ਸਿੰਘ ਸੁਜਾਨਾ॥ ਫਲਹੂੰ ਹੋਤ ਰਸਾਲ ਤਰ ਕਹਿ ਤੇ ਆਯੋ ਸਮਾਨਾ॥੭॥ ਸੋਹਤ ਅਜਹੁ ਸੁ ਗ੍ਰਾਮ ਮਝਾਰੀ॥ ਪੂਜਤ ਤਾ ਕਹਿ ਸਭ ਨਰ ਨਾਰੀ॥ ਪਾਤ ਰਸਾਲਾ ਲਾਗ ਬਟ ਫਲਾ॥ ਟੇਕਹਿ ਦੋਇ ਰੂਪ ਤਰ ਭਲਾ॥੮॥ ਬਹੁਤ ਦਿਨਨ ਲਗ ਜਖਮੀ ਕੋਊ॥ ਲਾਵਤ ਪਾਤ ਠੀਕ ਹੈ ਸੋਊ॥ ਕਬਹੂੰ ਕਾਹੁ ਡਾਰ ਤਿਹ ਕਾਟੀ॥ ਰੁਧਿਰ ਛੀਟ ਲਗਤਰੁ ਦੁਤ ਘਾਟੀ॥੯॥ ਬਿਘਨ ਹੋਨ ਲਾਗ ਜਬਤਿ ਮੰਦਰ॥ ਬਕਸਾਯੋ ਪੁਨ ਤਰੁ ਬਰ ਤੇ ਡਰ॥ ਤਾਤੇ ਬਢ ਆਗੇ ਗੁਰੁ ਗਏ॥ ਲੰਮੇ ਜਟ ਪੁਰੇਂ ਮਹਿ ਆਏ॥੧੦॥

ਸਾਖੀ॥੨੦੫॥**ਚੌ**:॥ ਤਹ ਰਹਿ ਇਕ ਬਰਧਾ ਤਿਰਖਾਨੀ[2]॥ ਧਾਰਤ ਆਸ ਉਰ ਸੁਖਦਾਨੀ॥ ਕਬਹੁ ਜੁ ਸ੍ਰੀ ਸਤਗੁਰੁ ਇਤ ਆਵੈ॥ ਮੋ ਗਰੀਬਨੀ ਘਰ ਪਗ ਪਾਵੈ॥੧॥ ਕਬਹੁਨ ਅਸਤਿਹ ਆਮਦ ਆਈ॥ ਬਢੈ ਏਕ ਰੋਟੀ ਹੂੰ ਖਾਈ॥ ਦਿਨ ਬਹੁ ਬੀਤ ਚੀਤ ਸਚਿਤਾਰੀ॥ ਬਿਕਯੋ ਸੂਤ ਕਬ ਮਿਲਿ ਦੁਇ ਚਾਰੀ॥੨॥ ਤਾਕੇ ਘਰ ਗੁਰਦੇਵ ਪਧਾਰੇ॥ ਹਾਜੀ ਰੂਪ ਧਰੇ ਹਿਤ ਕਾਰੇ॥ ਜਬ ਗੁਰ ਨਾਨਕ ਮੱਕੇ ਗਏ॥ ਹਾਜੀ ਰੂਪ ਆਪ ਤਬਿ ਭਏ॥੩॥ ਸੋਈ ਸਰੂਪ ਦਸਮਗੁਰੁ ਧਰਾ॥ ਦਸਹੁ ਮਹਲ ਇਕ ਜੋਤ ਨਿਹਾਰਾ॥ ਇਤ ਜ ਰਾਵ ਰਾਇ ਜੋ ਕਲਾ॥ ਰਾਏ ਕੋਟ ਰਹਿ ਸੂਰ ਸੁ ਭਲਾ॥੪॥ ਸੁਨ ਸੁਨ ਕਥਾ ਸੁ ਗੁਰੁ ਦੁਖ ਦੀਨਾ॥ ਹਿੰਦੂ ਅਹਿੰਦੂਨ ਸਭ ਸੁਖ ਛੀਨਾ॥ ਸਤਗੁਰੁ ਸੋਭਾ ਓਜ ਪ੍ਰਮਾਨਾ॥ ਹਤ ਦੀਜੇ ਲਾਖਨ ਤੁਰਕਾਨਾ॥੫॥ ਕੰਚਨ ਮਾਟੀ ਸਮ ਸਰ ਜਹਾਂ॥ ਪਰਖੇ ਪ੍ਰੀਤ ਹਿਏ ਕੀ ਮਹਾਂ॥੬॥ ਪਰਹੁ ਚਰਨ ਅਮੋਲ ਪ੍ਰਤਾਪਾ॥ ਜਪਤ ਜਾਸੁ ਯਹ ਸਭ ਜਗ ਜਾਪਾ॥੭॥ ਚਿਤਵਹਿ ਰਾਇ ਦਰਸ ਕਿਮਿ ਪਾਉਂ॥ ਤੁਰਕ ਸਰੀਰ ਹੇਰ ਜਕ ਪਉਂ॥ ਚਢਯੋ ਚੁਬਾਰੇ ਰਾਇ ਬਿਚਾਰੈ॥ ਤਰੁਬਾ ਨਿਜ ਬਾਨਿਜਯ ਪਸਾਰੈ॥੭॥ ਤਹ ਤਿਰਖਾਨੀ ਨਿਸਿ ਮਹਿ ਆਈ॥ ਲਈ ਰਸਦ ਕੜਾਹ ਹਰਖਾਈ॥ ਕੱਲੇ ਲਖੀ ਗੁਰੂ ਇਹਿ ਧਾਮਾ॥ ਨਤੁ ਕਿ ਕਰਇ ਕੜਾਹ ਇਤ ਬਾਸਾ॥੮॥ ਸੰਗ ਸੰਗ ਤਿਹਿ ਰਾਉ ਸਿਧਾਨਾ॥ ਨਿਰਖਤ ਨਾਰੀ ਅਤਿ ਭਯ ਮਾਨਾ॥ ਕਲੇ ਕਹੀ ਨ ਉਰ ਡਰਮਾਈ॥ ਦਰਸਨ ਕਰਨ ਚਹਤ ਗੁਰ ਰਾਈ॥੯॥ ਲਖ ਮੁਖ ਤੁਰਕਨ ਉਰ ਭਯਮਾਨਾ॥ ਕਲੇ ਕੋ ਸੁਭਾਉ ਜਗ ਜਾਨਾ॥ ਬਾਹਰ ਦ੍ਵਾਰ

---

1. ਪਿੰਡ ਦਾ ਨਾਮ,
2. ਤਰਖਾਣ ਜਾਤ ਦੀ

Sri Satguru Jagjit Singh Ji eLibrary NamdhariElibrary@gmail.com

ਖਰੋਕਰ ਕਲਾ॥ ਬਿਰਧਾ ਗਈ ਜਗਤ ਪਤਿ ਭਲਾ॥੧੦॥ ਸ੍ਰੀ ਮੁੱਖ ਕਹੀ ਛੋਰ ਕਤ ਆਈ॥ ਲੈ ਆਵਹੁ ਕੱਲੇਹਿ ਸਮਝਾਈ॥ ਆਇ ਚਰਨ ਰਜਕ[1] ਲਏ ਲਾਈ॥ ਦੁਨੀ ਦੀਨ ਮੈ ਲਈ ਬਡਾਈ॥੧੧॥ ਤੀਨ ਦਿਵਸ ਪ੍ਰਭ ਤਹਾਂ ਬਿਰਾਜੇ॥ ਕਲਾ ਰਾਏ ਸੇਵ ਸਾਜੇ॥ ਤਿਖਾਨੀਹਿ ਦੀਨੋ ਬਰਦਾਨਾ॥ ਤਵ ਕੁਲ ਹ੍ਵੈ ਹੈ ਨਿਸਚੇ ਵਾਨਾ॥੧੨॥

ਸਾਖੀ॥੨੦੬॥ਦੋ:॥ ਕਰਸ ਪ੍ਰੇਮ ਕਰੁਨ ਕਰਨ ਕੱਲੇ ਕੇ ਸੰਗ ਆਇ॥ ਰਾਏ ਕੋਟ ਬੈਠਤ ਭਏ ਜਗ ਰਾਵੀ ਕੀ ਜਾਇ॥੧॥ਚੋ:॥ ਸੰਗ ਸਪਾਹ ਤੀਨ ਸੈ ਲੀਨੇ॥ ਬੈਠੇਯੋ ਕਲਾ ਰਾਏ ਯਕੀਨੇ॥ ਕਹਤ ਰਾਇ ਸਮਰਥ ਸਭ ਭਾਤੀ॥ ਕਰਹੁ ਨਾਥ ਨਰ ਲੀਲਾ ਖਯਾਤੀ॥੨॥ ਸਭ ਬਿਧਿ ਸਮਰੱਥ ਹਮ ਪਹਿਚਾਨੇ॥ ਅੰਤਰ ਕੀ ਗਤਿ ਮਿਤਿ ਪਹਿਚਾਨੇ॥ ਕਹਾ ਕਰਹੁਕਛੁ ਜਾਨਨ ਜਾਈ॥ ਹੈ ਨਿਰਲੇਪ ਸਕਲ ਜਗਰਾਈ॥੩॥ ਸ੍ਰੀ ਮੁਖ ਕਹੀ ਜੁ ਹਰਿ ਕੀ ਮਰਜੀ॥ ਤਾ ਮੈ ਹਮ ਕਛੁ ਕਰਹਿ ਨ ਅਰਜੀ॥ ਯਹ ਸੰਤਨ ਕਰ ਗਏ ਮਹਾਨਾ॥ ਜੋ ਜਸ ਕਰਤ ਸੁ ਤਿਹਿ ਤਸ ਪਾਨਾ॥੪॥ ਕਹਿ ਕਲਾ ਕਛੁ ਅਹਿ ਇਤ ਰਹਿਏ॥ ਸਭ ਸੰਤਾਪ ਦਾਸ ਕੇ ਦਹਿਏ॥ ਤੁਰਕ ਸਰੀਰ ਮੋਰ ਪ੍ਰਭ ਜਦਯਪਿ॥ ਚਰਨਨ ਸੇਵਕ ਜਾਨਿ ਬ ਤਦਯਪਿ॥੫॥ ਬਚਨ ਭਯੋ ਮਾਤਾ ਜੀ ਗੂਜਰੀ॥ ਸਹਿ[2] ਪੋਤ੍ਰਨ[3] ਕੇ ਸਿਰਹੰਦ[4] ਸਰੀ॥ ਭਈ ਤਿਨਹੁੰ ਸੰਗ ਕੈਸੀ ਰਾਇ॥ ਮੰਗਵਾਵਹੁ ਸੋ ਖ਼ਬਰ ਪਛਾਇ॥੬॥ ਰਾਇ ਕੋਟ ਤੇ ਸਰਹਿੰਦ ਮਹੀ॥ ਚਲਿਸ ਕੋਸ ਰਾਏ ਤਬ ਕਹੀ॥ ਇਕ ਮਾਹੀ ਬੁਲਾਇ ਪਠਵਾਯੋ॥ ਆਵਹੁ ਸੀਘ ਤਾਹਿ ਸਮਝਾਯੋ॥੭॥ ਲਾਗਯੋ ਸਤਿਗੁਰ ਨਿਕਟ ਦਿਵਾਨਾ॥ ਬੈਠਯੋ ਰਾਇ ਅਮਿਤ ਹਿਤ ਸਾਨਾ॥ ਚਲੀ ਸਭਾ ਮਹਿ ਬਾਤ ਅਨੇਕਾ॥ ਬੋਲਯੋ ਨੇਕ ਮਰਦ ਇਕ ਨੇਕਾ॥੮॥ ਮਹਾਰਾਜ ਜੀ ਰਾਇ ਮਹਾਨਾ॥ ਜਦਯਪਿ ਤੁਰਕ ਦੇਹ ਦਿਖਰਾਨਾ॥ ਮੈ ਮਤ ਯਾਕੀ ਹਿੰਦੂ ਸ੍ਵਾਮੀ॥ ਕਬਹੂ ਕ੍ਰਿਪਾ ਨਿਧਿ ਅੰਤਰ ਜਾਮੀ॥੯॥ ਗ੍ਰਾਮ ਤਿਹਾੜਾ ਬਸਤ ਜੁ ਭਾਰਾ॥ ਤਹ ਕਿਯ ਕਿਨਗੋ ਬਧਨਿ ਜੁ ਦ੍ਵਾਰਾ॥ ਸੁਨਤ ਰਾਇ ਤਾਂ ਪਰ ਚਢ ਧਾਯੋ॥ ਤਿਹਾਰੀਨ ਕਹਿ ਮਾਰ ਭਗਾਯੋ॥੧੦॥ ਬਰਸ ਏਕ ਲਗ ਮੁਰਚਾ ਰਹਾ॥ ਸਰਨ ਸਰਨ ਸਭਹਨ ਤਬ ਕਹਾ॥ ਰਾਇ ਕ੍ਰਿਪਾ ਕਰਤਬ ਤਿਨ ਤਯਾਗਾ॥ ਗਊ ਹੇਤ ਕਿਅ ਕਸਟ ਸਭਾਗਾ॥ ਦੋਹਰਾ॥ ਤਬ ਲਿਖ ਦੀਓ ਕਾਰ ਇਮ ਅਬ ਗੋ ਬਧ ਨਹਿ ਹੋਇ॥ ਜਾਸਿ ਨ ਸਤਦ੍ਰੁਨਦਿ ਦੀਯੋ ਰਾਇ ਤਜੇ ਤਬ ਸੋਇ॥੧੨॥ਚੋ:॥ ਬਰਖ ਬਿਤੇ ਤਬ ਗੋਬਧ ਕਰਾ॥ ਰਾਇ ਧਯਾਨ ਸਤ ਦ੍ਰਵ ਧਰਾ॥ ਸਾਤ ਕੋਸ ਤੇ ਨਦ ਤਬ ਆਯੋ॥ ਤਿਹਾਰੀਨ ਕਰ ਗ੍ਰਾਮ ਬਹਾਯੋ॥੧੩॥ ਸ੍ਰੀ ਮੁਖ ਕਹੀ ਧਰਮ ਗ ਗਈ॥ ਪਰਲੋਕਹੁ ਸੁਖ ਹੈ ਅਧਿਆਈ॥ ਜਾਸ ਧਰਮ ਬ੍ਰਿਤ ਚਿਤ ਅਨਸਾਰਾ॥ ਤਾਹਿਨ ਕਬਹੁ ਹੋਤ ਦੁਖ ਭਾਰਾ॥੧੪॥ ਉਭੈ ਲੋਕ ਸੁ ਸੁਖੀਸੁ ਜਾਨਾ॥ ਗਊ ਗ੍ਰੀਬ ਕਰ ਤਹਿ ਹਿਤ ਜਾਨਾ॥ ਰਾਇ

---

1. ਚਰਨ ਧ੍ਰੁੜ, 2. ਸਹਿਤ, 3. ਪੋਤਰਿਆਂ, 4. ਸਰਹੰਦ

Sri Satguru Jagjit Singh Ji eLibrary NamdhariElibrary@gmail.com

ਪਰਯੋ ਚਰਨਨ ਪਰ ਧਾਈ॥ ਯਹ ਸਭ ਗਉਰ ਕ੍ਰਿਪਾ ਬਡ਼ਾਈ॥੧੫॥ ਬੀਤ ਦੋਪਹਰ ਜਬ ਇਹ ਭਾਤੀ॥ ਪੂਛੀ ਮਾਹੀ ਕੀ ਸੁਧ ਖਯਾਤੀ॥ ਰਾਇ ਕਹੀ ਇਕ ਦਿਨ ਮਹਿ ਜੈ ਹੈ॥ ਦੂਸਰ ਦਿਵਸ ਸੁਧ ਪਹੁਚੈ ਹੈ॥੧੬॥ ਦੈ ਘਟਿਕਾ ਬੀਤੇ ਪੁਨ ਕਹੀ ਨਿਰਖਹੁ ਤਰ ਚਢ ਆਵਤ ਅਹੀ॥ ਕਹੀ ਰਾਇ ਨਹਿ ਪਹੁਚਯੋ ਸਾਮੀ॥ ਕਿਮ ਐਹੇ ਪ੍ਰਭ ਅੰਤਰਜਾਮੀ॥੧੭॥ ਡੇਢ ਪਹਰ ਜਬ ਦਿਨ ਮਨ ਰਹਾ॥ ਸਾਚੇ ਪਾਤਸਾਹ ਪੁਨ ਕਹਾ॥ ਤਰ[1] ਪਰ ਚਢ ਨਿਰਖਹਿ ਅਬ ਕੋਈ॥ ਆਵਤ ਹੈ ਹੈ ਮਾਹੀ ਸੋਈ॥੧੮॥ ਬਚਨ ਮਾਨ ਨਰ ਤਰ ਸੁ ਚਢਾਯੋ॥ ਆਵਤਿ ਨਿਰਖਿਆ ਚਰਜਯ ਪਾਯੋ॥ ਸ੍ਰੀ ਪ੍ਰਭ ਆਵਤ ਹੈ ਅਬ ਮਾਹੀ॥ ਰਾਉਰ ਗਤਿ ਕਉ ਲਖਨਸਕਾਹੀ॥੧੯॥ ਮਾਹੀ ਆਇ ਚਰਨ ਪਰ ਪਰਾ॥ ਦੁਖ ਸਮਾਜ ਸਭ ਬਰਨਰ ਕਰਾ॥ ਲਿਖਤ ਪਢਤ ਜਿਹ ਉਰ ਅਲਕਾਵੈ॥ ਮਾਹੀ ਸੁ ਸੰਬਾਦ ਸੁਨਾਵੈ॥

ਸਾਖੀ॥੨੦੭॥ ਦੀਨ ਬੰਧ ਇਤ ਤੇ ਮੈ ਗਯੋ॥ ਦੁਖਿਤ ਸੰਬਾਦ ਸੁਨਤ ਅਤਿ ਭਯੋ॥ ਪ੍ਰਭ ਸੋ ਜਬ ਬਿਛਰੀ ਬਡ ਮਾਤਾ॥ ਸੰਗ ਸਹਾਈ ਦਿਜ ਦੁਖ ਦਾਤਾ॥੧॥ ਮਗ ਮਹਿ ਸੇਵਾ ਸਜਤ ਸੁ ਆਯੋ॥ ਨਿਜ ਘਰ ਖੇੜੀ ਪਿੰਡ ਟਿਕਾਯੋ॥ ਲਾਦੀ ਮੁਹਰਨ ਖਚਰ ਜੋਈ॥ ਏਕ ਸੰਗ ਉਤਰਾਈ ਸੋਈ॥੨॥ ਰੈਨ[2] ਪਰੀ ਜਬ ਸਭ ਸੈ ਗਏ॥ ਮੁਹਰਨ ਦਾਬਤ ਦਿਜ ਜੂ ਭਏ॥ ਪ੍ਰਾਤ ਭਏ ਦਿਜ ਮਾਤਹਿ ਕਹੀ॥ ਇਹਾ ਚੋਰ ਅਧਿਕੈ ਜਿਅ ਲਹੀ॥੩॥ ਰਾਖੀ ਕਰ ਕਰ ਕੈ ਤਕਰਾਈ॥ ਜਾਤੇ ਕਬਹੁ ਹੈ ਪਕਰਾਈ॥ ਜੋਖਿਮ[3] ਜਮਾ ਸੰਗ ਦੈ ਬਾਲਕ॥ ਕਰਿਨ ਕਾਲ ਯਹ ਅਤਿ ਚਿਤ ਪਾਲਕ॥੪॥ ਤਬ ਮਾਤਾ ਜੀ ਸੁਰਤ ਸੰਭਾਰੀ॥ ਸੁਤ ਬਿਜੋਗ ਬਯਾਕੁਲ ਚਿਤ ਭਾਰੀ॥ ਮੁਹਰਨ ਕੀ ਖੁਰਜੀ ਨਹਿ ਇਹਾਂ॥ ਦਿਜ ਸੁ ਅਪਰ ਬਸਤ ਸਭ ਮਹਾ॥੫॥ ਬਚਨ ਸੁਨਤ ਦਿਜ ਉਚ ਪੁਕਾਰਾ॥ ਕੀਓ ਜ ਹਮ ਤੁਮਰੋ ਉਪਕਾਰ॥ ਸਰਨ ਦਈ ਕਰ ਯਹ ਫਲ ਦੀਨੋ॥ ਚੋਰੀ ਲਾਇ ਧਰਮ ਮਗ ਛੀਨੋ॥੬॥ ਨਿਕਸਹੁ ਹਮਰੇ ਗ੍ਰਹ[4] ਤੇ ਅਬੈ॥ ਦਯੋ ਬਸੇਰੋ ਕੋ ਫਲ ਸਬੈ॥ ਮਾਤਾ ਸੁਨਤ ਤਬੈ ਤਜ ਭਾਹੀ॥ ਗਈ ਗ੍ਰਾਮ ਦੂਸਰੇ ਕੇ ਮਾਹੀ॥ ਮਿਲਿ ਦਿਜ ਤਬਹਿ ਚੌਧਰੀ ਸੰਗਾ॥ ਗਯੋ ਮੋਰੜੇ[5] ਗ੍ਰਾਮ ਨਿਸੰਗਾ॥ ਗੁਰ ਮਾਤਾ ਕੀ ਖਬਰ ਬਿਤਾਈ॥ ਸੰਗ ਸੋਹਦ੍ਰੈ ਸੁਤ ਗੁਰਭਾਈ॥੮॥ ਸੁਨਤਹਿ ਤਿਨ ਕੀਨੀ ਤ ਕਰਾਈ॥ ਸਿਰਹੰਦ ਮਹਿ ਖਬਰ ਪਹੁਚਾਈ॥ ਬੁਰਜ ਬਜੀਰੈ ਮਾਤ ਉਤਾਰੀ॥ ਜਾਨੀ ਮਾਨੀ ਰਖ ਰਖਵਾਰੀ॥੯॥ ਗ੍ਰਾਮ ਨਾਰਿ ਨਰ ਗਾਰਿਨਿ ਕਾਰਹਿ॥ ਦਿਜ ਰੰਘੜਹਿ ਮਹਾ ਹਤਯਾਰਹਿ॥ ਪ੍ਰਾਤ ਭਏ ਮੋਰੜ ਪਤਿ ਕਹੀ॥ ਮਾਤ ਸੁਨਹੁ ਬਚਨ ਮਮ ਸਹੀ॥੧੦॥ ਸੂਬਾ ਸਾਹਬ ਦਰਸਨ ਹੇਤ॥ ਚਾਹਤ ਹੈ ਤਵ ਸੁਤਨ[6] ਸਮੇਤ॥ ਖਾਨ ਵਜੀਰ ਦੇਖ ਖੁਸ ਹੋਈ॥ ਪੁਨ ਐਹੈ ਪੋਤੇ ਤਵ ਦੇਈ॥੧੧॥ ਮਾਤ ਕਹੋ ਕਿ ਮੇਰੇ ਪਾਲਕ॥ ਏ ਨਾਹਿਨ ਸਤਗੁਰ ਕੇ ਬਾਲਕ॥ ਬਿਨਾਮਾਤ ਕਿਮਿ ਰਹਿ ਸਕ

---

1. ਰੁੱਖ, 2. ਰਾਤ, 3. ਖਤਰਾ, 4. ਘਰ, 5. ਮੋਰਿੰਡੇ, 6. ਪੁਤਰਾਂ

Sri Satguru Jagjit Singh Ji eLibrary NamdhariElibrary@gmail.com

ਖਿਨਾ॥ ਏ ਮੇਰੇ ਪਾਲਕ ਜਿਅ ਗੁਨਾ॥੧੨॥ ਰੰਘੜ ਜਾਇ ਖਾਨਸੋ ਕਹੀ॥ ਤਹ ਇਕ ਖਤ੍ਰੀ ਬੈਠੋ ਰਹੀ॥ ਸੁਚਹ ਨੰਦ ਨਾਮ ਜਿਹ ਕਹੈ॥ ਝੂਠਾ ਨੰਦ ਸਦਾ ਜੋ ਲਹੈ॥੧੩॥ ਸਾਹੀ ਚੰਦ ਕੋ ਸੋ ਪੋਤਾ॥ ਪੂਰਬ ਬੈਰ ਬਿਚਾਰਸ ਹੋਤਾ॥ ਕਹਤ ਭਯੋ ਏ ਗੁਰ ਕੇ ਤਾਤਾ[1]॥ ਛਲ ਕਰ ਮਾਤਨ ਤਜਤ ਬਿਭਾਤਾ॥੧੪॥ ਸਖਤ ਹੁਕਮ ਤਬ ਦੀਨੋ ਖਾਨਾ॥ ਆਏ ਮੋਰੜ ਪਤਿ ਬਲਵਾਨਾ॥ ਬਿਰਧਮਾਤ ਗੂਜਰੀ ਦੋਊ॥ ਰਾਖੇ ਜਾਅ ਤਰੇ ਧਨ ਜੋਊ॥੧੫॥ ਰੋਦਤਿ ਸੋਦਤਿ ਗੁਰਬਰ ਬਚਨਾਂ॥ ਨਹਿ ਮਾਨੀ ਸੁਭਈ ਅਬ ਰਚਨਾ॥ ਕਾਇਨ ਕੀ ਮਾਤਾ ਕਹਿ ਕਹਿ ਹੋਂ॥ ਕੈਸੇ ਪ੍ਰਾਨ ਸੁ ਪੋਤ੍ਰ ਬਚੈਹੋਂ॥੧੬॥ ਸਤਗੁਰ ਨਹਿ ਜਾਨੈ ਕਿਤ ਗਏ॥ ਕਾ ਬਹੁ ਅਨ ਕੇ ਡੇਰੇ ਭਏ॥ ਬਾਰ ਬਾਰ ਸੋਚਤ ਇਮ ਮਾਤਾ॥ ਸਾਗਰ ਸੋਕ ਮਗਨ ਬਿਨ ਸ਼ਾਤਾ॥੧੭॥ ਕਿਹਿ ਉਪਾਉ ਕਰ ਪੋਤ੍ਰ ਬਚਾਵੋ॥ ਕਾ ਕਹਿ ਕਰ ਦੁਸਟਹਿ ਸਮਝਾਵੋ॥ ਸ੍ਰੀ ਜੁਝਾਰ ਸਿੰਘ ਸੀਸ ਨਿਕਾਸਾ॥ ਮਾਤਾ ਸਮਯ ਨ ਸੋਕ ਪ੍ਰਕਾਸਾ॥੧੮॥ ਇਨ ਕੀ ਜਰ ਮੂਲ ਬਿਲਾਨੀ॥ ਇਤਨੋ ਸਮਝ ਲੇਹੁ ਮਨਮਾਨੀ॥ ਮੋਰੜ ਪਤ ਰੰਘੜ ਬਲਵਾਨਾ॥ ਬਦਤ ਕੁਬਚਨ ਨਿਕਟ ਦੁਖ ਦਾਨਾ॥੧੯॥ ਤਰਜ ਹਾਥ ਤੇ ਤਬ ਲੈ ਗਯੋ॥ ਫਤੇ ਸਿੰਘ ਸਾਹਿਬ ਤਬ ਕਹਯੋ॥ ਮਾਤਾ ਜੀ ਮਤ ਚਿੰਤਾ ਕਰੋ॥ ਸਮਯ ਸਮਯ ਕੀ ਸਮਝਨ ਕਰੋ॥੨੦॥ ਪਹੁਚ ਤਰਾਂ ਰੰਘੜ ਬਚ ਕਹਾ॥ ਜਹਾ ਬਜੀਦ ਖਾਂ ਬੈਠਾ ਰਹਾ॥ ਤਵ ਪਿਤ ਮਰਯੋ ਭ੍ਰਾਤਦੈ ਸੰਗਾ॥ ਕਰ ਕਰ ਅਧਿਕ ਚਮਕਵਰ[2] ਜੰਗਾ॥੨੧॥ ਤੁਮ ਦੁਉ ਖਾਨਹਿ ਕਰਹੁ ਬੰਦਗੀ॥ ਬਕਸਹਿਗੋ ਤਬ ਪ੍ਰਾਨ ਮੰਦਗੀ॥੨੨॥ ਸ੍ਰੀ ਜੁਝਾਰ ਸਿੰਘ ਤਬਹੀ ਕਹੀ॥ ਪਿਤਾ ਅਕਾਲ ਗੁਬਿੰਦ ਸਿੰਘ ਸਹੀ॥ ਹਮ ਅਬ ਕਾ ਕਹਿ ਸੀਸ ਨਿਵਾਵੈ॥ ਬਿਨ ਸਤਗੁਰੁ ਨਹਿ ਦ੍ਰਿਸ਼ਟ ਚਲਾਵੈ॥ ਬਹੁ ਤਨ ਕਹੀ ਸਭਾ ਕੇ ਮਹੀ॥ ਬਾਲਕ ਸੀਰ ਖੋਰ ਏ ਆਹੀ॥ ਜਸ ਨਿਜ ਨਿਲਯ ਸੁਨਤ ਨਿਤ ਰਹੇ॥ ਤਸ ਬਚ ਚਾਉਰ ਸਨ ਸੁਖ ਕਹੇ॥੨੪॥ ਬਾਲਹਿ ਭਾਵ ਅਭਾਵਨ ਕੋਈ॥ ਯਾਮੈ ਨਾਹਿ ਕੋਪ ਕਛੁ ਹੋਈ॥ ਸਾਹੀ ਸੁਚੇ ਖਤ੍ਰੀ[3] ਕਹੀ॥ ਨਾਗਨ ਕੇ ਬਚੇ ਇਹ ਅਹੀ॥੨੫॥ ਏ ਬਿਸ ਭਰੇ ਬੰਸ ਬਿਖ ਭਰੀ॥ ਬੋਲਹਿ ਬਚਨ ਸੁਚਾ ਰਿਸ ਧਰੀ॥ ਕਹੀ ਵਜੀਦ ਖਾਨ ਸੁਨ ਲੀਜੈ॥ ਆਪ ਆਪਯੋ ਜੋ ਜਿਅ ਕੀਜੈ॥੨੬॥ਦੋ:॥ ਏਕ ਕਬੂਲ ਸਰਹ[4] ਕਰੋ ਧਰੋ ਅਨੰਦ ਉਰਮਾਹਿ॥ ਬਿਚਰਹੁ ਜਿਤ ਚਿਤ ਚਹਿ ਚਲਨ ਲੈ ਸਰਦਾਰੀ ਯਾਹਿ॥੨੭॥ ਕਹੀ ਜੁਝਾਰ ਸਿੰਘ ਤਬ ਨੀਕੇ॥ ਸੁਨਹੁ ਖਾਨ ਜੀ ਬਚਨ ਜੀਕੇ॥ ਜਿਹਿ ਖਾਨਲ ਕੀ ਬੁਧ ਬਗਾਈ॥ ਸਤਯ ਅਸਤਯ ਸਤਯ ਸਤ ਪਾਈ॥੨੮॥ ਤੁਮਰੀ ਸਰਹ ਸੀਸ ਮਮ ਜੁਤੀ॥ ਨਹਿ ਭਾਜਹਿ ਤੁਮਰੀ ਕਰ ਕੁਤੀ॥ ਤੁਰਕ ਪਹਾਰੀ[5] ਹ੍ਵੈ ਹੈ ਨਾਸਾ॥ ਰਾਜ ਖਾਲਸਾ ਕਰਹਿ ਪ੍ਰਕਾਸਾ॥੨੯॥ ਹਿੰਦੂ ਨ ਧੰਨਯ ਧਨਯ ਅਨਮਹੀ॥ ਬੋਲਯੋ ਸਾਹੀ ਤਬਹੀ ਤਹੀ॥ ਜਾਸ ਪਿਤਾਮਹਿ ਪਿਤ

---

1. ਪੁੱਤਰ, 2. ਚਮਕੌਰ, 3. ਸੁੱਚਾ ਨੰਦ ਖਤਰੀ, 4. ਮੁਸਲਮਾਨ ਧਰਮ, 5. ਮੁਗਲਾਂ ਤੇ ਪਹਾੜੀਆਂ

Sri Satguru Jagjit Singh Ji eLibrary NamdhariElibrary@gmail.com

ਕਸਾਈ॥ ਮਾਰੇ ਗੁਰ ਹਰਿ ਗੋਬਿੰਦ ਰਾਈ॥੩੦॥ ਪੁਨ ਬੋਲਯੋ ਇਨ ਕੀ ਕਰਤੂਤਾ॥ ਲਖੀ ਕਿਨਹੀ ਜਨਾਬ ਬਹੂਤਾ॥ ਏਕ ਸਾਪਨ ਕੇ ਪੋਏ ਪਾਲੇ॥ ਕਾਟਹਿ ਔਸਰ ਪਾਇ ਨਿਰਾਲੇ॥੩੧॥ ਤਾਤੇ ਇਨ ਕਰ ਬਧ[1] ਕਰ ਦੀਜੈ॥ ਬਾਰ ਬਾਰ ਕੋ ਸੰਕਟ ਛੀਜੈ॥ ਤਹਾਂ ਮਲੇਰੀ ਰਹੇ ਪਠਾਨਾ॥ ਤਿਨ ਬਰ ਜੀਤ ਬਤਾਹਿ ਨਿਧਾਨਾ॥੩੨॥ ਇਨਹਿ ਮਾਰ ਠਲ ਪੈ ਹੌਂ ਕਹਾਂ॥ ਸੀਰ ਖੋਰ ਬਾਲਕ ਗੁਰ ਨਹਾਂ॥ ਹੋਤ ਅਨੀਤ ਇਨਹੁ ਸਨ ਬੁਰਾ॥ ਜਾਸੋ ਬੈਰਨ ਤਿਹ ਕਛੁ ਦੁਰਾ॥੩੩॥ ਜੋ ਗੁਰੁ ਗੋਬਿੰਦ ਸਿੰਘ ਕਹਿ ਮਰੋ॥ ਤੋ ਹਮ ਜਾਨਹਿ ਸੁ ਬਲ ਤਿਹਾਰੋ॥ ਝੂਠੇ ਨੰਦ ਕਹੇ ਇਸ ਕਰੋ॥ ਸਸਤ੍ਰ ਅਸਤ੍ਰ ਸੁਖਿਲੋਨਾ ਧਰੋ॥੩੪॥ ਦੇਖਹੁ ਲੇਹਿ ਕਵਨ ਕਰ ਮਾਹੀ॥ ਜਾਨਹੁ ਇਨ ਕੀ ਮਿਤ ਚਿਤ ਤਾਹੀਂ॥ ਤਬ ਬਜੀਦ ਖਾਂ ਤੇ ਸਹਿਕਿਓ॥ ਦੋਨਤਾ ਭਾਇਨ[2] ਸਸਤਰ ਲੀਓ॥੩੫॥ ਤਬ ਬਜੀਦ ਖਾਂ ਆਗਿਆ ਦਈ॥ ਕਾਟਹੁ ਸੀਸ ਦੇਰ ਨਹਿ ਕਈ॥ ਪੁਨ ਮਲੇਰੀ ਅਹਿ ਬਹੁ ਸਮਝਾਯੋ॥ ਸੀਰ ਖੋਰ ਕਰ ਪਾਪ ਸੁਝਾਯੋ॥੩੬॥ ਬੋਲ ਚਾਲ ਮਹਿ ਭ੍ਰਮ ਜੁ ਜਨਾਬ॥ ਯਹ ਕੁਲ ਰੀਤ ਜੁ ਸੁਨਤ ਸਬਾਬ॥ ਹਿੰਦੂ ਕੇ ਮੁਹਿ ਰਾਮ ਪੁਕਾਰੈ॥ ਜਨਮਤ ਤੁਰਕ ਅਲਾਹ ਉਚਾਰੇ॥੩੭॥ ਸਾ ਮੈ ਤਿਨ ਕੀਨਾਹਿ ਖੁਟਾਈ॥ ਬੰਸ ਰੀਤ ਇਨ ਇਮਿ ਸੁਅਲਾਈ॥ ਤਰਜ ਮਲੇਰਹਿ ਸਭਾ ਮਝਾਰੀ॥ ਤੂੰ ਹਿੰਦੂ ਗੁਰ ਸੰਗੀ ਭਾਰੀ॥੩੮॥ ਖਾਨਾ ਰਾਖਯੋ ਆਨ ਅਗਰੀ॥ ਖਾਹੁ ਪ੍ਰਾਨਨਤੁ ਅੰਤ ਬਿਚਾਰੀ॥ ਸ੍ਰੀ ਗੁਰ ਸੁਤ ਕਹ ਪੁਹਪ ਚੰਬੇਲੀ॥ ਨਿਰਖੇ ਖੋਲਤ ਤਬਾ ਚੰਮੇਲੀ॥੩੯॥ ਗਿਲ ਜਨ ਕੀਓ ਅਧਰਮ ਅਪਾਰਾ॥ ਦਯੋ ਸੀਸ ਬਾਲਕਨ ਅਪਾਰਾ॥ ਤੁਰਕਨ ਸੀਸ ਭਾਰ ਯਹ ਭਾਰਾ॥ ਜੈ ਹੈ ਕਯੋ ਹੂੰ ਨਾਹਿ ਉਤਾਰਾ॥੪੦॥ ਗੁਰੁ ਨਾਨਕ ਦੀਨੀ ਪਤਸਾਹੀ॥ ਬਾਬਰ ਸਾਤ ਪੁਸਤ ਲਗ਼ਾ ਸਾਹੀ॥ ਸਾਤ ਸੀਸ ਦੈ ਸੋ ਪੁਨ ਲੈਹੌਂ॥ ਲਖਤਯ ਧਰਮ ਖਾਲਸਾ ਕੈਹੌਂ॥੪੧॥ਦੋ:॥ ਗੁਰ ਅਰਜਨ, ਗੁਰ ਹਰਿਕਿਸਨ ਗੁਰਬਰ ਨਵਮ ਮਹਾਨ॥ ਸਿੰਘ ਅਜੀਤ ਜੁਝਾਰ ਸਿੰਘ ਜੋਰਾਵਰ ਸਿੰਘ ਮਾਨ॥੪੨॥ ਫਤੇ ਸਿੰਘ ਕਰ ਕਰ ਫਤੇ ਫਤੇ ਵਾਹ ਗੁਰੁ ਕੀਨ॥ ਧਰਮ ਰਾਖ ਸਿਰ ਸਾਖਦੈ ਸਿਰਹੰਦੀਨ ਕਮੀਨ॥੪੩॥ ਬਾਬਰ ਕੇ ਸੁ ਹੁਮਾਯੂ ਭੋ ਅਕਬਰ ਤੇ ਜਹਾਗੀਰ॥ ਸਾਹਜਹਾ ਅਵਰੰਗ ਪੁਨ ਖਸ਼ਟਮ ਛੋਰ ਬਿਪੀਰ॥੪੪॥ਚੋ:॥ ਸਭ ਤੁਰਕਨ ਕੀ ਦੈ ਜਰ ਤੇਲ॥ ਕੀਨੋ ਸਾਹਿਬ ਜਾਦਨ ਖੇਲ॥ ਜਿਮ ਕੇਂਚੁਰੀ ਤਯਾਗਅਹਿ ਦੇਹੀ॥ ਲਾਭ ਮਾਨ ਕਛੁ ਹਾਨ ਨ ਤੇਹੀ॥੪੫॥ ਤਯੋ ਤਨ ਤਜ ਦੋਊ ਹਰਖਾਨੇ॥ ਬਾਲਕਤਨ ਬਹੁ ਅਲਪ ਸਯਾਨੇ॥ ਪੰਥ ਹੇਤ ਇਤ ਕਸ਼ਟ ਉਠਾਯੋ॥ ਅਚਰਜ ਚਰਿਤ ਪਾਰ ਨਹਿ ਪਾਯੋ॥੪੬॥ ਨਵ ਗੁਰੁ ਸਹਿਤ ਸਿਖ ਸਰਦਾਰਾ॥ ਉਦੈ ਸਿੰਘ ਮੁਹਕਮ ਸਿੰਘ ਪਿਯਾਰਾ॥ ਸਿੰਘ ਅਜੀਤ ਜੋਰਾਵਰ ਸਿੰਘ॥ ਅਮਰ ਅਨੰਤ ਸੁ ਹਿੰਮਤ ਸਿੰਘ॥੪੭॥ ਪਾਚਹੁ ਮੁਕਤੇ ਸੰਗ ਸੁਹਾਏ॥ ਚਾਲੀਸ ਹੂੰ ਸੰਗ

---

1. ਮਾਰ ਦਿੱਤਾ ਜਾਵੇ, 2. ਭਰਾਵਾਂ

Sri Satguru Jagjit Singh Ji eLibrary NamdhariElibrary@gmail.com

ਆਪ ਗੁਰ ਲਾਏ॥ ਗੋਦ ਲਿਏ ਗੁਰੁ ਨਾਨਕ ਰਾਈ॥ ਸੇਖ ਭੇਰੁ ਦੁੰਦ ਭੀ ਬਜਾਈ॥੪੮॥ ਚਲੋ ਬਿਬਾਨ ਅਰੂਢ ਅਨੰਦੀ॥ ਜਯ ਜਯ ਪਨਿਨਭ ਪੂਰ ਬਲੰਦੀ॥ ਟੋਡਰਮਲ ਕਪੂਰ ਸਿੱਖ ਖਤ੍ਰੀ॥ ਤਿਨ ਤਬ ਸੁਨੀ ਕਥਾ ਗੁਰ ਅਤ੍ਰੀ॥੪੯॥ ਕਹਦੈ ਗੁਰ ਬਾਲਕ ਲੈ ਆਉ॥ ਗਯੋ ਧਾਇ ਟੋਡਰ ਤਿਹ ਥਾਊ॥ ਆਗੇ ਭਏ ਆਪ ਨਿਰਬਾਨਾ॥ ਰਾਖ ਲਾਜ ਗੁਰੁ ਧਰਮ ਨਿਦਾਨਾ॥੫੦॥ ਦੁਖਤ ਚਿਤ ਮਾਤਾ ਢਿਗ ਆਯੋ॥ ਰੋਇ ਰੋਇ ਕਰ ਸਰਬ ਸੁਨਾਯੋ॥ ਮੂਰਛਿਤ ਭਈ ਬਿਰਧ ਤਨ ਮਾਤਾ॥ ਪਨੁ ਪੁਨ ਪੂਛਤ ਪੋ੍ਤ੍ਰਨ ਬਾਤਾ॥੫੧॥ ਤਬਲੌ ਲਖੇ ਅਕਾਸ ਮਝਾਰੀ॥ ਦੋਊ ਪੋ੍ਤਸੁ ਗੁਨ ਗਨ ਭਾਰੀ॥ ਬੋਲੇ ਮਾਤ ਜਾਤ ਹਮ ਤਾ ਰਹਾਂ॥ ਆਵਨ ਹੋਤ ਨ ਜਾਤੇ ਯਹਾਂ॥੫੨॥ ਮਾਤਾ ਕਹੀ ਸੰਗ ਲੈ ਚਲੋ॥ ਨਹਿ ਦੀਖਤ ਮੁਹਿਤਵ ਮੁਖ ਭਲੋ॥ ਹੇ ਸੁਤ ਮੁਹਿ ਪੁਨ ਦਰਸਨ ਦੇ ਹੂ॥ ਸੰਗ ਆਪਨੇ ਮੈ ਲੈ ਲੇਹੁ॥੫੩॥ ਤੁਮ ਮਾਤਾ ਜਬ ਤੇ ਤਨ ਤਯਾਗਾ॥ ਮੈ ਪਾਲੇ ਕਰ ਅਤਿ ਅਨੁ ਰਾਗਾ॥ ਮੋਹ ਮ੍ਰਿਤਯ ਨਹਿ ਦੇ ਤ ਬਿਧਾਤਾ॥ ਭੂਲ ਗਯੋ ਲੇਖ ਦੁਖਦਾਤਾ॥੫੪॥ ਅਸਕਹਿ ਮਾਤਾ ਮਾਰੀ ਟੱਕਰ॥ ਬਹੀ ਰੁਧਿਰਧਾਰਾ ਤਿਹ ਔਸਰ॥ ਕਹੀ ਫਤੇ ਸਿੰਘ ਸਾਹਬ ਧਨੀ॥ ਟੋਡਰ ਕਰ ਹੀਰਾ ਕੀ ਕਨੀ[1]॥੫੫॥ ਤਾਹਿ ਖਾਇ ਆਵਹੁ ਮਮ ਸੰਗਾ॥ ਕਰਹੁ ਨਾਸ ਤੁਰਕਨ ਘਰ ਚੰਗਾ॥੫੬॥ ਟੋਡਰ ਕਨੀ ਦੇਤ ਸੰਕਾਨਾ॥ ਮਾਤਾ ਕਹੀ ਨ ਡਰੁ ਸੁਖ ਮਾਨਾ॥ ਨਹਿ ਤੁਹਿ ਅਘ ਕਛੁ ਪੁਨਯ ਪ੍ਰਤਾਪਾ॥ ਬਢਹਿ ਬੰਸ ਧਨ ਮਿਲਹਿਨ ਸਾਪਾ॥੫੭॥ ਕਨੀ ਖਾਇ ਕਰ ਪ੍ਰਾਨ ਨਿਕਾਸੇ॥ ਤੁਰਕਨ ਸਿਰ ਧਰ ਭਾਰ ਬਿਲਾਸੇ॥ ਟੋਡਰ ਮਲ ਸੋਚਤ ਮਨ ਮਾਹੀ॥ ਸਿੰਸਕਾਰਿਆ ਕਿਹਿ ਬਿਧਿ ਕਰਤਾਹੀ॥੫੮॥ ਤਬਲੌ ਸਿੰਘ ਸਰਾ ਮਤਿ ਲੋਕਾ॥ ਆਇ ਰਹੇ ਸਿਰਹੰਦ ਅਸੋਕਾ॥ ਮਾਲ ਗੁਜਾਰੀ ਦੈਬੇ ਹੇਤਾ॥ ਤਹ ਇਮ ਸੁਨੀ ਬ੍ਰਿਯਥਾ ਦੁਖ ਦੇ ਤਾ॥੫੯॥ ਬਾਤਲ ਭਏ ਦੁਊ ਤਤਕਾਲਾ॥ ਛੋਰ ਕੇਸ ਨਰ ਉਲਟੀ ਚਾਲਾ॥ ਅਸਤ ਚਰਮ ਬਹੁ ਕਰਨੁ ਉਠਾਏ॥ ਇਤ ਉਤ ਫੇਰਤ ਬੋਲਤ ਆਏ॥੬੦॥ ਜਹ ਸਾਹਬ ਜਾਦਨ ਤਨ ਪਰਾ॥ ਤਿਹ ਉਠਾਇ ਭਾਜੇ ਬਿਨ ਧਰਾ॥ ਮਾਰਹਿ ਤੈ ਜਬ ਧਾਵਨ ਲਾਗੇ॥ ਟੋਡਰਮਲ ਦੀਨੋ ਧਨ ਆਗੇ॥੬੧॥ ਲੋਥਨ ਲੈ ਕਰ ਕਹਾਂ ਸਵਰਿਹੋ॥ ਧਨ ਦੈ ਬਰ ਜਨ ਕਰ ਤਿਹਿ ਡਰਹੋ॥ ਦੋਨਹੁ ਸਾਹਬ ਤਹਾ ਸੰਸਕਾਰੇ॥ ਸਹਿਤ ਮਾਤ ਸਭ ਕਰਮ ਸਵਾਰੇ ॥੬੨॥ ਤਾਦਿਨ ਤੇ ਫਿਟ ਮੂਹੀ ਨਾਮਾ॥ ਜਾਨਤ ਕਹਿਤ ਸਕਲ ਨਰ ਬਾਮਾ॥ ਸ੍ਵਾਹੀ[2] ਕੋ ਜੋ ਨਾਮ ਉਚਾਰੈ॥ ਸਾਤ ਬਾਰ ਤਿਹ ਮੁਹਿ ਫਿਟਕਾਰੈ॥੬੩॥ ਜਿਹ ਦਿਜ ਯਹ ਕੀਨੋ ਅਪਕਾਰਾ॥ ਜੂਤਨ[3] ਮਾਰਤਤਾਕਹਿ ਮਾਰਾ॥ ਲੂਟ ਕੂਟ ਘਰ ਫਲ ਤਿਹ ਦੀਨਾ॥ ਤੁਰਨਕ ਤਾਨੋ ਬਦਲਾ ਲੀਨਾ॥੬੪॥ ਗੁਰ ਸੰਤਨ ਸਨ ਕਰ ਜੁ ਬਿਰੋਧਾ॥ ਤਾਹਿ ਸਦਾ ਦੁਖ ਸੁਖਨਹਿ ਸੋਧਾ॥ ਸ੍ਰੀ ਪ੍ਰਭੂ ਮੈ ਜਬ ਇਤ ਤੇ ਗਯੋ॥ ਰੋਦਤ ਧਰਨ ਅਕਾਸ

1. ਇਹ ਪ੍ਰਸੰਗ ਗੁਰਮਤਿ ਸਿਧਾਂਤ ਨਾਲ ਮੇਲ ਨਹੀਂ ਖਾਂਦਾ, 2. ਸੁਚਾ ਨੰਦ ਸਾਹੀ ਖੱਤਰੀ, 3. ਜੁੱਤੀਆਂ

Sri Satguru Jagjit Singh Ji eLibrary NamdhariElibrary@gmail.com

ਲਖਯੋ॥੬੫॥ ਮੁਹਿ ਮਗ ਸ੍ਮਨ ਗਯੋ ਕਬ ਆਯੋ॥ ਘਰ ਘਰ ਸੁਨਯਹੁ ਕਥਾ ਰੁਆਯੋ॥ ਏਕ ਸਿਖ ਗੁਰਮੁਖ ਮੁਖ ਸੁਨਾ॥ ਸੋ ਸਭ ਸ੍ਰੀ ਪ੍ਰਭ ਆਗੇ ਭਲਾ॥੬੬॥ਦੋ:॥ ਸ੍ਰੀ ਮੁਖ ਤੇ ਤਾਸੋ ਕਹੀ ਬਿਨਾ ਮਲੇਰੀਖਾਨ॥ ਕਾਹੂ ਔਰਹ ਨਹਿ ਕਰਯੋ ਹਾਹਾਕਾਰ ਮਹਾਨ॥੬੭॥ਚੌ:॥ ਮਾਹੀ ਕਹੀ ਦੀਨ ਦੁਖ ਹਾਰੀ॥ ਬਿਨਾ ਮਲੇਰਨ ਸਭ ਮਤ ਮਾਰੀ॥ ਕੈ ਟੋਡਰ ਮਲ ਕਿਰਿਆ[1] ਕਰੀ॥ ਭਸਮ ਬਨਾਇ ਸਮਾਧ ਸੁ ਧਰੀ॥੬੮॥ ਨੈਨਨ ਤੇ ਜਲ ਕਨ ਟਪਕਾਨੇ॥ ਬੜੀ ਬੇਰ ਲਗ ਮੌਨ[2] ਸੁਠਾਨੇ॥ ਪੁਨ ਪ੍ਰਭ ਕਹੀ ਮਸੰਦ ਸੁਲਖਨ॥ ਚੌਦਹ ਘਰ ਸਿਖਨ ਸੁ ਬਿਚਖਨ॥੬੯॥ ਚੰਗੋ ਰਾਇ ਪੁਰੇ ਕੋ ਰਹੋ॥ ਤਬ ਬੁਲਾਕੀ ਚਰਨ ਲਗ ਰਹੋ॥ ਕਾਹੂ ਤੈ ਕਛ ਬਨਯੋ ਨ ਤਹਾਂ॥ ਬਿਨ ਲਾਗੀ ਤਨ ਲਾਗੇ ਕਹਾ॥੭੦॥ ਅਸ ਕਹਿ ਨਿਜ ਅੰਗੁਰੀ ਕਛ ਕਾਟੀ॥ ਪਢਯੋ ਖਯਾਲ ਸੁ ਛਾਤੀ ਫਾਟੀ॥ ਪਲਗ ਤਰੇ ਕਰ ਚਰਨ ਕ੍ਰਿਪਾਲਾ॥ ਇਕ ਕਾਹੂ[3] ਕਰ ਅੰਕਰਬਾਲਾ॥ **ਖਯਾਲ ਪਾਤਸਾਹੀ**॥੭੧॥ ਮ੍ਰਿਤ ਪਯਾਰੇ ਨੂ ਹਾਲ ਮੁਰੀਦਾ ਦਾ ਕਹਨਾ॥ ਤੁਧ ਬਿਨ ਰੋਗ ਰਜਾਈਆ ਦਾ ਓਢਨ ਨਾਗ ਨਿਵਾਸਾ ਦਾ ਰਹਣਾ॥ ਸੂਲ ਸੁਰਾਹੀ ਖੰਜਰ ਪਯਾਲਾ ਬਿੰਗ ਕਸਾਈਆ ਦਾ ਸ੍ਹਿਣਾ॥ ਯਾਰੜੇ ਦਾ ਸਾਨੂੰ ਸਥਰ ਚੰਗਾ ਭਠ ਖੇੜਿਆ ਦਾ ਰਹਣਾ॥੭੨॥ਚੌ:॥ ਕਰਦ ਸੰਗ ਤਿਹਿ ਦੀਨ ਉਪਾਰੀ॥[4] ਕਲਾਦਿਕ ਕਰ ਜੋਰ ਉਚਾਰੀ॥ ਦੀਨ ਬੰਧ ਕਿਰਪਾ ਬਿਸਤਾਰੀ॥ ਯਹ ਕਾਹੂੰ ਕਹਿ ਕਾਂਹਿ ਉਪਾਰਾ॥ ਕਹਿਅ ਕ੍ਰਿਪਾ ਰਸ ਬਸ ਬਿਸਥਾਰਾ॥੭੩॥ ਯਹ ਕਾਹੂੰ ਕਰ ਅੰਕੁਰੁ ਨਹੀਂ॥ ਤੁਰਕਨ ਨਾਸ ਭਈ ਜਰ ਯਹੀਂ॥ ਏਕ ਮਲੇਰਿਨ ਕ਼ੀ ਜਰ[5] ਰਹੈ॥ ਅਪਰ ਸਰਬ ਕੀ ਜਰ ਜਰ ਦਹੈ॥੭੪॥ ਬਡੋ ਪਾਪ ਸਰਹਿੰਦਨ ਕੀਨਾਂ॥ ਪਲਟਾ ਲੇਹਿ ਸਿਖ ਮਮ ਛੀਨਾ॥ ਮਾਰਿਉ ਜਾਰ ਫਿਰਹਿ ਹਲ ਸਾਰੇ॥ ਫਿਟ ਮੂਹੀ ਇਹ ਨਾਮ ਉਚਾਰੇ॥੭੫॥ ਯਾਕੀ ਈਟ[6] ਸਤ ਦ੍ਵ ਪਾਵੈ॥ ਮੁਹ ਮਾਗ ਯੋ ਬਰ ਸੋਨਰ ਪਾਵੈ॥ ਨੇਤ੍ਰਨ ਕੇ ਜਲ ਕਰ ਇਹ ਕਾਰਨ॥ ਸੋਕ ਮੋਹ ਭ੍ਰਮ ਨਹਿ ਕਛ ਧਾਰਨ॥੭੬॥ ਤਰੁ ਜਢ ਜਾਤ ਸਹਜ ਸ੍ਤ ਭਾਖੀ॥ ਟੂਟਤ ਡਾਰ ਗਿਰਤ ਜਲ ਆਖੀ॥ ਯਹ ਚੈਤਨਯ ਦੇਹ[7] ਸੰਬੰਧਾ॥ ਤਾਤੇ ਗਿਰਯੋ ਨੈਨ ਜਲਬੰਧਾ॥੭੭॥ ਰਾਜ ਖਾਲਸਾ ਕਰ ਜਬ.ਹ੍ਵੈ ਹੈ॥ ਸਿਰਹੰਦਿ ਤਬ ਛਾਰ[8] ਮਿਲੈ ਹੈ॥ ਭੇਜਹੁੰ ਏਕ ਬੰਦਾ[9] ਬਲਵਾਨਾ॥ ਕਰੈ ਵਜੀਦ ਖਾਨ ਘਰ ਹਾਨਾ॥੭੮॥ ਕਲੇ ਕਹੀ ਰਾਖ ਮੁਹਿ ਲੀਜੈ॥ ਜਾਨ ਤੁਰਕਨਹਿ ਸਪਿਤ ਕੀਜੈ॥ ਮਹਾਰਾਜ ਮੈ ਯ੍ਰਿਦਾਸ॥ ਰਾਖਹੁ ਮੋਹ ਚਰਨ ਕੇ ਪਾਸ॥੭੯॥ ਸੁਨ ਪੁਨ ਸ੍ਰੀ ਸਤਗੁਰ ਨਹਿ ਕਹੀ॥ ਕਲਾ ਰਾਇ ਰਹਯੋ ਢਿਗ ਤਹੀ॥ ਅਪਰ ਨਰਨ ਕਹਿ ਕਹਿਸੁ ਹਟਾਯੋ॥ ਨਿਜ ਪਰਿਵਾਰ ਬੈਠਤ ਤਨ ਭਾਯੋ॥੮੦॥ ਪੁਨ ਕਰ ਬਿਨਯ ਕੀਨ ਸੁ ਪ੍ਰਸੰਨਾ॥ ਬੋਲੇ ਸ੍ਰੀ ਸਤਗੁਰ ਸੁ ਪ੍ਰਸੰਨਾ॥ ਖੜਗਦਈ ਕਲਾ ਕਰ[10] ਮਾਹੀ॥ ਜਬ ਲਗ ਪੂਜਹੁ ਸਭ

1. ਕ੍ਰਿਆ ਕਰਮ, 2. ਕਾਫੀ ਦੇਰ ਤੱਕ ਚੁਪ ਰਹੇ, 3. ਕਾਹੀ ਦਾ ਬੂਟਾ, 4. ਕਰਦ ਨਾਲ ਜੜ੍ਹੋਂ ਪੁੱਟਿਆ, 5. ਮਲੇਰਕੋਟਲੇ ਵਾਲਿਆਂ ਦੀ ਜੜ੍ਹ ਰਹੇਗੀ, 6. ਇੱਟਾਂ ਸਤਲੁਜ, ਵਿਚ ਪੈਣ, 7. ਜਗਤ ਦੇ ਸਰੀਰਕ

Sri Satguru Jagjit Singh Ji eLibrary NamdhariElibrary@gmail.com

ਕਛੂ ਤਾਹੀ॥੮੧॥ ਯਾ ਕਰ ਕਹਹੁ ਬੇ ਅਦਬੀ ਜਬ ਹੀ॥ ਬਿਨਸਹਿ ਰਾਜ ਤੇਜ ਤੁਵ ਸਬਹੀ॥ ਅਸ ਕਹ ਉਠੇ ਕੀਨ ਨਿਜ ਤਯਾਰੀ॥ ਕਲੇ ਰਾਇ ਸੁ ਬਿਨਤਿ ਉਚਾਰੀ॥੮੨॥ ਸੇਵਹੁ ਮੈ ਸੁ ਸਹਿਤ ਪਰਿਵਾਰਾ॥ ਰਹਿਐ ਇਤਹਿਸੁ ਕ੍ਰਿਪਾ ਅਗਾਰਾ॥ ਸ੍ਰੀ ਗੁਰ ਕਹੀ ਜਾਹਿ ਹਮ ਜੰਗਲ॥ ਤੁਮਰੇ ਹੋਹੁ ਸਦਾ ਇਤ ਮੰਗਲ॥੮੩॥ਦੋ:॥ ਸਿਰਹੰਦ ਖੇਤੀ ਹੋਇਗੀ ਉਜਰੈ ਗੋ ਸਭ ਧਾਮ॥ ਥੋਰੇ ਦਿਨ ਮੈਹਿ ਰਾਇ ਸੀ ਅਸ ਅਘ ਕਰ ਫਲ ਬਾਮ॥੮੪॥ਚੌ:॥ ਕਲੇ ਰਾਇ ਪੁਤ੍ਰ ਜਬ ਭਯੋ॥ ਤੇਗਾ ਅਦਬ ਅਧਿਕ ਤਿਨ ਕੀਯੋ॥ ਕਲੇ ਪੋਤ੍ਰ ਤੁਰਕ ਸੰਗ ਕਰਾ॥ ਸਰਾ ਸਰੀਅਤ ਮਹਿ ਫਸਿ ਮਰਾ॥੮੫॥ ਗੁਰ ਬਰ ਤੇਗਾ ਨਿਜ ਗਰ ਪਾਯੋ॥ ਗਯੋ ਸਿਕਾਰ ਹੇਤ ਮਨ ਭਾਯੋ॥ ਇਕ ਮ੍ਰਿਗ ਤੇਗ ਤਮਨ ਤਬ ਝਾਰੀ॥ ਮ੍ਰਿਗ ਬਚ ਗਯੋ ਲਾਗਿਉ ਉਰ ਕਾਰੀ॥੮੬॥ ਕਾਟਿ ਉਰੂ ਨਿਜ ਰੋਵਤ ਰਹਾ॥ ਪਾਇ ਪਾਲਕੀ ਸੇਵਕ ਤਹਾ॥ ਮਗ ਮਹਿ ਮਰਯੋ ਭਯੋ ਗੁਰ ਬਚਨਾ॥ ਗਈ ਸਭ ਰਾਜ ਤੇਜ ਕੀ ਰਚਨਾ॥੮੭॥ ਅਬ ਸੋ ਖੜਗ ਪੰਡਤ ਕੇ ਧਾਮਾ॥ ਰਾਮਾਨੁਜੀ ਭਕਿੱਤ ਅਭਿਰਾਮਾ॥ ਸਦਾ ਬਰਤ ਕੇ ਦੇਬੇ ਵਾਰੇ॥ ਜਾਤ ਮਾਨ ਨਹਿ ਮਨ ਮਹਿ ਧਾਰੇ॥੮੮॥ ਬੰਦੇ ਸਿਰਹੰਦ ਲੂਟਨਿ ਕਾਸੀ॥ ਤਬ ਤੇ ਉਜਰੀ ਰਹੀ ਪ੍ਰਕਾਸੀ॥ ਪਟਿਆਲਾ ਨ੍ਰਿਪ ਹਰਿ ਮਹੇ ਦ੍ਰਬਰਾ॥ ਬੇਚੀ ਈਟ ਫਿਰੰਗੀ ਕੇ ਕਰ॥੮੯॥ ਹਲ ਜੁਤਾਇ ਸਭ ਧਾਮ ਗਿਰਾਏ॥ ਸਤਗੁਰੁ ਬਚਨ ਸੰਪੂਰਨ ਪਾਏ॥ ਅਗਮ ਅਗਾਧ ਚਰਿਤ ਭਗਵੰਤਾ॥ ਕਹਿਨ ਜਾਤ ਕਛੂ ਜਾਨਤ ਸੰਤਾ॥੯੦॥ਦੋ:॥ ਕਥਾ ਅਮਿਤ ਬਿਸਤਾਰ ਡਰ ਸੂਖਮ ਕਹਤ ਬਨਾਇ॥ ਸੋਕ ਅਧਿਕ ਸੰਤਾਪ ਲਾਖ ਕਹੀ ਨਹੀ ਕਛੂ ਜਾਇ॥੯੧॥

ਸਾਖੀ॥੨੦੮॥ ਇਤ ਸ੍ਰੀ ਗੁਰ ਪਦ ਪ੍ਰੇਮ ਪ੍ਰਕਾਸੈ ਸ੍ਰੀ ਗੁਰੁ ਚਤਰਥ ਖੰਡਾਤਰ ਸਤ ਦਸਮ ਮੰਡਲ ਉਤ੍ਰਾਰਧੇ ਸਤਗੁਰੁ ਹਾਜੀ ਬੇਖ[1] ਸਾਹਿਬਜਾਦਨ ਪਰਲੋਕ ਬਰਨਨਾਤਮਕ ਏਕੋਨ ਤ੍ਰਿਸਤਮੀਂ ਪ੍ਰਾਂਤ॥:॥੨੯॥ਚੌ:॥ ਸ੍ਰੀ ਗੁਰੁ ਮੰਚ ਤਬਹਿ ਉਠਵਾਯੋ॥ ਆਗੇ ਗਏ ਗ੍ਰਾਮ ਇਕ ਆਯੋ॥ ਬਦਗੀ-ਤਰ ਤਹ ਕੀਯੋ ਸੁਚੇੜਾ॥ ਪਹੁਚੇ ਤਖਤੂ ਪੁਰੇ ਸੁਹੇਤਾ॥੧॥ ਤਿਹਿ ਨਿਸਿ ਕੀਯੋ ਤਹਾ ਬਿਸਰਾਮਾ॥ ਸੇਵਯੋ ਸਿਖਨ ਅਤਿ ਹਿਤ ਧਾਮਾ॥ ਜਹ ਸ੍ਰੀ ਗੁਰੁ ਹਰਿ ਗੋਬਿੰਦ ਸਵਾਮੀ॥ ਕਰਯੋ ਜਗਯ ਕਰ ਜੰਗ ਮੁਕਾਮੀ॥੨॥ ਇਕ ਸਤ ਇਕ ਗੋਦਾਨ ਸੁਕੀਨ॥ ਅਪਰ ਅਨੇਕ ਬਸਤ੍ਰ ਦਿਜ ਦੀਨਾ॥ ਗੁਰੁ ਨਾਨਕ ਜਗ ਸਤਗੁਰ ਸੁਆਮੀ॥ ਕਿਅ ਇਹਨਾਂ ਤਪ ਕਛੂ ਘਟ ਗਾਮੀ॥੩॥ ਮਿਲਨ ਹੇਤ ਬੀਬੀ ਜੀ ਆਈ॥ ਯਹ ਸੁਭ ਕਥਾ ਪ੍ਰਗਟ ਪੁਰ ਮਾਹੀ॥ ਮਾਰਕੰਡ[2] ਰਿਖ ਤਹ ਤਪ ਕੀਨੋ॥ ਸੁਉ ਅਸਥਾਨ ਪ੍ਰਗਟ ਪੁਰ ਤੀਨਾ॥੪॥ ਇਨ ਸਿਖ ਸਤਗੁਰੁ ਸੇਵ ਕਮਾਈ॥ ਦਿਆ ਬਰਦਾਨ ਤਾਹਿ ਗੁਰ ਰਾਈ॥ ਤਵ ਸੰਤਾਨ ਸਰਬ ਦਾ ਸੁਖੀ॥ ਧਨ ਅਰ ਧਾਨਯ ਦੂਧ ਪੂਤ

---

1. ਪਹਿਰਾਵਾ, ਭੇਸ, 2. ਮਾਰਕੰਡੇ ਰਿਸ਼ੀ

Sri Satguru Jagjit Singh Ji eLibrary NamdhariElibrary@gmail.com

ਮੁਖੀ॥੫॥

ਸਾਖੀ॥੨੦੯॥ਚੌ:॥ ਤਹ ਤੇ ਪੁਨ ਪਲੰਗ ਉਠਵਾਯੋ॥ ਆਪਨੇ ਰਸ ਮਹਿ ਮਗਨ ਸੁਭਾਯੋ॥ ਕਾਂਹੁ ਸਿਖ ਇਕ ਅਸਵ[1] ਚਢਾਯੋ॥ ਚਢ ਸਤਗੁਰੁ ਮਧੇ ਉਮਹਿਆਯੋ॥੧॥ ਕਾਂਗੜ ਨਿਕਟ ਸੁ ਦੀਨੇ ਆਏ॥ ਜੋਧੇ ਰਾਇ ਪੋਤ੍ਰ ਸੁਨ ਪਾਏ॥ ਧਾੜੀਵਾਲ[2] ਜਾਟ ਤਹ ਰਹਹੀ॥ ਪਰਮ ਸੂਰ ਗੁਰੁ ਪ੍ਰੇਮੀ ਲਹਹੀ॥ ਇਨਕੋ ਬੜੋ ਭਯੋ ਸੈਦੋਬਰ[3]॥ ਗੁਰੂ ਨਾਨਕ ਸੰਗ ਰਹਿ ਬਹੁ ਅਹਿ ਪਰ॥ ਤਾ ਕੁਲ ਜੋਧ ਰਾਇ ਭਟ ਭਯੋ॥ ਜਾਸ ਭ੍ਰਾਤ ਉਗਰਾ[4] ਜਗ ਕਹਯੋ॥੩॥ ਲਲਾ ਕੰਬਰ ਜਬ ਚਢਿ ਆਯੋ॥ ਉਗਰਾ ਭਯੋ ਸੋ ਮੁਹਿ ਸੁਖ ਪਾਯੋ॥ ਪ੍ਰਥਮ ਤਾਸੁ ਘੋਰਾ ਤਕ ਮਾਰਾ॥ ਪੁਨ ਗਹਿ ਖੜਗ ਸੀਸ ਕਟ ਡਾਰਾ॥੪॥ ਗੁਰੁ ਬਰ ਸ੍ਰੀ ਹਰ ਗੋਬਿੰਦ ਦਯਾਲਾ॥ ਦੀਨੋ ਸਿਰੇਪਾਉ ਤਿਹ ਆਲਾ॥ ਬਹੁ ਬਕਸੀਸ ਅਸੀਸਾਂ ਦੀਨੀ॥ ਤਖਤੂ ਪੁਰੇ ਜਗਯ ਬਿਧਿ ਕੀਨੀ॥੫॥ ਤਿਹ ਤੈ ਪੋਤ੍ਰੇ ਸੂਰ ਸੁਜਾਨਾ॥ ਪ੍ਰਥਮ ਮੀਰ ਅਧਿਕ ਬਲਵਾਨਾ॥ ਪੁਨ ਲਖਮੀਰ ਤਖਤ ਮਲ ਕਹਿਏ॥ ਤੀਨਹੁ ਮਹਾ ਬਲੀ ਉਰ ਲਹਿਏ॥੬॥ ਤੱਪਾ ਬਾਇਸ[5] ਪਿੰਡਨ ਕੇਰਾ॥ ਤਬ ਸੋ ਧਾਰੀਵਾਲਨ ਹੇਰਾ॥ ਅਬ ਚਾਲੀ ਸੁ ਪਿੰਡ ਤਹ ਭਏ॥ ਧਾੜੀਵਾਲ ਬਸਤ ਸੁਖ ਪਏ॥੭॥ ਤੇ ਤੀਨਹੁ ਭ੍ਰਾਤ ਚਲ ਆਗੇ॥ ਕੋਸ ਦ੍ਵੈਕ ਪ੍ਰਭੂ ਪਦ ਅਨਰਾਗੇ॥ ਬਾਰ ਬਾਰ ਪ੍ਰਭੂ ਕੁਸਲ ਅਲਾਈ॥ ਤਿਨ ਤਬ ਬਿਧਿਵਤ ਕੁਸਲ ਬਤਾਈ॥੮॥ ਸਾਹਿਬਜਾਦਨ ਕੀ ਦ੍ਰਿਢਤਾਈ॥ ਬਰਨਤ ਬੰਸ ਪ੍ਰਤਾਪ ਬੜਾਈ॥ ਨਯਨ ਤੇ ਬਰਖੀ ਜਲਧਾਰਾ॥ ਪ੍ਰੇਮ ਮੁਰਿ ਜਿਹਿ ਵਾਰਨ ਪਾਰਾ॥੯॥ ਪੁਨ ਧਰ ਧੀਰ ਤੀਨਹੂੰ ਭਾਈ॥ ਗੁਰ ਪਗ ਤੀਰ ਸੁ ਬਿਨਯ ਸੁਨਾਈ॥ ਨਿਵ ਸਿਟਯ ਧਾਮ ਕ੍ਰਿਪਾ ਅਭਿਰਾਮਾ॥ ਸੇਵਹੇ ਹਮ ਪ੍ਰਭੂ ਆਠਹੁ ਜਾਮਾ॥੧੦॥ ਸ੍ਰੀ ਮੁਖ ਕਹੀ ਤੁਰਕ ਹਮ ਬੈਰੀ॥ ਤੁਮ ਤੁਰਕਨ ਰੈਯਤ ਚਿਤ ਹੇਰੀ॥ ਬਨਯ ਨ ਬਿਘਨ ਬਿਚਾਰ ਬਿਚਾਰਹੁ॥ ਤਾਤੇ ਅਨਤ ਜਾਹਿ ਉਰ ਧਾਰਹੁ॥੧੧॥ ਤਿਨ ਤਬ ਕਹੀ ਤੁਰਕ ਡਰ ਧਾਰੀ॥ ਗੁਰ ਸਿਖ ਨਿਤ ਜਹਿ ਅਘਹਾਰੀ॥ ਦਾਦਾ ਜੀ ਹੂ ਕਰੀ ਲਰਾਈ॥ ਹਮਹੂੰ ਕਰਿ ਹੈ ਕ੍ਰਿਪਾ ਬੜਾਈ॥੧੨॥ ਪੈ ਅਬ ਚਲਤ ਬਨੀ ਕਸਭ ਭਾਤੀ॥ ਕਰਿਅ ਕ੍ਰਿਪਾ ਲਖ ਦਾਸ ਅਰਾਤੀ॥ ਹੈ ਪ੍ਰਸੰਨਦੀਨੋ ਬਰਦਾਨਾ ਹੈ ਯਹ ਕਿਲਾ ਲੋਹ ਗੜ ਮਾਨਾਂ॥੧੩॥ ਸਤ੍ਰੂ ਸਮੀਪ ਜੋਰ ਨਹਿ ਕ਼ਰੈ॥ ਦਿਅ ਬਰਦਾਨ ਆਨ ਕਰ ਘਰੈ॥ ਸ੍ਰੀ ਸਤ ਗੁਰ ਤਬ ਤਹਾਂ ਬਿਰਾਜੇ॥ ਸੇਵਤ ਧਾੜੀਵਾਲ ਸਭਾਜੇ॥੧੪॥ ਦੂਰ ਦੂਰ ਤੇ ਆਵਨ ਲਾਗੇ॥ ਹਯ ਗਯ ਬਸਤ੍ਰ ਸਸਤ੍ਰ ਅਨਰਾਗੇ॥ ਚਾਕਰ ਹ੍ਵੈ ਰਾਖੇ ਗੁਰ ਰਾਈ॥ ਕਰਤ ਜਾਤ ਸਭ ਬਿਧ ਤਕਰਾਈ॥੧੫॥

ਸਾਖੀ॥੨੧੦॥ਦੋ:॥ ਸੰਧੂ ਨਾਮ ਤਿਖਾਨ ਇਕ ਸ੍ਰੀ ਸਤਗੁਰੁ ਕੋ ਦਾਸ॥ ਤਾਕੇ

---

1. ਘੋੜਾ, 2. ਧਾਰੀਵਾਲ, 3. ਵੱਡਾ ਵਡੇਰਾ ਸੈਦੋ, 4. ਪ੍ਰਸਿੱਧ ਹੋਇਆ, 5. 22 ਪਿੰਡਾਂ ਦਾ ਤੱਪਾ, 6. ਦੁਸ਼ਮਨ

Sri Satguru Jagjit Singh Ji eLibrary NamdhariElibrary@gmail.com

ਰੂਪਾ ਪ੍ਰੇਮ ਨਿਧਿ ਖਸ਼ਟਮ ਸਤਗੁਰੁ ਪਾਸ॥੧॥ਚੋ:॥ ਤਾਕੇ ਤਾਤ ਭਏ ਦੈ ਸਿੰਘ॥ ਪਰਮ ਸਿੰਘ ਅਰ ਧਰਮੁ ਸੁਸਿੰਘ॥ ਤਿਨ ਕਰ ਇਹ ਨਿਤ ਨੇਮ ਨਿਹਾਰਾ॥ ਪੰਚ ਸਿੰਘ ਕਹਿ ਭੋਜਨ ਧਾਰਾ॥੨॥ ਸੁਨ ਸਭ ਕਥਾ ਕਿ ਸਤਗੁਰ ਆਏ॥ ਲਰ ਚਮਕੌਰੇ ਅਨੰਦਪੁਰ ਭਾਏ ॥ ਗਾਵਤ ਗੁਰੁ ਗੁਨ ਸਬਦ ਸੁਹਾਏ॥ ਭੇਟਾ ਲੈ ਦਰਸਨ ਕੋ ਆਏ॥੩॥ ਧਰਯੋ ਪਗਨ[1] ਪਰ ਗੁਰ ਕੇ ਮਾਥਾ॥ ਦੀਨਾ ਨਾਥ ਅਨਾਥਨ ਨਾਥਾ॥ ਸ੍ਵੇਤ ਪੁਸਕ ਅਸ੍ਵ ਇਕ ਲਯਾਏ॥ ਬੈਠਬਿ ਸੁਰਤ ਸਮਯ ਬਿਤਾਏ॥੪॥ ਜੋ ਪੁਸਾਕ ਗੁਰੁ ਆਗੇ ਦੀਨੀ॥ ਸ੍ਰੀ ਗੁਰੁ ਹਰਿ ਗੋਬਿੰਦ ਦੁਖ ਛੀਨੀ॥ ਸੋਊ ਸਤਗੁਰੁ ਆਗੇ ਰਾਖੀ॥ ਜਾਕੀ ਬਿਦਿਤ ਅਹੈ ਜਗ ਸਾਖੀ॥੫॥ ਸ੍ਰੀ ਸਤਗੁਰੁ ਸੋ ਪਹਿਰੀ ਤਬੈ॥ ਪੋਤ੍ਰ ਪਿਤਾਮਹ ਜਾਨਤ ਸਬੈ॥ ਅਕਥ ਗੁਰੂ ਕੀ ਅਕਥ ਕਹਾਨੀ॥ ਪ੍ਰੇਮੀ ਬਿਨਾ ਕਹੂ ਨਹਿ ਜਾਨੀ॥੬॥ ਜੁਰ ਬੈਠੇਜੋਰਹੇ ਸੁ ਪ੍ਰੇਮੀ॥ ਪਾਵਨ ਪ੍ਰਭੂ ਪ੍ਰਾਕ੍ਰਮ ਨੇਮੀ॥ ਸੁਖਦਾਇਕ ਸਭ ਭਾਤ ਸੁਖਾਲਾ॥ ਭਗਤਨ ਕੋ ਕਾਟਤ ਭਵ ਜਾਲਾ॥੭॥ ਔਸਰ ਸਰਿਸ ਕਹਤ ਪਗ ਨੇਰੇ॥ ਸਾਹਿਬ ਜਾਦਨ ਕੀ ਚਿਤ ਹੇਰੇ॥ ਕੈਸੋ ਚਰਿਤ ਕੀਓ ਕ੍ਰਿਪਾਲਾ॥ ਸ੍ਰੀ ਮੁਖ ਕਹੀਕਾਲ ਕੋ ਖਯਾਲਾ॥੮॥ ਬੜੇ ਬਲੀ ਹਰਨਾਖਸ ਜੈਸੇ॥ ਬਲਿਬਿਕ੍ਰਮ ਹਰਿ ਨਰ ਬਰ ਤੈਸੇ॥ ਅਨਿਕ ਉਪਾਉ ਅਨਿਕ ਅਵਤਾਰਾ॥ ਉਤਪਤ ਪ੍ਰਲਯਕਾਲ ਬਿਵਹਾਰਾ॥੯॥ ਕਾਕੋ ਸੋਕ ਕਵਨ ਬਿਧਿ ਕੀਜੈ॥ ਹਸਿਏ ਕਹਾ ਰੁਦਨ ਕਰ ਲੀਜੈ॥ ਆਗਯਾ ਕਰ ਬਰ ਲੀਕ ਖਿਚਾਈ॥ ਪੁਨ ਮਿਟਵਾਇ ਕਹੀ ਜਗ ਰਾਈ॥੧੦॥ ਹਰਖ ਸੋਕ ਕਹੁ ਕਾ ਕਛੁ ਤੋਹੀ॥ ਕਿਏ ਆਪ ਮੇਟੇ ਪੁਨ ਮੋਹੀ॥ ਯਾਤੈ ਸੋਕ ਹਰਖ ਕਛੁ ਨਾਹੀ॥ ਸ੍ਰੀ ਮੁਖ ਕਹੀ ਤਥਾ ਤੁਮ ਪਾਹੀ॥੧੧॥ ਤਹ ਬੂਢੀ ਇਕ ਜਟੀ ਰਹੀ॥ ਬੋਲੀ ਇਹ ਸੰਤੋਖਨ ਸਹੀ॥ ਪੂਤ ਲੀਕ ਕਿਮਿ ਸਮ ਸਰ ਕਰੋ॥ ਕਰੁਨਾ ਨਿਧਿ ਹੋ ਕਰਣਾ ਛਰੋ॥੧੨॥ ਹਮਰੇ ਕੁਲ ਮਹਿ ਜੋ ਕੋਊ ਸ੍ਵਾਮੀ॥ ਅਹਹਿ ਜਾਟ ਹਮ ਕਰਹ ਗੁਲਾਮੀ॥ ਊਚ ਮਿਜਾਜਨ ਊਚ ਸੁ ਜਾਤੀ॥ ਤਊ ਜੁ ਹੈ ਹਮਰੋ ਕੁਲ ਘਾਤੀ[2]॥੧੩॥ ਤੀਨ ਚਾਰ ਪੁਸਤ[3] ਲਗ ਰਹੇ॥ ਬਿਨ ਮਾਰੇ ਤਿਹਿ ਤਯਾਗ ਨ ਕਰੇ॥ ਰਉਰ ਕੋਪਨ ਕਛੁ ਮਨ ਮੈਲਾ ਕਰਤ ਫਿਰਹੁ ਜਨੁ ਜੰਗਲ ਸੈਲਾ॥੧੪॥ਦੋ:॥ ਕਹਾ ਕਰਹੁ ਕਰਨਾ ਕਰਨ ਇਛਾ ਪੂਰਨ ਧਾਮ॥ ਨਾਸ ਤੁਰਕ ਜਰ ਕੀਜੀਏ ਬਿਰਧਾ ਬਚਨ ਲਲਾਮ॥੧੫॥ਚੋ:॥ ਸ੍ਰੀ ਮੁਖ ਕਹੀ ਭੇਜਿਹੋ ਬੰਦਾ॥ ਕਰਿਹੈ ਤੁਰਕ ਤੇਜ ਸਭ ਮੰਦਾ॥ ਜਿਨ ਜਿਨਿ ਸਾਹਬ ਜਾਦਨ ਸੰਗਾ॥ ਕੀਨ ਕੁਢੰਗ ਬੇਦਬੀ ਭੰਗਾ॥੧੬॥ ਤਿਨ ਤਿਨ ਕਹਿ ਆਸਨਾਚ ਨਚਾਵੈ॥ ਇਹ ਕਰ ਕਰ ਇਹ ਕਰ ਫਲ ਪਾਵੈ॥ ਸੁਨ ਬਿਰਧਾ ਤੇਰੋ ਬਚ ਮਾਨੀ॥ ਕਰਹੋ ਸਕਲ ਸੈਨਾ ਮੈਂ ਫਾਨੀ॥੧੭॥ ਇਨਕੇ ਸੀਸ ਦੇਨ ਹਿਤ ਭਾਰਾ॥

---

1. ਚਰਨਾਂ,
2. ਕੁਲ ਦਾ ਨਾਮ ਕਰਨ ਵਾਲਾ,
3. ਪੁਸ਼ਤਾਂ

Sri Satguru Jagjit Singh Ji eLibrary NamdhariElibrary@gmail.com

ਕੀਨੋ ਮੈ ਯਹ ਚਰਿਤ[1] ਸੰਸਾਰਾ॥ ਦ੍ਰਿਸਯਮਾਨ[2] ਮਿਥਯ ਬਿਵਹਾਰ॥ ਸਰਬ ਸਹਿਤ ਖਾਲਸ ਹਮਹਾਰ॥੧੮॥ ਸੁਤ ਸੰਪਤ ਸਭ ਕੀਨੀ ਭੇਟਾ॥ ਪਾਯੋ ਤਬਹ ਖਾਲਸਾ ਬੇਟਾ॥ ਚਿਰ ਜੀਵਹਿ ਯਹ ਗੁਰੂ ਖਾਲਸਾ॥ ਕਰਿਹੈ ਸਭ ਕੀ ਪੂਰ ਲਾਲਸਾ॥੧੯॥

ਸਾਖੀ॥੨੧੧॥ਚੋ:॥ ਧਰਮ ਸਿੰਘ ਪ੍ਰਸਾਦ ਪਕਾਈ॥ ਇਕ ਦਿਨ ਆਵਤ ਗੁਰੁ ਢਿਗ ਧਾਈ॥ ਪਠਤ ਪਾਠ ਮੁਖ ਜਪ ਸੁਖਮਨੀ॥ ਕਰਤੁ ਤਰਕ ਬਿਕਲ ਮਨ ਮਨੀ॥ ਏਕ ਸਿੰਘ ਨਿਰਖਾ ਮਗ ਮਾਹੀ॥ ਕਾਮ ਰੂਪ ਸਮ ਕਾਮੁ ਸੁਬਾਹੀ॥ ਪ੍ਰਥਮ ਪੀਤ ਪੁਨ ਸੇਤ ਨਿਹਾਰੀ॥ ਪੁਨ ਸੁਰਮਈ ਦੇਖ ਪਟ ਧਾਰੀ॥੨॥ ਰੰਗ ਰੰਗ ਕੇ ਪਟ ਤਹ ਮਾਹੀ॥ ਕਬ ਲਾਂਬੋ ਕਬ ਛੋਟ ਲਖਹੀ॥ ਕਬਹੂ ਮੋਟ ਕਬ ਦੂਬਰ ਦੇਖਾ॥ ਲਾਰਕ ਜਬਾ ਬਿਰਧ ਤਨ ਪੇਖਾਂ॥੩॥ ਜਯੋ ਜਯੋ ਧਰਮ ਸਿੰਘ ਤਿਹ ਦੇਖੈ॥ ਤਯੋ ਤਯੋ ਪਗ ਡਗ ਧਰਤ ਸੁਬੇਖੈ॥ ਸੰਗ ਸੰਗ ਤੋਊ ਤਹ ਆਵੈ॥ ਧਰਮ ਸਿੰਘ ਉਰ ਸਮਝ ਨਾ ਪਾਵੈ॥੪॥ ਕਬਿਤ॥ ਕਧੋਂ ਦੇਵ ਮਾਨਵ ਸਰੂਪ ਧਰ ਧਰ ਆਯੋ ਕੈਸੋ ਕਾਮ ਰੂਪ ਧਾਰੇ ਦਰਸ ਸਿਧਾਰੋ ਜਾਤ॥ ਕੈਸੋ ਕੋਊ ਅਸੁਰ ਕੋ ਸੁਹਾਯੋ ਛਲ ਕੈਸੋ ਹੈ ਤੁਰਕ ਤੇਜ ਕੈਸੋ ਦਿਨ ਪਤਿ ਰਾਤ॥ ਕੈਸੋ ਕੋਊ ਸਿਖ ਹੈ ਸਹੀਦ ਯਹ ਕੈਸੋ ਕੋਈ ਕਾਮਨ ਕੀਓ ਹੈ ਪ੍ਰੇਤ ਪਿਤਰ ਕਿਓ ਹੈ ਬਾਤ॥ ਗੰਧਰਬ ਜਛ ਕੈਸੋ ਧਾਰਨ ਕਿਏ ਹੈ ਕਛ ਮੇਰੀ ਸਹਸਾਕੋ ਕਰੈ ਦੂਰ ਤਾਤੇ ਦਰਸਾਤ॥੫॥ ਕੋਨ ਹੋ ਜੂ ਕੈਸੇ ਹੋ ਸਿਧਾਏ ਕਿਹ ਕਾਜ ਲਗ ਕਹਾ ਜਾਤ ਕਾਪੈ ਜਾਤ ਕੋਨ ਕਾਮ ਕਰਿਹੋ॥ ਕੌਨ ਜਾਤ ਕੌਨ ਪਾਤ ਕੌਨ ਰੂਪ ਕੌਨ ਰੰਗ ਕੌਨ ਦੇਸ ਆਏ ਕੌਨ ਉਹ ਧਯਾਨ ਧਾਰਿਹੋ॥ ਨਿਰਖ ਨਿਰਖ ਤੇਰੀ ਤਰਹ ਅਨੂਠੀ[3] ਮੋ ਮੈ ਸੁਮਤਿ ਸੁ ਊਠੀ ਕੋ ਤਰਕ ਪਰਿ ਹਰਿਹੋ॥ ਮੈਤੋਂ ਧਰਮ ਸਿੰਘ ਸ੍ਰੀ ਗੁਰੁ ਗੁਬਿੰਦ ਸਿੰਘ ਦਰਸ ਸੁਮੇਰ ਸਿੰਘ ਬਚਨ ਉਚਰਿਹੋ॥੬॥ ਦੇਵ ਹੋਯ ਨ ਮਾਨਵ ਨ ਕਾਮਨ ਅਸੁਰ ਛਲ ਤੁਰਕਨ ਤੇਜ ਦਿਨ ਪਤ ਰਾਤ ਨਾਹੀ ਹੌਂ॥ ਕਾਮਨ ਨ ਕੀਨੋ ਪ੍ਰੇਤ ਪਿਤਰ ਨ ਚੀਨੋ ਜਛ ਗੰਧਰਬ ਨਾਹੀ ਸਿਖ ਗੁਰ ਬਲ ਬਾਲੀ ਹੌਂ॥ ਸੰਗਯਾ[4] ਹੈ ਸਹੀਦ ਸਭ ਸਕਤ ਮਜੀਦ ਜਾਤ ਦਰਸ ਅਜੀਦ ਕਾਜ ਆਇਸ ਸੁ ਚਾਹੀ ਹੌਂ॥ ਰਹਤ ਸਹੀਦ ਲਾਖ ਗੁਰ ਅਭਲਾਖ ਲਾਖ ਏਕ ਮੈ ਧਰਮ ਸਿੰਘ ਆਗੇ ਆਖ ਰਾਹੀ ਹੌਂ॥੭॥ਦੋ:॥ ਧਰਮ ਸਿੰਘ ਪਗ ਪ੍ਰਧਰਯੋ ਦਰਸਨ ਦੀਨੋ ਮੋਹਿ॥ ਕਿਰਤਾਰਥ ਸਭ ਬਿਧਿ ਕਰਯੋ ਛੂਟ ਗਯੋ ਭ੍ਰਮ ਜੋਹਿ॥੮॥ਚੋ:॥

ਇਕ ਸੰਕਾ ਅਰ ਅਚਰਜ ਮੋਹੀ॥ ਰਹਤ ਲਾਖ ਤੁਮ ਸਭ ਸੰਗ ਜੋਹੀ॥ ਕੇਤੋ ਬਲ ਮੁਹਿ ਪ੍ਰਗਟ ਦਿਖਾਵੋ॥ ਦਯਾ ਧਾਰ ਕਰ ਰੂਪ ਲਖਾਵੋ॥੯॥ ਕਹੀ ਸ਼ਹੀਦ ਸਿੰਘ ਡਰਿ ਜੈ ਹੈਂ॥ ਬਾਰ ਬਾਰ ਹਠ ਦਿਖ ਰੈ ਹੈਂ॥ ਤੁਰਤ ਅਕਾਸ ਸੀਸ ਪਗ ਧਰਾ॥ ਨਿਰਖਤ ਧਰਮ ਸਿੰਘ ਤਬ ਡਰਾ॥੧੦॥ ਕਰ ਪੁਨ ਸੋਮਯ ਰੂਪ ਨਰ ਲੀਨਾ॥ ਬਚਨ ਧਰਮ ਸਿੰਘ ਤਬ

1. ਚਰਿਤਰ, 2. ਇਹ ਜਗਤ, 3. ਵਚਿਤਰ, 4. ਉਪਮਾ

Sri Satguru Jagjit Singh Ji eLibrary NamdhariElibrary@gmail.com

ਇਮ ਕੀਨਾ॥ ਇਤੀ ਸਕਤ ਰਾਖਤਹੁ ਤੁਮਾਰੇ॥ ਸਾਹਿਬਜਾਦੇ ਤੁਰਕਨ ਮਾਰੇ॥੧੧॥ ਬੋਲੇ ਧਰਮ ਸਿੰਘ ਸੁਨ ਮੇਰੀ॥ ਹਮ ਚਾਕ੍ ਆਇਸ ਮਹਿ ਹੇਰੀ॥ ਪਾਚ ਹਜਾਰ ਸੇ ਇਨਿ ਤਪ ਲਗਾ॥ ਪੰਚਾਨਬੇ ਰਹਤ ਠਟ ਅਲਗਾ॥੧੨॥ ਏਕ ਏਕ ਬਲਵਾਨ ਮਹਾਨਾ॥ ਦਿਹਲੀ ਅਰ ਲਾਹੌਰ ਸਮਾਨਾ॥ ਕੰਦਕ ਇਵ ਉਖਾਰ ਧਰ ਸਾਰੀ॥ ਕਰਹਿ ਦੂਰ ਕਰ ਕਰ ਪਰ ਮਾਰੀ॥੧੩॥ ਮਾਗਤ ਰਹਿਹਿ ਅਨੇਕ ਉਪਾਈ॥ ਕਹਹਿ ਸਤਗੁਰੂ ਹੁਕਮ ਰਜਾਈ॥ ਬਿਨ ਅਪਰਾਧ ਜਾਇ ਜਰ ਕੈਸੇ॥ ਦੇਵਨ ਕਰ ਛਲ ਜਾਨਿਆ ਤੇ ਸੈ॥੧੪॥ ਸੀਤਹਿ ਜੋਨ ਚੁਰਾਵਤ ਰਾਵਨ॥ ਲੰਕਾ ਹੋਤ ਭਸਮ ਕਿਵ ਪਾਵਨ॥ ਕ੍ਰਿਸਨਹਿ ਹਨਨ ਚਹਤ ਜੂ ਨ ਕੰਸਾ॥ ਕੈਸੇ ਹੋਤ ਸਹਿਤ ਕੁਲ ਵੰਸਾ॥੧੫॥ ਪਾਂਡਵ ਸਨ ਛਲ ਕਰਤਨ ਜੋਈ॥ ਦੁਰਜੋਧਨ ਕਿ ਨਾਸ ਕਬ ਹੋਈ॥ ਯਹ ਸਬ ਸਤਗੁਰ ਚਰਿਤ ਅਪਾਰਾ॥ ਹਰਖ ਸੋਕ ਸਭ ਸਮ ਗੁਰ ਦਵਾਰਾ॥੧੬॥ ਤਾਤੇ ਤਜਹੁ ਚਿੰਤ ਸਭ ਭਾਤੀ॥ ਸੇਵਹੁ ਪਦ ਪੰਕਜ ਦਿਨ ਰਾਤੀ॥ ਤੁਵ ਸੰਦੇਹ ਨਿਵਾਰਨ ਕਾਰਨ॥ ਦਰਸਨ ਦਿਓ ਸੁਮਤਿ ਬਿਸਤਾਰਨ॥੧੭॥ਦੋ:॥ ਗਾਇਤ੍ਰੀ ਕੋ ਕੋਪ ਅਰ ਭੇਟਾ ਚੰਡੀਮਾਤ॥ ਸਿਖਨ ਕੋਪ ਰਖਨ ਧਰਮ ਇਤਯਾਦਿਕ ਬਹੁਤਾਤ॥੧੮॥ ਧਰਮ ਸਿੰਘ ਚਰਨਨ ਪਰਯੋ ਭਯੋ ਸਹੀਦ ਅਲੋਪ॥ ਦਰਸਯੋ ਦੀਨ ਦਯਾਲ ਪਗ ਜਾਨੀ ਜਾਨ ਅਕੋਪ॥੧੯॥

ਸਾਖੀ॥੨੧੨॥ਚੌ:॥ ਸੰਗਤ ਦੂਰ ਦੂਰ ਆਵੈ॥ ਤਨਕ ਭਨਕ ਜਬਹੀਂ ਸੁਨ ਪਾਵੈ॥ ਮਿਲ ਸਮੀਰ ਸਨ ਦਰਸਨ ਕਰੈ॥ ਜਨਮ ਜਨਮ ਕੇ ਪਾਤਿਕ[1] ਹਰੈ॥੧॥ਦੋ:॥ ਅਬ ਇਕਰਪੇ ਕਲ ਬਿਖੈ ਦਯਾਲ ਦਾਸ ਤਿਰਖਾਨ॥ ਤਿਹ ਸੁਤ ਗੂਦੜ ਦਾਸ ਭੇ ਭਾਰੀ ਅਜਮਤਵਾਨ[2]॥੨॥ਚੌ:॥ ਤਿਨ ਮਹੀਨ ਪੋਸਾਕ ਬਨਾਈ॥ ਸਤਗੁਰੁ ਦਰਸ ਭੇਟ ਧਰ ਭਾਈ॥ ਬਾਰ ਬਾਰ ਪਦ ਬੰਦਨ ਕਰੀ॥ ਜਨਮ ਜਨਮ ਕੀ ਫਾਸੀ ਹਰੀ॥੩॥ ਏਕ ਬਾਰ ਸ੍ਰੀ ਪ੍ਰਭ ਕਰਤਾਰਾ॥ ਗੁਰੂ ਖਾਲਸਾ ਪ੍ਰਾਨ ਅਧਾਰ॥ ਕਹੀ ਸਮੀਰ ਅਧਿਕ ਮੈ ਖੁਸੀ॥ ਤੇਰੀ ਲਖ ਸੇਵਾ ਬਿਨ ਰੁਸੀ॥੪॥ ਦੋਹਰਾ॥ ਸੁਨ ਸਮੀਰ ਗੂਦੜ ਦਈ ਪਹਿਰ ਪੁਸ਼ਾਕ ਨਵੀਨ॥ ਚਢ ਘੋੜਾ ਪਰ ਫੇਰ ਅਬ ਜਿਤਕ ਸੁ ਚਹਤ ਜਮੀਨ॥੫॥ਚੌ:॥ ਜਹ ਲਗ ਸੁਨਤਵ ਘੋਰਾ ਜਾਬੀ॥ ਤਹ ਲਗ ਰਾਜ ਹੋਤ ਸੁਖਦਾਈ॥ ਪਹਿਰ ਪੁਸ਼ਾਕ ਸਮੀਰ ਸਯਾਨਾ॥ ਆਯੋ ਘਰ ਗੁਰ ਕ੍ਰਿਪਾ ਪ੍ਰਮਾਨਾ॥੬॥ ਤਿਹ ਮਾਤੁਲ[3] ਸਰਵਰੀਆ[4] ਰਹਾ॥ ਮਾਨਤ ਗੁਗਾ ਪੀਰਨ ਮਹਾ॥ ਤਿਨ ਤਬ ਕਹੀ ਕਿ ਜੋ ਇਹ ਜੋਗਾ॥ ਹੋਤ ਤ ਕ੍ਰਤਕਿ ਨਾਸ ਸੁ ਭੋਗਾ॥੭॥ ਆਨੰਦਪੁਰ ਨਹਿ ਰਾਖਤ ਬਨਾ॥ ਤੋਹਿ ਰਾਜ ਦੈ ਹੈ ਬਚ ਧਨਾ॥ ਤਬ ਲਖਮੀਰ ਤਖਤ ਮਲ ਮਿਲੇ॥ ਕਾ ਕਛੁ ਕਰਹਿ ਬਿਚਾਰਤ ਭਲੇ॥੮॥ ਗੁਰ ਬਚ ਮੋਰਤ ਬਨਹਿ ਨ ਕੈਸੇ॥ ਫਿਰੇ ਨਗਰ ਪਰਿਕਰਮਾ ਤੈ ਸੈ॥ ਪ੍ਰਾਤ ਭਏ ਪ੍ਰਭ ਪਦ ਢਿਗ

---

1. ਪਾਪ, 2. ਕਰਾਮਾਤੀ, 3. ਮਾਤਾ, 4. ਸਰਵਰੀਆ ਪੀਰ

Sri Satguru Jagjit Singh Ji eLibrary NamdhariElibrary@gmail.com

ਆਏ॥ ਅਤਿ ਆਦਰ ਗੁਰ ਨਿਕਟ ਬਿਠਾਏ॥ ਬੋਲੇ ਕ੍ਰਿਪਾ ਸਿੰਧੁ ਗੁਰ ਰਾਈ॥ ਮਾਤਲ ਲੇਨ ਨ ਦੇਤ ਬੜਾਈ॥ ਹਮ ਤੋ ਰਾਜ ਦੈਨ ਬਹੁ ਚਾਹਾ॥ ਤੁਮ ਨ ਲੇਹੁ ਯਹ ਚਿੰਤ ਉਮਾਹਾ॥੧੦॥

ਸਾਖੀ॥੨੧੩॥ਚੌ:॥ ਭੋਜਨ ਕਰਨ ਲਗੇ ਇਕ ਦਿਨਾ॥ ਨਿਕਟ ਸੁਮੀਰ ਹੋਤ ਸੁਖ ਧਨਾ॥ ਸੀਤ ਪ੍ਰਸਾਦ ਮਾਗ ਸੁ ਸਮੀਰਾ॥ ਦੀਨੋ ਸਤਗੁਰੁ ਕ੍ਰਿਪਾ ਅਧੀਰਾ॥੧॥ ਸ੍ਰੀ ਮੁਖ ਕਹੀ ਛਕਹੁ ਇਹ ਠਾਮਾ॥ ਬੋਲਯੋ ਦੀਨ ਬੰਧ ਸਤਨਾਮਾ॥ ਘਰ ਘਰਨੀ[1] ਬਰ ਬਾਲਕ ਸੰਗਾ॥ ਛਕਹੋ ਸੀਤ ਪ੍ਰਸਾਦ ਸੁਚੰਗਾ॥੨॥ਦੋ:॥ ਤਹਾ ਦੁਸਟ ਮਾਤਲ ਹੁਤੋ ਜਬ ਲਗ ਛਕਨ ਪ੍ਰਸਾਦਿ॥ ਉਘਰਤ ਪਟ ਝਟ ਕਾਲ ਖਯੋ ਭਟਕਾ ਮਨ ਅਬਿ ਖਾਦ॥੩॥ਚੌ:॥ ਮਾਤੁਲ ਕਹਤ ਸੁਨਹੁ ਰੇ ਸਮੀਰਾ॥ ਕਰਹਿ ਕੋਪ ਜਬ ਸਰਵਰ ਪੀਰਾ॥ ਕੋਊ ਤਾਹਿ ਬਚਾਇ ਨ ਸਾਕੈ॥ ਸਭ ਸੰਪਤਾ ਨਸ ਜੋ ਤਾਕੈ॥੪॥ ਹਮ ਹਲਾਲ ਕੇ ਖਾਵਨ ਹਾਰੇ॥ ਝਟਕਾ ਹੋਤ ਹਰਾਮ ਬਿਚਾਰੇ॥ ਕਹਿ ਲਖਮੀਰ ਕੋਪ ਗੁਰੁ ਭਾਰੀ॥ ਤਖਤੁ ਕਹਿ ਨ ਬਨਾਇ ਬਿਗਾਰੀ॥੫॥ ਪੁਸੈਨੀ ਸੇਵਕ ਸਭ ਭਾਂਤੀ॥ ਅਬ ਕਿਤ ਜਹਿ ਗੁਰ ਸੀਤ ਅਰਾਤੀ॥ ਮਾਤੁਲ ਹਠ ਲਖ ਸਭ ਚੁਪ ਰਹੈ॥ ਧਰਤਿ ਦਾਬ ਕਛੁ ਸੁਨੇ ਨ ਕਹੇ॥੬॥ ਪ੍ਰਾਤ ਭਏ ਸ੍ਰੀ ਪਦ ਢਿਗ ਆਏ॥ ਛਕਯੋ ਪ੍ਰਸਾਦ ਕਿਨਹਿ ਗੁਰੁ ਗਾਏ॥ ਕਹਿ ਕਰ ਜੋਰ ਸਮੀਰ ਸੁਜਾਨਾ॥ ਜੈਤੋ ਕਾ ਮਮ ਮਾਤੁਲੁ ਮਾਨਾ॥੭॥ ਲਖ ਝਟਕਾ ਭਟ ਕਾਮਨ ਤਾਹੀ॥ ਖਟਕਾ ਉਰ ਘਟਕਾ ਇਕ ਮਾਹੀ॥ ਸੋਚਤ ਸੰਪਤ ਸਭ ਸੁਖ ਜੈਹੈ॥ ਪੀਰ ਕੋਪ ਕਰ ਸਰਬ ਸੁਲੈਹੈ॥੮॥ ਤਾ ਤੇਤਾ ਕਹਿ ਧਰਾ ਦਬਾਯੋ॥ ਬਕਸਹੁ ਕ੍ਰਿਪਾ ਨਾਥ ਸੁਖ ਪਾਯੋ॥ ਸੁਨ ਸਮੀਰ ਇਹ ਭੂਮ ਨਰੇਸਾ॥ ਭ੍ਰਦ ਸੈਨ ਇਕ ਭਯੋ ਸੁਬੇਸਾ॥੯॥ ਬਹਤ ਹੁਤੀ ਦੇ ਨ ਦਿਆ ਮਹਾ॥ ਭਟਲੀ ਔਰ ਬਚਿਤ੍ਰਾ ਯਹਾਂ॥ ਤਿਨ ਅਪਮਾਨ ਅੰਨ ਕਰ ਕੀਨਾ॥ ਤਾਤੇ ਸਾਪ ਅੰਨ ਨੈ ਦੀਨਾ॥੧੦॥ ਦੋਊ ਨਦੀ ਤਬੈ ਹਟ ਗਈ॥ ਉਜਰ ਦੇਸ ਜੰਗਲ ਭਾਤਈ॥ ਸੀਤ ਪ੍ਰਸਾਦਨ ਤੁਮ ਨੈ ਖਾਯੋ॥ ਲੈ ਕਰ ਕਰ ਧਰ ਮਾਹਿ ਦਬਾਯੋ॥੧੧॥ ਤਾਤੇ ਮੋਰ ਮਾਲਵਾ ਹ੍ਵੈ ਹੈ॥ ਅੰਨ ਆਠ ਗੁਨਯਹ ਧਰ ਦੈ ਹੈ॥ ਅਬ ਯਹ ਧਰਤੀ ਸੁਧ ਭਈ ਹੈ॥ ਸੀਤ ਪ੍ਰਸਾਦ ਦਬਾਇ ਜਈ ਹੈ॥੧੨॥ ਸਿੰਘ ਮਲਵਈ ਇਹ ਕਹਿਲੈਹੈ॥ ਸੂਰਬੀਰ ਬਹੁ ਭਜਨੀ ਹੈ ਹੈ॥ ਰਾਜਦੇਨ ਹਮ ਚਾਹਤ ਰਹੇ॥ ਸੋ ਤੁਹਿ ਮਾਤੁਲ ਚਾਹ ਨਲਹੇ॥੧੩॥ ਤਾ ਤੇ ਤਾਕੋ ਕੁਸਟ[2] ਸੁ ਹੈ ਹੈ॥ ਅਰ ਤਿਹਿ ਬੰਸ ਮਾਹਿ ਬਿਰਧੇ ਹੈ॥ ਤੁਮ ਗੁਰ ਸਿੱਖ ਡਰਹੁ ਸੁਲਤਾਨਾ॥ ਕਰਹੁ ਸੁ ਅਪਨੋ ਜਿਆਨਾ॥੧੪॥ ਬਸਿ ਹੋ ਹੈ ਰੈਯਤ ਸਭ ਭਾਤੀ॥ ਭੋਗਹਿ ਰਾਜ ਅਪਰ ਬਲ ਖਯਾਤੀ॥ ਅਬਲੋ ਕੁਸਟੀ[3] ਤਾਕੇ ਕੁਲ ਕੇ॥ ਜੈਤੋ ਕੇ ਸੁਲਤਾਨੀ ਭੁਲਕੇ॥੧੫॥

---

1. ਘਰ ਵਾਲੀ, 2. ਕੋਹੜ, 3. ਕੋਹੜੀ

Sri Satguru Jagjit Singh Ji eLibrary NamdhariElibrary@gmail.com

ਸਾਖੀ॥੨੧੪॥ਦੋ:॥ ਪੁਨ ਬਹੁ ਸੇਵ ਸਮੀਰ ਕਰ ਮੁਰਝਤ ਮਨਹੀ ਮਾਹਿ॥ ਮਤੁਲ ਦੁਰ ਬੁਧੀ ਹਰੀ ਗੁਰ ਬਰ ਕ੍ਰਿਪਾ ਸਮਾਹਿ॥੧॥**ਚੋ:॥** ਪਿਤਾ ਪਿਤਾਮਹ ਗੁਰਕੇ ਪਾਲੇ॥ ਸੇਵਤ ਰਹੇ ਸਦਾ ਹਿਤ ਨਾਲੇ॥ ਪੁਨ ਪੁਨ ਸੇਵ ਨਾਥ ਸੁ ਰਿਝਾਏ॥ ਮਾਂਗੁ ਮੁਹ ਆਪ ਅਲਾਏ॥੨॥ ਕਹਿ ਸਮੀਰ ਚੋਰਾਸੀ ਕਾਟੋ॥ ਸੇਵਕ ਜਾਨ ਠਾਟ ਸੁਭ ਠਾਟੋ॥ ਐਰ ਮਾਂਗ ਕਛ ਧਨ ਗਨ ਭੂਮਾ॥ ਪੁਨ ਸਮੀਰ ਚੋਰਾਸੀ ਝੂਮਾ॥੩॥ ਤੀਨ ਬਾਰ ਇਹ ਬਿਧਿ ਸੁਨ ਲੀਨਾ॥ ਚੋਰਾਸੀ ਕਾਟਹਿ ਬਰ ਦੀਨਾ॥ ਜਾਇ ਧਾਮ ਜਬ ਰਾਇ ਸਮੀਰਾ॥ ਭਯੋ ਸੁ ਨਿੰਦਾ ਬਸ ਗਤਿ ਪੀਰਾ॥੪॥ ਸੁਪਨ ਦੇਖ ਪੁਨ ਜਨਮਨ ਲਾਗਾ॥ ਪੁਨ ਪੁਨ ਮਰਤ ਸੋਕ ਅਤਿ ਜਾਗਾ॥ ਖਗ ਮ੍ਰਿਗਅ ਗਜਗ ਚਾਰਹੁ ਖਾਨੀ॥ ਉਪਜਤ ਮਰਤ ਸਮੀਰ ਪਛਾਨੀ॥ ਅੰਤਿਮ ਜਨਮ ਭਯੋ ਚੰਡਾਲਾ[1]॥ ਪੁਤਰ ਪੋਤਰ ਪਰਵਾਰ ਬਿਸਾਲਾ॥ ਤਹ ਪੀਲੂ ਬਹੁ ਭੋਜਨ ਕੀਨਾ॥ ਉਘਰ ਨੈਨ ਲਖ ਭਯੋ ਅਧੀਨਾ॥੬॥ ਮਲਹੂੰ ਪੀਲੂ ਕਰ ਤਬ ਆਯੋ॥ ਦਾਤਨ ਕਰਤ ਮੁਖਹੁ ਮਹਿ ਭਾਯੋ॥ ਅਚਰਜ ਲਖ ਸਤਗੁਰੁ ਪਹਿ ਆਯੋ॥ ਸਕਲ ਬ੍ਰਿਤੰਤ ਸੁ ਛੋਰ ਸੁਨਾਯੋ॥੭॥ ਸ੍ਰੀ ਮੁਖ ਕਹੀ ਕਿ ਤੇਰੋ ਆਸੀ॥ ਛੂਟ ਗਈ ਸੰਕਟ ਚੋਰਾਸੀ॥ ਅਬ ਨਿਚਿੰਤ ਰਹੁ ਜ਼ੀਵਨ ਮੁਕਤਾ॥ ਸਾਚੇ ਸਤਗੁਰ ਕੀ ਯਹ ਜੁਗਤਾ॥੮॥ ਤਹ ਇਕ ਦਯਾਲ ਪੁਰੇ ਕੋ ਆਯੋ॥ ਹੁਤੋ ਤਿਖਾਨ ਬੈਠ ਸੁਨ ਪਾਯੋ॥ ਨਿਜਓ ਧਾਰ ਹਿਤ ਬਿਨਤੀ ਕਰੀ॥ ਬੋਲੇ ਦੀਨ ਬੰਧ ਨਰ ਹਰੀ॥੯॥ ਸੰਗ ਸਮੀਰ ਤੋਰ ਕਲਯਾਨਾ॥ ਤੂਹੂੰ ਤਜਿਹੈ ਤਬਹੀ ਪ੍ਰਾਨਾ॥ ਪਾਇ ਸਮੀਰ ਅਧਿਕ ਬਰਦਾਨਾ॥ ਬਾਰ ਬਾਰ ਪਦਿ ਬੰਦਨ ਠਾਨਾ॥੧੦॥**ਦੋ:॥** ਲਹਨੋ ਥੋ ਸੋਈ ਲਿਓ ਭਯੋ ਜੁ ਹੋਨੋਹਾਰ॥ ਭਯੋ ਸਮੀਰ ਸਮੀਰ ਸਮ ਸਰਬ ਦੋਖ ਤੇ ਪਾਰ॥੧੧॥

ਸਾਖੀ॥੨੧੫॥ਚੋ:॥ ਇਕ ਸਰਹੰਦ ਰਹਤ ਸੰਨਯਾਸੀ॥ ਦਯਾਲ ਪੁਰੀ ਨਾਮਕ ਸੁਖ ਰਾਸੀ॥ ਸੋ ਸੁਨ ਸਾਪ ਦੁਖਾ ਜਿਅ ਮਾਹੀ॥ ਮ੍ਰਿਖਾ ਹੋਨਹਾਰੀ ਕਬ ਨਾਹੀ॥੧॥ ਪੁਨ ਸੁਨ ਕਾਗੜ ਨਿਵ ਸਤ ਸਵਾਮੀ॥ ਆਯੋ ਲੈ ਕਰ ਭੇਟ ਸਲਾਮੀ॥ ਸੀਤਲ ਪੁਰੀ ਸਿਖਯ ਸਰਧਾਲੂ॥ ਨਿਰਖੋਯ ਨਯਨ ਸੰਤ ਪ੍ਰਤਿਪਾਲੂ॥੨॥ ਮਹਾਰਾਜ ਕਹ ਕਿਮਿ ਕਰ ਆਯੋ॥ ਦੀਨ ਬੰਧੁ ਸੁਨ ਸਾਪ ਸਿਧਾਯੋ॥ ਨਗਰ ਬਕਸਿਅਹਿ ਬਸਬੋ ਕਰੇ॥ ਜਿਹ ਅਬ[2] ਕਰਯੋ ਤਾਹਿ ਸਿਰ ਪਰੈ॥੩॥ ਸਤਗੁਰ ਕਹੀ ਕਿਅ ਕਲਹਿ ਹੋਈ॥ ਸੁਨ ਸਨਯਾਸੀ ਬਚਨ ਸੁ ਜੋਈ॥ ਚਢ ਚੋਬਾਰੇ॥ ਸੰਖ ਬਜਾਵਹੁ ਅਪਨੇ ਸੇਵਕ ਆਪ ਬਚਾਵਹੋ॥੪॥ ਜਹੰ ਜਹੰ ਧੁਨਿ ਸੰਖਹਿ ਕੀ ਜੈ ਹੈ॥ ਤਹੰ ਤਹੰ ਨਾਸ ਪੁਰੀ ਨਹਿ ਹ੍ਵੈ ਹੈ॥ ਨਤੁ ਕੋਪਾ ਗਿਨ ਮਾਹਿ ਜਰ ਛਾਰਾ॥ ਹੋਇ ਗਈ ਸਰਹੰਦ ਬਿਕਾਰਾ॥**ਦੋ:॥** ਫਿਟ ਮੁਹੀ ਪੁਰ ਯਹ ਨਾਮ ਭਯੋ ਫਤੇ ਗਢ[3] ਜਾਨ॥ ਗੁਰ ਦਵਾਰੋ ਬਨਿਹੈ ਅਧਿਕ ਦਯਾਲਪੁਰੀ ਸੁਖਦਾਨ॥੬॥

---

1. ਚੰਡਾਲ ਦੇ ਘਰ, 2. ਪਾਪ, 3. ਅੱਜ ਵਾਲਾ ਫਤਹਿ ਗੜ੍ਹ ਸਾਹਿਬ

Sri Satguru Jagjit Singh Ji eLibrary NamdhariElibrary@gmail.com

ਸਾਖੀ॥੨੧੬॥ਚੌ:॥ ਇਤ ਇਹਿ ਬਿਧਿ ਪ੍ਰਭ ਕੀਨੇ ਰਾਜੇ॥ ਉਤਛਲ ਮੂਢ ਕਰਤ ਅਤਿ ਲਾਜੇ॥ ਸੁਨੀ ਸੁਧੁ ਗੁਰਦੀਨੇ ਮਾਹੀ॥ ਕੋਪਯੋ ਤਬ ਸਿਰਹੰਦਾ ਤਾਂਹੀ॥੧॥ ਪਰਵਾਨੋ ਸਮੀਰ ਢਿਗ ਆਯੋ॥ ਤਾਮੈ ਲਿਖਿ ਇਹਿ ਹੁਕਮ ਪਠਾਯੋ॥ ਤੁਮਰੇ ਯਤ ਗੁਰ ਹਜਰਤ ਅਰੀ॥ ਬਾਂਧਿ ਦੇਹੁ ਅਸ[1] ਆਇਸ[2] ਕਰੀ॥੨॥ ਨਤੁ ਚਢ ਫੌਜ ਚੌਧਰੀ ਧਾਵੈ॥ ਤੋਹਿ ਸਹਿਤ ਗੁਰ ਮਾਰ ਗਿਰਾਵੈ॥ ਤੀਨ ਭ੍ਰਾਤ ਬੈਠੇ ਇਕ ਥਾਨਾ॥ ਸੋਚਤ ਕਰਤ ਤਰਕ ਬਿਧਿ ਨਾਨਾ॥੩॥ ਪੁਨ ਮਸਲਤ ਕਰ ਮਨ ਠਹਰਾਈ॥ ਤੋ ਉਤਰ ਲਿਖਿ ਤੁਰਤ ਪਠਾਈ॥ ਤਾਮੈ ਲਿਖੀ ਕਿ ਸੁਨਹੁ ਨਵਾਬੂ॥ ਹਮ ਨ ਦੇ ਸਕਹਿ ਕਛੂ ਜਬਾਬੂ॥੪॥ ਜਿਮਿ ਜਨਾਬ ਨਿਜ ਪੀਰ ਨ ਮਾਨਹਿ॥ ਤਿਮ ਹਮ ਅਪਨੋ ਸਤਗੁਰ ਜਾਨਹਿ॥ ਹਮ ਸੇਵਕ ਕਿਹਿ ਬਿਧਿ ਪਕਰਾਵਹਿ॥ ਹਮਤੇ ਨਹਿ ਅਸ ਬਿਧਿ ਬਨਿਆਵਹਿ॥੫॥ਦੋ:॥ ਪਢ ਜਬਾਬ ਸਿਰ ਪਉ ਤੇ ਜਰਯੋ ਨਬਾਬ ਸਬਾਬ॥ ਦਿਲ ਕਬਾਬ ਤਾਕੋ ਭਯੋ ਬੋਲਤ ਬਢ ਬਿ ਹਿਸਾਬ॥੬॥

ਸਾਖੀ॥੨੧੭॥ਚੌ:॥ ਇਕ ਦਿਨ ਦੀਨੇ ਦੀਨ ਦਯਾਲਾ॥ ਬੈਠ ਰਹੇ ਸੁ ਸਬ ਰਸਾਲਾ॥ ਨਿਜ ਕਰ ਤੇ ਗਹਿ ਕਰਦ ਕਰਮ ਕਰ॥ ਅੰਗਲ ਖੁਰਚਤ ਦਯਾ ਸਿੰਧ ਬਰ॥੧॥ ਮਾਨ ਸਿੰਘ ਕਹਿ ਕੀਜਤ ਕਹਾ॥ ਤੁਰਕਨ ਨਾਸ ਕਰਤ ਹਮ ਮਹਾਂ॥ ਮਾਨ ਸਿੰਘ ਕਹਿ ਤੁਰਕਨ ਮਾਰਾ॥ ਅਸ ਬੇ ਅਦਬੀ ਕਰ ਬੇਵਾਰਾ॥੨॥ ਸਤ ਗੁਰੁ ਕਹੀ ਮਰਨੋ ਸਹੀ॥ ਕੈਸੇ ਮਾਰਹਿ ਕਹਹੁ ਸੁ ਵਹੀ॥ ਕਰਨ ਜੁਧ ਸਨ ਮੁਖ ਮਨ ਮਾਹੀ॥ ਕੈ ਲਿਖ ਪਤਰ ਮਰਹਿ ਬਲ ਬਾਹੀ॥੩॥ਦੋ:॥ ਸਰਬ ਸਿੰਘ ਤਬ ਕਹਿ ਉਠੇ ਜੋ ਲਿਖ ਪਢ ਮਰ ਜਾਇ॥ ਤੌ ਨਾਹਕ ਕਰ ਜੁਧ ਕੋ ਸ੍ਰੀ ਗੁਰੁ ਬੇਪਰਵਾਹਾ॥੪॥ਚੌ:॥ ਲਖ ਸੇਵਕ ਮਨ ਕੀ ਗੁਰ ਰਾਈ॥ ਸਭ ਹੁਕਮ ਲਿਖਿ ਪਠਯੋ ਬਨਾਈ॥ ਬੈਤ ਪਾਰਸੀ[3] ਕੇਸੁ ਬਨਾਏ॥ ਤਸੁ ਅਰਥ ਹੋ ਲਿਖਤ ਜੁਆਏ॥

ੴ ਹੁਕਮ ਸਤ ਸ੍ਰੀ ਵਾਹਿਗੁਰੂ ਜੀ ਕੀ ਫਤੇ॥ ਜਫਰਨਾਮਾ ਸ੍ਰੀ ਮੁਖ ਵਾਕ ਪਾਤਸਾਹੀ ੧੦॥ਚੌ:॥ ਸੋ ਕ੍ਰਿਪਾਲ ਥਿਰ ਸਕਿਤ ਹਮਾਨਾ॥ ਮੁਕਤਦ ਆਗਿਆ ਕਰ ਦੇ ਦਾਨਾ॥ ਰਾਖਤ ਰਾਖਨਹਾਰ ਸੁ ਗਹਿ ਕਰ॥ ਭੋਜਨ ਦੇਤ ਸੁ ਆਗਯਾ ਚਿਤ ਧਰ॥੧॥੬॥ ਮਹਾਰਾਜ ਭਲ ਰਾਹ ਦ੍ਰਿਖਾਵਾ॥ ਰੂਪ ਰੰਗ ਕਛੂ ਚਿਹਨ ਨ ਪਾਵਾ॥੩॥ ਸੈਨ ਸਾਮਹਯ ਬਿਸਰਤ ਨਾਹੀ॥ ਸੁਖ ਬੈਕੁੰਠ ਦੇਤ ਪ੍ਰਭ ਤਾਹੀ॥੪॥੭॥ ਪ੍ਰਗਟ ਪ੍ਰਤਾਪ ਪ੍ਰਬਲ ਜਗ ਪਾਵਨ॥ ਦਾਨ ਦੇਤ ਸਭ ਨਿਕਟ ਸੁਭਾਵਨ॥੫॥ ਪ੍ਰਤਿ ਪਾਲਕ ਪਾਵਨ ਦੇ ਦਾਨਾ॥ ਭੋਜਨ ਦੇਤ ਦਯਾਲ ਜਗ ਨਾਨਾ॥੬॥੮॥ ਬਡ ਬਿਸਵਪਤੀ ਬਡ ਹੂੰ ਤੇ ਬਡ ਬਰ॥ ਸੁੰਦਰ ਸੂਰਤ ਦਯਾਲ ਦਾਨ ਪ੍ਰ॥੭॥ ਸੁਬੁਧਿ ਪਤੀ ਦੀਨਨ ਕਰ ਆਦਰ॥

---

1. ਮੇਰਜ, 2. ਹੁਕਮ, 3. ਫਾਰਸੀ

Sri Satguru Jagjit Singh Ji eLibrary NamdhariElibrary@gmail.com

ਨਿਸਕਿੰਚਨ ਪ੍ਰਿਯ ਸਤ੍ਰ ਨਿਰਾਦਰ॥੮॥੮॥ ਸ੍ਰੁਤਿ ਪਾਲਕ ਬਡਿਆਈ ਭਰਾ॥ ਜਾਨਤ ਜਿਅ ਕਰਾਨ ਜਿਨ ਰਹਾ॥੯॥ ਪਰਖਤ ਬੁਧਿ ਬੁਧਿ ਕਰ ਸਵਾਮੀ॥ ਪ੍ਰਗਟ ਪ੍ਰਤਾਪਤ ਤਵ ਘਟ ਗਾਮੀ॥੧੦॥੧੦॥ ਜਾਨਨਹਾਰ ਸਰਬ ਜਗ ਬਿਦਯਾ॥ ਖੇਲਤ ਸਭ ਜਗ ਕਾਜ ਅਬਿਦਯਾ॥੧੧॥ ਬੜੋ ਕਾਜ ਜਗ ਜੀਵ ਚਲਾਵੈ॥ ਪਹਿਚਾਨਤ ਜਗ ਬਿਦਯਾ ਭਾਵੈ॥੧੨॥੧੧॥ ਕਥਾ।ਦੋਃ॥ ਮੁਹਿ ਭਰੋਸ[1] ਤਵ ਸਪਥ[2] ਪਰ ਰਹਯੋ ਨ ਔਰੰਗਜੇਬ॥ ਸਰਬ ਭ੍ਰੂਤ ਸਾਖੀ ਪ੍ਰਭੂ ਹੈ ਸਾਖੀ ਸੁ ਫਰੇਬ॥੧੩॥ਚੌਃ॥ ਨੈਕ ਨ ਮੁਹਿ ਤਿਹਿ ਸਪਥ ਭਰੋਸਾ॥ ਬਕਸ ਦਿਵਾਨ ਜੁ ਮਿਥਯਾ ਕੋਸਾ॥੧੪॥ ਕਸਮ ਕੁਰਾਨ ਮਾਨ ਤਵ ਜੋਈ॥ ਤੈ ਦਿਨ ਤੈ ਖਰਾਬ ਸੋ ਹੋਈ॥੧੫॥੧੩॥ ਛਾਯਾ ਹੁਮਾ ਤਰੇ ਜੋ ਆਵੈ॥ ਬਲੀ ਕਹੂੰ ਨਹਿ ਕਰ ਪਾਵੈ॥੧੬॥ ਨਰ ਨਾਹਰ ਕੀ ਪ੍ਰਿਸਟ ਜੁ ਆਵੈ॥ ਅਜਾ ਮੇਖ ਮ੍ਰਿਗਨ ਸਮੁਹਾਵੈ॥੧੭॥੧੪॥ ਸਪਥ ਕੁਰਾਨ ਜੁ ਛਪ ਕਰਖਾਵੈ॥ ਸੈਨਾ ਅਸਵ ਪੈਰਨ ਨਹਿ ਪਾਵੈ॥੧੮॥ ਚਾਲਿਸ ਨਰ ਭ੍ਰੁਖੇ ਕਾ ਕਰਹੀ॥ ਦਸ ਲਖ ਜੋ ਅਗਯਾਤ ਪਰ ਪਰਹੀਂ॥੧੯॥੧੫॥ ਨਿਯਮ ਭੰਗ ਬਿਨ ਦੇਰ ਸਿੰਧਾਏ॥ ਤ੍ਰੁਪਕ ਖੜਗ ਸਰ ਧਰ ਕਰ ਆਏ॥੨੦॥ ਬੇ ਬਸ ਹੈ ਹਮ ਹੂੰ ਤਬ ਆਏ॥' ਜੁ ਕਤਤੀਰ ਅਰ ਤ੍ਰੁਪਕ ਚਲਾਏ ॥੨੧॥੧੬॥ਦੋਃ॥ ਜਾਕੀ ਕੋਊ ਭਾਂਤ ਤੇ ਬਨੈ ਨੇ ਬਨਤੀ ਬਾਤ॥ ਧਰਮ ਇਹੀ ਤਿਹਕਾਲ ਮੈ ਗਹੈ ਤੇਗ ਕਰ ਖਯਾਤ॥੨੨॥੧੭॥ਚੌਃ॥ ਕਸਮ ਕੁਰਾਨ ਮਾਨ ਤਵ ਆਏ॥ ਨਤਰੁ ਕਹ ਕਿਹਿ ਕਾਜ ਸਿਧਾਏ॥੨੩॥ ਨਹ ਜਾਨਾ ਲ੍ਹੁੰਬਰ ਪੇਚੀ ਨਰ॥ ਜਾਨਤ ਤੋਨ ਆਇ ਇਹ ਔਸਰ॥੨੪॥੧੮॥ ਕਸਮ ਕੁਰਾਨ ਮਾਨ ਜੋ ਰਾਹੀ॥ ਮਾਰਬ ਬਾਧ ਬਤਿਹਿ ਨਹਿ ਚਾਹੀ॥੨੫॥ ਸਯਾਮ ਬਸਨ ਮਾਖੀ ਸਮ ਆਏ॥ ਏਕ ਬਾਰ ਅਤਿ ਕ੍ਰੋਧ ਉਪਾਏ ॥੨੬॥੧੯॥ ਜੋ ਕੋਊ ਭੀਤਸ ਮੁਹਿ ਸੁ ਸੁਹਾਯੋ॥ ਸੋਇਕ ਸਰ ਸੋ ਰੁਧਿਰ ਨਹਾਯੋ॥੨੭॥ ਕੋਊ ਨ ਭੀਤ ਸਾਮਨੇ ਆਯੋ॥ ਘਾਇ ਸਰਨ ਸੋ ਜੋਨਹਿ ਆਯੋ॥੨੮॥੨੦॥ ਦੇਖਯੋ ਜਬ ਨਾਹਰ ਸੁ ਮੁਹਾਯੋ॥ ਬਿਨ ਦੇਰੀ ਇਕ ਤੀਰ ਚਖਾਯੋ॥੨੯॥ ਭਾਜਯੋ ਅੰਤ ਜੰਗ ਕੀ ਜਾਗਾ॥ ਗਿਆਸਟਕੀ ਸੁ ਭੋਜਨ ਭਾਗਾ॥੩੦॥੨੧॥ ਦ੍ਰੁਸਰ ਦੌਰ ਪਠਾਨ ਸੁਆਏ॥ ਜਿਮਿ ਸਰਿਤਾ ਸਰ ਗੋਰੀ ਧਾਏ ॥੩੧॥ ਹਲਾ ਪਰ ਹਲਾ ਤਿਨ ਕੀਨਾ॥ ਕਛ ਕੁ ਬੁਧ ਕਛ ਕੁ ਬੁਧੀ ਚੀਨਾ॥੩੨॥੨੨॥ ਬਹੁ ਹਲਾ ਕਰ ਘਾਉ ਸੁਖਾਏ॥ ਇਕ ਦੈਵ ਮਾਰ ਮਰੇ ਜੇ ਆਏ॥੩੩॥ ਵਹ ਖਵਾਜੋ ਮਰਦ੍ਰਦ ਭੀਤ ਤਰ॥ ਸ੍ਰੁਰ ਸਮਰ ਸਾਮੁਹਿਨ ਭਯੋ ਡਰ॥੩੪॥੨੩॥ ਯਹੈ ਸੋਚ ਮੁਖ ਹੇ ਰਤ ਵਾਹੀ॥ ਅਵਸਿ ਏਕ ਸਰਬ ਕਸ ਤਤਾਹੀ॥੩੫॥ ਤ੍ਰੁਹੂ ਅਧਿਕ ਦ੍ਰੁਹੂੰ ਦਿਸ ਘਾਇਲ ਭਟ॥ ਬਹੁਤਕ ਮਰੇ ਦ੍ਰੁਹੂ ਦਿਸ ਚਟ ਪਟ॥੩੬॥੨੪॥ ਬਰਖਾ ਤੀਰ ਤ੍ਰੁਪਕ ਕਬਹੁ ਬਈ॥ ਧਰੀਰਾ[3] ਲਾਲ ਗੁਲਾਲਾ ਭਈ॥੩੭॥ ਸਿਰ ਅਰੁ ਪਗ ਕਰ ਲਾਗ

---

1. ਵਿਸ਼ਵਾਸ਼, 2. ਸਹੁੰ, 3. ਧਰਤੀ

Sri Satguru Jagjit Singh Ji eLibrary NamdhariElibrary@gmail.com

ਅਬਾਰਾ॥ ਸਮਰ ਭਮ ਚੋਗਾਨ ਸੁਧਾਰਾ॥੩੮॥੨੬॥ ਤੀਰ ਤਰੰਗ ਕਮਾਨ ਤਰੰਕਾ॥ ਹਾਯ ਹੁਯ ਬੋਲਤ ਸਭ ਸੰਕਾ॥੩੯॥ ਮਾਰ ਮਾਰ ਦੂਸਰ ਦਿਸ ਰੋਰਾ॥ ਲਖ ਸੂਰਤਾ ਸੂਰ ਮਨਹੋਰਾ॥੪੦॥੨੭॥ ਕਹ ਲੋਕ ਰਹਿ ਸੂਰਤਾ ਹਮਸਥ॥ ਚਾਲਿਸ ਪਰ ਦਸ ਲਾਖ ਜੋਰ ਜਥ॥੪੧॥[1] ਦੁਨੀਆਂ ਦੀਪਤ ਬਹਿ ਛਪਿ ਗਯੋ॥ ਨਿਸ਼ਪਤਿ ਸਹਿ ਪ੍ਰਤਾਪ ਪ੍ਰਗਟਯੋ॥੪੨॥੨੮॥ ਮਾਨਹਿ ਸਪਥ ਕੁਰਾਨ ਜੁ ਕੋਈ॥ ਵਾਹਗੁਰੂ ਮਗ ਦਰਸਕ ਹੋਈ॥੪੩॥ ਰੋਮ ਏਕ ਹੂੰ ਟੇਢ ਨ ਨ ਦੁਖਾ॥ ਬਾਹਰ ਲਿਯਾਯੋ ਦੁਸਮਨ ਹਨ ਰੁਖਾ॥੪੪॥੨੯॥ ਨਿਯਮ ਭੰਗ ਕਰਨ ਨਹਿ ਜਾਨੇ॥ ਧਨ ਪੂਜਕ ਧਰ ਧਰਮ ਤਿਹਾਨੇ ॥੪੫॥ ਨਯਹਿ ਧਰਮ ਨਹਿ ਮਤਿ ਪਾਲਨ ਬਰ॥ ਨ ਪ੍ਰਭ ਗਯਾਤ ਨਿਸਚਯ ਮਹਮਦ ਧਰ॥੪੬॥੩੦॥ ਜੋ ਕੋਊ ਧਰਮੁ ਪਾਲ ਨਰ ਹੋਈ॥ ਨਿਯਮ ਭੰਗ ਕਿ ਕਰਇੰ ਨਿਜ ਸੋਈ॥੪੭॥ ਅਸ ਨਰ ਕਰ ਭਰੋਸ ਮੁਹਿ ਨਾਹੀਂ॥ ਕਸਮ ਕੁਰਾਨ ਈਸ ਇਕ ਤਾਹੀ॥੪੮॥੩੧॥ ਜਦਯਪਿ ਸਪਥ ਸੈਕ ਸੁ ਕੁਰਾਨਾ॥ ਰੰਚਨ[1] ਅਬ ਭਰੋਸ ਮਨ ਮਾਨਾ॥੪੯॥ ਜੋਤੁਮ ਸਪਥ ਭਰੋਸਾ ਭਾਵਹੁ॥ ਬਾਧਿਕ ਮਰ ਮਮ ਆਗੇ ਆਵਹੁ॥੫੦॥੩੨॥ ਕਰਨ ਜੋਗ ਯਹ ਤਵ ਸਿਰ ਬਚਨਾ॥ ਕਹਯੋ ਖੁਦਾਇ ਸਪਥ ਮਮ ਸਚਨਾ॥੫੧॥ ਆਪ ਹੋ ਹਜਰਤ ਜੋ ਖਰੇ॥ ਤਨ ਮਨ ਪ੍ਰਾਨ ਕਾਜ ਸਭ ਸਰੇ॥੫੨॥੩੩॥ ਨਿਜ ਕਰਨੀਯ ਕਾਜ ਸੋ ਕਰਿਯਹੁ॥ ਆਪਨ ਲਿਖਤ ਸੁ ਆਪ ਬਿਚਰਿਅਹੁ॥੫੩॥ ਮੁਖਹੁ ਕਹਯੋ ਅਰ ਲਿਖਤ ਪਠਾਯੋ॥ ਚਾਹਿਅ ਤਾਕਹਿ ਸਿਰ ਪਹੁਚਾਯੋ॥੫੪॥੩੪॥ਦੋ:॥ ਹੈ ਹਮ ਮਰਦ ਨਰੇਸ ਮਨਿ ਕਹਹਿ ਕਰਹਿ ਸੁ ਕਾਮ॥ ਅੰਤਰ ਕਛ ਮੁਖ ਪਰਸੁ ਕੁਛ ਯਹਿ ਨਹਿ ਬਚਨ ਲਲਾਮ[2]॥੫੫॥੩੫॥ ਕਹੀ ਮੁਹੰਮਦ ਮੋਹਿ ਮਨ ਹਮ ਤਵ ਆਗਯਾ ਮਾਹਿ॥ ਜੋ ਆਵਹੁ ਇਤ ਸੁਧ ਚਿਤ ਬਖਸਾਵੇਂ ਹਮ ਤਾਹਿ॥੫੬॥੩੬॥ਚੌ:॥ ਚਹਹੁ ਲਖਯੋ ਜੋ ਸਪਥ ਕੁਰਾਨਾ॥ ਭੇਜਹਿ ਤਰੈ ਨਿਕਟ ਪ੍ਰਮਾਨਾ॥੫੭॥ ਕਸਬੈ[3] ਕਾਗੜ[4] ਜੌਂ ਤੁਮ ਆਵਹੁ॥ ਤੌਂ ਹਮ ਸਨ ਮਿਲ ਅਤਿ ਸੁਖ ਪਾਵਹੁ॥੫੮॥੩੭॥ ਤਨਿਕ ਖੇਦ ਇਹ ਰਾਹ ਨ ਤੋਹੀ॥ ਸਬ ਬੈਰਾੜ ਹੁਕਮ ਵਿਚ ਮੋਹੀ॥੫੯॥ ਹਮ ਤੁਮ ਆਪਸ ਮਹਿ ਬਤਰਾਵਹਿ॥ ਤੌਂ ਕਰ ਦਯਾ ਤੋਹਿ ਬਕਸਾਵਹਿ॥੬੦॥੩੮॥ ਇਕ ਸਹੰਸ੍ਰ ਆਸਵ ਸੰਗ ਅਵਹੁ॥ ਮੋ ਤੈਮੁਲਕ ਮਾਲਵਾ ਪਾਵਹੁ॥੬੧॥ ਮੈਂ ਜਗਦੀਸ਼ ਭਕਤ ਅਰ ਚਾਕਰ॥ ਆਵਤ ਆਗਯਾ ਮਨ ਤਨ ਹਾਜਰ॥੬੨॥੩੯॥ਦੋ:॥ ਜੋ ਸ੍ਰੀ ਆਗਯਾ ਪਤ੍ਰ ਬਰ ਮੁਹਿ ਆਵਤ ਅਕਾਲ॥ ਤੌਂਜ ਤਵ ਨਿਕਟ ਸੁ ਪ੍ਰਾਨ ਤਨ ਮੈ ਆਵਤ ਇਹਿ ਕਾਲ॥੬੩॥੪੦॥ਚੌ:॥ ਜੌਂ ਤੂੰ ਏਕ ਉਪਾਸਨ ਕਰਈ॥ ਮੇਰੇ ਕਾਜ ਨ ਸੁਸਤੀ ਧਰਈ॥੬੪॥ ਚਾਹਿਅ ਇਕ ਖੁਦਾਇ

---

1. ਰੱਤੀ ਭਰ ਵੀ, 2. ਅੰਦਰ ਤੇ ਬਾਹਰ ਤੋਂ ਇਕ ਹਾਂ, 3. ਨਗਰ, 4. ਦੀਨਾ ਕਾਂਗੜ

Sri Satguru Jagjit Singh Ji eLibrary NamdhariElibrary@gmail.com

ਤੁਹਿ ਚੀਨਾ ਮਕਾਹੂ ਕਹੈ ਨ ਕਹੁ ਦੁਖ ਦੀਨਾ॥੬੫॥੪੧॥ ਬੈਠ ਸਿੰਘਾਸਨ ਤੂੰ ਜਗਰਾਈ॥ ਅਚਰਜਨੀਤ ਅਚਰਜ ਬਡਾਈ॥ ਅਚਰਜ ਨੀਤ ਪੰਥ ਪਰਿਪਾਲਾ॥ ਹੈ ਸਤ ਖੇਦ ਚਿੰਤ ਮਹਿਪਾਲਾ॥੬੭॥੪੨॥ਦੋ:॥ ਅਚਰਜ ਤੇ ਅਚਰਜ ਧਰਮਗਯਾ ਤੋਰ ਨਿਦਾਨਾ॥ ਸਤਯ ਬਿਨਾ ਮਿਥਯ ਕਰਨ ਦੁਖ ਭੋਗਨ ਸੁ ਪਛਾਨਾ॥੬੮॥੪੩॥ਚੋ:॥ ਤੇਗ ਬਿ ਦਰਦ ਮਾਰਨ ਕਾਹੂੰ॥ ਤੇਗ ਅਕਾਸ ਮਾਰ ਤਹਿ ਤਾਹੂੰ॥੬੯॥ ਭੂਲਨ ਡਰਨ ਰਹਹਿ ਪ੍ਰਭ ਭਾਈ॥ ਬੇ ਪ੍ਰਵਾਹ ਅਨ ਸਤੁ ਤਿਰਾਈ॥੭੦॥੪੪॥ ਨਿਰਭਉ ਸੋ ਸਾਹਨ ਕਰ ਸਾਹਾ॥ ਅਵਨਿ ਅਕਾਸ ਸੁਚ ਪਾਤਸਾਹਾ॥੭੧॥ ਪ੍ਰਭੂ ਪਾਲਕ ਅਕਾਸ ਅਰੁਅਵਨੀ॥ ਮੰਦਿਰ ਪਤਿ ਮੰਦਰ ਕਰ ਧਰਨੀ॥੭੨॥੪੫॥ ਹਸਤੀ ਅਰ ਚੀਟੀ ਸਭ ਮਾਹੀ॥ ਦੀਨ ਬੰਧੁ ਨਾਸਿ ਤ ਕਬ ਨਾਹੀ॥੭੩॥ ਤਾਕੋ ਨਾਮ ਦੀਨ ਪ੍ਰਤਿਪਾਲਾ॥ ਬੇਪ੍ਰਵਾਹ ਅਨ ਸਤ ਤਿ ਬਾਲਾ॥੭੪॥੪੬॥ਦੋ:॥ ਰੂਪ ਰੰਗ ਰੇਖ ਨ ਤਿਹਿ ਮਗ ਦਰਸ਼ਕ ਹਰ ਹਾਲ॥ ਕਿਰਪਾ ਕਰਤ ਸਭ ਜੰਤੁ ਪਰ ਸ੍ਰੀ ਗੁਰੁ ਪੁਰਖ ਅਕਾਲ॥੭੫॥੪੭॥ਚੋ:॥ ਤੁਹ ਕਰਣੀਯ ਸੁ ਕਸਮ ਕੁਰਾਨਾ॥ ਪਹੁਚਾਵਹੁ ਨਿਜ ਕਹਯੋ ਜੁਬਾਨਾ॥੭੬॥ ਤਹਿ ਚਾਹਿਆ ਨਿਜ ਬੁਧ ਕਹਿ ਪਾਲਾ॥ ਕਰਨ ਚਲਾਕੀ ਨਿਜਿ ਕ੍ਰਿਤ ਕਾਲਾ॥੭੭॥੪੮॥ਦੋ:॥ ਮਾਰੇ ਬਚੇ[1] ਚਾਰ ਤੈ ਕਹਾ ਭਯੋ ਸੁਨ ਸਾਹ॥ ਜੋ ਮੈ ਨਾਗ ਸੁਪੇਚ ਧਰ ਮਰਯੋ ਨ ਸਾਚੋ ਸਾਹ॥੭੮॥ ੪੯॥ਚੋ:॥ ਕਾ ਸੂਰਤਾ ਸਾਂਤ ਚਿਨਗਾਰੀ॥ ਦਾਵਾਗਿਨ ਜਬ ਪ੍ਰਜਰੀ ਭਾਰੀ॥੭੯॥ ਫਿਰਦੋਸੀ ਭਲ ਰਸਨ ਬਖਾਨੀ॥ ਅਤਿ ਸ੍ਰੀ ਘ੍ਰਤਾਕਾਮ ਸੈਤਾਨੀ॥੮੦॥੫੦॥ਦੋ:॥ ਹੇ ਅਵਰੰਗ[2] ਹਮ ਤੁਮ ਦੋਊ ਆਏ ਏਕਨਿ ਕੇਤ॥ ਵਾਦਨਿ ਕੋ ਅਬ ਬਨ ਤੁਹੀ ਸਾਖੀ ਸੁਨ ਨਿਜ ਹੇਤ॥੮੧॥੫੧॥ਚੋ:॥ ਜੋ ਯਾਹੂ ਪਰ ਬਾਤ ਬਿਸਰਿ ਹੌਂ॥ ਤੋ ਅਲਾਹ ਤੇ ਤੁਰਤ ਬਿਸਰਿ ਹੋ॥੮੨॥ ਜੋ ਇਹ ਕਾਜ ਕਮਰ ਕਸਿਐਹੋ॥ ਤੋਪ੍ਰਭ ਕਹਿ ਫਲਦਾਇਕ ਪੈਹੋ॥੮੩॥੫੨॥ਦੋ:॥ ਭਲੋ ਕਾਜ ਯਹ ਧਰਮ ਕੋ ਪਾਲਨ ਸੁਨ ਨਵਰੰਗਾ॥ ਪ੍ਰਾਨਹੁਤੇ ਪ੍ਰਿਅ ਮੋਹਿ ਜੌਂ ਪਹਿਚਾਨਹਿ ਇਕ ਅੰਗ॥੮੪॥੫੩॥ਚੋ:॥ ਹਮ ਜਾਨਤ ਤੂੰ ਏਕ ਨ ਜਾਨੈ॥ ਕਯੋਕਿਕਰਮ[3] ਸਭ ਦੁਖ ਕਰ ਠਾਨੈ॥੮੫॥ ਤੂੰ ਜੁ ਪਛਾਨ ਨ ਰਾਮ ਕ੍ਰਿਪਾਲਾ॥ ਚਾਹਿ ਨਤੁਹਿ ਹਰਿ ਸਹਿ ਧਨ ਆਲਾ॥੮੬॥੫੪॥ ਸਤ ਕੁਰਾਨ ਕੀ ਸਪਥ ਜੁ ਖੈ ਹੌਂ॥ ਖਿਨ ਹੂੰ ਮੁਹਿ ਭਰੋਸਨ ਹਿਐ ਹੋ॥੮੭॥ ਅਥਿਸ ਕਤ ਹਮ ਤਿਹਠਾ ਨਹੀ॥ ਬਿਨ ਆਗਯ ਸ੍ਰੀ ਹਰਿ ਸੁ ਡਰਾਹੀਂ॥੮੮॥੫੫॥ ਅਵਰੰਗ ਕੀ ਸੋਭਾ॥ਚੋ:॥ ਨਵਰੰਗ ਸਾਹਨਸਾਹ ਧਨ ਭਾਰਾ॥ ਹਸ ਚਲਾਕ ਅਸਵ ਅਸਵਾਰਾ॥੮੯॥ ਰੂਪ ਅਨੂਪ ਜਾਨ ਜਨ

---

1. ਪੁੱਤਰ, 2. ਔਰੰਗਜ਼ੇਬ, 3. ਬੁਰੇ ਹੁਕਮ

Sri Satguru Jagjit Singh Ji eLibrary NamdhariElibrary@gmail.com

ਜਾਨ ਜਨ ਜੀਕੀ॥ ਚਕ੍ ਬਰਤਿ ਪਤਸਾਹੀ ਨੀਕੀ॥੬੦॥੫੬॥ ਜੁਕਿਤ ਬੁਧਿ ਮਹਿ ਉਕਤਿ ਤੇਗਮਹਿ॥ ਦੇਗ ਤੇਗ ਮਾਲਿਕ ਜਾਨਤਮਹਿ॥੬੧॥ ਹਿਅ ਪ੍ਰਕਾਸ ਅਤਿ ਸੁੰਦਰ ਸੂਰਤ॥ ਧਨ ਧਰਨੀ ਪਤ ਦਾਤਾ ਪੂਰਤਿ॥੬੨॥ ਬੜੋ ਦਾਨ ਗਿਰ ਸਮ ਸੁ ਸਮਰ ਮੈ॥ ਦੇਵ ਤੁਲਯ ਪ੍ਰਾਕ੍ਰਮਸਰਤਰ ਮੈ॥੬੩॥ ਸਹਨਸਾਹ ਅਵਰੰਗ ਜੇ ਬਾਜਰ॥ ਦੁਨੀਆਂ ਰਾਖਤਰੁਰ ਦੀਨ ਮਗ॥੬੪॥੫੮॥ਚੌ:॥ ਬੁਤ ਪਰਸਤ ਗਿਰ ਅਨ ਮੈ ਮਾਰਹੁ॥ ਬੁਤ ਪੂਜਕ ਵਹ ਹਮ ਬੁਤ ਟਾਰਹੁ॥੬੫॥ ਦੇਖਹੁ ਪਲਟ ਪ੍ਰਿਥ੍ਵੀ ਜਗ ਕੇਰੀ॥ ਪੀਠ ਪਰੇ ਪਰ ਮਾਰਤ ਹੇਰੀ॥੬੬॥੫੯॥ ਦੇਖ ਦੇਖ ਮਾਯਾ ਪ੍ਰਭੁਭਾਈ॥ ਇਕ ਨਰ ਦਸ ਲਖ ਸੈਨ ਖਪਾਈ॥੬੭॥ ਕਾ ਕਰ ਸਤ੍ ਮਿਤਰ ਪਰਸੰਨਾ॥ ਨਾਮ ਕ੍ਰਿਪਾਲੁ ਕ੍ਰਿਪਾ ਕਰ ਧੰਨਾ॥੬੮॥੬੦॥ ਮੁਕਤਹੁ ਦੇਇ ਰਾਹ ਦਿਖਰਾਵੈ॥ ਪ੍ਰੇਮ ਮਈ ਬਾਨੀਹਿ ਬਨਾਵੈ॥੬੯॥ ਕਰਤ ਅੰਧ ਸਤਰੁਹਿ ਨਿਜ ਸਮੈ॥ ਦੀਨਹਿ ਬਾਹਰ ਕਰ ਦੁਖ ਮੈ॥੧੦੦॥੬੧॥ ਸਾਚੋ ਰਹਤ ਜੁ ਪ੍ਰਭੁ ਸੋ ਅਪਨੇ॥ ਕਰਤ ਦਯਾ ਨਿਧਿ ਦਯਾ ਹਰ ਸਮੇਂ॥੧੦੧॥ ਜੋ ਤਨ ਮਨ ਪ੍ਰਭੁ ਸੇਵਕ ਮਾਨਾ॥ ਤਾਹਿ ਦੇਤ ਸ੍ਰੀ ਪ੍ਰਭ ਨਿਤ ਤ੍ਰਾਨਾ॥੧੦੨॥੬੨॥ ਕਹਾ ਸਤ੍ ਤਾਸੋ ਛਲ ਕਰੈ॥ ਜੋ ਪ੍ਰਭ ਜੁ ਪ੍ਰਸੰਨਤਾ ਧਰੈ॥੧੦੩॥ ਇਕ ਮਾਰਨ ਜੋ ਆਵਹਿ ਲਾਖਾ॥ ਕਰਹਿ ਸਹਾਇ ਤੁਰਤ ਜਗ ਰਾਖਾ॥੧੦੪॥੬੩॥ ਤੋਰ ਧਯਾਨ ਸੰਪਤ ਸੈਨਾ ਬਰ॥ ਮੋਰ ਭਰੋਸ ਏਕ ਹਰਿ ਜਸ ਪਰ[1]॥੧੦੫॥ ਤੁਹਿ ਹੰਕਾਰ ਸੁ ਧਨ ਅਰ ਧਰਨੀ॥ ਇਕ ਅਕਾਲ ਹਮ ਰਖਯਰ ਬਰਨੀ॥੧੦੬॥੬੪॥ ਭ੍ਰਮਹੁਨ ਜਗਤ ਸਰਾਇ ਅਸਮਾਹਿ॥ ਜਗ ਜੀਵਨ ਸਿਰ ਬੀਤਹਿ ਜਹ ਕਹਿ॥੧੦੭॥ ਲਖਹੁ ਫੇਰ ਫਿਰਵਟ ਸੁ ਸਮਝਕੀ॥ ਬੀਤਤ ਸਭ ਸਿਰ ਜਗ ਅਗ ਤਯ ਕੀ॥੧੦੮॥੬੫॥ਦੋ:॥ ਬਲੀ ਹੋਯ ਕਰ ਦੀਨ ਦਿਸ ਕਰਜਿਨ ਬੁਰੀ ਨਿਗਾਹ॥ ਸਪਥਾ ਸਸਤਰ ਲੈ ਕਾਟ ਮਤ ਹੈ ਭੂਪਤਿ ਨਰ ਨਾਹ॥੧੦੯॥੬੬॥ ਮਿਤਰ ਏਕ ਜਾਕੋ ਭਯੋ ਸਤ੍ ਕਰਹਿ ਕੀ ਤਾਹ॥ ਅਗਰ ਸਤ੍ਤਾ ਸਤ ਕਰੈ ਸਤ੍ ਬਨ ਧਰਮਾਹਿ॥੧੧੦॥੬੭॥ ਸਤ੍ ਸਤ੍ਤਾ ਸਹਸ ਕਰ ਬਾਰਨ ਬਾਕੋ ਮਰੋ॥ ਸਾਚੇ ਗੁਰੂ ਅਕਾਲ ਕੀ ਕਰਣਾ ਕੀ ਦ੍ਰਿਗਕੋਰ॥੧੧੧॥੬੮॥ ਇਤ॥ਚੌ:॥ ਸੁਨ ਭੂਪਤ ਅਬਰੰਗਜੇਬ ਬਰ॥ ਤੋਰ ਗੁਮਾਨ ਸਰਬ ਮਿਥਯਰਰ॥ ਹੋਇਹ ਨਰਕ ਤੋਹਿ ਭਲ ਭਾਤੀ॥ ਛੂਟੀ ਨਾਹਿ ਕਰਮ ਕੀ ਪਾਤੀ॥੬੯॥ ਤੋਰਨ ਹਮ ਕਛੁ ਕਬਹੁ ਬਿਗਾਰਾ॥ ਇਕ ਪਾਥਰ ਪਰ ਪੁਰ ਨਿਰਧਾਰਾ॥ ਮਮਪਿਤਸਨ[2] ਸੁਨ ਘਾਤ[3] ਜੁ ਕੀਨਾ॥ ਤਿਹ ਫਲ ਅਬ ਪਾਵਣਗੇ ਪੀਨਾ॥੭੦॥ ਭੂਪਤਿ ਗਿਰਹ ਸਹਜ ਜਢ ਜੇਤੇ॥ ਝੂੰਠੇ ਭਏ ਕਰਤ ਛਲ ਤੇਤੇ॥ ਤੈਹੂੰ ਤਿਨ ਸੰਗ ਮਿਲਿ ਭਲ ਭਾਤੀ॥ ਪਠੀ ਫੌਜ ਅਗਿਨਿਤ ਦਿਨ ਰਾਤੀ॥੭੧॥ ਲੂਟ

---

1. ਤੈਨੂੰ ਸੈਨਾਂ ਤੇ ਧਨ ਦਾ ਆਸਰਾ ਹੈ ਮੈਨੂੰ ਅਕਾਲ ਪੁਰਖ ਦਾ ਆਸਰਾ ਹੈ 2. ਮੇਰੇ ਪਿਤਾ ਦਾ, 3. ਕਤਲ ਕੀਤਾ

Sri Satguru Jagjit Singh Ji eLibrary NamdhariElibrary@gmail.com

ਖਜਾਨਾ ਅਰ ਸੁਤਮਾਰੇ[1]॥ ਕਸਮ ਖਾਇ ਕੀਨੇ ਮੁਖ ਕਾਰੇ[2]॥ ਯਾਅ ਨੀਤ ਕਰ ਫਲ ਤਬ ਹੋਈ॥ ਜਬ ਖੁਦਾਇ ਕਾਜੀ ਨਿਜ ਸੋਈ॥੭੨॥ ਕਾ ਤੁਮਰੋ ਰਮਦਾਸ ਬਿਗਾਰਾ॥ ਕਾ ਕਹਿ ਹੌਂ ਤਬ ਹੈ ਮੁਖਕਾਰਾ॥ ਤੁਹਿ ਭਰੋਸ ਮੈ ਆਯੁ ਪ੍ਰਮਾਨਾ॥ ਨਹਿ ਖਾਯੋ ਪਤਸਾਹਤਦਾਨਾ[3]॥੭੩॥ਦੋ:॥ ਜਿਤੇ ਅਸਵ[4] ਗਰਧਭ[5] ਜਗਤ ਨਿਤ ਪ੍ਰਾਕ੍ਰਮ[6] ਕਰ ਖਾਹਿ॥ ਮੁਕਤ ਹੋਤ ਨਹਿ ਕਹੁ ਸੁਨੇ ਇਹ ਭਰੋਸ ਭਲ ਨਾਹੀ॥੭੪॥ਚੌ:॥ ਜੋ ਭਰੋਸ ਉਰ ਪਠਤ ਕੁਰਾਨਾ॥ ਇਹਿ ਬਿਧਿ ਮੁਕਤ ਮੋਹ ਅਵਸਾਨਾ॥ ਦਗਰਾ ਪੰਖਿਨ ਕੇ ਪਰਮਾਹੀ॥ ਲਿਖਯੋ ਕੁਰਾਨ ਮੁਕਤ ਤੇ ਨਾਹੀ॥੭੫॥ ਜੋ ਭਰੋਸ ਪੈਗੰਬਰ ਅੰਸਾ॥ ਮੋਹਿ ਉਧਾਰਹਿਗੇ ਸਰਬੰਸਾ॥ ਤੋ ਪਕੰਬਰ ਅਪਬਖਾਨਾ॥ ਮਾਨਹਿ ਹੁਕਮ ਸੁ ਮੁਹਿ ਪਰਮਾਨਾ॥੭੬॥ ਦੁਨੀਆ ਕੇ ਸਗ ਜੇ ਜਗ ਜਾਨੇ॥ ਤਿਹਿਨ ਉਧਾਰ ਪੈਗੰਬਰ ਠਾਨੇ॥ ਬੁਤਸ਼ਿਕਤ[7] ਕਰ ਜੌਂ ਤੂੰ ਚਾਹੈ॥ ਤਰਿ ਹੌ ਤੋਨ ਤੇਹਿ ਸੁਖ ਆਹੇ॥੭੭॥ ਤੀਰਥ ਖੰਡਨ ਪਾਪ ਅਨੇਕਾ॥ ਇਕ ਬਿਗਰੇ ਸਹਸਰ[8] ਬੁਤ ਟੇਕਾ॥ ਘਰ ਘਰ ਬੁਤ ਧਨ ਗਏ ਅਯਾਨੇ॥ ਤਵ ਭਰੋਸ ਯਹ ਬਯਰਥ ਪਛਾਨੇ॥੭੮॥ ਅਹੰਕਾਰ ਜਿਹ ਦੂਰ ਨ ਕੀਨਾ॥ ਬੁਤ ਪਰਸਤ ਤਾਕਹਿ ਹਮ ਚੀਨਾ॥ ਅਹੰਦੇਹ ਧਨ ਯਹ ਬੁਤ ਯਹ ਬੁਤ ਪੂਜਾ॥ ਅਪਰਸੁ ਬੁਤ ਅਨ ਪਰ ਬਿਧਿ ਦੂਜਾ॥ ਸੁਨ ਸੁਨ ਜਸ ਮਨ ਚਹ ਜੁ ਉਦਾਰਾ॥ ਯਾ ਬਿਧਿ ਹੋਇ ਨ ਤੋਰ ਉਧਾਰਾ॥ ਜਗ ਕਾਰਜ ਸਬਉਸਤਿਤ ਕ੍ਰਹੀ॥ ਫਿਰਾਊਨ[9] ਹੂੰ ਕੀ ਹਿਤ ਧਰਹੀ॥੮੦॥ ਯਹ ਭਰੋਸ ਜੋ ਤਵ ਮਨ ਮਾਹੀ॥ ਪ੍ਰਭੁ ਸਤਾਰ ਬਕਸਿ ਮੁਹਿ ਯਾਹੀ॥ ਹਰਿ ਕੇ ਗੁਨ ਦੋਊ ਅਵਰੰਗਾ॥ ਸਤਾਰੀ ਹੁ ਕਹਾਰੀ ਸੰਗਾ॥੮੧॥ਦੋ:॥ ਜੋ ਕਹੂ ਪਰ ਕਰੀ ਤੈ ਸੱਤਾਰੀ ਸੁਖਦਾਨ॥ ਤੋ ਤੋਹੂੰ ਪਰ ਕਰਤ ਪ੍ਰਭੁ ਸਤਾਰੀ ਹਿਤਮਾਨ॥੮੨॥ ਕਰੀ ਕਹਾਰੀ ਤੋਹਿ ਅਤ ਤਾਤੇ ਸੁਨ ਅਵਰੰਗਾ॥ ਪ੍ਰਭੁ ਕਹਾਰੀ ਕਰਹਿਗੇ ਮੇਰੋ ਬਚਨ ਅਭੰਗ॥੮੩॥ਚੌ:॥ ਜੋ ਤੂੰ ਸਮਝਤ ਨਿਜ ਮਨ ਮਾਹੀ॥ ਕਰਤ ਬੰਦਗੀ[10] ਉਧਰਹੁ ਯਾਹੀ॥ ਯਹ ਨ ਬੰਦਗੀ ਸੁਨ ਨਵਰੰਗਾ॥ ਪਢ ਕੁਰਾਨ ਨਿਤ ਕਰਨ ਕੁਢੰਗਾ॥੮੪॥ ਮਨ ਮਾਰੈ ਸੋ ਕਰੈ ਬੰਦਗੀ॥ ਮਨ ਪੋਖਕ ਨਿਤ ਨਰਕ ਗੰਦਗੀ॥ ਪਿਤਾ ਮਾਰ ਭ੍ਰਾਤਾ ਤੈ ਮਾਰਾ[11]॥ ਨਿਸਮਨ ਕੋ ਕੀਨਾ ਬਿਸਤਾਰਾ॥੮੫॥ ਬਿਨ ਮਨ ਮਾਰੇ ਮੁਕਤ ਨ ਹੋਈ॥ ਇੰਦ੍ਰਿਨ ਪ੍ਰਬਲ ਕਰਤ ਅਘਸੋਈ॥ ਜੋ ਗੁਮਾਨ ਮਨ ਸਰਇ ਕਮਾਈ॥ ਮੋਰ ਮੁਕਤ ਇਹਿ ਬਿਧਿ ਸਿਧਿ ਪਾਈ॥੮੬॥ ਤੋ ਜੇਤੇ ਜਗ ਮਗ ਪਥ ਜਾਨਹੁ॥ ਅਪਨੀ ਅਪਨੀ ਸਰਇ[12] ਪਛਾਨਹੁ॥ ਸਭਹੀਂ ਚਲਤ ਮੁਕਤ ਤੇ ਨਾਹੀਂ॥ ਬਿਨਾ ਭਕਿ ਭਗਵੰਤ ਲਖਾਹੀਂ॥੮੭॥ ਜੋਪੈ ਸਰਹਿ ਹੀ ਮੁਕਤ ਦਰ ਹੋਤੀ॥ ਤੋਨ

---

1. ਪੁੱਤਰ, 2. ਮੂੰਹ ਕਲੇ, 3. ਪਾਤਸ਼ਾਹੀ ਦੀ ਰੋਟੀ ਨਹੀਂ ਖਾਂਦਾ, 4. ਘੋੜੇ, 5. ਖੋਤੇ, 6. ਮਿਹਨਤ ਕਰਕੇ, 7. ਮੂਰਤੀ ਖੰਡਨ, 8. ਹਜਾਰਾਂ, 9. ਮਿਸਰ ਦਾ ਰਾਜਾ ਫਿਰਔਨ, 10. ਭਗਤੀ, 11. ਤੂੰ ਪਿਤਾ ਤੇ ਭਰਾਵਾਂ ਨੂੰ ਮਾਰਿਆ, 12. ਇਸਲਾਮ ਦੀ ਸ਼ਰਹ

Sri Satguru Jagjit Singh Ji eLibrary NamdhariElibrary@gmail.com

ਸੰਤ ਪੂਜਤ ਕਉ ਜੋਤੀ॥ ਪ੍ਰਭ ਕੋ ਭਜਨ ਕਰਤ ਕਉ ਨਾਹੀ॥ ਪੰਥ ਰੀਤ ਮਨ ਤਰਤ ਸੁਬਾਹੀ॥੮੮॥ ਖਬਰਦਾਰ ਰਹੁ ਭਯੋ ਖਾਲਸਾ॥ ਕਹਿ ਹੈ ਤੇਰੀ ਦੂਰ ਲਾਲਸਾ॥ ਤੁਰਕ ਤੇਜ ਸਭ ਹੀ ਸੰਘਾਰੀ॥ ਕਰਿਹੈ ਰਾਜਯ ਅਧਿਕ ਅਵਤਾਰੀ॥੮੯॥ ਇਤਯਾਦਿਕ ਲਿਖਿ ਅਧਿਕ ਪ੍ਰਸੰਗਾ॥ ਕੀਨੋ ਝੂਠੋ ਗੁਰ ਨਵਰੰਗਾ॥ ਔਰ ਅਨੇਕ ਨ੍ਰਿਪਨ ਕੇ ਨਾਮਾ॥ ਲਿਖੀ ਕਥਾ ਅਤਿ ਹੀ ਅਭਿਰਾਮਾ॥੯੦॥ਦੋ:॥ ਪ੍ਰਥਮ ਦਲੀਪ ਬਹੁਰ ਸੁ ਇਕ ਨੇਕ ਮਰਦ ਅਭਿਰਾਮਾ॥ ਛਤਰਾ ਮਤਿ ਕੀ ਚਤੁਥੀ ਪੰਚਮ ਕਾਜੀ ਕਾਮ॥੯੧॥ਚੌ:॥ ਪੁਨ ਬਜੀਰ ਕਨਯਾ ਕੀ ਲਿਖੀ॥ ਤਯੋ ਅਸਫੰਦਯਾਰ ਨ੍ਰਿਪ ਪਿਖੀ॥ ਅਜ਼ਮ ਸਾਹ ਕੀ ਕਥਾ ਪ੍ਰਕਾਸੀ॥ ਸਾਹ ਫਿਰੰਗ ਪ੍ਰਸੰਗ ਬਿਲਾਸੀ॥੯੨॥ ਨ੍ਰਿਪ ਮਯੰਦ ਸੁ ਕਥਾ ਪ੍ਰਮਾਨਾ॥ ਸਾਹ ਕਲਿੰਜ ਫੇਰ ਸੁ ਬਖਾਨਾ॥ ਪੁਨ ਪਠਾਨ ਕੀ ਕਹੀ ਕਹਾਨੀ॥ ਇਹਿ ਬਿਧਿ ਨਾਮਾ ਫਤੇ ਪ੍ਰਮਾਨੀ॥੯੩॥ ਪੁਨ ਪ੍ਰਭ ਦਯਾ ਸਿੰਘ ਕਰ ਦੀਨੋ॥ ਤਿਨ ਲੈ ਧਾਰ ਸੀਸ ਪਰ ਲੀਨੋ॥ ਪਰਮ ਸਿੰਘ ਤਿਨ ਕੇ ਸੰਗ ਗਏ॥ ਮਾਨ ਸਿੰਘ ਪ੍ਰਭੁ ਪਦ ਢਿਗ ਭਏ॥੯੪॥ ਅਹਦੀ ਬੇਖ ਸੁਰਮਈ ਬਸਨਾ॥ ਦਯਾ ਸਿੰਘ ਤਬ ਚਲੇ ਸੁਰਸਨਾ॥ ਗ੍ਰਾਮ ਗ੍ਰਾਮ ਤੇ ਕਾਢ ਬਿਗਾਰੀ॥ ਪਲੰਘ ਉਠਾਇ ਚਲੇ ਹਿਤਧਾਰੀ॥੯੫॥ ਹਰਿ ਅਨੰਤ ਹਰਿ ਕਥਾ ਅੰਨੰਤਾ॥ ਪਾਰਨ ਪਾਵਤ ਕੁਊ ਸਤਿ ਸੰਤਾ॥ ਪ੍ਰਥਮ ਦਯਾ ਸਿੰਘ ਦਿਹਲੀ ਆਏ॥ ਸਿਖਨ ਸੇਵੇ ਅਤਿ ਹਿਤ ਪਾਏ॥੯੬॥ ਕਬਿਤ॥ ਆਗਰੇ ਹ੍ਵੈ ਚੰਬਲ ਨਦੀ ਕੋ ਗਏ ਪਾਰ ਪੁਨ ਨਰ ਬਰ ਕਾਲੇ ਬਾਗ ਅਨੁਰਾਗ ਧਾਰੀ ਹੈ॥ ਸਹਰ ਸਰੋਜ ਤਯੋ ਉਜੈਨ ਲਾਘ ਆਗੇ ਗਏ ਮਾਲਵਾ ਮਹਾਨ ਨਰਬਦਾ ਨਦੀ ਬਾਰੀ ਹੈ॥ ਸ਼ੇਰ ਗਢ ਬੁਰਹਾਨਪੁਰ ਅਵਰੰਗਾਬਾਦ ਅਹਮਦਾਬਾਦ ਕ੍ਰਮ ਕ੍ਰਮ ਲਖ ਸਾਰੀ ਹੈ॥ ਪਹਚੇ ਪੁਜਾਰੀ ਬਨੇ ਅਹਦੀ ਸੁ ਭਾਰੀ ਸੰਗ ਫਤੇ ਬਕਯ ਧਾਰੀ ਦਯਾ ਸਿੰਘ ਅਬਿਕਾਰੀ ਹੈ॥੯੭॥ਚੌ:॥ ਜੇਠਾ ਸਿੰਘ ਏਕ ਸਿੱਖ ਭਲਾ॥ ਸੋ ਭਾਈ ਕਹਿ ਲਸਕਰ ਮਿਲਾ॥ ਉਤਰੇ ਤਾਸੁ ਭਵਨ ਮੈ ਜਾਈ॥ ਤਿਨ ਸਭ ਬਿਧਿ ਕੀਨੀ ਸਿਵਕਾਈ॥ ਜਿਅ ਜਾਨੇ ਜਨੁ ਸ੍ਰੀ ਗੁਰੁ ਆਏ॥ ਪ੍ਰੇਮੀ ਪ੍ਰਭ ਸਮ ਸਰ ਉਰ ਭਾਏ॥ ਲਿਖ ਪਤ੍ਰਿਕਾ ਕਹੀ ਪ੍ਰਭ ਤਯਾਰੀ॥ ਕ੍ਰਿਪਾ ਸਿੰਧੁ ਸਾਹਿਬ ਅਘਹਾਰੀ॥੯੯॥

ਸਾਖੀ॥੨੧੮॥ ਲਲਿਤ ਪਦ ਛੰਦ॥ ਕਬਹੁਕ ਬੈਠੇ ਦੀਨ ਬੰਧੁ ਏਕ ਸੇਰ[1] ਨਿਅਰਾਨਾ॥ ਏਕ ਸਿੰਘ ਪਰ ਚੋਟ ਕਰਤਹੀ ਬਨ[2] ਕੀ ਓਰ ਸਿਧਾਨਾ॥੨॥ ਸ੍ਰੀ ਸਤ ਗੁਰੁ ਕਰ ਗਹਿ ਕਰ ਬਰ ਕਰਵਾਰ ਢਾਰ ਤਿਤ ਧਾਏ॥ ਬਰਜਿ ਸੰਗ ਸਭ ਅੰਗ ਸੰਗ ਪ੍ਰਭ ਆਪ ਨਿਹੰਗ ਸਿਪਾਏ॥੨॥ ਆਗੇ ਸੇਰ ਪੂੰਛ ਸੁ ਹਿਲਾਈ ਮਾਥ ਨਿਵਾਇ

---

1. ਸ਼ੇਰ, 2. ਜੰਗਲ ਵਲ,

Sri Satguru Jagjit Singh Ji eLibrary NamdhariElibrary@gmail.com

ਬਿਰਾਜਾ॥ ਸ੍ਰੀ ਮੁਖ ਕਹੀ ਨਤ ਜਹੋ ਤੋਕਹਿ ਕਰ ਲੈ ਜੋ ਮਨ ਛਾਜਾ॥੩॥ ਔਰ ਨਿਕਟ ਹੈ ਮਾਥ ਨਿਵਾਯੋ ਫਿਰ ਪ੍ਰਭ ਕਹੀ ਕਿ ਗੀਦੀ॥ ਸੇਰ ਹੋਇ ਕਤ ਸਮੁਹਿ ਹੋਤ ਨਹਿ ਛੇਰ ਛੇ ਰ ਸੁ ਅਨੀਦੀ॥੪॥ ਪਕਰ ਚਰਨ ਤੇ ਤਾਹਿ ਭ੍ਰਮਾਯੋ ਪਟਕਿ ਪੁਹਮਿ ਪੁਨ ਮਾਰਾ॥ ਤੇਗ ਤਮਕ ਦੈਤਾਸੁ ਸੁਤਨ ਤੇ ਸੀਸ ਬੀਸ ਕਟ ਡਾਰਾ॥੫॥ ਪੂਛਯੋ ਪ੍ਰੇਮਿਨ ਸ੍ਰੀ ਮੁਖ ਭਾਖੀ ਪਾਂਡਵ ਕੁਲ ਕੋ ਰਾਜਾ॥ ਜਾਨ ਬੂਝ ਮਮ ਸਿੰਘ ਸੰਘਾਰਯੋ ਮਹਾਬਲੀ ਸੁ ਬਿਰਾਜਾ॥੬॥ ਡਰ ਧਰ ਉਰ ਪੁਨ ਮਾਥ ਨਿਵਾਯੋ ਤਉ ਤਾਂਹਿ ਹਮ ਮਾਰਾ॥ ਆਪਨ ਬੈਰੀ ਹੋਤ ਤਜਤ ਬਰ ਬੈਰੀ ਭਕਤਨ ਭਾਰਾ॥੭॥ ਭਕਤ ਬੈਰੀਅਨ ਕੋ ਮੈਂ ਕਬਹੂੰ ਕਯੋਹੂ ਛਾਡੋ ਨਾਹੀ॥ ਜੇ ਨ ਕੇਨ ਪਰਕਾਰ ਸੰਘਾਰਹੁ ਅਸ ਨਿਸਚਯ ਜਿਅਮਾਹੀਂ॥੮॥ਦੋ:॥ ਅਧਿਕ ਮੋਹਿ ਨਿਜ ਤਨ ਹੁਤੋ ਸਿਖਨ ਕੋ ਪ੍ਰਿਅਹ ਅੰਗ॥ ਰਾਖਹੁ ਸਭ ਹੀ ਭਾਂਤ ਤੇ ਕਰ ਅਨੇਕ ਬਲ ਰੰਗ॥੯॥

ਸਾਖੀ॥੨੧੯॥ ਇਤਿ ਸ੍ਰੀ ਗੁਰ ਪਦ ਪ੍ਰੇਮ ਪ੍ਰਕਾਸੇ ਸ੍ਰੀ ਗੁਰੁ ਖੰਡਾਤਰ ਗਤ ਦਸਮ ਮੰਡਲ ਉਤਰਾਰਧੇ ਜਫਰਨਾਮਾ ਲਿਖਨ ਪ੍ਰਸੰਗ ਬਰਨਨਾਤਮਕ ਤ੍ਰਿੰਸਤਮੀ ਪ੍ਰਾਤ:॥੩੦॥

ਅਥ ਮਾਲਵੇ ਕਾ ਪ੍ਰਕਰਣ[1] ਲਿਖਯਤੇ :

ੴ ਸਤਿਗੁਰੁ ਪ੍ਰਸਾਦਿ॥ਦੋ:॥ ਦੀਨਨ ਕੀ ਰਛਯ ਕਰਨ ਕਲਿ ਲੀਨੋ ਅਵਤਾਰ॥ ਸਾਚੋ ਸਾਹਿਬ ਸਤਗੁਰੂ ਗੁਰੁ ਨਾਨਕ ਅਘਹਾਰ॥ਚੌ:॥ ਜਾਨਨੁ ਜਾਇ ਸੁ ਗਤਿਮਿਤ ਜਾਕੀ॥ ਅਖਿਲ ਭੂਵਨ ਨਾਇਕ ਸੁਖ ਝਾਕੀ॥ ਸਿੰਧੁ ਪ੍ਰਣ ਤਾਰਤ ਰੰਜਨ॥ ਗਊ ਗਰੀਬ ਗਨੀ ਅਬਿ ਭੰਜਨ॥੨॥ ਆਦਿ ਲਯੋ ਪਟਨੇ ਅਵਤਾਰਾ॥ ਪੁਨ ਅਨੰਦਪੁਰ ਜਸ ਬਿਸਥਾਰਾ॥ ਜਾਏ ਪਾਉਟੇ ਨਗਰ ਬਸਾਓ॥ ਜੁਧ ਭੰਗਾਣੀ ਕਰ ਸੁਖ ਪਾਯੋ॥੩॥ ਪੁਨ ਅਨੰਦਪੁਰ ਆਇ ਬਿਰਾਜੇ॥ ਕਿਏ ਸਿਖ ਸੇਵਕ ਕੇ ਕਾਜੇ॥ ਖੜਗ ਜਗਯ ਕਰ ਪ੍ਰਗਟ ਭਗੌਤੀ[2]॥ ਲਈ ਭਗੌਤੀ ਮਾਨ ਮਨੋਤੀ॥੪॥ ਲਖਯ ਸੀਸ ਸਿੰਘਨ ਕੇ ਸਵਾਮੀ॥ ਕਰੇ ਸਮਰਪਣ ਅੰਤਰਜਾਮੀ॥ ਪੰਥ ਖਾਲਸਾ ਕਰ ਸੁਖ ਪਾਯੋ॥ ਭੀਮ ਚੰਦ ਤਬ ਅਧਿਕ ਰਸਾਯੋ॥੫॥ ਤੀਨ ਲਾਖ ਸੈਨਾ ਲੈ ਲਰੋ॥ ਜਬਰਦਸਤ ਸੰਗ ਕਰ ਹਠ ਧਰੇ॥ ਅਵਰੰਗ ਜੇਬ ਪੂਤ ਪਠਵਾਯੋ॥ ਸਾਹ ਬਹਾਦਰ ਚਢ ਕਰ ਆਯੋ॥੬॥ ਪੁਨ ਸੁਖਮਾ ਸਤਗੁਰੁ ਪਗ ਪਰਾ॥ ਰਾਜ ਤਿਲਕ ਤਾਕੋ ਪ੍ਰਭ ਕਰਾ॥ ਨੰਦ ਲਾਲ ਬਿਚਬਨ ਬਿਚਵਾਈ॥ ਪ੍ਰਭ ਸੋ ਤਾ ਕੀ ਬਿਧਿ ਸਿਧਿ ਭਈ॥੭॥ ਸ੍ਰੀ ਸੰਤੋਖ ਸਿੰਘ ਨਹਿ ਲਿਖੀ॥ ਸੁਖਾ ਸਿੰਘ ਲਿਖੀ ਸੋ ਪਿਖੀ॥ ਹਰਿ ਅਨੰਤ ਹਰਿ ਕਥਾ ਅਨੰਤਾ॥ ਪਾਰ ਨੁ ਪਾਵਤ ਕੁਊ ਸੁਤਿ ਮੰਤਾ॥੮॥ ਪੁਨ

---

1. ਪ੍ਰਸੰਗ, 2. ਆਦਿ ਸ਼ਕਤੀ,

Sri Satguru Jagjit Singh Ji eLibrary NamdhariElibrary@gmail.com

ਕਰ ਦਗਾ[1] ਗਿਰ ਪੱਤਿ ਨ ਭਾਰੀ॥ ਗਾਇ ਸਪਥ ਤਜ ਗ੍ਰਾਮ ਖਰਾਰੀ॥ ਕਰਨਿਰ ਮੋਹ ਜੁਧ ਪੁਨ ਆਏ॥ ਅਨੰਦ ਨਗਰ ਨਾਵੀਨ ਬਨਾਏ॥੯॥ ਪੁਨ ਕਰ ਘੇਰਾ ਸਵਾ ਲਾਖ ਕਰ॥ ਤਾਹੂੰ ਹਾਰਯੋ ਜਬ ਗਿਰਿ[2] ਬਰ॥ ਤਬ ਅਵਰੰਗ ਸੈਨ ਲੈ ਆਯੋ॥ ਸੂਬੇ ਤੀਨ ਸੰਗ ਲੈ ਧਾਯੋ॥੧੦॥ ਅੱਸਟ[3] ਮਾਸ ਲਗ ਘੇਰਾ ਰਾਖਾ॥ ਪੁਨ ਅਤਿ ਕਰੀ ਸਪਥ ਛਲ ਸਾਖਾ॥ ਸਤਗੁਰੁ ਤਯਾਗ ਅਨੰਦਪੁਰ ਕੀਨੋ॥ ਦੁਸਟਨ ਦਗਾ ਅਧਿਕ ਤਬ ਦੀਨੋ॥੧੧॥ ਸ੍ਰੀ ਚਮਕੌਰ ਕੌਰ ਮਧਯ ਨਰ ਚਾਲੀ॥ ਭਯੋ ਜੰਗ ਅਤਿ ਹੀ ਅਰਿ ਆਲੀ॥ ਦਸ ਲਖ ਅਸਵ ਸੈਨ ਅਸਵਾਰਾ॥ ਛਾਇ ਗਯੋ ਰਜ ਭਾਨ ਅਪਾਰਾ॥੧੨॥ ਕਰਿ ਅਤਿ ਜੁਧ ਫੇਰ ਪ੍ਰਭ ਆਏ॥ ਦੀਨੇ ਕਾਗੜੇ ਠਰਾਏ॥ ਤਹਤੇ ਕਰਨ ਜੀਵ ਕਲਯਾਨਾ॥ ਸਰੇ ਮਾਲਵੇ ਓਰ ਮਹਾਨਾ॥੧੩॥ ਸੋ ਸੁਭ ਕਥਾ ਸੁਨੋ ਮਨ ਲਾਈ॥ ਸਰੋਤਾ ਸਾਵਧਾਨ ਮਨਸਾਈ॥ ਗੁਰੁ ਗਮਤ ਤਵ ਪਾਇ ਜਨ ਕੋਈ॥ ਕਥਨ ਸੁਨਨ ਤੇ ਬਾਹਰ ਸੋਈ॥੧੪॥ਦੋ:॥ ਦੀਨੇ ਨਿਵਸੇ[4] ਦਯਾ ਨਿਧਿ ਕ੍ਰਿਪਾ ਸਿੰਧੁ ਕਰਤਾਰ॥ ਸੇਵਤ ਰਹਯੋ ਸਮੀਰ ਬਰ ਕਰ ਕਰ ਅਤਿ ਹਿਤ ਪਯਾਰ॥੧੫॥ ਖੇਲਤ ਕਬਹੁ ਸਿਕਾਰ ਬਰ ਗਏ ਪਯੋੜ ਮਹਾਨ॥ ਇਕ ਅਹਿ ਮਾਰਯੋ ਸਤਗੁਰੂ ਧਰ ਕਰ ਸਿਰਪਦ ਤ੍ਰਾਨ॥੧੬॥ਚੌ:॥ ਬਿਸਮਤ ਭਏ ਸਿੰਘ ਗਨ ਜਬਹੀ॥ ਬੋਲੇ ਦੀਨ ਬੰਧੁ ਪ੍ਰਭ ਤਬਹੀ॥ ਤਦ੍ ਸੈਨ ਨ੍ਰਿਪ ਕੀ ਯਹ ਕਨਯਾ॥ ਰੂਪਮਾਨ ਜਨ ਉਰ ਬਸਿ ਧਨਯਾ॥੧੭॥ ਇਹਨਾਂ[5] ਬਹਤ ਸਤਦ੍ਰਵ[6] ਨੀਰ॥ ਘਾਟ ਮਨੋਹਰ ਸਲਿਲ ਗੰਭੀਰ॥ ਸਖਿਨ[7] ਸੰਗ ਜੋਬਨ ਮਨ ਮਾਤੀ॥ ਨਾਹਿਤ ਕਨਯਾ ਕਾ ਅਤਿ ਇਠਲਾਤੀ॥੧੮॥ ਇਕ ਰਿਖ ਕਰਤ ਹੋਇ ਇਸਨਾਨਾ॥ ਛੀਟ ਨ ਦੇਨ ਲਗੀ ਦੁਖ ਨਾਨਾ॥ ਸਾਧੁ ਕਹੀ ਨਾਗਨ ਸਮ ਆਈ॥ ਕਤ ਬਿਖ ਜੋਬਨ ਭਰ ਲਹਹਾਈ॥੧੯॥ ਤਾਤੇ ਭਈ ਸਰਪਨੀ ਕਨਯਾ॥ ਸ੍ਰਾਪ ਉਧਾਰ ਭਯੋ ਅਬ ਧਨਯਾ॥ ਗਈ ਸਵਰਗ ਚਢ ਹੇਰ ਸੁ ਜਬਹੀ॥ ਬਾਰ ਬਾਰ ਪਦ ਬੰਦਤ ਤਬਹੀ॥੨੦ਦੋ:॥ ਇਹ ਬਿਧਿ ਤਰੁਤਰੁ ਜੰਡ ਕੇ ਕਰ ਨਾਗਨੀ ਉਧਾਰ॥ ਪੁਨ ਦੀਨੇ ਮਹਿ ਪ੍ਰਭ ਰਹੇ ਪ੍ਰੀਤ ਸਮੀਰ ਸੰਭਾਰ॥੨੧॥ ਦਯਾਲ ਪੁਰੇ ਹੂੰ ਕਬ ਗਏ ਖੇਲਨ ਪ੍ਰਭ ਸਿਕਾਰ॥ ਮੰਜੀ ਹੈ ਤਿਹਠਾ ਬਨੀ ਸਿਖ ਸੇਵਕ ਨਿਸਤਾਰ॥੨੨॥ਚੌ:॥ ਪੁਨ ਸਮੀਰ ਕਹਿ ਧੀਰਜ ਦੀਨਾਂ॥ ਇਕ ਕਟਾਰ ਪ੍ਰਭ ਬਖਸ਼ਿਸ਼ ਕੀਨਾ॥ ਔਰ ਦੁਪੱਟਾ ਦੈ ਸਿਰ ਪਾਊ॥ ਦੀਨ ਬੰਧ ਕਰਣਾ ਕੇ ਰਾਊ॥ ਸੁਨ ਸਮੀਰ ਅਬ ਰਹਨ ਤੇ ਹਮਰੇ ਹ੍ਵੈ ਹੈ ਜੰਗ॥ ਹੋਇ ਲੋਹ ਗਢ ਗ੍ਰਾਮ ਤਵ ਹਮਅ ਬਕਸਤ ਤੁਰੰਗ॥੨੪॥

---

1. ਧੋਖਾ, 2. ਪਹਾੜੀ ਰਾਜਾ ਭੀਮ ਚੰਦ, 3. ਅੱਠ ਮਹੀਨੇ, 4. ਠਹਿਰੇ, 5. ਇਸ ਥਾਂ ਤੇ, 6. ਸਤਲੁਜ ਵਗਦਾ ਸੀ, 7. ਸਹੇਲੀਆਂ ਨਾਲ

Sri Satguru Jagjit Singh Ji eLibrary NamdhariElibrary@gmail.com

ਸਾਖੀ॥੧॥ਚੌ:॥ ਏਕ ਗ੍ਰਾਮ ਸ੍ਰੀ ਸਤਿਗੁਰ ਆਏ॥ ਪੂਛਯੋ ਜਨਨ ਰੁਖਾਲਾ ਗਾਏ॥ ਸ੍ਰੀ ਮੁਖ ਕਯੋ ਨਾਹਿ ਰਖਵਾਲਾ॥ ਅਬ ਮਤ ਕਹੀਓ ਨਾਮ ਰੁਖਾਲਾ॥੧॥ ਪੰਚ ਜਲਾਲ ਜਾਟ ਜੁਰਿ ਆਏ॥ ਗੁੜ ਪ੍ਰਸਾਦਿ ਅਤਿ ਦੁਗਧਾ[1] ਲਿਆਏ॥ ਇਕ ਤੋਮਰ ਹੂ ਭੇਟਾ ਕੀਨੀ॥ ਬੈਠੇ ਦਰਸਤ ਦੁਖ ਦਰ ਚੀਨੀ॥੨॥ ਭਯੋ ਪ੍ਰਸਾਦ ਛਕਯੋ ਸੁਖਾਲਸਾ॥ ਪੂਰਨ ਕਰੀ ਜਲਾਲ ਲਾਲਸਾ॥ ਲਖ ਕਰ ਨਾਥ ਅਤਿ ਹਿਅਨੁ ਕੰਪਾ॥ ਜਾਤੇ ਮਿਲਤ ਸਰਬ ਸੁਖ ਸੰਪਾ॥੩॥ ਨਿਜ ਮਨ ਮਨਹਿ ਅਤਿ ਕਰ ਦ੍ਰਿਢਤਾਈ॥ ਬੋਲੇ ਬਿਧਿਵਤ ਬਿਨਯ ਬਨਾਈ॥ ਮਹਾਰਾਜ ਇਕ ਗ੍ਰਾਮ ਹਮਾਰੇ॥ ਨਿਤ ਪ੍ਰਤਿ ਰਹਤ ਸੁ ਜੰਗ ਅਖਾਰੇ॥੪॥ ਕਛੂ ਦੀਜੈ ਐਸੋ ਬਰਦਾਨਾ॥ ਜਾਤੇ ਹਮ ਜੀਤਹਿ ਸਵਧਾਨਾ॥ ਤ੍ਰੈਬਕਸਿੰਦ ਕਲ ਘਟ ਬਾਸੀ॥ ਹਰ ਸੁਨਾਥ ਨਿਤ ਸੰਕਟ ਰਾਸੀ॥੫॥**ਦੋ:॥** ਸ੍ਰੀ ਮੁਖ ਬੋਲੇ ਸੁਨਹੁ ਬਚ ਅਹੋ ਜਲਾਲ ਬਿਚਾਰ॥ ਗੁਰ ਘਰ ਸੋ ਅਬਿਰੋਧ ਚਿਤ ਨਿਰਛਲ ਕਰ ਬਿਵਹਾਰ॥੬॥**ਚੌ:॥** ਜੀਤਹੁਗੇ ਸਭ ਭੁਵਨ ਨਿਕਾਈ॥ ਕਹਾ ਸਤ੍ਰੂ ਕੀ ਪਰ ਬਲਤਾਈ॥ ਗੁਰੁਘਰ ਸਨ ਜਬ ਕਪਟ ਕਮੈਹੈ॥ ਤੁਰਤ ਨਾਸ ਆਪਨ ਤਬ ਪੈ ਹੈਂ॥੭॥ ਅਸ ਬਰਦਾਨ ਪਾਇ ਹਰਖਾਏ॥ ਜੀਤੇ ਅਰਿ ਅਤਿ ਤੇਜ ਬਢਾਏ॥ ਕਬਹੁ ਕ ਤਹਾ ਸਿੰਘਨ ਦਲ ਆਯੋ॥ ਸਰ ਭੂ ਜਬ ਸੁ ਸਸਿ ਸੰਮਤ ਗਾਯੋ॥੮॥ ਰਾਤ ਪਰੀ ਜਲਾਲ ਕੇ ਜਾਟਾ॥ ਆਏ ਕਰ ਕਰ ਚੋਰੀ ਠਾਟਾ॥ ਪਾਚ ਕਿੰਕਾਨ[2] ਧਯਾਨ ਕਰ ਨੀਕੇ॥ ਲੀਨੇ ਹਰ ਹਰਦ੍ਵੈ ਸਿਖ ਜੀਕੇ॥੯॥ ਤਬ ਤਹ ਫੌਜ ਖਾਲਸੇ ਧਾਈ॥ ਮਾਰ ਲੂਟ ਸ ਜਲਾਲ[3] ਲੁਟਾਈ॥ ਪੰਚ ਜਲਾਲਨ ਉਰ ਅਨੁਮਾਨੀ॥ ਯਹ ਗੁਰ ਬਰ ਆਗਯਾ ਸੁ ਪ੍ਰਮਾਨੀ॥੧੦॥ ਪਾਚ ਰਜਤ ਪਣ ਕਰ ਸੁ ਕੜਾਹ॥ ਰਾਖਯੋ ਗੁਰੁ ਖਾਲਸਾ ਅਗਾਹ॥ ਤ੍ਰਾਹ ਤ੍ਰਾਹ ਕਹਿ ਕਰਿ ਘਿਘਿਆਨੇ॥ ਬਕਸਹੁ ਗੁਰੂ ਖਾਲਸਾ ਜਾਨੇ॥੧੧॥ ਬਕਸੋਯ ਸਿੰਘਨ ਕਿਅ ਕਛੂ ਖਯਾਲਾ॥ ਭਯੋ ਜਾਨ ਤਵ ਗੁਰ ਰਖਵਾਲਾ॥ ਬਖਸਹੁ ਰੁਖਾਲਾ ਗੁਰ ਰਖਵਾਲਾ॥ ਤਹਿ ਨਹਿ ਭਯ ਜਿਹ ਕਹਿਰ ਖਵਾਲਾ॥੧੨॥**ਦੋ:॥** ਰਖਵਾਲਾ ਸਭ ਜਗਤ ਕੋ ਨਾਮੁ ਗੁਰੂ ਸਰਜਾਹਿ॥ ਪ੍ਰੇਮ ਪਿਆਲਾ ਪਾਨ ਕਰ ਗਯੋ ਰੁਖਾਲਾ ਤਾਹਿ॥੧੩॥

ਸਾਖੀ॥੨॥ਚੌ:॥ ਤਿਹ ਤੇ ਚਲ਼ ਪੁਨ ਭਗਤੇ ਆਏ॥ ਜਹ ਬਹਲੋ ਕੇ[4] ਬੰਸ ਬਸਾਏ॥ ਭਾਈ ਬਹਲੋ ਬਡੋ ਸੁ ਪ੍ਰੇਮੀ॥ ਭੂਤ ਪ੍ਰੇਤ ਸੰਗਤ ਜਿਹ ਨੇਮੀ॥੧॥ ਨਿਕਟ ਕੂਪ[5] ਬਰ ਬਨ ਤਨਿਹਾਰਾ॥ ਯਹ ਕਾਕੋ ਮੁਖ ਬਚਨ ਉਚਾਰਾ॥ ਜਾਟਨ ਕਹਾ ਕਿ ਭਾਈ ਬਹਲੋ॥ ਤਾਸੁ ਪੋਤਰ ਭਗਤਾ ਅਤਿ ਚਹਿਲੋ॥੨॥ ਤਾਕੋ ਕੂਪ ਬਨਤ ਭਲ ਭਾਂਤੀ॥

---

1. ਦੁੱਧ, ਗੁੜ ਦਾ ਪ੍ਰਸ਼ਾਦਿ, 2. ਘੋੜੇ, 3. ਜਲਾਲਾਬਾਦ ਨਗਰ, 4. ਭਾਈ ਬਹਿਲੋ ਦਾ ਵੰਸ਼, 5. ਖੂਹ

Sri Satguru Jagjit Singh Ji eLibrary NamdhariElibrary@gmail.com

ਕਰਾਮਾਤ ਜਾਹਿਰ ਜਿਹ ਜਾਤੀ।। ਸ੍ਰੀ ਮੁਖ ਕਹੀ ਸੁਨਹੁ ਸੁਖਦਾਈ।। ਲੇਹੁ ਬਿਚਾਰ ਅਰਥ ਚਿਤ ਲਾਈ।।੩।।ਦੋ:।। ਦੰਮਲ ਗਲ ਪਾਤਸ਼ਾਹ ਕੇ ਸਾਬੁਨ ਗਰਾਂ ਕਾ ਨਾਉਂ।। ਪੂਰਬ ਇਮ ਬਰਤੀ ਕਹੂੰ ਸੁਣ. ਦੀਖਤ ਇਮ ਥਾਉਂ।।ਚੌ:।। ਪੀਪਰ[1] ਤਰੇ ਕੀਨ ਪ੍ਰਭ ਡੇਰਾ।। ਬੂਝਯੋ ਸਿਖਨ ਕਹਯੋ ਸੁਹੇਰਾ।। ਇਕ ਰਾਮੂ ਲਹੌਰ ਦੀਵਾਨਾ।। ਖਤ੍ਰੀ ਜਾਤ ਅਧਿਕ ਹਿਤ ਸਾਨਾ।।੫।। ਸੋ ਅਨੰਦਪੁਰੀ ਮਹਿ ਆਯੋ।। ਗੁਰ ਪਗ ਪਰ ਕਰ ਬਿਨਯ ਸੁਨਾਯੋ।। ਮਮ ਕਨਿਸਾ ਕਹਿ ਲਾਗਾ ਭੂਤ।। ਛੂਟਹਿ ਕਿਹਿ ਬਿਧਿ ਕ੍ਰਿਪਾ ਬਹੂਤ।।੬।। ਲਹਿ ਸਤਗੁਰੁ ਆਇਸ ਹਿਤ ਬਾਢਾ।। ਭਗਤਾ ਜਾਇ ਭੂਤ ਤਿਹਿ ਕਾਢਾ।। ਤਿਨ ਤਬ ਕਹੀ ਕਿ ਸੇਵ ਬਤਾਵੋ।। ਨਿਜ ਜਨ ਜਾਨ ਜੀਅ ਅਪਨਾਵੋ।।੭।। ਭਗਤਾ ਕਹੀ ਈਟ ਕਰ ਆਵਾ।। ਦੇਹੁ ਹਮਾਹਿ ਇਕ ਕੂਪ ਲਗਾਵਾ।। ਖਤ੍ਰੀ ਕਹੀ ਕਿ ਜਾਇਹ ਕੈਸੇ।। ਦੂਰ ਦੇਸ ਲਾਹੌਰ ਸੁ ਐਸੇ।।੮।। ਭਗਤਾ ਕਹੀ ਪਹੁਚ ਸਭ ਜੈ ਹੈ।। ਰਾਮੂ ਕਹੀ ਲੇਹੁ ਸੁ ਅਭੈਹੈ।। ਏਕ ਪਹਰ ਮੈ ਪ੍ਰੇਤ ਸੁਧਾਏ।। ਈਟਨ ਲੈ ਭਗਤੇ ਸਭ ਆਏ।।੯।। ਰਾਮੂ ਕੇ ਚਾਕਰ ਅਚਰਜ ਲਖ।। ਕਹੀ ਦਿਵਾਨਹਿ ਨਿਰਖਤ ਨਿਜ ਚਖ।। ਏਕ ਪਹਰ ਮੈ ਸਭ ਲੈ ਗਏ।। ਆਏ ਗਏ ਨ ਜਾਨੇ ਗਏ।।੧੦।। ਰਾਮੂ ਕਰੀ ਬੰਦਨਾ ਤਬੈ।। ਭਗਤਾ ਭਾਈ ਭਗਤਾ ਅਬੈ।। ਤਾਕਰ ਲਗਯੋ ਕੂਪ ਯਹ ਭਾਰੀ।। ਸੁਨਹੁ ਖਾਲਸਾ ਜੀ ਹਿਤ ਧਾਰੀ।।੧੧।। ਇਕ ਕਲਯਾਨ ਦਾਸ ਬੈਰਾਗੀ[2]।। ਧਰਤ ਈਰਖਾ ਉਰ ਰਿਸ ਜਾਗੀ।। ਤਿਨਹੁੰ ਨਿਕਟ ਸੁ ਗ੍ਰਾਮ ਬਸਾਯੋ।। ਚਹਿਤ ਅਪਨੇ ਕੂਪ ਲਗਾਯੋ ।।੧੨।। ਸਕਤਿਮਾਨ ਇਹ ਕੂਪ ਜੁ ਭਾਰਾ।। ਦਿਯੋ ਗਰਾਇ ਉਸਾਰ ਸਵਾਰਾ।। ਪੁਨ ਭਗਤੇ ਸੁ ਪ੍ਰੇਤਨ ਕਹੀ।। ਰਾਮੂ ਕਨਯਾ ਹੀ ਜਿਨ ਗਹੀ।।੧੩।। ਰਾਤ ਭਰੇ ਮੰਹਿ ਕਿਅ ਤਿਨ ਤਿਆਰੀ।। ਭਏ ਅਚਰਜ ਨਗਰ ਨਰ ਨਾਰੀ।। ਈਟੈ ਜਾਇ ਲਹੌਰ ਲਿਆਯੋ।। ਪਾਥਰ ਦਿਹਲੀ ਤੈ ਸੁ ਉਠਾਓ।।੧੪।। ਤਬ ਭਗਤੇ ਪ੍ਰਸੰਨ ਹੈ ਕਹੀ।। ਏਕ ਓਰ ਨਿਤ ਪ੍ਰਤਿ ਤੁਮ ਰਹੀ।। ਮਿਲਤ ਪਾਚ ਮਨ[3] ਚਨ ਰੁਜੀਨਾ[4]।। ਚਾਬਹਿ ਹੋਹਿ ਸਬਦੁ ਸੁਯਕੀਨਾ।।੧੫।। ਨਿਸਿ ਮਹਿ ਮੂੰਜ ਧਰਹਿ ਤਹਿ ਜਾਈ।। ਪ੍ਰਾਤ ਹੋਤ ਲਗ ਰਸਰੀ ਪਾਈ।। ਪ੍ਰਗਟ ਬਾਤ ਭਗਤੇ ਕੀ ਜਾਨੀ।। ਨਾਹਿਨ ਹੈ ਸਭ ਸਿੰਘੋ ਛਾਨੀ।।੧੬।।ਦੋ:।। ਸਤਗੁਰ ਅਰਜਨ ਕ੍ਰਿਪਾ ਕਰ ਭਾਈ ਬਹਲੋ ਹੇਰ।। ਭੂਤ ਪ੍ਰੇਤ ਸੰਗਤ ਦਈ ਤਬਤੇ ਤਿਨ ਢਿਗ ਢੇਰ।।੧੭।।ਚੌ:।। ਬਹਲੋ ਭਾਈ ਕੋ ਸੁਤ ਨਾਨੋ।। ਤਾਕੇ ਭਗਤੂ ਭਗਤ ਪ੍ਰਮਾਨੋ।। ਤਾਰਾ ਭਾਗ ਅਰੁ ਮਿਹਰਾਬ।। ਖਤਾ ਏਕ ਗੁਰਦਾਸ ਸੁ ਫਾਬਾ।।੧੮।। ਤਿਨ ਤਬ ਸੁਨਯੋ ਕਿ ਸਤਗੁਰੁ ਆਏ।। ਅਸਵ ਏਕ ਸੁਰਜਤ ਸਜ ਲਿਯਾਏ।। ਆਨ ਪਰੇ ਪ੍ਰਭ ਤਾਰਤ ਚਰਨਾ।। ਤ੍ਰਾਹਿ ਤ੍ਰਾਹਿ ਕਹਿਅ ਸਰਨ ਸਰਨਾ।।੧੯।। ਪੂਛੀ ਕੁਸਲ ਕੁਸਲ

---

1. ਪਿੱਪਲ, 2. ਬੈਰਾਗੀ, 3. ਪੰਜ ਮਣ ਡੋਲੇ, 4. ਇਕ ਦਿਨ ਦੇ

Sri Satguru Jagjit Singh Ji eLibrary NamdhariElibrary@gmail.com

ਸਭ ਕਹੀ॥ ਸੁਤ ਸੰਪਤ ਰਚਨਾ ਸਭ ਸਹੀ॥ ਪ੍ਰਭ ਅਕਾਲ ਆਗਯਾ ਗੁਰ ਗਾਈ॥ ਬੈਠੇ ਸਤਗੁਰੁ ਸੀਸ ਨਿਵਾਈ॥੨੦॥ ਭਗਤ ਪੁਤ੍ਰ ਕਹਿ ਕ੍ਰਿਪਾ ਨਿਧਾਨਾ॥ ਜਾਕੀ ਦਾਸੀ ਤਾਹਿਖਜਾਨਾ॥ ਕ੍ਰਿਪਾ ਕਰਿਅ ਪਗ ਮੰਦਰ ਦੀਜੈ॥ ਦਾਸਨ ਜਾਨ ਸਭ ਅਘ ਬਕਸੀਜੈ॥੨੧॥ ਕਰਸੁ ਪ੍ਰੇਮ ਨਿਜਨਿ ਲਗ ਲਿਆਏ॥ ਸੇਵ ਕਰੇ ਸੁ ਬਿਧਿ ਵਤ ਭਾਏ॥ ਪੁਨ ਪੂਛੀ ਪ੍ਰਭ ਸਨ ਕਰ ਜੋਰੀ॥ ਦੀਨ ਬੰਧੁ ਇਕ ਬਿਨਤੀ ਮੋਰੀ॥੨੨॥ ਭੋਜਨ ਭਾਵਤ ਬਨਹ ਕ੍ਰਿਪਾਲਾ॥ ਸਹਜ ਧਾਰਨਾ ਹਮ ਸਭ ਚਾਲਾ॥ ਦੇਸਹੁ ਮੋਟ ਮੋਟ ਬਿਵਹਾਰਾ॥ ਸਭ ਭਦੇਸ ਪੁਨ ਨਾਥ ਹਮਾਰਾ॥੨੩॥ ਰਹਤਵਾਨ ਲਾਗਰੀ ਬਨਾਵੈ॥ ਜਿਮਿ ਆਗਿਯਾ ਤਿਮਿ ਬਯੋਤ ਸੁਭਾਵੈ॥ ਸ੍ਰੀ ਮੁਖ ਕਹੀ ਕਹੀ ਸਭ ਸਾਚੀ॥ ਪੈ ਤੁਮ ਮਮ ਪ੍ਰਿਅ ਅਤਿ ਹਿਤ ਰਾਚੀ॥੨੪॥ ਤਾਤੇ ਉਚਿਤ ਰੀਤ ਮਰਜਾਦਾ॥ ਕਰਹੁ ਪਾਕ ਪਾਵਨ ਸੁ ਪ੍ਰਸਾਦਾ॥ ਸਭ ਨਾਰਿਨ[1] ਮਿਲਿ ਟੇਕਯੋ ਮਾਥਾ॥ ਜਨ ਸਿਵਰੀਆ ਸ੍ਰਮ ਰਘੁਨਾਥਾ॥੨੫॥ ਮਾਨ ਸਿੰਘ ਪੁਨ ਪ੍ਰਾਤ ਸਭਾ ਮਾਹਿ॥ ਪੂਛੀ ਬਹਲੋ ਕਥਾ ਜਬਾਤਹਿ॥ ਬਹਲੋ ਕੇ ਗੁਰਦਾਸੰ ਉਚਾਰੀ॥ ਗੁਰ ਅਰਜਨ ਕੀ ਕ੍ਰਿਪਾ ਭਾਰੀ॥੨੬॥ ਭਾਈ ਬਹਲੋ ਕਲਾ ਮਹਾਨਾ॥ ਰਾਗ ਰੋਖ ਨਹਿ ਜੀਅ ਜਹਾਨਾ॥ ਕਬਹੁਕ ਸੰਗਤ ਦਰਸਨ ਆਈ॥ ਬੈਠੀ ਸਦ ਪਦ ਬੰਦ ਸੁਹਾਈ॥੨੭॥ ਸ੍ਰੀ ਬਹਲੋ ਪਰ ਸਿਖ ਪਠਾਯੋ॥ ਚਹਿਅ ਪਰਾਤ ਦੇਹੁ ਸੁਖ ਪਾਯੋ॥ ਨਾਨੋ[2] ਸੁਤ ਬਹਲੋ ਤਿਹ ਨਾਰੀ॥ ਉਨ ਮਤ ਨਿਜ ਗ੍ਰਿਹ ਕਾਮ ਮਝਾਰੀ॥੨੮॥ ਤਾਕੇ ਪੁਤ੍ਰ ਤੀਨ ਤਬ ਰਹੇ॥ ਨਹਵਾਵਤਿ ਪਰਾਤ ਵਿਚ ਬਹੈ॥ ਬੋਲੀ ਸਮਯਸ ਕੁਸਯਮੈ ਨ ਜਾਨਾ॥ ਸਿਖ ਆਏ ਨਿਤ ਕਰਤ ਬਖਾਨਾ॥੨੯॥ ਕਰ ਗ੍ਰਿਹ ਕਾਜ ਜਬਹਿ ਮੈਲੈਹੋ॥ ਤਬ ਪਰਾਤ ਖਾਲੀ ਕਰ ਦੈ ਹੋ॥ ਤਾਤੇ ਸਿਖ ਸੁਨਤ ਮੁਰਿਆਯੋ॥ ਸੁਨ ਬਹਲੋ ਭਾਈ ਖੁਨ[3] ਸਾਯੋ॥੩੦॥ ਤੀਨਹੁ ਪੁਤ੍ਰ ਨਾਸ ਹ੍ਵੈ ਨਾਨੂ॥ ਤਬ ਗੁਰ ਸਿਖ ਮਹਿਮਾ ਇਹ ਜਾਨੂ॥ ਤੀਨਹੁ ਮਰੇ ਭਯੋ ਉਰ ਬਯਾਕੁਲ॥ ਨਾਨੂ ਸੇਵਨ ਲਗਯੋ ਦਾਸ ਤੁਲ॥੩੧॥ ਪਿਤਹਿ ਰਿਝਾਇ ਬਹੁਰ ਬਰਪਾਯੋ॥ ਭਾਈ ਭਗਤਾ ਤਬ ਜਗਆਯੋ॥ ਭਯੋ ਪ੍ਰਤਾਪ ਅਧਿਕ ਜਗ ਮਾਹੀ॥ ਤਾਕੇ ਪਾਂਚ ਤਾਤ ਹਮ ਆਹੀਂ॥੩੨॥ਦੋ:॥ ਯਹ ਸਭ ਸ੍ਰੀ ਸਤਗੁਰੂ ਕੀ ਰਚਨਾ ਅਤਿਹਿ ਰਸਾਲ॥ ਜੀਵਨ ਮਰਨ ਅਨਨਯਾਤਾ ਛੂਟੈ ਨਰ ਹੈ ਕ੍ਰਿਪਾਲ॥੩੩॥

ਸਾਖੀ॥੩॥ਚੌ:॥ ਮ੍ਰਿਗਿਆ[4] ਗਏ ਕਬਹੁ ਕਰਤਾਰਾ॥ ਇਕ ਤੀਤਰ ਤਹ ਉਠਤ ਨਿਹਾਰਾ॥ ਸ੍ਰੀ ਮੁਖ ਪਾਤਸਾਹੀ ੧੦॥ ਭੂਮਿਆ ਭੂਮ ਊਪਰ ਨਿਤ ਲੂਝੈ॥ ਛੋੜ ਚਲੈ ਤ੍ਰਿਸਨਾ ਨਹਿ ਬੂਝੈ॥ ਸਿੰਘਕਹੀ ਕਹਾ ਪ੍ਰਭ ਕਹਾ॥ ਬਿਹਸੇ ਦੀਨ ਬੰਧ ਪ੍ਰਭ ਮਹਾ॥੧॥ ਬੇਹਰੀਡ ਇਹ ਤੀਤਰ ਨਾਮਾ॥ ਰਹਯੋ ਇਤਹਿ ਪਿਰਥੀ ਪਤਿ ਬਾਮਾ॥ ਧਰਤੀ ਮੋਹ ਅਧਿਕ ਉਰ ਮਾਹੀ॥ ਤਜ ਤਨ ਤਾਤੇ ਰਹਤ ਇਹਾਹੀ॥੨॥ ਜਨਮ ਅਨੇਕਨ ਯਾਨੇ

---

1. ਸਭ ਇਸਤ੍ਰੀਆਂ ਨੇ, 2. ਭਾਈ ਨਾਨੋ, 3. ਗੱਸੇ ਵਿਚ ਆਇਆ, 4. ਸ਼ਿਕਾਰ

Sri Satguru Jagjit Singh Ji eLibrary NamdhariElibrary@gmail.com

ਪਾਯੋ॥ ਅਬ ਕਾਨੋ ਤੀਤਰ ਤਨ ਪਾਯੋ॥ ਪਕਰ ਸਿੰਘ ਸ੍ਰੀ ਪ੍ਰਭੂ ਢਿਲ ਲਯਾਏ॥ ਕਾਨੋ ਨਿਰਖਿ ਪਰਖਿ ਬਚ ਪਾਏ॥੩॥ ਸ੍ਰੀ ਮੁਖ ਕਹੀ ਮੁਕਿਤ ਅਬ ਭਈ॥ ਬੇਹ ਰੀਡ ਦੀ ਦੁਰਮਤਿ ਗਈ॥ ਤੀਤਰ ਮਰਯੋ ਬਿਬਾਨ ਬਿਰਾਜਾ॥ ਬ੍ਰਹਮ ਲੋਕ ਗਮਨਯੋ ਸੁਖ ਸਾਜਾ॥੪॥

ਸਾਖੀ॥੪॥ ਭਗਤੇ ਗ੍ਰਾਮ ਸਿੰਘ ਇਕ ਰਹਈ॥ ਦਰਸਨ ਹਿਤ ਸਤਗੁਰੁ ਚਿਤਚਹਈ॥ ਕਮਰ ਕਸਾ ਕਰ ਸਸਤ੍ਰਨ ਆਯੋ॥ ਥਾਲ ਮਾਹਿ ਘੁਘਨੀ[1] ਲੈ ਭਾਯੋ॥੧॥ ਬਾਲਕ ਕੇ ਕਰ ਥਾਰ ਨਿਹਾਰਾ॥ ਸ੍ਰੀ ਮੁਖ ਕ੍ਰਿਪਾ ਕਰੀ ਤਿਹਿ ਬਾਰਾ॥ ਨਾਮ ਕਹਾ ਇਹ ਬਾਲਕ ਰਾਖਾ॥ ਗੁਰਮੁਖ ਸੁਨਹੁ ਅਜਹੁ ਅਭਿਲਾਖਾ॥੨॥ ਸ੍ਰੀ ਪ੍ਰਭ ਤਿਹਿ ਅੰਮ੍ਰਿਤ ਸੁ ਛਕਾਯੋ॥ ਨਾਮ ਘੁੰਘਨੀਯਾ ਸਿੰਘ ਅਲਾਯੋ॥ ਸੁਇ ਪ੍ਰਸਾਦਿ ਬਰਤਾਵਨ ਕਰਯੋ॥ ਸਭਾ ਸਿੰਘ ਅਨੰਦ ਬਿਥਰਯੋ॥੩॥**ਦੋ:**॥ ਜਦਪਿ ਘੁਘਨੀਏ ਸਿੰਘ ਮਨ ਸ੍ਰੀ ਪਦ ਸਦ ਸੰਗ ਜਾਉ॥ ਪਿਤਾ ਆਇਸ ਤਦਯਪਿ ਰਹਯੋ ਬਸਸੁ ਆਪਨੇ ਥਾਓ॥੪॥ ਢਾਈ ਰੁਪਏ ਤਿਨ੍ ਦਿਏ ਸਤਗੁਰ ਕੋ ਤਨਖਾਹ॥ ਬਾਲਕ ਲਖ ਸੁਤ ਘਰ ਗਯੋ ਕਰ ਉਰ ਉਤਸਾਹ॥੫॥

ਸਾਖੀ॥੫॥**ਦੋ:**॥ ਸੈਨ ਸਮਯ ਸ੍ਰੀ ਗੁਰੂ ਕੇ ਆਏ ਜੁਰਿ[2] ਸਭ ਪ੍ਰੇਤ॥ ਬਿਨਤੀ ਕਰਤ ਭਏ ਕਰਹੁ ਕ੍ਰਿਪਾ ਸੋਢਿ ਕੁਲ ਕੇਤ॥੧॥**ਚੌ:**॥ ਗੁਰੁਅਰਜਨਹਮ ਸਭ ਪਕਰਾਏ॥ ਬਹਲੋ ਭਾਈ ਕੇ ਕਰ ਆਏ॥ ਏਕ ਥਾਨ ਮਹਿ ਹਮ ਸਭ ਰਹਹੀ॥ ਕਾਰਾਗਾਰ[3] ਮਹਿ ਪ੍ਰਭੂ ਅਹਹੀ॥੨॥ ਚਨਾ ਪਾਂਚ ਮਨ ਮਿਲਤ ਰੁਜੀਨਾ॥ ਤਾਂਤੇ ਹੋਤ ਨਹੀ ਤਸਕੀਨਾ[4]॥ ਅਬ ਪ੍ਰਭੂ ਕਾਰਾਗਾਰ ਛੁਰਾਵੋ॥ ਜਿਮ ਆਗਯਾ ਤਿਮ ਕਰਿਹਿ ਅਲਾਵੋ॥੩॥ ਸ੍ਰੀ ਪ੍ਰਭੂ ਕਹੀ ਕਿ ਬਹਿਲੋ ਨਾਮ॥ ਦੇਇ ਦੁਹਾਈ ਜੋ ਨਰ ਬਾਮ॥ ਤਾਕੇ ਨਿਕਟ ਨ ਆਵਨ ਕਰੀਓ॥ ਬਹੁਲੋ ਕੋ ਬਹੁਲੋ ਭਯ ਧਰੀਓ॥੪॥ ਜਾਉ ਪ੍ਰਾਤ ਇਹ ਕਰਹੁ ਉਪਾਈ॥ ਲਾਗੀ ਸਭਾ ਸੁਰਬ ਜਬਆਈ॥ ਭਗਤਾਂ ਕੇ ਸੁਤ ਪਦ ਤਟ ਆਏ॥ ਸ੍ਰੀ ਮੁਖ ਤੇ ਤਬ ਆਪ ਅਲਾਏ॥ ਛੋਰ ਦੇਹੁ ਪ੍ਰੇਤਨ ਕਹਿਅਬਹੀ॥ ਜਾਹਿ ਜਿਤਹਿ ਇਛਾ ਇਨ ਸਭ ਹੀ॥ ਜਬ ਬਹਲੋ ਕੀ ਦੇਇ ਦੁਹਾਈ॥ ਤਜਿਹੈ ਤਹਿ ਕਿ ਨਰਿ ਸਰਬ ਜਗਤ ਰਛਕ ਦੁਖ ਟਾਲਾ॥ ਦੀਨਾ ਨਾਥ ਭਕਿਤ ਪ੍ਰਤਿਪਾਲਾ॥੭॥**ਦੋ:**॥ ਚਰਿਤ ਪਵਿਤ੍ ਪ੍ਰਕਾਸ ਨਰ ਕਰਮ ਅਨਰ ਕਰ ਕੀਨ॥ ਗਯਾਨ ਜੋਗ ਬੈਰਾਗ ਬਰ ਕੇਵਲ ਭਕਿਤ ਅਧੀਨ॥੮॥

ਸਾਖੀ॥੬॥**ਚੌ:**॥ ਤੀਨ ਦਿਵਸ ਭਗਤੇ ਪ੍ਰਭ ਰਹੇ॥ ਪੁਨ ਮ੍ਰਿਗਆਮਿਸ ਤਯਾਰੀ ਚਹੈ॥ ਗੁਰਦਾਸਾਦਿ ਆਨ ਪਗ ਲਾਗੇ॥ ਸੇਵਤ ਸਭ ਬਿਧਿ ਸੁੰਦਰ ਬਾਗੇ॥੧॥ ਚਾਕਰ ਪ੍ਰਥਮ ਬਰਾੜਨ ਮਾਹੀ॥ ਰਾਖੇ ਪ੍ਰਭ ਜਲਾਲ ਕੇ ਤਾਈ॥ ਕਰਹਿ ਬਿਹਾਰ ਸਿਕਾਰ

---

1. ਘੁੰਘਨੀਆਂ, 2. ਪੇਤ ਇਕੱਠੇ ਹੋ ਕੇ, 3. ਜੇਲ੍, 4. ਤਿਪਤੀ

Sri Satguru Jagjit Singh Ji eLibrary NamdhariElibrary@gmail.com

ਅਪਾਰਾ॥ ਇਕ ਤਹ ਗ੍ਰਾਮ ਸੁਬਾਮ ਨਿਹਾਰਾ॥ ਪੂੰਛੀ ਤਬ ਸਿੰਘਨ ਸਰਦਾਰਾ॥ ਜਾਟਨਕਹੀ ਬਾਂਦਰੀ ਨਾਮਾ॥ ਅਚਰਜ ਭਯੋ ਖਾਲਸਹਿ ਬਾਮਾ॥੨॥ ਕਿਮਿ ਬਾਂਦਰਨ ਸੁ ਗ੍ਰਾਮ ਬਸਾਯੋ॥ ਪ੍ਰਛਯੋ ਤਬ ਸਤਗੁਰੁ ਫਰਮਾਯੋ॥ ਜਾਟਨ ਜਾਤ ਸੁ ਬਾਂਦਰ ਜਾਨਾ॥ ਬਾਂਦਰ ਬਸ ਬਾਂਦਰੀ ਬਖਾਨਾ॥੩॥ ਤਹਿ ਕੇ ਪੰਚ ਸੁਨਤ੍ ਸਭ ਆਏ॥ ਅਗਵਾੜਨ ਕੇ ਉਰ ਹਰਖਾਏ॥ ਰਸਤ ਬਸਤ ਸਭ ਸੇਵਕ ਮਾਈ॥ ਸ੍ਰੀ ਸਤਗੁਰੁ ਕੀ ਖੁਸੀ ਸੁ ਪਾਈ॥੪॥ ਨਹਿ ਕਛੁ ਬਰ ਬਰ ਨਹਿ ਕਛ ਸਾਪਾ॥ ਕਰਤ ਦਰਸ ਸਤਿ ਮਿਟਿ ਸੰਤਾਪਾ॥ ਪ੍ਰਾਤ ਪ੍ਰਭੂ ਪੁਨ ਕਰੀ ਚਢਾਈ॥ ਨਿਰਖਤ ਜੰਗਲ ਮੰਗਲ ਰਾਈ॥੫॥

ਸਾਖੀ॥੭॥ਚੋ:॥ ਬਨਗਾੜੀ ਇਕ ਨਗਰ ਨਿਹਾਰਾ॥ ਉਤਰ ਪਰੇ ਸਤਗੁਰੁ ਦੁਖ ਟਾਰਾ॥ ਤਹਿ ਰਹਿ ਭ੍ਰਾਤ ਕਪੂਰੇ[1] ਕੇਰਾ॥ ਨਾਮ ਰਾਇ ਜਗਾ ਜਿਹ ਟੇਰਾ॥ ਸੋ ਲਰਬੇ ਹੇਤ ਜਾਤ ਸੁਰਹਾ॥ ਸੁਨ ਆਗਮਨ ਅਨੰਦਿਤ ਮਹਾ॥ ਸਭ ਸਾਮਾਨਅ ਜਾਦਿ ਅਨੇਕਾ॥ ਰਸਤ ਦਈ ਸ੍ਰੀ ਪ੍ਰਭ ਸੁ ਬਿਬੇਕਾ॥੨॥ ਪੁਨ ਕਰ ਜੋਰ ਕਹੀ ਗੁਰ ਰਾਈ॥ ਅਹਿਹਿ ਕਪੂਰਾ ਹਮਰੋ ਭਾਈ॥ ਤਾਸਨ ਹਮਰੀ ਰਹਤ ਲਰਾਈ॥[2] ਆਜ ਜਾਤ ਹਮ ਤਨ ਤਿਥਾਈ॥੩॥ ਪ੍ਰਭ ਆਗਮਨ ਸੁਨਤ ਨਹਿ ਗਏ॥ ਅਬ ਤੇਮਾਰਿ ਲੇਹਿਗੇ ਅਏ॥ ਸ੍ਰੀ ਮੁਖ ਕਹੀ ਬਿਗਰਿ ਨਹਿ ਤੋਰਾ॥ ਭੇਜ ਸੈਨ ਅਰ ਸੁਰ ਨ ਜੋਰਾ॥੪॥ ਤੂੰ ਨ ਜੰਗ ਸਾਮੁਹਿ ਸਮੁਹੈਯੋ॥ ਅਪਨੀ ਜੀਤ ਜਾਨ ਇਮਿ ਲੈਯੋ॥ ਤਯੋ ਹੀ ਕਰੀ ਆਪਨਹਿ ਗਯੋ॥ ਜਬ ਘਮਸਾਨ ਜੰਗ ਕੋ ਭਯੋ॥੫॥ ਤਿਅ[3] ਤਾਂਕੀ ਤਿਹਿ ਅਧਿਕ ਧਿਕਾਰਾ[4]॥ ਹਯ ਚਢ ਗਯੋ ਸੁ ਸਮਰ ਸੰਮਾਰਾ॥ ਜੀਤ ਸੈਨ ਦੁੰਦ ਭੀ ਬਜਾਈ॥ ਫਿਰਤ ਲਗੀ ਗੋਰੀ ਇਕ ਆਈ॥੬॥ ਮਗ ਮਹਿ ਮਰਯੋ ਸੁਨਤ ਯਹ ਬਾਨੀ॥ ਬੋਲੇ ਸੋਢਿ ਬੰਸ ਧਨੁ ਪਾਨੀ॥ ਜੀਵਤ ਅਜਹੁ ਮਰਯੋ ਨਹਿ ਸੋਈ॥ ਜਾਟਨ ਕਹਯੋ ਮਰਯੋ ਪ੍ਰਭ ਜੋਈ॥੭॥ ਤੀਨ ਬਾਰ ਜਬ ਮਰਯੋ ਬਤਾਯੋ॥ ਸ੍ਰੀ ਮੁੱਖ ਸੋ ਪ੍ਰਭ ਬਚਨ ਅਲਾਯੋ॥ ਹਮ ਤਿਹ ਪ੍ਰਾਨਤ੍ ਮਰ ਕਰ ਰਾਖਾ॥ ਜੋ ਤੁਮ ਕਹਤ ਜਿਅਤ ਅਭਿਲਾਖਾ॥੮॥ ਅਬ ਕਰ ਖੁਲਯੋ ਚੌਧਰੀ ਮਰਾ॥ ਸਿਸਕਾਰਯੋ ਕਿਰਿਆ ਸਭ ਕਰਾ॥ ਸਿੰਘਨ ਕਹੀ ਭਿ ਦੇਸ ਇਹਾ ਨਰ॥ ਅਹ ਹਿਭ ਦੇਸ ਦੇਸ ਪ੍ਰਕ੍ਰਿਤ ਪਗ॥੯॥ ਸ੍ਰੀ ਮੁਖ ਕਹੀ ਲੂਟੇ ਰੂ ਜਾਟ॥ ਇਨਕੀ ਪ੍ਰਕ੍ਰਿਤ ਸਦਾ ਇਹਿ ਠਾਟ॥ ਅਬ ਸੁਧਰਹਿਗੇ ਦਰਸ਼ਨ ਪਾਯੋ॥ ਸ੍ਰੀ ਪ੍ਰਭ ਇਹਿ ਬਿਧਿ ਨਿਸਾ ਬਤਾਯੋ॥੧੦॥

ਸਾਖੀ॥੮॥ਦੋ:॥ ਪ੍ਰਾਤ ਅਸਵ ਅਸਵਾਰ ਹ੍ਵੈ ਸ੍ਰੀ ਗੁਰੁ ਬਰ ਕਰਤਾਰ॥ ਮ੍ਰਿਗਿਆ[5] ਮਿਸ ਨਿਜ ਜਨਨ ਕੋ ਕਰਤ ਕ੍ਰਿਪਾਲ ਉਧਾਰ॥੧॥ਚੋ:॥ ਬਹਬਲ ਨਾਮ ਗ੍ਰਾਮ ਪ੍ਰਭ ਗਏ॥ ਦੁਪਹਰ ਮਾਹਿ ਸੁ ਡੇਰਾ ਲਏ॥ ਤ੍ਰਿਤਿਆ ਪ੍ਰਹਰ ਬਨ ਸੁਖਨਿ ਨਿਧਾਨਾ॥ ਛਕਯੋ ਛਕਾਯੋ ਭੇਟ ਕ੍ਰਿਪਾਨਾ॥੨॥ ਕਰ ਅਰਦਾਸ ਦੇਗ ਬਰਤਾਈ॥ ਆਏ ਮਿਲੇ ਜਾਟ

---

1. ਕਪੂਰੇ ਦਾ ਭਰਾ, 2. ਝਗੜਾ, 3. ਇਸਤਰੀ, 4. ਲਾਹਨਤ ਪਾਈ, 5. ਸ਼ਿਕਾਰ ਲਈ

Sri Satguru Jagjit Singh Ji eLibrary NamdhariElibrary@gmail.com

ਸਮੁਦਾਈ॥ ਸ੍ਰੀ ਮੁਖ ਕਹੀ ਬਰਾੜੋ ਪਯਾਰੇ॥ ਰਹਹੁ ਸੰਗ ਚਾਕਰ ਬਨ ਪਾਰੇ॥੩॥ ਮਾਰਹੁ ਤੁਰਕਨ ਲੇਹੁ ਨੌਕਰੀ॥ ਇਹਿ ਬਿਧਿ ਸ੍ਰੀ ਪ੍ਰਭ ਆਗਯ ਕਰੀ॥ ਜਾਟਨ ਕਹੀ ਸਾਂਚ ਪਤਸਾਹਾ॥ ਹਮ ਲੁਟੇਰ ਅਤਿ ਆਨੰਦ ਮਾਹਾ॥੪॥ ਕਈ ਸਹਸਰਨ ਧਨ ਗਨ ਸਵਾਮੀ॥ ਪਲ ਮਹਿ ਲੂਟ ਰੈਨ ਘਰ ਨਾਮੀ॥ ਮਹਾ ਪ੍ਰਭੂ ਕਹਿ ਸੁਨਹੁ ਬਰਾਰੋ॥ ਲੂਟਹੁ ਤੁਰਕਨ ਕਰ ਧਨ ਭਾਰੋ॥੫॥ ਤਿਨ ਤਬ ਕਹੀ ਸਤਯ ਬਚ ਸਵਾਮੀ॥ ਹੌਂ ਤੁਮ ਤੌ ਸਭ ਅੰਤਰ ਜਾਮੀ॥ ਹਮਰੇ ਨਰ ਨਿਤ ਨਿਕਟਹਿ ਰਹੈ॥ ਸਮਯ ਸਮਰ ਹਮ ਹਾਜਿਰ ਅਹੈ॥ ਤਬ ਤੇ ਨਿਤ ਪ੍ਰਤਿ ਸ੍ਰੀ ਪ੍ਰਭ ਤੀਰਾ॥ ਰਹਤ ਬਨੀ ਬੈਰਾਰਨ ਭੀਰਾ॥ ਤਯਾਰ ਹੋਇ ਸਿਉ ਰਾਮੀਆਏ॥ ਡੇਰੇ ਦੀਨ ਬੰਧੁ ਗੁਰੁ ਲਾਏ॥੭॥

ਸਾਖੀ॥੬॥ਦੋ:॥ ਸਭ ਪ੍ਰਕਾਰ ਭੋਜਨ ਭਜਨ ਤਹ ਨਿਸਿ[1] ਕੀਨ ਅਰਾਮ॥ ਦੋਦੇਵਾਲੇ ਤਾਲ ਪ੍ਰਭ ਗਏ ਸੁਚੇਤੇ ਸਾਮ॥੧॥ਚੋ:॥ ਕੀਯੋ ਸੁਚੇਤਾ ਪ੍ਰਭੂ ਪ੍ਰਤਿ ਪਾਰਾ॥ ਨਿਕਸ ਸਰੀਰ ਸੁਨਰਤਨ ਧਾਰਾ॥ ਨਿਕਟ ਆਇ ਝੁਕ ਕਰੀ ਸਲਾਮਾ॥ ਬੋਲੇ ਦੀਨ ਬੰਧ ਹਿਤ ਧਾਮਾ॥੨॥ ਅਹਹੁ ਅਨੰਦ ਖਾਨ ਸੁ ਹੁਸੇਨਾ॥ ਬੈਠਹੁ ਭਲੇ ਰਾਤ ਇਹਿ ਐਨਾ॥ ਦਰਸ ਖੁਦਾਇ ਪਾਇ ਅਬ ਲਯੋ॥ ਹੋਨੋ ਬੋਸੋ ਤੋ ਸਭ ਭਯੋ॥ ਅਸ ਕਹਿ ਗਯੋ ਬੰਦਨਾ ਕਰ ਕਰ॥ ਸਿੰਘਨ ਪੂਛਯੋ ਸ੍ਰੀ ਪ੍ਰਭ ਪਦ ਤਰ॥੩॥ ਮਹਾਰਾਜ ਤਨ ਤੁਰਕ ਨਿਹਾਰਾ॥ ਸੇਵਤ ਬਸਨ ਅਸਮ ਸਤ ਸੁਧਾਰਾ॥ ਸੇਵਤ ਰੋਮ ਤਨ ਮੋਛ ਮਹਾਨਾ॥ ਕਰ ਜ਼ਰੀਬ ਕਰ ਤਸਬੀ ਦਾਨਾ॥੪॥ ਸੀਸ ਅਮਾਮ ਮਨਹੁ ਮਹਾਨਾ॥ ਦੀਖਤ ਪੀਰ ਸਰੀਰ ਸਯਾਨਾ[2]॥ ਯਹ ਕੋ ਰਹੋ ਹੁਸੈਨ ਸਭਾਗਾ॥ ਜਾਹਿ ਪੂਛਿ ਪ੍ਰਭ ਪਦ ਅਨਰਾਗਾ॥੫॥ ਪ੍ਰਭ ਸਮ ਸੇਵ ਕਹਿਤ ਨਹਿ ਕੋਈ॥ ਸ੍ਰੁਤਿ ਸਿੰਮ੍ਰਿਤ[3] ਗੁਰ ਆਗਯਾ ਸੋਈ॥ ਸ੍ਰੀ ਮੁਖ ਕਹਯੋ ਤੁਰਕ ਤਲ ਧਾਰੀ॥ ਹੈ ਸੁ ਸਹੀਦ ਮਰਦ ਯਹ ਭਾਰੀ॥੬॥ ਰਹੀ ਬਾਸਨਾਯਾ ਸੁ ਸਰੀਰ॥ ਤਾਂਤੇ ਰਹਤ ਰਹਯੋ ਸੁ ਸ੍ਰੀਰ॥ ਅਬ ਯਹ ਸਾਈਂ ਲੋਕ ਮਹਾਨਾ॥ ਭਯੋ ਮੁਕਿਤ ਸਤਗੁਰੁ ਬਖਾਨਾ॥੭॥

ਸਾਖੀ॥੧੦॥ਚੋ:॥ ਸਿਵਰਾਮੀ ਕੇ ਪੰਚ ਸੁ ਆਏ॥ ਸ੍ਰੀ ਸਤਗੁਰ ਸਨ ਬਿਨਯ ਸੁਨਾਏ॥ ਹਿਤ ਬਿਬੇਕ ਅਨ ਬਨਹਿ ਪ੍ਰਸਾਦੂ॥ ਅਪਰ ਕਰਹਿ ਘਰ ਦਾਸ ਅਬਾਦੂ॥੧॥ ਤਯੋ ਹੀ ਭਯੋ ਘਰਨ ਸਭ ਗਏ॥ ਜੇ ਜੇ ਸਹਜ ਧਾਰਨਾ ਰਹੇ॥ ਇਕ ਤਹ ਜਾਟ ਸਿੰਘ ਅਤਿ ਦੁੱਖੀ॥ ਭਜਨ ਕੀਰਤਨ ਮੈ ਅਤਿ ਸੁਖੀ॥੨॥ ਮਲਆਗਰ ਸਿੰਘ ਤਿਹਿ ਘਰ ਗਯੋ॥ ਜਾਟਨ ਜਾਨ ਸਰੀਕਾ ਦਯੋ॥ ਤੁਰਤ ਸਿੱਖ ਨਿਜ ਖੇਸ ਉਤਾਰਾ॥ ਮਲ ਆਗਰ ਸਿੰਘ ਚਰਨ ਪਖਾਰਾ॥੩॥ ਤਾਤੇ ਜਲ ਕਰ ਮਲ ਭਲ ਭਾਤੀ॥ ਬੈਠਯੋ ਸਿੰਘ ਖੇਸ ਚਿਤ ਸਾਤੀ॥ ਪੀਲੂ ਫਲ ਜਲ ਭਲਹਿ ਪਖਾਰੇ॥ ਚੁਨ ਚੁਨ ਨਰਮ ਸੁ ਬਾਲ ਬਿਚਾਰੇ॥੪॥

---

1. ਰਾਤ, 2. ਬਜ਼ੁਰਗ, 3. ਸੁਰਤੀਆਂ ਸਿਮਰਤੀਆਂ

Sri Satguru Jagjit Singh Ji eLibrary NamdhariElibrary@gmail.com

ਮਲਸਾਗਰ ਸਿੰਘ ਛਕਸੁ ਪ੍ਰਸਾਦਾ॥ ਕਹੀ ਰਹਹਿ ਡੇਰਾ ਸੁ ਅਬਾਦਾ॥ ਅਰਦਾਸਾ ਕਰ ਗੁਰ ਢਿਗ ਆਯੋ॥ ਸਿੰਘਹਿ ਪਦ ਪਰ ਜਾਟ ਸਿਧਾਯੋ॥ ਸਭਾ ਮਾਹਿ ਗੁਰ ਚਰਚਾ ਚਾਨੀ॥ ਛਕਯੋ ਪ੍ਰਸਾਦ ਕਵਨ ਬਿਧਿ ਕਾਲੀ॥ ਕਾਹੂੰ ਕਹੀ ਖੀਰ ਮੈ ਖਾਈ॥ ਕਾਹੂੰ ਬੜੇ ਫੁਲਕ ਸੁ ਬਤਾਈ॥੬॥ ਕਹੜੀ ਭਾਤ ਕਿਹਿ ਘ੍ਰਿਤ ਕਛੂ ਕਹਾ॥ ਸਵਾਦ ਸਰਾਹਤ ਆਨੰਦ ਮਹਾ॥ ਮਲਆਗਰ ਸਿੰਘ ਮੋਨ ਸੁਧਾਰੇ॥ ਬੈਠਯੋ ਲਖ ਪੂਛਯੋ ਗੁਰ ਭਾਰੇ॥੭॥ ਸਵਾਮੀ ਜਗ ਮਹਿ ਸਵਾਦ ਜਿਤੇਕਾ॥ ਤਾਂਕੇ ਅਹਹਿ ਪ੍ਰਕਾਰ ਅਨੇਕਾ॥ ਸੋ ਸਭ ਸੁਵਾਦ ਸੁ ਭੋਜਨ ਪਾਯੋ॥ ਗੁਰਮੁਖ ਪ੍ਰੇਮ ਮਨ ਜਾਤ ਸੁਨਾਯੋ॥੮॥ ਜਾਟਨ ਕਹੀ ਤਾਹਿ ਨਿਤ ਫਾਕਾ॥ ਕਾ ਛਕਾਇ ਸਕਸੋ ਅਤਿ ਰਾਕਾ॥ ਤਾਹਿ ਬੁਲਾਇ ਦਯਾਲ ਤਬ ਕਹੀ॥ ਕਹਾ ਛਕਾਯੋ ਉਰ ਡਰ ਦਈ॥੯॥ ਕੇਵਲ ਜਲ ਇਕ ਦਯੋ ਕਟੋਰਾ॥ ਅਪਰਨ ਬਸਤ ਮੋਹਿ ਘਰ ਥੋਰਾ॥ ਸ੍ਰੀ ਮੁਖ ਕਹੀ ਸਾਚ ਕਹੁ ਭਾਈ॥ ਬੋਲਯੋ ਪੀਲੂ ਫਲ ਭਲ ਲਯਾਈ॥੧੦॥ਦੋ:॥ ਮਹਾਰਾਜ ਮਮਗੇਹੇ ਮੈ ਰਹਯੋ ਅੰਨ ਨਹਿਆਨ॥ ਇਨ ਪੰਚਨ ਹਾਸੀ[1] ਕਰੀ ਮੈ ਸਮਝੀ ਅਨੁਮਾਨ॥੧੧॥ਚੌ:॥ ਗੁਰ ਪਰਦੇ ਰਾਖਤ ਨਿਤ ਜਨਕੇ॥ ਰਾਖਹਿਗੇ ਅਸ ਗਨ ਗੁਨਿ ਮਨ ਕੇ॥ ਮਹਾਰਾਜ ਮੈ ਇਨਹਿ ਛਕਾਯੋ॥ ਬਕਸਹੁ ਖਤਾ[2] ਪਕਰ ਪਗ ਗਾਯੋ॥੧੨॥ ਸ੍ਰੀ ਮੁਖ ਕਹੀ ਸੁਨਹੁ ਸਭ ਭਾਈ॥ ਸਤੀ ਦੇਇ ਸੰਤੋਖੀ ਖਾਈ॥ ਤਿਹਿ ਸਿਖ ਕੇ ਗੁਰੁ ਬਲ ਬਲ ਜਾਈ॥ ਬਿਤ ਸਾਠਯਤਾ ਜਿਨਨ ਕਮਾਈ॥੧੩॥ ਸਿੰਘਹਿ ਸਿੰਘ ਮੰਤ੍ਰਣ ਦੇਹੀ॥ ਰਾਖ ਜੁ ਘਰਨ ਛਕਾਵਹਿ ਤੇਹੀ॥ ਤਾਹਿ ਦੋਖ ਭਾਰੀ ਅਤਿ ਹੋਈ॥ ਬਸਤ ਘਿਨਾਇ ਛਕਤ ਅਘਸੋਈ॥੧੪॥ਦੋ:॥ ਤਤੇ ਸੁਨਹੁ ਸੁ ਖਾਲਸਾ ਭੋਜਨ ਕਰਹੁ ਜੁ ਜਾਨ॥ ਹੋਤੇ ਕੇ ਥਿਰ ਦੇਖਹੈ ਅਨਹੋਤੇ ਕੇਆਨ॥੧੫॥ਚੌ:॥ ਅਧਿਕ ਖੁਸੀ ਦੋਹਨ ਪਰ ਕੀਨੀ॥ ਚਲੇ ਆਪ ਆਗੇ ਮਨ ਚੀਨੀ॥ ਖੇਲਤ ਜਾਤ ਸਿਕਾਰ ਬਿਚਾਰਾ॥ ਜੰਗਲ ਮੰਗਲ ਕਰਤ ਉਧਾਰਾ॥੧੬॥

ਸਾਖੀ॥੧੧॥ਚੌ:॥ ਕੋਟ ਕਪੂਰੇ ਡੇਰਾ ਕੀਨਾ॥ ਜਿਹਿ ਜਸ ਜਾਹਿਰ ਜਗਤ ਪ੍ਰਬੀਨਾ॥ ਦਯਾਲ ਸਿੰਘ ਕਹਿ ਦਯਾਲ ਪਠਾਯੋ॥ ਤੁਰਤ ਕਪੂਰਾ ਦਰਸ਼ਨ ਆਯੋ॥੧॥ ਏ ਕ ਅਸਵ ਪ੍ਰਭ ਭੇਟ ਚਢਾਈ॥ ਅਪਰ ਅਨੇਕ ਬਸਤ ਸੁਖਦਾਈ॥ ਕੁਸਲ ਪੂਛ ਪ੍ਰਭ ਪਾਸ ਬਿਠਾਯੋ॥ ਅਨਿਕ ਭਾਤ ਕੋ ਬਚਨ ਸੁਨਾਯੋ॥੨॥ ਸ੍ਰੀ ਮੁਖ ਕਹੀ ਸਮਰ ਕੀ ਚਾਹ॥ ਅਰੁ ਸਿਕਾਰ ਕੀ ਰਾਖ ਕੀਨਾਹ॥ ਬੋਲਯੋ ਸਮਰ ਰਹੁਰੀ ਮਰਜੀ॥ ਬਾਜ ਕੁਹੀ ਬਹਰੀ ਬਹੁ ਘਰਜੀ॥੩॥ ਗਯੋ ਕਪੂਰ ਜਬ ਘਰ ਮਾਹੀ॥ ਕਿਲਾਲੇਨ ਮਨ ਕੀਨ ਤਹਾਹੀਂ॥ ਦੂਸਰ ਦਿਨ ਪੁਨ ਦਰਸਨ ਆਯੋ॥ ਏਡਿਨ ਲਗਤਨ ਇਤ ਗੁਰ ਨਿਕਟ ਸੁ ਲਾਗ ਦਿਵਾਨਾ॥ ਹੋਤ ਕੀਰਤਨ ਅਤਿ ਸੁਖ ਸਾਨਾ॥੫॥ ਏਕ ਔਰ ਸਸਤਰਨ ਦੀ ਚੋਰੀ॥ ਰਾਖੇ ਊਪਰ

---

1. ਪੰਚਾਂ ਨੇ ਮਖੌਲ ਕੀਤਾ, 2. ਗਲਤੀ, ਭੂਲ

Sri Satguru Jagjit Singh Ji eLibrary NamdhariElibrary@gmail.com

ਚੋਕੀ ਔਰੀ॥ ਏਕ ਚੋਰ ਗੁਰੁ ਊਪਰ ਢੁਰੈ॥ ਮਾਨਹੁ ਹੰਸ ਚੰਦ ਪਰਿਵਰੈ॥੬॥ ਜਾਮੇ ਸੰਗ ਉਡਤ ਲਖ ਰੇਤਾ॥ ਮੈਲਾਗਰ ਸਿੰਘ ਕਰਯੋ ਸੁਚੇਤਾ॥ ਸਤਗੁਰੁ ਕੋ ਬਰਦਾਨ ਮਹਾਨਾ॥ ਕਰਹੁ ਅਦਬ ਚੌਧਰੀ ਪਛਾਨਾ॥੭॥ ਸਸਤਰਨ ਪਰ ਜਿਮਿ ਗਰਦਨ ਆਵੈ॥ ਨਹਿਨਮਾਨ ਬ੍ਰਿਤ ਉਰ ਉਪਜਾਵੈ॥ ਸੁਨੀ ਅਨਸੁਨੀ ਕਰ ਗੁਰ ਨੈਰੇ॥ ਬੈਠੋ ਜਾਇ ਕਾਲ ਕੇ ਪ੍ਰੇਰੇ॥੮॥ ਮੈਲਾਗਰ ਸਿੰਘ ਉਰ ਨਿਹਾਰੈ॥ ਮਨਹੁ ਕ੍ਰੋਧ ਕਰਸ ਰਸੁ ਪ੍ਰਹਾਰੈ॥ ਮੈਲਾਗਰ ਸਿੰਘ ਸਤਗੁਰੁ ਪਯਾਰਾ॥ ਰਾਗ ਰੋਖ ਉਰ ਨਹਿ ਕਛੁ ਧਾਰਾ॥ ਬੋਲਯੋ ਸਾਚੇ ਪਾਤਸਾਹ ਗੁਰੁ॥ ਸਦਾ ਸਰਬ ਦਾ ਰੀਤ ਰਹੀ ਫੁਰ॥ ਗੁਰੁ ਪਰ ਚੋਰ ਸੁ ਗਾਦੀ ਗੁਰ ਕੀ॥ ਸਸਤਰਨ ਮਹਿ ਮਮ ਤਾਕਸ ਉਰ ਕੀ॥੧੦॥ ਸ੍ਰੀ ਮੁਖ ਕਹੀ ਕਪੂਰਾ ਭਾਈ॥ ਹਮ ਤੇ ਤੁਰਕਨ ਕਰੀ ਲਰਾਈ॥੧੨॥ ਕਰ ਛਲ ਸਪਥ ਆਨੰਦਪੁਰ ਲੀਯੋ॥ ਅਬ ਹਮ ਨਾਸ ਚਹਤ ਤਿਨਿਕੀਯੋ॥ ਦੇਹੁ ਕੋਟ ਅਰ ਸੰਗ ਹੈ ਲਰੋਂ॥ ਪੂਰੀ ਸਰਬ ਕਾਮਨਾ ਕਰੋਂ॥੧੩॥ ਬੋਲਯੋ ਤਬੈ ਕਪੂਰ ਅਭਾਗਾ॥ ਮੋ ਮੁਹਿ ਨਹਿ ਬਲ ਤੁਰਕਨ ਆਗਾ॥ ਮਹਾਰਾਜ ਜੋ ਤੇ ਸੁਨ ਪਾਵੈ॥ ਫਾਸੀ ਦੇਹਿ ਮੋਹਿ ਮਰਵਾਵੈ॥੧੪॥ ਆਨੰਦਪੁਰ ਨ ਰਾਖ ਜਬ ਗਯੋ॥ ਪੁਨ ਕਤ ਜੰਗ ਮਾਹਿ ਮਨ ਦਯੋ॥ ਸੁਨ ਪ੍ਰਭ ਕਹੀ ਜੁ ਅਸ ਅਨੁਮਾਨਾ॥ ਦੇਹਿ ਤੁਰਕ ਤੁਹਿ ਫਾਸੀ ਪ੍ਰਮਾਨਾ॥੧੫॥ ਮੰਦੀ ਖੇਡ ਤੋ ਬਰਾ ਦੇਹੀ॥ ਤਵ ਜਢ ਜਾਟ ਪ੍ਰਾਨ ਇਮਿ ਲੇਹੀ॥ ਸੁਨ ਗੁਨਿ ਸਾਪ ਕਪੂਰਾ ਆਯੋ॥ ਨਹਿ ਪਗ ਪਰਯੋ ਨ ਅਘਹਿ[1] ਛਮਾਯੋ[2]॥੧੬॥ ਰਹਯੋ ਅਧੂਰਾ ਪ੍ਰੇਮ ਕਪੂਰਾ ਕਰਯੋ ਕਾਮ ਸਭ ਭੇਦ ਕਸੂਰਾ॥ ਕੋਟ ਮਵਾਸ ਕਰਯੋ ਦ੍ਰਿਢ ਜਾਈ॥ ਆਵਹਿ ਨਾਹਿ ਸੋਢਿ ਕੁਲ ਰਾਈ॥੧੭॥ ਤਾਸ ਭ੍ਰਾਤ ਜੁ ਹਮੀਰਾ ਨਾਮਾ॥ ਪਰਯੋ ਚਰਨ ਪਰ ਗੁਰ ਬਲ ਧਾਮਾ॥ ਭ੍ਰਾਤਹਿ ਭਲੀ ਭਾਤ ਸਮਝਾਯੋ॥ ਕਾਲ ਬਿਬਸ ਤਿਹਿ ਨਹਿ ਮਨ ਆਯੋ॥੧੮॥ ਬੰਸ ਸਮੀਰੇ ਮਹਿ ਨ੍ਰਿਪਤਾਈ॥ ਅਹਹਿ ਫਰੀਦਕੋਟ ਅਬਤਾਬੀ॥ ਬਨਗਾੜੀ ਵਾਰੇ ਹੂ ਸੁਖੀ॥ ਅਹੈਂ ਕਪੂਰੇ ਕੇ ਸਭ ਦੁਖੀ॥੧੯॥

ਸਾਖੀ॥੧੨॥ ਤੋਮਰ ਛੰਦ॥ ਤਹਤੇ ਉਠੇਗੁਰ ਦਯਾਲ॥ ਗਏ ਢਿਲਵੀ[3] ਸੁਖ ਨਾਲ॥ ਤਹ ਛੋਟ ਮੇਲ ਮਹਾਨ॥ ਰਹਿ ਕੌਲ ਰਾਇ ਸੁਜਾਨ॥੧॥ ਗੁਰੁ ਰਾਮਦਾਸ ਮਹਾਨ॥ ਸੁਤ ਪ੍ਰਿਥਿ ਸਸਿ ਸੁ ਬਖਾਨਾ॥ ਤਿਹ ਸੁਤ ਮਨੋਰਰ ਦਾਸ॥ ਹਰਿ ਜੀ ਭਏ ਤਿਨ ਬਾਲਾ॥੨॥ ਸ੍ਰੀ ਹਰਿ ਨਰੈਣਿਨ ਤਾਤਾ॥ ਤਿਨ ਕੇਸੁ ਕੌਲ ਬਿਖਯਾਤ॥ ਸਤਨੰਦ ਘਰ ਹਰਨੰਦ॥ ਅਮਰੀਕ ਰਾਇ ਬੁਲੰਦ॥੩॥ ਪੁਨ ਚਤੁਰੁਥੋ ਬਨ ਮਾਲਿ॥ ਤਿਹ ਸੁਤ ਸੁ ਅਭੈ ਮ੍ਰਿਗਾਲ॥ ਤਿਹ ਪੁਤਰ ਪਰਜਾ ਨਾਥ॥ ਸ੍ਰੀ ਰਾਮ ਜਸ ਪ੍ਰਤ ਸਾਥ॥੪॥ ਸ੍ਰੀ ਰਾਮ ਕੌਰ ਮਹਾਨ॥ ਸੁਤ ਅਭੈ ਰਾਮ ਬਖਾਨ॥ ਪਰਿਵਾਰ ਸਹਿਤ ਸੁਭਾਉ॥ ਤਹ ਰਹਤ ਕਮਲ ਸੁਰਾਉ॥੫॥ ਰਹਿ ਕਰਤ ਪ੍ਰਿਤ ਰਸ ਰਾਧਾ॥ ਸਭ ਟਰਿ ਭੂਰਿ ਉਪਾਧਾ॥ ਜਨ ਲਾਗਿ

---

1. ਭੂਲ, 2. ਖਿਮਾ, 3. ਢਿਲਵਾ

Sri Satguru Jagjit Singh Ji eLibrary NamdhariElibrary@gmail.com

ਨੀਕ ਸਮਾਧ॥ ਪਹੁਚੇ ਸੁ ਨਾਥ ਅਗਾਧ॥੬॥ ਸੁਨ ਸੁਖਦ ਆਗਮ ਆਪ॥ ਤਜ ਸ੍ਵਾਧ ਕਰਮ ਸਮਾਪ॥ ਨਿਰਖੇ ਸੁ ਸਭ ਸਿੱਖ ਸਿੰਘ॥ ਗੁਰੁ ਸ੍ਰੀਸ ਗੋਬਿੰਦ ਸਿੰਘ॥੭॥ ਪਿਤ੍ਰ ਬਯ ਰੂਪ ਅਪਾਰ॥ ਲਖ ਰੀਜ ਉਰ ਰਿਝਵਾਰ॥ ਪਗ ਪਕਰ ਲੀਨ ਧਾਇ॥ ਬਹੁ ਭਾਂਤਿ ਬਿਨਤੀ ਬਨਾਇ॥੮॥ ਜਦਯਪਿ ਤਜਯੋ ਪ੍ਰਭੂ ਮੇਲ॥ ਪੈ ਲੀਨ ਪ੍ਰੇਮਸ ਕੇਲ॥ ਬੋਲੇ ਗਰੀਬ ਨਿਵਾਜ॥ ਸੁਨ ਕੌਲ ਸੁ ਮਤਿ ਦਰਾਜ॥੯॥ ਕਾ ਕਰਤ ਕ੍ਵਿਤ ਇਹ ਕਾਲ॥ ਅੰਗ ਰਿਨ ਪਵਿਤ੍ਰਾਪਾਲਾ॥ ਬੋਲਯੋ ਕ੍ਰਿਪਾਨਿਧਿ ਦੇਵ॥ ਪ੍ਰਤਿ ਬਰਖ ਸ੍ਵਾਧ ਅਭੇਵ॥੧੦॥ ਹਸ ਕਹੀ ਕੌਲ ਸੁਜਾਨ॥ ਗੁਰ ਮੁਕਿਤ ਪਿੰਡ ਪ੍ਰਧਾਨ॥ ਤਵ ਪੂਰਬਜ ਜੇ ਜਾਨ॥ ਭੂਖੇ ਨ ਪਯਾਸੇ ਪਾਨ॥੧੧॥ ਕਹਿ ਕੌਲ ਦੇਸ ਰੁਕਾਲ॥ ਕਰਣੀਯ ਕਰਮ ਕ੍ਰਿਪਾਲ॥ ਗੁਰ ਆਦਿ ਤਨ ਤਜ ਚਾਹ॥ ਤਬ ਕਹੀ ਸੁ ਲਖ ਨਿਯਾਹ॥੧੨॥ ਪਿਤ ਸ੍ਵਾਪ ਅਸਟਮਿ ਜਾਨ॥ ਕਰ ਲੀਜੀਏ ਸਵਧਾਨ॥ ਪ੍ਰਭੂ ਮਾਨ ਲੀਨ ਪ੍ਰਮਾਨ॥ ਦਸਮੀ ਸੁ ਅੰਤਰ ਧਯਾਨ॥੧੩॥ ਯਦਿ ਸ੍ਰੈਸਟ ਕਰਹਿਨ ਰੀਤ॥ ਉਠ ਧਰਮ ਰਾਲਾ ਨਿਸੁ ਭੀਤ॥ ਹਸਿ ਕਹੀ ਨੀਕੀ ਰੀਤ॥ ਨਿਤ ਕਰਹੁ ਧਰ ਕਰ ਪ੍ਰੀਤ॥੧੪॥ ਪੁਨ ਚਰਨ ਗਹਿ ਕਹਿ ਕੌਲ॥ ਪ੍ਰਭ ਰਹਿਅ ਧਾਮ ਅਤੋਲ॥ ਸ੍ਰੀ ਮੁਖ ਕਹੀ ਸੁਤ ਜਾਨ॥ ਪਾਛੇ ਤੁਰਕਗਨ ਮਾਨ॥੧੫॥ ਹਮਰੇ ਤ ਦੂਸਰ ਥਾਨ॥ ਕਹੂ ਕਹਹੁ ਸੁਖਯ ਮਹਾਨ॥ ਤਬ ਤਿਨ ਉਤਾਰੇ ਜਾਇ॥ ਤਰੁ ਸਘਨ ਲਖ ਚਖ ਭਾਇ॥੧੬॥ ਕਰ ਪੂਰ ਸ੍ਵਾਪ ਪ੍ਰਸੰਨ॥ ਸਭ ਸੇਵਕੀਨ ਪ੍ਰਪੰਨ॥ ਸੁਤ ਸਹਿਤ ਟੇਕਯੋ ਮਾਥ॥ ਜਗ ਨਾਥ ਕੀਓ ਸਨਾਥ॥੧੭॥ ਨਿਜ ਬੰਸ ਹੰਸ ਪਛਾਨ॥ ਆਦਰ ਕਰਯੋ ਸਵਧਾਨ॥ ਕਹਿ ਕੌਲ ਮਿਲਯੋ ਕਪੂਰ॥ ਕਸ ਕਰੀ ਸੇਵ ਹਜੂਰ॥੧੮॥ ਪ੍ਰਭ ਕਹੀ ਮੂਢ ਮਹਾਨ॥ ਉਖਰੀ ਜਹਾਂ ਤਿਹਿ ਜਾਨ॥ ਕਹਿ ਕੌਲ ਦੀਨ ਦਯਾਲ॥ ਮਮਉਦਰ ਤਿਹ ਜਰ ਪਾਲ॥੧੯॥ ਗੁਰ ਕਹੀ ਤਵ ਉਰ ਫਾਗ॥ ਤਵ ਸਰਾਪ ਜਰ ਜਰ ਜਾਲ॥ ਸੁਨ ਸ੍ਵਾਪ ਚਿਤ ਸਕੁਚਾਨ॥ ਪਦ ਬੰਦ ਧਾਮ ਸਿਧਾਨ॥੨੦॥ਚੌ:॥ ਸਹਿਤ ਪਰਵਾਰ ਸਕਲ ਦੁਖ ਹਰਨਾ॥ ਭੇਟਯੋ ਪ੍ਰਾਤਿ ਪ੍ਰਨਤਿ ਪ੍ਰਭ ਚਰਨਾ॥ ਸੀਤ ਸਮਯ ਬਹੁ ਅਗਿਨ ਪ੍ਰਯਾਰੀ॥ ਹੋਤ ਕੀਰਤਨ ਅਤਿ ਹਿਤ ਧਾਰੀ॥੨੧॥ ਸਮਯ ਪਾਇ ਬੋਲੇ ਹਿਤਕਾਰੀ॥ ਕੌਲ ਰਾਏ ਜੀ ਪ੍ਰੇਮ ਪਸਾਰੀ॥ ਪ੍ਰਭ ਪੂਰਬ ਇਵ ਬਸਨ ਮਹਾਨਾ॥ ਪਹਿ ਰਹਿ ਸੇਵਤ ਸਯਾਮ ਤਜ ਬਾਨਾ॥੨੨॥ ਤਾਸ ਪ੍ਰੇਮ ਲਖ ਸਵੇਤ ਪੁਸਾਕੀ॥ ਪਹਿਰੀ ਦੀਨ ਬੰਧ ਤਬ ਤਾਕੀ॥ ਪਟ ਸੁਰਮਈ ਫਾਰ ਕਰ ਸ੍ਰੀ ਗੁਰੁ॥ ਪਾਵਹਿ ਅਗਨ ਮਧ ਸਵਾਹ ਰਰ॥੨੩॥ ਮੰਤ੍ਰ ਸ੍ਰੀ ਮੁਖ ਵਾਕ ਪਾਤਸਾਹੀ॥੧੦॥ ਨੀਲ ਬਸਤਰ ਲੈ ਕਪਰੇ ਫਾਰੇ ਤੁਰਕ ਪਠਾਨੀ ਅਮਲ ਗਇਆ॥ਦੋ:॥ ਸੇਖ ਬਸਤਰ ਸੁਰਮਈ ਬਰ ਰਾਖਯੋ ਕਰ ਕਰ ਵਾਰ॥ ਪੰਥ ਨਿਸਾਨੀ ਪਰਮ ਪ੍ਰਿਅ ਪਟ ਸੁਰਮਈ ਬਿਚਾਰ॥੧੪॥ਚੌ:॥ ਔਸਰ ਪਾਇ ਕੌਲ ਜੀ ਕਹੀ॥ ਮਹਾਰਾਜ ਇਕ ਬਿਨਤੀ ਰਹੀ॥ ਆਇਸ ਹੋਇ ਤੁ ਕਹਹੁ ਕ੍ਰਿਪਾਲਾ॥ ਛੋਟੇ ਮੁਖ ਬੜ

Sri Satguru Jagjit Singh Ji eLibrary NamdhariElibrary@gmail.com

ਬਾਤ ਬਿਸਾਲਾ॥੨੫॥ ਸ੍ਰੀ ਮੁਖ ਕਹੀ ਜੁ ਤਵ ਮਨ ਆਈ॥ ਕਹਤ ਤਾਤ ਸੁ ਸਭ ਸਮਝਾਈ॥ ਮਹਾਰਾਜ ਇਕ ਪਦ ਪਲਟਾਯੋ॥ ਰਾਮ ਰਾਇ ਸੋ ਬੰਸ ਤਜਾਯੋ॥੨੬॥ ਪ੍ਰਭ ਤੁਕ ਅਰਥ ਸਹਿਤ ਪਲਟਾਈ॥ ਯਾ ਮਹਿ ਕਹਾ ਕਰਯੋ ਗੁਰ ਰਾਈ॥ ਬਚਨ ਭਯੋ ਸੁਨ ਤਾਤ ਸਯਾਨਾ॥ ਕਰਯੋ ਪ੍ਰਸੰਨ ਭਲ ਸਮਯ ਪਛਾਨਾ॥੨੭॥ ਰਾਮ ਰਾਇ ਇਕਰ ਪਾਤਿਸਾਹ ਹਿਤ॥ ਮਿਥਯਾ ਕਹਯੋ ਰੋਸ ਧਰ ਡਰ ਚਿਤ॥ ਤਾਤੇ ਤਯਾਗਨੀਯ ਸੋ ਭਯੋ॥ ਅਰੁ ਹਮਰੋ ਸੁ ਬਚਨ ਇਮਿ ਅਯੋ॥੨੮॥ਦੋ:॥ ਚਾਰ ਪੁਤ੍ਰ ਸਰਬੰਸ ਧਨ ਜਨ ਗਨ ਕੋਸ ਪ੍ਰਮਾਨ॥ ਸਭ ਤਜ ਤੁਕ ਪਲਟਨ ਕਰੀ ਪਲਟਨ ਜੋਗ ਪਛਾਨ॥੨੯॥ ਗੁਰੁ ਨਾਨਕ ਬਰਦਾਨ ਦਿਅ ਬਾਬਰ ਤੇਜ ਨਿਧਾਨ॥ ਹਮ ਤਾਕੀ ਜਰ ਨਾਸ ਕਰ ਪਲਟੀ ਤੁਕ ਪਹਿਚਾਨ॥੩੦॥ਚੌ:॥ ਯਾਤੇ ਯਾਮਹਿ ਦੋਸ ਨ ਤਾਤਾ॥ ਪੁਨ ਪਰਚੇ ਪ੍ਰਭ ਪਾਵਨ ਖਯਾਤਾ॥ ਅਭੈ ਰਾਮ ਕਹਿ ਅੰਮ੍ਰਿਤ ਦੀਨਾ॥ ਅਭੈ ਸਿੰਘ ਧਰ ਨਾਮ ਪ੍ਰਬੀਨਾ॥੩੧॥ ਕੋਲ ਰਾਇ ਪਰ ਖੁਸੀ ਪ੍ਰਮਾਨਾ॥ ਅਭੈ ਸਿੰਘ ਸੰਗ ਲੀਓ ਮਹਾਨੀਂ ਬਸਤ ਅਨੇਕ ਕੋਲ ਸੋਢੀ ਸੋਢੀ ਘਰ॥ ਰਾਖੀ ਸਤਿਗੁਰ ਦਯਾ ਦ੍ਰਿਸਟ ਕਰ॥੩੧॥

ਸਾਖੀ॥੧੩॥ ਆਗੇ ਚਲੇ ਸਰਨ ਸੁਖਦਾਈ॥ ਯਾਕੀ ਮਹਿਮਾ ਬਰਨ ਨ ਜਾਈ॥ ਜਾਤ ਜਾਤ ਇਕ ਗ੍ਰਾਮ ਨਿਹਾਰਾ॥ ਕੌਨ ਨਾਮ ਬੈਰਾਰ ਉਚਾਰ॥੧॥ ਚਾਰਕ ਝੰਗੀ ਜੈਨਨ ਦਯਾਲਾ॥ ਯਹਿ ਨਹਿ ਗ੍ਰਾਮ ਬਾਮ ਸੁਖਪਾਲਾ॥ ਸ੍ਰੀ ਮੁਖ ਕਹੀ ਬਸਹਿ ਬੜ ਗ੍ਰਾਮਾ॥ ਉਪਜਹਿ ਸੂਰਬੀਰ ਬਲ ਧਾਮਾ॥੨॥ ਸ੍ਰੀ ਗੁਰੁ ਜਾਇ ਰਹੇ ਜੈਤੋ ਪੁਰ॥ ਦੀਨ ਬੰਧ ਸਾਚੇ ਸਾਹਿਬ ਬਰ॥ ਪ੍ਰਾਤ ਹੋਤ ਸਜ ਸੈਨ ਸਿਧਾਰੇ॥ ਪ੍ਰਿਥੀ ਚੰਦ ਕੋਠੇ ਮਗ ਪਯਾਰੇ॥੩॥

ਸਾਖੀ॥੧੪॥ਦੋ:॥ ਕੋਠੇ ਔਰ ਮਲ੍ਹੂਕ ਮਧ ਡੇਰਾ ਦੀਓ ਲਗਾਇ॥ ਤੰਬੂ ਔਰ ਕਨਾਤ ਸਬ ਬਰ ਸਾਮਾਨ ਸਜਾਇ॥੧॥ਚੌ:॥ ਚਾਰ ਘਰੀ ਜਬ ਹੀ ਨਿਸਾ[1] ਰਹੀ॥ ਬੈਠੇ ਪ੍ਰਭ ਇਕਾਂਤ ਮਹਿ ਤਹੀ॥ ਹੋਤ ਕੀਰਤਨ ਆਸਾਵਾਰ[2]॥ ਧਯਾਨ ਸਿਥਿਤ ਸਤਗੁਰੁ ਅਬਿਕਾਰ॥੨॥ ਏਕ ਦਿਵਾਨਾ ਤਬ ਤਹਿ ਆਯੋ॥ ਸਿਰ ਅਰੁ ਮੁਖ ਭਲ ਭਾਂਤ ਮੁਡਾਯੋ॥ ਜਾਨ ਲਗਯੋ ਗੁਰ ਪਲੰਗ ਸਮੀਪਾ॥ ਪਹਿਰੇ ਰਹੇ ਜੁ ਸਿੰਘ ਪ੍ਰਦੀਪਾ॥੩॥ ਕਛੂ ਸੰਤ ਜੀ ਸਮਯ ਨ ਜਾਨਾ॥ ਧਯਾਨ ਸਿਖਿਤ ਸ੍ਰੀ ਪ੍ਰਭ ਸੁਖਦਾਨਾ॥ ਪ੍ਰਾਤ ਭਏ ਪਰ ਦਰਸਨ ਕਰੀਓ॥ ਉਰ ਸੰਦੇਹ ਸਰਬ ਨਿਰਵਰਿਓ॥੪॥ ਲਾਗਯੋ ਦੇਨ ਦਿਵਾਨਾ ਗਾਰੀ॥ ਲੈ ਮੂਸਲ ਮਾਰਤ ਰਿਸਧਾਰੀ॥ ਧੱਕਾ ਧੁੱਕੀ ਰਿਸ ਬਢ ਗਈ॥ ਤਮਕ ਤੇਗ ਤਬ ਸਿੰਘ ਜੀ ਦਈ॥੫॥ ਮਰਯੋ ਨ ਮਰਨ ਸਦ੍ਰਿਸ ਹੈ ਗਯੋ॥ ਤਉ ਨਿਤ ਪਗ ਪਾਛੇ ਦਯੋ॥ ਚਾਰ ਘਰੀ ਜਬ ਦਿਨ ਮਨ ਆਯੋ॥ ਦੀਵਾਨੇ ਤਬ ਬਿਨਯ ਸੁਨਾਯੋ॥੬॥ ਪ੍ਰਾਨ ਚਲੇ ਅਬ ਦਰਸ

---

1. ਰਾਤ, 2. ਆਸਾ ਦੀ ਵਾਰ ਦਾ ਕੀਰਤਨ

Sri Satguru Jagjit Singh Ji eLibrary NamdhariElibrary@gmail.com

ਕਰਾਵਹੁ॥ ਮੇਰੀ ਆਹਿਨ ਸੀਸ ਚਢਾਵਹੁ॥ ਸੁਨ ਸਤਗੁਰ ਸਮੀਪ[1] ਬੁਲਵਾਯੋ॥ ਕ੍ਰਿਪਾਧਾਰ ਬਰ ਬਦਨ ਦਿਖਾਯੋ॥੭॥ ਬੋਲਯੋ ਰੱਛਯਾ ਕਰਹੁ ਗੁਸਾਂਈ॥ ਜਨਮ ਮਰਨ ਜਗ ਜਰਾਨ ਜਾਈ॥ ਸ੍ਰੀ ਮੁਖ ਕਹੀ ਜਿ ਜੀਅਹਿ ਦਿਵਾਨਾ॥ ਤੋ ਜਿਵਾਇ ਹਮ ਦੇਹਿ ਜਿਆਨਾ॥੮॥ ਬੋਲਯੋ ਬਸ ਅਬ ਸਬ ਕਛੁ ਪਾਯੋ॥ ਦਰਸਨ ਕਰ ਅਘ ਓਘ[2] ਨਸਾਯੋ॥ ਅੰਤ ਸਮਯ ਗੁਰੁ ਪਦ[3] ਨਿਕਟਾਏ॥ ਕਛੁ ਕਰਤ ਬਯ ਰਹਯੋ ਨਹਿ ਭਾਯੋ॥੯॥ ਮਾਥ ਨਿਵਾਇ ਪ੍ਰਾਨ ਤਜ ਦਯੋ॥ ਅਤਿ ਅਚਰਜ ਸਬ ਕੇ ਮਨ ਭਯੋ॥ ਕਊ ਕਹਿ ਸਤਗੁਰੁ ਸਾਚ ਮਰੈਲਾ॥ ਹਤਯੋ ਦਿਵਾਨਾ ਦਯਾ ਨ ਮੈਲਾ॥੧੦॥ ਕੁਊ ਕਹਿ ਗੁਰੁ ਕੋ ਸਿੰਘ ਦਿਵਾਨਾ॥ ਲਰੇ ਮਰੇ ਗੁਰ ਦੋਸ ਨ ਜਾਨ॥ ਕੁਊ ਕਹਿ ਜਦਯਪਿ ਯਹ ਸਭ ਸਹੀ॥ ਪੈਯਾ ਮੈ ਨਿੰਦਾ ਜਗ ਕਹੀ॥੧੧॥ ਸਦ ਦਿਵਾਨਿਓਕ[4]॥ ਮਲੂਕੀ ਮਾਰਿਆ ਇਕਦਿਵਾਨਾ॥ ਜੰਗਲ ਕੇ ਭੂਪਤ ਪਏ ਹੈਰਾਨਾ॥ ਇਕ ਬਿਚਲੇ ਇਕ ਸਾਬਿਤ ਭਏ॥ ਇਨਾ ਚਰਨ ਗੁਰੂ ਕੇ ਗਹੇ॥੧੨॥

ਸਾਖੀ॥੧੫॥ਚੌ:॥ ਪੁਨ ਪ੍ਰਭੂ ਸੁ ਮਗ ਚੌਤਰੇ ਆਏ॥ ਚੈਤੋ ਉਤਰੇ ਤਾਲ ਨਹਾਏ॥ ਸ੍ਰੀ ਮੁਖ ਕਹੀ ਕਿ ਤੀਰਥ ਭਲਾ॥ ਅਧਿਕ ਪਰਤ ਚੰਗਾ ਤੇ ਕਲਾ॥੧॥ ਤਹ ਇਕ ਜਾਟ ਦੁਖਿਤ ਗੁਰ ਦੇਖਾ॥ ਤਾਸੋ ਪ੍ਰੂਛਨ ਕੀਨ ਬਿਸੇਖਾ॥ ਤਿਨ ਤਬ ਕਹੀ ਗਾਇ ਮਮ ਜਈ॥ ਬਿਨਾਸਿ ਗਈ ਹਤਯਾ ਲਗਿ ਸੋਈ॥੨॥ ਤਾਂਤੇ ਗੰਗਾ ਜਾਵਨ ਚਾਹੌਂ॥ ਹਿੰਦੂ ਧਰਮ ਰੀਤ ਸੁ ਉਮਾਹੋ॥ ਸ੍ਰੀ ਮੁਖ ਕਹੀ ਸੁ ਸੁਰ ਸਰਿ ਸਮ ਸਰ॥ ਇਹ ਬਰਤਾਲ ਨਹਾਓ ਜਾਟ ਬਰ॥੩॥ ਬਚਨ ਮਾਨ ਸੋ ਤਹਾ ਨਹਾਯੋ॥ ਤਊ ਨ ਗੰਗਾ ਬਿਨ ਭ੍ਰਮਹਾਯੋ॥ ਗੰਗਹਿ ਜਾਇ ਕੀਯੋ ਇਸਨਾਨਾ॥ ਆਪਨੇ ਚਿਤ ਮੈ ਅਤਿ ਸੁਖਮਾਨਾ॥੪॥ ਇਕ ਕੁਤਕਾ ਲੋਟਾ ਅਰ ਡੋਰੀ॥ ਬਹਿ ਗਈ ਸੁਰ ਸਰਿ ਧਾਰਾ ਜੋਗੀ॥ ਪੁਨ ਜਬ ਜਾਟ ਸੁਨਹੁ ਘਰ ਆਯੋ॥ ਤਾਹੀ ਸਰਮਹਿ ਆਇ ਨਹਾਯੋ॥ ਲੋਟਾ ਡੋਰੀ ਸੋ ਸਭ ਪਾਈ॥ ਤਬ ਗੁਰ ਬਚਨ ਬਿਸਵਾਸ ਅਧਿਕਾਈ॥੫॥ ਪੁਨ ਤਹਿ ਇਕ ਬਾਲਕ ਬਰ ਆਯੋ॥ ਸਿੰਘਨ ਤਾਕੋ ਤਬੈ ਹਟਾਯੋ॥ ਸ੍ਰੀ ਮੁਖ ਕਹੀਯੋ ਹਟਾਵਹੁ ਨਾਹੀ॥ ਸਨਮੁਖ ਆਵਨ ਦੀਜੈ ਯਾਹੀ॥੬॥ ਯਾਕੀ ਬੰਸ ਬਿਧ ਬਹੁ ਹੋਈ॥ ਪੂਰਨ ਸਰਬ ਕਾਮਨਾ ਜੋਈ॥ ਮੈ ਜੈਤੋ ਕਰ ਪਿੰਡ ਮਹਾਨਾ॥ ਤਾਕੀ ਬੰਸ ਅਧਿਕ ਤਹ ਜਾਨਾ॥੭॥ ਬੈਰਾਰਨ ਮਹਿ ਮੁਖਯ ਮਹਾਨਾ॥ ਜੈਤੋ ਪਿੰਡ ਬਸਤ ਸੁਖ ਸਾਨਾ॥ ਸਤਗੁਰ ਬਰ ਬਰਾਰ ਇਮ ਪਾਵੈ॥ ਕਰ ਦਰਸਨ ਅਘਓਘ ਨਸਾਵੈ॥੮॥

ਸਾਖੀ॥੧੬॥ਚੌ:॥ ਸੁਨਿਅਰੁ ਕਰਯੋ ਜਾਇ ਪ੍ਰਭ ਡੇਰਾ॥ ਡੋਗਰ ਮਿਲੇ ਭੇਟ ਲੈ ਨੇਰਾ॥ ਘੜੇ ਦੁਧ ਕੇ ਭਰ ਭਰ ਲਿਆਏ॥ ਅਪਰ ਅਨੇਕ ਬਸਤ ਸਮੁਦਾਏ॥੧॥ ਤਹ

---

1. ਨੇੜੇ, 2. ਸਭ ਪਾਪ, 3. ਚਰਨ, 4. ਦਿਵਾਨੇ ਦੀ ਸੁਦ

Sri Satguru Jagjit Singh Ji eLibrary NamdhariElibrary@gmail.com

ਸਿਕਾਰ ਮਹਿ ਮਿਲਯੋ ਕਪੂਰਾ॥ ਰਹਯੋ ਜੁ ਪ੍ਰਭ ਕੇ ਬਚਨ ਅਧੂਰਾ॥ ਕਹੀ ਕ੍ਰਿਪਾਨਿਧਿ ਨੀਕੇ ਰਹੇ॥ ਆਵਹੁ ਅਬ ਕਪੂਰ ਸਿੰਘ ਕਹੋ॥੨॥ ਨਾਥ ਨਰ ਰਹਯੋ ਸੁਨਹੁ ਮੈ ਨੀਕੇ॥ ਆਏ ਆਪ ਕੋਪ ਕਰ ਹੀਕੇ॥ ਤੁਰਕਨ ਕੇ ਡਰ ਮੈ ਡਰ ਗਯਾ॥ ਬਚਨ ਕੋਪ ਸਾਹਿਬ ਕਾ ਭਯਾ॥੩॥ਦੋ:॥ ਦੀਨ ਬੰਧ ਤਬ ਤਿਹਿ ਕੀਓ ਸਿਪਰ ਤੇਗ ਬਕਸੀਸ॥ ਜੰਗ ਕਰਹੁ ਮਿਲ ਸੰਗ ਅਬ ਤਬ ਸਬ ਭਾਂਤ ਅਸੀਸ॥੪॥ਚੌ:॥ ਡਰਤ ਕਪੂਰਾ ਗੇਹ ਸਿਧਾਰ॥ ਸ੍ਰੀ ਮੁਖ ਕਹਾ ਸੁ ਗੀਦੀ[1] ਖਵਾਰ॥ ਉਤ ਵਜੀਦ ਸੂਬੇ ਸੁਨ ਲੀਨੀ॥ ਦੀਨੇ ਤੇ ਗੁਰ ਤਿਯਾਰੀ ਕੀਨੀ॥੫॥ ਗਏ ਦੇਸ ਜੰਗਲ ਮਹਿ ਸਵਾਮੀ॥ ਪਾਛੈ ਪਰੀ ਸਨ ਤਿਨ ਨਾਮੀ॥ ਸੰਗ ਸੰਗ ਤਬ ਆਪਹੁ ਆਯੋ॥ ਪਚਿਸ[2] ਸਹਸ[3] ਸੈਨ ਲੈ ਧਾਯੋ॥੬॥ ਪਯਾਦੇ ਅਰੁ ਸਵਾਰ ਅਤਿ ਆਏ॥ ਸ੍ਰੀ ਪ੍ਰਭ ਓਰ ਸੁ ਕੋਪ ਬਢਾਵੇ॥ ਕਾਹੂ ਕਹੀ ਸੈਨ ਪ੍ਰਭ ਆਈ॥ ਪਹੁਚਤ ਏਕ ਦੋਇ ਦਿਨ ਤਾਈ॥੭॥ ਪਠਯੋ ਕਪੁਰੇ ਪਹਿ ਪ੍ਰਭ ਪਾਨੀ॥ ਆਈ ਸੈਨ ਸਤਰ੍ਹ ਸਵਧਾਨੀ॥ ਜੰਗਲ ਜਾਨਨ ਹਾਰ ਸਯਾਨਾ॥ ਭੇਜਹੁ ਏਕ ਸੁ ਜਾਟ ਜਵਾਨਾ॥੮॥ ਖਾਨਾ ਨਾਮ ਕਪੂਰ ਪਠਾਯੋ॥ ਸੋ ਸ੍ਰੀ ਸਤਗੁਰੁ ਪਦ ਨਿਕਟਾਯੋ॥ ਲੈ ਗਮਨਯੋ ਸੁ ਮੁਕਤ ਸਰ ਓਰਾ॥ ਦਰਸਾਵਤ ਸਭ ਗ੍ਰਾਮਨ ਧੋਰਾ॥੧੯॥

ਸਾਖੀ॥੧੭॥ਚੌ:॥ ਜਾਤ ਜਾਤ ਰਮਾਯਾਣੋ ਆਏ॥ ਡੇਲਨ ਤੋਰਤ ਰਾਹ ਕਪਾਏ॥ ਕਹਾ ਕਰਤ ਪੂਛੀ ਗੁਰ ਰਾਈ॥ ਦੀਨ ਬੰਧੁ ਨਿਜ ਉਦਰ[4] ਭਰਾਈ॥੧॥ ਤਾਤੇ ਲੈ ਕਰ ਮੁਖ ਮਹਿ ਪਾਯੋ॥ ਕਹਿ ਕਰ ਕਟ ਪ੍ਰਭ ਤਾਹਿ ਗਿਰਾਯੋ॥ ਸੁਨ ਰਾਹਕ ਇਹਿ ਦੇਹੁ ਗਰਾਈ॥ ਰਾਖਨ ਜੋਗ ਨ ਅਤਿਕ ਟੁਕਾਈ॥ ਚਤਰਥ ਭਾਗ ਜਾਟ ਤਜ ਦੀਓ॥ ਪੁਨ ਪ੍ਰਭ ਤਾਹਿ ਬਚਨ ਤਸ ਕੀਓ॥ ਅਰਧ ਤਜਯੋ ਪੁਨ ਪ੍ਰਭੂ ਬਖਾਨਾ॥ ਏਕ ਭਾਗ ਰਾਖਯੋ ਤਿਨ ਜਾਨਾ॥੩॥ ਸ੍ਰੀ ਪ੍ਰਭ ਕਹੀ ਕਿ ਸਭ ਨਹਿ ਤਜਾ॥ ਬੋਲਯੋ ਭੂਖੇ ਸਭ ਘਰ ਰਜਾ॥ ਕਿਹਿ ਬਿਧਿ ਸਭ ਤਜ ਕਰ ਗੁਜਰਾਨਾ॥ ਤੀਨ ਭਾਗ ਤਯਾਗਯੋ ਬਚਮਾਨਾ॥੪॥ ਸ੍ਰੀ ਮੁਖ ਕਹੀ ਜੁ ਸਭ ਤਜ ਦੇਤਾ॥ ਤੌਂ[5] ਨ ਕਾਲ ਮਾਲਵੇ ਸੁਨੇਤਾ॥ ਚਤੁਰਥ ਭਾਗ ਕਾਲ ਇਨ ਰਾਖਾ॥ ਇਹਿ ਬਿਧਿ ਸ੍ਰੀ ਮੁਖ ਤੇ ਬਚ ਭਾਖਾ॥੫॥ ਤਿਹਿ ਨਿਧ ਤਹ ਪ੍ਰਭ ਕੀਨ ਨਿਵਾਸਾ॥ ਅਰਧ ਰੈਨ ਜਬ ਭਈ ਨਿਰਾਸਾ॥ ਸੁਨੀ ਸੁ ਸੁਧ ਸੈਨਾ ਸਰ ਆਈ॥ ਬਾਜਤ ਦੌਦੌਦੀਹ ਬਧਾਈ॥੬॥ ਲੈ ਕਰ ਚਲੇ ਪ੍ਰਲੰਗ ਗੁਰ ਕੇਰਾ॥ ਬੈਰਾਰਨ ਮਨ ਡਰ ਬਹੁਤੇਰਾ॥ ਆਗੇ ਜਾਹਿ ਬਹੁਰ ਤਹ ਆਏ॥ ਕਈ ਬਾਰ ਲਖ ਜੀਅ ਲਜਾਏ॥੭॥ ਸਭ ਮਾਲਵਾ ਜਦਿ ਪਹ ਹਮ ਜਾਨਾ॥ ਪੈ ਮਗ ਮਿਲਤਨ ਕਵਨ ਬਿਧਾਨਾ॥ ਯਹ ਸਤਗੁਰੁ ਕੀ ਆਗਯ ਨਾਹੀ॥ ਤਾਂਤੇ ਤੇ ਫਿਰ ਫਿਰ ਆਵਤ ਯਾਹੀ॥੮॥ ਮਾਥ ਨਿਵਾਇ ਰਹੇ ਅਰ ਗਾਈ॥ ਨਹਿ ਬਸ ਚਲਤ ਸੁ ਹੁਕਮ ਰਜਾਈ॥ ਪ੍ਰਾਤ ਸਵਾਰ ਭਏ ਗੁਰਦੇਵਾ ਅਲਖ ਅਲੇਖ ਅਕਾਲ ਅਭੇਵਾ॥੯॥

---

1. ਗਿੱਦੜ, ਡਰਪੋਕ, 2. ਪੰਝੀ, 3. ਹਜਾਰ, 4. ਪੇਟ, 5. ਤਾਂ

Sri Satguru Jagjit Singh Ji eLibrary NamdhariElibrary@gmail.com

ਸਾਖੀ॥੧੮॥ ਸਿੰਘ ਪੰਚ ਸਤ ਮਿਲ ਕਰ ਆਏ॥ ਮਗ ਮਹਿ ਸੁਨ ਬਡ ਜੰਗ ਡਰਾਏ॥ ਸੀਸਦੇਨ ਮਹਿ ਜਾਹਿ ਗਿਲਾਨੀ॥ ਸੋ ਸਭ ਜਾਹਿ ਘਰਨ ਮਨ ਮਾਨੀ॥੧॥**ਦੋ:॥** ਇਹਿ ਬਿਧਿ ਮਾਲਵ ਭੂਮਲੌ ਹੇਰਤ ਸੈਨ ਮਹਾਨ॥ ਭਾਜ ਗਏ ਕ੍ਮ ਕ੍ਮ ਸਭੇ ਚਾਲਿਸ ਰਹੇ ਅਮਾਨ॥੨॥**ਚੌ:॥** ਸੋ ਸਨਮੁਖ ਸਤਗੁਰ ਕੇ ਆਏ॥ ਖੋਜਤ ਸ੍ਰੀ ਪ੍ਰਭ ਪਦ ਨਿਕਟਾਏ॥ ਸੁਨ ਮਝੈਲ ਸਭ ਕਥਾ ਮਹਾਨ॥ ਆਨੰਦਪੁਰ ਸੁ ਜੰਗ ਸਵਧਾਨ॥੩॥ ਰਮਿਯਾਣੇ ਕੋਰ ਰਹਿ ਬੇਵਾਰੋ॥ ਜਟ ਬਿੜੰਗ ਜੁ ਗਰਾ ਬਿਚਾਰੋ॥ ਲਖਮਤ ਗੁਰ ਪਛੀ ਜਗੁਰਾਜਾ॥ ਬਰਨਨ ਕਰਤ ਅਧਿਕ ਮਨ ਲਾਜਾ॥੪॥ ਸ੍ਰੀ ਗੁਰ ਕਹੀ ਤੁਰਕ ਜੋ ਕਹੈ॥ ਸਤਗੁਰ ਗਏ ਸਾਚ ਤੂੰ ਕਹੈ॥ ਬੋਲਯੋ ਕਸਟਨ ਮਿਥਯਾਮਈ॥ ਸੁਨ ਸਤਗੁਰੁ ਸ੍ਰੀ ਮੁਖਹੁ ਅਲਾਈ॥ ਅਸ ਸਤਬਾਦੀ ਸੁਹ ਫਿਟਕਾਰਾ॥ ਆਗੇ ਗਏ ਸਤਗੁਰ ਕਰਤਾਰਾ॥ ਪਾਛੇ ਮਿਲੇ ਮਝੈਲ[1] ਮਹਾਨਾ॥ ਤਿਨ ਬਿੰਡ੍ਰਿੰਗ ਕਹਿ ਬਚਨ ਬਖਾਨਾ॥ ਪੂਛਹਿ ਤੁਰਕ ਜੁ ਗੁਰੁ ਇਤ ਗਏ॥ ਤੋ ਕਹਿ ਔਕਿਨ ਦੇ ਖਤ ਭਏ॥ ਤਬਲੌ ਤੁਰਕਨ ਕੇ ਨਰ ਆਏ॥ ਤਿਨ ਪੂਛੇ ਗੁਰ ਅਗ੍ ਸਿਧਾਏ॥੭॥ ਬੋਲਯੋ ਗਏ ਅਗ੍[2] ਗੁਰ ਸਹੀ॥ ਪੈਮੋ ਸਨ ਸੁ ਬਾਰਤਾ ਕਹੀ॥ ਮੁਸਲਨ ਕੌਨ ਬਤਾਵਨ ਕਰੀਓ॥ ਤਾਂਤੇ ਮੋਨੇ ਕਹਤ ਚਿਤ ਧਰਿਓ॥੮॥ ਸੁਨ ਸਿੰਘਨ ਪੁਨ ਪ੍ਭੂ ਜਿਤਈ॥ ਬੋਲੇ ਨਿਬੰਧ ਖੁਨਸਾਈ॥ ਯਾਕੀ ਬੰਸ ਅਫਰਿ ਕਰ ਮਰਿਹੈ॥ ਚਢਯੋ ਅਫਾਰੋ[3] ਨਾਹਿ ਉਤਰਿ ਹੈ॥੯॥ ਪਚਿ ਹੈ ਬਾਤ ਪੇਟ ਮੈ ਨਾਹੀ॥ ਸੋ ਸਭ ਸਹੀ ਬਿਦਿਤ ਪੁਰ ਛਾਮਾਹੀ॥ ਤਾਂਕੇ ਕੁਲ ਕੇ ਜਬ ਜਨ ਮਰੈ॥ ਤੀਨ ਦਿਵਸ ਅਫਰਹਿ ਤਬ ਜਰੈ॥੧੦॥

ਸਾਖੀ॥੧੯॥ਚੌ:॥ ਗਏ ਰੂਪਾਣੇ[4] ਦਿਸ ਗੁਰ ਜਬਹੀ॥ ਰੂਪਾ ਮਿਲਯੋ ਸੁ ਖਤ੍ਰੀ ਤਬ ਹੀ॥ ਗੂੜ ਪ੍ਸਾਦ ਧਰ ਭੇਟ ਅਗਾਰੀ॥ ਸ੍ਰੀ ਮੁਖ ਸਤਗੁਰੁ ਗਿਰਾ ਉਚਾਰੀ॥੧॥ ਰੂਪਾ ਰਹਹਿ ਇਹਹਿ ਹਮ ਜੈਸੇ॥ ਕਹਹੁ ਸਥਾਨ ਮੋਹਿ ਤੁਮ ਤੈਸੇ॥ ਰੂਪੇ ਕਹੀ ਭ੍ਰਕ ਮੁਹਿਮਾਰੈਂ॥ ਬਾਂਧੇ ਡਾਡੈਂ ਗ੍ਮ ਉਜਾਰੇ॥੨॥ ਮਹਾਰਾਜ ਤਬ ਕਾ ਮੈ ਕਰਿਹੋ॥ ਤੁਰਕ ਤੇਜ ਅਤਿ ਜੀਅ ਮਹਿ ਡਰਿਹੋ॥ ਸ੍ਰੀ ਮੁਖ ਸ੍ਾਪ ਦੀਓ ਸੁਨ ਰੂਪਾ॥ ਨਹਿ ਤਵ ਗ੍ਮ ਨ ਤਵ ਕੁਲ ਊਪਾ॥੩॥ ਉਜਰਹਿ ਬਸਹਿ ਗ੍ਮ ਬਹੁ ਬਾਰੀ॥ ਅਸ ਕਹਿ ਕੀਨੀ ਤਬੈ ਤਿਯਾਰੀ॥ ਖਤ੍ਰੀ ਮਰਯੋ ਸਹਿਤ ਸੰਤਾਨ॥ ਉਜਰਯੋ ਗ੍ਮ ਸੁ ਸੰਪਤ ਨਾਨ॥੪॥ ਤੀਸ ਬਰਖ ਲਗ ਰਹਾ ਉਜਾਰਾ॥ ਪੁਨ ਸੋ ਬਸਯੋ ਬਿਦਿਤ ਬਚ ਭਾਰਾ॥ ਜਾਤ ਜਾਤ ਆਗੇ ਗੁਰ ਰਾਈ॥ ਸੁਧ ਪਾਛੇ ਤੁਰਕਨ ਕੀ ਆਈ॥੫॥

---

1. ਮਾਝੇ ਦੇ ਵਾਸੀ,
2. ਅੱਗੇ,
3. ਅਫਾਰਾ,
4. ਇਕ ਪਿੰਡ

Sri Satguru Jagjit Singh Ji eLibrary NamdhariElibrary@gmail.com

ਸਾਖੀ॥੨੦॥ਦੋ:॥ ਅਟਕਯੋ[1] ਅਸਵ ਕ੍ਰਿਪਾਯਤਨੁ ਕਹਯੋ ਬਰਾੜੋ ਬੀਰ॥ ਏਕ ਅਸਵ[2] ਅਬ ਦੀਜੀਏ ਜੋ ਚਲਾਕ ਰਣਧੀਰ॥੧॥ਚੌ:॥ ਤੀਨ ਬਾਰ ਸ੍ਰੀ ਮੁਖ ਗੁਰੁ ਕਹੀ॥ ਕਾਹੁ ਸਕਾਰਯੋ ਤਾਕਹਿ ਨਹੀ॥ ਅਭੈ ਸਿੰਘ ਸੋਢੀ ਗੁਰ ਬੰਸ॥ ਪੂਜਨੀਯ ਸਭ ਭਾਂਤ ਪ੍ਰਸੰਸਾ॥੨॥ ਉਤਰ ਅਸਵ ਤੇ ਕਹਯੋ ਕਿ ਲੀਜੈ॥ ਕ੍ਰਿਪਾ ਸਿੰਧ ਗੁਰ ਕਿਰਪਾ ਕੀਜੈ॥ ਬਿਹਸ ਬਦੀ ਬੇਟਾ ਤੁਮ ਲਯਾਨੇ॥ ਕਰਹੁ ਕਰਮ ਅਤਿ ਕਹਿਨ ਪ੍ਰਮਾਨੇ॥੩॥ ਸਾਹਿਬ ਅਭੈ ਸਿੰਘ ਕਰ[3] ਜੋਰੇ॥ ਬਾਰ ਬਾਰ ਗੁਰ ਚਰਨ ਨਿਹੋਰੇ॥ ਮਹਾਰਾਂਜ ਸਮਰਥ ਸਭ ਭਾਂਤਾ॥ ਕਰਹੁ ਨਾਥ ਨਰ ਲੀਲਾ ਖਯਾਤਾ॥੪॥ ਪ੍ਰਭ ਕੇ ਕੀਏ ਜੰਤ ਹਮ ਐਸੇ॥ ਲਾਖਨ ਕੋਟਨ ਪਲ ਮਹਿ ਤੈਸੇ॥ ਹਮ ਸਭ ਮਿਲਜੋ ਪ੍ਰਭੂਹਿ ਬਨਾਵੈ॥ ਤੌਨ ਬਨੈ ਨਕਲਹੁ ਸਚ ਪਾਵੈ॥੫॥ ਆਨੰਦਾ ਸੁਨੈਨ ਕਰ ਰਹੀ॥ ਬੰਸ ਸਮਾਨ ਦਾਸ ਨਹਿ ਅਹੀ॥ ਸ੍ਰੀ ਮੁਖ ਵਾਕ ਪਾਤਸਾਹੀ॥੧੦॥ ਨਾ ਇਕ ਲੁਕ ਮੈ ਸੁਬ੍ਰਹਨਾ ਦਸ ਲੁਕਮੈ ਸਾਮ॥ ਨਾ ਇਕ ਜਿਗਰ ਜਿਗਰ ਨਾਦਹ ਗੁਲਾਮ॥ ਆਗੇ ਗਏ ਅਸਵ ਥਿਰ ਭਯੋ॥ ਧੀਰੇ ਚਲਤ ਨਿਰਖਿ ਅਕੁਲਯੋ॥੬॥ ਦਾਨ ਸਿੰਘ ਸੁਤ ਹਰਿ ਗੁਰਬਕਸਾ॥ ਪਾਛੇ ਅਸਵ ਗੁਰੂ ਕੇ ਰਹਿਸਾ॥ ਆਗੇ ਦਾਨ ਸਿੰਘ ਬੈਰਾਰ॥ ਸੰਗ ਸੈਨ ਬਹਾਰ ਅਪਾਰ॥੭॥ ਕਹਿ ਗੁਰਬਕਸ ਸਿੰਘ ਕਰ ਜੋਰ॥ ਕਰਹੁ ਸ੍ਰੀਘ ਤਰਕਨ ਦਲ ਤੋਰੇ॥ ਕਈ ਬਾਰ ਕਹਿਤਊਨ ਚਲਾ॥ ਚਾਬੁਕ ਮਾਰਯੋ ਤੁਰੰਗਹਿ ਭਲਾ॥੮॥ ਕਰਹੁ ਨ ਨਾਥ ਅਬ ਤੁਰੰਗ. ਧਵਾਵਨ॥ ਪਛੈ ਤੁਰਕਨ[4] ਦਲਨ ਦਸਾਵਨ॥ ਸ੍ਰੀ ਮੁਖ ਕਹੀ ਅਰੇ ਮਤ ਮਾਰੇ॥ ਜਾਨ ਭਾਇ ਅਹਿ ਚਾਬੁਕ ਮਾਰੇ॥੯॥ ਮਾਰੀ ਜਾਇ ਬੰਸ ਅਬ ਤੇਰੀ॥ ਦਾਨ ਸਿੰਘ ਬੋਲਯੋ ਤਿਹਿ ਬੇਰੀ॥ ਦੀਨ ਬੰਦ ਹਮ ਸੇਵਕ ਸਵਾਮੀ॥ ਸਦਾ ਕਰਹਿ ਪਦ ਪਦਮ ਗੁਲਾਮੀ॥੧੦॥ ਦੇਸ ਭਦੇਸ ਭਦੇਸ ਸੁਬਾਨੀ॥ ਬੁਧ ਬਲ ਬਿਨ ਜੰਗਲੀ ਪ੍ਰਮਾਨੀ॥ ਪ੍ਰਭ ਸਮਰਥ ਬਰ ਸਾਪ ਨਿਧਾਨਾ॥ ਭਯੋ ਸਮੀਰਾ ਹੂੰ ਸੁ ਅਮਾਨਾ॥੧੧॥ ਤਥਾ ਕਪੂਰਾ ਭਯੋ ਨ ਪਰਾ॥ ਬਿਖ ਧਰ ਨਾਗ ਸਰਿਮ ਅਬ ਰੂਰਾ॥ ਯਹ ਮਮ ਸੂਤ ਇਨ ਚੂਕ ਜੁ ਕੀਨੀ॥ ਛਮਹੁ ਨਾਥ ਕਰ ਕਰਣਾ ਚੀਨੀ॥੧੨॥ ਸਿਖੀ ਰੀਤ ਰਹਹਿ ਜਿਹਿ ਭਾਤੀ॥ ਕਰਿਐ ਕ੍ਰਿਪਾ ਸਤ੍ਰਆਰਹਨਾ॥ ਦਾਨ ਸਿੰਘ ਸੁਨ ਬਾਘਨਿ ਜੋਈ॥ ਜੰਗਲ ਜਰਤ ਲਖਤ ਜਬ ਸੋਈ॥੧੩॥ ਦਾਬ ਦਾਂਤ ਭਰ ਸੁਤਨ ਲਿਜਾਈ॥ ਪੈ ਨਹਿ ਹਨਤ ਅੰਸ ਨਿਜ ਭਾਈ॥ ਤਾਂਤੇ ਮੋਰ ਸਾਪ ਨਹਿ ਲਾਗੈ॥ ਸਿੱਖਯ ਪੁਤਰ ਸਮ ਸੁਨ ਬਰ ਮਾਗੈ॥੧੪॥ ਸਿਖੀ ਤੋਰ ਨਾਸ ਨਹਿ ਕੈ ਹੈਂ॥ ਸੰਤਾਨ ਹੂੰ ਬ੍ਰਿਧਿ ਬਹੁ ਹੈ ਹੈ॥ ਹੈ ਪ੍ਰਸੰਨਤਾ ਬਚਨ ਮਹਾਨਾ॥ ਆਗੇ ਚਲੇ ਸਤ੍ਰੂ ਦੁਖ ਦਾਨਾ॥੧੫॥

---

1. ਖਲੋ ਗਿਆ,
2. ਘੋੜਾ,
3. ਹੱਥ,
4. ਮੁਗਲ

Sri Satguru Jagjit Singh Ji eLibrary NamdhariElibrary@gmail.com

ਸਾਖੀ॥੨੧॥ਚੌ:॥ ਲਾਗੀ ਤਿਖਾ ਅਗ੍ਰ ਗੁਰੁ ਗਏ॥ ਪੂੰਛਤ ਜਲ ਥਲ ਨੀਕੇ ਭਏ॥ ਖਾਨੇ ਕਹੀ ਰੁਪਆ ਕਟੋਰਾ॥ ਕਹਿ ਖਜਾਨਚੀ ਲ ਯਾਉ ਸੁ ਡੋਰਾ॥੧੧॥ ਪੁਨ ਖਾਨਾ ਕਹਿ ਮੁਹਰਹਿ[1] ਲੈਹੋ॥ ਏਕ ਕਟੋਰਾ ਤਬ ਜਲ ਦੈ ਹੌਂ॥ ਮੁਹਰ ਦਈ ਜਲ ਲੈ ਗੁਰ ਪਾਯੋ॥ ਖਾਨੇ ਕਹਿ ਹਸ਼ ਬਚਨ ਸੁਨਾਯੋ॥ ਸਭ ਤੇ ਪਤਰੋ ਪਾਨੀ ਕਹਿਏ॥ ਤਾਤੇ ਖਾਨਾ ਪਤਰੋ ਲਹਿਏ॥ ਆਗੇ ਗਏ ਦੀਨ ਦੁਖ ਭੰਜਨ॥ ਬੈਠੇ ਸਭਾ ਲਗਾਇ ਕ੍ਰਿਪਾ ਧਨ॥੩॥ ਖਾਨਾ ਆਨ ਚਰਨ ਪਰ ਪਰਾ॥ ਬਖਸਹੁ ਨਾਥ ਖਤਾ ਮਨ ਡਰਾ॥ ਕਹਾ ਕੂਪਰੇ ਕੋ ਸੁਭਾਈ॥ ਬਾਰ ਬਾਰ ਤਿਨ ਬਿਨਤਿ ਬਨਾਈ॥੪॥ ਕ੍ਰਿਪਾ ਸਿੰਧੁ ਕੀਨੀ ਤਬ ਦਾਯਾ॥ ਤਵ ਕੁਲ ਰਹਹਿ ਏਕ ਨਰ ਆਯਾ॥ ਬਕਸਤ ਖਤਾ ਨਾਮ ਬਕਸਿੰਦ॥ ਪ੍ਰਤਿਪਾਲਕ ਜਨ ਆਨੰਦ ਕੰਦਾ॥੫॥ ਸੰਗ ਬਰਾਰ ਸੋਹ ਦਿਨ ਰਾਤੀ॥ ਸੇਵਤ ਪ੍ਰਭੂ ਲੋਭ ਛਲ ਜਾਤੀ॥ ਘੋਰਨ ਕੇ ਸਵਾਰ ਸੰਗ ਜੇਈ॥ ਲੇਹਿ ਰੋਜ ਇਕ ਰੁਪਯਾ ਸੋਈ॥੬॥ ਪੈਦਲ ਲੇਹਿ ਅਸਟ ਆਨਾ ਬਰ॥ ਤਊ ਜੰਗ ਭਯ ਭੀਤ ਰਹਹਿ ਉਰ॥ ਕੋਊ ਕੋਊ ਗ੍ਰਾਮ ਨ ਸੇਵਾ ਹੋਈ॥ ਨਤ ਭੋਜਨ ਸਭ ਇਛਾ ਜੋਈ॥੭॥ ਸਮਯ ਸਮਯ ਕੀ ਝਾਲ ਅਨੂਠੀ॥ ਛਾਲਨ ਜਾਤ ਬਾਤ ਅਤਿ ਊਠੀ॥ ਕਛੂ ਮਝੈਲ ਸੰਵਸੇਵ ਕਰੇਹੇ॥ ਬਿਨਾ ਚਾਕਰੀ ਗੁਰ ਹਿਤ ਗਏ॥੮॥ ਆਗੇ ਲਖੇ ਮਝੈਲ ਮਝੈਲੇ॥ ਜੰਗ ਸਮਯ ਮਹਿ ਅਧਿਕ ਗੁਸੈਲੇ॥ ਜੇ ਗਿਲਾਨ ਕਰ ਉਰ ਬਹੁ ਭਾਂਤੀ॥ ਸਤ੍ਰੁਗੁਰ ਸਮ ਅਨੰਦਪੁਰ ਬਾਤੀ॥੯॥ ਨਿਰਬਾਹਨ ਹਿਤ ਨਿਜ ਸਿਵਕਾਈ॥ ਆਏ ਜਰਿ ਜੁਰਿ ਜੰਗ ਸਵਾਈ॥ ਦੁਨੀ ਚੰਦ ਬਿਗਰੀ ਬਕਸਾਵੈ॥ ਕਰ ਦਰਸਨ ਅਤਿ ਚਿਤ ਸੁਖ ਪਾਵੈ॥੧੦॥ ਸ੍ਰੀ ਮੁਖ ਕਹੀ ਲਖਹੁ ਏ ਕੈਨ॥ ਗਯੋ ਬਰਾਰ ਏਕ ਚਲ ਜੋਨ॥ ਮਹਾਰਾਜਾ ਮਝੈਲ ਏ ਮਾੜੇ॥ ਆਗੇ ਭਏ ਏਨ ਸਨਮੁਖ ਖਾਂਡੇ॥ ਅਬ ਆਏ ਧੋ ਕਹਾਂ ਸਵਾਰਨ॥ ਬੋਲੇ ਦੀਨ ਬੰਧ ਸੁਖ ਧਾਰਨ॥ ਮਾਝੇ ਕੇ ਕਬਹੂੰ ਨਹਿ ਮਾੜੇ॥ ਅਹਹਿ ਮਾਲਵੇ ਕੇਤੇ ਲਾੜੇ॥੧੧॥ ਤਬ ਲੌ ਆਇ ਚਰਨ ਲਪਟਾਨੇ॥ ਬੋਲੇ ਕਰ ਬਰ ਬਿਨਯ ਸਯਾਨੇ॥ ਆਗੇ ਚਲਹਿ ਆਪ ਗੁਰ ਗਈ॥ ਹਮ ਨਿਰਖਹਿ ਇਤਿ ਭਟ[2] ਕਟ ਕਾਈ॥੧੨॥ ਏਕ ਏਕ ਲਰਿ ਲਰਿ ਕਰ ਮਰੈ॥ ਤਬ ਲੌ ਆਪ ਪਯਾਨੋ ਕਰੈ॥ ਅਸ[3] ਕਹਿ ਬੈਠ ਗਏ ਤੇ ਤਹਾ॥ ਪਠਤ ਪਾਠ ਜਪ ਸੁਖਮਨਿ ਮਹਾ॥੧੩॥ ਊਚੇ ਚਢ ਹੇ ਰਯੋ ਤਬ ਖਾਨਾ॥ ਆਏ ਤੁਰਕ ਹੋਹੁ ਸਵਧਾਨਾ॥ ਸ੍ਰੀ ਸਤਗੁਰੁ ਸਭ ਧੀਰਜ ਦੀਨਾ॥ ਮਾਨ ਬਚਨ ਸੁਕਤਨ ਕਰ ਲੀਨਾ॥੧੪॥ ਸੇਸ ਮਹੇਸ ਗਨੇਸਨ ਪਾਵੈ॥ ਜਿਹ ਜਸ ਕੌਨਿਤ ਨਾਰਦ ਗਾਵੈ॥ ਮੋਹਿਤ ਹੋਇ ਜਾਸੁ ਗੁਨ ਗਾਦੀ॥ ਬੜੇ ਬੜੇ ਰਿਖਿ ਮੁਨਿ ਬ੍ਰਹਮਾਦੀ॥੧੫॥ ਜੀਵ ਗਯਾਨ ਅਗਯਾਨ ਸਮਾਨਾ॥ ਹਰਖ ਸੋਗ ਰਿਸ ਰਾਗ ਪ੍ਰਮਾਨਾ॥ ਸੋ ਕਿ ਜਾਨ ਸਕਸ੍ਰੀ ਪ੍ਰਭ ਭਾਨਾ॥ ਹੁਕਮ ਰਜਾਈ ਚਲਨ ਅਮਨਾ॥੧੬॥ਦੋ:॥ ਜਿਹ ਜਸ

---

1. ਮੁਹਰਾਂ, 2. ਬਹਾਦਰ, 3. ਇਸ ਤਰ੍ਹਾਂ ਕਹਿ ਕੇ

Sri Satguru Jagjit Singh Ji eLibrary NamdhariElibrary@gmail.com

ਕਰ ਜਿਹ ਕਾਲ ਮੈ ਸਾਰਦ ਪ੍ਰੇਰ ਸੁਭਾਉ॥ ਤ੍ਰਮਤ ਮੋਹ ਮਾਯਾ ਬਿਬਸ ਨਹਿ ਪਹਿਚਾਨਤ ਭਾਉ॥੧੭॥ ਰਾਖ ਲਈ ਸਿਖੀ ਸੁਘਰ ਸ੍ਰੀ ਗੁਰੁ ਦੀਨ ਦਯਾਲ॥ ਸਰਬ ਦੇਸ ਪ੍ਰਤਿ ਪਾਲਕਰ ਮਾਝਾ ਕਿਓ ਨਿਹਾਲ॥੧੮॥

ਸਾਖੀ॥੨੨॥ ਇਤਿ ਸ੍ਰੀ ਗੁਰੁ ਪਦ ਪ੍ਰੇਮ ਪ੍ਰਕਾਸ਼ ਪੋਰਾਨੇ ਸ੍ਰੀ ਗੁਰੁ ਖੰਡ ਚਤੁਰਥ ਤਰਸਤਿ ਦਸਮ ਮੰਡਲ ਉਤਰਾਰਧੇ ਮਾਲਵਾ ਪ੍ਰਕਰਣ ਬ੍ਰਣਨ ਏਕ ਤ੍ਰਿੰਸਤਮੀ ਪ੍ਰਾਤ:॥੧੩॥ਚੋ: ਆਗੇ ਗਏ ਭਏ ਸੁ ਸੁ ਸਵਾਰਾ॥ ਸੁਨਹੁ ਮੁਕਤ ਸਰ ਜੁੱਧ ਉਦਾਰਾ॥ ਖਿਦਰਾਨਾ[1] ਨਾਮਕ ਇਕ ਤਾਲ॥ ਖਿਦਰਾਨਾ ਖੱਤ੍ਰੀ ਇਕਬਾਲ॥੧॥ ਪ੍ਰਥਮ ਕਾਲ ਈਸਰ ਸਰਨਾਮ॥ ਸੰਕਰ ਕਰਯੋ ਕਬਹੁ ਤਪ ਧਾਮ॥ ਕਾਲ ਪਾਇ ਖਿਦਰਾਨਾ ਭਯੋ॥ ਸਿੰਘਨ ਸਮਰ ਠਾਟ ਤਹਿ ਲਯੋ॥੨॥ ਸ੍ਰੀ ਪ੍ਰਭ ਆਖਿਨ ਘਟਾ ਨੀਕਾ॥ ਮੰਤ੍ਰ ਪਢਤ ਤਬ ਚਲੇ ਸੁ ਜੀਕਾ॥ ਜੰਗਲ ਮੱਧ ਊਚ ਥਲ ਜਾਨੀ॥ ਖਰੇ ਭਏ ਗੁਰੁ ਕਰੁਣਾ ਖਾਨੀ॥੩॥ ਅਥ ਮੁਕਤ ਸਰ ਜੁਧ ਬਰਨਨ॥ ਛੰਦ॥ ਨਿਰਖਤ ਸਾਚੋ ਸਾਹ ਪਰਯੋ ਤਬਲੌ ਤੁਰਕਾਨਾ॥ ਜੋ ਸਹੰਸ ਪਚੀਸ ਅਯੋ ਕਰ ਭੰਗ ਇਮਾਨਾ॥੪॥ ਧੌਸਨ ਕੀ ਧੁਕਾਰ ਬਾਜਿ ਫੁਕਾਰ ਭਯਾਵਨ॥ ਕੜਬੜਾਟ ਘਬਰਾਟ ਫਾਟ ਸੁਨਹਿਅ ਅਤਿ ਦਾਰਨ॥੫॥ ਸੰਗ ਵਜੀਦ ਕਪੂਰ ਜਾਟਬੇ ਠਾਟਨਟਾਨੇ॥ ਗੁਰ ਦ੍ਰੋਹੀ ਮਿਲ ਸੰਗ ਅੰਗ ਮਾਯਾ ਲਪਟਾਨੇ॥੬॥ ਸਤਗੁਰੁ ਸੰਗ ਨ ਕਰਯੋ ਜਾਇ ਤੁਰਕਨ ਸੰਗ ਕੀਨ॥ ਤਯਾਗ ਬੁੱਧ ਕੀ ਬਾਤ ਭਯੋ ਸਭ ਭਾਤਕ ਮੀਨਾ॥੭॥ ਮਾਰ ਮਾਰ ਬੰਕਾਰ ਚਾਰ ਦੌਰਤ ਦ੍ਰਿਸਟਾਏ॥ ਇਨ ਚਾਲੀਸਨ ਸਮਝ ਮਰਨ ਮਨ ਬਯੋਤ ਬਨਾਏ॥੮॥ ਤਹੁ ਬੰਦਰੀਨ ਪਰ ਝੁਲ ਡਾਰ ਪਟ ਚਾਦਰ ਤਾਨੀ॥ ਕਰੀ ਮੋਰਚਾ ਬੰਦਿ ਕਰੋਚਾ ਤਜ ਦੁਖਦਾਨੀ॥੯॥ ਲੈ ਲੈਤੇ ਗਰ ਤੀਰ ਤੁਪਕ ਤੋਮਰ ਬਿਧਿ ਨਾਨਾ॥ ਛੇੜ ਛਾੜ ਜਵਜੰਗ ਹੁਕਮ ਸਿਰਹੰਦਿ ਸਯਾਨਾ॥੧੦॥ ਸਤਗੁਰੁ ਸੰਕਟ ਹੇਰ ਸਕਲ ਕਲਿ ਕੰਟਕ ਕਾਟੇ॥ ਧਨ ਬਰ ਸਰ ਸੰਧਾਨ ਤਾਨ ਨਿਜ ਕਾਨ ਸੁ ਛਾਂਟੇ॥੧੧॥ ਭਯੋ ਭੀਰ ਭੂ ਕੰਪ ਮੇਘ ਗਰਜਯੋ ਬਲ ਬਾਰੀ॥ ਲਾਗੇ ਦੁਹੁ ਦਿਸ ਚਲਨ ਤੀਰ ਗੰਭੀਰ ਸੁਖਾਰੀ॥੧੨॥ ਮਰ ਮਰ ਭੂਮਹਿ ਪਰਹਿ ਤਉ ਹਠ ਹਟਹਿਨ ਕੈਸੇ॥ ਪਢਤ ਸੁਨਤ ਹੂੰ ਰਹਤ ਤੁਟਤ ਅਧਯਾਸਨ ਜੈਸੇ॥੧੩॥ ਉਤ ਪਚੀਸ ਸਹੰਸ੍ਰ[2] ਇਤਹਿ ਚਾਲਿਸ[3] ਗਾਜੇ॥ ਦੁਹੂ ਦਿਸ ਕਰ ਸੰਗ੍ਰਾਮ ਲਿਰਖਿ ਸੁਰ.ਬਰ ਮਨ ਲਾਜੇ॥੧੪॥ ਝੂੰਠੇ ਭਏ ਗਏ ਗੁਮਾਨ ਗਰਿ ਝਟਫਟ ਆਏ॥ ਸੰਗ ਕਪੂਰਾ ਖਰੋ ਲਰਤ ਪਿਖ ਅਤਿ ਹਿਲ ਜਾਏ॥੧੫॥ ਗੋਰੀ ਔਰ ਬਰੂਦ ਤੀਰ ਜਬਲੌ ਕਰ ਮਾਹੀ॥ ਲਰੇ ਓਟ ਮਹਿ ਬੀਰ ਕਰੇ ਗਨ ਤੁਰਕਨ ਨਾਹੀ॥੧੬॥ ਸਤ ਗੁਰੁ ਸਰ ਕਰ ਸਰ ਸਮਟ ਲਾਗਤ ਤਨ ਜਾਹੀ॥ ਤਸੁ ਪ੍ਰਾਨ ਲੈ ਜਾਤ ਜਥਾ ਜਮਦੂਤ ਸੁਬਾਹੀ॥੧੭॥ ਪੁਨ ਸਿੰਘਨ ਮਨ ਮਾਹਿ ਯਾਹਿ ਬਿਧਿ ਨੀਤ ਬਿਚਾਰੀ॥

---

1. ਖਿਦਰਾਣੇ ਦੀ ਢਾਬ, 2. ਪੱਝੀ ਹਜਾਰ, 3. ਚਾਲੀ

Sri Satguru Jagjit Singh Ji eLibrary NamdhariElibrary@gmail.com

ਕਰੀਏ ਏਕ ਉਪਾਉ ਆਏ ਬਹੁ ਤੁਰਕ[1] ਅਗਾਰੀ॥੧੮॥ ਪ੍ਰਥਮ ਏਕ ਸਿੰਘ ਜਾਇ ਜਾਇ ਪੁਨ ਦੂਸਰ ਮਾਰੈ॥ ਸਭ ਮਲੇਛ ਮਦ ਚੂਰਿ ਭੂਰਿ ਗੁਰ ਖਰ ਸਿਰਧਾਰੈ॥੧੯॥ ਜਾਸ ਜਗੇ ਨਿਜ ਭਾਗ ਪਾਇ ਅਨੁਰਾਗ ਮਹਾਨਾ॥ ਆਗੇ ਭਯੋ ਪ੍ਰਮਾਨ ਠੋਕ ਭੁਜ ਦੰਡ ਸਯਾਨਾ॥੨੦॥ ਮਾਰ ਅਨੇਕ ਮਲੇਛ ਤੇਗ ਤਬ ਤਾਕ ਚਲਾਵੈਂ॥ ਜਿਮਿ ਘਨਚਪਲ ਸੁਮਾਇ ਚਲਾਕੀ ਚਾਰ ਦਿਖਾਵੈਂ॥੨੧॥ ਅੰਤ ਸੀਸ ਨਿਜ ਦੇਇ ਗਯੋ ਗੁਰੁ ਪਦ ਸਦ ਤੀਰਾ॥ ਫੋੜਬਤ੍ਰ ਸਮ ਅੰਗ ਭਾਗ ਸਿੰਘ ਨਾਮ ਅਮੀਰਾ॥੨੨॥ ਸ੍ਰੀ ਦਿਲਬਾਗ ਮ੍ਰਿਗੇਸ ਧਾਇ ਪੁਨ ਬਾਜ ਭੁਖੈਲਾ॥ ਮਾਰੇ ਮਹਤ ਮਲੇਛ ਮੂਲ ਮਲ ਮਾਨ ਮੁਛੈਲਾ॥੨੩॥ ਮਾਨ ਸਿੰਘ ਅਨੁਮਾਨ ਮਰਨ ਪਨੁ ਤਨ ਸਿਧਾਯੋ॥ ਬਹੁਤਨੀ ਕੋ ਤਨ ਆਇ ਖਾਇ ਪਗ ਪ੍ਰਾਨ ਪਠਾਯੋ॥੨੪॥ ਪਰਮ ਸੁਜਾਨ ਨਿਧਾਨ ਸਿੰਘ ਪੁਨ ਤੇਗ ਚਲਾਈ॥ ਮਾਖਨ ਗੋਲਨ ਮੁਗਲਨ ਸਿਰ ਮਨੁ ਕਰਤ ਸਫ਼ਾਈ॥੨੫॥ ਘਰਬਾਰਾ ਸਿੰਘ ਧਾਇ ਭਾਇ ਅਰਿ ਅਨਿਕ ਸਾਘਾਰੇ॥ ਬਿਨ ਮਾਰੇ ਮਰ ਗਏ ਮਨਹੁ ਗਿਰਿ ਗਿਰਿ ਨਰ ਭਾਰੇ॥੨੬॥ ਦਰਬਾਰਾ ਸਿੰਘ ਦੌਰ ਗੌਰ ਕਰ ਜੁਧ ਸੁਠਾਨਾ॥ ਭਾਰਥ[2] ਪਾਰਥ ਕਰਨ ਭੀਮ ਦੁਰਜੋਧਨ ਜਾਨਾ॥੨੭॥ ਦੌਰਯੋ ਸਮ ਸਰ ਕਾਲ ਨਿਹਾਲ ਸਿੰਘ ਸੁਰ ਗਯਾਨੀ॥ ਦਾਵਾਗਿਨ ਬਨ ਓਰ ਮਨਹੁ ਉਮਗੀ ਦਰਸਾਨੀ॥੨੮॥ ਬਹਤਨ ਕੇ ਤਨ ਘਾਇ ਮਨਹੁ ਜਗ ਜਨਮ ਨ ਆਏ॥ ਅੰਤ ਦੇਵ ਪੁਰ ਜਾਇ ਬਿਜਯ ਕੇ ਡੰਕ ਬਜਾਏ॥੨੯॥ ਭਏ ਸਰਬ ਭੈ ਭੀਤ ਨਿਕਟ ਨਹਿ ਜਾਹਿ ਪਠਾਨਾ॥ ਦੂਰ ਦੂਰ ਤੇ ਲਰਹਿ ਲਖਹਿ ਉਰ ਜੰਗ ਮਦਾਨਾ॥੩੦॥ ਕਰਤ ਵਜੀਦਾ ਕੋਪ ਧਾਇ ਤਬ ਪਰਤ ਅਗਾਰੀ॥ ਛਿਪਯੋ ਵਜੀਦਾ ਰਹਤ ਫਿਰਤਸ ਕਪੂਰ ਪਿਛਾਰੀ॥੩੧॥ ਦਯਾਲ ਸਿੰਘ ਜੀ ਆਇ ਅਗ੍ਰ ਅਤਿ ਜੁਧ ਮਚਾਯੋ॥ ਖੰਡ ਅਖੰਡਨ ਬੀਰ ਪੀਰ ਧਰ ਧਰਿ ਮਿਲਾਯੋ॥੩੨॥ ਕਰ ਨਿਹਾਲ ਸਿੰਘ ਕੋਪ ਧਾਰ ਉਰ ਗੁਰੁ ਬਰ ਧਯਾਨਾ॥ ਲੀਨੀ ਕਾਢ ਕ੍ਰਿਪਾਨ ਹਤਯੋ ਤੁਰਕਨ ਮੈਦਾਨਾ॥੩੩॥ ਤਯੋ ਹੀ ਧਾਇ ਕੁਸਾਲ ਸਿੰਘ ਇਮਿ ਤੁਰਕਨ ਕਾਟਾ॥ ਜਿਮ ਬਾਢੀ ਕਰ ਲਏ ਬਸੁ ਲਾਲ ਕਰੀ ਛਾਟਾ॥੩੪॥ ਗੰਡਾ ਸਿੰਘ ਪ੍ਰਚੰਡ ਕਰਯੋ ਸੁ ਘਮੰਡ ਸਮਰ ਬਰ॥ ਠੋਰ ਬਿਲੋਰ ਸਮਾਨ ਤੁਰਕ ਸਿਰ ਕਰ ਕਤ ਕਾਥਰ॥੩੫॥ ਸਿੰਘਾ ਸਿੰਘ ਸੁ ਸੂਰ ਲਰਯੋ ਭੁਜ ਠੋਕ[3] ਮਹਾਨ॥ ਮਾਰ ਮਾਰ ਮੁਖ ਬਕਤ ਹਤਤ ਦਲ ਤੁਰਨ[4] ਪ੍ਰਮਾਨ॥੩੬॥ ਧਾਯੋ ਸਿੰਘ ਸੁਹੇਲ ਘਾਲ ਹੇਲਾ ਪਰ ਐਸੇ॥ ਤੀਤਰ ਗੋਲ ਪਛਾਨ ਪਰਤ ਬਹਰੀ ਕਰ ਜੈਸੇ॥੩੭॥ ਚੰਬਾ ਸਿੰਘ ਉਠਾਇ ਤੇਗ ਰਨ ਸਾਮਹਿ ਆਯੋ॥ ਮੇਘ ਧਵਨੀ[5] ਕਰ ਬਾਰ ਬਾਰ ਸੂਬਾਹਿ ਬੁਲਾਯੋ॥੩੮॥ ਗੰਗਾ ਸਿੰਘ ਸੰਗ ਹੋਇ ਅਰ ਚੰਬਾ ਸਿੰਘ ਕੀਨੀ॥ ਸਨਮੁਖ ਪਾਏ ਪਾਉ ਤਯਾਗ ਤਨ ਪੁਨ ਮਨ ਚੀਨੀ॥੩੯॥ ਗਏ ਇੰਦਰ ਕੇ ਧਾਮ ਇੰਦ੍ਰ ਅਰਧਾਸਨ ਦੀਨਾ॥

---

1. ਮੁਗਲ, 2. ਮਹਾਂਭਾਰਤ, 3. ਬਾਂਹ ਠੋਕ ਕੇ, 4. ਮੁਗਲਾਂ, 5. ਬਦਲ ਢਾਂਗ ਗਜ ਕੇ

Sri Satguru Jagjit Singh Ji eLibrary NamdhariElibrary@gmail.com

ਸੂਰਨ ਕੋਸਤਿਕਾਰ ਸਮਰ ਮਗ ਧਰਮੁ ਧੁਰੀਨਾ॥੪੦॥ ਸਿੰਘ ਸਮੀਰ ਸਮੀਰ ਦ੍ਰਿਸ ਕਰ ਕੋਪ ਸਿਧਾਨੇ॥ ਜਿਹੜਾ ਮਾਰੂ ਬਜਤ ਬੀਰ ਤੁਰਕਾ ਨਰਿ ਸਾਨੇ॥੪੧॥ ਦੌਰਤ ਥਾ ਸੁਲਤਾਨ ਸਿੰਘ ਬਹੁ ਬਾਨ ਚਲਾਏ॥ ਮਾਲਾ ਸਰਨ ਪਰੋਹਿ ਸੀਸ ਮਨੁ ਰੁਦ੍ਰ ਚਢਾਏ॥੪੨॥ ਮਯਾ ਸਿੰਘ ਪੁਨ ਧਾਇ ਪ੍ਰਾਨ ਕਰ ਮੋਹਨੁ ਕੀਨਾ॥ ਆਗੈ ਹਵੈ ਹਿਤ ਧਰਮ ਮਾਰ ਤੁਰਕਨ ਸਿਰ ਦੀਨਾ॥੪੩॥ ਅੜਿੱਲ॥ ਮਜਾ ਸਿੰਘ ਤਬ ਚਢਯੋ ਖੜਗ ਕਰ ਮਾਹਿ ਲੈ॥ ਮਾਨੀ ਮਾਹਿ ਮਨੁ ਬਹਿਤ ਦਹਿਤ ਸਿਰ ਜਾਇ ਦੇ॥ ਸਾਧੂ ਸਿੰਘ ਕਰ ਕੋਪ ਸੈਨ ਸਾਮੁਹਿ ਗਏ॥ ਹੋ ਮਨ ਮਰਜਾਦਾ ਧਰਮ ਮਾਹਿ ਇਸਥਤ ਭਏ॥੪੪॥ ਸਰਜਾ ਸਿੰਘ ਧਰ ਧੀਰਜ ਜਾਇ ਸਰ ਤੇਗ ਚਲਾਈ॥ ਹੋਰੀ ਕੀ ਸੀ ਪ੍ਰਭਾ ਧਰਤਿ ਕਰ ਲਾਲ ਦਿਖਾਈ॥ ਧਾਏ ਕਰ ਅਤਿ ਕੋਪ[1] ਗੁਲਾਬ ਸਿੰਘ ਘਰਨ ਮਾਹੀ॥ ਹੋ ਕਰ ਦੀਨੀ ਸਤ ਸੈਨ ਤੁਰਕ ਛਲਿ ਅਨ ਕੀਨਾ ਹੈ॥੪੫॥ ਤੋਮਰ ਛੰਦ॥ ਤਬ ਦੌਰ ਹਰਸਾ ਸਿੰਘ॥ ਧਰ ਧਯਾਨ ਗੋਬਿੰਦ ਸਿੰਘ॥ ਸਿਰ ਹਰਤ ਅਰਿਨ ਬਨਾਇ॥ ਫਿਰਤ ਕਤ ਤੁਰਕਨ ਆਇ॥੪੬॥ ਜਿਤ ਪਰਤ ਕਾਢ ਕ੍ਰਿਪਾਨ॥ ਤਿਤ ਦੇਤ ਦਲ ਮਲ ਜਾਨ॥ ਤਨ ਤਯਾਗ ਪੁਨ ਸੰਸਾਰ॥ ਗੁਰ ਭਕਤ ਪਰਮ ਅਪਾਰ॥੪੭॥ ਪੁਨ ਕੋਪ ਸੰਗਤ ਸਿੰਘ॥ ਆਗੇ ਭਯੋ ਸੁਖ ਸਿੰਘ॥ ਤਨ ਤਯਾਗ ਸਨਮੁਖ ਸੂਰ॥ ਲਿਯ ਨਿਤਯ ਧਾਮ ਸੁ ਪੂਰ॥੪੮॥ ਧਾਏ ਹਰੀ ਸਿੰਘ ਸੂਰ॥ ਕਰ ਤੇਜ ਪੂਰਨ ਪੂਰ॥ ਪੁਨ ਸਿੰਘ ਧੰਨਾ ਧਾਇ॥ ਮਾਰੇ ਤੁਰਕ ਸਮੁਦਾਇ॥੪੯॥ਚੌ:॥ ਕਰਨ ਸਿੰਘ ਪੁਨ ਖਗ ਰਹਿ ਧਾਯੋ॥ ਅਧਿਕ ਰੋਸ ਰਨਮਾਹਿ ਦਿਖਾਯੋ॥ ਜਰਾ ਸਿੰਧੁ ਦਲ ਦਲਤ ਮਹਾਨਾ॥ ਸ੍ਰੀ ਬਲਰਾਮ[2] ਸਮਾਨ ਪਛਾਨਾ॥੫੦॥ ਕੀਰਤ ਸਿੰਘ ਕਰ ਕੋਪ ਸਿਧਾਯੋ॥ ਮਾਰ ਮਲੇਛਨ ਮਾਨ ਮਿਟਾਯੋ॥ ਲਛਮਨ ਸਿੰਘ ਖਗ ਗਹਿ ਧਾਏ॥ ਮੇਘ ਨਾਦ ਪਰੁ ਲਛਮਨ ਆਏ॥੫੧॥ ਬੂਢਾ ਸਿੰਘ ਸੁਆਸਯ ਗੁਢਾ॥ ਮਾਰਤ ਤਯੋ ਮਲੇਛ ਜੁ ਮੂਢਾ॥ ਏਕ ਤੁਰਕ ਸਰਦਾਰ ਲਖਾਯੋ॥ ਬੂਢਾ ਸਿੰਘ ਖੱਗ ਸੋ ਆਯੋ॥੫੨॥ਦੋ:॥ ਤੀਸ ਸਿੰਘ ਪੁਰ ਪੁਰ ਗਏ ਰਹੇ ਸਿੰਘ ਦਸ ਸੂਰ॥ ਤਉ ਧੀਰਧਰ ਧਰਸਰਿਸ ਭਾਜੇ ਨਹਿ ਰਿਸਪੂਰ॥੫੩॥ਚੌ:॥ ਮਹਾ ਘੋਰ ਘਮਸਾਨ ਮਚਾਯੋ॥ ਕੇਸਨ ਸਿੰਘ ਸਤਰੁ ਸਮੁਹਾਯੋ॥ ਜਾਦਵ ਸਿੰਘ ਬਹੁਰਰਣ ਗਰਜਾ॥ ਤੁਰਕਨ ਤੇਜ ਤਮਕ ਤਬ ਤਰਜਾ॥੫੪॥ ਸੋਭਾ ਸਿੰਘ ਸਸਤਰ ਸਹਿ ਧਾਯੋ॥ ਲੈ ਸੋਭਾ ਨਿਜ ਧਾਮ ਸਿਧਾਯੋ॥ ਜੋਗਾ ਸਿੰਘ ਸਮੁਹਿ ਸਿਰ ਦੀਨੋ॥ ਸਤ੍ਰੁਨ ਜੋਰ ਅਧਿਕ ਤਬ ਕੀਨੋ॥੫੫॥ ਗੀਧ[3] ਸ੍ਰਿੰਗਾ ਬੋਲ ਨਿਜ ਬਾਨੀ॥ ਪ੍ਰੇਤ ਪਿਸਾਚਨ ਜੋਰ ਸਿਧਾਨੀ॥ ਬਰਹਿ ਦੇਵ ਕੱਨਯ ਮਨਮਾਨੇ॥ ਸਿਰਿ ਸਿਰਿ ਮਰਤ ਜੇ ਸੂਰ ਸਯਾਨੇ॥੫੬॥ ਧੂੰਮ ਧਾਮ ਰਣ ਕਰੀ ਅਪਾਰਾ॥ ਸੁੰਭਨਿ ਸੁੰਭ ਜੁਧਜਨ ਭਾਰਾ॥ ਨਾਚਤ ਭਏ ਕਪਾਲੀ ਤਹਾਂ॥ ਪੋਵਤ ਰੁਦ੍ਰ ਮੁੰਡ ਗਨ ਜਹਾਂ॥੫੭॥ ਚਮਕਤ ਦ੍ਰੁ ਹੂੰ ਓਰ

---

1. ਕਰੋਧ, 2. ਕ੍ਰਿਸ਼ਨ ਦਾ ਭਰਾ, 3. ਗਿੱਧਾਂ

Sri Satguru Jagjit Singh Ji eLibrary NamdhariElibrary@gmail.com

ਖਗਧਾਰਾ॥ ਜਿਮਿ ਦਾਮਿਨ ਘਨਮਾਹਿ ਨਿਹਾਰਾ॥ ਖੇਲਤ ਫਾਗ ਸੂਰਮਨੁ ਮਾਤੇ॥ ਦੇਵ ਦੁੰਦ ਭੀਦੀਹ ਬਜਾਤੇ॥੫੮॥ ਰਸਾਵਲ ਛੰਦ॥ ਛੂਟੀ ਰੁਦ੍ ਤਾਰੀ॥ ਲਖੀ ਭੀਰ ਭਾਰੀ॥ ਸੰਘਾਰੇ ਪ੍ਰਚਾਰੇ॥ ਪੁਕਾਰੇ ਸੰਘਾਰੇ॥੫੯॥ ਤਬੈ ਸਿੰਘ ਭੰਗਾ॥ ਕਰਯੋ ਸਤ੍ਰੂ ਜੰਗਾ॥ ਅਨੈਕਾਨ ਮਾਰੇ॥ ਗੁਰੁਲੋਕ ਪਯਾਰੇ॥੬੦॥ ਜਗਯੋ ਸਿੰਘ ਜੰਗਾ॥ ਕਰਯੋ ਜੰਗ ਚੰਗਾ॥ ਧਏ ਧਰਮ ਸਿੰਘਾ॥ ਕਰਯੋ ਸਬਦ ਸਿੰਘਾ॥੬੧॥ ਲਗਯੋ ਘਾਉ ਆਗੇ॥ ਤਬੈ ਦੇਹ ਤਯਾਸੇ॥ ਤਹਾ ਕਰਮ ਸਿੰਘੂ॥ ਕਰਯੋ ਨਾਦ ਸਿੰਘੂ॥੬੨॥ ਕਲਾ ਸਿੰਘ ਧਾਏ॥ ਲਏ ਖਗ ਆਏ॥ ਮਲੇਛਨ ਮਾਰਾ॥ ਬਹੀ ਲੋਹ ਧਾਰਾ॥੬੩॥ ਸਿੰਘੋਤੀ ਨਿਬਾਹੀ॥ ਮਝੈਲੀ ਬਮਹੀ॥ ਕੀਯੋ ਪ੍ਰੇਮ ਪੂਰਾ॥ ਭਜਯੋ ਨਾਹਿ ਸੂਰਾ॥੬੪॥ਦੋ:॥ ਆਗੇ ਬਢ ਬਢ ਪ੍ਰਾਨ ਤਜ ਸਜ ਸਜ ਭਕਿਤ ਉਛਾਹ॥ ਵਾਹਗੁਰੂ ਗੁਰਵਾਹ ਕਰ ਜਾਇ ਸਮਾਏ ਵਾਹ॥੬੫॥ਚੌ:॥ ਏਕ ਸਿੰਘ ਤਬਹੀ ਰਹਿ ਗਯੋ॥ ਰਾਇ ਸਿੰਘ ਜਿਹਿ ਸੂਰਨ ਕਹਯੋ॥ ਕੋਊ ਤਿਹ ਨਾਮ ਮਹਾ ਸਿੰਘ ਕਹੈ॥ ਏਕ ਰੂਪ ਦਵੈ ਨਾਮਹਿ ਲਹੈ॥੬੬॥ ਸੋਊ ਜੁਧ ਕਰ ਜਬ ਭਾਰੀ॥ ਨਿਰਖਤ ਸ੍ਰੀ ਪ੍ਰਭ ਧਾਰਨ ਧਾਰੀ॥ ਕਰ ਅਤਿ ਕੋਪ ਅਧਿਕ ਬਢ ਆਗੇ॥ ਘਾਇਲ ਭਏ ਗਿਰੇ ਰਿਸਪਾਗੇ॥੬੭॥ ਸਵਾ ਪਹਰ ਘਮਸਾਨ ਮਚਾਯੋ॥ ਆਂਠ ਪ੍ਰਹਰ ਕਹੁ ਲਿਖਯੋ ਲਖਾਯੋ॥ ਦਿਨ ਮਨ ਸਵਾ ਪਹਰ ਜਬ ਆਯੋ॥ ਤਬ ਵਜੀਦ[1] ਚੌਧਰੀ ਬੁਲਾਯੋ॥੬੮॥ ਕਹੁ ਪਾਨੀ ਜਿਤ ਪੀਵਹਿ ਸੈਨਾ॥ ਪ੍ਰਾਨ ਦਾਨ ਜਲ ਜਾਨ ਸੁ ਐਨਾ॥ ਕਹਤ ਕਪੂਰਾ ਸੁਨਹੁ ਜਨਾਬੂ॥ ਆਪ ਚਲਹਿ ਅਬ ਪਾਛੈ ਢਾਬੂ॥੬੯॥ ਆਗੇ ਜਲ ਭਲ ਤੀਸ ਕੋਸ ਪਰ॥ ਪਾਛੇ ਤੇਰਹ ਕੋਸ ਕਹਤ ਬਰ॥ ਸੂਬੇ ਮਰੇ ਮਨੁਖ ਗਿਨਾਏ॥ ਸਤਕ ਅਢਾਈ ਤੁਰਕ ਸਿਧਾਏ॥੭੦॥ ਤੀਨ ਸਤਕ ਹਯ ਮਰੇ ਸੁਰਨ ਮਾਹਿ॥ ਪਾਂਚ ਸਤਕ ਪੰਚਾਸ ਖੇਤ ਜਹਿ॥ ਸਿੰਘ ਗਿਨੇ ਉਨਤਾਲੀਸ ਮਰੈ॥ ਅਚਰਜ ਲਖ ਸੂਬਾ ਮਨ ਡਰੇ॥੭੧॥ ਮਾਨੀ ਜੀਅ ਕਪੂਰੇ ਬਾਨੀ॥ ਗਯੋ ਕੋਟ ਕਰ ਖੋਟ ਮਹਾਨੀ॥ ਕਹੀ ਕਪੂਰੇ ਸੂਰਨ ਸਸਤਰ॥ ਲੈ ਲੀਜੀਏਕ ਬਰ ਧਰ ਬਿਸਤਰ॥੭੨॥ ਸਤਗੁਰੁ ਸੂਰ ਰਹਯੋ ਨਹਿ ਜਾਈ॥ ਸਮਰਜੀਤ ਅਬਚਲਿ ਅਪਮਈ॥ ਚਾਹਤ ਕਬੁਰ ਜਦਪਿ ਮਨ ਸੂਬਾ॥ ਪੁਨ ਚਲਯੋ ਸੋਤਿਹਿ ਮਨਸੂਬਾ॥੭੩॥ਦੋ:॥ ਸਵਾ ਕੋਸ ਟਿਬ ਖਰੇ ਨਿਰਖਤ ਲਰੋ ਜਿ ਸੂਰ॥ ਮਹਾ ਮੁਛੈਲ ਮਝੈਲ ਬਰ ਭਾਜੇ ਨਾਹਿ ਹਜੂਰ॥੭੪॥ਚੌ:॥ ਏਕ ਏਕ ਲਰ ਰੋਕਯੋ ਆਗਾ॥ ਜਾਤੇ ਜਾਹਿ ਦੂਰ ਗੁਰ ਜਾਗਾ॥ ਕਰਤ ਸਰਾਹ ਦੇਵਤਾ ਗੈਨਾ॥ ਬਰਖਾਵਤ ਪੁਹਪਨ ਭਰ ਦੈਨਾ॥੭੫॥ ਕਰ ਪਤ ਝਾਰ ਮਾਰ ਤੁਰਕਾਨਾ॥ ਇਕ ਇਕ ਹਤ ਦਸਬੀਸ ਪਠਾਨਾ॥ ਅੰਤ ਦੇਵ ਪੁਰ ਆਪ ਸਧਾਰੇ॥ ਪਾਛੈ ਪੈਗ ਝਮਕਿ ਨਹਿ ਡਾਰੇ॥੭੬॥ ਪੁਨ ਟਿੱਬੀ ਤੇ ਸਤਗੁਰ ਆਏ॥ ਨਿਰਖੇ ਪਰੇ ਸੂਰ ਸਮੁਦਾਏ॥ ਸਜਲ ਨੈਨ ਕਰ ਲੀਏ ਰੁਮਾਲਾ॥ ਪੋਛਤ ਮੁਖ ਦੇ ਬਰ ਸੁ

---

1. ਵਜ਼ੀਦ ਖਾਂ (ਸਰਹੰਦ ਦਾ ਸੂਬਾ)

Sri Satguru Jagjit Singh Ji eLibrary NamdhariElibrary@gmail.com

ਬਿਸਾਲਾ॥੭੭॥ਦੋ:॥ ਪ੍ਰਥਮ ਤੀਰ ਗੋਰੀਨ ਕੀਕਰ ਕਰ ਮਾਰ ਮਹਾਨ॥ ਪੁਨ ਚੂਕੇ ਤੇ ਖਬ ਗਹਿ ਭਏ ਜੰਗ ਮਦਾਨ॥੭੮॥ਚੋ:॥ ਮੁਖ ਪੋਛਹਿ ਦੈ ਕਰ ਬਰਦਾਨਾ॥ ਸੋਚਹਿ ਤਿਨ ਕ੍ਰਿਤ ਕਰਮ ਅਮਾਨਾ॥

ਜਿਤ ਜਿਤ ਪਗ ਆਗੇ ਤਨ ਤਜਾ॥ ਤਿਤ ਤਿਤ ਅਧਿਕ ਗਜਯ ਧਨ ਮਜਾ॥੭੯॥ ਜਸ ਜਸ ਸਜਾ ਸੁਭਉਪਹਿਚਾਨਾ॥ ਤਸ ਤਸ ਦਿਅ ਤਾਕਹਿ ਬਰਦਾਨਾ॥ ਮੁਕਤਹਿ ਮੁਕਤ ਭੁਕਤ ਭੁਗਤਾਨਾ॥ ਜਥਾ ਜੋਗ ਬਰਦਾਨ[1] ਲਖਾਨਾ॥੮੦॥ ਸੋ ਸੁਨ ਲੈ ਹੁ ਨਾਮ ਕ੍ਰਮਰੀਤੀ॥

ਕਬਿਤ॥ ਦੀਨੋ ਬਰਦਾਨ ਭਾਗ ਸਿੰਘ ਤੂੰ ਹਜਾਰੀ ਪਾਂਚ॥ ਤਯੋ ਹੀ ਦਿਲਬਾਗ ਸਿੰਘ ੨ ਪਾਯੋ ਬਰਦਾਨ ਹੈ॥ ਮਾਨ ਸਿੰਘ ਤੋ ਕਸਮੀਰ ਕੋ ਹੈ ਰਾਜਾ ੩ ਸ੍ਰੀ ਨਿਧਾਨ ਸਿੰਘ ਸੂਰੋ ਬੀਸ ਸਹੰਸਰ ੪ ਪ੍ਰਮਾਨ ਹੈ॥ ਘਰ ਬਾਰਾ ਸਿੰਘ ੫ ਦਰਬਾਰਾ ਸਿੰਘ ੬ ਕ੍ਰਿਪਾਲ ਸਿੰਘ ੭ ਦਯਾਲ ਸਿੰਘ ੮ ਨਿਹਾਲ ਸਿੰਘ ੯ ਕੁਸਾਲ ਸਿੰਘ ੧੦ ਜਾਨ ਹੈ॥ ਪਾਚਹੂੰ ਨੇ ਪਾਯੋ ਮਨਸਬ ਮਨ ਭਾਯੋ ਤੀਸ ਤੀਸ ਹੀ ਸਹੰਸਰਨ[2] ਕੋ ਸੂਰ ਸਾਵਧਾਨ ਹੈ॥੮੧॥ ਕਬਿੱਤ॥ ਗੰਡਾ ਸਿੰਘ ਆਗੇ ਪਰਯੋ ਨਿਰਖਿ ਸੁਮੇਰ ਸਿੰਘ॥ ਸ੍ਰੀ ਗੁਰੂ ਗੁਬਿੰਦ ਸਿੰਘ ਕੀਨੀ ਬਡੀ ਦਾਯਾ ਹੈ॥ ਚਾਲਿਸ ਸਹੰਸ ਮਨਸਬ ਬਰ ਪਾਯੋ ਭੱਲੇ ਸਿੰਘ ਸਿੰਘ ੧੨ ਸੁਹੇਲ ਸਿੰਘ ੧੩ ਤਯੋ ਹੀ ਬਰ ਪਾਯੋ ਹੈ॥ ਚੰਬਾ ਸਿੰਘ ਸੂਬਾ ਸੋ ਲਹੌਰ ਕੋ ਕ੍ਰਿਪਾ ਕੈ ਕੀਓ ੧੪ ਗੰਗਾ ਸਿੰਘ ਸੂਰਤ ਸੁ ਬੰਦਰ ਕੋ ਗਯਾ ਹੈ॥੧੫॥ ਮੋ ਸੈ ਯਾਮੇ ਭੈ ਭੇਦ ਨਾਹਿ ਸ੍ਰੀ ਮੁੱਖ ਕਹਯੋ ਯੋ ਤਾਂਹਿ ਪੁਹਪਨ ਝਰਦੇਵ ਦੁੰਦ ਭੀ ਬਜਾਯਾ ਹੈਂ॥੮੨॥ ਕਬਿਤ॥ ਸ੍ਰੀ ਯੁਤ ਸਮੀਰ ਸਿੰਘ ਰਾਮ ਕੋ ਭਜਨ ਕਰ ੧੬ ਸੁਲਤਾਨ ਸਿੰਘ ਸੰਗ ੧੭ ਸੁਰਗ ਸਿਧਾਯੋ ਹੈ॥ ਰਾਜ ਸਾਜ ਪਾਇ ਕੈ ਫਰਕਾਬਾਦ ਸੂਬਾ ਭਏ ਮਾਇਆ ਸਿੰਘ ੧੮ ਸਹਸ ਪਚਾਸ ਦਾਨ ਪਾਯੋ ਹੈ॥ ਦੀਨੇ ਤਯੋ ਕੰਧਾਰ ਮਜਾ ਸਿੰਘ ਨਿਰਧਾਰ ੧੯ ਤਯੋਹੀ ਸਰ ਜਾਸੁ ਸਿੰਘ ਸਾਰ ਸਹਸ ਸੁ ਹਾਯੋ ਹੈ॥੨੦॥ ਸਾਧੂ ਸਿੰਘ ਪਾਯੋ ਸੂਬਾ ਮੁਲਤਾਨ ਭਾਯੋ ਜੁਗ ਜੁਗ ਗਾਯੋ ੨੧ ਬਰਦਾਨ ਸੋ ਅਲਾਯੋ ਹੈ॥੮੩॥ ਕਬਿਤ॥ ਸ੍ਰੀ ਗੁਲਾਬ ਸਿੰਘ ਸਵਾ ਲਾਖ ਮਨਸਬ ਪਾਯੋ ੨੨ ਤਯੋ ਹੀ ਹਰਸਾ ਸਿੰਘ ਜੁ ੨੩ ਪਾਯੋ ਬਰਦਾਨ ਹੈ॥ ਸਿੰਘਨ ਕੀ ਪੰਗਤ ਨਿਹਾਰ ਸਿੰਘ ਸੰਗਤ ਕੋ ਦਿਲੀ ਬਖਸੀਸ ਕੀਨੀ ੨੪ ਅਤਿ ਸੁਖ ਖਾਨ ਹੈ॥ ਹਰੀ ਸਿੰਘ ਮੈਨ ਦੁਆਬ ੨੫ ਧੰਨਾ ਸਿੰਘ ਤਾਹੀ ਸੰਗ ੨੬ ਜਨਮ ਮਰਨ ਬੰਧ ਤੋਰਯੋਹਿਤ ਸਾਨ ਹੈ॥ ਦੇਖ ਕੈ ਕਰਨ ਸਿੰਘ ੨੭ ਸੂਬਾ ਸਿਰਹੰਦ ਕੀਨੋ ਕੀਰਤ ਸੁ ਸਿੰਘ ਬਿਬੇਕੀ ਸੋ ਪ੍ਰਮਾਨ ਹੈ॥੨੮॥੮੪॥ ਕਬਿੱਤ॥ ਪਰਬਤ ਰਾਜ ਲਛਮਨ ਸਿੰਘ ਪਾਯੋ ਭਲੇ ੨੯ ਬੁੜਾ ਸਿੰਘ ਸੰਗ ੩੦ ਤਿਨਹੀ ਕੇ ਸੁਖ ਪਾਵੈਂਗੇ॥ ਕੇਸੇ ਸਿੰਘ ੩੧ ਜਾਦੋ ਸਿੰਘ

---

1. ਵਰਦਾਨ,

Sri Satguru Jagjit Singh Ji eLibrary NamdhariElibrary@gmail.com

੩੨ ਸੂਬਾ ਤੇ ਪਿਸਰ ਕੇਰੋ ਸੋਭਾ ਸਿੰਘ ੨੨ ਕਾਬਲ ਕੇ ਨ੍ਰਿਪਤ ਕਹਾਵੈਗੇ॥ ਜੋਗਾ ਸਿੰਘ ਪਾਯੋ ਮਨਸਬ ਰੂਮ ਸਾਮਰਾਜ ੩੪ ਭੰਗਾ ਸਿੰਘ ਨ੍ਰਿਪਤਾ ਇਰਾਨ ਕਮਾਵੈਗੇ॥੩੫॥ ਜੰਗਾ ਸਿੰਘ ਗਾਯੋ ਕਾਸੀ ਪਤਿ ਕਹਲਾਯੋ ੩੬ ਤਯੋ ਹੀ ਬਲਖ ਬੁਖਾਰਾ ਸ੍ਰੀ ਧਰਮ ਸਿੰਘ ੩੭ ਭਾਵੈਗੇ॥੮੫॥ਕ:॥ ਮਕਾ ਐ ਮਦੀਨਾ ਸ੍ਰੀ ਕਰਮ ਸਿੰਘ ਲੀਨਾ ਰਾਮ ੩੮ ਕਲਾ ਸਿੰਘ ਇਸਤਾਮੋਲ ਮੁਲਕ ਕੋ ਪਾਯੋ ਹੈ॥੩੯॥ ਰਾਇ ਸਿੰਘ ਅਥਵਾ ਮਹਾ ਸਿੰਘ ਆਗੇ ਦੇਖਯੋ ਹੈ॥ ਲੋਚਨ ਸ੍ਰਵਤ ਚਾਰੁ ਪੋਛ ਸੁ ਮੁਖ ਪਯਾਰਾ ਮਾਗੁ ਮਾਗੁ ਬਾਰ ਬਾਰ ਸ੍ਰੀ ਮੁੱਖ ਅਲਾਯੋ ਹੈ॥੪੦॥੮੬

ਮੰਜ ਛੰਦ॥ ਮਹਾਂ ਸਿੰਘ ਤਬ ਕਹੀ ਕ੍ਰਿਪਾਨਿਧਿ ਬਾਤਨ ਕੋਈ ਬਾਕੀ ਹੈ॥ ਅੰਤ ਸਮੈ ਪ੍ਰਭ ਦਰਸਨ ਪਾਯੋ ਜਮ ਤੇ ਭਯੋ ਬਿਬਾਕੀ[1] ਹੈ। ਕਹਾ ਲੇਹੁ ਅਨੁਕੰਪਾ ਸਾਹਿਬ ਭੋ ਕ੍ਰਿਤ ਕ੍ਰਿਤਯ ਸੁ ਭਾਕੀ ਹੈ[2]॥ ਆਪ ਨੋ ਚਰਨ ਭਰੋਸਾ ਦੀ ਜੈ ਪ੍ਰੇਮਾ ਭਕਿਤ ਪ੍ਰਭਾਕੀ ਹੈ॥੮੭॥ ਜਾਇ ਪਾਇ ਪੁਨ ਆਇ ਨੇ ਜਗ ਮੈ ਸੁਰਨਰ[3] ਮੁਨਜਨ[4] ਮਾਨੀ ਹੈ॥ ਅੰਤੀ ਔਸਰ ਦਰਸਨ ਪਾਯੋ ਚਾਹਤ ਪ੍ਰਾਨਨ ਹਾਨੀ ਹੈ॥ ਇਤਨੀ ਕਹਤ ਨਯਨਪੁਨ ਮੁੰਦੇ ਮੂਰਤਹਿਏ ਸਮਾਨੀ ਹੈ॥ ਪੁਨ ਪ੍ਰਭੂ ਮਾਗੁ ਮਾਗੁ ਮੁਖ ਕਹ ਕੈ ਦੀਨੋ ਮੁਖ ਮਾਹਿ ਪਾਨੀ ਹੈ॥੮੮॥ ਬੋਲਯੋ ਦੀਨ ਦਯਾਲ ਜੋ ਐਸੀ ਕ੍ਰਿਪਾਕੀਨ ਕਿਰਪਾਲਾ ਹੈ॥ ਬੁਧਿ ਛੋਟ ਮੁੱਖ ਛੋਟ ਜਦਪਿ ਪਰ ਕਰ ਅਭਿਲਾਖ ਸੁਆਲਾ ਹੈ॥ ਬੇਦਾਵਾ ਵਾਰੋ ਪ੍ਰਭ ਕਾਗਦ ਫਾਰੋ ਕਰਹੁ ਨਿਹਾਲਾ ਹੈ॥ ਭਲੇ ਬੁਰੇ ਸਭ ਨਾਥ ਤਿਹਾਰੇ ਤ੍ਰੁਟੀ ਮੇਲਹੁ ਮਾਲਾ ਹੈ॥੮੯॥ ਸ੍ਰੀ ਮੁਖ ਕਹੀ ਮਾਗ ਧਨ ਸੰਪਤਾ ਰਾਜਯ ਜਿਤਕ ਚਿਤ ਤੇਰੇ ਹੈ॥ ਤੇਤੇ ਨਿਜ ਕਰ ਲਿਖਤ ਪਧਾਰੇ ਯਾਮੈ ਦੋਸਨ ਮੇਰੋ ਹੈ॥ ਮਹਾ ਸਿੰਘ ਕਹਿ ਮਹਾਰਾਜ ਜੀ ਜਗਤ ਬਨਾਯੋ ਝੋਰੇ ਹੈ॥ ਬਧਿਕ ਬਿਧਦਾਨ ਸਭ ਦੀਨੋ ਜੀਵ ਸੁਤੰਤ੍ਰਨ ਨ ਹੇਰੇ ਹੈ॥੯੦॥ ਜੰਤ੍ਰੀ ਕੇ ਬਾਸ ਜੰਤ੍ਰ ਜਥਾ ਹੈ ਮਾਯਾ ਬਸ ਗੁਨ ਬਾਸੀ ਹੈ॥ ਅੰਧੇਰ ਬਿਖਮ ਧਰਮ ਨਹਿ ਰਹਿ ਸਕਿ ਕਠਿਨ ਕਾਲਕੀ ਫਾਸੀ ਹੈ॥ ਤੂੰ ਬਿਗਰੀ ਸੁ ਬਨਾਵਨ ਹਾਰੋ ਸਾਧੁ ਅਸਾਧੁ ਖਲਾਸੀ ਹੈ॥ ਕਰਹੁ ਪਾਰ ਭਵ ਕਾਰ ਹਰੁਹੁ ਪ੍ਰਭ ਤ੍ਰੁਠੇ ਕ੍ਰਿਪਾ ਪ੍ਰਕਾਸੀ ਹੈ॥੯੧॥ ਲਿਖਤ ਬਿਦਾਵਾ ਜੇਬ ਜੁਪਾਵਾ ਤਾਹਿ ਦਿਖਾਵਾ ਫਾਗ ਹੈ॥ ਮਹਾ ਸਿੰਘ ਧੰਨ ਗੁਰੂ ਪਯਾਰ ਤ੍ਰੁਟੀ ਮੇਲਨ ਹਾਰਾ ਹੈ॥ ਪਰਉਪਕਾਰੀ ਗੁਰ ਦਰਬਾਰੀ ਹਰਿ ਹਿਤਕਾਰੀ ਭਾਰਾ ਹੈ॥ ਆਪ ਤਰਯੋ ਸਭ ਕੁਟੰਬ ਤਰਾਯੋ ਉਜਲ ਬੰਸ ਉਜਾਰਾ ਹੈ॥੯੨॥ ਜੀਵਨ ਆਸ ਤੋਹਿ ਸੁ ਜਿਆਵਾਹਿ ਜੁਗ ਜੁਗ

---

1. ਛੁਟਕਾਰਾ,
2. ਮੈਂ ਭੂਮੀ ਆਦਿ ਕੀ ਮੰਗਾਂ,
3. ਦੇਵਤੇ ਆਦਿ,
4. ਰਿਸ਼ੀ ਮੁਨੀ ਆਦਿ

Sri Satguru Jagjit Singh Ji eLibrary NamdhariElibrary@gmail.com

ਕਹ ਮੁਖ ਪਯਾਰੇ ਜੋ॥ ਮਹਾ ਸਿੰਘ ਕਹਿ ਸਭ ਕਛੁ ਪਾਯੋ ਟੂਟੀ ਮੇਲ[1] ਨਿਹਾਰੇ ਜੋ॥ ਅਵਧ ਪੁਰੀ ਕੋ ਰਾਜਾ ਕੀਨੋ ਰਘੁ ਕੁਲ ਮਨਿ ਨਿਰਧਾਰੇ ਜੋ॥ ਸਭ ਤੇ ਅਧਿਕ ਅਵਧਪੁਰ ਪਾਵਨ ਮਹਾ ਸਿੰਘ ਨ੍ਰਿਪ ਧਾਰੇ ਜੋ॥੯੩॥ ਨਿਰਖਤ ਸਤਗੁਰੁ ਪ੍ਰਾਨ ਪਧਾਰੇ ਸੁਰ-ਬੇਬਾਨ ਲਿਆਏ ਹੈਂ॥ ਸੰਗ ਸਿੰਘ ਜੀ ਉਦੇ ਸਿੰਘ ਸੇਲੈ ਗੁਰੁ ਲੋਕ ਸਿਧਾਏ ਹੈ॥੯੪॥ ਇਤਗੁਰੁ ਸੁਨੀ ਕਿਤੀ ਅਏਕ ਕਹੁਸੁ ਸਕਤ ਪਰੀ ਪਛਾਨੀ ਹੈ॥ ਆਏ ਨਿਕਟ ਤਾਹਿ ਕੇਤ ਬਹੀ ਸ਼੍ਰੀ ਸਤਗੁਰੁ ਧਨਪਾਨੀ ਹੈ॥ ਆਈ ਹੁਤੀ ਲੇਨ ਸੁਤ ਸੰਪਤ ਸਮਰ ਹੇਰ ਸਮੁਹਾਨੀ ਹੈ॥ ਬੋਲੀ ਸਰਬਕਾਮਨਾ ਪੂਰੀ ਅਬ ਨਹਿ ਰਹਿ ਕਛੁ ਛਾਨੀ ਹੈ॥ ਮਾਰਤ ਤੁਰਤਵੇਖ ਮਾਰਯੋ ਲਾਗਯੋ ਘਾਵ ਮਹਾਨੀ ਹੈ॥ ਤਬਤੇ ਰਹੀ ਸੰਗ ਮੈ ਗੁਰੁ ਕੇ ਭਾਗੋ ਦੇਵੀ ਸਯਾਨੀ ਹੈ॥੯੬॥ ਬਚਨ॥ ਪੁਤਾਂ ਕਾਰਨ ਆਇ ਅਹਿ ਪੀਰੀ॥ ਸੁਥਨ ਲਾਹਿ ਲਈ ਫਕੀਰੀ॥ ਚੋਕੀ ਦੇਇ ਪਲੰਗ ਕੀ ਨਿਤ ਪ੍ਰਤਿ ਚਿਤਰਤਿ ਸਾਂਗ ਸੁਧਾਰ ਹੈ॥ ਨੰਗਨ ਅੰਗ ਕਛੁ ਸੁਧ ਬੁਧ ਨਾਹੀ ਚੰਡੀ ਰੂਪ ਉਬਾਰੇ ਹੈ॥[2] ਕੱਛ ਦਈ ਅਰਪੇ ਚਾਂਦੀ ਨਾ ਤਬ ਤਿਨਸੋ ਸੁਸਜਾਯਾ ਹੈ॥ ਗਈ ਸੰਗ ਮੈ ਅਬਚਲ ਪੁਰਲੋ ਪੂਰਨ ਨੇਹੁ ਜਮਾਯਾ ਹੈ॥੯੭॥ ਮਾਈ ਭਾਗੋ ਕੋ ਤਹ ਬੁੰਗਾ ਬਿਦਿਤ ਬਿਨਵ ਬਰਜਾਨੇ ਹੈ॥ ਜਾਸ ਭਕਿਤਕੀ ਸਮਤਾ ਸਿੰਘੋ ਦੁਸੂਰ ਨਹਿਨ ਛਾਨੇ ਹੈ॥ ਇਤ ਪ੍ਰਭੂ ਸਿੰਘ ਸਰਬ ਇਕੱਤਰ ਕਰ ਇਕ ਥਲ ਚਿਤਾ ਬਨਾਈ ਹੈ॥ ਨਿਜ ਕਰ ਸੋ ਦੈ ਅਗਿਨ ਕ੍ਰਿਪਾ ਧਨਮਤ ਸੁਗਿਧਿ ਇਵਿ ਭਾਈ ਹੈ॥੯੮॥ਪੁਨ:॥ ਪੁਨ ਦਿਵਾਨ ਲਾਇ ਬੈਠੇ ਸਰਬਰ ਤੀਰ ਕ੍ਰਿਪਾਲਾ ਹੈ॥ ਸਦਾ ਸੁਮੇਰ ਸਿੰਘ ਕੇ ਦੀਦਨ ਕੋ ਜੋਇ ਨਿਤ ਰਖਵਾਲਾ ਹੈ॥ ਕਹਯੋ ਕਿ ਮੁਕਤ ਸਰੋਵਰ ਭੀਤਰ ਜੋ ਜਨ ਜਾਇ ਨਹਾਵੈਗਾ॥ ਮਾਘ ਸੰਕ੍ਰਮਣਿ[3] ਮਾਹਿਨੇਮ ਕਰ ਮੁਕਿਤ ਭੁਕਿਤ ਬਰ ਪਾਵੈਗਾ॥੯੯॥ ਸਿੰਘ ਸਹੀਦ ਸਥਾਨ ਤਥਾ ਦਰਬਾਰ ਦਰਸ ਕਰ ਆਵੈਗਾ॥ ਤੰਬੂ ਸਾਹਿਬ ਟਿੱਬੀ ਸਾਹਿਬ ਮੁਖ ਮੰਜਨਾ ਨਹਾਵੈਗਾ॥ ਸਰ ਰਿਕਾਬ ਇਤਯਾਦਿ ਥਾਨ ਕੋ ਪੂਜਨ ਕਰ ਉਰ ਭ੍ਰਾਵੈਗਾ॥ ਸਿਖੀ ਦਾਨ ਪ੍ਰਮਾਨ ਮਾਨ ਕਰ ਸੋ ਨਰ ਮੋ ਤੇ ਪਾਵੈਗਾ॥੧੦੦॥ ਬੜੋ ਨਗਰ ਯਾ ਭਲੋ ਬਸੈਗੋ ਰਾਜ ਖਾਲਸਾ ਆਵੈਗਾ॥ ਜਲ ਭਲ ਹੋਇ ਦੂਧ ਅਰਦਾਨਾ ਅੰਨ ਅਧਿਕ ਉਪਜਾਵੈਗਾ॥ ਜਿਨ ਸਹੀਦ ਸਨ ਸਿੰਘੀ ਰਾਖੀ ਤੂਟੀ ਮੇਲ ਮਿਲਾਈ ਹੈ॥ ਤਿਨਕੀ ਸੁਨਤਰੁ ਪਛਤ ਕਥਾ ਕੇਭਕਿਤ ਦਾਨ ਨਰ ਪਾਈ ਹੈ॥੧੧੦॥ ਭੂਤ ਪ੍ਰੇਤ ਜਾਕੋ ਕੁਊ ਲਾਗੈ ਮੁਕਤ ਸਰੋਵਰ ਨਹਾਵੈ ਜਬ॥ ਤ੍ਰਾਹਿ ਤ੍ਰਾਹਿ ਕਰ ਭਾਜ ਪਹਾਵੈ ਸਰਬ ਕਰ ਜਾ ਗਾਵੈ ਜਬ॥ ਮੇਰੀ ਅਤਿ ਪ੍ਰਸੰਨ ਤਾਤਾ ਪ੍ਰਮੁਕਤ ਸਰੋਵਰ ਆਵੈ ਜਬ॥ ਪੂਰਨ ਸੁਤੀਰਥ ਮੁਕਤਦਖਿਦਰਾਨਾ[4] ਅਲਾਵੈ ਜਬ॥੧੦੨॥ ਸੋਹਰ ਛੰਦ॥ ਜਗ ਮਹਿ ਬਿਧਿਤ ਅਨੇਕ ਬਿਬੇਕ ਸੁ ਤੀਰਥ ਹੋ॥ ਕਾਸੀ ਅਵਧ ਪਰਾਗ ਸਰੁਸ ਸੁ ਭਗੀਰਥ ਹੋ॥ ਸਪਤਪੁਰੀ ਸੁਰ ਪੁਰੀ ਸਰਸ ਸਭ ਭਾਤੀ ਹੋ॥ ਮੁਕਤ ਸਰੋਵਰ ਦੇਤ

---

1. ਟੁੱਟੀ ਗੰਢ ਲਵੋ, 2. ਇਹ ਪ੍ਰਸੰਗ ਗੁਰਮਤਿ ਅਨੁਸਾਰ ਨਹੀਂ ਹੈ, 3. ਮਾਘ ਦੀ ਸੰਗਰਾਂਦ (ਮਾਘੀ), 4. ਮੁਕਤ ਖਿਦਰਾਣਾ

Sri Satguru Jagjit Singh Ji eLibrary NamdhariElibrary@gmail.com

ਸਕਲਫਲ ਕਾਤੀ ਹੋ॥੧੦੩॥ ਸਲਿਲ ਮਾਹਿ ਜਿਮਿਸੁਰ ਸਰਿ ਤੀਰਥ ਬੇਨੀ ਹੋ॥ ਸਸਤ੍ਰਨ ਮਾਹਿ ਜਿਮਿ ਖੜਗ ਧਾਰ ਅਤਿ ਪੈਨੀ ਹੋ॥ ਦੇਵਨ ਮਹਿ ਦਿਵਰਾਜ ਨਰਨ ਮਹਿ ਰਾਘੋ ਹੋ॥ ਕਪਿਨ ਮਾਹਿ ਹਨੁਮਾਨ ਲੰਕ ਜਿਮਿ ਲਾਘੋ ਹੋ॥੧੦੪॥ ਜਦੁਨ ਮਾਹਿ ਅਕ੍ਰ ਕ੍ਰਿਸਨ ਕੋ ਪਯਾਰਾ ਹੋ॥ ਗੋਪਿਨ ਮਾਹਿ ਗੰਭੀਰ ਰਾਧਿਕਾ ਨਾ ਰਾਹੋ॥ ਗਰੁਨ ਮਾਹਿ ਗੁਰੂ ਨਾਨਕ ਤ੍ਰਿਭਵਨ ਧਾਰਾ ਹੋ॥ ਦੇਸਨ ਮਾਹਿ ਜਿਮਿ ਮੱਧਦੇਸ[1] ਨਿਰਧਾਰਾ ਹੋ॥੧੦੫॥ ਦਿਜਨ ਮਾਹਿ ਬਿਧਿ ਪਾਰੀ ਅਤਿਹਿ ਸਯਾਨਾ ਹੋ॥ ਗੁਨਨ ਮਾਹਿ ਜਿਮਿ ਸਾਤ ਸੁਮਤਿ ਪਹਿਚਾਨਾ ਹੋ॥ ਗੁਰੁਦਵਾਰਨ ਮਹਿ ਜਥਾ ਚਾਰ ਸੁਬਿਚਾਰਾ ਹੋ॥ ਭੂਮ ਮਾਲਵੇ ਮਾਹਿ ਮੁਕਤਸਰ ਭਾਗੀ ਹੋ॥੧੦੬॥ ਮਨ ਬਾਛਤ ਫਲ ਦੇਤ ਬਿਦਿਤ ਜਗਜਾਗਹੋ॥ ਪ੍ਰਤਿ ਬਰਖਹਿ ਨਿਤ ਮਾਘ ਭੀਰ ਗੁਰਦਵਾਰਾ ਹੋ॥ ਕਾਸੀ ਅਵਧ ਪ੍ਰਯਾਗਕਲਾ[2] ਨਹਿ ਖੋੜਸ ਹੋ॥ ਜਹਿਅਸ ਭਕਤ ਉਮੰਗ ਅੰਗਲਗ ਛੋੜਸ ਹੋ॥੧੦੭॥ ਸਿੰਘਨ ਕਰਹਿ ਪ੍ਰਸਾਦ ਸਬਦ ਸੁਨ ਗਾਵੇਜੋ॥ ਚਰਨ ਧੂਰ ਰਜ ਲਾਇ ਸੁ ਮਾਥ ਨਿਵਾਵਾਵੈ ਜੋ॥ ਸੁਤ ਬਿਤ ਸੰਪਤ ਸੁਖਦ ਸਮਗ੍ਰ ਸੁ ਪਾਵੈ ਜੋ॥ ਬਹੁਰ ਨ ਗਰਭ ਮਝਾਰ ਭਜਨ ਚਿਤ ਲਾਵੈ ਜੋ॥੧੦੮॥ਜੋ ਫਲ ਅੰਮ੍ਰਿਤਸਰ ਸੁਨਿ ਮੰਜਨ ਪਾਵੈ ਹੋ॥ ਸੋਇ ਫਲ ਸੋਇ ਗਤ ਮੁਕਤ ਸਰੋਵਰ ਨਾਵੈ ਹੋ॥ ਇਹਿ ਬਿਧਿ ਦੈ ਬਰਦਾਨ ਮਾਨ ਕਰ ਪ੍ਰੇਮੀ ਹੋ॥ ਚਿਤਵਤ ਮਹਾ ਸਿੰਘ ਅਧਿਕ ਗੁਨ ਨੇਮੀ ਹੋ॥੧੦੯॥ ਅਸਟਾਦਸ ਰਚ ਬਯਾਸ[3] ਸਿਧਾਂਤ ਨਿਕਾਰਹੋ॥ ਪਰੋਪਕਾਰ ਸੁਈ ਪੁੰਨਸ ਪਾਪ ਅਪਕਾਰਾ ਹੋ॥ ਤੁਟੀ ਮੇਲਨਹਾਰ ਮੋਰ ਸੁਤ ਬਾਗ ਹੋ॥ ਮੇਰੋ ਪ੍ਰਾਨ ਅਧਾਰ ਸੰਗ ਨਿਰਧਾਰਾਹੋ॥੧੧੦॥ ਮੁਕਤ ਸਰੋਵਰ ਕਥਾ ਪਢੈ ਸੁਨ ਗਾਵੈ ਹੋ॥ ਮੁਕਤਨਹਿਤੁ ਪ੍ਰਸਾਦ ਕਰਾਇ ਛਕਾਵੈ ਹੋ॥ ਮਨ ਬਾਂਛਿਤ ਬਰ ਲੇਇ ਫੇਰਨਹਿ ਆਵੈ ਹੋ॥ ਸਿੰਘ ਸੁਮੇਰ ਅਨੂਪ ਭਕਤ ਨਰਪਾਵੈ ਹੋ॥੧੧੨॥ਦੋ:॥ ਮਨ ਬਾਂਛਿਤ ਬਰਦੈਨ ਬਰ ਮੁਕਤ ਸਰੋਵਰ ਧਾਮ॥ ਜਹਨਿ ਵਸਤ ਗੋਬਿੰਦ ਸਿੰਘ ਨ ਪੂਰਨ ਕਾਮ॥੧੧੩॥ਚੋ:॥ ਜਬ ਸ੍ਰੀ ਸਤਗੁਰੁ ਦਖਨ ਗਏ॥ ਧਨੁਖ ਪ੍ਰਮਾਣ ਲਿਖਤ ਸਭ ਦਏ॥ ਅਠਾਰਹਿ ਸਤ ਤੀਸ ਸੁ ਸੰਮਤ॥ ਅਬਚਲ ਨਗਰ ਸਿੰਘ ਮਿਲ ਪੰਗਤ॥੧੧੪॥ ਮੁਕਤ ਸਰੋਵਰ ਬਾਤ ਚਲਾਈ॥ ਪ੍ਰਗਟ ਕਰਿਆ ਤੀਰਥ ਮਨ ਆਈ॥ ਸ੍ਰੀ ਪ੍ਰਭ ਆਗਯ ਹੂੰ ਤਿਨ ਪਾਈ॥ ਤਾਂਤੇ ਕਾਗਦ ਖੋਜ ਲਿਖਾਈ॥੧੧੫॥ ਗੁਰੁਮੁਖ ਥੇ ਜੇਤੇ ਤਿਹ ਕਾਲਾ॥ ਤਿਨ ਸਨ ਸਜ ਸੁ ਸਲਾਹ ਰਸਾਲਾ॥ ਪਠਯੋ ਹੁਕਮਨਾਮੋ ਲਿਖ ਐਸੇ॥ ਪ੍ਰਗਟ ਕਰਹੁ ਮੁਕਤਸਰ ਜੈਸੇ॥੧੧੬॥ ਤਾਤਕਾਲ ਤਿਨ ਕੀਨ ਤਯਾਰੀ॥ ਸਲੂਵਾਲੇ ਦੂੰਨਾ ਸਿੰਘ ਭਾਰੀ॥ ਜੀਵਣ ਸਿੰਘ ਬਾਦਰ ਚਲ ਆਯੋ॥ ਸੁਖਾ ਸਿੰਘ ਅਬਲੂਕੋ ਗਾਯੋ॥੧੧੭॥ ਹਿੰਮਤ ਸਿੰਘ ਬਹਲੋ ਕਾ ਮਿਲਾ॥ ਸੰਗਤ ਸਿੰਘ ਬਲੋਕਾ ਚਲਾ॥

ਸਭ ਜੁਰਿ[4] ਗ੍ਰਾਮ ਰੁਖਾਲੇ ਆਏ॥ ਬਸਤ ਸੰਤ ਜਹ ਇਕ ਹਰਖਾਏ॥੧੧੮॥

---

1. ਪੰਜਾਬ, 2. ਪ੍ਰਯਾਗ ਰਾਜ, 3. ਬਿਆਸ ਰਿਸ਼ੀ, 4. ਇਕੱਠੇ ਹੋ ਕੇ

Sri Satguru Jagjit Singh Ji eLibrary NamdhariElibrary@gmail.com

ਭਗਤ ਰਾਮ ਮਤਿ ਸੰਤ ਉਦਾਸੀ॥ ਬਿਰਧ ਅਧਿਕ ਸਤਰੀਤ ਪ੍ਰਕਾਸੀ॥ ਸੂਝਨ ਨਯਨ ਅੰਧ ਭਾ ਸੋਈ॥ ਖੋਜਤ ਰਹੇ ਤੀਨ ਦਿਨ ਜੋਈ॥੧੧੯॥ ਚਤੁਰਥ ਦਿਨ ਸਹੀਦ ਗੰਜ ਮਿਲਾ॥ ਅਸਿਤ ਚਿਨ ਤੇਜ ਜਾਹਿਰ ਭਲਾ॥ ਤਾਤੇ ਸਤ ਗੁਰਦਵਾਰੇ ਸਾਧੇ॥ ਰਹਤਰੀਤ ਮੰਜੀਕੀ ਬਾਂਧੇ॥੧੨੦॥ ਤਬ ਤੇ ਅਬਲੌ ਨਿਤ ਨਿਤ ਨਏ॥ ਬਨਤ ਬਸਤਪੁਰ ਸੋਭਾ ਭਏ॥ ਭਗਤ ਰਾਮਕੀ ਆਯੁ ਮਹਾਨਾ॥ ਪੰਦਰਹ ਬਰਖ ਜੁਧ ਸਵਧਾਨਾ॥੧੨੧॥ ਮੁਕਿਤ ਸਰੋਵਰ ਜਹ ਤੇ ਥਾਪਯੋ॥ ਦੇਖਯੋ ਜੁਧ ਦਰਸ ਪ੍ਰਭ ਆਪਯੋ॥ ਪੁਨ ਹਮੀਰ ਸਿੰਘ ਸੋਢੀ ਭਯੋ॥ ਹਰ ਸਹਾਇ ਗੁਰੁਪੁਰ ਸੋ ਜਯੋ॥੧੨੨॥ ਤਿਨ ਬਹੁ ਮਾਘੀ ਮੇਲ ਮਗਾਯੋ॥ ਕਰ ਰਖਯਾ ਬਹੁ ਸੇਵ ਕਰਾਯੋ॥ ਨਿਜ ਪੁਤਰਹਿ ਅੰਮ੍ਰਿਤ ਸੁ ਛਕਾਯੋ॥ ਮੁਕਤ ਸਰੋਵਰਰ ਦਵਾਰ ਦਿਖਾਯੋ॥੧੨੩॥ਦੋ:॥ ਪਢਤ ਸੁਨਤ ਜਿਹ ਭਾਵਨਾ ਪੂਰਬ ਪ੍ਰਾਪਤ ਪਾਇ॥ ਸਿੰਘ ਸੁਮੇਰ ਸੁ ਸਿੰਘ ਗਨ ਚਰਨ ਧੂਰ ਚਖ ਲਾਇ॥੧੨੪॥

ਸਾਖੀ॥੧੨੩॥

ਇਤਿ ਸ਼੍ਰੀ ਗੁਰੁ ਪਦ ਪ੍ਰੇਮ ਪ੍ਰਕਾਸੇ ਗੁਰ ਖੰਡਾਤਰ ਸਤਿ ਦਸਮ ਮੰਡਲ ਉਤਗਰਧੇ ਮੁਕਿਤਸਰ ਜੁਧ ਬਰਨਨਾਤਮਕ ਦਵੈ ਤ੍ਰਿਸਤਮੀ ਪ੍ਰਾਤ:॥੩੨॥ਚੌ:॥ ਚਲ ਖਾਨਾ ਕਪੂਰ ਪੈ ਆਯੋ॥ ਸਤਗੁਰੁ ਕੋ ਸਭ ਭੇਦ ਬਤਾਯੋ॥ ਜੁਧ ਭੂਮ ਪਰ ਨਰ ਸਭ ਚਾਲੀ॥ ਆਪ ਸਤਗੁਰੁ ਨੀਕ ਨਿਹਾਲੀ॥੧॥ ਇਤ ਸਤ ਗੁਰੁ ਪ੍ਰਸਾਦ ਬਰਤਾਯੋ॥ ਸੁਨ ਸੋਦਰ ਅਰਦਾਸ ਕਰਾਯੋ॥ ਤੰਬੂ ਜਾਇ ਕੀਨ ਬਿਸ੍ਰਾਮਾ॥ ਤਯਾਰੀ ਕਰੀ ਫੇਰ ਅਭਿਰਾਮਾ॥੧੧੨॥ ਉਤਰੇ ਜਾਇ ਸਰਾਇ ਕਿਨਾਰੇ॥ ਸੋਹਤ ਸੰਗ ਬਰਾਰ ਅਪਾਰੇ॥ ਤਾ ਇਕ ਰਾਹਤ ਜੋਗੀ ਬਰ ਸਾਧੂ॥ ਜਿਹ ਜਗ ਜਾਨਤ ਮਤੋ ਅਗਾਧੂ॥੩॥ ਤਿਨ ਪੂਛੀ ਕਿਹਿ ਡੇਰਾ ਆਯੋ॥ ਜਾਟਨ ਗੁਰੂ ਮਰੈਲਾ[1] ਗਾਯੋ॥ ਕਿਤੀ ਆਯੁ ਬਲ ਪੂਛਤ ਕਹੀ॥ ਚਾਲੀਸ ਕੇ ਅੰਤਰ ਮਤਿ ਲਹੀ॥੪॥ ਤਾ ਲੰਮੇ ਕੀ ਸੰਗਤ ਆਈ॥ ਉਪਦੇਸ ਗੁਰ ਗਯਾਨ ਦ੍ਰਿਢਾਈ॥ ਜੋਗੀ ਸੇ ਵਕ ਜਾਇ ਜਨਾਈ॥ ਇਕ ਨ੍ਰਿਪ[2] ਇਵ ਨਿਰਖਯੋ ਗੁਰੁ ਰਾਈ॥੫॥ ਸੁਨਤਿਨ ਕਹੀ ਕਿ ਉਮਰ ਨ ਜਾਕੀ॥ ਸਾਧਨਾ ਕਥੇ ਸਾਧਨਾ ਤਾਕੀ॥ ਕਿਨ ਸ਼੍ਰੀ ਪਦ ਢਿਗ ਆਇ ਜਨਾਈ॥ ਜੋਗੀ ਇਹਿ ਬਿਦਿ ਬਿਯੰਗ ਅਲਾਈ॥੬॥ ਸ਼੍ਰੀ ਮੁਖ ਕਹੀ ਸਾਚ ਕਹਿ ਜੋਗੀ॥ ਹੈ ਯਾ ਅਧਿਕ ਆਯੁ ਬਲ ਭੋਗੀ॥ ਪਾਚ ਹਜਾਰ ਏਕ ਸੈ ਬੀਸਾ॥ ਯਾਕੀ ਹੈ ਆਯੁਰਬਲ ਈਸਾ॥੭॥ ਆਯੁ ਅਧਿਕ ਅਤਿਮਾਨ ਸੁ ਜਾ ਕੇ॥ ਪ੍ਰੇਮ ਅਨੰਨਯ ਭਜਨ ਕਹਤਾਕੇ॥ ਤਿਹ ਸੇਵਕਨ ਜਾਇ ਸੋ ਕਹੀ॥ ਗੁਰੂ ਮੁਰੈਲਾ ਬੋਲਤ ਯਹੀ॥੮॥ ਸੁਨਤ ਬਚਨ ਜੋਗੀ ਤਬ ਆਯੋ॥ ਕਿਮ ਮਮ ਆਯੁ ਖਬਰ ਗੁਰਪਾਯੋ॥ ਸੋਦਰ[4] ਸਮਯ ਦਰਸ ਤਿਨਕੀਨਾ॥ ਲੈ ਲਸਟਕਾ ਬਿਰਧ ਤਨਖੀਨਾ॥੯॥ ਕਰ ਅਰਦਾਸ ਗੁਰ ਪਾਸ ਬਿਠਾਯੋ॥ ਬੰਦ ਚਰਨ ਗੁਰ

---

1. ਜੱਟਾਂ ਦਾ ਵੱਡਾ ਗੁਰੂ, ਮੁਹਰੀ ਗੁਰੂ, 2. ਇਕ ਇਲਾਕੇ ਦਾ ਨਾਂ, 3. ਰਾਜੇ ਸਮਾਨ, 4. ਰਹਿਰਾਸ ਦੇ ਸਮੇਂ

Sri Satguru Jagjit Singh Ji eLibrary NamdhariElibrary@gmail.com

ਬੈਠ ਸੁਹਾਯੋ॥ ਸਮਯ ਜਾਨ ਬੋਲਯੋ ਗੁਰਰਾਈ॥ ਅਲਪ ਅਵਸਥਾ ਸ਼ਕਤੀ ਪਾਈ॥੧੦॥ ਸ਼੍ਰੀ ਮੁਖ ਕਹੀ ਆਤਮਾ ਅਚਲ॥ ਬਾਲ ਜੁਬਾ[1] ਬਿਰਧਾ ਪਨ ਕੋ ਫਲ॥ ਦੇਹ ਧਰਮ ਆਤਮ ਕੋ ਨਾਹੀ॥ ਆਤਮ ਬਿਲਗ ਸੁ ਦੀਖਤ ਤਾਹੀ॥ਦੋ:॥ ਨਵ ਖਿੰਬੜਾ ਹਮ ਲਯੋ ਤੁਮ ਰਾਖਯੋ ਸੁ ਪੁਰਾਨ॥ ਰਹਤ ਜਨਮ ਅਰੁ ਜਰਾ ਤੇ ਆਤਮ ਰੂਪ ਪਛਾਨ॥੧੨॥ਚੌ:॥ ਸੁਨਤ ਸੰਤ ਤਬ ਦੋਊ ਕਰ[2] ਜੋਰੇ॥[3] ਜਾਨੀ ਜਾਨ ਜਾਨ ਜਿਅ ਜੋਰੇ॥ ਸਿੰਘਨ ਕਹੀ ਕਹਹੁ ਕਛੂ ਕਥਾ॥ ਨਿਰਖੀ ਇਤੀ ਆਯੁ ਬਲ ਜਥਾ॥੧੩॥ ਲਾਗਿ ਸਮਾਧਮੋਰ ਇਕ ਬਾਰਾ॥ ਬਹੁਤ ਕਾਲ ਪਰ ਨੈਨ ਉਘਾਰਾ॥ ਹੇਰਾ ਪੁਰ ਨਰ ਨਾਰਿ ਨ ਕੋਊ॥ ਭਯੋ ਕਹਾ ਉਹ ਬਿਸਮਯੋ ਸੋਊ॥੧੪॥ ਤੀਸਰ ਮਜਲ ਏਕ ਨਰ ਪਾਯੋ॥ ਤਾਸੋ ਮੈ ਪੂਛਯੋ ਮਨ ਲਯੋ॥ ਤਿਨਤਬ ਕਹੀ ਕਿ ਬਰਖ ਦਵਾਦਸਾ॥[4] ਪਰਾਕਾਲ[5] ਨਰ ਰਹਾ ਨ ਕਊ ਪਸ॥੧੫॥ ਕੋਸ ਪਾਚ ਸੈਭਈ ਨ ਬਰਖਾ॥ ਦਵਾਦਸ ਬਰਖ ਅੰਨ ਬਿਨ ਕਰਖਾ॥ ਅਜੀ ਸੀਸ ਪੰਚਾਸ ਰੁਪੈਆ॥ ਸੋਊ ਦੁਰਲਭ ਕਹੁ ਕਹੁ ਪੈਯਾ॥੧੬॥ ਅਬ ਸੁਕਾਲ ਬਰਖਾ ਅਤਿ ਭਈ॥ ਪੁੰਨ ਨਰ ਨਿਰਖ ਪਰਤ ਇਤ ਆਈ॥ ਸੋ ਪ੍ਰਭ ਆਪਨੀ ਆਯੁ ਮਝਾਰੀ॥ ਉਜਰਤ ਬਸਤ ਲਖਯੋ ਬਹੁਬਾਰੀ॥੧੭॥ ਤ੍ਰਿਕਾਲ ਗਯ ਪ੍ਰਮੇਸ੍ ਪਛਾਨਾ॥ ਜਾਨੀ ਜਾਨ ਸਕਲ ਘਟਨਾਥਾ॥ ਤੁਮਤੇ ਅਹਹਿ ਨਹੀ ਕਛੂ ਛਾਨਾ॥ ਜੋ ਸ਼੍ਰੀ ਪ੍ਰਭ ਮੈ ਕਰਹੁ ਬਖਾਨਾ॥੧੮ਦੋ:॥ ਮਹਾਰਾਜ ਮੁਹਿ ਸਿਖ ਕਰ ਕੀਜੈ ਦਾਸ ਸਮਾਨ॥ ਸ਼੍ਰੀ ਮੁਖ ਕਹੀ ਕਿ ਹੋਹੁਗੇ ਪੰਥ ਬ੍ਰਿਧਿ ਜਿਅਜਾਨ॥੧੯॥ ਪ੍ਰਥਮ ਕਿਉ ਹੰਕਾਰ ਉਰ ਗੁਰਹਿ ਬੁਲਾਯੋ ਆਪ॥ ਪੁਨ ਪਾਯੋ ਪਰਤੋ ਅਯੋ ਭਯੋ ਸੁ ਸਿਖ ਅਪਾਪ॥੨੦॥ ਇਹਿ ਬਿਧਿ ਜੋਗੀ ਦਰਸ ਕਰ ਸੀਸ ਨਿਵਾਇ ਮਹਾਨ॥ ਨਿਜ ਆਸ੍ਰਮ ਮਹਿ ਜਾਇ ਕੇ ਕਰਨ ਲਗੋ ਗੁਰ ਧਯਾਨ॥

ਸਾਖੀ॥੨੪॥

ਚੋ:॥ ਆਗੇ ਚਲੇ ਦੀਨ ਦੁਖ ਦਾਰੀ॥ ਸਾਚੇ ਸਤਗੁਰੁ ਹਰਿ ਅਵਤਾਰੀ॥ ਖਰੇ ਨਥੇ ਹੇ ਗ੍ਰਾਮ ਮਝਾਰਾ॥ ਮਿਲੇ ਜਾਟ ਤਹਿ ਆਇ ਗਵਾਰਾ॥੧॥ ਮਹਾਰਾਜ ਇਤ ਰਹਿਏ ਨਾਹੀ॥ ਤੁਰਕਨ ਤੇ ਹਮ ਅਧਿਕ ਡਰਾਹੀ॥ ਤਹਤੇ ਪੁਨ ਪ੍ਰਭ ਆਗੇ ਗਏ॥ ਫਤੇ ਸੰਮੁ ਠਹਰਤ ਭਏ॥੨॥ ਤਹਾਂ ਹਰੀ ਕੇ ਆਏ ਜਾਟ॥ ਲੁੰਗੀ ਖੇਸ ਭੇਦ ਜਸ ਖਾਟ॥ ਲੁੰਡੀ ਬਾਂਧ ਖੇਸ ਪ੍ਰਭ ਲੀਨਾ॥ ਜਥਾ ਦੇਸ ਤਸ ਭੇਸ ਸੁ ਕੀਨਾ॥੩॥ ਸ੍ਰੀ ਮੁਖ ਕਹੀ ਹਰੀ ਕੇ ਪਯਾਰੇ॥ ਜਾਗਹੁ ਨਿਸਾ[6] ਸੁਚੇਤੀ ਧਾਰੇ॥ ਹਮਰੇ ਸੰਗ ਜਾਟ ਬੈਰਾਰਾ॥ ਅਹਹਿ ਧਾੜਵੀ ਸੁਨ ਸਰਦਾਰਾ॥੪॥ ਸੁਖ ਨਿਧਾਨ ਛਕਿ ਸਿੰਘ ਸੁਜਾਨਾ॥ ਰਹਤ ਅਚੇਤ ਭਏ ਸੁਖ ਸਾਨਾ॥ ਤੀਨ ਬਾਰ ਜਬ ਸ੍ਰੀ ਮੁਖ ਕਹਾ॥ ਮਾਨਯੋ ਬਚਨ ਹਰੀ ਕੇ ਤਹਾ॥੫॥ ਸੇਵਕ ਭੋਗਰ ਸੁ ਥਲ ਬਿਰਾਏ॥ ਆਪ ਆਪਨੇ ਧਾਮ ਸਿਧਾਏ॥ ਪਹਰ ਰਾਤ ਜਬ ਬੀਤੀ ਜਾਨੀ॥

---

1. ਜਵਾਨੀ, 2. ਦੋਵੇਂ ਹੱਥ, 3. ਜੋੜੇ, 4. ਬਾਰਾਂ ਸਾਲ, 5. ਕਾਲ ਪੈ ਗਿਆ, 6. ਰਾਤ

Sri Satguru Jagjit Singh Ji eLibrary NamdhariElibrary@gmail.com

ਬੋਲੇ ਸ਼੍ਰੀ ਸਤ ਗੁਰੁ ਧਨਪਾਨੀ॥੬॥ ਕੰਨੇ ਹਰੀ ਕੋ ਪਾਰੇ ਮਾਹੀ॥ ਕਹੀ ਡੋਗਰ ਨ ਡੋਂਗਰ ਹਯਾਹੀ॥ ਤਯੋ ਹੀ ਅਰਧ ਨਿਸਾ ਪੁਨ ਕਹੀ॥ ਪਹਰ ਰਾਤ ਹੂੰ ਭਾਖੀ ਸਹੀ॥੭॥ ਡੋਗਰ ਕਹਤ ਰਹੇ ਹਮ ਅਹੈ॥ ਨਾਹਿ ਹਰੀਕੇ ਪਹਰੇ ਰਹੈ॥ ਕਰ ਮਦ ਪਾਨ ਸਬਹਿ ਘਰ ਗਏ॥ ਹਮ ਜਾਗਤ ਪ੍ਰਭ ਹਾਜਰ ਰਹੈ॥੮॥ ਸ਼੍ਰੀ ਮੁਖ ਕਹੀ ਚੌਧਰੀ ਡੋਗਰ॥ ਰਹਹਿ ਹਰੀ ਕੇ ਬਸਤ ਜਾਟ ਬਰ॥ ਤਬਤੇ ਡੋਗਰ ਭਏ ਚੌਧਰੀ॥ ਬਿਗਰ ਗਈ ਚੌਧਰਾਇਤ ਹਰੀ॥੯॥ ਆਗੇ ਕਿਆ ਬਦਰੀ ਤਰ ਡੇਰਾ॥ ਸ੍ਰਛਯ ਭੂਮ ਭਲ ਆਸਨ ਹੇਰਾ॥ ਪ੍ਰਾਤ ਭਏ ਪੁਨ ਕਰੀ ਤਯਾਰੀ॥ ਗ੍ਰਾਮ ਬਜੀਦੇ ਉਤਰੇ ਤਾਰੀ॥੧੦॥

ਸਾਖੀ॥੨੫॥

ਚੋ:॥ ਸਿੰਘਨ ਕਹੀ ਕ੍ਰਿਪਾਨਿਧਿ ਗਈ॥ ਅਬ ਕਸੂਰ ਅਤਿ ਨਿਕਟ ਬਤਾਈ॥ ਮਹਾਰਾਜ ਦਵਾਬਿੰਸਤਿ ਨੌਬਤ॥ ਝਰਤ ਰਹਤ ਕਸੂਰ ਪ੍ਰਭ ਨਿਤ ਪ੍ਰਤਿ॥੧॥ ਸ਼੍ਰੀ ਪ੍ਰਭ ਕਹੀ ਕਿ ਕਾਨੇ[1] ਕਾਛੇ॥ ਬਜਿ ਹੈ ਹਮਰੀ ਨੌਬਤ ਆਛੈ॥ ਤਬ ਲੌ ਤੀਤਰ ਬੋਲਯੋ ਆਈ॥ ਬਿਹਸਿ ਉਠੇ ਕਲਗੀਧਰ ਗਈ॥੨॥ ਜਾਬੋਲਾ ਤਾ ਲਧਾ ਸਹੀ॥ ਬਚਨ ਕਰਤ ਹਯ ਬਾਗਨ ਗਹੀ॥ ਬਾਜ ਸਵਾਨ ਤਾ ਪਾਛੈ ਡਾਰੇ॥ ਮਾਰਹਿ ਬਾਜ ਨ ਤੀਤਰ ਹਾਰੇ॥ ਸਵਾਨਨ ਸੰਗ ਜਾਇ ਜਬ ਬਾਜਾ॥ ਗਾਹਿਨ ਤੀਤਰ ਸਰਹਿ ਨ ਕਾਜਾ॥੩॥ ਕੋਸ ਪਚੀਸ ਸਈਸ ਆਨੰਦ॥ ਪਕਰਯੋ ਤੀਤਰ ਜਾਇ ਸੁਮੰਦ॥ ਨੋਚੇ ਪਰ ਅਰ ਬਾਜ ਤਰਾਵਾ॥ ਦਾਨ ਸਿੰਘ ਅਸਪਾਲੀਆ ਲਾਵਾ॥੪॥ ਸਮਰਥ ਪ੍ਰਭੂ ਕੋਊ ਕਹਿ ਨ ਸਕਈ॥ ਕਰ ਢਿਠਾਈ ਮੈ ਨਿਜ ਮਤ ਕਈ॥ ਦੀਨ ਬੰਧ ਤਵ ਨਾਮ ਮਹਾਨਾ॥ ਕਤ ਤੀਤਰ ਸਿਕਾਰ ਮਨਮਾਨਾ॥੫॥ ਇਕ ਤੀਤਰ ਇਤੀ ਕੋਸ ਸੁਧਾਏ॥ ਕਾਯਾ ਮੈ ਸੁਖ ਸ਼੍ਰੀ ਪ੍ਰਭ ਪਾਏ॥ ਥਕੇ ਸੂਰ ਹਯ ਥਕਿ ਜਕਿ ਗਏ॥ ਤੀਤਰ ਮਾਰ ਸੂਰ[2] ਨਹਿ ਭਏ॥੬॥ ਦਾਨ ਸਿੰਘ ਸੁਨ ਸੁਮਤਿ ਕਹਾਨੀ॥ ਸਮਯ ਸੁਔਸਰ[3] ਸਮਝ ਬਖਾਨੀ॥ ਹਮਹਿ ਨ ਹਿੰਸਾ ਧਰਮ ਪਿਆਰਾ॥ ਜਹਿ ਹਮ ਨਿਤ ਰੁਚ ਮਾਂਸ ਬਿਚਾਰਾ॥੭॥ ਕੇਵਲ ਜੀਵਨ ਕਰ ਕਲਯਾਨਾ॥ ਕਾਰਨ ਨਮਿਤ ਕਰਤ ਭਗਵਾਨਾ॥ ਯਾਤੀਤਰ ਭੀਤਰ ਮਮ ਕਾਜੂ॥ ਸੋ ਸੁਨ ਕਰ ਜੁ ਗਰੀਬ ਨਿਵਾਜੂ॥੮॥ ਦੋ॥ ਦਾਨ ਸਿੰਘ ਪੂਰਬ ਜਨਮ ਤੀਤਰ ਜਾਟ ਮਹਾਨਾ॥ ਖਤ੍ਰੀ ਯਹਰਹਿ ਬਾਜ ਬਰ ਦੇਤ ਲੇਹ ਨਿਜਮਾਨਾ॥੯॥ਚੋ:॥ ਏਕ ਬਾਰ ਰੁਪਏ ਕਛ ਲੀਨੇ॥ ਜਾਟ ਜਾਟਿ ਜਿਨ ਕਾਰਜ ਕੀਨੇ॥ ਪੁਨ ਦੂਸਰ ਗ੍ਰਾਮ ਮਹਿ ਬਸਾ॥ ਧਨਨ ਦੇਤ ਛਲ ਬਲ ਅਤਿ ਧਸਾ॥੧੦॥ ਕਬਹੁਕ ਤਿਹ ਖਤ੍ਰਿਹ ਦਰਸਾਯੋ॥ ਗੁਰ ਜਾਮਨ ਦੈ ਕਰ ਛੁਟ ਆਯੋ॥ ਤਉ ਜਾਟ ਧਨ ਦੀਨਾ ਨਾਹੀ॥ ਅਬ ਸੁ ਭਯੋ ਤੀਤਰ ਤਨਮਾਹੀ॥੧੧॥ ਖਤ੍ਰੀ ਬਾਜ ਖਾਸ ਮੈ ਜਾਮਿਨ॥ ਇਹਿ ਬਿਧਿ ਦੇਹੁ ਤਾਸੁ ਧਨ ਸਾਮਿਨ॥ ਸੁਨਤ ਦਾਨ ਸਿੰਘ ਚਰਨ ਪਰ ਪਰਾ॥ ਮਹਾਰਾਜ ਬਕਸਹੁ ਬਚ

---

1. ਘੋੜੇ, 2. ਬਹਾਦਰ, 3. ਸਮਾਂ

Sri Satguru Jagjit Singh Ji eLibrary NamdhariElibrary@gmail.com

ਰਰਾ॥੨॥ ਸ੍ਰੀ ਮੁਖ ਕਹੀ ਪ੍ਰਛਿ ਪਰਮਾਰਥ॥ ਯਾਤੇ ਬਿਗਰਤ ਨਹਿ ਕੋਊ ਸਵਾਰਥ॥ ਸਤਗੁਰੁ ਕਹਿ ਜੋ ਜਾਮਨ[1] ਦੇਈ॥ ਤਾਸੁ ਚਿੰਤ ਮੁਹਿ ਨਿਸਿ[2] ਦਿਨ ਸੇਈ॥੩॥ ਅਸਕਹਿ ਕਰ ਨਿਜ ਆਸਨ ਆਏ॥ ਨਿਸਾ ਬਿਤਾਇ ਕਰ ਅਗ੍[3] ਸਿਧਾਏ॥ ਘੋਰਠਕੀ ਤ੍ਰੈਮੇਖੁ ਜੁ ਲਾਗੀ॥ ਅਜਹੁ ਜੰਡ ਤਰੁ[4] ਦੀ ਖਤ ਆਗੀ॥੧੪॥ ਤਹ ਤੇਗੋ ਲੈ ਵਾਲੇ ਆਏ॥ ਸੇਵਨ ਕਰੈ ਨਗਰ ਨਰ ਭਾਏ॥ ਧ੍ਰਤ ਸਵਾਰ ਹੋਇ ਗੁਰ ਰਾਈਂ ਚਲੇ ਬਰਾਰ ਸੰਗ ਕਟਕਾਈ॥੧੫॥

ਸਾਖੀ॥੨੬॥

ਚੋ:॥ ਦੇਸ ਮਾਲਵੇ ਮਨੁ ਜਤਰਾਏ॥ ਮੁਕਤ ਸਰੋਵਰ ਡੇਰੇ ਲਾਏ॥ ਤੰਬੂਤਾਨ ਸੁ ਬਿਧਿ ਭਲ ਲੀਨੋ॥ ਬੈਠਯੋ ਸਤਗੁਰੁ ਪੂਰਨ ਪੀਨੋ॥੧॥ਦੋ:॥ ਜਾਇ ਰੁਪਾਣੇ ਦੇਗ ਛਕ ਕਿਓ ਸੁਚੇਤਾ ਆਪ॥ ਇਕ ਘੋਘੜ ਮਾਰਯੋ ਪ੍ਰਭੂ ਕਰ ਕਰ ਕੈ ਅਤਿਦਾਪ॥੨॥ਚੋ:॥ ਜੋਗਾ ਸਿੰਘ ਕਹੀ ਯਹ ਕੈਸੋ॥ ਘੋਘੜ ਮਾਰਨ ਕਾਰਨ ਹੈ ਜੇਸੋ॥ ਸ੍ਰੀ ਮੁਖ ਕਹੀ ਕਿ ਘੋਘੜ ਰਾਜਾ॥ ਆਗੇ ਰਹੋ ਅਧਿਕ ਬਲ ਛਾਜਾ॥੩॥ ਸਿਖ ਰਹਯੋ ਪ੍ਰੇਮੀ ਬੜ ਪੂਰਾ॥ ਭਜਨ ਕਰਤ ਅਤਿ ਸੇਵਕ ਸੂਰਾ॥ ਏਕ ਬਾਰ ਸਭ ਸਿੱਖ ਜਿਮਾਏ॥ ਇਕ ਕੰਨਯ ਪਰ ਪਾਪ ਉਠਾਏ॥੪॥ ਕਰ ਜੋਰੀ ਕਨਯਾ ਪਕਰਾਈ॥ ਪਿਤ ਕੇ ਸੰਗ ਰਾਤ ਸੋਵਾਈ॥ ਮੈ ਰਿਤਵੰਤ ਨ੍ਰਿਪਤ ਮਹਾਂ ਭਈ॥ ਅਹਹੈ ਸੁਧ ਸਹੋ ਸੁਖਮਈ॥੫॥ ਨਿਸ ਮਹਿ ਬਿਸ ਭਖਪ੍ਰਾਨ ਨਿਕਾਰੇ॥ ਮਰਤ ਸਾਪ ਘੋਘੜ ਕਰ ਧਾਰੇ॥ ਸਤ ਘੋਘੜ ਸਰੀਰ ਇਨਪਾਯੋ॥ ਭੂਮਿ ਬਾਸਨਾ[5] ਭੂਮਹਿ ਆਯੋ॥੬॥ ਸੇਵਕ ਜਾਨ ਮੁਕਿਤ ਤਿਹਿ ਕੀਨਾ॥ ਜੋਗਾ ਸਿੰਘਨ ਅਨੁਚਿਤ ਚੀਨਾ॥ ਇਹਿ ਬਿਧਿ ਖੇਲ ਸਿਕਾਰ ਅਪਾਰਾ॥ ਸ੍ਰੀ ਸਤਗੁਰੁ ਗੋਬਿੰਦ ਸਿੰਘ ਭਾਰਾ॥

ਸਾਖੀ॥੨੭॥

ਚੋ:॥ ਹੁਕਮ ਨਾਥ ਤਹ ਜੋਗੀ ਰਹਈ॥ ਗੋਰ ਭਟੀ ਕਾ ਸਬ ਥਲ ਚਹਈ॥ ਤਿਨ ਕਬਹੁਕ ਕਹੀ ਗੁਰ ਸਵਾਮੀ॥ ਕਰਾਮਾਤ ਦਿਖਰਾਇ ਅਮਾਨੀ॥੧॥ ਸ੍ਰੀ ਮੁਖ ਕਹੀ ਐਸ ਹੀ ਹੋਈ॥ ਕਰਾਮਾਤ ਦੇਹੈ ਤੁਹਿ ਸੋਈ॥ ਤਾ ਥਲ ਪਰ ਸਿਕਾਰ ਮਿਸ ਗਏ॥ ਲਾਵਤ ਸਰਧਰ ਪਰ ਪੁਨ ਭਏ॥੨॥ ਬੋਲੇ ਹੁਕਮ ਨਾਥ ਅਤਿ ਨੀਕੇ॥ ਸੋ ਸਾਚਹੁ ਭਾਖਹੁ ਨਿਜ ਜੀਕੇ॥ ਮਹਾਰਾਜ ਮੈ ਨੀਕੇ ਮਹਾ॥ ਕਰ ਦਰਸਨ ਆਨੰਦ ਪਤਿ ਯਹਾਂ॥੩॥ ਦਿਹਲੀ ਅਰੁ ਲਾਹੌਰ ਅਬ ਜਾਵਹੁ॥ ਕਰ ਭਿਛਯ ਪੁਨ ਨਿਜ ਥਲ ਆਵਹੁ॥ ਹੁਕਮ ਨਾਥ ਕਹਿ ਦੀਨ ਦਯਾਲਾ॥ ਸੋ ਨ ਹੁਕਮ ਤਵ ਸੁਨਹੁ ਸੁਖਾਲਾ॥੪॥ ਰਹਯੋ ਨ ਕਤਹੁ ਜਾਨ ਕੇ

---

1. ਜਾਮਨੀ, 2. ਰਾਤ, 3. ਅੱਗੇ, 4. ਜੰਡ ਦਾ ਦਰੱਖਤ, 5. ਇੱਛਾ

Sri Satguru Jagjit Singh Ji eLibrary NamdhariElibrary@gmail.com

ਲਾਇਕ॥ ਰਾਊਰ ਕ੍ਰਿਪਾ ਸੁਨਹੁ ਧਰ ਸਾਇਕ॥ ਤਾ ਜੋਗੀ ਕਰਪਾਲੀ ਜੋਈ॥ ਲਯਾਵਤ ਟੋਰੀ ਪੀਲੂ ਸੋਈ॥੫॥ ਤਾਸਨ ਸਭ ਅਯਾਤ ਜੇ ਆਵਤ॥ ਕਰਾਮਾਤ ਜੋਗੀ ਦੀ ਜਾਵਤ॥ ਬਛਰਾ ਗਾਇ ਸੰਗ ਬਨ ਚਰਹੀ॥ ਦੁਗਯਪਾਨ ਕਬਹੂੰ ਨਹਿ ਕਰਹੀ॥੬॥ਦੋ:॥ ਏਕ ਪਾਤਰ ਮੈ ਖੀਚਰੀ ਕਰਤ ਜੋਗ ਬਰ ਆਪਾ॥ ਠੋਰ ਪਾਤਰ ਸਭ ਖਾਇਕਰ ਦੇਤ ਜੋਰ ਪੁਨ ਜਾਪ॥੭॥ਚੋ:॥ ਤਬ ਜੋਗੀ ਉਰ ਅਤਿ ਘਬਗਯੋ॥ ਗਾਇਨ ਸੰਗ ਸੁਰਤੀਏ ਆਯੋ॥ ਅਮਰ ਸਰਬ ਸਾਮਾਨਾ ਹਯਾਦੀ॥ ਤਜੇ ਤਿਤਹਿ ਲਖ ਪ੍ਰਭਾ ਅਨਾਦੀ॥੮॥ ਜਹ ਪ੍ਰਭ ਕਰਯੋ ਰਹਯੋ ਤਹ ਡੇਰਾ॥ ਜੰਡ ਰਹੇ ਤੈ ਮੁੰਡ ਸੁ ਹੇਰਾ॥ ਸ਼੍ਰੀ ਪ੍ਰਭੂਤਾ ਸੰਗ ਸਸਤਰ ਝੂਲਾਏ॥ ਅਜਹੁਤਿ ਤਹਿ ਮੰਜੀ ਸੁ ਥਾਨਾਏ॥੯॥ ਪੂਰਤ ਮਨੋਕਾਮਨਾ ਜਨ ਕੀ॥ ਬਕਸਤ ਸਭ ਤਨਖਾਹ ਸੁਤਨ ਕੀ॥ ਬਕਸਾਵਨ ਤਨਖਾਹ ਪ੍ਰਮਾਨਾ॥ ਮਰਜਾਦਾ ਪੁਰੁਸੋਤਮ ਪ੍ਰਾਨਾ॥੧੦॥ ਮਾਨ ਸਿੰਘ ਸੋ ਰੀਤ ਚਲਾਈ॥ ਸਭ ਪ੍ਰਕਾਰ ਪਰਮਾਰਥ ਦਾਈ॥ ਪੁਨ ਆਗੇ ਖਟ ਕੋਸ ਪ੍ਰਮਾਨਾ॥ ਭੂੰਦੜ[1] ਕਿਆ ਡੇਰਾ ਭਗਵਾਨਾ॥੧੧॥

ਸਾਖੀ॥੨੮॥

ਚੋ:॥ ਭੂੰਦੜ ਆਨ ਚਰਨ ਲਪਟਾਨਾ॥ ਪਾਂਚ ਰੁਪੈਆ ਥਾਨ ਪ੍ਰਮਾਨਾ॥ ਦੂਧ ਅਧਿਕ ਸਿੰਘਾਨ ਛਕਾਯੋ॥ ਬੜੇ ਪ੍ਰੇਮ ਕਰ ਨਾਥ ਟਿਕਾਯੋ॥੨੧॥ ਭੂਦੜ ਚਹਹਿ ਰਹਹਿ ਗੁਰਰਾਈ॥ ਹੋਇ ਕਛੂ ਸਤਸੰਗ ਸਹਾਈ॥ ਸਮਯ ਸਮਾਨ ਸੰਤ ਸੰਗ ਕੀਨਾ॥ ਪੁਨ ਪ੍ਰਭੂ ਗਮਨ ਅਨਤ ਚਿਤ ਚੀਨਾ॥੨॥ ਚਢ ਸਤਗੁਰ ਬਹੇੜੀ ਮਹਾਨਾ॥ ਕਾਲ ਝਰਾਣੀ ਡੇਰਾ ਮਾਨਾ॥ ਤਹਾ ਫੁਲਾਹੀ ਮਾਹਿ ਕਾਕ ਸੁਤ॥ ਨਿਰਖੇ ਬੈਠੇ ਲੁਕੇ ਹੇਰ ਉਤ॥੩॥ ਧਰਮ ਸਿੰਘ ਕਹਿ ਆਪ ਅਲਾਯੋ॥ ਕਾਕਤਨਯ ਜਿਨ ਹਵੈ ਮੁਹਿਬਾਯੋ॥ ਤਾਸੁ ਤੋਰ ਗਰਦਨ ਅਬਜਾਈ॥ ਕਰਨ ਅਬੇਰ ਹੋਤ ਭਲ ਨਾਈ॥੪॥ ਧਰਮ ਸਿੰਘ ਤਿਮਿ ਗਰਦਨ ਤੋਰੀ॥ ਬੋਲੇ ਹੇਠ ਪਰਮ ਸਿੰਘ ਜੋਰੀ॥ ਪਰਮ ਸਿੰਘ ਕਰ ਸੰਸਯ ਨਾਹੀ॥ ਯਾ ਲਾਗਰੀ ਗੁਰੂ ਗਨ ਗਾਹੀ॥੫॥ ਸਿੰਘਨ ਕਾਉਕਾ ਉਕਰ ਪਰੈ॥ ਦੀਨ ਗਰੀਬ ਦੇਖਨ ਨਹਿ ਡਰੈ॥ ਦੂਜੋ ਧਰਮ ਚੰਦ ਦੀਵਾਨਾ॥ ਮਾਨੈ ਨਹਿਕਿਹਿ ਸਿਖ ਕੀ ਆਨਾ॥੬॥ ਤਾਤੇ ਅਪਨੇ ਘਰ ਕੇ ਜਾਨੇ॥ ਭਲੀ ਭਾਂਤ ਸੋ ਕਰਸਨ ਮਾਨੇ॥ ਅਏ ਭਏ ਮੁਕਿਤ ਸੁਨ ਭਾਈ॥ ਦੀਨੋ ਸਭ ਅਘ ਓਘ ਨਸਾਈ॥੭॥ ਤਹ ਗੁਰੁਦਵਾਰ ਬਿਦਿਤਨ ਰਹਾ॥ ਸਾਹਬ ਸਾਧੂ ਸਿੰਘ ਕਬ ਲਹਾ॥ ਨਿਜ ਗੁਰੁ ਤੀਰਥ ਜਾਤ੍ਰਾ ਮਾਹੀ॥ ਕਰੀ ਪ੍ਰਗਟ ਮੰਜੀ ਤਬ ਤਾਹੀ॥੮॥ਦੋ:॥ ਤਬ ਤੇ ਪੂਜਤ ਨਾਰ ਨਰ ਪਾਵਤ ਭਾਵਤ ਪ੍ਰੇਮ॥ ਸਤਗੁਰੁ ਗੁਨ ਗਨ ਗਾਨ ਨ ਕੀ ਮਿਤ ਨ ਅਮਿਤ ਸ੍ਰਤ ਨੇਮ॥੯॥

ਸਾਖੀ॥੨੯॥

ਚੋ:॥ ਤਹ ਤੇ ਆਏ ਢਾਬ ਅਗਾਰੀ॥ ਪੂਰਬ ਓਰਕ ਦਿਆਵਾਰੀ॥ ਤਹ ਇਕ

---

1. ਇਕ ਪਿੰਡ, ਇਕ ਆਦਮੀ ਦਾ ਨਾਂ

Sri Satguru Jagjit Singh Ji eLibrary NamdhariElibrary@gmail.com

ਸਰਪ ਕਾਢਿ ਫਨ ਆਯੋ॥ ਸੋ ਸ੍ਰੀ ਕਰਸੋਂ ਸਰ ਸੋਘਾਯੋ॥ ਪੂਛਿ ਸੇਵਕਨ ਦੀਨ ਭਰੋਸਾ॥ ਰਹੇ ਮਸੰਦ ਪੂਰਬਲੋ ਰੋਸਾ॥ ਕਾਹੂ ਕਹਿ ਨਹਿ ਸੀਸ ਨਿਵਾਯੋ॥ ਤਾ ਅਘ ਨਾਗ ਬਿਸੰਯਹ ਆਯੋ॥੨॥ ਤਾਤੇ ਹਮ ਅਬ ਯਾ ਕਹਿ ਮਾਰਾ॥ ਜਨਮ ਮਰਨ ਸੰਤਾਪ ਨਿਵਾਰਾ॥ ਅਬ ਪ੍ਰਭੂ ਸੇਵਕ ਤਾਰਨਹਾਰਾ॥ ਭਜਹਿ ਜਨੋ ਮਲ ਮੂਢ ਗਵਾਰਾ॥੩॥

ਸਾਖੀ॥੩੦॥

ਚੋ:॥ ਗਏ ਗੁਰੂ ਸਰਪੁਨ ਗੁਰੁਰਾਈ॥ ਮਿਲੇ ਆਨ ਸੋਢੀ ਸਮੁਦਾਈ॥ ਸੇਵਾ ਕਰੀ ਸਕਲ ਬਿਧਿ ਰੀਤੀ॥ ਮਾਨੀ ਆਨ ਨਾਥ ਪਦ ਪ੍ਰੀਤੀ॥੧॥ ਆਗੇ ਚਲੇ ਕ੍ਰਿਪਾਲ ਮਹਾਨਾ॥ ਬਿਸ ਸਿਕਾਰ ਕਰ ਚਰਿਤ ਸੁਨਾਨਾ॥ ਸੰਗ ਬਗਰ ਭੀਰ ਅਤਿ ਭਾਰੀ॥ ਬੋਲਤ ਸਭ ਨਿਜ ਮਤਿ ਅਨੁਸਾਰੀ॥

ਸਾਖੀ॥੩੧॥

ਸਰਬੰਗਾ॥ ਦਯਾ ਸਿੰਘ ਕਹਿ ਗੁਰੁ ਪ੍ਰਸਾਦਾ॥ ਭਯੋ ਖਾਲਸਾ ਮਿਟਾ ਬਿਖਾਦਾ॥੧੮॥ ਦਯਾ ਸਿੰਘ ਅਜਹੁ ਸੁਨ ਮੇਰੀ॥ ਚਾਲਿਸ ਬਰਖ ਦੇਰ ਅਤਿ ਹੇਰੀ॥ ਕਤਇਤ ਉਜਲਤ ਸਤਗੁਰੁ ਕੀਨੀ॥ ਯਹ ਅਚਰਜ ਮਤਿ ਮੇਰੀ ਭੀਨੀ॥੧੯॥ ਦਯਾ ਸਿੰਘ ਕਹਿ ਕਰ ਜਵਤਾਈ॥ ਆਪਹਿਕਰੀ ਸੁ ਅਧਿਕ ਲਗਾਈ॥ ਹਿੰਦਨ ਧਰਮ ਬਿਨਾਸਨ ਲਾਗੇ॥ ਪ੍ਰਗਟ ਭਏ ਸਤਗੁਰੁ ਤਬ ਜਾਗੇ॥੨੦॥ ਬਹੁ ਦੇਵਲ ਅਸਥਾਨ ਗਿਰਾਏ॥ ਭਾਂਤ ਭਾਂਤ ਕੇ ਦੋਸ ਲਗਾਏ ਬੋਲਯੋ ਕੁ ਸਮਯ ਭਯੋ ਖਾਲਸਾ॥ ਪ੍ਰਥਮ ਪਾਇ ਦੂਖ ਪੂਰਿ ਲਾਲਸਾ॥੨੧॥ ਦਯਾ ਸਿੰਘ ਕਹਿ ਸੁਖ ਦੁਖ ਸੰਗਾ॥ ਚਾਹਿਆ ਇਕ ਪ੍ਰਭ ਪਦ ਰਜ ਰੰਗਾ॥ ਯਹ ਸਤਗੁਰੁ ਦਿਯ ਜਫਰਨਾਮਾ॥ ਲੀਜੈ ਅਦਬ ਸਹਿਤ ਬਲਧਾਮਾ॥੨॥ ਲੀਨ ਅਦਬ ਸਹਿ ਕੁਰਮਹਿ ਜਬਹੀ॥ ਪਢਤ ਭਯੋ ਸਮਝਤ ਸਭ ਤਬਹੀ॥ ਨਸਰ ਬੈਤ ਜਿਹਿ ਨਸਰ ਸੁਆਨਾਂ॥ ਪਢਤ ਭਯੋ ਸੁਕਹਤ ਬਿਧਿ ਨਾਨਾ॥੨੩॥ ਸਮਝ ਗਯੋ ਨਿਜ ਮ੍ਰਿਤ ਨਿਅਰਾਈ॥ ਗੁਰੁ ਸ੍ਵਰੂਪ ਕੀ ਸੁਧ ਉਰ ਆਈ॥ ਬੋਲਯੋ ਦਯਾ ਸਿੰਘ ਦਿਸ ਨੈਨਾ॥ ਕਰਾਮਾਤ ਨਿਧਿ ਤਵ ਗੁਰ ਐਨਾਂ॥੨੪॥ ਦਯਾ ਸਿੰਘ ਕਹੀ ਸਾਹਨ ਸਾਹਾ॥ ਸ਼੍ਰੀ ਗੁਬਿੰਦ ਸਿੰਘ ਸਚ ਪਾਤਸਾਹਾ॥ ਤਹ ਮਹਿ ਕਰਾਮਾਤ ਬਿਧਿ ਨਾਨਾ॥ ਕਹਨ ਮਾਹਿ ਅਤਿ ਲਘੁਤਾ ਜਾਨਾ॥੨੫॥ ਜਾਸੁ ਕਿਓ ਯਹ ਅੰਡ ਕਟਾਹਾ॥ ਬਿਸਵ ਰੂਪ ਜੋ ਹਰਿ ਗੁਨ ਲਾਹਾ॥ ਸੋਈ ਸਤਗੁਰ ਸ਼੍ਰੀ ਅਬਿਨਾਸੀ॥ ਸੁਨਹਿ ਜਨਾਬ ਜੀਅ ਸੁਖ ਰਾਸੀ॥੨੬॥

ਲਲਿਤ ਪਦ ਛੰਦ॥ ਗੁਰੁ ਕੇ ਕੂਕਰ ਕਰਾਮਾਤ ਨਿਧਿ ਕਹ ਕਹ ਕਥਾ ਸੁਨਾਊਂ॥ ਪਾਤਸਾਹ ਸ਼੍ਰੀ ਸਤ ਗੁਰ ਬਰ ਕੋ ਕੋ ਕੋ ਰੰਗ ਲਖਾਊਂ॥੨੭॥ ਨੀਤ ਨਿਪੁਨਤਾ ਬਿਨਾਮਹਿ ਪਮਨ[1] ਸਤਗੁਰ ਸੰਗ ਬਿਗਾਰੀ॥ ਚਲਹੁ ਮਿਲਹੁ ਗੁਰੁ ਨਾਹਿ ਬਿਗਾਰਿ ਹੈ ਨਿਰਖਹੁ ਤਨ ਦੁਤਿ ਭਾਰੀ॥੨੮॥ ਗੁਰੁ ਹਰਿਗੋਬਿੰਦ ਸੋ ਬਿਰੋਧ ਕਰ ਸਾਹ ਜਹਾਂ ਦੁਖ ਪਾਯੋ॥ ਗੁਰੁ ਹਰਿਗਯ ਰਾਮਰਾਯਹਿ ਗੁਰ ਹਰਿ ਕ੍ਰਿਸ਼ਨ ਲਖਾਯੋ॥੨੯॥ ਸ਼੍ਰੀ ਗੁਰੂ ਤੇਗ ਬਹਾਦਰ ਨਿਰਖੇ ਤਊ ਨ ਚਿਤ ਥਿਰ ਕੀਨੋ॥ ਇਨਹਿ ਨਿਰਖਿ ਕਰ ਥਿਰਤਾ ਹਵੈ ਹੈ ਪਾਤਸਾਹ ਇਮਿ ਚੀਨੋ॥੩੦॥ ਦਯਾ ਸਿੰਘ ਇਕ ਸੁਵਾਨ ਦਿਖਾਵਹੁ ਗੁਰੁ ਕੋ ਬਰ ਕਰਾਮਾਤੀ॥ ਚਪੇ ਚੋਰ ਜਯੋ ਬੋਲਤ ਬਦਰੰਗ ਦਯਾ ਸਿੰਘ ਕਹਿ ਖਯਾਤੀ॥੩੧॥ ਧਰਮ ਸਿੰਘ ਜੀ ਸਵਾਨ ਦਿਖਾਵਹੁ ਤਿਨ ਤਬ ਅਗ੍ ਦਿਖਾਰਾ॥ ਬੋਲਯੋ ਸਵਾਨ ਸੁ ਸਹਨਸਾਹ ਤੂੰ ਮਿਥਯਾ ਧਨ ਬਿਵਹਾਰਾ॥੩੨॥ ਹਮਰੇ ਸੰਗ ਰਹਤ ਹੋ ਤੂੰ ਜਬ ਅਬ ਬੈਠਯੋ ਬਰਗਾਦੀ॥ ਤਊਨ ਗਈ ਬਾਨਯ ਯਹ ਤੇਰੀ ਕਰਤ ਰਹਯੋ ਬਰਬਾਦੀ॥੩੩॥ ਆਉ ਹਮਾਰੇ ਪਾਸ ਭਾਉ ਕਰ ਤਬ ਹਮ ਤੁਮ ਬਤਰਾਵੈਂ॥ ਸੁਲਤ ਸੁ ਅਵਰੰਗ ਸਿਰ ਕਰਨੀਚੋ ਕੁਹਤੁਨੁਕਛੁ ਬਚਨਾਵੈਂ॥੩੪॥ ਬੋਲਯੋ ਮੈ ਹੂੰ ਨਿਰਖੇ ਗੁਰਬਰ ਦਯਾ ਸਿੰਘ ਜੀ ਤੇਰੇ॥

---

1. ਪਹਾੜੀ ਰਾਜੇ ਭੀਮ ਚੰਦ ਦਾ ਮੰਤਰੀ

Sri Satguru Jagjit Singh Ji eLibrary NamdhariElibrary@gmail.com

ਫਿਰ ਕਤ ਨਿਰਖਹੁ ਕਹਹੁ ਨ ਜਾਨਹੁ ਜਬ ਨਿਰਖਾ ਬਿਧਿ ਹੇਰੇ॥੩੫॥ ਦਯਾ ਸਿੰਘ ਕਹਿ ਪਾਤ੍ਰ ਸਾਹੁ ਗੁਰਦਰਸਨ ਪਰਮ ਅਮੋਘਾ॥ ਨਿਰਖਤ ਤੋ ਪੁਨਕਬ ਤੁਮ ਛਾਡਤ ਸਤ ਗੁਰੁ ਚਰਨ ਅਮੋਘਾ॥੩੬॥ ਦਯਾ ਸਿੰਘ ਤਵ ਸ਼੍ਰੀ ਸਤਗੁਰੁ ਕੇ ਦਾਢੇ ਮਾਹਿ ਮਹਾਮਾ॥ ਏਕ ਸਵੇਤ ਹੈ ਕੇਸ ਪ੍ਰਗਟ ਪ੍ਰਭੂ ਕਹਹੁ ਸਾਂਚ ਕਿਨ ਜਾਨਾ॥੩੭॥ ਦਯਾ ਸਿੰਘ ਕਹਿ ਠੀਕ ਭਯੋ ਦੀਦਾਰ ਸਾਚ ਪਾਤਸਾਹਾ॥ ਦੀਓ ਕਪੀਰਾ ਮੋਹਿ ਦੀਜੀਐ ਮਗ ਮੱਕੇ ਸੁਖ ਸਾਰਾ॥੩੮॥ ਦਿਓ ਕਪੀਰਾ ਦਯਾ ਸਿੰਘ ਕੋ ਸਤ ਸੁਭਰੀਤ ਬਿਚਾਰੀ॥ ਲਿਖਵਾਏ ਸਭ ਓਰ ਪਠਾਏ ਨਾਮੇ ਹੁਕਮ ਸੁਜਾਰੀ॥੩੯॥ ਜਿਤ ਰੁਚਿ ਤਿਤ ਗੁਬਿੰਦ ਗੁਰੁ ਬਿਚਰਹਿ ਕੁਉ ਨਹਿ ਕਛੁ ਸੁ ਦੁਖਾਵੈ॥ ਨਾ ਤਰ ਸੁਨਹੁ ਮੋਹਿ ਤੈ ਸੋ ਨਰ ਭਲੀ ਭਾਂਤ ਭਯ ਪਾਵੈ॥੪੦॥ ਦਯਾ ਸਿੰਘ ਕੋ ਬਿਦਾ ਕੀਓ ਗੁਰੁਓਰ ਚਲੇ ਮੁਦਮਾਨੀ॥ ਦਿਨ ਦਿਨ ਦੁਬਰ ਪਢਤ ਰਾਤ ਨਿਤ ਸੋਚਤ ਕਰਮ ਮਹਾਨੀ॥੪੧॥ ਤਾਹੀ ਰੋਗ ਮਾਹਿ ਤਬ ਰੋਗੀ ਨਵਰੰਗ ਭਯੋ ਬਦਰੰਗਾ॥ ਹੁਕਮ ਸਤਿ ਨਹਿ ਪਚਹਿ ਮਰਹਿ ਨਾਹਿ ਬਿਹਬਲ ਭਾ ਸਰ ਬੰਗਾ॥੪੨॥ ਜੇਬੁ[1] ਨਿਸਾ ਜਾਨ ਜਿਅਰਾਬ ਯਹ ਬਿਚਹੈ ਨਾਹਿਨ ਨੀਕੇ॥ ਤਾਤੇ ਕਰਹੁ ਮੁਕਤ ਸੁਖ ਪਾਵਹਿ ਅਰੜਾਵਹਿ ਨਹਿ ਜੀਕੇ॥੪੩॥ ਕੰਪ ਹੋਇ ਬੈ ਬਰਨ ਹੋਇ ਕੈ ਊਚ ਸੁਰਨ ਸੋ ਰੋਵੈ॥ ਅੰਗ ਅੰਗ ਗੁਦ ਜਾਇ ਕਬਹੁ ਕਰ ਰੰਗ ਰੰਗ ਘਰ ਜੋਵੈ॥੪੪॥ ਲੋਟਤ ਕਰਵਟ ਲੈ ਕਰ[2] ਮੈ ਲੈ ਜਫਰਨਾਮਾ ਬੜ ਭਾਰੀ॥ ਨਿਜ ਗੁਨਾਹ ਅਰ ਹਾਨ ਅਪੂਰਬ ਨਹਿ ਜਬਾਬੂ ਜਿਹ ਧਾਰੀ॥੪੫॥ ਜੇਬੁ ਨਿਸਾ ਕਤ ਪਿਤਸੋ ਕਤ ਅਸ ਅਨ ਮਨ ਹੇਰਾ॥ ਸਾਹ ਸਾਹ ਤਬ ਕਹੀ ਕਿ ਮਾਰਹਿ ਮੁਹਿ ਨਿਹੰਗ ਸਿੰਘ ਘੇਰਾ॥੪੬॥ ਮੇਰੇ ਪੀਰ ਪਗੰਬਰ ਆਵਹਿ ਤਿਨਹਿਨ ਆਵਨ ਦੇਹੀ॥ ਪਟ ਸੁਰਮਈ ਝਪਟ ਗਹਿ ਮਾਰਹਿ ਕੁਤਕਨ ਕੁਤਕਨ ਤੇਹੀ॥੪੭॥ ਜੇਬੁ ਨਿਸਾ ਤਬ ਕਹਤ ਬਾਪ ਜੀ ਆਪ ਪਢਹਿ ਗੁਰਬਾਨੀ॥ ਦੁਨੀਆ ਫਾਨੀ ਚਲਨ ਜਾਨੀ ਜਿਅ ਕੋ ਤੁਮ ਸਮ ਬਿਗਯਾਨੀ॥੪੮॥ ਬਿਨ ਸਰੀਰ ਛੂਟੇ ਨਹਿ ਛੂਟਹਿ ਯਹ ਨਿਹੰਗਨ ਨ ਸੋਟੇ॥ ਉਦੈ ਭਏ ਅਬਕਿਏਕ ਕਰਮ ਜੇ ਗਾਬਿਪ੍ਰਪਰ ਖੋਟੇ॥੪੯॥ ਬਹੁਤ ਬਾਰ ਸਮ ਝਾਰਹੀ ਹਰ ਪਢਹਿਨਹੀ ਬਹੁ ਹੋਵੈ॥ ਬਾਹਰ ਸੁਪਨਹਿਦੇਤ ਤਾਂਹਿ ਕੁਉ ਅੰਦਰ ਹੋਇ ਸੁ ਹੋਵੈ॥੫੦॥ ਇਕ ਦਿਨ ਜੇਬ ਨਿਸਾ ਲਖੀ ਯਹ ਮਰੈ ਨ ਮੰਜਾ ਛਾੜੈ॥ ਤਾਂਤੇ ਯਾ ਯਾਕੋ ਦੁਖ ਛੂਰੈ ਯੇ ਚਾਤੇ ਸਭ ਸੁਖ ਮਾੜੈ॥੫੧॥ ਜੇਬ ਨਿਸਾ ਕਹੀਹਜਰਤ ਜੋ ਪਢਹਿ ਨ ਡਰਹਿ ਇਮਾਨਾ॥ ਤੋ ਕਰ ਤੇ ਲਿਖਦੇਹਿ ਬਨਹਿ ਯਹਿ ਬਿਨਾ ਕਿਏ ਨਹਿਥਾਨਾ॥੫੨॥ ਲਿਖਤੁਹਿ ਸਾਹ ਆਖ ਨਿਜ ਮੁੰਦੀ ਹੁਕਮ ਸਤਗੁਰੁ ਰਾਈ॥ ਜਮਗਨ ਗਏ ਧਰਮ ਦੁਵਾਰੇ ਲੇ ਕਹਤ ਢੰਡ ਸਹਸਾਈ॥੫੩॥

---

1. ਜ਼ੀਨਤ ਔਰੰਗਜ਼ੇਬ ਦੀ ਬੇਟੀ, 2. ਹੱਥ

Sri Satguru Jagjit Singh Ji eLibrary NamdhariElibrary@gmail.com

ਸਾਖੀ॥੭੩॥

ਕਬਹੁਕ ਸ਼੍ਰੀ ਗੁਰੂ ਕਹੀ ਡਲ ਸਿੰਘ ਚਲ ਦਖਿਣ ਧਰ ਜਾਵੈ॥ ਤੋਹਿ ਦੇਹਿ ਦਿਹਲੀ ਸੁ ਤਖੁਤ[1] ਬਰ ਸੁਨ ਸਚੇਤ ਚਿਤ ਆਵੈਂ॥੧॥ ਡਲ ਸਿੰਘ ਕਹੀ ਦਮਦਮਾ ਦਿੱਲੀ ਬਾਹਰ ਜਾਨ ਨ ਚਾਹੈਂ॥ ਕਹਾਂ ਕਰੈਗੇ ਲਾਲਿਚ ਅਧਕੋ ਪਰਦੇਸਹਿ ਦੁਖ ਪਾਹੈਂ॥੨॥ ਰਾਮ ਸਿੰਘ ਅਰ ਫਤੇ ਸਿੰਘ ਹੂੰ ਚਿੰਤਾਵਾਨ ਪਰਿ ਹੋਈ॥ ਸਤਗੁਰ ਸਭਸਨ ਕਹੀ ਚਲਹੁ ਤਉ ਤਯਾਰ ਹੋਤ ਨਹਿ ਕੋਈ॥੩॥ ਮਹਾਰਾਜ ਯਹ ਕਿਲੋ ਔਰ ਘਰ ਕੀ ਕਰ ਬੈਰ ਜੁ ਜੰਡਾ॥ ਮਾਲ ਬਨਾਦਿ ਤਰੁਨਕੀ ਰਖਯਾ ਕਿਹਿ ਬਿਧਿ ਬਨਖਲ ਖੰਡਾ॥੪॥ ਸ਼੍ਰੀ ਗੁਰੂ ਕਹੀ ਨ ਡਰਹੁ ਜੀਅ ਸਹਿ ਨਵਰੰਗ ਤੇ ਹਿਤਧਾਰੀ॥ ਇਹਾ ਰਹੇ ਤੇ ਬਹੁ ਦੁਖ ਪੈਹੋ ਸੰਗ ਚਲਹੁ ਸੁਚਿ ਤਾਰੀ॥੫॥ ਡਰਤ ਰਾਮ ਸਿੰਘ ਅਰੁ ਡਲ ਸਿੰਘ ਨੈਕ ਕਹੀ ਚਲਹਗੋਂ ਸਵਾਮੀ॥ ਇਕ ਰਾਉਰ ਅਨੁ ਕੰਧਾ ਚਾਹੀ ਅਮਰ ਤਯਾਗ ਜਗ ਨਾਮੀ॥੬॥ ਤਬ ਲੌ ਡਲ ਸਿੰਘ ਕੀ ਨਾਰੀ ਸੇਵਾ ਮਹਿ ਸਵਧਾਨਾ॥ ਪਕਰ ਲਏ ਪਗ ਸਤਗੁਰ ਬਰ ਕੋ ਬੋਲੀ ਬਿਨਯ ਬਿਧਾਨਾ॥੭॥ ਪਾਛਲ ਜਨਮ ਕੇਰ ਸੁਧਿ ਆਈ ਕਹਤ ਕ੍ਰਿਪਾ ਨਿਧਿ ਰਾਈ॥ ਪ੍ਰਥਮ ਤੁਰਕ ਪਤਨੀ ਹੈ ਕਰ ਮੈ ਜਮੁਨਾ[2] ਪਰਬ ਨਹਾਈ॥੮॥ ਤਾਂਤੇ ਚੰਬਯਾਲਾ ਨ੍ਰਿਪਬਰਕੀ ਭੀ ਕਨਯਾ ਸੁਖਦਾਨੀ॥ ਮਿਲੀ ਰੁਆਲ[3] ਸਰੋਵਰ ਪ੍ਰਭ ਕਹਿ ਤਬ ਪ੍ਰਭ ਸਭ ਸੁ ਬਖਾਨੀ॥੯॥ ਅਬ ਮੇਰੀ ਗਤਿ ਹੋਇ ਅਗਤਿ ਗਤਿ ਕਰਨ ਚਰਨ ਯਹ ਧਾਰੇ॥ ਬਿਹਸਿ ਕਹੀ ਕਲਗੀਧਰ ਸਤਗੁਰੂ ਸੁਨ ਗੁਨਿ ਜੀਅ ਮਹਿ ਧਾਰੇ॥੧੦॥ ਥੋਰਹਿ ਕਾਲ ਮੋਖ ਤਵ ਹੋਵੈ ਹੈ ਸੰਕ ਕਰਹੁ ਨਹਿ ਕਯੋ ਹੂੰ॥ ਕਰ ਆਨੰਦ ਭਜਨ ਸਿੰਘਨ ਪਗ ਸੇਵਤ ਰਹੁਨਿਤ ਇਯੋਹੂੰ॥

ਸਾਖੀ॥੭੪॥

ਇਤ ਸੁਨ ਚਲਨ ਸੁ ਦਖਯਨ ਗੁਰੂ ਕੋ ਜੁਰਿ ਜੁਰਿ ਸੰਗਤ ਆਵੈ॥ ਅਭੈ ਸਿੰਘ ਸਹਿਬਕੀ ਮਾਤਾ ਆਪਨੇ ਜੀਅ ਅਕੁਲਾਵੈ॥੧॥ ਸਤਗੁਰੂ ਆਇਸ[4] ਹੂੰ ਕਿ ਚਲਹਿ ਸੰਗ ਅਭੈ ਸਿੰਘ ਹੂੰ ਚਾਹੈ॥ ਕਰਮ ਰੇਖ ਕੁਉ ਜਾਨਤ ਸਹਿਨ ਬਿਨ ਭਾਗ ਭਲ ਨਾਹੈਂ॥੨॥ ਭੇਜ ਦਿਵਾਨੇ ਮਾਤ ਕਹੀ ਜਿਹਿ ਕਿਹਿ ਬਿਧਿ ਕਰ ਲੈ ਆਵਹੁ॥ ਤੌ ਤੁਮਰੋ ਬਹੁ ਭਲੋ ਹੋਇਗੋ ਗੁਰੂ ਘਰ ਸੇਵ ਕਮਾਵਹੁ॥੩॥ ਨਿਸਿ ਮਹਿ ਜਾਇ ਸੁ ਸੁਧੂ ਬੁਧੂ ਪਲੰਗ ਉਰਾਇ ਲਿਆਏ॥ ਘਰਬਾਰੀ ਦਰਬਾਰੀ ਦੋਊ ਦੀਵਾਨੇ ਸੁਪ ਰਾਏ॥੪॥ ਬਿਨਾ ਭਾਗ ਕਹਿ ਮਿਲਹਿ ਕਾਹੁ ਕੋ ਸੇਵਾ ਪਦ ਸਦ ਭਾਈ॥ ਪੂਰਨ ਪੁਰਖ ਆਪ ਅਵਤਾਰੀ ਅਵਤਰਿ ਭੂਮਿ ਬਨਾਈ॥੫॥ ਸਬ ਸਮਝਹਿ ਗੁਰੂ ਦਖਿਯਣ ਜੈਂ ਹੈਂ ਲਰਿ ਹੈਂ ਅਵਰੰਗ ਸੰਗਾ॥ ਤਰਹਿ ਚਿਤ ਅਤਿ ਧਰਹਿ ਨ ਧੀਰਜ ਜੀਵ ਕਿਈ ਸਰਅੰਗਾ॥੬॥ ਸੰਗ ਚਲੇ ਮਨ ਤਨ ਤੇ

---

1. ਦਿੱਲੀ ਦਾ ਰਾਜ, 2. ਜਮਨਾ ਨਦੀ, 3. ਰੁਆਲਸਰ, 4. ਆਦੇਸ਼

Sri Satguru Jagjit Singh Ji eLibrary NamdhariElibrary@gmail.com

ਹਿਤ ਕਰ ਪਾਂਚ ਸਿੰਘ ਸਰਦਾਰਾ॥ ਸ਼੍ਰੀ ਗੁਰਬਕਸ ਸਿੰਘ ਪੁਨ ਦੂਜੋ ਮਨੀ ਸਿੰਘ ਹਿਤ ਧਾਰਾ॥੭॥ ਭਾਈ ਸ਼੍ਰੀ ਸੰਤੋਖ ਸਿੰਘ ਅਰ ਧਰਮ ਸਿੰਘ ਹਿਤਕਾਰੀ॥ ਦਾਨ ਸਿੰਘ ਸੁਤ ਗੁਰਚਿਤ ਧਰ ਗੁਰੁਬਕਸ ਸਿੰਘ ਸੁਖਕਾਰੀ॥੮॥ ਸੰਗ ਚਲੇ ਮਹਲਨ[1] ਕੇ ਡੋਰੇ ਭਲ ਸਿੰਘ ਚਲਯੋ ਸੁ ਜਾਨਾ॥ ਰਾਮ ਸਿੰਘ ਅਰ ਫਤੇ ਸਿੰਘ ਹੂੰ ਚਲਨ ਲਗੇ ਚਿਤਜਾਨਾ॥੯॥ ਸਭ ਸਮਾਨ ਤਯਾਰ ਭਯੋ ਮਾਤਨਕੇ ਡੋਰੇ ਚਾਲੇ॥ ਸੇਵਤ ਸਿੰਘ ਗਨ ਚੈਨਾ ਚਾਕਰ ਪ੍ਰੇਮੀ ਪਾਲੈ॥੧੦॥ ਸਭ ਕੇ ਮੁਖਪਰ ਪਿਅਰੀ[2] ਪਰ ਗਈ ਡਰਹਿ ਜੰਗ ਤੇ ਜੀਅ॥ ਦੇਸ ਤਯਾਗ ਪਰਦੇਸ ਸਿਧਾਵਨ ਅਨਰਥ ਕਰਮ ਸੁ ਹੀਆਂ॥੧੧॥ ਘਰ ਭਾਈ ਅਰ ਦੇਸ ਛੂਹਿ ਹੈ ਸਤਗੁਰੁ ਅਗਮ ਅਗਾਧਾ[3]॥ ਜੀਵ ਜੰਤੂ ਹਮ ਕਿਮ ਕਰਿ ਸਮ ਸਰ ਜਿਮਿ ਮਰਦਾਨਾ ਬਾਧਾ॥੧੨॥ ਨੌ ਦਿਨ ਸਤਗੁਰੁ ਤੇਗ ਬਹਾਦਰ ਸ਼੍ਰੀ ਦਮਦਮੇ ਮੁਕਾਮੀ॥ ਨਵ ਦਿਨ ਅਰ ਨਵ ਮਾਸ ਨਵ ਪਹਰ ਨਵ ਘਟਿਨਿਵ ਪਲ ਸਵਾਮੀ॥੧੩॥ ਸ਼੍ਰੀ ਸਤਗੁਰੁ ਨਵਮ[4] ਜਾਇ ਦਰਬਾਰਹਿ ਪ੍ਰਭ ਅਰਦਾਸ ਕਰਾਈ॥ ਭਏ ਸਵਾਰ ਦੀਨ ਦੁਖ ਭੰਜਨ ਫਤੇ ਸੁ ਊਂਚ ਗਜਾਈ॥੧੪॥ਛੰਦ॥ ਸਹਿਤ ਸੁਰਨਤਬ ਇੰਦ੍ਰ ਆਇ ਸਤਗੁਰੁ ਪਦਬੰਦੇ॥ ਕਾਰਜ ਕਰਹੁ ਗੁਬਿੰਦ ਮ੍ਰਿਗਿੰਦ ਸੁ ਆਨੰਦ ਕੰਦੇ॥੧੫॥ ਅਭੈ ਬਾਰਗੁਰੁ ਦਈ ਕਹੀ ਸਭ ਕਾਰਜ ਕੈ ਹੋ॥ ਸੁਰ ਸੁਰੇਸ ਸਭ ਗਏ ਚਲੇ ਪ੍ਰਭ ਤਿਤ ਦਿਸ ਜੈ ਹੋ॥੧੬॥ ਸ਼੍ਰੀ ਨਾਰਦ ਮੁਨਿ ਇੰਦ੍ਰ ਪਰੇ ਹਜਰਤ ਪੈ ਆਏ॥ ਪ੍ਰਭ ਪ੍ਰਭਾਵ ਆਗਮਨ ਸਰਬ ਬਿਧਿ ਹੇਤ ਜਤਾਏ॥੧੭॥ ਸੁਨਤ ਮੁਨੀ ਮਨ ਬੈਨ ਮਨੋਮਨ ਗੁਨਿ ਮੁਰਝਾਨਾ॥ ਸਭ ਕਰਮਨ ਫਲ ਮਿਲਨ ਚਹਤ ਅਸ ਉਰ ਅਨੁਮਾਨਾ॥੧੮॥ਦੋ:॥ ਸਭ ਜਗ ਕਰ ਕਲਯਾਨ ਕਰ ਧਰਮ ਥਾਪਾ ਅਘਾ ਖਾਪ॥ ਪਸਿਚਮ ਤੇ ਦਖਿਯਨ ਚਲੇ ਪ੍ਰਗਟਨ ਧਾਮ ਪ੍ਰਤਾਪ॥੧੯॥ ਪਟਨੇ ਜੀ ਮੈ ਜਨਮ ਲੈ ਆਨੰਦ ਪੁਰ ਨ੍ਰਿਪ ਹੋਇ॥ ਸ਼੍ਰੀ ਦਮਦਮੇ ਸੁ ਮੁਕਿਤ ਸਰੋਵਰ ਨਾਇ ਪੁਨ ਮਾਲਵ ਭੂਮਿ ਮਹਾਨਾ॥ ਦਰਸੈ ਗੁਰਦਵਾਰਨ ਕੋ ਸੇਵ ਸੁ ਮਤਿ ਸਿਖਾਨਾ॥੨੨॥ ਭੁਕਿਤ ਮੁਕਿਤ ਬਾਂਛਿਤ ਲਹੇ ਸੁਤ ਬਿਤ ਧਰਨੀ ਸਾਮ॥ ਸਿੰਘ ਸੁਮੇਰ ਅਨਨਯ ਗਤਿ ਸਿਮਰਹਿ ਸ਼੍ਰੀ ਸਤਿਨਾਮਾ॥੨੩॥ ਇਤਿ ਸ਼੍ਰੀ ਗੁਰੁ ਪਦ ਪ੍ਰੇਮ ਪ੍ਰਕਾਸੇ ਗੁਰ ਖੰਡਾਤਰਗਤ ਦਸਮ ਮੰਡਲ ਉਤਰਾਰਧੇ ਸ਼੍ਰੀ ਸਤਗੁਰੁ ਗੋਬਿੰਦ ਸਿੰਘ ਜੀ ਦਖਿਯਣ ਜਾਤਰਾ ਬਰਨਨਾਤਮਕ ਮਾਲਵ ਪ੍ਰਕਰਣੰ ਖਸਿਟ ਤ੍ਰਿੰਸਤ ਪੋਖਯਾਯ॥੩੬॥ ਇਤਿ ਮਾਲਵਾ ਪ੍ਰਕਰਣ:॥

ਅਥ ਦਖਿਯਣ ਪ੍ਰਦੇਸ ਪ੍ਰਕਰਣ ਬਰਣਨ॥

ੴ ਸ਼੍ਰੀ ਭਗਉਤੀ ਜੀ ਸਹਾਇ॥

ਸਤਿ ਸ਼੍ਰੀ ਅਕਾਲ ਗੁਰ ਬਰ ਅਕਾਲ॥ ਸ਼੍ਰੀ ਵਾਹਗੁਰੂ ਜੀ ਕੀ ਫਤੇ॥

---

1. ਗੁਰੂ ਕੇ ਮਹਲ (ਮਤਾਵਾਂ), 2. ਉਦਾਸੀ, 3. ਪਹੁੰਚ ਤੋਂ ਪਰੇ, 4. ਨੌਵੇਂ ਗੁਰੂ

Sri Satguru Jagjit Singh Ji eLibrary NamdhariElibrary@gmail.com

ਹੈ॥ ੧ੴ ਸਤਿਗੁਰ ਪ੍ਰਸਾਦਿ॥

ਦੋ:॥ ਸ਼੍ਰੀ ਸਤਗੁਰੁ ਕਰੁਨਾਇ ਤਨ ਸ਼੍ਰੀ ਦਮਦਮੇ ਪਯਾਨ॥

ਕਾਤਕ ਸੁਦਿ ਤਿਥਿ ਪੰਚਮੀ ਬੀਰਵਾਰ ਪ੍ਰਸਥਾਨ॥੧॥ਚੋ:॥ ਪ੍ਰਥਮ ਕਿਓ ਕੇਵਲ ਪ੍ਰਭ ਡੇਰਾ॥ ਸਪਤ[1] ਕੋਸ ਪਰ ਸਭ ਮਗਹੇਰਾ॥ ਦੂਸਰ ਦਿਨ ਦੁਪਹਿਰ ਪ੍ਰਭ ਥਿਰੇ॥ ਝੋਰਿੜ ਗ੍ਰਾਮ ਬਿਦਿਤ ਜੋ ਹਿਰੇ॥੨॥ ਝੰਡੇ ਗ੍ਰਾਮ ਨਿਸਾ ਬਿਸਰਾਮਾ॥ ਕੋਸ ਅਠਾਰਹ ਮਜਲ ਮੁਕਾਮਾ॥ ਪੁਨ ਸਰਸੇ ਪਰਸੇ ਗੁਰ ਰਾਈ॥ ਦਵਾਦਸ[2] ਕੋਸ ਨਿਸਾ ਥਿਰ ਥਾਈ॥੩॥ ਲਗਯੋ ਦਿਵਾਨ ਸਰਬ ਸਿਖ ਆਏ॥ ਡਲ ਸਿੰਘ ਆਦਿਕ ਹਰਖਾਏ॥ ਸ਼੍ਰੀ ਮੁਖ ਕਹੀ ਡਲ ਸਿੰਘ ਚਲੀਏ॥ ਆਵੇ ਅਵਨਿ ਊਚ ਥਲ ਭਲਿਏ॥੪॥ ਦਿਖਰਾਵਹਿ ਤੁਹਿ ਦੇਨ ਜੁ ਦੇਸਾ॥ ਦਿਹਲੀ ਓਰ ਕਰਤ ਬਲ ਬੇਸਾ॥ ਡਲ ਸਿੰਘ ਕਹਿ ਸਭ ਨਿਰਖਯੋ ਸਵਾਮੀ॥ ਛੂਟਤ ਪ੍ਰਥਮ ਦੇਸ ਜਨ ਨਾਮੀ॥੫॥ ਪਰ ਪੁਰ ਜਾਇ ਨ੍ਰਿਪਤ ਭਲ ਨਾਹੀ॥ ਨਿਜ ਪੁਰ ਭਲਇਨ ਬਿਰਖਨ ਮਾਹੀ॥ ਅਬਤੋ ਚਲੇ ਜਾਇ ਲਖ ਲੈਹੈਂ॥ ਸ਼੍ਰੀ ਪ੍ਰਭ ਕਹੀ ਭਾਗ ਕੀ ਭੈ ਹੈ॥੬॥ਦੋ:॥ ਤਬ ਲੌ ਰੂਪੇ ਕੇ ਆਏ ਧਰਮ ਸਿੰਘ ਮਤਿ ਮਾਨ॥ ਪਰਮ ਸਿੰਘ ਭਾਈ ਸਹਿਤ ਸਤਗੁਰੁ ਚਰਨ ਪ੍ਰਮਾਨ॥੭॥ਚੋ:॥ ਜਬ ਤੇ ਆਇ ਚਰਨ ਲਪਟਾਨੇ॥ ਕਰਹਿ ਸੇਬ ਤਬ ਤੇ ਹਿਤ ਸਾਨੇ॥ ਨਿਤ ਨਵ ਪਲੰਗ ਬਨਾਵਹਿ ਬੁਨਹਿ॥ ਤਾ ਪਰ ਪ੍ਰਭ ਪਧਰਾਵਹਿਗੁਨਹਿ॥੮॥ **ਲਲਿਤ ਪਦ ਛੰਦ॥** ਰਾਮ ਸਿੰਘ ਔਸਰ ਲਗ ਬੋਲਯੋ ਆਇਸ ਹੋਇ ਜੁ ਸਵਾਮੀ॥ ਫਤੇ ਸਿੰਘ ਤੋ ਘਰਹਿ ਪਧਾਰੈ ਮੈਂ ਸੇਵਹੁ ਪਗਨਾਮੀ॥੯॥ ਸਤਗੁਰ ਕਹੀ ਨ ਕਰ ਛਲ ਭਾਈ ਰਾਮ ਸਿੰਘ ਮਮ ਆਗੇ॥ ਤੁ ਹੁੰ ਜਾਇਗੋ ਕਰ ਕਰਤ ਬਹਾਨਾ ਬੋਲਯੋ ਨਹਿ ਪਗ ਪਾਗੇ॥੧੦॥ ਫਤੇ ਸਿੰਘ ਕਹਿ ਬਿਦਾ ਕੀਓ ਪ੍ਰਭ ਪਰੀ ਨਿਸਾ ਜਬ ਆਧੀ॥ ਡਲ ਸਿੰਘ ਧਰਕਰ ਗੁਰ ਕੰਕਨ ਪਲੰਗ ਪਾਸ ਮਤਿ ਸਾਧੀ॥੧੧॥ ਸ਼੍ਰੀ ਸਾਹਿਬ ਘਰੁ ਸਿਪਰ ਰਾਖ ਕਰ ਪਲੰਗ ਸਮੀਪ ਪਯਾਨੋ॥ ਤ੍ਰੈ ਪਰਿਦਖਿਯਣ[3] ਕਰ ਡੇਰੇ ਕੀ ਬੰਦ ਚਰਨ ਮਨਸਾਨੋ॥੧੨॥ ਪ੍ਰਭ ਸੋ ਬਿਮੁਖ ਹੋਨ ਭਯ ਭਾਰੀ ਤਿਅਸੁਤ ਤਯਾਗਨ ਜਾਈ॥ ਭਾਜਯੋ ਸੈ ਤੀਸ ਕੋਸ ਜਾਇ ਕਰ ਮਾਯਾ ਮਨ ਭਰਮਾਈ॥੧੩॥ ਚਾਰ ਘਰੀ ਜਬ ਨਿਸ ਰਹੀ ਤਬ ਕਰਹੀ ਸਤਗੁਰੁ ਤਯਾਰੀ॥ ਡਲ ਸਿੰਘ ਕ਼ਹਾ ਬੋਲਯੋ ਕੋਊ ਕਈ ਬਾਰ ਸੁ ਗੁਹਾਰੀ॥੪॥ ਏਕ ਕਟਕ ਮਹਿ ਰਹੋ ਬੈ ਨਵਾ ਨਿਰਖਤ ਸਭ ਕਰ ਭਲਾ॥ ਬੋਲਯੋ ਘਰਬਾਰ ਦਰਬਾਰੀ ਡੱਲਾ ਨਹਿ ਇਕ ਅੱਲਾ॥੧੫॥ ਇਕ ਅਫੀਮਚੀ ਹੋ ਮਝੈਲ[4] ਤਿਨਕਹੀ ਮਲਵਈ ਭਾਜੇ॥ ਮਾਝੇ ਕੇ ਮਾੜੇ ਹੈ ਹਾਜਿਰ ਆਇਸ ਹੋਇ ਸੁ ਰਾਜੇ॥੧੬॥ ਸ਼੍ਰੀ ਮੁਖ ਕਹੀ ਨ ਮਾਝੇ ਮਾੜੇ ਲਾੜੇ ਮਾਲਵ ਪਾੜੇ॥ ਕਰਹੁ ਨ ਸੋਚ ਸਰਹੁ ਸਭਤਾ ਦਿਸ ਹੋ ਇਹ ਕਾਰਜ ਡਾਢੇ॥੧੭॥ ਤਹ ਤੇ ਸ਼੍ਰੀ ਪ੍ਰਭ ਕਰੀ ਤੈਆਰੀ ਪੁਨ ਪੁਰਨੋਹਰ ਮੈ ਆਏ॥

---

1. ਸਤ ਕੋਹ, 2. ਬਾਰਾਂ ਕੋਹ, 3. ਪਰਕਰਮਾ, 4. ਮਾਝੇ ਦਾ ਰਹਿਣ ਵਾਲਾ

Sri Satguru Jagjit Singh Ji eLibrary NamdhariElibrary@gmail.com

ਦਵਾਦਸ ਕੋਸ ਮਜਲ ਕਰ ਡੇਰਾ ਸਤਗੁਰ ਤਿਹਠਾਂ ਲਾਏ॥੧੮॥

ਸਾਖੀ॥੧॥

ਸ਼੍ਰੀ ਮੁੱਖ॥ ਕ੍ਰਿਸ਼ਨ ਲਾਲ ਜੋਤਸੀ ਬੁਲਾਯੋ ਮੂਕ ਪ੍ਰਸੰਨ ਪ੍ਰਭ ਕੀਨੋ॥ ਵਾ ਨੈ ਕਹੀ ਕਿ ਨਵਰੰਗ ਮਾਰਿਹੈ ਮੇਲ ਨ ਰਾਉਰ ਚੀਨੋ॥੧॥ ਮਿਲਹਿ ਬਹਾਦਰ ਸਾਹ ਆਇ ਕਰ ਪ੍ਰਭ ਪਦ ਪੰਕਜ ਭ੍ਰਮਰਾ॥ ਲਖ ਬਿਦਯਾ ਬਿਸਸੇ ਸ਼੍ਰੀ ਸਤਗੁਰੁ ਦਿਜਹਿ[1] ਦੀਯੋ ਬਹੁ ਦਮਰਾ[2]॥੨॥ ਤਿਨ ਤਬ ਕਹੀ ਕਿ ਭਵ ਜਲ ਤਾਰਹੁ ਤਾਰਨ ਹਾਰੇ ਆਏ॥ ਮਹਾਰਾਜ ਸੋ ਪਾਰ ਕਿਓ ਬਰਦੀਓ ਮੰਤ੍ਰ ਹਰਖਾਏ॥੩॥ ਪੰਡਤ ਕਹਤ ਦੀਨ ਦੁਖ ਭੰਜਨ ਦਵੈ ਘਟਿ ਕਾ ਮਹਿ ਤਾਰਾ॥ ਜਾ ਬਰਖਨ ਪ੍ਰਭ ਚਰਨ ਥਿਰ ਰਹੇ ਸੋਤੋ ਦੇਸ ਉਧਾਰਾ॥੪॥ ਬਿਨ ਸਰਧਾ ਗਤਿ ਹੋਤ ਨ ਪੰਡਿਤ ਸੁਨਹੁ ਸੁ ਕਥਾ ਸੁਨਾਉ॥ ਦੁਰਲਭ ਜਾਨਨ ਹਾਰ ਹਰਿ ਕਥਾ ਅਗਮ ਭਰੋਸ ਦਿਖਾਊ॥੫॥ ਪੰਡਤ ਜੀ ਇਕ ਸਾਹ ਗਯੋ ਸੋਦਾਗਰ ਕਰਨ ਅਪਾਨਾ॥ ਦੂਰ ਦੇਸ ਮਹਿ ਥਿਰ ਭਯੋ ਸੋਈ ਮਿਲਯੋ ਬਨਿਕ ਇਕ ਏਯਾਨਾ॥੬॥ ਸਾਹਸੰਗ ਇਕ ਗਾਇ[3] ਦੁਧਾਰੀ ਤਿਹ ਪੁਰ ਗਾਇ ਨ ਪਾਈ॥ ਖੀਰ ਖਵਾਈ ਸਾਂਹ ਬਨਿਕ ਕਹਿ ਤਿਨ ਲਿਆ ਮਾਗ ਸੁ ਗਾਈ॥੭॥ ਸਾਹ ਗਏ ਏਤੇ ਧਨਿ ਕਬ ਨਿਕਚੈ ਚਾਹਯੋ ਦੂਧ ਨਿਕਾਰਾ॥ ਬਛਰਾ ਛੋਰਤ ਮੂਤ੍ਰ ਕਰਯੋ ਸੋ ਲੀਨੋ ਪਾਤ੍ਰ ਮਝਾਰਾ॥੮॥ ਤਾਕੀ ਖੀਰ ਪਕਾਇ ਖਾਇਕ ਟੁਪਾਇ ਅਧਿਕ ਦੁਖ ਪਾਯੋ॥ ਸਾਹ ਦੁਗਾ ਕਰ ਮੋਹਿ ਭੁਲਾਯੋ ਗਾਇ ਦੂਧ ਡਹਕਾਯੋ॥੯॥ ਤਯੋ ਹੀ ਪੰਡਤ ਜੀ ਜਗ ਕੇ ਜਨ ਜਾਨਹਿ ਨਾਹਿਨ ਪ੍ਰੇਮਾ॥ ਮਤਲਭ ਕੀ ਸਭ ਕਰਹਿ ਖੁਸ਼ਾਮਦ ਆਮਦ ਨਿਰਖਹਿ ਲੈਯਾ॥੧੦॥ ਰਹਤ ਮੋਰ ਢਿਗ ਜਦਪਿ ਸਗਰੇ ਆਤਮ ਸਮਝਤਨ ਨੈਨਾ॥ ਗਯਾਨ ਧਯਾਨ ਬੈਰਾਗ ਜੋਗ ਬਿਨ ਸਾਤਿ ਕਿਮਿ ਮਿਲਹਿ ਸੁਖੈਨਾ॥੧੧॥

ਸਾਖੀ॥੨॥

ਤੀਸਰ ਪਹਿਰ ਪੁਸਾਕ ਪਹਿਰ ਕਰ ਹੋਵੈ ਸੁਚੇਤ ਗੁਰਰਾਈ॥ ਚਲੇ ਨਗਰ ਨੋਹਰ ਸੁ ਨਿਰੀਖਨ ਕ੍ਰਿਪਾ ਸਿੰਧ ਘਰਿ ਆਈ॥੧॥ ਏਕ ਥੜੋ ਨਿਰਖਯੋ ਬਜਾਰ ਮਹਿਤਹਿ ਕਪੋਤ ਬਹੁ ਹੇਰੇ॥ ਤਾਂ ਪਰ ਸ਼੍ਰੀ ਗੁਰੁ ਅਸਵ[4] ਥਿਰਾਯੋ ਨਿਰਖਤ ਆਨੰਦ ਨੇਰੇ॥੨॥ ਇਕ ਸਿੰਘ ਕੂਦਿ ਚਢਯੋ ਤਬ ਤਾਂ ਪਰ ਇਕ ਕਪੋਤੀ ਮ੍ਰਿਤ ਪਾਈ॥ ਚਰਨ ਸਿੰਘ ਜੀ ਕੇ ਦਰ ਕਚ ਕੇ ਅਪਨੀ ਆਯੁ ਗਮਾਈ॥੩॥ ਲੋਕਨ ਕਹਾ ਕਹਾਯਹੁ ਕੀਨੋ ਸ਼੍ਰੀ ਗੁਰੁ ਕਹੀ ਭਯੋਕਾ॥ ਮਰਯੋ ਕਪੋਤ ਆਯੁਨਿ ਖੁਟਾਨੀਯਾਮੋ ਕਹਹੁ ਗਯੋ ਕਾ॥੪॥ ਸਭ ਜਨ ਕਹੀ ਮਰਹਿ ਤੋ ਸਗਰੇ ਸ਼੍ਰੀ ਮੁਖ ਕਹੀ ਕਿ ਮਰਿਹੈ॥ ਮਰਿ ਮਰਿ ਗਏ ਗਿਰਿ ਸਿਰਿ ਸੁ ਕਬੂਤਰ ਅਚਰਜ ਲਖ ਉਰ ਡਰਿ ਹੈ॥੫॥ ਪੁਨ ਤਿਨ ਕਹੀ ਜਿਵਾਇ ਦੀਜੀਏ ਸ਼੍ਰੀ ਮੁਖ

---

1. ਪੰਡਿਤ, 2. ਰੁਪਏ, 3. ਗਉ, 4. ਘੋੜਾ

Sri Satguru Jagjit Singh Ji eLibrary NamdhariElibrary@gmail.com

ਬਿਹਸਿ ਅਲਾਈ।। ਚਾਰਾ ਦੇਹੁ ਜਿਅ ਹਿਏ ਸਗਰੇ ਤ਼ਯੋ ਹੀ ਭਯੋ ਸੁਭਾਈ।।੬।। ਇਕ ਨਹਿ ਜਿਓਜ਼ੁ ਮਰਯੋ ਚਰਨ ਤੁਰ ਪੁਨ ਕਿੰਨ ਕਹੀ ਕ੍ਰਿਪਾਲਾ।। ਯਹੂ ਜੀਐਤੋ ਦਾਨਾ ਪਾਯੋ ਜੀਓ ਕਪਤੋ ਬਿਸਾਲਾ।।੭।। ਲਖ ਅਚਰਜ ਸਾਨੇ ਨਰ ਨਾਰੀ ਅਗਮ ਚਰਿਤ ਪ੍ਰਭੂਤਾਈ।। ਅਗੰਮ[1] ਕਥਾ ਅਰੁ ਅਗਮ ਬਾਰਤਾ ਗਤਿਮਤਿ ਜਾਇ ਪਾਈ।।੮।। ਧਨਯ ਧਨਯ ਸਭ ਕਹਿਹ ਕਰਹਿ ਘਰੁ ਉਸਤਿਤ ਬੁਧ ਬਲ ਲਾਈ।। ਜਯਤਿ ਜਯਤਿ ਸਭ ਚਿਤਾ ਨੰਦ ਪ੍ਰਭੂ ਗੁਰੁ ਅਕਾਲ ਜਗਰਾਈ।।੯।। ਦੇਖੀ ਜਾਇ ਬਜਾਰ ਅਗਾਰੀ ਮੁਹਰ ਮੁਕਤ ਮਣਿ ਜਾਲਾ।। ਭਾਂਤ ਭਾਂਤ ਕੀ ਬਸਤ ਅਨੂਠੀ ਨੌਹਰੀਨ ਕੇ ਆਲਾ।।੧੦।। ਸ਼੍ਰੀ ਮੁਖ ਕਹੀ ਕਿ ਨੌਹਰ ਗੁਰ ਕੀ ਮੋਹਰ ਸਭ ਹਮ ਜਾਨੀ।। ਲੂਟਹਿ ਆਇ ਖਾਲਸਾ ਮੇਰੋ ਕਹੀ ਕ੍ਰਿਪਾ ਨਿਧਿ ਬਾਨੀ।।੧।। ਛੀਨ ਤਲਾਈ ਜਾਇ ਕਿਓ ਪ੍ਰਭ ਡ਼ੇਰਾ ਨਿਜ ਹਰਖਾਈ।। ਸੰਮਤ ਅਸਟਾਦਸ[2] ਸਤ ਏਕਾ ਦਸ ਲੂਟੀ ਸਿੰਘ ਆਈ।।੧੨।। ਚੁਰੂ ਗ੍ਰਾਮ ਲੂਟਨ ਦਲ ਉਮਡਯੋ ਲਖ ਤਹ ਪਾਨੀ ਖਾਰਾ।। ਲੂਟ ਨੌ ਹਰਹਿ ਸਿੰਘਨ ਦਲ ਨੇ ਸਤਗੁਰ ਬਚ ਪ੍ਰਤਿਪਾਰਾ।।੧੩।। ਮੋਹਰ ਅਧਿਕ ਲੂਟ ਕਰ ਲੀਨੇ ਘੋਰੇ ਅਧਿਕ ਸੁਹਾਏ।। ਸਿੰਘ ਸੁਮੇਰ ਬਚਨ ਸਤਗੁਰ ਕੇ ਖਾਲੀ ਜਾਇ ਨ ਪਾਏ।।੧੪।।

ਸਾਖੀ।।੩।।

ਨੌਹਰ ਨ੍ਰਿਪ ਕੋ ਭ੍ਰਾਤ ਰਹਯੋ ਇਕ ਭਯੋ ਬਾਵਰਾ ਸੋਈ।। ਛਕਤਹੁਤੇ ਪ੍ਰਭ ਸੁਖ ਨਿਧਾਨ ਤਬ ਆਯੋ ਬਾਵਰ ਹੋਈ।।੧।। ਸ੍ਰੀ ਪ੍ਰਭ ਕੇ ਪਦ ਤਰ ਸੋ ਆਯੋ ਪ੍ਰਭ ਪ੍ਰਸੰਨ ਹੋਵੈ ਤਾਹੀ।। ਸੁਖ ਨਿਧਾਨ ਦਿਅ ਸੀਤ ਸੁਖਪਯਾਲਾ ਅੰਮ੍ਰਿਤ ਰੂਪ ਸੁਜਾਹੀ।।੨।। ਸ਼੍ਰੀ ਮੁਖ ਕਹੀ ਸਮਯ ਨਹਿ ਸੋਈ ਬਾਰ ਬਾਰ ਨ੍ਰਿਪ ਮਾਗਾ।। ਤਬ ਸਤਗੁਰ ਦਿਅ ਸੁਖ ਨਿਧਾਨ ਬਰ ਲਖਤਹ ਹਸਯੋ ਕਛੁ ਆਗਾ।।੪।। ਤਬ ਪ੍ਰਭ ਸਾਢਾ ਧੋਇ ਛਕਾਯੋ ਬੋਲਯੋ ਨ੍ਰਿਪ ਬਕਸਾਈ।। ਮਹਾਰਾਜ ਜਮਕੀ ਜਮਾਤ ਤੇ ਮੋਹਿ ਕਰਹੁ ਬਿਲਗਾਈ।।੫।। ਇਕ ਪੁਸਤਕ ਪ੍ਰਭ ਤਾਕਹਿ ਦੀਨੀ।। ਅੰਤ ਸਮਯ ਜਬ ਆਵੈ।। ਯਾ ਕੇ ਦਰਸਨ ਕੇ ਕਰਬੇਤੇ ਜਮ ਕਿੰਕਰ ਟਰ ਜਾਵੈ।।੬।। ਅਬਲੌ ਸੋ ਪੋਥੀ ਤਿਨਕੇ ਘਰ ਦਰਸਹਿ ਅੰਤੀ ਬੇਰਾ।। ਪਾਂਚ ਦਿਵਸ ਨੌਹਰ ਮਹਿ ਸ਼੍ਰੀ ਗੁਰ ਕੀਨੋ ਅਪਨੋ ਡੇਰਾ।।੭।। ਨਗਰ ਨਾਰਿ ਨਰ ਸ੍ਰੀ ਸਤਗੁਰ ਕਾਹਿ ਕਹਹਿ ਪੰਜਾਬੀ ਰਾਜਾ।। ਸੋ ਅਬ ਆਦਿ ਗਯੋ ਪਟਿਆਲੇ ਨ੍ਰਿਪਤਾ ਮਹਿਪੁਰ ਭ੍ਰਾਜਾ।।੮।।

ਸਾਖੀ।।੪।।

ਚਢ ਤਹ ਤੇ ਪ੍ਰਭੂ ਅਗ੍ਰ ਪਧਾਰੇ ਕੋਸ ਅਠਾਰਹਿ ਆਏ।। ਗ੍ਰਾਮ ਭਾਂਤਰੇ ਡੇਰਾ ਕੀਨੋ ਸਭ ਸਮ਼ਾਨ ਸਜਾਏ।।੧।। ਪਰਮ ਸਿੰਘ ਅਰ ਧਰਮ ਸਿੰਘ ਕੀ ਨਿਤ ਕੀ ਸੇਵ ਨਿਰਾਂਖੀ।। ਨਵਰਚ ਪਲੰਗ ਪ੍ਰਭੂਹਿ ਪੋਢਹਿ ਬਕਸਿਸ ਕੀਨ ਪਰੀਖਾ।।੨।। ਦੋਵੈ ਘੋੜੇ ਦੋਊ ਭਾਇਨ

Sri Satguru Jagjit Singh Ji eLibrary NamdhariElibrary@gmail.com

ਕੋ ਐਰ ਸਸਤਰ ਗੁਰਦੀਨੇ॥ ਸਾਤ ਕੋਸ ਪਰ ਥਾਨ ਸੁਹੇਵੇ ਸ੍ਰੀ ਪ੍ਰਭ ਡੇਰਾ ਕੀਨੇ॥੩॥ ਕਾਹੂ ਕਹੀ ਕ੍ਰਿਪਾ ਨਿਧਾਨ ਜੀ ਘੋਰੇ ਗਹਿ ਕਰ ਆਵੈਂ॥ ਸੀਸ ਰਾਪ ਕਰ ਸਸਤਰ ਰਾਵੁਰੀ ਨਾਹਿ ਨਗਰ ਮਹਿਪਾਵੈ॥੪॥ ਪੂਛੀ ਸਤਗੁਰ ਤਬ ਤਿਨ ਭਾਖੀ ਹਮ ਸੇਵਕ ਲਘੁ ਸਵਾਮੀ॥ ਸਤਗੁਰ ਸਸਤਰ ਬਸਤਰ ਬਾਜਹਿ ਚਢਨ ਅਹੇਤੁ ਗੁਲਾਮੀ॥੫॥ ਬਾਰ ਬਾਰ ਮਾਂਗਹਿ ਹਮ ਪ੍ਰਭ ਸੋ ਛੂਟੇ ਨ ਪ੍ਰਭ ਸਿਵਕਾਈ॥ ਹਰਖਿਤ ਹੈ ਤਬ ਦੀਨ ਦਯਾਲਨੈ ਬਰਆ ਸਿਖਾ ਅਲਾਈ॥੬॥ ਸੈਫਜਬਾਨ ਰਹੁਹਗੇ ਤੁਮ ਨਿਤ ਭਾਊ ਜਾਨ ਜਿਨ ਲੀਨਾ॥ ਮੁਕਤ ਭੁਕਿਤ ਬਰ ਦੋਊ ਪ੍ਰਾਪਤ ਸਕ ਕਛੁ ਪੂਰਨ ਕੀਨਾ॥੭॥ ਪੁਨ ਇਕ ਨਿਰਖਿ ਜੰਡ ਮੁਹਿ ਪੀਪਲ ਸ਼੍ਰੀ ਸਤਗੁਰ ਬਚ ਕੀਨਾ॥ ਪੀਪਲ ਹੋਇ ਜੇਡ ਜਬ ਛਪਿ ਹੈ ਰਾਜ ਖਾਲਸਾ ਚੀਨਾ॥੮॥

ਸਾਖੀ॥੫॥

ਮਹਾਰਾਜ ਰਣਜੀਤ ਸਿੰਘ ਕੋ ਬੜੋਨ ਦਸੌਧੀ ਭਾਯੋ॥ ਸ਼੍ਰੀ ਸਤਗੁਰੁ ਗੋਬਿੰਦ ਸਿੰਘ ਕੋ ਤਾਨੇ[1] ਗੋਦ ਖਿਲਾਯੋ॥੧॥ ਸਤਗੁਰ ਕੇਸੋ[2] ਦਾਏ ਕਹਿਅਹਿ ਤਾਕੋ ਸੁਤ ਸੁਖਸਾਨਾ॥ ਮਾਝੇ ਮਾਹਿ ਸੁ ਗ੍ਰਾਮ ਬਸਾਯੋ ਭਲੀ ਭਾਂਤ ਪਹਿਚਾਨਾ॥੨॥ ਮਿਲਯੁ ਦਮਦਮੇ ਮੈ ਸਤਗੁਰੁ ਕੋ ਚਲਨ ਲਗੇ ਜਬ ਸਵਾਮੀ॥ ਤੂਹੂੰ ਚਲ ਦਖਿਣਨਹਿ ਮਾਨੀ ਸ੍ਰਾਪ ਦਯੋ ਧਨੁਪਾਨੀ॥੩॥ ਮੋਹਿਤਯਾਗ ਕਰ ਧਾਮ ਸੁਹਾਯੁ ਗ੍ਰਾਮ ਬਸਿਹਿਨਹਿ ਤੇਰਾ॥ ਤਿਨ ਤਬ ਆਇ ਮਾਤ ਸੋ ਭਾਖੀ ਕੋਪੀ ਮਾਤ ਬਤੇਰਾ॥ ਖਲਰ ਮਹਿਆਟਾ ਪਰ ਧਾਈ ਮਿਲੀ ਸੁ ਹੋਵੇ ਆਈ॥ ਖਲਰ ਫੇਰ ਕੋਪ ਕਰ ਬੈਠੀ ਸ਼੍ਰੀ ਸਤਗੁਰ ਕੀ ਧਾਈ॥੫॥ ਸ਼੍ਰੀ ਮੁਖ ਕਹੀ ਬ੍ਰਿਧ ਤਨ ਧਾਈ ਇਤੋ ਕਸਟ ਕਤ ਕੀਨਾ॥ ਬੋਲੀ ਤੂੰ ਤੋ ਸਮਰਥ ਠਾਕੁਰ ਕਾਰਨ ਕਰਨ ਸੁਚੀਨਾ॥੬॥ ਆਪਨ ਬੰਸ ਅੰਸ ਧਨ ਸੰਪਤ ਸਰਬ ਨਾਸ ਕਰ ਆਏ॥ ਮੇਰੇ ਹੂੰ ਪਰ ਕਰਯੋ ਕੋਪ ਯਹ ਕਯਾ ਅਨੁਮਾਨ ਉਡਾਏ॥੭॥ ਬਾਨ ਰਾਉਰੀ ਕਹਿਨ ਜਾਤ ਕਛੁ ਲਹਿਨ ਜਾਤ ਪ੍ਰਭਤਾਈ॥ ਮੈ ਦਾਈ ਪ੍ਰਭ ਗੋਦ ਖਿਲਾਈ ਪਾਈ ਯਹ ਬਡਿਆਈ॥੮॥ ਸ਼੍ਰੀ ਗੁਰੁ ਕਹੀ ਬੰਸ ਮਹਿ ਤੇਰੇ ਰਣਜਿਤ ਸਿੰਘ ਪਾਤਸਾਹਾ॥ ਹੈ ਹੈ ਦਿਗ ਬਿਜਈ ਸੁਨ ਮਾਈ ਕਰਨ ਕੋਪ ਚਿਤ ਚਾਹਾ॥੯॥ ਦੈ ਸੰਤੋਖ ਤਾਹਿ ਤਬ ਫੇਰਯੋ ਚਰਨ ਗਹਨ ਕਰ ਮਾਈ॥ ਗਈ ਧਾਮ ਨ੍ਰਿਪਤ ਕੋ ਲੈ ਬਰ ਲਾਹਿਨ ਜਾਤ ਗਤਿ ਗਾਈ॥੧੦॥

ਸਾਖੀ॥੬॥

ਦੋ:॥ ਏਕ ਖੁਡਾਲੀ ਗ੍ਰਾਮ ਮਹਿਰ ਹੋ ਸੁਨਾਰ ਬਿਕਾਰਾ॥ ਕਾਹੂੰ ਅਘ ਕਰ ਕੈਦ ਭਾ ਮੱਧਯ ਸੋ ਭਿਹਰਾ ਗਾਰਾ॥੧॥ਚੌ:॥ ਤਿਹ ਨਹਿ ਛੂਟਨ ਉਪਾਉ ਨਿਹਾਰਾ॥ ਗੁਰੁ ਗੋਬਿੰਦ ਸਿੰਘ ਹਿਏ ਚਿਤਾਰਾ॥ ਸ਼੍ਰੀ ਪ੍ਰਭ ਤਬੈ ਸੁਹੇਵੇ ਰਾਜੇ॥ ਲਖ ਸੇਵਕ ਸੁ ਕਸਟ ਅਤਿ ਸਾਜੇ ॥੨॥ ਜਾਸੁ ਪ੍ਰੇਮ ਦੁਖ ਦੁਸਹ ਅਪਾਰਾ॥ ਸੋ ਸ਼੍ਰੀ ਸਤਗੁਰੁ ਨਾਹਿ ਸਹਾਰਾ॥ ਜਾਤਨ ਪ੍ਰੇਮ

---

1. ਉਸ ਨੇ, 2. ਵਿਅਕਤੀ ਦਾ ਨਾਮ (ਸਤਗੁਰਾਂ ਦੀ ਦਾਈ ਖਿਡਾਵੀ)

Sri Satguru Jagjit Singh Ji eLibrary NamdhariElibrary@gmail.com

ਪ੍ਰਸੰਸਿਤ ਆਵੈ॥ ਤਾਂ ਤਨ ਕੀ ਸੁਧ ਬੁਧ ਬੋਰਾਵੈ॥੩॥ ਬਿਰਹ ਆਂਚ ਜਮ ਆਂਚ ਨ ਸਾਈ॥ ਛੂਟਿ ਜਾਤ ਸਭ ਪਾਪ ਕਮਾਈ॥ ਨਵਲ ਨੇਹ ਉਰ ਅੰਕਰ ਜਾਮਾ॥ ਬਨਿ ਤ੍ਰਿਨ ਜਰ ਜਿਮਿ ਅੰਕਰ ਜਾਮਾ॥੪॥ ਪ੍ਰਗਟ ਭਏ ਸ਼੍ਰੀ ਕਰਣਾ ਪਾਲਾ॥ ਕਾਢਿ ਭੋਹਰੇ ਪ੍ਰਾਣ ਪ੍ਰਗਟਾਲਾ॥ ਸੇਵਕ ਸੰਕਟ ਸਭ ਨਿਵਾਰਾ॥ ਅਬਲੌਂ ਤਹ ਗੁਰੁਦ੍ਵਾਰਾ ਭਾਰਾ॥੫॥ਦੋ:॥ ਪੂਰਤਿ ਜਨ ਮਨ ਕਾਮਨਾ ਕਲਗੀਧਰ ਅਵਤਾਰਿ॥ ਸਰਬ ਕਲਾ ਸਮਰਥ ਪ੍ਰਭ ਪ੍ਰਗਟ ਗੁਪਤ ਬਯੋਹਾਰਿ॥੬॥

ਸਾਖੀ॥੭॥

ਚੌ:॥ ਆਗੇ ਗਏ ਸੁ ਦੀਨ ਦਯਾਲਾ॥ ਕਾਹੂੰ ਕਹਯੋ ਸਿੰਘ ਪ੍ਰਤਿਪਾਲਾ॥ ਭਾਈ ਰਾਮ ਸਿੰਘ ਹੂੰ ਭਾਜੇ॥ ਨੈਕ ਨਹੀ ਸ਼੍ਰੀ ਸਤਗੁਰ ਲਾਜੇ॥੧॥ ਸਿੰਘ ਭੇਜ ਸ਼੍ਰੀ ਸਤਗੁਰ ਰਾਈ॥ ਕਹਯੋ ਕਿ ਰੇਖਾ ਤੀਨ ਖਿਚਾਈ॥ ਕਹਹੁ ਆਨ ਸ਼੍ਰੀ ਸਤਗੁਰੁ ਦੀਨੀ॥ ਜਾਨਹੁ ਅੰਨਤ ਫਿਰਹੁ ਸੁਖਚੀਨੀ॥੨॥ ਭਾਈ ਲਾਂਘ ਗਯੋ ਤਬ ਰੇਖਾ॥ ਹਮ ਨਹਿ ਫਿਰਹਿ ਸੁਚਾਲ ਬਿਸੇਖਾ॥ ਤਜ ਘਰ ਜਾਨ ਦੂਰ ਭਲ ਨਾਹੀ॥ ਜੈ ਹੈਂ ਹਮ ਅਬ ਅਨਤ ਨ ਤਾਹੀ॥੩॥ ਪੁਨ ਪ੍ਰਭ ਪਰਯੋ ਰੁਮਾਲ ਅਪਾਨਾ॥ ਸੋ ਲੈ ਧਾਯੋ ਸਿੰਘ ਜਵਾਨਾ॥ ਤਿਨ ਤਬ ਕਹੀ ਪਾਗ ਗੁਰਰਾਈ॥ ਹੋਵੈ ਹਯ ਅਗ੍[1] ਰੁਮਾਲ ਸੁ ਪਾਈ॥੪॥ ਯਾਹਿ ਲਾਂਘਿਜਿਨ ਬਨੀ ਬਿਗਾਰੋ॥ ਸ਼੍ਰੀ ਸਤਗੁਰੁ ਕੀ ਸਰਨ ਸਿਵਾਰੋ॥ ਸੋ ਉਲਾਂਘ ਅਗ੍ ਜਬ ਗਯੋ॥ ਮੰਨ ਫਿਰੋ ਅਸ ਭਾਖਤ ਭਯੋ॥੫॥ ਕਾਲ ਡੰਕ ਤਾਂਕੇ ਸਿਰ ਦੀਨੇ॥ ਤਿਅ ਸੁਤ ਹਿਤ ਗੁਰੁ ਅਨਹਿਤ ਚੀਨੋ॥ ਸਿੰਘ ਕਹੀ ਪ੍ਰਭ ਭਾਈ ਕਹੈ॥ ਹਮਨਹਿ ਤਜਹਿ ਧਾਮ ਅਬ ਚਹੈ॥੬॥ ਕੋਪਾ ਕਾਰ ਕਲਗਿਧਰ ਭਏ॥ ਮਰਿ ਹੈਂ ਏਕ ਮਾਸ ਮਹਿ ਗਏ॥ ਮਾਰ ਮਾਰ ਟੱਕਰ ਮਰਿ ਜੈਂ ਹੈਂ॥ ਭਲਾ ਸਿੰਘਾਦਿਕ ਸੁ ਸਭੈ ਹੈਂ॥੭॥ ਰਾਮ ਸਿੰਘ ਭਯੋ ਮਾਰਗ ਬੋਰਾ॥ ਮਾਰਹਿ ਭੀਤਹਿ ਸਿਰ ਬਚ ਕੋਰਾ॥ ਮਾਰ ਤਹੀ ਟਕਰ ਮਰਿ ਗਯੋ॥ ਏਕ ਮਾਸ ਮਹਿ ਗੁਰੁ ਬਚ ਭਯੋ॥੮॥ ਭਲਾ ਸਿੰਘ ਹੂੰ ਭਯੋ ਅਤਿ ਰੋਗੀ॥ ਮਰਯੋ ਮਾਸ ਮਹਿ ਸ੍ਰਾਪਹਿ ਭੋਗੀ॥ ਪੁਰ ਲੂਟਨ ਸੁ ਲੁਟੇਰੂ ਆਏ॥ ਭਲ ਸਿੰਘ ਸੁਤ ਤਿਨ ਮਾਰ ਗਿਰਾਏ॥੯॥ ਪੋਤਰ ਰਹੇ ਚੋਇ ਤਬ ਬਾਲੇ॥ ਇਕ ਭਕ ਲਾਲੇ ਚਲਯੋ ਸੁ ਨਾਲੇ॥ ਦੂਸਰ ਤਾਹਿ ਛੀਨਬੇ ਲਾਗਾ॥ ਲਗਯੋਕਰੇਜ; ਮਰਯੋ ਅਭਾਗਾ॥੧੦॥ ਦੂਸਰ ਮਰਯੋ ਸੀਤਲਾ ਭਈ॥ ਸਤਗੁਰ ਸ੍ਰਾਪ ਸਫਲਤਾ ਲਈ॥ ਚੌਹਤਰ[2] ਚਲਕੋਸ ਸ ਆਗੇ॥ ਰਾਮ ਸਿੰਘ ਫਿਰ ਮਰਯੋ ਅਭਾਗੇ॥ ਮਾਤਾ ਸਾਹਿਬ ਦੇਵੀ ਕੋਪ॥ ਸੀਤ ਪ੍ਰਸਾਦ ਬੇਦਬੀ ਸੋਪ॥ ਤਾਅ ਤਾਕੀ ਮਤਿ ਬੋਰਾਈ॥ ਤਜਯੋ ਚਰਨ ਸ਼੍ਰੀ ਗੁਰੁ ਬਰ ਪਾਈ॥੧੨॥ਦੋ:॥ ਸ਼੍ਰੀ ਸਤਗੁਰੁ ਕੀ ਬਰ ਕਥਾ ਇਤਨ ਹੋਤ ਕਿਹਿ ਭਾਂਤ॥ ਸਾਗਰ ਬੂੰਦ ਕਿ ਗਨ ਸਕਹਿ ਸਿਰ ਤਾਕਨ ਧਨ ਖਯਾਤ॥੧੩॥

---

1. ਅੱਗੇ, 2. 74

Sri Satguru Jagjit Singh Ji eLibrary NamdhariElibrary@gmail.com

ਸਾਖੀ॥੮॥

ਚੌ:॥ ਪੁਨ ਗੁਰ ਮਧੂ ਸਿੰਘਾੜੇ[1] ਆਏ॥ ਅਸਟ ਦਸ ਬਰ ਕੋਸ ਸੁਹਾਏ॥ ਪ੍ਰਭ ਪਰਖੀ ਸੇਵਾ ਚਿਤ ਲਾਈ॥ ਕਿਹਿ ਬਿਧਿ ਇਤ ਨਿਤ ਪਲੰਗ ਬਨਾਈ॥੧॥ ਜਿਹ ਥਲ ਕੀਓ ਆਪ ਪ੍ਰਭ ਡੇਰਾ॥ ਪਲੰਗ ਰਚਨ ਅਨਹਿਤ ਚਿਤ ਹੇਰਾ॥ ਤੁਰਤ ਧਰਮ ਸਿੰਘ ਕੀਨ ਉਪਾਵਾ[2]॥ ਦੋ ਕੀਲੇ ਗਾਡੇ ਦੁਉ ਪਾਵਾ॥੨॥ ਬੈਰ ਛਾਟਕਰ ਇਤ ਉਤ ਬਾਂਧੀ॥ ਪੁਨ ਨਿਵਾਰ ਤੇ ਮਤਿ ਗਤਿ ਸਾਧੀ॥ ਬਸਨ ਬਿਛਾਇ ਬਲੰਗ ਬਨਾਯੋ॥ ਤਾਪਰ ਸ਼੍ਰੀ ਪਦ ਪਦ ਪਧਰਾਯੋ॥੩॥ ਸਤਗੁਰੁ ਭਏ ਪ੍ਰਸੰਨ ਮਹਾਨਾ॥ ਜਾਹੁ ਘਰਨ ਅਮ ਬਚਨ ਬਖਾਨਾ॥ ਪਗ ਪਰ ਪਰ ਤਬ ਕੋਊ ਭਾਈ॥ ਗਏ ਗੇਹ ਗੁਨ ਨਿਧਿ ਹਰਖਾਈ॥੪॥ ਅਬਲੌ ਤਿਨ ਕੇ ਬੰਸ ਮਝਾਰੀ॥ ਹੈ ਅਗਿਨਤ ਅਤੋਟ ਡੰਡਾਰੀ॥ ਲੰਗਰ ਲਲਿਤ ਹੋਤ ਪੁਰਮਾਹੀ॥ ਨਗਰ ਨ ਰਹਤ ਰਹਤ ਛੁਧਿਤ ਕੋਊ ਜਾਹੀ॥੫॥ ਦੈ ਢੰਡੋਰਾ ਲੰਗਰ ਬਾਟਾ॥ ਸਤ ਗੁਰੂ ਬਰ ਬਰਦਾਨ ਸੁ ਠਾਟਾ॥ ਇਕ ਸਤ ਬੱਤਿਸ ਕੋ ਸਨ ਜਾਈ॥ ਫਿਰੇ ਭ੍ਰਾਤ ਦੋਊ ਬਰ ਪਾਈ॥੬॥

ਸਾਖੀ॥੯॥

ਦੋ:॥ ਪੁਨ ਪੁਸਕਰ ਉਤਰੇ ਪ੍ਰਭੂ ਕ੍ਰਿਪਾ ਸਿੰਧੁ ਕਰਤਾਰ ਦੇਤਨ ਮ੍ਰਿਸੁਹਿ ਬਹੁ ਦਿਓ ਦਾਨ ਬਤਰ ਦੀਨਾਰ॥੧॥ਚੌ:॥ ਜਹ ਸਤਗੁਰੁ ਨਾਨਕ ਜਗਰਾਈ॥ ਕਿਅ ਇਸਨਾਨ ਗਏ ਤਿਹਿ ਥਾਈ॥ ਦਾਨ ਮਾਨ ਸਨਮਾਨੇ ਭੂਸਰ॥ ਬੋਲੇ ਸਰਬ ਸਭਾ ਮਧ ਸਤਗੁਰੁ॥੨॥ ਜਬ ਗੁਰੂ ਬਾਬਾ ਜੀ ਇਤ ਆਏ॥ ਸਿਧਿਨ ਸਨ ਚਰਚਾ ਚਿਤ ਲਾਏ॥ ਭਰਥਰਿ ਗੋਪੀ ਝੰਗਰ ਭੰਗਰ[3]॥ ਗੋਰਖਾਦਿ[4] ਆਏ ਇਤਿ ਮਿਲਕਰ॥੩॥ ਮਾਰਗ ਜੋਗ ਅਧਿਕ ਕਰ ਚਰਚਾ॥ ਸੰਤ ਸੰਮਾਗਮ ਮਨ ਕੀ ਪਰਚਾ॥ ਮੰਗਲ ਨਾਥ ਆਦਿਕ ਰਸ ਪਾਗੇ॥ ਸ਼੍ਰੀ ਸਤਗੁਰੁ ਬਾਬਾ ਪਗ ਲਾਗੇ॥੪॥ ਗਏ ਅਪਨੇ ਉਚਿਤਤ ਸਥਾਨਾ॥ ਸਰਬ ਸਭਾ ਮਧ ਕਹਤ ਪ੍ਰਮਾਨਾ॥ ਤਬ ਲਗ ਬਿਪ੍ ਬ੍ਰਿੰਦ ਜਲਿ ਆਏ॥ ਬੈਠੇ ਆਸਿਰ ਬਚਨ ਅਲਾਏ॥੫॥ ਸਮਯ ਪਾਇ ਬੋਲੇ ਗੁਰ ਰਾਈ॥ ਯਹ ਜੁ ਸੰਗ ਸਿਖ ਗਨ ਸਮੁਦਾਈ॥ ਕਵਨ ਜਾਤ ਕਿਹ ਭੇਖ ਮਹਾਨਾ॥ ਲਖਨ ਪਰਤ ਕਛੁ ਗੁਰੁ ਭਗਵਾਨਾ॥੬॥ ਸ਼੍ਰੀ ਮੁਖ ਕਹੀ ਦਿਜੋ ਤਮ ਗਯਾਨੀ॥ ਸਭ ਤੇ ਬਿਲਗ ਖਾਲਸਾ ਜਾਨੀ॥ ਸਭ ਮਹਿ ਸਭ ਤੇ ਬਾਹਰ ਜਾਨਾ॥ ਪੂਜਨੀਅ ਸਭ ਪੰਥਨ ਮਾਨਾ॥੭॥ ਆਰਜ ਧਰਮ ਉਬਾਰਨ ਕਾਜਾ॥ ਪ੍ਰਗਟ ਕਰਯੋ ਅਕਾਲ ਮਹਾਰਾਜਾ॥ ਗਊ ਗਰੀਬ ਬਿਪ੍ ਕੇ ਹੋਤਾ॥ ਤਿਨ ਕਹਿ ਮਾਰਹਿ ਯਹਿ ਸੁਖ ਕੰਤਾ॥੮॥ ਬਿਪ੍ਰਨ ਮਨ ਸੰਦੇਹ ਨਿਵਾਰਨ॥ ਤੀਰਥ ਨਿਰਖਨ ਉਤੇ ਦਯਾਰਾ॥ ਚੇਤਨ ਮਿਸਰ ਸੰਗ ਲੈ ਲੀਨਾ॥ ਪ੍ਰਥਮ ਪਾਰਥਣ ਮਹੰਤ ਹੇਰਨ ਕੀਨਾ॥੯॥ ਨਾਗਨ ਗੁਹਾਲਖੀ ਪੁਨ ਜਾਈ॥ ਚੇਤਨ ਮਿਸ੍ ਸੁ ਔਸਰ[5] ਪਾਈ॥ ਕਹੀ ਸੁਰਹੁ ਸਤਗੁਰੁ ਘਟ ਗਾਮੀ॥ ਜਦਯਮ ਪੁਰਖ ਪੁਰਾਨ

---

1. ਸਥਾਨ ਦਾ ਨਾਮ, 2. ਯਤਨ, 3. ਜੋਗੀਆਂ ਦੇ ਨਾਮ, 4. ਗੋਰਖ ਆਦਿਕ, 5. ਸਮਾਂ

Sri Satguru Jagjit Singh Ji eLibrary NamdhariElibrary@gmail.com

ਸਵਾਮੀ॥੧੦॥ ਹਯਾ ਬਿਧਿ ਕਰਨ ਲਾਗ ਮੁਖ ਭਾਰੀ॥ ਆਏ ਸਿਵਕਪਾਲ ਕਰ ਧਾਰੀ॥ ਅਸਿਵ ਬੇਖ ਲਸ ਬਿਧਿ ਤਬ ਬਰਜਾ॥ ਪੁਤਰ ਜਾਨ ਕਛੁ ਕੁ ਬਚਹੁ ਸਰਜਾ॥੧੧॥ ਤਬ ਸਿਵ ਇਹਾ ਕਪਾਲ ਪ੍ਰਹਾਰਾ॥ ਅਹਿ ਰਹਿ ਜਹਿ ਤਹ ਫਇਲਅ ਅਪਾਰਾ॥ ਮਖ ਸੰਮੂਹ ਸਮਗ੍ਰੀ ਮਾਹੀ॥ ਪੂਰਨ ਭਏ ਨਾਗ ਗਨ ਤਾਹੀ॥੧੨॥ ਲਖ ਪ੍ਰਤਾਪ ਬਿਧਿ ਬਿਨਤੀ ਕੀਨੀ॥ ਸੰਭੂ ਪ੍ਰਸੰਨ ਪੂਰ ਮਖ ਚੀਨੀ॥ ਇਤਆਦਿਕ ਪਰ ਸੰਗ ਘਨੇਰਾ॥ ਕਬਤ ਬਢਤ ਬਹੁ ਗ੍ਰੰਥ ਸੁਹੇਰਾ॥੧੩॥

ਸਾਖੀ॥੧੦॥

ਚੌ:॥ ਸ੍ਰੀ ਸਤਗੁਰੁ ਸਾਹਿਬ ਕੀਓ ਡੈਰਾ ਆਗੇ ਜਾਇ॥ ਚੁਰੂ ਗ੍ਰਾਮ ਜੋ ਬਿਦਿਤ ਹੈ ਗੁਨ ਨਿਧਾਨ ਸੁਖ ਰਾਇ॥੧॥ਚੌ:॥ ਤਹ ਤੇ ਗਏ ਨਰਾਇਨ ਗ੍ਰਾਮਾ॥ ਜਹ ਰੁਹ ਦਾਦੂ ਦਵਾਰ ਮਹਾਨਾ॥ ਲੋਕਨ ਕਹੀ ਸਤਗੁਰੂ ਆਯੋ॥ ਕਿਨਹੂੰ ਗੁਰੁ ਮਰੈਲਾ[1] ਗਾਯੋ॥੨॥ ਕਾਹੂ ਕਹੀ ਨ੍ਰਿਪਤ[2] ਪੰਜਾਬੀ॥ ਯਹ ਕਸ ਗੁਰੁ ਬਰ ਮਸਤਰ ਹਿਸਾਬੀ॥ ਤੀਰ ਸੰਗ ਸ਼੍ਰੀ ਸਤਗੁਰੁ ਬਾਬਾ॥ ਦਾਦੂ[3] ਕੀ ਸਮਾਧ ਸੁ ਅਜਾਬਾ॥੩॥ ਨਮਸਕਾਰ ਕਰ ਡੇਰੇ ਆਏ॥ ਸਿੰਘਨ ਕਹਿ ਉਰ ਸੰਕ ਬਢਾਏ॥ ਦਯੋ ਸਵਾ ਸਤਬਸੁ ਗੁਰਗਾਈ॥ ਅਰ ਅਪਨੀ ਤਨਖਾਹ ਬਕਸਾਈ॥੪॥ ਸਿਖੀ ਰੀਤ ਪ੍ਰੀਤ ਤਨਖਾਹਾ॥ ਸਿਖ ਰਾਈ ਖਾਲਸਹਿ ਸਰਾਹਾ॥ ਸੰਤ ਅਨੰਤ ਸੁ ਏਕ ਸਮਾਨਾ॥ ਅਸ ਲਖ ਹੰਮ ਬੰਦਯੋ ਸੁਖਦਾਨਾ॥੫॥ ਬਚਨ ਬਿਸੇਖ ਸਾਮਾਨ ਸੁਜਾਨੀ॥ ਅਰਥ ਕਰਿਅਸਭਹੀ ਧਨੁਪਾਨੀ॥ ਜਬ ਤਨਖਾਹ ਲਗਹਿ ਕੋਊ ਆਈ॥ ਹਾਥ ਜੋਰ ਇਮ ਤਬ ਬਕਸਾਈ॥੬॥ਦੋ:॥ ਊਚ ਨੀਚ ਬੜ ਸੋਚ ਕਰ ਸੋਚਨੀਯ ਸਭ ਭਾਂਤ॥ ਗੁਰਮੁਖ ਪਯਾਰੇ ਪੰਚ ਜਹਿ ਸੋਈ ਮਮ ਸਮ ਸਾਂਤ॥੭॥ਚੌ:॥ ਸੋ ਸੁਧ ਧੁਨੀ ਮਹੰਤ ਮਹਾਨਾ॥ ਦਾਦੂ ਪੋਤਾ ਚੋਲਾ ਜਾਨਾ॥ ਤਹਹੁ ਸਿੰਘ ਗਏ ਨਿਰਖਿ ਬਿਠਾਏ॥ ਪੂਛੇ ਸ੍ਰੀ ਸਤਗੁਰੁ ਰਿਧਿ ਆਏ॥੮॥ ਸਿੰਘਨ ਕਹੀ ਕਿਦੀਨ ਦਯਾਲਾ॥ ਸ੍ਰੀ ਗੋਬਿੰਦ ਸਿੰਘ ਗੁਰਬਰ ਬਾਲਾ॥ ਗੁਰੁ ਨਾਨਕ ਗਾਦੀ ਪਰ ਰਾਜੇ॥ ਦਸਮੇ ਪਾਤਸਾਹ ਸੁਖ ਸਾਜੇ॥੯॥ ਆਠ ਮਾਸ[4] ਅਨੰਦਪੁਰ ਲਰੇ॥ ਦਸ ਲਖ ਘੋੜੇ ਭਾਜੇ ਭਰੇ॥ ਅਬ ਦਖਿਯਣ ਜਾਵਨ ਕੀ ਆਸਾ॥ ਕਾਰਨ ਲਖ ਤਨੁ ਕੁਊ ਮਤਿ ਰਾਸਾ॥੧੦॥ ਉਹ ਮਹੰਤ ਤਬ ਬਾਹਰ ਆਯੋ॥ ਪਰਯੋ ਪਗਨ ਪਰ ਪ੍ਰਭੂ ਪੁਲਕਾਯੋ॥ ਦਈ ਰਸਦ ਅਰੁ ਬਿਬਿਧਿ ਬਿਧਾਨਾ॥ ਸੇਵਾ ਸਜੀ ਸੁਖਦ ਸੁ ਮਹਾਨਾ॥੧੧॥ ਸਤਗੁਰੁ ਕਰ ਸਤਕਾਰ ਬਿਠਾਯੋ॥ ਤਬ ਮੁਹੰਤ ਕਰ ਜੋਰ ਅਲਾਯੋ॥ ਨਿਰ ਦਾਵੇ ਗਾਦੀ ਗੁਰ ਰਾਈ॥ ਕਤ ਕਿਅ ਜੰਗ ਇਤਕ ਬਰਿਆਈ॥੧੨॥ **ਜੈਤ ਰਾਮੋ ਬਾਚ**।ਦੋ:॥ ਦਾਦੂ ਦਾਵਾ ਦੂਰ ਕਰ ਬਿਨ ਦਾਵੇ ਦਿਨ ਕਟ॥ ਕੇਤੀ ਸੋਦਾ ਕਰ ਗਈ ਏਤ ਪਸਾਰੀ ਹੱਟ॥੧॥ **ਸ੍ਰੀ ਗੁਰੂ ਬਾਚ**॥ ਦਾਦੂ ਦਾਵਾ ਬੰਨ ਕੇ ਸਭ ਕੋ ਲਇਐ

---

1. ਮੁਹਰੀ, ਉਤਮ, 2. ਰਾਜਾ, 3. ਮੱਧਕਾਲੀਨ ਦਾਦੂ ਭਗਤ, 4. ਮਹੀਨੇ

Sri Satguru Jagjit Singh Ji eLibrary NamdhariElibrary@gmail.com

ਲੂਟ॥ ਏਕੋ ਰਹਸੀ ਖਾਲਸਾ ਹੋਰ ਸਭ ਮਰਸੀ ਹੁਟ॥ **ਜੈਤ ਰਾਮੇ ਬਾਚ** : ਦਾਦੂ ਸਮਾ ਬਿਚਾਰ ਕੈ ਕਲਿਕਾ ਲੀਜੈ ਭਾਉ॥ ਜੋ ਕੋਊ ਮਾਰੈ ਈਟ ਢੀਮ ਲੀਜੈ ਸੀਸ ਚਢਾਇ॥੨॥ **ਸ੍ਰੀ ਗੁਰੂ ਬਾਚ**॥ ਦਾਦੂ ਸਮਾ ਬਿਚਾਰ ਕੈ ਕਲਿ ਕਾਲੀ ਜੈ ਭਾਉ॥ ਜੋ ਕੋਊ ਮਾਰੈ ਈਟ ਢੀਮ ਪਾਥਰ ਹਨੈ ਰਿਸਾਉ॥੨॥ਚੋ:॥ ਪੁਨ ਮਹੰਤ ਕਹਿ ਦੀਨ ਦਯਾਲਾ॥ ਨਹਿ ਸਮਝਯੋ ਅਭਿ ਪ੍ਰਾਇ ਬਿਸਾਲਾ॥ ਸਤਗੁਰੁ ਕਹੀ ਕਿ ਸੰਤਨ ਕਹਾ॥ ਧੀਰਜ ਧਰਮ ਕਸੋਟੀ ਸਹਾ॥੧੨॥ ਜਬ ਮਲੇਛ ਬਹੁੰ ਦੁੰਦ ਉਡਾਈ॥ ਮੁਹਿ ਭੇਜਯੋ ਤਬ ਸ੍ਰੀ ਹਰਿ ਰਾਈ॥ ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਦੋਖਿ ਅਨ ਪਕਰ ਪਛਾਰਨ॥੧੩॥ ਗਊ ਗਰੀਬ ਸਾਧੁ ਸਿਖ ਸੰਗਤ॥ ਸਭ ਕਹਿ ਦੁਖ ਦੀਨੋ ਇਨ ਪੰਗਤ॥ ਤਾਤੇ ਮੈ ਇਨ ਕੀ ਜਰ ਮਾਰੀ॥ ਤਉ ਅਦਾਵੇ ਦਾਵੇ ਧਾਰੀ॥੧੪॥ ਪਗਨ ਪਰਯੋ ਸੁ ਮਹੰਤ ਮਹਾਨਾ॥ ਸਮਝਯੋ ਸਤਗੁਰੁ ਬਚਨ ਪ੍ਰਮਾਨਾ॥ ਸ਼੍ਰੀ ਮੁਖ ਕਹੀ ਬਾਜ ਕੇ ਤਾਮੇ॥ ਕਿਹਿ ਬਿਧਿ ਹੋਇਆ ਅਧਿਕ ਹਿਤ ਜਾਮੇ॥੧੫॥ ਕਹਿ ਮਹੰਤ ਗੁਰ ਕੇਏ ਬਾਜਾ॥ ਹੈ ਚੈਤੰਨ ਸੁ ਸਕਲ ਸਮਾਜਾ॥ ਮੁੰਹਿ ਨਿਸਚਾ ਮਮ ਬਿਨਯਹਿ ਮਾਨੈ॥ ਖਾਹਿ ਬਾਜਰਾ ਧਾਮ ਪਛਾਨੈ॥੧੬॥ ਸ਼੍ਰੀ ਮੁਖ ਕਹੀ ਭਲੀ ਸੋ ਕਰਹੁ॥ ਸੰਕਾ ਕਛੁ ਨ ਚਿਤ ਮਹਿ ਧਰਹੁ॥ ਅਸ ਕਹਿ ਉਠ ਮਹੰਤ ਤਬ ਆਯੋ॥ ਬਾਜਨ ਆਗੇ ਸੀਸ ਨਵਾਯੋ॥੧੭॥ ਯਹ ਦਾਦੂ ਦਵਾਰਾ ਜਗ ਜਾਨਾ॥ ਧਾਮ ਸੰਤ ਕਰ ਬਾਜ ਮਹਾਨਾ॥ ਇਹਾ ਨ ਮਾਸ ਹੋਇ ਨ ਹਿੰਸਾ॥ ਛਕਹੁ ਬਾਜਰਾ[1] ਕ੍ਰਿਪਾ ਪ੍ਰਸੰਸਾ॥੧੮॥ ਅਸ ਕਹਿ ਅਗ੍ਰ ਬਾਜਰਾ ਦੀਨਾ॥ ਛਕ ਬਾਜਨ ਅਤਿਆਨੰਦ ਲੀਨਾ॥ ਸਭ ਸਿੰਘਨ ਉਰ ਅਚਰਜ ਮਾਨਾ॥ ਸੰਤ ਅਨੰਤ ਭੇਦ ਨਹਿ ਜਾਨਾ॥੧੯॥ ਪ੍ਰਾਤ ਭਏ ਪ੍ਰਭ ਕਰ ਤਿਆਰੀ॥ ਮਲਿਯੋ ਮਹੰਤ ਆਨ ਅਗਾਰੀ॥ ਦੀਨ ਬੰਧ ਨਾਦੇਰ ਨਗਰ ਬਰ॥ ਨੰਦੀ ਤਟ ਜਿਹ ਕਹਹਿ ਸਾਸਤਰ ਕਰ॥੨੦॥ ਤਹਿ ਇਕ ਮਾਧੋ ਦਾਸ ਬੈਰਾਗੀ॥ ਚਾਰ ਬੀਰ ਤਿਹਿ ਬਸ ਰਿਸ ਜਾਗੀ॥ ਸੰਤਨ ਲਖਤ ਪਰੀਖਾ ਲੇਈ॥ ਯਾਤੇ ਕਰਾਮਾਤ ਦੁਖ ਦੇਈ॥੨੧॥ ਤਾਕੇ ਨਿਕਟ ਨ ਜਾਹੁ ਦਯਾਲਾ॥ ਸੁਖਦ ਸੰਤ ਜਨ ਕਰਸੁ ਦੁਖਾਲਾ॥ ਕਬਹੁਕ ਮੈ ਪ੍ਰਭ ਤਿਹ ਨਾਂ ਗਯੋ॥ ਪਲੰਗ ਬਿਠਾਯੋ ਆਦਿਰ ਕਯੋ॥੨੨॥ ਪਲੰਗ ਉਲਟਿ ਮੁਹਿ ਬੀਰ ਗਿਰਾਯੋ॥ ਕਰ ਅਤਿ ਹਾਸਯ ਸੁ ਮੋਹਿ ਦੁਖਾਯੋ॥ ਪ੍ਰਥਮ ਹੁਤੋ ਵਹ ਰੰਕ ਦਯਾਲਾ॥ ਸੰਤਨ ਸੰਗ ਰਹਯੋ ਕਛੁ ਕਾਲਾ॥੨੩॥ ਤਿਹ ਇਕ ਸਿਧ ਪੁਰਖ ਮਿਲ ਗਯੋ॥ ਦੈ ਪੋਥੀ ਅਪਨੇ ਸਮ ਕਯੋ॥ ਜਦਪਿਤਿ ਨਤਿਹ ਕਯੋ ਦਰਾਵਨ॥ ਪੈਨ ਪਚਯੋ ਤਾਂਤੇ ਸੁ ਅਪਾਵਨ॥੨੪॥ ਪਾਰਸ ਖੋਜਨ ਸਿਧਿ ਰਸਾਇਨ॥ ਇੰਦ੍ਰਜਾਲ ਅਰੁ ਰੁਦ੍ ਜਾਲ ਜਿਨ॥ ਅਦਭੁਦ ਖੇਲ ਉਡੀ ਸਮਹਾਨਾ॥ ਜਲ ਮਿਲਬੋ ਸੁ ਅਕਾਸ ਉਡਾਨਾ॥੨੫॥ ਆਗਨ ਲਾਇ ਜਬ ਚਹੈ ਬੁਝਾਵੈ॥ ਦ੍ਰਿਸ਼ਟ ਬੰਦਕਰ ਕਾਜ ਕਰਾਵੈ॥ ਬਾਕਯ ਸਿਧਿ[2] ਦੁਧ

---

1. ਅਨਾਜ ਦੀ ਕਿਸਮ, 2. ਬਚਨ ਪੂਰੇ ਹੋਣੇ

Sri Satguru Jagjit Singh Ji eLibrary NamdhariElibrary@gmail.com

ਪੁਤ ਧਨ ਧਾਨਾ॥ ਭੂਮ ਦ੍ਰਬਯ ਸਭ ਜਾਨ ਨਿਧਾਨਾ॥੨੬॥ ਤਿਅ ਤੇ ਨਰ ਨਰ ਤੇ ਤਿਅ ਕਰੈ॥ ਦੁਰੀ ਬਾਤ ਪ੍ਰਗਟ ਕਰ ਧਰੈ॥ ਬਿਦਯਾ ਸਸਤ੍ਰ ਅਸਤਰ ਅਰੁ ਬੇਦਾ॥ ਮੁਕਿਤ ਭੁਕਿਤ ਬੈਰਾਗ ਅਖੇਦਾ॥੨੭॥ ਤਾਰੇ ਚਹੈ ਤੋਰਿ ਅਕਾਸਾ॥ ਬਰਸੈ ਮੇਘ ਪਵਨ ਪ੍ਰਕਾਸਾ॥ ਭੂਤ ਪ੍ਰੇਤ ਅਰ ਬੀਰ ਅਨੇਕਾ॥ ਬਸਿ ਮਹਿ ਤਾਕੇ ਰਹਿਤ ਬਿਬੇਕਾ॥੨੮॥ਦੋ:॥ ਨੌ ਨਿਧਿ ਰਿਧਿ[1] ਸਿਧਿ ਸਰਬ ਬਸ ਮਹਾਸੂਰ ਸਿਰਮੋਰ॥ ਸੰਤਨ ਸੋਂ ਹਾਸੀ ਕਰਤ ਬਾਹੁ ਅਜਾਨ ਸੁ ਔਰ॥੨੯॥ਚੌ:॥ ਸੁਨਹੁ ਮਹੰਤ ਚਿਤ ਹਰਖਾਈ॥ ਗੁਰੂ ਨਾਨਕ ਪ੍ਰਤਾਪ ਬਲ ਪਾਈ॥ ਪਰਿ ਹੈ ਆਨ ਚਰਨ ਭਲ ਭਾਂਤੀ॥ ਲਖਹਿ ਚਲਹਿ ਇਕ ਤਪ ਸਿਖ ਸਾਂਤੀ॥੩੦॥ ਹਮਰੋ ਕਾਜ ਅਹੈ ਤਿਹ ਸੰਗਾ॥ ਪਕਰਿ ਹੈ ਸਰਬ ਸਕਿਤ ਬਲਭੰਗਾ॥ ਸ਼੍ਰੀ ਮੁਖ ਕਹੀ ਸੰਤ ਦੁਖ ਜਾਤੇ॥ ਮਮ ਆਗਮਨ ਸੁ ਕਾਰਨ ਤਾਂਤੇ॥੩੧॥ ਦੈ ਅਤਿ ਖੋਸੀ ਅਗ੍ ਪ੍ਰਭ ਗਏ॥ ਨਿਤ ਪ੍ਰਤਿਨਰ ਰਚਨਾ ਕਛੁ ਕਏ॥ ਮਾਰਵਾੜ ਕੀ ਭੂਮਿ ਮੰਝਾਰਾ॥ ਚਲੇ ਜਾਤ ਕਰੁਣਾ ਬਿਸਤਾਰਾ॥੩੨॥

ਸਾਖੀ॥੧੧॥

ਚੌ:॥ ਪਚਿਸਕੋਸ ਅਗ੍ ਜਬ ਗਏ॥ ਲਾਲੀ ਡੇਰਾ ਡਾਰਤ ਭਏ॥ ਪੁਨ ਮਘੰਰ ਦੇ ਕੀਨੋ ਡੇਰਾ॥ ਕੋਸ ਪਚੀਸ ਮਾਨ ਪਗ ਹੇਰਾ॥ ਆਗੇ ਗਏ ਕੁਲਾਇਤ ਗ੍ਰਾਮਾ॥ ਦਵਾਦਸ ਕੋਸ ਸੋਢੀ ਪਤਿਨਾਮਾ॥ ਆਗੇ ਦੇਸ ਰਾਜ ਪੂਤਾਨਾ॥ ਦਲਾ ਆਪ ਸੁ ਗੁਰੁ ਭਗਵਾਨਾ॥ ਦਵਾਦਸ ਦਿਨ ਤਿਹਿ ਕੀਨ ਮੁਕਾਮਾ॥ ਚਲੇ ਰਾਜਪੂਤਾਨ ਲਲਾਮਾ॥ ਆਗੇ ਆਏ ਮਿਲੇ ਨਰ ਨਾਰੀ॥ ਸੇਵਹਿ ਗੁਰੁ ਬਰ ਉਰ[2] ਡਰ ਧਾਰੀ॥੩॥ ਜੋਨੁ ਕਰਹਿ ਸੇਵਾ ਅਨਖਾਈ॥ ਬੋਲਹਿ ਕਟੁ ਬਚ ਨਿੰਦਯਾ ਅਲਾਈ॥ ਤਾਹਿ ਲੂਟੈ ਸੁਧ ਖਾਲਸਾ॥ ਬਰ ਬਰਦਾਨ ਆਪ ਖਾਲਸਾ॥੪॥

ਸਾਖੀ॥੧੨॥

ਦਯਾ ਸਿੰਘ ਹੂੰ ਮਿਲੇ ਆਇ ਮਗ ਰਾਜਪੂਤਾਨੇ ਮਾਹੀ॥ ਕਹੀ ਕਥਾ ਸਭ ਸ਼੍ਰੀ ਸਤਗੁਰੁਸੋਂ ਜਿਹਿ ਬਿਧਿ ਭੀ ਸੁਭ ਤਾਹੀ॥੧॥ ਦਯੋ ਕਪੀਰਾ ਸ਼੍ਰੀ ਸਤਗੁਰੁ ਕੋ ਕਹਯੇ ਕਿ ਅਵਰੰਗ ਦੀਨਾ॥ ਰੋਗੀ ਭਯੋ ਸੁਨਯੋ ਹਮ ਸਾਹਿਬ ਅਜਹੁ ਤਨਮ੍ਰਿਤ ਚੀਨਾ॥੨॥ ਰਾਉਰ ਡਰਉਰ ਬਰ ਥਰ ਕਾਪਤ ਚਪੋ ਚੋਰ ਇਵ ਬੋਲੈ॥ ਅਪਨੇ ਅਘਨ ਪਛਾਨ ਜਫਰਨਾਮਾ[3] ਪੜਉ ਪਜਤ ਹੋ ਲੈ॥੩॥ ਆਏ ਗਏ ਕਹੀ ਕਾਹੂ ਨੈ ਮਰਯੋ ਸਾਹ ਦੁਖਿ ਪਾਈ॥ ਜਬ ਤੇ ਪਢਯੋ ਜਫਰਨਾਮਾ ਬਰ ਪਚਯੋ ਅੰਨ ਨਹਿ ਰਾਈ॥੪॥ ਬਮਨ ਦਸਤ ਦੁਊ ਬੰਕ ਭਏ ਨਹਿ ਅਤਿ ਦੁਖਿ ਪਾਯੋ ਜਬਹੀ॥ ਬੇ ਸੁਧ ਹੋਇ ਅਯੋ ਕਛੁ ਦਿਨ ਮੇ ਹੁਕਮ ਸਤ ਪਢਤ ਬਹੀ॥੫॥ ਤਾਰਾ ਆਜਮ ਪਾਤਸਾਹ ਕਰ ਆਪ ਸੁ ਨਰਕ ਸਿਧਾਰਾ॥ ਸ਼੍ਰੀ ਮੁਖ ਕਹੀ ਰਜਾਇ ਗੁਰੂ ਕੀ ਕਰਨ ਕਰਾਵਨ ਹਾਰਾ॥੬॥

---

1. ਨੌ ਨਿਧੀਆਂ, ਅਠਾਹਰਾਂ ਸਿਧੀਆਂ, 2. ਹਿਰਦੇ ਵਿਚ, 3. ਔਰੰਗਜ਼ੇਬ ਦੇ ਨਾਮ ਇਤਿਹਾਸਕ ਪੱਤਰ

Sri Satguru Jagjit Singh Ji eLibrary NamdhariElibrary@gmail.com

ਸਾਖੀ॥੧੩॥

ਉਤਰੇ ਸਹਰ ਬਘੌਰੇ ਸਤਗੁਰੁ ਡਰਹਿ ਲੋਕ ਗੁਰੁ ਆਏ॥ ਅਸਨ ਹੋਇ ਲੁਟਿ ਜਾਇ ਦੇਸ ਸਭ ਸੋਚਤ ਚਿਤ ਅਨਲਾਏ॥੧॥ ਧਰਮ ਸਿੰਘ ਕਹਿ ਪਠਯੋ ਗੁਰੂ ਜੀ ਜਾਇ ਸਭਹਿ ਸਮਝਾਂਵੋ॥ ਹਮ ਕ੍ਰੀਚਕਕੋ ਥਾਨ ਦੇਖਿ ਹੈ ਡਰਹੁ ਨ ਸੋਚ ਉਪਾਵੋ॥੨॥ ਉਤਰੇ ਜਾਏ ਬਾਗਮੈ ਸਤਗੁਰ ਮਿਲੇ ਭੇਂਟ ਲੈ ਸਗਰੇ॥ ਇਕਲੇ ਜਾਇ ਦੁਚਾਰ ਸਿੰਘ ਸੰਗ ਨਿਰਖਯੋ ਡੀਚਕ ਨਗਾਰੇ॥੩॥ ਸਤਗੁਰੁ ਸੰਗ ਭਾਰ ਬਾਹਕ ਜੇ ਉਸਟਰ[1] ਦਰਬੇ ਆਏ॥ ਬਾਗਵਾਨ ਨੈ ਗਾਰੀ ਦੀਨੀ ਕਰ ਲਸਿਟਕਾ ਉਠਾਏ॥੪॥ ਆਪਸੁ ਮਹਿ ਲਰ ਪਰੇ ਦੁਉ ਤਬ ਬਾਗਵਾਨ ਪੁਰ ਜਾਈ॥ ਕਰੀ ਖਬਰ ਸਭ ਸਜਗ ਭਏ ਲਖ ਗੁਰੂ ਮਰੇਲਾ ਆਈ॥੫॥ ਏਕ ਸਿੰਘ ਪੁਰ ਮਾਹਿ ਗਯੋ ਤਿਹਿ ਮਾਰਨ ਜੁਹਿ ਆਏ॥ ਕਾਢ ਕ੍ਰਿਪਾਨ ਧਯੋ ਤਬ ਸੋਉ ਜੰਗ ਅਭੰਗ ਮਚਾਏ॥੬॥ ਭੂਪਤ ਰਹਯੋ ਕਹੁ ਬਾਹਰ ਪੁਰ ਸਲਾਹ ਸਭ ਕੀਨੀ॥ ਸਿੰਘਨ ਮਾਰਿ ਲੇਹਿ ਅਬ ਪਲ ਮੈ ਅਸ ਅਨੁਮਤਿ ਚਿਤ ਚੀਨੀ॥੭॥ ਇਤ ਤੇ ਧਾਇ ਪਰਯੋ ਸੁ ਖਾਲਸਾ ਸਸਤਰ ਚਲੇ ਭਲਭਾਤੀ॥ ਦੁਰੇ ਜਾਇ ਨਰ ਨਾਰਿ ਨਗਰ ਮਹਿ ਘੇਰ ਪਰਯੋਅ ਰਾਤੀ॥੮॥ ਦੈਵ ਦਿਨ ਰਹਯੋ ਮੋਰਚਾ ਬਾਹ ਤਬ ਗੁਰ ਆਗਯਾ ਪਈ॥ ਕਾਢਿ ਕ੍ਰਿਪਾਲ ਧਯੇ ਸੁ ਸਿੰਘ ਗਨ ਲੂਟਯੋ ਨਗਰ ਬਨਾਈ॥੯॥ ਭਏ ਕਿਲੇ ਮਹਿ ਸਭ ਮਵਾਸ ਤਬ ਧਰਮ ਸਿੰਘ ਇਤ ਉਤ ਸੁ ਘਾਤ ਲਖ ਰਤਨ ਸਿੰਘ ਤਬ ਦੌਰਾ॥ ਆਗਯਾ ਦੇਹੁ ਤੋ ਤੋਪ ਚਲਾਵਹਿ ਨਤਰੁ ਮਰਹਿ ਸਿੰਘ ਔਰਾ॥੧੧॥ ਆਗਯ ਲੈ ਕਰ ਤੋਪ ਚਲਾਈ ਚਢ ਗਿਰਪਰਰਿ ਪਹਾਰੀ॥ ਛੋਰ ਕਿਲੇ ਕੌ ਭਾਜ ਗਏ ਸਭ ਗੁਰੁ ਆਂਗੇ ਧਨਧਾਰੀ॥੧੨॥ ਸਤਗੁਰੁ ਗਏ ਕਿਲਾਦੇਖਨ ਕੌ ਧਰਮ ਸਿੰਘ ਲੈ ਸੰਗਾ॥ ਨ੍ਰਿਪਤ ਬਘੌਰੇ ਤਬਲੌਂ ਆਯੋ ਗਹਿ ਧਨੁਸਾ ਇਕ ਜੰਗਾ॥੧੩॥ ਸੂਰ ਹੋਇ ਨ੍ਰਿਪ ਇਕ ਸਵਾਰਸੰਗ ਜਬ ਆਗੇ ਸਮੁਹਾਯੋ॥ ਕਹਾ ਜਾਹੁ ਗੁਰੁ ਜੀਅ ਅਬ ਕੀਜੈ ਮੋਸਨ ਜੰਗ ਸੂਸਯੋ॥੧੪॥ ਬਿਹਸਿ ਕਹੀ ਪ੍ਰਭੂ ਆਉ ਨ੍ਰਿਪਤ ਬਰ ਦਵੰਦ ਜੁੱਧ ਕਰ ਲੀਜੈ॥ ਹੈ ਸੂਰਨ ਕੀ ਇਹੋ ਬੜਾਈ ਸਮਮੁਖ ਹੋਵੈ ਤਨ ਤੀਜੈ॥੧੫॥ ਤਯੋ ਹੀ ਤਾ ਸਵਾਰ ਨੈ ਮਾਰਯੋ ਤੀਰ ਧਰਮ ਸਿੰਘ ਹੇਰੀ॥ ਧਰਮ ਸਿੰਘ ਹੂੰ ਘਾਉ ਬਚਾਯੋ ਲੇ ਆਇਸਪੁਨ ਪ੍ਰੇਰੀ॥੧੬॥ ਅਰ ਗਿਠਾਯੋ ਸੂਰ ਬੀਰ ਬਰ ਪੁਨ ਨ੍ਰਿਪ ਕੋਪ ਹੰਕਾਰਯੋ॥ ਦੋਊ ਦਿਸ ਤੇ ਲਰਤ ਸੈਨ ਸਭ ਦਾਉ ਘਾਉ ਬਲਕਾਰਯੋ॥੧੭॥ ਨ੍ਰਿਪਕੋ ਸਸਤਰ ਲਗਯੋ ਨਹਿ ਗੁਰ ਕੇ ਬਾਰ ਕਈ ਕਚਿਲਾਯੋ॥ ਸਤਗੁਰ ਕਹਯੋ ਖਰੋ ਰਹੁ ਮੂਰਖ ਲੈ ਇਕ ਵਾਰ ਜੁ ਆਯੋ॥੧੮॥ ਕਾਨ ਪ੍ਰਮਾਨ ਤਾਨ ਧਨੁਸਹ ਸੰਧਾਨ ਨ੍ਰਿਪਤ ਤਨ ਮਾਰਯੋ॥ ਗਿਰਯੋ ਭੂਮ ਜਨੁ ਉਪਜਯੋ ਨਾਹਿਨ ਗਯੋ ਸਵਰਗ ਸੁਖ ਧਾਰਯੋ॥੧੯॥ ਮਾਰਨ ਲਾਗੇ ਸਿੰਘ ਸੈਨ ਕੋ ਸ਼੍ਰੀ ਗੁਰਬਰ ਜਨ ਨੀਕੇ॥

---

1. ਊਠ

Sri Satguru Jagjit Singh Ji eLibrary NamdhariElibrary@gmail.com

ਤੇਰੇ ਆਇ ਅਨੰਦ ਧਾਰ ਕਰ ਕਰੇ ਪ੍ਰਸਾਦਿ ਪ੍ਰਬੀਨੇ॥੨੦॥ ਕੂਚ[1] ਕਿਓ ਡੇਰੋ. ਪ੍ਰਭ ਤਹ ਤੇ ਕ੍ਰਮ ਕ੍ਰਮ ਆਗੇ ਆਏ॥ ਅਪਨੇ ਕਰਮਨ ਕੇ ਫਲ ਪਾਏ ਨਿਪਤ ਬਘੌਰਾ ਘਾਏ॥੨੧॥

ਸਾਖੀ॥੧੪॥

ਇਤਿ ਸ਼੍ਰੀ ਗੁਰੂਪਦ ਪ੍ਰੇਮ ਪ੍ਰਕਾਸ਼ ਸ਼੍ਰੀ ਗੁਰ ਖੰਡਾਡਰ ਗਤ ਦਸਮ ਮੰਡਲ ਉਤਾਰਾਰਧੇ ਬਘੌਰਾ ਨ੍ਰਿਪ ਬਧ ਬਰਨਨਾਮ ਸਪਤ ਤ੍ਰਿੰਸਤਮੀ ਪਾਤ:॥੩੭॥-॥ਦੋ:॥ ਸੁਨਹੁ ਸੁ ਮਤਿ ਚਿਤ ਲਾਇ ਕੈ ਬਧਅ ਜਮ ਜਿਮ ਕੀਨ॥ ਸ਼੍ਰੀ ਸਤਗੁਰੁ ਗੋਬਿੰਦ ਸਿੰਘ ਪਲਟਾ ਪੂਰਨ ਲੀਨ॥੧॥ਚੌ:॥ ਜਬ ਤੇ ਅਵਰੰਗ ਸਾਹ ਬਹਾਦਰ॥ ਪਰਯੋ ਸੁ ਨ੍ਰਿਪ ਦਿਨ ਜੰਗ ਨਿਰਾਦਰ॥ ਤਬ ਤੇ ਪੁਨ ਪਿਤ ਸੰਗ ਨਾ ਮਿਲਾ॥ ਬਲ ਬੁਖਾਰੇ[2] ਗਯੋ ਸੁ ਚਲਾ॥੨॥ ਸੁਨੀ ਤਹਾ ਪਿਤ ਅਤ ਬਿਮਾਰੀ॥ ਆਯੋ ਹਿੰਦ ਸਥਾਨ ਮਚਾਰੀ॥ ਆਵਤ ਸੁਨੀ ਮਰਯੋ ਨਵਰੰਗਾ॥ ਆਜਮ ਸਾਹ ਭਯੋ ਸਰਬੰਗਾ॥੩॥ ਨੰਦ ਲਾਲ ਭਾਈ ਹੂੰ ਮਿਲੇ॥ ਪੂਰਬ ਪ੍ਰੇਮ ਪਰਖ ਹਿਤ ਹਿਲੇ॥ ਇਕ ਦਿਨ ਸਾਹ ਦਿਵਾਨ ਲਗਾਯੋ॥ ਸਬ ਉਪਰਾਵਨ ਪਾਸ ਬਿਠਾਯੋ॥੪॥ ਪੂਛਯੋ ਕਰਿਅ. ਕਵਨ ਅਬ ਕਾਮਾ॥ ਗਾਦੀ ਲਈ ਭ੍ਰਾਤਬਲ ਧਾਮਾ॥੫॥ ਸੰਗ ਸੈਨ ਧਰ ਮੋਰੇ ਨਾਹੀ॥ ਸਤ ਪਾਤਸਾਹਤ ਪ੍ਰਾਪਤ ਤਾਹੀਂ॥ ਕਾਹੂੰ ਕਛੂ ਕਾਹੂੰ ਕਛੂ ਕਹੀ॥ ਪਰੀ ਸਫੀਕ ਬਾਤ ਕਛੂ ਨਾਹੀ॥੬॥ ਨੰਦ ਲਾਲ ਤਬ ਕਹਯੋ ਕਿ ਸੁਨਿਯੇ॥ ਮੇਰੋ ਬਚਨਮਾਨ ਜਿਅ ਗੁਨੀਏ॥ ਜਿਹ ਅਪਰਾਧ ਮਰਯੋ ਪਾਤਸਾਹੂ॥ ਉਜ ਰਯੋ ਦੇਸ ਕੋਪ ਜਿਹ ਗਾਹੂ॥੭॥ ਤਾਸ ਸਰਨ ਬਿਨ ਬਲਹਿ ਨ ਦੂਜਾ॥ ਰੋਜਾ ਅਰ ਨਿਮਾਜ ਤੇ ਪੂਜਾ॥ ਕਹਿਤ ਬਹਾਦਰ ਜਦਯਪਿ ਸਹੀ॥ ਪੈ ਅਬ ਕੋਪ ਬਨਹਿ ਬਿਧਿ ਨਹੀ॥੮॥ਦੋ:॥ ਨੰਦ ਲਾਲ ਕਹਿ ਸੁਨਹਿ ਅਬ ਕਹਹੁਸ ਬਿਸ਼ਤਾਰ ਗਾਥ॥ ਸਤਗੁਰੁ ਉਰਮਹਿ ਕੋਪ ਨਹਿ ਕਾਮਨ ਲੋਭ ਕੁ ਸਾਥਾ॥੯॥ਚੌ:॥ ਗੁਰੁ ਨਾਨਕ ਬਾਬਰਕੋ ਦੀਨੀ॥ ਪੁਨ ਜਬ ਸੇਰ ਸਾਹ ਨੇ ਲੀਨੀ॥ ਗੁਰ ਅੰਗਦ ਸੁ ਹਮਾਯੂਹਿ ਦਈ॥ ਤਾਤੇ ਪੁਨ ਪਾਤਸਾਹਤ ਭਈ॥੧੦॥ ਅਮਰਦਾਸ ਗੁਰੁ ਅਕਬਰ ਮਿਲਾ॥ ਜੀਤਾ ਤਬ ਚਿਤੌੜ ਗਢ ਕਿਲਾ॥ ਜਹਾਂਗੀਰ ਨਿਤ ਚਿਤ ਰਤਿ ਧਰੀ॥ ਚੰਦੂ ਸਾਹ ਬਨਾਇ ਬਿਗਰੀ॥੧੧॥ ਹਜਰਤ ਸਿਰ ਅਪਰਾਧ ਚਢਾਯੋ॥ ਕਿਓ ਜਥਾ ਸੁ ਤਥਾ ਫਲ ਪਾਯੋ॥ ਸਾਹ ਜਹਾਂ ਗੁਰ ਹਰਿਗੋਬਿੰਦ ਸੰਗ॥ ਲਰਤ ਰਹਯੋ ਹਾਰਯੋ ਬਹੁਤੈ ਮੰਗ॥੧੨॥ ਹਜਰਤ ਹੂ ਬਹੂੰ ਕਰੀ ਲਰਾਈ॥ ਪ੍ਰਥਮ ਸੀਸ ਦਿਆ ਸਤਗੁਰ ਰਾਈ॥ ਜਿਹਦਿਅ ਰਾਜ ਤੇਜ ਜਗ ਸਾਰਾ॥ ਤਾਸਨ ਅਸ ਬਿਪਰੀਤ ਪਸਾਰਾ॥੧੩॥ ਧੀਰਜ ਧਰ ਨਸੁ ਧੀਰਜ ਧਾਰੀ॥ ਤਬ ਸਤਗੁਰੁ ਜਰ ਤੁਰਕ ਉਖਾਰੀ॥ ਲਰਿ ਲਰਿ ਬਾਰ ਬਾਰ ਸਭ ਹਾਰੇ॥ ਕਰ ਛਲ ਛਿਦ੍ ਗੁਰੂ ਸੋ

---

1. ਚਲ ਪੈਣਾ, 2. ਬਲਖ ਬੁਖਾਰਾ

Sri Satguru Jagjit Singh Ji eLibrary NamdhariElibrary@gmail.com

ਨਿਕਾਰੇ॥੧੪॥ ਚਾਲਿਸ ਪਰ ਦਸ ਲਾਖ ਸਵਾਰਾ॥ ਧਾਏ ਕਰ ਕਰ ਕੋਪ ਅਪਾਰਾ॥ ਸੋ ਸਭ ਮਰੇ ਨ ਸਤਗੁਰੁ ਹਾਰੇ॥ ਭਏ ਅੰਤ ਸਭ ਕੇ ਮੁਖ ਕਾਰੇ॥੧੫॥ ਅਬ ਪ੍ਰਭ ਦਾਖਿਨ ਤਯਾਰੀ ਕਰੀ॥ ਮਾਰਹਿਗੇ ਜੁ ਤਖਤ ਪਦ ਧਰੀਹ ਤਾਂਤੇ ਜੋ ਤੁਮ ਮਿਲ ਬਕਸੈ ਹੋ॥ ਤਾਰਾ ਆਜਮ ਮਾਰਯੋ ਪੈਹੋ॥੧੬॥ ਨਾਤਰੁ ਕਰ ਕਰ ਕੋਟਿ ਉਪਾਊ॥ ਨਹਿ ਜੀਤਿ ਹੈ ਸੁਨਹੁ ਨਰ ਰਾਊ॥ ਕੋਪ[1] ਪ੍ਰਮਾਦ ਮੋਹ ਨਹਿ ਲੋਭਾ॥ ਸਾਂਤ ਬ੍ਰਿਤ ਸਦ ਸੁੰਦਰ ਸੋਭਾ॥੧੭॥ ਦਰਸਨ ਕਰਤ ਦੁਖ ਸਭ ਜਾਹੀ॥ ਪ੍ਰਾਪਤ ਮੁਕਿਤ ਭੁਕਿਤ ਸਭ ਤਾਹੀ॥ ਕਰਾਮਾਤ ਨਿਧਿ ਸਕਲ ਮਹਾਨਾ॥ ਹਜਰਤ ਸੰਗ ਲਿਖਯੋ ਜੁ ਜਬਾਨਾ॥੧੮॥ ਅਚਰਜ ਉਕਤ ਜੁਕਤ ਸਭ ਰਾਖੀ॥ ਮਰੇ ਸੁਨਤ ਗੁਨ ਅੰਗਨ ਸਾਖੀ॥ ਮੱਕੇ ਮਗ ਮਹਿ ਗੁਪਤ ਸਿਧਾਰੇ॥ ਦਿਓ ਕਪੀਰਾ ਹਜਰਤ ਹਾਰੇ॥੧੯॥ ਸੋ ਹਜਰਤ ਦਿਅ ਦਯਾ ਸਿੰਘ ਕਹਿ॥ ਅਬ ਪੁਨ ਪਾਸ ਸਤਗੁਰੂ ਹੈ ਵਹਿ॥ ਅਸ ਗੁਰ ਪਾਤਸਾਹ ਜਗ ਜਾਨਾ॥ ਮਿਲਹੁ ਮੋਰ ਮਤਿ ਇਹੈ ਨਿਦਾਨਾ॥੨੦॥ ਸੁਨਤ ਬਹਾਦਰ ਸਾਹ ਹਰਖ ਉਰ॥ ਨੰਦ ਲਾਲ ਬਚ ਕਰ ਪ੍ਰਤੀਤ ਪੁਰ॥ ਹਾਕਮ ਰਾਇ ਸੰਗ ਕਰ ਦੀਓ॥ ਨੰਦ ਲਾਲ ਨਿਜ ਦਿਸ ਤੇ ਕਿਓ॥੨੧॥ ਦੋਉ ਆਇ ਚਰਨ ਲਪਟਾਨੇ॥ ਸ਼੍ਰੀ ਸਤਗੁਰੁ ਸਭ ਬਿਧਿ[2] ਸਨਮਾਨੇ॥ ਸਾਹ ਬਹਾਦਰ ਬਿਨਤਿ ਸੁਨਾਈ॥ ਦੀਜੈ ਪਤਿਸਾਹੀ ਗੁਰੁ ਰਾਈ॥੨੨॥ਦੋ:॥ ਹਮ ਪਤ ਸਾਹਤ ਦੇਹਿਗੇ ਤਾਰਤ ਆਜਮ ਮਾਗ॥ ਹਮ ਰੋਹੂੰ ਇਕ ਕਾਜ ਸੋ ਕਰਹਿ ਸਾਹ ਸੁਖ ਕਾਰ॥੨੩॥ਚੌ:॥ ਕਰਹਿ ਜੰਗ ਪੁਰਖ ਤਵ ਸੰਭਾਰੈ॥ ਤਾਰਾ ਆਜਮ[3] ਜਾਇ ਸੰਗਾਰੈ॥ ਨੰਦ ਲਾਲ ਥੋਰਹਿ ਮੈ ਜਾਨੀ॥ ਬੰਦ ਚਰਨ ਪ੍ਰਭ ਗਯੋ ਮਹਾਨੀ॥੨੪॥ ਕਹਯੋ ਸਾਹ ਸੋ ਸਭਹੀ ਜਾਈ॥ ਤਿਨ ਤਬ ਲੀਨੋ ਸੀਸ ਚਢਾਈ॥ ਚੰਬਲ ਨਦੀ ਪਰਯੋ ਦਲ ਕਰ ਚਲ॥ ਸਾਹ ਬਹਾਦਰ ਕੋ ਜੇ ਤਕ ਬਲ॥ ਨੰਦ ਲਾਲ ਅਰ ਹਾਕਮ ਰਾਈ॥ ਭੇ ਜਯੋ ਮਦਤ ਕਰਹੁ ਗੁਰਗਾਈ॥ ਧਰਮ ਸਿੰਘ ਸੰਗ ਪੰਜ ਸਿੰਘ ਬਰ॥ ਗਏ ਨਿਕਟ ਜਹਸਾਹ ਬਹਾਦਰ॥੨੬॥ ਔਰ ਕਹੀ ਤੁਮ ਧਰਹੁ ਸੂਰਤਾ॥ ਹੋਵੈ ਹੈ ਸਭ ਹੀ ਬਿਧਿ ਸੁ ਪੂਰਤਾ॥ ਭੀਰ ਪਰੇ ਹੋ ਕਰਹੁ ਸਹਾਇ॥ ਝਰਹੁ ਜੁੱਧ ਆਜਮ ਸੁ ਮੁਹਾਇ॥੨੭॥ ਮੋਰ ਬਚਨ ਸੋ ਮਾਨਨ ਕਰੀਅਹੁ॥ ਤਾ ਮੈ ਨਾਹਿਨ ਹੁਜਤ ਧਰੀ ਅਯਹੁ॥ ਸਾਹ ਬਹਾਦਰ ਸੁਨ ਹਰਖਾਨੇ॥ ਸੁਨਯੋ ਸਾਹ ਆਜਮ ਦਲ ਦਾਨੇ॥੨੮॥ ਨੀਲੀ ਧਵਜ ਦਈ ਲਘੁ ਗੁਰੁ ਬਰ॥ ਸਾਹ ਬਹਾਦਰ ਰਾਖਹੁ ਨਿਜਕਰ॥ ਤਾਂਤੇ ਹੋਇ ਨ ਹਾਨ ਤਿਹਾਰੀ॥ ਬਚਨ ਕਰਯੋ ਸਤਗੁਰ ਅਵਤਾਰੀ॥੨੯॥ਤਹ ਮੁਰਸਿਦ ਸੁ ਬਹਾਦਰ ਜੋਈ॥ ਬੋਲਯੋ ਕਿਤਕ ਸੈਨ ਗੁਰ ਹੋਈ॥ ਨੰਦ ਲਾਲ ਕਹਿ ਸੈਨ ਸਮਾਨਾ॥

---

1. ਕਰੋਧ,
2. ਹਰ ਤਰ੍ਹਾਂ ਨਾਲ,
3. ਇਕ ਇਤਿਹਾਸਕ ਵਿਅੱਕਤੀ

Sri Satguru Jagjit Singh Ji eLibrary NamdhariElibrary@gmail.com

ਸਤਗੁਰ ਬਚਨ ਨਿਸਚਯ ਜਾਨਾ॥੩੦॥

ਸਾਖੀ॥੧੫॥

ਚੌ:॥ ਬਾਈਸ ਲਾਖ ਸੈਨਾ ਲੈ ਧਾਯੋ॥ ਸਾਹ ਬਹਾਦਰ ਪਰ ਚਢ ਆਯੋ॥ ਦਸ ਹਜਾਰ ਤੋਪ ਸੰਗ ਲੀਨੀ॥ ਸਹਸ ਪਚਾਸ ਜੰਬੂਰੇ ਚੀਨੀ॥੧॥ ਪਾਤ ਸਾਹ ਆਜਮ ਦਲ ਭਾਰਾ॥ ਇਤਹਿ ਬਹਾਦਰ ਸਾਹ ਲਚਾਰਾ॥ ਜਾਕੈ ਸੰਗ ਸੈਨ ਕਛੂ ਥੋਰੀ॥ ਆਸ ਗੋਬਿੰਦ ਸਿੰਘ ਗੁਰ ਜੋਰੀ॥੨॥ ਤਬਲੌ ਸਤਗੁਰੁ ਦੇਹਲੀ ਆਏ॥ ਸਾਹ ਬਹਾਦਰ ਸੁਨ ਪਾਏ॥ ਪਰੇ ਮੋਰਚੇ ਦੁਉ ਦਲ ਮਾਹੀ॥ ਹੋਤ ਲਰਾਈ ਮਰਤ ਸਦਾਹੀ॥੩॥ ਦਵੈ ਦਿਨ ਭਯੋ ਜੁੱਧ ਅਤਿ ਭਾਰੀ॥ ਜੀਤਨ ਨਿਰਖਿ ਸੁ ਔਸਰ ਬਾਰੀ॥ ਸਾਹ ਬਹਾਦਰ ਉਹ ਹਰਖਾਨੋ॥ ਫਤੇ ਹੋਹਿ ਮਮ ਨਿਸਚਯ ਜਾਨੋ॥੪॥ ਧਰਮ ਸਿੰਘ ਕਹਿ ਨਿਕਟ ਬੁਲਾਯੋ॥ ਮਨ ਅਧਰਮ ਮੁਖ ਧਰਮ ਜਤਾਯੋ॥ ਜੋ ਸਿੰਘ ਜੀ ਜੀਤ ਮਮ ਭਈ॥ ਸਤਗੁਰੁ ਬਚਨ ਹੈ ਜੁਰ ਸਮਈ॥੫॥ ਦਿਓ ਜਾਇ ਕਿਨ ਮੋ ਤੇ ਸੋਈ॥ ਅਸ ਚਿੰਤਾ ਮਨ ਮੋਰੇ ਹੋਈ॥ ਸੋਚਤ ਧਰਮ ਸਿੰਘ ਮਨ ਮਾਹੀ॥ ਯਹ ਅਧਰਮ ਚਲਿਹੈ ਧੋ ਨਾਹੀ॥੬॥ ਭਾਜੀ ਸੈਨ ਬਹਾਦਰ ਸਾਹਾ॥ ਡਰਯੋ ਚਿਤ ਮਹਿ ਚਹਤ ਪਨਾਹਾ॥ ਧਰਮ ਸਿੰਘ ਨਿਜ ਨਿਕਟ ਬੁਲਾਏ॥ ਭਾਈ ਨੰਦ ਲਾਲ ਬੈਠਾਏ॥੭॥ ਕਾਰਨ ਕਵਨਹਾਰ ਮਮ ਭਾਈ॥ ਸਤਗੁਰੁ ਬਾਕਯ ਬਿਫਲਤਾ ਲਈ॥ ਧਰਮ ਸਿੰਘ ਤਬ ਕਹੀ ਕਿ ਸੁਨਿਏ॥ ਚਿਤ ਅਸਰਥਾ ਅਘਨੇ ਗੁਨਿਏ॥੮॥ ਸਾਹ ਬਹਾਦੁਰ ਉਰ ਅਨੁਮਾਨਾ॥ ਬਿਨਾ ਸਰਨ ਨਹਿ ਬਾਚਿਹ ਪ੍ਰਾਨਾ॥ ਮੁਹਰ ਲਾਇ ਲਿਖਤ ਕਰ ਦੀਨੀ॥ ਕਰਿ ਹੋ ਜੋ ਕਹਿ ਹੈ ਪ੍ਰਭ ਚੀਨੀ॥੯॥ ਨਿਜ ਮਾਤੁਲ ਕੇ ਕਰ ਮੈ ਦਈ॥ ਨੰਦ ਲਾਲ ਭਾਈ ਸੰਗ ਜਈ॥ ਆਏ ਸ਼੍ਰੀ ਸਤਗੁਰ ਪਦ ਤੀਰਾ॥ ਬਿਨਤੀ ਕਰੀ ਪ੍ਰੇਮ ਗੰਭੀਰਾ॥੧੦॥ ਸਤਗੁਰ ਕਹੀ ਡਰਹਿ ਨਹਿ ਕਯੋ ਹੂੰ॥ ਮਾਰਹੁ ਗੋ ਆਜਮ ਕਹਿ ਇਯੋ ਹੂੰ॥ ਮੋਹ ਕਹਿ ਲਖਹੁ ਨਿਕਟ ਸਭ ਭਾਂਤੀ॥ ਨਿਧਰਕ ਬਨਹੁ ਸੈਨਕਰ ਘਾਤੀ॥੧੧॥

ਰਸਾਵਲ ਛੰਦ— ਭਯੋ ਜੁੱਧਭਾਰੀ॥ ਮਹਾ ਮਾਰ ਮਾਰੀ॥ ਚਲੇ ਬਾਨ ਗੋਲੇ॥ ਜਕਾਰਨ ਬੋਲੇ॥੧੨॥ ਲਖੈ ਸਤੇਖਯ ਟਾਂਢੇ॥ ਗੁਰੂ ਸਿੰਘ ਬਾਚੇ॥ ਤਹਾ ਘੋਰ ਆਨਾ॥ ਪਰਯੋ ਜੋਰ ਜਾਨਾ॥੧੩॥ ਤਬੈ ਧਰਮ ਸਿੰਘਾ॥ ਧਰਯੋ ਧਯਾਨ ਸਿੰਘਾ॥ ਗੁਰੂ ਜਾਨ ਲੀਨਾ॥ ਅਰਦਾਸ ਕੀਨਾ॥੧੪॥ ਸਹੀਦਾਨ ਸੰਗਾ॥ ਦਿਖਾਯੋ ਸੁ ਅੰਗਾ॥ ਡਰੇ ਸਾਹ ਭਾਰੀ॥ ਗੁਰੂ ਭੇਦ ਪਾਰੀ॥੧੫॥ ਕਹੀ ਧਰਮ ਸਿੰਘਾ॥ ਲਖੋ ਨਾਥ ਸਿੰਘਾ॥ ਲੀਏ ਸੰਗ ਸੈਨਾ॥ ਬਢੇ ਮੱਧਯ ਗੈਨਾ॥੧੬॥ ਗੁਰੂ ਰੂਪ ਹੇਰਾ॥ ਹੀਏ ਛੂਟ ਝੇਰਾ॥ ਜਥਾ ਰੰਕ ਪਾਵੈ॥ ਮਨੀ ਨਾ ਲਜਾਵੈ॥੧੭॥

Sri Satguru Jagjit Singh Ji eLibrary NamdhariElibrary@gmail.com

ਸਵੈਯਾ :॥ ਸੋਹਨੀ ਸੂਰਤ ਸੀਸ ਜਿਗਾ ਸਜ ਸੋਹਤ ਖੱਗ[1] ਗਰੇ ਮਹਿ ਪਾਯੋ॥ ਬਾਜਪੈ ਬਾਜ ਲਿਏ ਕਰ ਮੈਂਸਰ ਬਾਜ ਕੈ ਮਾਜ ਸਰਾ ਸਨ ਭਾਯੋ॥ ਸੰਗ ਮੈ ਸੈਨ[2] ਸਮੂਹ ਸੁ ਖਾਲਸਾ ਲਾਲਸਾ ਪੂਰਨ ਰੂਪ ਦਿਖਾਯੋ॥ ਸ਼੍ਰੀ ਗੁਰੁ ਗੋਬਿੰਦ ਸਿੰਘ ਕ੍ਰਿਪਾ ਨਿੰਧਿ ਸਾਹ ਬਹਾਦਰ ਹੇਰ[3] ਅਘਾਯੋ॥੧੮॥ਦੋ:॥ ਦੋ ਕਰ ਜੋਰ ਉਠਾਇ ਭੁਜ ਕੀਨੀ ਸਾਹ ਜੁ ਹਾਰ॥ ਅਤਿ ਉਹ ਹਰਖ ਪਰਖ ਕ੍ਰਿਪਾ ਕਰਖਸ਼ ਧਨ ਗੁਨ ਧਾਰ॥੧੯॥ ਰਸਾਵਲ ਛੰਦ॥ ਘਨੀਮਾਰ ਮਾਰੀ॥ ਹਟਾਏ ਪਿਛਾਰੀ॥ ਲਖੈ ਮੂਢ ਆਗੇ॥ ਗੁਰੂ ਰੂਪ ਰਾਗੇ॥੨੦॥ ਲਰੈ ਐਂਚ ਮੋਛੇ॥ ਕਹਾ ਸੂਰ ਸੋਛੈ॥ ਭਯੋ ਘੋਰ ਜੁੱਧੰ॥ ਤਜੈ ਬਾਣ ਸੁਧੰ॥੨੧॥ ਕ੍ਰਿਪਾ ਸਿੰਧ ਅਏ॥ ਸੁ ਬਿਰਦੈ ਰਖਾਏ॥ ਧਏ ਕੋਪ ਕੈ ਕੈ॥ ਧਨੰ ਬਾਣ ਲੈ ਕੈ॥੨੨॥ਦੋ:॥ ਪਰਖਯੋ ਆਜਮ ਸਾਹ ਕੋ ਕਰਖਯੋ ਧਰ ਧਨੁ ਧਾਰ॥ ਹਰਖਯੋ ਸਭ ਸੰਸਾਰ ਬਰ ਧਰ ਖਯੋ ਤੁਰਕ ਬਿਕਾਰ॥੨੩॥ ਹਾਥੀ ਤੇ ਭੁਇ ਗਿਰ ਪਰਾ ਪਰਾ ਕਰੇਜੇ ਛੇਕ॥ ਮਾਰ ਮਲੇਛ ਸੁ ਗੁਰੁ ਬਰਾ ਕੀਨੋ ਬਾਕਯ ਬਿਬੇਕ॥੨੪॥ ਸੰਗ ਚਤੁਰਦਸ ਮਰਗਏ ਬਰ ਉਮਰਾਉ ਬਿਚਾਰ॥ ਸ਼੍ਰੀ ਸਤਗੁਰੁ ਕੇਸੁਰ ਲਗੇ ਭਏ ਮੁਕਤ ਸੰਸਾਰ॥੨੫॥ਚੋ:॥ ਜੀਤ ਨਗਾਰੇ ਬਜੇ ਅਪਾਰਾ॥ ਸਾਹ ਬਹਾਦਰ ਦਲ ਸਿੰਗਾਰਾ॥ ਤਾਰਾ ਆਜਮ ਕਬਰ ਦਬਾਯੋ॥ ਤੁਰਕ ਧਰਮ ਮ੍ਰਿਤਕ ਕਰਮ ਕਰਾਯੋ॥੨੬॥ ਧਰਮ ਸਿੰਘ ਕੋ ਆਦਰਕੀਨੋ॥ ਬੈਠਯੋ ਸਭਾ ਲਗਾਇ ਪ੍ਰਬੀਨੋ॥ ਸਰ ਰਾਖਯੋ ਗੁਰੁ ਸਭਾ ਮਝਾਰੀ॥ ਮਾਰਯੋ ਕਿਨ ਆਜਮ ਬਲਧਾਰੀ॥੨੭॥ ਨਿਜ ਨਿਜ ਅਭਿ ਮਤਿ ਸਭ ਪ੍ਰਗਟਾਵੈ॥ ਹਮ ਹਮ ਹੁਮ ਹੁਮਾਇ ਸਭ ਆਵੈ॥ ਕਾਹੂ ਕੋਨ ਮਿਲੈ ਸਰ ਸਰਸੋਂ ਧਰਮ ਸਿੰਘ ਤਬ ਕਹਿ ਨ੍ਰਿਪ ਬਰਸੋਂ॥੨੮॥ ਯਹ ਸਰ ਸ਼੍ਰੀ ਗੁਰ ਤਰਕਸ ਕੇਰਾ॥ ਇਕ ਮੋਹਰ ਸੁਵਰਨ[4] ਬਿਚ ਹੇਰਾ॥ ਲੇਹੁ ਮਿਲਾਇ ਮਿਲਹੁ ਜਬ ਜਾਈ॥ ਤਯੋ ਹੀ ਨੰਦ ਲਾਲ ਹੂੰ ਗਾਈ॥੨੯॥ਦੋ:॥ ਸਤ ਗੁਰ ਆਏ ਜੰਗ ਮੈ ਕੀਨੀ ਆਪ ਸਹਾਇ॥ ਅਜਮ ਹਤੋਤਕੋ ਦਿਓ ਤਖਤ ਬਹਾਦਰ ਸਾਹਾ॥੩੦॥ ਤਹ ਇਕ ਆਜਮ ਸੈਨ ਕੋ ਬਰ ਬੈਠੋ ਸਰਦਾਰ॥ ਬੋਲਯੋ ਨਿਜ ਨਯਨਨ ਲਖਯੋ ਸੁ ਮੈ ਕਹਹੁ ਸਰਕਾਰ॥੩੧॥ਚੋ:॥ ਰਾਉਰ ਸੈਨ ਮਾਹਿ ਅਸਨਾਹੀ॥ ਮਾਰਹਿ ਜੋ ਆਜਮ ਬਲਬਾਹੀ॥ ਕਈ ਲੱਖਨ ਸੈਨਾ ਸੰਗ ਬਾਕੀ॥ ਪਟਸੁਰ ਮਈ ਖਾਲਸਾ ਝਾਕੀ॥੩੨॥ ਤਾਮੈ ਇਕ ਕਲਗੀਧਰ ਆਯੋ॥ ਅਦਭੁਦ ਰੂਪ ਨ ਜਥਾ ਜੁਗਾਯੋ॥ ਤਬ ਗੁਰੁ ਤਮਕ ਤੀਰ ਤਕਮਾਰਾ॥ ਆਜਮ ਸਾਹ ਗਿਰਯੋ ਖਰਧਾਰਾਰਨ ॥੩੩॥ਦੋ:॥ ਸਤਰੁ ਪੁਤਰ ਪਰ ਕਰ ਕ੍ਰਿਪਾ ਔਢਰ ਢਰਨ ਸੁ ਨਾਥ॥ ਕਲਿ ਮੈ ਸੋਢੀ ਨਾਥਭੇ ਤ੍ਰੇਤਾ ਮੈ ਰਘੁਨਾਥ॥੩੪॥ ਸਤਯੁਗ ਮੈ ਦਿਜ ਨਾਥ ਭੇ ਦੁਆਪਰ ਜਦੁਨਾਥ[5]॥ ਸਦਾ ਅਨਾਥਨ ਨਾਥ ਭੇ ਸ਼੍ਰੀ ਯਤ ਤਕਤਨ ਸਾਥ॥੩੫॥ਚੋ:॥ ਜਾਨੀ ਜੀਅ ਬਹਾਦਰ ਸਾਹਾ॥ ਦੀਨੀ ਸਤਗੁਰ ਸਾਂਢ ਪਨਾਹਾ॥ ਅਤੁਲਿਤ ਬਨ ਅਤੁਲਿ ਪ੍ਰਭਤਾਈ॥ ਸਤਗੁਰ

---

1. ਤਲਵਾਰ, 2. ਸੈਨਾ, 3. ਦੇਖ ਕੇ, ਦਰਸ਼ਨ ਕਰਕੇ, 4. ਸੋਨਾ, 5. ਸ਼੍ਰੀ ਕ੍ਰਿਸ਼ਨ

Sri Satguru Jagjit Singh Ji eLibrary NamdhariElibrary@gmail.com

ਸੋਭਾ ਵਰਨਿਲ ਜਾਈਤ੬ ਧਰਮ ਸਿੰਘ ਕਹਿ ਦੇ ਬਰ ਭੇਟਾ॥ ਨੰਦ ਲਾਲ ਸੰਗ ਕਰ ਸੁਖ ਭੇਟਾ॥ ਲਿਖਯੋ ਸੋਕਨਾਮਾ ਭਲ ਭਾਂਤੀ॥ ਦੀਜੀਅਦਰਸ ਦੀਨ ਦੁਖ ਘਾਤੀ॥੩੭॥ ਗਯੋ ਆਗਰੇ ਸਾਹ ਬਹਾਦਰ॥ ਕਿਓ ਸਲਤਨ ਹੁਕਮ ਸੋ ਸਾਦਰਾ॥ ਮਿਲੇ ਭੇਟ ਲੈ ਸਵਿਚ ਸਯਾਨੇ॥ ਸਾਹ ਬਹਾਦਰ ਸੰਗ ਹਰਖਾਨੇ॥੩੮॥

ਸਾਖੀ॥੧੬॥

ਚੋ:॥ ਧਰਮ ਸਿੰਘ ਜੀ ਗੁਰ ਢਿਗ ਆਏ॥ ਜੰਗ ਅਭੰਗ ਬ੍ਰਿਤੰਤ ਸੁਨਾਏ॥ ਤਯਾਰੀ ਭਈ ਅਏ ਗੁਰਰਾਈ॥ ਦਿਹਲੀ ਦੇਖਨ ਗੁਰ ਪਿਤ ਥਾਈ॥੧॥ ਦਿਹਲੀ ਕੀ ਸੰਗਤ ਜੁਰ ਆਈ॥ ਉਤਰੇ ਜਮੁਨਾ ਤਟ ਗੁਰਰਾਈ॥ ਪੁਨ ਦਿਹਲੀ ਦੇਖਨ ਕੇ ਕਾਜਾ॥ ਚਲਨ ਚਹਤ ਸਤਗੁਰੁ ਮਹਾਰਾਜਾ॥੨॥ ਸਿਖਨ ਤਹਿ ਨੌਕਾ[1] ਅਨਵਾਈ॥ ਤਾ ਪਰ ਬੈਠਾਰੇ ਗੁਰ ਰਾਈ॥ ਦਿਖਗਯੋ ਸਭ ਨਗਰ ਸੁਹਨਾ॥ ਕਾਚੀ ਸਿਖੀ ਸੁ ਮੁਖ ਬਖਾਨਾ॥੩॥ ਡਰ ਬਸਨਹਿ ਅੰਦਰ ਲੈ ਗਏ॥ ਬਾਹਰ ਸੈਰ ਕਹਾਵਤ ਭਏ॥ ਦੂਰ ਬੀਨ ਸੋ ਸਭ ਸਮੁਝਾਯੋ॥ ਮੋਤੀ ਬਾਗ ਆਨ ਉਤਰਾਯੋ॥੪॥ ਕਛੂਕ ਕਾਲ ਪ੍ਰਭ ਤਹਾਂ ਬਿਰਾਜੇ॥ ਦਰਸਤ ਸੇਵਤ ਮਿਟਿ ਅਘ ਗਾਜੇ॥ ਬੈਠ ਝਰੋਖ ਗਾਇ ਦਲ ਰਾਏ॥ ਸੋ ਥਲ ਬਿਦਤ ਸੁ ਦਿਹਲੀ ਜਾਏ॥੫॥ ਪ੍ਰਾਤ ਭਏ ਸ਼੍ਰੀ ਸਤਗੁਰ ਕਹੀ॥ ਸ਼੍ਰੀ ਅਸਘੁਜ ਮਿਸਕਾਰੇ ਜਹੀ॥ ਸੋ ਥਲ ਹਮ ਕਹਿ ਦਰਸ ਕਰਾਵੋ॥ ਮਾਥ ਨਿਵਾਇ ਜਨਮ ਸਫਲਾਵੋ॥੬॥ ਗਏ ਰਿਕਾਬ ਗੰਜ ਗੁਰਗਾਈ॥ ਧਰੀ ਭੇਟ ਅਰਦਾਸ ਕਰਾਈ॥ ਧਰਮ ਰਾਖ ਧਰ ਸਿਰ ਧਰ ਦੀਨਾ॥ ਪ੍ਰਭ ਸਾਹ ਪ੍ਰਭੂਤਾ ਕਾਹੂ ਨ ਕੀਨਾ॥੭॥ ਕਹ ਤਬਿ ਬਿਧਿ ਬਿਧਿ ਕਥਾ ਸੁਰਾਈ॥ ਉਪਦੇਸਤ ਸਭ ਸੰਗਤ ਥਾਈ॥ ਤਯਾਰੀ ਕਰੀ ਚਲਨ ਕੀ ਜਬਹੀ॥ ਕਰੀ ਕ੍ਰਿਪਾ ਮਹਲਨ ਪਰ ਤਬਹੀ॥੮॥ ਸ਼੍ਰੀ ਸੁੰਦਰੀ[2] ਕਹੀ ਕ੍ਰਿਪਾਲਾ॥ ਕਹਹੁ ਇਹਹਿ ਸੇਵਹਿ ਸਿੱਖ ਜਾਲਾ॥ ਸ਼੍ਰੀ ਸੁੰਦਰੀ ਰੁਦਨ ਅਤਿ ਕੀਨੋ॥ ਸੁਤ ਤਨ ਤਜਯੋ ਤੁਮਹੂ ਤਜਦੀਨੋ॥੯॥ ਮਾਂਗ ਮਾਂਗ ਜੋਤਵ ਮਨ ਭਾਵਾ॥ ਕਰਿਹੋ ਸੁਇ ਉਪਾਉ ਜਿਅ ਆਵਾ॥ ਅੰਤ ਸਮਯ ਪਹੁਚਹੁ ਮਮਧਾਮਾ॥ ਕਛੂ ਨ ਕਰਹੁ ਚਿੰਤਾ ਸਤਨਾਮਾ॥੧੦॥ ਜਿਹਿ ਕੂਕਰ ਹੁਕਮੀ ਕਛੂ ਨਾਹੀਂ॥ ਤਿਹਿ ਪਤਨੀ ਕਿਹਿ ਸੋਚ ਡਰਾਹੀਂ॥ ਕੈ ਪ੍ਰਭ ਮੋਰ ਪੂਤ ਦੈ ਦੀਜੈ॥ ਕੈ ਅਪਨੇ ਸੰਗ ਰਾਖਨ ਕੀਜੈ॥੧੧॥ ਪਰਮ ਦੁਖਿਤ ਭਈ ਕਹਿ ਅਬਨਾਸੀ॥ ਦੀਓ ਗਯਾਨ ਤਬ ਸਾਰੰਗ ਪਾਨੀ॥ ਜਗਤ ਅਸਤੱਯ ਸੋਚਨ ਜੋਗਾ॥ ਮਰਨ ਧਰਮ ਜਾਨਹੁ ਮ੍ਰਿਤ ਲੋਗਾ॥੧੨॥ ਪਰ ਹਰ ਸੋਚ ਸਕੋਚ ਸਯਾਨੀ॥ ਕਰ ਭਲ ਭਜਨ ਸੁ ਸਤਗੁਰ ਧਯਾਨੀ॥ ਹਾਜਿਰ ਨਾਜਿਰ ਮੋ ਕਹਿ ਜਾਨੀ॥ ਰਹੁ ਦਿਹਲੀ ਮਹਿ ਬਚਨ ਪ੍ਰਮਾਨੀ॥੧੩॥ ਸੇਵਹਿ ਸਿੱਖ ਸਿੱਖਨੀ ਤੋਹੀ॥ ਕਾਰ ਭੇਟ ਆਵਹਿ ਬਹੁ ਸੋਹੀ॥ ਬਿਨ ਸੁਤ ਧੀਰਜ ਮਾਤਹਿ

---

1. ਬੇੜੀ, 2. ਮਾਤਾ ਸੁੰਦਰੀ ਜੀ

Sri Satguru Jagjit Singh Ji eLibrary NamdhariElibrary@gmail.com

ਨਾਹੀ॥ ਪੁਨ ਪੁਨ ਕਹਹਿ ਪਕਰ ਪਗ ਪਾਹੀਂ॥੧੪॥ ਹਯਾ ਰਹਿ ਕਰ ਮੂਹਿਕਾ ਕਰਤ ਬਯਾ॥ ਪ੍ਰਭੂ ਹੀ ਸੰਗ ਜੁਤ ਲਭਵਤ ਬਯਾ॥ ਰੁਖ ਲਖ ਮਹਾਰਾਜ ਤਬ ਕਹੀ॥ ਇਕ ਸੇ ਵਕ ਕਰ ਬਾਲਕਲਹੀ॥੧੫॥ ਸ਼੍ਰੀ ਅਜੀਤ ਸਿੰਘ ਕੀ ਅਨੁਹਾਰੀ॥ ਚੱਕ੍ਰ ਚਿਹਨ ਸਭ ਬਿਧਿ ਸੁ ਚਿਤਾਰੀ॥ ਦਤ ਪੁਤਰ ਸੁਇ ਪ੍ਰਭ ਤੇ ਮਾਗਾ॥ ਯਾਹੀ ਸੰਗ ਦੇਹੁ ਪ੍ਰਭ ਭਾਗਾ॥੧੬॥ਦੋ:॥ ਸ਼੍ਰੀ ਪ੍ਰਭ ਕਹੀ ਅਸਲ ਨਕਲ ਹੋਤ ਬਰਾਬਰ ਨਾਹਿ॥ ਦੁਖ ਉਪਜੈਗੋ ਯਹਿ ਮੈ ਤਜ ਹਠ ਅਬ. ਪ੍ਰਿਅ ਯਾਹਿ॥੧੭॥ਚੋ:॥ ਪੁਨ ਪੁਨ ਕਹਿਤ ਸੁ ਬਾਲਕਦੀਨਾ॥ ਸੰਗਤ ਕਹਿ ਸੇਵਾ ਬਚਕੀਨਾ॥ ਸੁਭ ਮੰਦਰ ਮਹਿ ਕਰ ਸੁੰਦਰੀ॥ ਰਖਯਕ ਮਾਤਲ ਕਿਅ ਨਰ ਹਰੀ॥੧੮॥ ਦਿਏ ਸਸਤਰ ਪੂਜਨ ਕੇ ਕਾਜਾ॥ ਦਖਿਯਣ ਚਲੇ ਗਰੀਬ ਨਿਵਾਜਾ॥ ਜਬ ਪੂਜਨ ਮਹਿ ਕਰਹੂੰ ਧਯਾਨਾ॥ ਦੇਹ ਦਰਸ ਤੋਹਿ ਸੁ ਬਿਧਾਨਾ॥੧੯॥ ਸਹ ਬਹਾਦਰ ਲਿਖਤ ਪਠਾਈ॥ ਦਰਸਨ ਦੇਹੁ ਦਯਾਲ ਮੁਹਿਆਈ॥ ਮੈ ਨ ਆਇ ਸਕ ਭਰਤ ਸਰੈਅਨ॥ ਕ੍ਰਿਪਾ ਨਿਧਾਨ ਆਪ ਮਨ ਮੰਹਿ ਜਨ॥੨੦॥ ਸਾਹਿਬ ਦੇਵੀ[1] ਰਹਹਿਨ ਦਿਹਲੀ॥ ਚਲੀ ਸੰਗ ਪ੍ਰਭਕੇ ਸੁਖ ਮਹਲੀ॥ ਬਿਨ ਦਰਸਨ ਭੋਜਨ ਨਹਿ ਕਰਿਹੋ॥ ਇਹਾਂ ਰਹੇ ਕਾ ਕਾਜ ਸਵਰਿਹੋ॥੧॥ ਪ੍ਰਭ ਪਗ ਪਨਹੀਂ ਝਾਰਹੁ ਸਵਾਮੀ॥ ਖੈ ਹੋ ਟੁਕ ਸੀਤ ਅਨੁਗਾਮੀ॥ ਸਿਖ ਸੰਗਤ ਅਨੰਤ ਪ੍ਰਭ ਸੰਗਾ॥ ਕੇਹਾ ਕਸਟ ਪ੍ਰਭ ਮੋਰ ਸੁ ਅੰਗਾ॥੨੨॥ ਆਗਯਾ ਹੋਇਤ ਗਹਿ ਕਰਵਾਰਾ॥ ਲਰਹੁ ਕਰਹੁ ਸਤ੍ਰੂਨ ਜਰ ਛਾਰਾ॥ ਆਇਸ ਹੋਇ ਸਾਂਗ ਕਰ ਧਾਰੀ॥ ਰਹਹੁ ਸੰਗ ਭਾਗੋ ਸੁਖਕਾਰੀ॥੨੩॥ ਸੰਗਤ ਜਨ ਪ੍ਰਭ ਨਾਹਿ ਨ ਕੀਜੈ॥ ਇਤੋ ਬਰਦ ਬਰਦਾਨ ਸੁ ਦੀਜੈ॥ ਕਰ ਕੜਾਹ ਪ੍ਰਸਾਦ ਕ੍ਰਿਪਾਲਾ॥ ਗੰਜ ਰਿਕਾਬ ਸਮਾਧ ਬਿਸਾਲਾ॥੨੪॥ ਕਰ ਅਰਦਾਸ ਅਗ੍ ਗੁਰ ਗਏ॥ ਸਭ ਕੇ ਸਫਲ ਮਨੋਰਥ ਭਏ॥ ਸਾਥ ਚਲੀ ਸ਼੍ਰੀ ਸਾਹਿਬ ਦੇਵੀ॥ ਰਹੀ ਸਹਰ ਸੁੰਦਰੀ ਸੁ ਦੇਵੀ॥੨੫॥

ਸਾਖੀ॥੧੭॥

ਚੋ:॥ ਜਾਤ ਜਾਤ ਸ਼੍ਰੀ ਸਤਗੁਰ ਸਵਾਮੀ॥ ਪੰਚ ਕੋਸ ਮਥਰਾ ਲਖ ਜਾਨੀ॥ ਡੇਰਾ ਕਰ ਸੁਭ ਸਮਯ ਬਿਤਾਏ॥ ਪ੍ਰਾਤ ਭਏ ਪੁਨ ਮਥੁਰਾ ਆਏ॥੧॥ ਉਤਰੇ ਸੂਰਜ ਕੁੰਡਹਿ ਜਾਈ॥ ਕਰੁਨਾ ਸਿੰਧੁ ਭਕਤ ਪਬਰਾਈ॥ ਨਿਰਖੀ ਪੁਰੀ ਸਕਲ ਸੁਖਦਾਨੀ॥ ਕ੍ਰਿਸਨ ਕੇਲ ਬਲ ਜੁਧ ਜਵਾਨੀ॥੨॥ਚੋ:॥ ਸ੍ਰੀ ਕ੍ਰਿਸਨਾ ਅਵਤਾਰ ਕੇ ਪਛਹਿ ਸਵੈਯ ਆਪ॥ ਦਰਸਾਵਹਿ ਸਭ ਸੇਵਕਨ ਕ੍ਰਿਸਨ ਕੇਲਿ ਬਲ ਥਾਪ॥੩॥ ਬਾਂਦਰ ਕੇਸ ਮੂਹ ਬਹੁ ਆਏ॥ ਇਕ ਸਿਖ ਕੀ ਲੇ ਸਿਪਰ ਸਿਧਾਏ॥ ਮਾਰਤ ਤੁਪਕ ਤਾਹਿ ਪ੍ਰਭ ਬਰਜਾ॥ ਏ ਤੀਰਥ ਬਾਸੀ ਕਤ ਤਰਜਾ॥੪॥ ਦਿਯ ਪਕਵਾਨ ਬਾਨਰਤ ਗਰੁ ਬਰ॥ ਭਏ ਪ੍ਰਸਨ ਸਿਪਰ

---

1. ਮਾਤਾ ਸਾਹਿਬ ਦੇਵਾਂ

Sri Satguru Jagjit Singh Ji eLibrary NamdhariElibrary@gmail.com

ਤਯਾਗੀ ਧਰ॥ ਦਿਓ ਹੁਕਮਨਾਮਾ ਇਕ ਤਹਾਂ॥ ਸਭ ਪ੍ਰਸੰਗ ਲਿਖ ਕਰ ਸੁਖ ਮਹਾਂ॥੫॥ ਗੋਕਲ ਨੰਦ ਗਾਮ ਬਰਸਾਨਾ॥ ਨਿਰਖਿ ਗੁਰ ਬਰੇ ਧਨ ਅਤਿ ਹਿਤ ਮਾਨਾ॥ ਜਹ ਪੂਤਨਾ[1] ਪ੍ਰਾਨ ਬਿਨਕਰੀ॥ ਤ੍ਰਿਨਾਵਰਤ ਮਾਰਯੋ ਨਰ ਹਰੀ॥੬॥ ਕਸਟਾ ਸੁਰ ਸੁਬ ਕਾ ਸੁਰ ਅਘਾ ਸੁਰ॥ ਨਿਰਖਯੋ ਮਾਰਨ ਥਾਨ ਕ੍ਰਿਪਾ ਗੁਰੂ॥ ਬ੍ਰਿੰਦਾਬਨ ਸੁਭ ਕਾਨ ਨਿਹਾਰਾ॥ ਕੇਲ ਕਤੂੰਹਲ ਕੁੰਜ ਸੁ ਚਾਰਾ॥੭॥ ਜਹ ਬਛਰੇ ਬਿਧਿ ਅਘ ਚੁਰਾਏ॥ ਕੁੰਜ ਗਰੀ ਗੋਪੀ ਤਟ ਆਏ॥ ਕਾਲੀ ਨਾਥ ਬਿਲੋਕਯੋ ਜਾਈ॥ ਚੀਰ ਹਰਨ ਲੀਲਾ ਰਸਦਾਈ॥੧੮॥ ਗੋਬਰਦਨ ਨਿਰਖਯੋ ਸੁਖਸਾਲਾ॥ ਸੁਪਤਿ ਉਰ ਕਰ ਕੁਮਤਿ ਪ੍ਰਹਾਨਾ॥ ਖੁਨ ਮਥੁ ਰਾਧੁ ਬੀਆਹਤ ਤੇਰਾ॥ ਕੁਬਰੀ ਕੇਲ ਭੁੰਗ ਧਨ ਹੇਰਾ॥੯॥ ਕੰਸ ਦਮਦ੍ਮ ਬਹੁਰ ਨਿਹਾਰਾ॥ ਮਿਲ ਚੰਡੂਰ ਮੁਸਟ ਜਹ ਮਾਰਾ॥ ਕਿਅ ਬਿਸਰਾਤ ਘਾਟਿ ਇਸਨਾਨਾ॥ ਦਿਓ ਦਿਜਨ ਕਹਿ ਬਿਧਿਵਤ ਦਾਨਾ॥੧੦॥

ਸਾਖੀ॥੧੮॥

ਚੋ:॥ ਆਗੇ ਚਲੇ ਕ੍ਰਿਪਾ ਨਿਧਿ ਸਵਾਮੀ॥ ਦੀਨ ਬੰਧ ਘਟ ਅੰਤਰਜਾਮੀ॥ ਲਗੀ ਪ੍ਰਿਆ ਸਰਾਏ ਜਲ ਨੇਰੀ॥ ਇਕ ਬਿਧਵਾ ਦਿਜਨੀ ਸੁਚਿ ਹੇਰੀ॥ ਤਾਕੇ ਘਰ ਤੇ ਲੈ ਜਲ ਆਏ॥ ਪੂਛਤ ਹੀ ਪ੍ਰਭ ਦੀਨ ਗਿਰਾਏ॥ ਕਹੀ ਕਿ ਜਾਕੇ ਬਾਲਕ ਹੋਈ॥ ਸੋ ਗ੍ਰਹ ਪਵਿਤ ਲਯਾਉ ਜਲ ਸੋਈ॥੨॥ਦੋ:॥ ਸਾਧੂ ਏਕਾ ਕੀ ਮੁਲਾ ਸੁਧ ਦੇਹ ਮਨ ਸੁਧਨ॥ ਗਿਰਹੀ ਬਹੁਤੇ ਸੁਧ ਨਰ ਚਿਤ ਮਨ ਅਰੁ ਬੁਧ॥੩॥ਚੋ:॥ ਦੂਸਰੇ ਜਲ ਮੰਗਾਇ ਕਿਅਪਾਨਾ॥ ਚਲੇ ਆਪ ਸ਼੍ਰੀ ਪਤਿ ਭਗਵਾਨਾ॥ ਜਾਤ ਜਾਤ ਆਗਰੇ ਕਿਨਾਰੇ॥ ਚਤਰਕੋਸ ਉਤਰੇ ਗੁਰ ਭਾਰੇ॥੪॥

ਸਾਖੀ॥੧੯॥

ਚੋ:॥ ਅਕਬਰ ਸਾਹ ਭ੍ਰਾਤ ਹਿਤਸਾਨਾ॥ ਬਸਤ ਨਬਾਬ ਜੁਹੋ ਖਾਨ ਖਾਨਾ॥ ਤਿਨ ਤਬ ਸੁਨੀ ਕਿ ਸਤਗੁਰੁ ਆਏ॥ ਪੁਲਕਯੋ ਮਨਪ੍ਰਸੰਨਤਾ ਪਾਏ॥੧॥ ਡੇਹਰੀ ਬਾਗ ਕਰਾਯੋ ਡੇਰਾ॥ ਸਭ ਬਿਧਿ ਕਰ ਸਵਕਾਸ ਸਹੇਰਾ॥ ਮਿਲਯੋ ਭੇਟ ਲੈ ਕਰ ਅਗਵਾਈ॥ ਸਤਕਾਰਯੋ ਸਤਗੁਰ ਰਾਈ॥੨॥ ਕੁਸਲ ਪੂਛਿ ਤਬ ਕਹਿ ਖਾਨ ਖਾਨਾ॥ ਰੋਗ ਗ੍ਰਸਿਤ ਤਨ ਦੁਖਿਤ ਪ੍ਰਮਾਨਾ॥ ਛੂਟਹਿ ਰੋਗ ਸੁ ਕਹਿਅ ਉਪਵਾ॥ ਸੁਨ ਰਾਉਰ ਪਗ ਜਾਚਨ ਆਵਨ॥੩॥ ਕਰ ਖੈਰਾਤ ਛੂਟੇਹਿ ਤਨ ਰੋਗੁ॥ ਸੁ ਕਹਿਅ ਉਪਵਾ॥ ਸੁਨ ਰਾਉਰ ਪਗ ਜਾਚਨ ਆਵਨ॥੩॥ ਕਰ ਖੈਰਾਤ ਛੂਟੇਹਿ ਤਨ ਰੋਗੁ॥ ਮਮ ਦਰਸਨ ਸਫਲ ਛੂਟਿਸ ਸੋਗੂ॥੪॥ ਗੁਰ ਬਾਕ॥ ਸਾਧ ਸਾਧ ਸਾਧੂ ਖਾਨ ਖਾਨਾ॥ ਤੇਰੇ ਖਾਨੇ ਬਿਖੈ ਬੁਤਾਨਾ॥ ਇਹਿ ਬਿਧਿ ਕੈ ਤਾਕੋ ਕਲਯਾਨਾ॥ ਉਤਰੇ ਆਨ ਨਾਥ ਭਗਵਾਨਾ॥੫॥

---

1. ਸ੍ਰੀ ਕ੍ਰਿਸ਼ਨ ਨੂੰ ਜ਼ਹਿਰ ਦੇਣ ਵਾਲੀ ਦਾਈ

Sri Satguru Jagjit Singh Ji eLibrary NamdhariElibrary@gmail.com

ਸਾਖੀ॥੨੦॥

ਚੌ:॥ ਸੁਨੀ ਬਹਾਦਰ ਸਾਹ ਨੇ ਸਤਗੁਰ ਆਗਮ ਬਾਤ॥ ਬੁਲਵਾਯੁ ਉਪਰਾਉ ਪਠ ਅਧਿਕ ਆਜਜੀ ਖਯਾਤ॥੧॥ਚੌ:॥ ਤਿਨ ਤਬ ਆਇ ਕਹੀ ਕਰਣਾ ਕਰ॥ ਦਰਸਨ ਦੀਜੈ ਸਾਹ ਬਹਾਦਰ॥ ਸਭ ਸਮਾਨ ਸਜ ਜੋਹਤ ਮਗ ਬਰ॥ ਕਿਰਤਾਰਥ ਕਰ ਕਰਹੁ ਕ੍ਰਿਪਾ ਪਰ॥੨॥ ਸੁਨ ਸੇਵਕ ਕੀ ਬਿਨਤੀ ਚਲੇ॥ ਬਾਵਨ ਇਵ ਬਲ ਦਵਾਰੇ ਭਲੇ॥ ਸੁਨ ਆਗਮ ਪਗ ਪਯਾਦੋ ਧਾਯੋ॥ ਕਦਮ ਬੋਧ ਕਰ ਸੀਸ ਨਿਵਾਯੋ॥੩॥ ਨਿਜ ਅਸਤਾਨ ਗੁਰਹਿ ਲੈ ਆਯੋ॥ ਸਭ ਦੁਰਗੰਧਨ ਦੂਰ ਦੁਰਾਯੋ॥ ਇਕ ਪਵਿੱਤਰ ਚੌਕੀ ਮੰਗਵਾਈ॥ ਤਤਪਰ ਬਰ ਗਾਦੀ ਸਜਵਾਈ॥੪॥ ਪਧਰਾਏ ਪ੍ਰਭ ਪਰਾ ਤਬ ਤਾਪੈ॥ ਕਲਗੀ ਝੂਲਤ ਸੀਸ ਗੁਰਜਾਪੈ॥ ਸੀਸ ਮਹਿਲਹਿ ਗੁਰਪ੍ਰੀਤ ਬਿੰਬੂ॥ ਨਿਰਖ ਸਾਹ ਆਨੰਦ ਅਵਲੰਬੂ॥੫॥ ਇਕ ਸਾਹਿਬ ਸਿੰਘ ਸਤਗੁਰ ਸੰਗਾ॥ ਅਮਰ ਸੰਗ ਸਭ ਦਵਾਰੇ ਚੰਗਾ॥ ਆਜਮ ਸਾਹ ਜੋਨ ਸਰ ਹਨਾ॥ ਪ੍ਰਭ ਤਰਕਸ ਮਹਿ ਲਖ ਸਰਬਨਾ॥੬॥ ਤਿਹਿ ਦਿਖਾਇ ਭਲ ਭਾਤ ਪਿਲਾਯੋ॥ ਸਾਹ ਬਹਾਦਰ ਨਿਸਚਯ ਆਯੋ॥ ਬਾਰ ਬਾਰ ਬਚ ਬਿਨਯ ਸੁਨਾਈ॥ ਨਾਥ ਕਿਰਪਾ ਪਾਤਸਾਹਤ ਪਾਈ॥ ੭॥ ਚਹਹੁ ਸੁ ਕਰਹੁ ਮੁਰੀਦ ਪਛਨਾਹੁ॥ ਅਪਨ ਦਿਓ ਜਾਨ ਅਘਹ ਲੋਹੁ॥ ਮਹਾਰਾਜ ਬਹੁ ਆਸਿਖ ਦੀਨੀ॥ ਤਿਨ ਭੇਟਾ ਬਹੁ ਬਿਧਿ ਕੀ ਕੀਨੀ॥੮॥ ਬਿਨਯ ਕਰੀ ਆਯੋ ਚੌਮਾਸਾ॥ ਇਹਹਿ ਰਹੀਐ ਪ੍ਰਭ ਕ੍ਰਿਪਾ ਪ੍ਰਕਾਸਾ॥ ਤਾਕੀ ਬਾਨੀ ਸ਼੍ਰੀ ਪ੍ਰਭ ਮਾਨੀ॥ ਉਤੇ ਕ੍ਰਿਪਾ ਨਿਧਿ ਸਰਧੁਨ ਪਾਨੀ॥੯॥ ਸਾਹਿਬ ਸਿੰਘ ਸਭ ਭੇਟ ਉਠਾਈ॥ ਉਤਰੇ ਨਿਜ ਆਸ੍ਰਮ ਗੁਰ ਰਾਈ॥ ਅਸਵ ਬਸਤ੍ਰ ਬਹੁ ਮੋਲ ਰਤਨ ਬਰ॥ ਧੁਕ ਧੁਕੀ ਲਗੀ ਸਸਤ੍ਰ ਜੁ ਹਿਤਕਰ॥੧੦॥ ਪਾਤਸਾਹ ਕੀ ਭੇਟਾ ਦਈ॥ ਸੋ ਸਤਗੁਰ ਨੇ ਪਾਵਨ ਕਈ॥ ਸੁਨ ਸੁਨ ਗੁਰ ਆਗਮ ਨਰ ਨਾਰੀ॥ ਮਿਲਹਿਆਨ ਅਤਿ ਆਨੰਦ ਧਾਰੀ॥੧੧॥ ਭਾਂਤ ਭਾਂਤ ਕੀ ਭੇਟ ਚਢਾਵੈ॥ ਸਾਚੇ ਸਤਗੁਰ ਦੇਵ ਰਿਝਾਵੈ॥ ਇਕ ਦਿਨ ਕਰਯੋ ਪ੍ਰਸਨ ਗੁਰ ਆਗੇ। ਸ੍ਰੀ ਮੁਖ ਬਚਨ ਸੁਨਤ ਮਨ ਠਾਗੇ॥੧੨॥ ਮੈ ਨ ਗਨੇਸਹਿ[1] ਪ੍ਰਥਮ ਮਨਾਉ॥ ਕਿਸਨ ਬਿਸਨ[2] ਕਬਹੂੰ ਨਹਿ ਧਯਾਊ॥ ਪਾਰ ਬ੍ਰਹਮ ਏ ਪ੍ਰਭ ਮਤ ਮਾਹੀ॥ ਕਤਨਿਦੇਸ ਸੰਕਾ ਚਿਤਯਾਹੀ॥੧੩॥ ਸ੍ਰੀ ਪ੍ਰਭ ਬਿਹਸਿ ਕਹੀ ਸੁਨ ਰਾਜਾ॥ ਏ ਬਿਭੂਤਿ ਇਕ ਨਾ ਇਕ ਭ੍ਰਾਜਾ॥ ਸਰਬ ਬਿਭੂਤਿ ਸੁਪਤਿ ਜਗ ਜੋਈ॥ ਤਾਸ ਉਪਾਸਨਾ ਹਮਰੀ ਸੋਈ॥੧੪॥ ਤਬਤਿਨ ਕਹੀ ਕਿ ਜੇ ਸੁ ਪੁਰਾਨਾ॥ ਇਨ ਹੀ ਕਹਿ ਬਿਭੂਤਿ ਪਤਿ ਮਾਨਾ॥ ਸ੍ਰੀ ਪ੍ਰਭ ਕਹੀ ਕਿ ਇਸਟ ਪ੍ਰਸੰਸਾ॥ ਸੋਊ ਸਤਯਨ ਮਿਥਯਾ ਅੰਸਾ॥ ਯਾ ਮੈ ਗੀਤਾ ਬਚਨ ਪ੍ਰਮਾਨਾ॥ ਆਦਿ ਤਮਾਹਿ ਬਿਸਨ ਮੁਹਿ ਜਾਨਾ॥੧੬॥ ਸਸਤਰ ਭ੍ਰਿਤਨ ਮਹਿਰਾਮ ਮਹਾਨਾ॥ ਜਦਨ ਮਾਹਿ ਬਸੁ ਦੇਵ ਬਖਾਨਾ॥ ਯਾ ਮੈ ਮਤਿ

---

1. ਸ੍ਰੀ ਗਨੇਸ਼ ਦੀ ਪੂਜਾ, 2. ਵਿਸ਼ਨੂੰ ਜੀ

Sri Satguru Jagjit Singh Ji eLibrary NamdhariElibrary@gmail.com

ਅਨੰਤ ਬਿਸਤਾਰਾ॥ ਇਸਟ ਪ੍ਰਸੰਨ ਅਨੇਕ ਪ੍ਰਕਾਰਾ॥੧੭॥

ਸਾਖੀ॥੨੧॥

ਲਲਿਤ ਪਦ॥ ਨੌ ਨਿਧਿ ਭੰਡਾਰੀ ਇਕ ਖਤੀ ਸ੍ਰੀ ਸਤਗੁਰੁ ਢਿਗ ਆਯੋ॥ ਲੈਕਰ ਸੰਗ ਸੰਗਤਹਿ ਸਨ ਮੁਖ ਸ੍ਰੀ ਪਦ ਮਾਥ ਨਿਵਾਯੋ॥ ਧਰ ਭੇਟਾ ਦੁਖ ਮੇਟਾ ਸਗਰਾ ਸੰਕਾ ਪੁਨ ਨਿਜਕੀਨੀ॥ ਆਗਯ ਲੈ ਕਰ ਮਹਾਰਾਜਸੋਂ ਸਭ ਬਿਧਿ ਕਹਿ ਦੀਨੀ॥੧॥ ਕੇਸਾ ਧਾਰੀ ਪੰਥ ਕਿਓ ਪ੍ਰਭੂ ਸੋ ਨ ਸੁਨਯੋ ਲਿਖਿ ਨਾਹੀ॥ ਹਿੰਦੂ ਤੁਰਕ ਪੰਥ ਦੋਊ ਜਗ ਮੋ ਮੁੰਡਿਤ ਦੀਖਤ ਆਹੀ॥੩॥ ਸ੍ਰੀ ਮੁਖ ਕਹੀ ਕਿ ਦੋਊ ਆਗੇ ਧਾਰਤ ਕੇਸ ਮਹਾਨਾ॥ ਇਬਰਾਹੀਮ ਪਕੰਬਰ ਕੀਨੀ ਸੁਨਤ ਸੁਨਹੁ ਜਿਆਨਾ॥੪॥ ਇਕ ਨਾਰੀ ਸਨ ਹੋ ਕਰਾਰ ਜਬ ਦੂਸਰ ਬਯਾਹ ਕਰੋਗੇ॥ ਤਬ ਪਾਤਕੀ ਹੋਇ ਹੋ ਭਾਰੀ ਨਿਜ ਤਨ ਨਾਸ ਧਰੋਗੇ।੫॥ ਤਾ ਨੇ ਤੀਅ ਦੂਸਰੀ ਬਯਾਹੀ ਤਬ ਤਿਨ ਯਾਦ ਕਰਾਈ॥ ਜੋ ਜੋ ਅੰਗ ਪੁਰਸ ਤਿਅ ਸੰਗ ਸੁਨਤ ਤਹਾ ਕਰਾਈ॥੬॥ ਸਿਸਨ ਕਾਟ ਲਬ ਰੋਮ ਉਤਾਰੇ ਕੇਸਨ ਜੂਰਾ ਕਾਟਾ॥ ਬਗਲ ਕਾਟ ਸੀ ਨਾਹੂੰ ਕਾਟਾ ਬਸਤਰ ਐਸ ਤਬ ਛਾਟਾ॥੭॥ ਮੁਕਤ ਸਰੋਵਰ ਜੁਧ ਬਿਤੇ ਪਰ ਜਬ ਹਮਨੈ ਪਹ ਆਏ॥ ਯਾਰ ਮੁਹੰਮਦ ਖਾਹੁ ਸੇਨ ਸਰਦਾਰ ਕਸੂਰ ਪਠਾਏ॥੮॥ ਭੇਜਯੋ ਖਤ ਉਰ ਕਪਟ ਧਾਰ ਕਰਉਪਰ ਮੇਲ ਲਖਾਯੋ॥ ਤਬ ਹਮ ਕਹੀ ਕਿ ਕਰਨ ਵਕਾਲਤ ਕਹੁ ਜੋ ਜਿਅ ਮਹਿ ਆਯੋ॥੯॥ ਰਾਖਨ ਕੇਸ ਪ੍ਰਮਾਨਨ ਕੋਈ ਧਾਰ ਮੁਹੰਮਦ ਰਾਈ॥ ਹਮ ਹੂੰ ਇਬਰਾਹੀਮ ਖਲੀਲਕੀ ਸਗਰੀ ਕਥਾ ਸੁਨਾਈ॥੧੦॥ ਹਿੰਦਨ ਮਾਹਿ ਨੰਦ ਰਾਜਾ ਨੈ ਦਿਜ ਗਨ ਮੂੰਡ ਮੁਡਾਏ॥ ਛਾਪ ਸੁਦਰ ਕੀਕੈ ਜਗ ਭੀਤਰ ਆਪਨ ਰਹ ਦਿਖਾਏ॥੧੧॥ ਪਰਸ ਰਾਮ ਛਤ੍ਰਿਨ ਕੇ ਜੂਰੇ ਨਿਜ ਬਲ ਕਾਟਨ ਕੀਨੇ॥ ਇਹਿ ਬਿਧਿ ਰੀਤ ਪ੍ਰਚੁਰਿ ਜਗ ਭੀਤਰ ਸਤਯ ਅਸਤਯਨ ਚੀਨੇ॥੧੨॥ ਭੇਟ ਚਾਲ ਸੰਸਾਰ ਕੀ ਸਤਯ ਅਸਤਯ ਨ ਜਾਨ॥ ਏਕ ਕਰਤ ਲਖ ਸਭ ਕਰਹਿ ਨੌ ਨਿਧਿ ਉਰ ਅਨੁਮਾਨ॥੧੩॥ਚੋ॥ ਨੌ ਨਿਧਿ ਪਰਾ ਚਰਨ ਪਰ ਧਾਈ॥ ਜਨੁ ਨੌ ਨਿਧਿ ਸੁ ਰੰਕ ਘਰ ਪਾਈ॥ ਸੁਨ ਸੁਨ ਸੰਗਤ ਆਵਨ ਲਾਗੀ॥ ਦੂਰ ਦੂਰ ਤੇ ਉਰ ਅਨੁਰਾਗੀ॥੧੪॥

ਸਾਖੀ॥੨੨॥

ਰੇਖਤਾ ਛੰਦ—ਕਰੁਣਾ ਨਿਧਾਨ ਮਾਨਾ ਸੁਨਬਾ ਬਖਾਨ ਖਾਨਾ ਬਿਨਤੀ ਬਹੁਤ ਬਖਾਨਾ ਨਿਜ ਬਾਗ ਮੈ ਲਿਆਯੋ॥ ਭੇਟਾ ਧਰੀ ਅਗਾਰੀ ਸੇਵਾ ਕਰੀ ਸੁਭਾਰੀ ਹਿਯ ਪ੍ਰੇਮ ਸੋ ਸੰਵਾਰੀ ਆਪਨ ਭਲਾ ਕਰਾਯੋ॥ ਬਰਖੈ ਬਿਅੰਤ ਪਾਨੀ ਰੁਤ ਪ੍ਰਾਵਿਟੈ ਪਛਾਨੀ ਦਾਦਰ ਕੁਰਬਾਨੀ ਸੁਨ ਸੁਨ ਸੁਜਾਨ ਭਾਯੋ॥ ਤਹ ਇਕ ਸਿਰੰਦ ਸੈਯਦ ਉਰਮਾਨ ਧਾਰਜੈ ਯਦ ਪ੍ਰਛਯੋ ਸੁ ਪ੍ਰਸਨ ਭੈਯ ਦਉਤਰ ਗੁਰੂ ਸੁਨਾਯੋ॥੧॥ ਦਿਖੰਰਾਇਏ ਅਪਾਨੀ ਜੋ ਕਰਾਮਾਤ

Sri Satguru Jagjit Singh Ji eLibrary NamdhariElibrary@gmail.com

ਮਾਨੀ ਸ੍ਰੀ ਗੁਰੂ ਕਹੀ ਸੁਬਾਨੀ ਸੋ ਸਾਹ ਹੈ ਬਹਾਦਰ॥ ਕੁਰ ਰਾਜ ਰੰਕ ਦੇਈ ਰੰਕ ਸੁ ਭੂਪ ਭੇਈ ਹੈ ਚਕਰ ਬਰਤਿ ਸੇਈ ਕਹੈਗੋ ਸੁ ਸਾਦਰ॥ ਬਲਯੋ ਕਿ ਨਿਜ ਦਿਖਾਓ ਜੋ ਜਗਤ ਮੈ ਲਖਾਯੋ ਧਨ ਜੇਬ ਤੇ ਖਿਪਾਯੋ ਯਾ ਕਰਾਮਾਤ ਕਾਦਰ॥ ਤਿਨ ਕਹੀ ਮੈਂ ਨ ਮਾਨੀ ਤਬ ਤੇਗ ਕਾਢ ਪਾਨੀ ਕਟ ਸੀਸ ਦੇਹੁ ਮਾਨੀ ਯਹ ਦੂਸਰੀ ਸੁ ਹਾਦਰ॥੨॥ ਜਿਹਿ ਦੇਗ ਤੇਗ ਹੋਈ ਤਹ ਕਰਾਮਾਤ ਜੋਈ ਮਨ ਕਪਟ ਧਾਰ ਸੋਈ ਬੋਲੰਤ ਬੈਨ ਪੈਨਾ॥ ਭਾਜਯੋ ਤਬੈ ਸਿਰੰਦੀ[1] ਜਿਹ ਜੀਅ ਚਾਹ ਮੰਦੀ ਕਾਇਕਰ ਪੂਤਰੀ ਦੀਮਲਿ ਮੂਲ ਮਾਨ ਰੈਨਾ॥ ਜਿਹ ਨਾਮ ਲੈਤ ਜਮ ਕਾਨਹਿ ਰਹਤ ਮੋਹ ਭ੍ਰਮਕਾ ਛੂਟਤ ਕਲੈਸ ਰਾਮਕਾਉਪ ਜੰਤ ਸਤ ਐਨਾ॥੩॥

ਸਾਖੀ॥੨੩॥

ਚੌ:॥ ਇਕ ਪਠਾਨ ਕਾਜੀ ਪੈ ਗਯੋ॥ ਨਹਿ ਮੇਰੋ ਧਨ ਸਤਗੁਰੁ ਦਯੋ॥ ਕਾਜੀ ਲਿਖ ਇਲਾਮ ਪਠਵਾਯੋ॥ ਸ੍ਰੀ ਸਤਗੁਰੁ ਸੋ ਫਾਰਿ ਗਿਰਾਯੋ॥੧॥ ਕਹੀ ਕਹਹੁ ਕਾਜਿਹ ਅਸਬਾਨੀ॥ ਮਾਖੀ ਕਰਮ ਕਰੁ ਸਭ ਜਾਨੀ॥ ਛੂਹਤ ਮਲਿਨ ਪੁਨ ਪਰ ਸੰਤ ਅੰਗਾ॥ ਲਿਖੇ ਇਲਾਮ ਤਿਨਹੁ ਪਰਚੰਗਾ[2]॥੨॥ ਕਾਜੀ ਕਹਾ ਸਾਹ ਢਿਗ ਜਾਈ॥ ਹਜਰਤ ਗੁਰੁ ਨਹਿ ਸਰਾ ਮਨਾਈ॥ ਫਾਰ ਇਲਾਮ ਕਹਯੋ ਕਟ ਬਚਨਾ॥ ਦੰਡਨੀਯ ਯਹ ਜਾਨਹੁ ਜਚਨਾ॥੩॥ ਸੁਨਤਰ ਕਾਜ਼ੀ ਕਰਯੋ ਤਗੀਰਾ॥ ਅਰੇ ਗੁਰੂ ਪੀਰਨ ਸਿਰ ਪੀਰਾ॥ ਤਾਂਪੈ ਲਿਖ ਇਲਾਮ ਪਠਵਾਯੋ॥ ਜਿਹ ਪਗ ਚੁੰਮਨ ਧਰਮ ਸੁਹਾਯੋ॥੪॥

ਸਾਖੀ॥੨੪॥

ਲਲ਼ਿਤ ਪਦ ਛੰਦ॥—ਕਬਹੁਕ ਸ੍ਰੀ ਸਤਗੁਰੁ ਸੁਨ ਆਗਮਸਾਹ ਸੰਗ ਮਿਤਰਾਈ॥ ਮਹਾਰਾਜ ਜੈ ਸਿੰਘ ਸਵਾਈ ਸੰਗ ਅਜੀਤ ਸਿੰਘ ਰਾਈ॥ ਏਕ ਮਾਹਿ ਦਵੈ ਲਾਭ ਜਾਨ ਜਿਅ ਨਗਰ ਆਗਰੇ ਆਏ॥ ਪਾਤਸਾਹ ਕੋ ਦਈ ਨਜਰ ਅਰੁ ਸ਼੍ਰੀ ਸਤਗੁਰੁ ਦਰਸਾਏ॥੧॥ ਬੈਠੇ ਸਭਾ ਮਾਹਿ ਤਬ ਰਾਜੇ ਦਰਸਹਿ ਦੀਨ ਦਯਾਲਾ॥ ਆਨੰਦ ਕੰਦ ਹਿੰਦ ਰਖਵਾਲਾ ਰਾਮ ਚੰਦਰ ਛਪਾਲਾ॥੨॥ ਦਵੈ ਘੋਰੇ ਅਰੁ ਧਨੁ ਦੈ ਭੇਟਾ ਧਨਖਹੁ ਦਵੈ ਸੁ ਜਢਾਏ॥ ਕਰ ਸਤਕਾਰ ਨਿਕਟ ਪਦ ਪੰਕਜ ਰਾਜਹਿ ਪ੍ਰਭੂ ਬੈਠਾਏ॥੩॥ ਮਹਾ ਰਸਿਕ ਅਰ ਸੂਰ ਸਿਰੋਮਨ ਸ਼੍ਰੀ ਜੈ ਸਿੰਘ ਸਵਾਈ॥ ਪੂਛ ਕੁਸਲ[3] ਸਭ ਧਰਮ ਬਾਰਤਾ ਸ਼੍ਰੀ ਗੁਰੁ ਬਰ ਪੁਨ ਗਾਈ॥੪॥ ਸੈਨ ਕੋਸ ਮਹਿ ਸਵਸਤ ਤਿਹਾਰੇ ਕਹਹੁ ਕਿਤੀ ਤੁਮਧਾਰੋ॥ ਦੇਗ ਤੇਗ ਕੀ ਸਰਬ ਬਾਰਤਾ ਅਪਨੀ ਆਪ ਉਚਾਰੋ॥੫॥ ਜੈ ਸਿੰਘ ਕਹੀ ਦੀਨ ਸੁਖ ਭੰਜਨ ਹਮਦੋਊਨ ਕੇ ਨੇਰੇ॥ ਢਾਈ ਲਾਖ ਅਹਹਿ ਪ੍ਰਭ ਘੋਰੇ ਸੈਨਾ ਕੋ ਸਬ ਤੇਰੇ॥੬॥ ਦੇਗ ਤੇਗ ਸਭ ਚਲਤ ਭਲੀ ਬਿਧਿ ਕਮੀ ਨ ਕਾਹੂ ਭਾਂਤਾ॥ ਸਤਗੁਰ ਕ੍ਰਿਪਾ ਬੰਸ ਹੂੰ ਉਤਮ ਉਤਕ

---

1. ਸਰਹੰਦ ਦਾ ਵਾਸੀ, 2. ਕਈ ਪ੍ਰਕਾਰ ਦੇ, 3. ਰਾਜੀ ਖੁਸ਼ੀ

Sri Satguru Jagjit Singh Ji eLibrary NamdhariElibrary@gmail.com

ਕਾਰਜ ਖਯਾਤਾ॥੭॥ ਸ਼੍ਰੀ ਮੁਖ ਕਹੀ ਸਰਬ ਬਿਧਿ ਨੀਕੇ ਫੀਕੇ ਏਕਹਿ ਕਾਮਾ॥ ਗਊ ਕਸਾਈ ਕੇ ਕਰ ਦੇਵਹੁ ਸੁਨ ਸਕੁਚੇ ਨ੍ਰਿਪਮਾਨਾ॥੮॥ ਮਹਾਰਾਜ ਸ਼੍ਰੀ ਮੁਖ ਕਸ ਭਾਖਹਿ ਹਮਰੇ ਦੇਸ ਮਝਾਰੀ॥ ਗਊ ਬੁਰਾ ਕੋਊ ਕਹਨਨ ਪਾਵਤ ਕਰਨਤੁਕ ਛਿਨ ਬਿਚਾਰੀ॥੯॥ ਸ਼੍ਰੀ ਮੁਖ ਕਹੀ ਦੇਹੁ ਤੁਰਕਨ[1] ਕਹਿ ਕੰਨਯਾ[2] ਆਪਨ ਰਾਜਾ॥ ਪੁਨ ਰਾਠੇ ਰਠੌਰ ਕਾਹੁ ਕਛ ਵਾਹੇ ਕਰਨ ਤਨ ਲਾਜਾ॥੧੦॥ ਹਾਥ ਜੋਰ ਕਰ ਮਾਥ ਨਿਵਾਯੋ ਆਗੇ ਹੋਇ ਨ ਐਸੋ॥ ਚਰਨ ਸਪਥ ਸਤਗੁਰ ਕੀ ਕੀਨੀ ਯਾ ਆਪ ਛਮਹੁ ਸੁ ਜੈਸੋ॥੧੧॥ ਮਹਾਰਾਜ ਗੁਰ ਹਰਿ ਗੋਬਿੰਦ ਜਬ ਮਹਾਬੀਰ ਰਣੀਧੀਰੇ॥ ਮੀਰੀ ਪੀਰੀ ਮਾਲਿਕ ਖਾਲਕ ਸਗਲ ਜਗਤ ਹਰ ਪੀਰੇ॥੧੨॥ ਨ੍ਰਿਪ ਪੀਰਾ ਪਛਾਨ ਕਰ ਜੀ ਮੈ ਆਪ ਕਿਲੇ ਮਹਿ ਆਏ॥ ਨ੍ਰਿਪ ਬਰ ਬਾਵਨ ਪਾਵਨ ਸਤਗੁਰੁ ਕਾਢੇ ਕ੍ਰਿਪਾ ਬਢਾਏ॥੧੩॥ ਸਦਾ ਸੇਵਕਨ ਪਰ ਪ੍ਰਭ ਦਾਯਾ ਰਾਖਤ ਰਾਖਹੁ ਸਵਾਮੀ॥ ਮਹਾਘੋਰ ਆਪ ਤੇ ਪ੍ਰਭ ਕਾਢਹੁ ਰਾਖਹੁ ਧਰਮ ਮੁਦਾਈ॥੧੪॥ ਲਾਖਨ ਘੋਰੇ ਅਸਵ ਦੇਸ ਸਭ ਸੂਰਬੀਰਤਾ ਜੇਤੀ॥ ਇਨਕੇ ਤੇਜ ਅਗ੍ਰ ਸ਼੍ਰੀ ਸਤਗੁਰ ਹਮਰੀ ਰਹਤ ਨ ਤੇਤੀ॥੧੫॥ ਸ਼੍ਰੀ ਮੁਖ ਕਹੀ ਕਰਹੁ ਮਤ ਚਿੰਤਾ ਮੂਰਖ ਮਹਾ ਕੁਪਤਾ॥ ਮਰਯੋ ਅਧਰਮ ਰੂਪ ਨਿਰਲਜ ਅਤਿ ਤੁਰਕਨ ਕੂਰ ਚਕਤਾ॥੧੬॥ ਅਬ ਸਭ ਆਰਜ ਧਰਮ ਪ੍ਰਪਲਿਹੈ ਚਲਿ ਹੈ ਛਲਨ ਹਿਆਨਾ॥ ਅਸ ਕਹਿ ਬਕਸਿਸ ਕਰੀ ਸਸਤਰ ਕੀ ਸਿਪਰ ਖੜਗ ਸੁਖਸਾਨਾ॥੧੭॥ ਗੁਰੁ ਹਰਿ ਕ੍ਰਿਸ਼ਨ ਕ੍ਰਿਪਾ ਅਤਿਤੋ ਪੈਰਾਜਨ ਜੈ ਸਿੰਘ ਸੂਰਾ॥ ਰਾਖਹੁ ਧਰਮ ਬਢਹਿ ਧਨ ਸੰਪਤ ਹੋਇ ਮਨੋਰਥ ਪੂਰਾ॥੧੮॥

ਸਾਖੀ॥੨੫॥

ਕਬਹ ਬਹਾਦਰ ਸਾਹ ਆਪ ਸਤਗੁਰੁ ਕੇ ਦਰਸਨ ਆਯੋ॥ ਕਰ ਫਾਰਸੀ ਤਾਜੀਮ ਪਿਰਾਨੈ ਬੈਠਾਯੋ ਫਰਸ ਸੁਹਾਯੋ॥੧॥ ਤਥਾ ਜਵਾਹਰ ਸਿੰਘ ਜੜੀਏ ਕੀ ਕਨਯਾ ਦਰਸਨ ਆਈ॥ ਮਾਨਹੁ ਆਪ ਕਾਮ ਕੀ ਨਾਰੀ ਸਜ ਸਿੰਗਾਰ ਸਮੁਹਾਈ॥੨॥ ਨਿਰਖਿ ਸਾਹ ਤਿਲ ਰੂਪ ਮਨੋਹਰ ਬਿਕਲੇ ਦਿਯ ਭੇ ਭਾਰੀ॥ ਉਸਕਤ ਨਿਰਖਤ ਨਿਹੁਰਤਉ ਚਕਤ ਡਰਤ ਲਜਿਤ ਚਿਤ ਧਾਰੀ॥੩॥ ਊਪਰ ਤੇ ਬੋਲਯੋ ਗੁਰੁ ਬਰ ਤੇ ਕਰਤ ਗਯਾਨ ਕੀ ਬਾਨੀ॥ ਉਨ ਮੁਨਾਤ ਮੁਸਕਾਤ ਚਿਤਤ ਚਿਤਹਰਖਿਤ ਮਤ ਅਭਿਮਾਨੀ॥੪॥ ਸ਼੍ਰੀ ਪ੍ਰਭੂ ਨਿਰਖਿ ਪਰਖਿਤ ਬਮਨ ਕੀ ਮੋਹਿਤ ਭਇ ਲਖ ਨਾਰੀ॥ ਤੋ ਹਮ ਤੇਰੇ ਪਾਸ ਭੇ ਜਿਹੈ ਸਾਵਧਾਨਤਾ ਧਾਰੀ॥੫॥ ਬੋਲਯੋ ਮਹਾਰਾਜ ਹਮਰੇ ਮਤ ਬਿਨਕਲ ਮਾਗਤਿ ਨਾਹੀ॥ ਕਲਮਾ ਕਰਤ ਸੁਰਖਯਾ ਨਰਕੀ ਦਿਨ ਸੁਨਯਾਊ ਕੇ ਤਾਹੀ॥੬॥ ਬਿਨ ਕਲਮੇ ਕਲਮੇ ਜੇ ਤੇ ਨਰ ਦੋਖਜ ਮਾਹਿ ਸੁ ਜੈ ਹੈਂ॥ ਭਿਸਤ[3] ਜਾਨਕੀ ਸਿਸਤ ਸੁ ਕਲਮਾ ਸੋਈ ਖੁਦਾਕਹਿ

1. ਮੁਗਲਾਂ ਨੂੰ
2. ਲੜਕੀਆਂ
3. ਸਵਰਨ

Sri Satguru Jagjit Singh Ji eLibrary NamdhariElibrary@gmail.com

ਪੈਹੈਂ॥੭॥ ਕਰਮ ਪ੍ਰਧਾਨ ਕਹੀ ਸ਼੍ਰੀ ਮੁਖ ਤੇ ਜੋ ਜਸ ਕਰਾਇ ਸੁ ਪਾਵੈ॥ ਕੇਵਲ ਕਲਮ ਰਖਯਕ ਨਾਹੀ ਯਹ ਬਿਧਿ ਸੰਤ ਬਤਾਵੈ॥੮॥ ਏਕ ਰਜਤਪਨ ਖੋਟੋ ਦੈਕਰ ਪਰਯੋ ਬਜਾਰ ਮਝਾਰੀ॥ ਜਾਪਰ ਕਲਮਾ ਲਿਖਯੋਨ ਦੀਨੋ ਕਾਹੂੰ ਨੈ ਤਬ ਤਯਾਰੀ॥੯॥ ਸ਼੍ਰੀ ਮੁਖ ਕਹੀ ਰਾਜ ਤੁਰਕਨ ਕੋ ਦਵੈ ਕਰੀ ਕੋ ਬਨਿਆ॥ ਕਲਮਾ ਅਦਬ ਨ ਕੀਨੋ ਧਨ ਸੁ ਦ੍ਰਬਯ ਕੋ ਧਨਿਆ॥੧੦॥ ਸ਼੍ਰੀ ਹਰਿ ਕੀ ਸੁ ਸਭਾ ਮੈ ਜਬ ਹੀ ਨਯਾਉ ਹੋਇਗੋ ਜਾਨੋ॥ ਕੇਵਲ ਕਲਮੇ[1] ਪਰ ਨ ਬਨੈਗੀ ਪ੍ਰੀਤ ਪ੍ਰਤੀਤ ਥਿਰਾਨੋ॥੧੧॥ ਸਹੀ ਸਹੀ ਕਹਿ ਸਾਹ ਸਿਧਾਯੋ ਸ਼੍ਰੀ ਗੁਰੁ ਪਗ ਲਪਟਾਈ॥ ਤਬ ਕਨਯ ਕਰ ਜੋਰਤ ਬੋਲੀ ਮੇਰੀ ਕਾ ਗਤਿ ਆਈ॥੧੨॥ ਸ਼੍ਰੀ ਮੁਖ ਕਹੀ ਧਰਮਤਵ ਰਾਖਹੁ ਮਤ ਕਰਸੋ ਕਸਯਾਨੀ॥ ਸਾਂਝ ਸਮੈ ਦਵੈ ਸਿੰਘ ਸੰਗ ਜਾਨਿ ਰਖ ਖੇਲ ਅਸਮਾਨੀਨ॥੧੩॥ ਦਵੈ ਸਿੰਘਨ ਮਧ ਗਈ ਰੈਨ ਮਹਿ ਜਹਿ ਅਵਲੋਕ ਤਰਾਜਾ॥ ਨਿਰਖਯੋ ਸਾਹ ਬਹਾਦਰ ਨਾਰਿ ਹਿਨਾਹਰ ਰੂਪ ਦਰਾਜਾ॥੧੪॥ ਦੋਨਾ ਹਰ ਗਹਿ ਕਰ ਕਾਨਨ ਤੇ ਨਾਰੀ ਆਵਤ ਹੇਰੀ॥ ਡਰਤ ਸਾਹ ਬਸ ਬਸ ਸੁਪ ਧਾਰਹੁ ਬੋਲਯੋ ਦੁਰਯੋ ਅੰਧੇਰੀ॥੧੫॥ ਸਤ ਰਾਖਯੋ ਸੁ ਸਤ ਬਚ ਭਾਖਯੋ ਅਭਿਲਾਖਯੋ ਸਭ ਭਾਤੀ॥ ਸਰਬ ਕਾਮਨਾ ਪੂਰਨ ਕਰਨੀ ਅਸ ਗੁਰੁਬਰ ਗਤਿ ਭਾਂਤੀ॥੧੬॥ ਗੁਰ ਪਗ ਗਹਿ ਕਰ ਗੇਹ ਸਿਧਾਰੀ ਕਨਯਾ ਜੜੀਏ ਕਾਰੀ॥ ਸਿੰਘ ਸੁਮੇਰ ਗੁਬਿੰਦ ਸਿੰਘ ਗੁਰੁ ਭਜ ਸਭ ਤਜ ਜਗ ਝੇਰੀ॥੧੭॥

ਸਾਖੀ॥੨੬॥

ਕਬ ਹੁਕ ਪੀਰ ਬਹਾਦਰ ਸਾਹਸੁ ਸ਼੍ਰੀ ਸਤਗੁਰੁ ਢਿਗ ਆਯੋ॥ ਉਤਰ ਪ੍ਰਸਨ ਅਨੇਕ ਭਾਂਤ ਕਰ ਪੁਨ ਸਬਿਨਯ ਇਮ ਗਾਯੋ॥੧॥ ਯਾ ਅਧਾਰ ਸੰਸਾਰ ਪਾਰ ਕੋ ਕਹਿ ਏ ਰਾਹ ਸੁਖਾਲਾ॥ ਜਾਤੇ ਕਬਹੂੰ ਭਟ ਕੈ ਸਾਹਿਨ ਸ਼੍ਰੀ ਸਤਗੁਰੁ ਰਖਵਾਲਾ॥੨॥ ਸ਼੍ਰੀ ਮੁਖ ਕਹੀ ਕਿ ਸੁਨਹੁ ਪੀਰ ਜੀ ਪ੍ਰਿਥਮਹਿ ਇੰਦ੍ਰ ਨਦੋ ਕੈ॥ ਸਧ ਹੋਇ ਬ੍ਰਤਤੀਰ ਥਕਰ ਕੈ ਤਉ ਨਿਜ ਅਘੀ ਬਿਲੋਕੈ॥੩॥ ਪੀਰ ਕਹੀ ਪ੍ਰਭ ਕਹੀ ਕਹੀ ਕਾਸੁਧ ਭਯੋ ਜਬ ਜਾਨਾ॥ ਪੁਨ ਕਤ ਕਰੈ ਸੁ ਅਘ ਨਿਜ ਨਿਰਖਨ ਮਿਥਯਾ ਪ੍ਰਤਿ ਪਰਧਾਨਾ॥੪॥ ਸ਼੍ਰੀ ਮੁਖ ਕਹੀ ਕਿ ਸੁਨਹੁ ਪੀਰ ਜੀ ਤਨ ਮਨ ਦੋਕੀ ਪਾਕੀ॥ ਪ੍ਰਥਮਹਿ ਤਨ ਕੀ ਪਾਛੈ ਮਨ ਕੀ ਪੂਰਨ ਹੋਤਨ ਬਾਕੀ॥੫॥ ਜਗਯਾ ਸੀ ਕਰ ਜਤਨ ਅਨੇਕਨ ਬਚੈ ਬਿਸਯ ਤੇ ਬੈਸੇ॥ ਜਲ ਮੁਰਗਾਈ ਇਵ ਗ੍ਰਹਿ ਭੀਤਰ ਬਰਤਹਿ ਨਯਾਰੋ ਐਸੇ॥੬॥ ਸਭ ਤੇ ਕਰੈ ਸੂਤਨ ਕੀ ਪਾਕੀ ਮਨਕੀ ਪਾਕੀ ਨਾਹੀ॥ ਤੋ ਪੁਨ ਕਹਹੁ ਕਿ ਗੁਨਹਗਾਰਤਾ ਰਹੀ ਕਿਨ ਹਿਤਾਮਾਹੀ॥੭॥ਚੋ:॥ ਜਬ ਮਨਕੀ ਪਾਕੀ ਹਿਤ ਰੋਆ॥ ਸਾਹਿਬ ਅਧਿਕ ਦਯਾਲ ਤਬ ਜੋਯਾ॥ ਗੁਨਹਗਾਰ ਬਨ ਮੋਹਿਪੁਕਾਰੈ॥ ਤਿਹ ਬਖਸਹੁ ਸੁ ਕਿਤਾਬ ਵੁਚਾਰੈ॥੮॥ਦੋ:॥ ਬੰਦਾ ਆਯੋ ਬੰਦਗੀ

---

1. ਮੁਸਲਮਾਨ ਧਰਮ ਅਨੁਸਾਰ ਕਲਮਾਂ ਪੜ੍ਹਨਾ

Sri Satguru Jagjit Singh Ji eLibrary NamdhariElibrary@gmail.com

ਕਰਨ ਹੇਤ ਸੰਸਾਰ॥ ਯਾਤੇ ਬਿਨ ਬੰਦਗੀ ਕੈ ਬ੍ਰਿਥ ਮੁਯੋ ਲੈ ਭਾਗ॥੬॥ ਗੁਨਹਗਾਰ ਬਖਸੇ ਗਏ ਸਦਾ ਸਾਂਚੇ ਦਰਬਾਰ॥ ਹੰਕਾਰੀ ਨਰਕਹਿ ਸਦਾ ਹੋਤ ਰਹੀ ਫਿਟਕਾਰ॥੧੦॥

ਸਾਖੀ॥੨੭॥

ਕਬਹੁ ਨਬਾਬ ਖਾਨਖਾਨਾ ਚਲ ਜਾਪਨਾਹ[1] ਢਿਗ ਆਯੋ॥ ਪੁਛੀ ਪੁਹਕਰ ਗਏ ਸ਼ਤਗੁਰੁ ਤਿਨ ਤਬ ਸਭ ਸਮਝਾਯੋ॥੧॥ ਸੋਈ ਬਾਤ ਖਾਨ ਖਾਨਾ ਨੈ ਸ਼੍ਰੀ ਗੁਰ ਪਾਸ ਸੁਨਾਈ॥ ਹਜਰਤ ਕਹੀ ਕਿ ਸਤਗੁਰ ਸਾਹਬ ਪੁਹਕਰ ਗਏ ਕਿ ਜਾਈ॥੨॥ ਸ਼੍ਰੀ ਮੁਖ ਕਹੀ ਕਾਮ ਕਾ ਹਮਰੋ ਯਹ ਹਿੰਦੁਨਕੀ ਰੀਤੀ॥ ਭਨੀ ਨਬਾਬ ਖਾਨ ਖਾਨਾ ਨੈ ਸਾਹ ਬਹਾਦਰ ਨੀਤੀ॥੩॥ ਸ਼੍ਰੀ ਸਤਗੁਰ ਸਨ ਪੁਨ ਮਿਲ ਕਰ ਕਰ ਸਾਹ ਬਹਾਦਰ ਪ੍ਰੇਮੀ॥ ਪੂਛੀ ਆਪ ਕ੍ਰਿਪਾ ਕਰ ਕਹੀ ਏਕਿਹ ਮਗ ਚਲਹਿ ਸੁ ਛੇਮੀ॥੪॥ ਸ਼੍ਰੀ ਮੁਖ ਕਹੀ ਹਿੰਦੂ ਸੁ ਅਹਿੰਦੂ ਦੋਊ ਝੂਠੇ ਜਾਨੇ॥ ਸਾਚ ਸੰਤ ਪਰਮਾਰਥ ਬਾਦੀ ਤਿਹਿ ਮਗ ਚਲਤ ਪਛਾਨੇ॥੫॥ ਖੈਰ ਖਾਹ ਹਮ ਦੋਊ ਮਤ ਕੇ ਸਾਚ ਕਹਨ ਹਿਤ ਜਾਨੈ॥ ਸਾਹ ਕਹੀ ਕਿ ਇਮਾਨ ਏਕ ਹੈ ਏਕ ਖੁਦਾਇ ਪ੍ਰਮਾਨੈ॥੬॥ ਸ਼੍ਰੀ ਮੁਖ ਕਹੀ ਖੁਦਾਇ ਤੀਨਹ ਸਿਤੀਨ ਇਮਾਨ ਮਹਾਨਾ॥ ਸੁਨਹੁ ਏਕ ਕੋ ਨਾਹਿ ਪਛਾਨਾ ਮੁਖ ਤੇ ਏਕ ਬਖਾਨਾ॥੨॥ ਰਾਮ ਰਾਮ ਕਹਿ ਤੁਰਕ ਜੋ ਕੋਊ ਕਾਫਿਰ[2] ਹੋਵੈ ਤਤਕਾਲਾ॥ ਕਹਤ ਅਲਾ ਖੁਦਾਇ ਕਰਤ ਇਤ ਮਲੇਖਯ ਭਯੋ ਸੁ ਬਿਸਾਲਾ॥੮॥ ਤੁਰਕ ਕਹਤ ਹਮਹਿਤ ਬਹਿਸਤ ਹਿੰਦਨ ਹਿਤਰਚ ਦੋਜਖ॥ ਇੰਦੂ ਕਹਹਿ ਮਲੇਛ ਨਰਕ ਪਰ ਕਰਮਭੋਗ ਆਪਨ ਚਖ॥੯॥ ਏਕ ਖੁਦਾਇ ਲਖੈ ਤੋ ਨਾਹਕ ਝਗਰਹਿ ਮਰਹਿ ਦੋਊ॥ ਪਰਯੋ ਪਗਨ ਪਰ ਸਾਹ ਬਹਾਦਰ ਭਯੋ ਬਿਦਾ ਸੁਖ ਜੋਊ॥੧੦॥ ਨਿਤ ਨਈ ਬਸਤੁ ਬਾਜ ਅਰ ਬਾਜੀ ਭੂਖਨ ਬਾਸਨ ਬਿਸਾਲਾ॥ ਭੇਜਹ ਸ਼੍ਰੀ ਸਤਗੁਰੁ ਕੀ ਭੇਖ ਸਭ ਗਮ ਮੇਟ ਕਰਾਲਾ॥੧੧॥ ਕਬਹੂੰ ਆਪ ਜਾਇ ਸਤਗੁਰੁ ਪੈ ਕਬਹੂ ਪ੍ਰਭੂਹਿ ਬੁਲਾਵੈ॥ ਨਿਤ ਨਵ ਆਨੰਦ ਕਰ ਗੁਰੁ ਪੂਰਨ ਸਭ ਆਪ ਓਘ ਨਸਾਵੈ॥੧੨॥

ਸਾਖੀ॥੨੮॥

ਕਬਹੁਕ ਇਕ ਉਮਰਾਉ ਆਇ ਗੁਰ ਬਰ ਕੋ ਕੁਰਨਿਸ ਕੀਨੀ॥ ਬੈਠ ਸਭਾ ਮਹਿ ਕਹੀ ਕਿ ਸਾਹਿਬ ਧਨੁ ਬਿਦਯ ਸੁ ਪ੍ਰਬੀਨੀ॥੨॥ ਏਕ ਨਿਸਾਨੇ ਮੈ ਸ਼੍ਰੀ ਸਤਗੁਰ ਤੀਨ ਤੀਰ ਤਕ ਮਾਰੇ॥ ਸੋ ਉਮਰਾਉ ਏਕ ਮਾਥਾ ਬਰ ਹਜਰਤ ਨਿਕਟ ਉਚਾਰੇ॥੩॥ ਕਬਹੂ ਸਿਕਾਰ ਹੇਤ ਹਜਰਤ ਹੂੰ ਸ਼੍ਰੀ ਗੁਰਦੇਵ ਬੁਲਾਏ॥ ਸੇਵਕ ਜਾਨ ਮਾਨ ਪ੍ਰਦ ਬਾਬਾ ਆਪ ਹੁ ਸੁਨ ਉਠ ਧਾਏ॥ ਆਗੇ ਨਿਕਰਯੋ ਨਾਹਰ ਭਾਰੀ ਕਹੀ ਸਾਹ ਹਰਖਾਈ॥ ਜੋ ਮਾਰੇ

---

1. ਬਾਦਸ਼ਾਹ, 2. ਮੁਸਲਮਾਨ ਸ਼ਰੀਅਤ ਅਨੁਸਾਰ ਨਾਸਤਕ

Sri Satguru Jagjit Singh Ji eLibrary NamdhariElibrary@gmail.com

ਤਰਵਾਰ ਸੰਗ ਸੋ ਪਾਵੈ ਮਨਸਬ ਭਾਈ॥ ਤਬ ਬੁਲੰਦ ਖਾਂ ਤੇਗ ਕਾਢ ਕੇ ਗਯੋ ਸੁ ਨਾਹਰ ਮਾਰਾ॥ ਪੁਨ ਵਜੀਰ ਖਾਂ ਹੂੰ ਸਮੁਹਾਯੋ ਕਿਓ ਸਿੰਘ ਸੰਘਾਰਾ॥੬॥ ਸ਼੍ਰੀ ਮੁਖ ਕਹੀ ਸੁਨਹੁ ਰੋਸਨ ਸਿੰਘ ਲੈ ਕਟਾਰ ਅਰ ਢਾਲਾ॥ ਮਾਰਹੁ ਯਹ ਨਾਹਰ ਬਿਕਰਾਲਾ ਕਰਤ ਸੂਰਮਨ ਕਾਲਾ॥੭॥ ਰੋਸਨ ਸਿੰਘ ਢਾਲ ਆਗੇ ਕਰ ਪੰਜਾ ਸਿੰਘ ਸਹਾਰਾ॥ ਪੇਟ ਕਟਾਰ ਮਾਰ ਪਟਕਾਯੋ ਗਿਰਯੋ ਸਿੰਘ ਬਿਕਰਾਰਾ॥੮॥ ਖਿਲਤ ਦੇਨ ਲਗ ਪਾਤਸਾਹ ਤਬ ਰੋਸਨ ਸਿੰਘ ਸੁਨਾਈ॥ ਨੌ ਨਿਧਿ ਸਿਧਿ ਅਰ ਮੁਕਤ ਕਰ ਸਭ ਦਈ ਮੋਹਿ ਗੁਰਰਾਈ॥੯॥ ਅਬ ਨਾਹਿ ਚਾਹ ਸੁ ਕਾਹੁ ਬਸਤ ਕੀ ਕਰਿ ਹੋ ਕਾਲੈ ਕਰਕੈ॥ ਸਿਮਰਨ ਸਾਰ ਭਕਤ ਮਤਿ ਮਾਗਹੁ ਸਾਚੈ ਸਾਹਿਬ ਘਰ ਕੈ॥੧੦॥

ਸਾਖੀ॥੨੬॥

ਕਬਹੁਕ ਨੰਦ ਲਾਲ ਅਰੁਤਾਕਿ ਮਰਾਇ ਗੁਰੂ ਹਕ ਗਏ। ਸਾਹ ਬਹਾਦਰ ਕੇ ਮਾਤੁਲ ਕੋ ਪਾਸ ਬੁਲਾਇ ਬਠਾਏ॥੧॥ ਤਿਨ ਸਨ ਕਹੀ ਬਚਨ ਸੋ ਦੀਜੈ ਤਿਨ ਤਬ ਜਾਇ ਸੁਨਾਈ॥ ਸਾਹ ਬਹਾਦਰ ਮਿਲਯੋ ਆਇ ਤਬ ਸ਼੍ਰੀ ਗੁਰਦੇਵ ਬਤਾਈ॥੨॥ ਕਾਗਜ ਖੋਲ ਜੇਬ ਤੇ ਰਾਖਯੋ ਲਖਯੋ ਸਾਹ ਸੋ ਸੁਹਾਈ॥ ਜਿਨ ਜਿਨ ਮੇਰੇ ਪੁਤਰ ਪਯਾਰਨ ਸੰਗ ਕਿਅ ਦਗਾ ਲਰਾਈ॥੩॥ ਨਵਰੰਗ ਬ੍ਰਿਪਨ ਅਧਿਕ ਸੁ ਮਾਰਯੋ ਛੀਨਯੋ ਧਰਮ ਪੁਰਾਨਾ॥ ਸ਼੍ਰੀ ਗੁਰੁ ਤੇਗ ਬਹਾਦਰ ਹੂੰ ਸੰਗ ਕਰੀ ਬੇਅਦਬੀ· ਨਾਨਾ॥੪॥ ਸਭ ਕਾਜੀ ਅਰ ਮੁਲਾਂ ਸੂਬੇ ਸਿਰਹੰਦ ਔਰ ਲਹੌਰਾ॥ ਜਿਨ ਜਿਨ ਕੋ ਮੈ ਨਾਮ ਬਖਾਨਹੁ ਦੇਹੁ ਪਕਰ ਮੁਹਿ ਪੈਰਾ॥੫॥ ਜੋ ਕਛ ਸਜਾ ਦੇਨ ਹਮਰੇ ਜੀਅ ਦੈ ਹੈ ਤਬ ਤਿਨ ਤਾਈ॥ ਯਹੀ ਬਚਨ ਹਮਰੋ ਹੋ ਪਹਿਲੇ ਲਿਖਿ ਭੇਜਯੋ ਜੁ ਤਿਥਾਂਈ॥੬॥ ਔਰ ਲਖਹੁ ਯਹ ਤਵ ਪਿਤ ਮੋਹਰ ਸਪਥ[1] ਆਨ ਸੁ ਕੁਰਾਨਾ[2]॥ ਹੋਵੈ ਝੂਠਾ ਪੁਨ ਦਗਾ ਕਮਾਨਾ ਮਰਯੋ ਕੁ ਕਥਾ ਪੁਰਾਨਾ॥੭॥ ਯਹ ਰਾਜਨ ਕੀ ਲਿਖਤ ਲਖਹੁ ਲਖ ਨਲ ਰਹਾਨਿਹੁਰਾਈ॥ ਬੋਲਯੋ ਕਰਨੀ ਕੋ ਫਲ॥ ਯੇ ਰਾਉਰ ਗਯੋ ਨਰਾਈ॥੮॥ ਮਹਾਰਾਜ ਮੈ ਕਾਲ ਸਮਝ ਕੇ ਉਤਰਯਾਕੋ ਦੈਹੌ॥ ਰਾਉਰ ਬਚਨ ਨ ਮੋਰਨ ਕੈ ਹੌ ਸਭ ਹੀ ਹੁਕਮ ਬਜੈ ਹੈ॥੯॥ ਨਿਸ ਮਹਿ ਸਭ ਉਮਰਾਉ ਬੁਲਾਏ ਕਰੀ ਸਲਾਹ ਮਹਾਨਾ॥ ਸਤਗੁਰ ਸੰਗ ਕਰੀ ਇਨ ਐਸੀ ਲਾਇਕ ਸਜਾ ਸੁਜਾਨਾ॥੧੦॥ ਮੰਤ੍ਰਿਨ ਕਹੀ ਅਜਹੁ ਹਜਰਤ ਕੋਨਹੌ ਹੁਕਮ ਹੈ ਭਾਰੀ॥ ਜੋ ਇਹਿ ਕਾਲ ਹੋਇਗੀ ਸਖਤੀ ਬਿਗਰੈ[3] ਦੇਸ ਅਪਾਰੀ॥੧੧॥ ਕਰ ਸਲਤਨਤ ਫੇਰ ਜੋ ਕਰਿ ਹੋ ਕੋਊ ਸੰਸਯ ਨਾਹੀ॥ ਤਯੋ ਹੀ ਹੋਇ ਜਾਇਗੋ ਪੂਰਨ ਮਨੋ ਕਾਮਨਾ ਜਾਹੀ॥੧੨॥ ਪਾਤਸਾਹ ਸਤਗੁਰੁ ਸੋ ਭਾਖੀ ਰਾਉਰ ਦਯਾ ਮਹਾਨਾ॥ ਮਿਲੀ ਮੋਹਿ ਯਹ ਬਰ ਪਤ ਸਾਹਤ ਹਤ ਆਜਮ ਮੈਦਾਨਾ॥੧੩॥ ਜੋ ਐ ਅਬ ਸਬ ਸੂਬਨ ਊਪਰ ਜੁਲਮ

---

1. ਸਹੁੰ, 2. ਕੁਰਾਨ ਦੀ, 3. ਖਰਾਬ ਹੋਵੇਗਾ

Sri Satguru Jagjit Singh Ji eLibrary NamdhariElibrary@gmail.com

ਕਰੋ ਸ਼੍ਰੀ ਗੁਰੂ॥ ਦੇਸ ਬਿਗਰ ਜੈ ਹੈਂਗੋ ਸਾਰੋ ਯਹ ਸੰਸਾ ਮੇਰੇ ਉਰ॥੧੪॥ ਏਕ ਬਰਖ ਕੀ ਮੁਹਲਤ ਮਾਗਹੁ ਸਭ ਸਲਤਨਤ ਜਮਾਈ॥ ਫਿਰਹੋ ਨਾਹੀ ਕੋਲ ਆਪਨੇ ਦੈਹੋਂ ਸਭ ਪਕਰਾਈ॥੧੫॥ ਸ਼੍ਰੀ ਮੁਖ ਕਹੀ ਫਰੇਬ ਕਰਤ ਤੂੰ ਯਾਹੀ ਹੇਤ ਲਿਖਾਯੋ॥ ਤਊ ਨ ਸਾਬਿਤ ਭਯੋ ਬਹਾਦਰ ਗੀਦੀ ਤੋਹਿ ਬਨਾਯੋ॥੧੬॥ ਤਉ ਬਰਖ ਤੇ ਊਪਰ ਬੀਤੇ ਭਲੋ ਨ ਜਾਨਹੀਂ ਜੀ ਮੈ॥ ਇਕ ਸੇਵਕ ਤੈ ਕਾਰਜ ਲੈ ਹੋ ਸਭ ਹੀ ਜਾਨ ਅਤੀਮੈ॥੧੭॥ ਸੂਬੇ ਮਾਰ ਉਜਾਰ ਸੁਕਾਜਿਨ ਸਿਰਹੰਦ ਸਹਰ ਉਜਾਰੇ॥ ਏਕ ਏਕ ਕੋ ਪਲਟਾ ਲੈ ਹੋ ਸੰਸਯ ਨਾਹਿਨ ਧਾਰੈ॥੧੮॥ਦੋ:॥ ਸਾਹ ਬਹਾਦਰ ਤਬ ਕਹੀ ਸਹੀ ਸਹੀ ਸਭ ਭਾਂਤ॥ ਜੋ ਮੈ ਬੇ ਮੁਖ ਹੁਹਗੋ ਕਰਿਐ ਤੇ ਪ੍ਰਭ ਘਾਤ॥੧੯॥

ਸਾਖੀ॥੩੦॥

ਇਹਿ ਸ਼੍ਰੀ ਗੁਰਪਦ ਪ੍ਰੇਮ ਪ੍ਰਕਾਸੇ ਸ਼੍ਰੀ ਗੁਰੂ ਖੰਡਾਤਰਗਤ ਦਸਮ ਮੰਡਲ ਉਤਰਾਰਧੇ ਆਜਮ ਸਾਹ ਬਧ[1] ਬਹਾਦਰ ਸਾਹੀ ਮਿਲਨ ਪ੍ਰਸੰਗ ਬਰਜ਼ੰਨਾਤਮਕ ਅਸਟ ਤ੍ਰਿੰਸਤਮੀ ਪ੍ਰਾਤ॥੩੮॥ਚੋ॥ ਇਹਿ ਬਿਧਿ ਪ੍ਰਾਵਿਟ ਕਾਲ ਬਿਤਾਯੋ॥ ਸਾਹ ਬਹਾਦਰ ਕੇ ਜੀਅ ਆਯੋ॥ ਹਜਰਤ ਹੂੰ ਦੱਖਨ ਕੋ ਗਏ॥ ਅਜਹੁ ਸੁ ਬੰਦੋ ਬਸਤ ਨ ਭਏ॥੧੧॥ ਤਾਂ ਤੇ ਹੋਹੂ ਚਲਹੁ ਤਿਹਓਰਾ॥ ਕਰ ਬਿਚਾਰ ਗੁਰਸਨ ਕਰ ਜੋਰਾ॥ ਚਾਹਤ ਹੋ ਦਖਿਨ ਦਿਸ ਜਾਨਾ॥ ਅਹਮਦ ਨਗਰ ਓਰ ਪਿਤ ਥਾਨਾਂ॥੨॥ ਬੰਦੋ ਬਸਤ ਪ੍ਰਥਮ ਕਰ ਤਾਕੋ॥ ਪੁਨ ਕਰਿ ਹੋ ਪ੍ਰਭ ਕਾਜ ਸਦਾਰੋ॥ ਸ਼੍ਰੀ ਗੁਰ ਕਹੀ ਚਲਹੁ ਤੁਮ ਆਗੇ॥ ਕਰ ਨਵਰਾਤ੍ਰ ਮਿਲਹਿ ਅਨੁਰਾਗੇ॥੩॥ ਇਤ ਪ੍ਰਭ ਪੂਜਨ ਕੀਨੋ ਕਾਲੀ॥ ਭਰ ਨਵਰਾਤ੍ਰ ਸੁ ਸਸਤਰਨ ਜਾਲੀ॥ ਭਾਂਤ ਭਾਂਤ ਅਸਤੋਤਰ ਸੁਭਾਏ॥ ਪਢਤ ਪਢਾਵਤ ਨਿਜ ਜੁ ਬਨਾਏ॥੪॥ ਐਰਣ ਅਨਿਕ ਭਾਂਤ ਕੇ ਹੋਮ॥ ਆਦਯਾ ਹਿਤ ਕੀਨੈ ਗੁਰ ਸੋਮਾ॥ ਅਸੁਨ ਸੁਦੀ ਤ੍ਰਯੋਦਲੀ ਤ੍ਰਿਥਿ ਬਰ॥ ਚਢੈ ਆਗਰੇ ਤੇ ਕਲਗੀਧਰ॥੫॥ ਸੰਗਤ ਸਿੱਖ ਸਿੱਖਲੀ ਬਾਰੇ॥ ਮਿਲਮਿਨ ਦਰਸਹਿ ਭੇਟਹਿ ਸਾਰੇ॥ ਚੌਥੀ ਮਜਲ ਮਿਲੇ ਗੁਰੁਰਾਈ॥ ਸਾਹ ਬਹਾਦਰ ਸੈਨ ਸਹਾਈ॥੬॥ ਮਿਲਯੋ ਅਜੀਤ ਸਿੰਘ ਨਰ ਨਾਹਾ॥ ਜੋਧ ਪੁਰੀਨ ਆਨ ਕਰ ਸਾਰਾ॥ ਮੇਦ ਪਾਟ ਈਸਵਰ ਪੁਨ ਰਾਨਾ॥ ਮਿਲਯੋ ਆਨ ਭੇਟਾ ਲੈਨਾਨਾ॥੭॥ ਗਢ ਚਿਤੋਰ ਦਿਸ ਗਏ ਦਯਾਲਾ॥ ਸੰਗ ਸਾਹਨੀ ਸਾਹ ਬਿਸਾਲਾ॥ ਕਛਕੁ ਸਿੰਘ ਗਢ ਦੇਖਨ ਗਏ॥ ਘਾਸ ਲੇਤ ਕਛੁ ਮਗ ਮਹਿ ਭਏ॥੮॥ ਤਾ ਚਾਹਕ ਤਬ ਹੀ ਲਰਿ ਪਰੇ॥ ਦੇਹਿ ਨ ਘਾਸ ਕਹਹਿ ਮਤ ਡਰੇ॥ ਦਾਮਹੁ ਦੇਹਿ ਸਿੰਘ ਨਹਿ ਲੈਹੀ॥ ਚਲੀ ਤੁਫੰਗ ਤਬੈ ਤਹਿ ਤੇਰੀ॥੯॥ ਰਾਜ ਪੂਤ ਉਤ ਤੇ ਜੁਰਿ ਆਏ॥ ਇਤ ਤੇ ਸਿੰਘਨ ਜੰਗ ਮਚਾਏ॥ ਏਕ ਪਹਰ ਲਗ ਮਚੀ ਲ਼ਰਾਈ[2]॥ ਮਰੇ ਅਨੰਤ ਬੀਰ ਰਿਸ ਖਾਈ॥੧੦॥ ਭਾਜੇ ਸਬਹਿ ਬਚੇ ਜੇ ਰਹੈ॥ ਆਸ

---

1. ਆਜ਼ਮ ਸ਼ਾਹ ਦਾ ਮਾਰਨਾ, 2. ਲੜਾਈ

Sri Satguru Jagjit Singh Ji eLibrary NamdhariElibrary@gmail.com

ਉਠਾਇ ਸਿੰਘ ਲੈ ਆਏ॥ ਸ਼੍ਰੀ ਗੁਰੁ ਕਹੀ ਕਹੈ ਬਿਨ ਗਏ॥ ਜੰਗ ਬਿਦੇਸ ਕਰਤ ਅਸ ਭਏ॥੧੧॥ ਕਰਿਐ ਕਾਜ ਐਸ ਕਬ ਨਾਹੀ॥ ਸਾਵਧਾਨ ਤਾਰਾਖਸ ਦਾਹੀ॥ ਘਾਸ ਹੇਤ ਏਤੇ ਨਰ ਮਾਰੇ॥ ਨਾਹਕ ਕੀਨੇ ਜੰਗ ਅਖਾਰੇ॥੧੨॥ ਜੋ ਗਢ ਦਵਾਦਸ ਬਰਖ ਲਗ ਲਰਿ ਨਹਿਅਕਬਰ ਜੀਤ॥ ਸ੍ਵਾਭਾਵਿਕ ਸੋ ਜੀਤ ਲਿਯ ਜੋਰਾਵਰ ਸੁ ਅਭੀਤ॥੧੩॥ ਤਬ ਹੇ ਬੋਲਾ ਖਾਲਸੇ ਗਢ ਚਤੋੜ ਚਲ ਤੋੜ॥ ਲਘੁ ਸੰਕਾ ਕੋ ਕਹਨ ਲਗ ਉਰ ਅਭਿਮਾਨ ਅਡੋਲ॥੧੪॥ ਕਾਹੂ ਕਹੀ ਗਹਯਾਬੁਰਾ॥ ਗਿਰਖੋਹਾ ਕੰਟਕ ਮਗ ਜੁਰਾ॥ ਸੀਧੋ ਰਾਹ ਜੁ ਪ੍ਰਭਹਿ ਬਤਾਯੋ॥ ਤਾਹੀ ਮਗ ਸਤਗੁਰੁ ਪਧਰਾਯੋ॥੧੫॥

ਦੁਹੂੰ ਆਗਯ ਮਾਹਿ ਦੋਊ ਬਿਧਿ ਦੋਊ ਫਲ ਭਲ ਪਾਵੋ॥੩੨॥ ਪ੍ਰਥਮ ਪਾਠ ਜਪਜੀ ਕੋ ਕੀਨੋ ਪੁਨ ਹਰਿ ਹਰਿ ਦੋਹਾ॥ ਅਕਾਲ ਪੁਰਖ ਕੀ ਰਛਿਆ ਮਹਾਕਾਲ ਮਤ ਸੋਹਾ॥੩੩॥ ਖਰੇ ਹੋਇ ਪਛ ਪ੍ਰਥਮ ਭਗੋਤੀ ਆਪ ਕਰੀ ਅਰਦਾਸਾ॥ ਕਰਦ ਕਮਾਨ ਹਾਥ ਮਹਿ ਲਹਿ ਪੁਨ ਮਾਥ ਨਿਯਾਏ ਸੁਖ ਰਾਸਾ॥੩੪॥ ਸੀਸਰਾਖ ਕਰ ਕਰਦ ਖਾਲਸੇ ਸਮੁਹਿ ਗ੍ਰੰਥ ਗੁਰੁ ਆਗੇ॥ ਬੋਲ ਵਾਹਗੁਰੁ ਜੀ ਸੁ ਖਾਲਸਾ ਫਤੇ ਵਾਹਗੁਰੁ ਪਾਗੇ॥੩੫॥ ਕਸੀ ਕਮਰ ਮਖਮਲੀ ਕ੍ਰਿਪਾ ਨਿਧਿ ਧਰਯੋ ਧਨਖ ਬਰ ਕਾਂਧੇ॥ ਕਰ ਮੈ ਬਰ ਬੰਦੂਕ ਉਠਾਈ ਚਲੇ ਚਿਤਾ ਦਿਸ ਸਾਂਧੇ॥੩੬॥ ਅਬ ਸਤਗੁਰ ਪ੍ਰਸਥਾਨ ਕਰਯੋ ਉਤ ਦੀਪ ਮਾਲਿਕਾ ਬਾਰੀ॥ ਘ੍ਰਿਤ ਫੁਲੇਲ ਕੀ ਬਰੀ ਮਸਾਲੈਂ ਕੋਤਕ ਭਯੋ ਅਪਾਰੀ॥੩੭॥ ਖਾਸ ਤਬੇਲੇ ਕੇਸਭ ਘੋਰੇ ਸਵਰਨ ਜੀਨ ਸੁ ਸਵਾਰੇ॥ ਜਿਨ ਕੇ ਨਯਨਨ ਤੇ ਜਲ ਬਰਖਤ ਕਸ ਆਨੇ ਸਭ ਦੇਵਾਰੇ॥੩੮॥ ਬ੍ਰਿਖਤ ਕੰਧ ਕੇ ਹਰ ਸੁਨਵਨ ਗਜ ਮੋਤਿਨ ਮਾਲ ਬਿਰਾਜੀ॥ ਕ੍ਰਿਪਾ ਰਸ ਭਰੇ ਨਯਨ ਨਿਰਖਿ ਕਰ ਕਾਮ ਕਾਮਨਾ ਲਾਜੀ॥੩੯॥ ਕੋਕਿਲ ਕੀਰ ਕਪੋਤ ਕੰਬੁ ਕਰਿ ਸੁੰਡ ਕਮਲ ਉਪਮਾਨਾ॥ ਹੋਤ ਨਿਰਸਤ ਜਾਸ ਸੋਭਾ ਲਖ ਕੱਲਗੀ ਧਰ ਭਗਵਾਨਾ॥੪੦॥ ਛੰਦ॥ ਭਗਵਾਨ ਕਲਗੀਧਰ ਅਨੂਪਮ ਭਕਿਤ ਮਤ ਪ੍ਰਚੁਰਿਤ ਕਰੀ॥ ਜਗ ਧਰਮ ਥਾਪਿ ਉਥਾਪਿ ਅਧਰਮ ਸਚ ਖੰਡ ਤਯਾਰੀ ਕਰੀ॥ ਬੈਠੇ ਚਿਤਾ ਪਰ ਜਾਇ ਕਹਿ ਨਹਿ ਜਾਇ ਗੁਨ ਅਗਨਿਤ ਮਹਾ॥ ਜਿਹਿ ਸੇਖ ਸਾਰਦ ਨਾਰਦਾਦਿਕ ਥਕਤ ਕਿਤ ਮਮ ਗੁਨਨ ਕਹਾ॥੪੧॥ ਇਕ ਕੰਧ ਧਰ ਧਨੁ ਤੂਪਕ ਇਕ ਧਰ ਕਰ ਜਬਰ ਬਰਛਾ ਲੀਓ॥ ਕਸਿ ਕਮਰ ਖੰਜਰ ਬਾਂਕ ਅਰੁ ਜਮਦਾਢ ਪੇਸ ਕਬਜ ਕੀਓ॥ ਗਰ ਸੋਹ ਸ਼੍ਰੀ ਸਾਹਬ ਸੁਰਾਤਿ ਤਰਕਸ ਭਰੇ ਖਰਸਾਨ ਦਵੈ॥ ਚਖ ਨਿਰਖਿ ਛਬਿ ਪ੍ਰਫੁਲਿਤ ਬਦਨ ਸਭ ਸਿੰਘ ਗਨ ਚਲੇ ਅੰਮ੍ਰਿਤ ਦਵੈ॥੪੨॥ ਸਭ ਸੁਨਹੁ ਮਮ ਬਚ ਖਾਲਸਾ ਪਿਤ ਪਦਮ ਪਦ ਭੇਟਨ ਚਲੇ॥ ਨਹਿ ਕਰਹੁ ਸੋਕ ਸੰਤਾਪ ਆਪ ਬਿਚਾਰ ਸਾਗਰ ਮਹਿ ਭਲੇ॥ ਅਬ ਜਾਇ ਅਗਿਨ ਜਰਾਇ ਧਯਾਇ ਸੁ ਵਾਹਗੁਰੁ ਉਰ ਬਰੋ ਧਰੋ॥ ਲੜ ਲਗੇ ਲਲਿਤ ਅਕਾਲ ਕੇ ਕਿਹਿ ਭਾਂਤ ਤੇ ਉਰ ਮਤ ਡਰੋ॥੪੩॥ ਸੰਤੋਖ ਸਿੰਘ ਇਹ ਰਹਹੁ ਨਿਤ ਨੰਗਰ ਲਲਾਮ ਚਲਾਇਓ॥ ਧਨ ਗੁਨ ਨ ਕਮਤੀ ਜਾਨ ਰਹਤ ਮਹਾਨ ਧਯਾਨ ਕਰਾਇਓ॥ ਸੁਚਿ ਰਹਤਵਾਨ ਪ੍ਰਮਾਨ ਸਿੰਘ ਸੁਜਾਨ ਨਿਜ ਤਟ ਰਾਖੀਓ॥ ਮੰਦਿਰਨ ਬਨਵਹੁ ਫੇਰ ਫੇਰ ਬਨਾਇ ਤਿਹਿ ਕੁਲਨਾਖੀਓ॥੪੪॥ ਤਨ ਤਯਾਗ ਪ੍ਰਭ ਜਬ ਦਯੋ ਜਿਪਿਅਹਿ ਤਜਤ ਕਿੰਚਰੀ ਹਰਖ ਧਰ॥ ਧੁਨਿ ਗਗਨ ਭਾਰੀ ਭਈ ਜਯੋ ਜਨ ਜੂਹ ਬੋਲਤ ਦੂਰ ਬਰ॥੪੫॥ ਨਿਰਖੇ ਅਨੰਤ ਬਿਬਾਨ ਆਖਿ ਨ ਬਜਤ ਬਾਜ ਸੋਹਨੇ॥ ਸੁਰ ਸਿਧਿ ਮੁਨਿ ਗੰਧਰਬ ਅਪਸ ਧਰਿ ਕਥਤ ਜਸ ਮਨ ਮੋਹਨੇ॥੪੬॥ **ਸ਼੍ਰੀ ਮੁਖ ਵਾਕਯ ਤਿਸ ਕਾਲ ਮੈ ਹੂਆ॥ ਸਵੈਯਾ॥** ਪਾਇ ਗਾਂ ਜਬਤੇ ਤੁਮਰੇ ਤਬ ਤੇ ਕੋਊ ਆਪਿ ਤਰੇ ਨਹੀ ਆਨਯੋ॥ ਰਾਮ ਰਹੀਮ ਪੁਰਾਨ

Sri Satguru Jagjit Singh Ji eLibrary NamdhariElibrary@gmail.com

ਕੁਰਾਨ ਅਨੇਕ ਕਹੇ ਮਤ ਏਕ ਨ ਮਾਨਯੋ॥ ਸਿੰਮ੍ਰਿਤ ਸ਼ਾਸਤਰ ਬੇਦ ਸਭੈ ਬਹੁ ਭੇਦ ਕਹਯੋ ਹਮ ਏਕ ਨ ਜਾਨਯੋ॥ ਸ਼੍ਰੀ ਅਸਪਾਨ ਕ੍ਰਿਪਾ ਤੁਮਰੀ ਕਰ ਮੈ ਨ ਕਹਯੋ ਸਭ ਤੋਹਿ ਬਖਾਨਯੋ॥੪੭॥ ਛੰਦ॥ ਸ਼੍ਰੀ ਵਾਹਗੁਰੁ ਕੀ ਫਤੇ ਅਸ ਕਹਿ ਦੇਹਿ ਸਭ ਪਰਿਦਖਯਨਾ॥ ਬਾਹਰ ਆਏ ਨਹਿ ਅਗਿਨ ਲਾਗੀ ਡਰਤ ਉਰ ਕਰ ਬਰ ਘਨਾ॥ ਤਬ ਜੋਗ ਅਗਿਨ ਨਿਕਾਰ ਨਿਜ ਤਨ ਸਚ ਖੰਡ ਪ੍ਰਭ ਗਏ॥ ਮਿਲ ਨਵਹੁ ਗੁਰੁ ਦਸ ਸਰੂਪ ਹੋਇ ਅਨੂਪ ਆਨੰਦ ਨਿਰਮਏ॥੪੮॥ ਇਮਿ ਕਹੀ ਪੁਰਖ ਅਕਾਲ ਤੂੰ ਕਰ ਕੈ ਸਪੂੰਤੀ ਜਗ ਅਯੋ॥ ਨਹਿ ਫੰਧਕਲਿ ਭਰਮਾਇ ਨੀਕੇ ਬਚਨ ਮਮ ਪਾਲਨ ਕਯੋ॥ ਸੁਰ ਸੰਗ ਬਾਜਉਪੰਗ ਚੰਗ ਮਦਰੰਗ ਨਾਦ ਨਫੀਰੀਆ॥ ਜਯ ਜਯਤਿ ਧਵਨਿ ਸੁ ਉਚਾਰ ਪੁਹਪਨ ਬਰਖ ਸਭ ਸੁਰ ਧੀਰੀਆ॥੪੯॥ ਨਿਜ ਨਿਜ ਸਕਤ ਲਗ ਜਾਇ ਫਿਰ ਫਿਰ ਆਇਗੁ ਗੁਰ ਨਿਜ ਧਾਮਗੇ॥ ਸਤ ਚਿਤ ਅਨੰਦ ਬੁਲੰਦ ਸ਼੍ਰੀ ਸਚ ਖੰਡ ਮੈ ਸਤਨਾਮ ਗੇ॥ ਅਸ ਭਯੋ ਕਾਕੋ ਜਗ ਜਨਮ ਕਿਹਿ ਮਰਨ ਅਸ ਸੁ ਚਿਰਿਤ੍ਰ ਕਿਓ॥ ਪਰ ਹੇਤ ਬਰ ਉਪਕਾਰ ਗੁਰੁ ਅਬਿਕਾਰ ਸਭ ਦੁਖ ਦਰ ਦਿਓ॥੫੦॥ਦੋ:॥ ਕੂਦਿ ਕੂਦਿ ਕਰ ਚਿਤਾ ਪਰ ਮਰਨ ਜਰਨ ਕੀ ਚਾਹਾ॥ ਇਤ ਉਤ ਤੇ ਗਨ ਸਿੰਘ ਮਨ ਉਮਡਤ ਆਵਤ ਤਾਹਾ॥੫੧॥ਚੋ:॥ ਸ਼੍ਰੀ ਯੁਤ ਦਯਾ ਸਿੰਘ ਤੇ ਆਦੀ॥ ਧਰਮ ਸਿੰਘ ਨੰਦ ਲਾਲ ਪ੍ਰਸਾਦੀ॥ ਕਾਹੂ ਕਹਿ ਉਪਦੇਸ ਮਨਾਵਹਿ॥ ਕਾਹੂ ਕਹਿ ਗਹਿ ਕਰ ਬੈਠਾਵਹਿ॥੫੨॥ ਕਛੂ ਮਤਸਚਿਨ ਲਾਠੀ ਵਾਰੇ॥ ਪ੍ਰਹਰੇ ਕਰੇ ਕਨਾਤ ਕਿਨਾਰੇ॥ ਯਾ ਮਹਿ ਹੁਕਮ ਜਾਨਕੋ ਨਾਹੀ॥ ਫਿਰਹਿ ਚੰਕੋਰ ਚੰਦ ਇਵਤਾਹੀ॥੫੩॥ ਊਰੇ ਸੁਰ ਤੇ ਰੋਇ ਪੁਕਾਰੇ॥ ਸ਼੍ਰੀ ਗੁਰੁ ਗੋਬਿੰਦ ਸਿੰਘ ਉਚਾਰੇ॥ ਕਤ ਬਿਦੇਸ ਤਜ ਬੈਕੁੰਠ ਭਾਯੋ॥ ਪ੍ਰਭ ਬਿਨ ਰਾਜਕਾਜ ਕਹਿ ਆਯੋ॥੫੪॥ਦੋ:॥ ਪ੍ਰਾਤ ਭਏ ਸਿੰਘਨ ਲਖੀ ਅਸਵ ਕੁਮੈਤ ਨ ਏਕ॥ ਸ਼੍ਰੀ ਪ੍ਰਭ ਕੀ ਸੁ ਸੁਵਾਰਿ ਕੋ ਚਿੰਤਤ ਜਲਧ ਬਿਬੇਕ॥੫੫॥ ਚਾਰਹੁ ਓਰ ਕਨਾਤ ਬਿਰਾਜੇ॥ ਪਰਹਿ ਜਾਪ ਜਾਪ ਬਾਨੀ ਸਾਜੇ॥ ਚਖ ਜਲ ਚੁਵਤ ਕੰਨ ਰੁਕ ਗਏ॥ ਸੋਚ ਸਮੁੰਦਰ ਮਗਨ ਸਭ ਭਏ॥੫੬॥ ਤਿਰੋਭਾਉ ਸਭ ਹਨ ਉਨਮਾਨਾ॥ ਉਤਰਤ ਚਢਤ ਗਟੀਉਰਨਾਨਾ॥ ਚਿਤਵਤ ਬੋਲਨ ਚਲਨ ਸੁਹਾਈ॥ ਗਊ ਗਰੀਬ ਪਾਲ ਗੁਰ ਰਾਈ॥੫੭॥

ਸਾਖੀ॥੫੨॥

ਦੋ:॥ ਲਖ ਚਿੰਤਾਤੁਰ ਸੇਵਕਨ ਸਾਚੇ ਦੀਨ ਦਯਾਲ॥ ਦਰਸਨ ਨਿਜ ਮਗ ਮਹਿ ਦਿਓ ਸੇਵਕ ਬਿਰਦ ਸੰਭਾਲ॥੧॥ਚੋ:॥ ਜੋ ਨਿਤ ਲਕਰੀ ਲਿਆਵਨ ਹਾਰੋ॥ ਲੰਗਰ ਲਲਿਤ ਸੇਵ ਚਿਤ ਧਾਰੋ॥ ਤਿਨ ਦਰਸਯੋ ਸੁਦੀਨ ਦੁਖ ਕਰਨਾ॥ ਚਢੇ ਕੁਮੈਤ ਸਕਲ ਅਘ ਹਰਨਾ॥੨॥ ਤਾਹਿ ਬੁਲਾਇ ਨਿਕਟ ਇਮਿ ਕਹੀ॥ ਸਿੰਘਨ ਕਹਹੁ ਕਿ ਸੋਚਹਿ ਨਹੀ॥ ਹਯ ਕੁ ਮੈਤਯਾ ਹਮ ਸੰਗ ਲਯਾਏ॥ ਕਾਹਿਤ ਚਿੰਤਹੁ ਸੋਕ ਧਰਾਏ॥੩॥ ਜਨਮ

Sri Satguru Jagjit Singh Ji eLibrary NamdhariElibrary@gmail.com

ਮਰਨ ਦੋਊ ਮੁਹਿ ਨਾਹੀ॥ ਮਾਨਹੁ ਬਚਨ ਬਚਨ ਬਲ ਬਾਹੀ॥ ਤਿਨ ਤਬ ਦਵੈ ਘਟਿਕਾ ਦਿਨ ਆਏ॥ ਸਿੰਘਨ ਸਰਬ ਬ੍ਰਿਤੰਤ ਬੁਤਾਏ॥੪॥ ਕਛੂ ਧੀਰਜ ਉਰ ਸਿੰਘਨ ਆਯੋ॥ ਸੂਕਤ ਧਾਨ ਮੇਘ ਬਰਖਾਯੋ॥ ਪੁਨ ਬੈਠੇ ਤਿਹਿ ਠੈਰਹਿ ਸਗਰੈ॥ ਚਿਤਵਹਿ ਸੁਮਤਿ ਸਰੂਪ ਉਜਗਰੇ॥੫॥

ਸਾਖੀ॥੫੩॥

ਚੌ:॥ ਪਹਰ ਪ੍ਰਮਾਨ ਜਬਹਿ ਦਿਨ ਆਯੋ॥ ਤਬ ਇਕ ਸੰਤ ਉਦਾਸੀ ਭਾਯੋ॥ ਫਤੇ ਬੁਲਾਇਸੁ ਸਿੰਘਨ ਤੀਰਾ॥ ਬੋਲਯੋ ਕਹਤ ਬਚਨ ਗੁਰ ਧੀਰਾ॥੧॥ ਤੁਮ ਕਤ ਚਿੰਤਾ ਕਰਹੁ ਖਾਲਸਾ॥ ਸਤਗੁਰੁ ਪੂਰਨ ਸਰਬ ਲਾਲਸਾ ਮੋਹਿ ਮਿਲੇ ਹਯ ਪਰ ਅਸਵਾਰਾ॥ ਖੇਲਤ ਮ੍ਰਿਗਿਆ ਪ੍ਰਭੂ ਕਰਤਾਰਾ॥੨॥ ਦਯੋ ਕੜਾਹ ਪ੍ਰਸਾਦ ਸੁ ਲੀਜੈ॥ ਛਕ ਛਕਾਇ ਆਨੰਦ ਕਰੀਜੈ॥ ਕਹੀ ਕਿ ਜਾਏ ਦੇਹੁ ਸੁਧ ਮੋਰੀ॥ ਤਸਹੁ ਚਿੰਤ ਸਮਝਹੁ ਬਜ ਜੋਰੀ॥੩॥ ਜਨਮ ਮਰਨ ਮੈ ਜਗ ਜਨ ਜਾਨੇ॥ ਏਨ ਜਨਮ ਨਹਿ ਮਰਹਿ ਪਛਾਨੇ॥ ਇਹਿ ਬਿਧਿ ਦਯੋ ਸਾਧ ਬਿਗਯਾਨਾ॥ ਕੁਨਕਾ ਬਰਤਯੋ ਸਭ ਹਨ ਜਾਨਾ॥੪॥ ਸਤਗੁਰ ਜਨਮ ਮਰਨ ਮੈ ਨਾਹੀ॥ ਕਿਅ ਅਸਨਾਨ ਧਯਾਨ ਗੁਰੁ ਤਾਹੀ॥ ਡੇਢ ਪਹਰ ਜਬ ਦਿਨ ਮਨ ਜਾਨਾ॥ ਸੁਖ ਨਿਧਾਨ ਕੋ ਸਮਯ ਪਛਾਨਾ॥ ਦੇਗ ਤਯਾਰ ਕਰ ਭੋਗ ਲਗਾਯੋ॥ ਪਾਛੇ ਤੇ ਸਭ ਸਿੰਘਨ ਪਾਯੋ॥ ਸਾਂਝ ਸਮਯ ਲੰਗਰ ਧਰ ਕੀਨਾ॥ ਭੋਗ ਸਤਗੁਰੁ ਕਰ ਦੀਨਾ॥੬॥ ਜਾਗ੍ਰਤ ਰਹਿ ਸੁਊ ਨਿਸਾ ਬਿਤਾਈ॥ ਪਡਤ ਗ੍ਰੰਥ ਗੁਰਬਾਨੀ ਗਾਈ॥ ਅਲਵਰਤੇ ਸੋਢੀ ਸੁ ਬੁਲਾਯੋ॥ ਤਾਸੋ ਸਭ ਪ੍ਰਭ ਕਰਮ ਕਮਾਯੋ॥੭॥ਦੋ:॥ ਪੁਹਪ ਚਨਯੋ ਚੌਥੇ ਦਿਵਸ ਨਿਕਸਯੋ ਅਸਤਨ ਸਸਤਰ॥ ਤਬ ਜਾਸਾ ਸਤਗੁਰ ਗਏ ਸਭ ਦੇਹ ਸਹ ਅਸਤਰ॥ ਏਕ ਕਰਦ ਸਤਗੁਰ ਕੀ ਪਾਈ॥ ਭਸਮ ਗਰੀ ਗਾਗਰ ਮਹਿ ਥਾਈ॥ ਇਤ ਉਤ ਤੇ ਚੁਨ ਮੰਜੀ ਕਰੀ॥ ਲਘੁ ਮੰਡਪ ਬਿਰਚਯੋ ਨਿਜ ਕਹੀ॥੮॥ ਤਾ ਪਰ ਸਸਤਰ ਰਾਖ ਭਲ ਭਾਂਤੀ॥ ਸੇਵਤ ਰਹੇ ਸੁ ਕ੍ਰਿਪਾ ਸੁ ਸਾਂਤੀ॥ ਸ਼੍ਰੀ ਸੰਤੋਖ ਸਿੰਘ ਸੁ ਬਿਬੇਕੀ॥ ਭੇਟ ਅਬਚਲ ਪਦ ਏਕੀ॥੧੦॥ ਅਮਰ ਸਿੰਘ ਸਭ ਦੇਸ ਸਿਧਾਰੇ॥ ਕੁਊ ਕੁਊ ਰਹੇ ਬਿਬੇਕ ਅਪਾਰੇ॥ ਸਮਯ ਸਮਯ ਲੰਗਰ ਸੁ ਬਨਾਵੈ॥ ਸਤਗੁਰ ਮੰਜੀ ਭੋਗ ਲਗਾਵੈ॥੧੧॥ ਸੁਖ ਨਿਧਾਨ ਕੀ ਦੇਗ ਮਹਾਨਾ॥ ਦੋਊ ਸਮਯ ਸਮਯ ਸੁ ਪਛਾਨਾ॥ ਅਬਚਲ ਨਗਰ ਅਬਿਚਲ ਸੁ ਪ੍ਰਤਾਪਾ॥ ਜਪਹਿ ਸਭ ਹਿਤ ਪ੍ਰਤਿ ਪ੍ਰਭ ਜਾਪਾ॥੧੨॥

ਸਾਖੀ॥੫੪॥

ਚੌ:॥ ਸਮਯ ਸਮਯ ਸੁਭ ਸੇਵ ਕਮਾਵੈ॥ ਮਨ ਬਾਂਛਿਤ ਫਲ ਪ੍ਰਭ ਤੇ ਪਾਵੈਂ॥ ਅਬ ਸੁਨਏਕੁ ਅਲੌਕਿਕ ਗਾਥਾ॥ ਜਨਵਾਰਾ ਇਕ ਗ੍ਰਾਮ ਸੁ ਨਾਥਾ॥੧॥ ਲਘੁ ਰਾਜੇ ਤਹਿ ਦੋਊ ਭਾਈ॥ ਰੁਸਤਮ ਰਾਈ ਬਾਲਾ ਰਾਈ॥ ਬਲੀ ਬਿਸਾਲ ਸਸਤਰ ਬਰ ਧਾਰੀ॥

Sri Satguru Jagjit Singh Ji eLibrary NamdhariElibrary@gmail.com

ਲੂਟਹਿ ਮਰਹ ਠਾਨ ਹਠ ਧਾਰੀ॥੨॥ ਤਬ ਮਰਹਨ ਨ੍ਰਿਪਤ ਬਲਵਾਨਾ॥ ਏਕ ਲਾਖ ਲੈ ਸੈਨ ਜਵਾਨਾ॥ ਘੇਰਯੋ ਜਨਵਾਰਾ ਸੁ ਗ੍ਰਾਮਾ॥ ਲਹੇ ਭ੍ਰਾਤ ਦੁਊ ਅਤਿ ਬਲਧਾਮਾ॥੩॥ ਅੰਤ ਪਕਰ ਮਰਹਨ ਨ੍ਰਿਪ ਲੀਨੋ॥ ਦੋਊ ਭ੍ਰਾਤਨ ਬੰਧੀ ਦੀਨੋ॥ ਪਗ ਜੰਜੀਰ ਪਾਇ ਗਹਿ ਲਯਾਏ॥ ਦੁਰਗ ਸਿੰਤਾਰੇ ਮਧਯ ਟਿਕਾਏ॥੪॥ ਆਰਾਧਹਿ ਬਹੁ ਦੇਵੀ ਦੇਵਾ॥ ਪੀਰ ਫਕੀਰ ਕਰਹਿ ਬਹੁ ਸੇਵਾ॥ ਕੋਊ ਨ ਬੰਦੀ ਤੇ ਛੁਟਕਾਵੈ॥ ਦੁਖਿਤ ਭ੍ਰਾਤ ਕੋਊ ਕੋਊ ਨ ਬਚਾਵੈ॥੫॥ਦੋ:॥ ਤਾਸ ਦੁਰਗ ਮੈ ਸਿੰਘ ਇਕ ਪਠਤ ਗੁਰੂ ਕੇ ਵਾਕ॥ ਸੁਨਤ ਰਾਇ ਉਸ ਗਤਿ ਹੀਓ ਬੋਲਯੋ ਬਚਨ ਸਪਾਕ॥੬॥ਚੌ:॥ ਸਿੰਘ ਜੀ ਮੈ ਗੁਰ ਪੀਰ ਮਨਾਏ॥ ਦੇਵੀ ਦੇਵ ਅਧਿਕ ਚਿਤ ਧਯਾਏ॥ ਕਾਹੂ ਨ ਕਰੀ ਸਹਾਇ ਹਮਾਰੀ॥ ਤਾਤੇ ਹਮ ਅਬ ਚਿੱਤ ਬਿਚਾਰੀ॥੭॥ ਕਾਹੂ ਕੀ ਸਹਾਇਤਾ ਸੰਗਾ॥ ਹੋਇ ਨਹਿ ਮਮ ਕਾਰਜ ਚੰਗਾ॥ ਜੋ ਤਵ ਗੁਰੁ ਮਹਿ ਸਮਰਥ ਭਾਰੀ॥ ਤੋ ਮੇਰੀ ਕਰ ਬਿਨਯ ਬਿਚਾਰੀ॥੮॥ ਸਿੰਘ ਜੀ ਕਹੀ ਕਿ ਗੁਰੁ ਹਰਿ ਗੋਬਿੰਦ॥ ਮੀਰੀ ਪੀਰੀ ਮਾਲਿਕ ਖਾਵਿੰਦ॥ ਬਾਵਨ ਰਾਜੇ ਤੁਮ ਸਮ ਬੰਦੀ॥ ਗਵਾਲਿਏਰ ਕੇ ਕਿਲੇ ਅਨੰਦੀ॥੯॥ ਕਰੇ ਖਲਾਸ ਸੁ ਜਸ ਬਿਸਤਾਰੇ॥ ਤਿਨ ਕੇ ਪੰਡੇਰ ਗੁਬਿੰਦ ਸਿੰਘ ਭਾਰੇ॥ ਅਬ ਤੇਜ ਦਯਪਿ ਧਾਮਾ ਪਧਾਰੇ॥ ਤਊ ਸੁ ਹਾਜਿਰ ਨਾਜਿਰ ਪਯਾਰੇ॥੧੦॥ ਦਸ ਸਹੰਸਰ ਇਕ ਬਾਨ ਸੰਘਾਰੇ॥ ਇਕਲੇ ਦਸ ਲਖ ਸੈਨ ਮਝਾਰੇ॥ ਜਮ ਕੈਦ ਛੁੜਾਵਨ ਹਾਰੇ॥ ਕਹਾ ਕੈਦ ਮਰਹਨ ਨਿਰਧਾਰੈ॥੧੧॥ ਤਬ ਤਿਨ ਕਹੀ ਕਰਹੁ ਅਰਦਾਸ॥ ਮੇਰੀ ਕਰਹਿ ਸੁ ਬੰਦ ਖਲਾਸ॥ ਮੈ ਸੇਵਕ ਸੋ ਸਤਗੁਰ ਮੇਰੇ॥ ਆਪਨ ਕ੍ਰਿਪਾ ਦ੍ਰਿਸਟ ਗੁਰ ਹੇਰੇ॥੧੨॥ਦੋ:॥ ਪ੍ਰਥਮ ਭਗੌਤੀ ਪਾਠ ਕਰ ਕਰ ਮਹਿ ਕਰਦ ਸੁਧਾਰ॥ ਸਿੰਘ ਜੀ ਗੁਰੁ ਅਰਦਾਸ ਕਰ ਬਿਨਤੀ ਕਰੀ ਬਿਚਾਰ॥੧੩॥ਚੌ:॥ ਸੇਵਕ ਲਾਜ ਰਾਖ ਗੁਰੁ ਰਾਈ॥ ਕ੍ਰਿਪਾ ਸਿੰਧੂ ਸਭ ਜਨਨ ਸਹਾਈ॥ ਨਿਤ ਬਾਨੀ ਸੁਨ ਰਾਖਹਿ ਧਯਾਨਾ॥ ਬੀਤਯੋ ਕਿਤਕ ਕਾਲ ਸ ਬਿਧਾਨਾ॥੧੪॥ ਇਕ ਦਿਨ ਅਰਧ ਨਿਸਾ ਜਬ ਆਈ॥ ਚੰਦ ਚਾਂਦਨੀ ਧਰਤਿ ਸੁਹਾਈ॥ ਏ ਦੋਊ ਸਿਮਰਹਿ ਉਰ ਗੁਰਰਾਈ॥ ਤਬਲੌ ਦਰਸੇ ਭਏ ਸਹਾਈ॥੧੫॥ ਤਬਾਲਾ ਰੁਸਤਮ ਇਤ ਆਵਹੁ॥ ਮੈ ਗੁਬਿੰਦਿ ਸਿੰਘ ਜਿਹ ਨਿਤਿ ਧਯਾਵਹੁ॥ ਬਾਲੇ ਤਬ ਰੁਸਤੁਮ ਸੁ ਜਗਾਯੋ॥ ਨਿਜ ਪਗ ਬੇਰੀ ਨਿਕਰਯੋ ਪਾਯੋ॥੧੬॥ ਪਕਰਹੁ ਪਗ ਮਮ ਦੋਊ ਭਾਈ॥ ਉਚੇ ਸੁੰਰ ਸਨ ਸਭਨ ਸੁਨਾਈ॥ ਹਮੈ ਲਿਜਾਤ ਗੁਬਿੰਦ ਸਿੰਘ ਗੁਰੁ॥ ਪਕਰਹਿ ਜਿਹਿ ਮਨੁਸਾਇ ਅਹਿਹਿ ਉਰ॥੧੭॥ ਦੌਰ ਪਰੇ ਰਖਵਾਰੇ ਜਾਗੇ॥ ਪਕਰਹਿ ਕਾਹਿ ਅਕਾਸਹਿ ਲਾਗੇ॥ ਸਤਗੁਰੁ ਅਸਵ ਆਪ ਅਸਵਾਰ॥ ਦੋਊ ਰਾਇ ਰਿਕਾਬ ਮਝਾਰ॥੧੮॥ ਹੇਰਤ ਹੀ ਹੈਰਾਨ ਸਭ ਭਏ॥ ਦਵਾ ਦਸ ਕੋਸ ਇਹੀ ਬਿਧਿ ਗਏ॥ ਪੰਖੀ ਇਵ ਗੁਰੁ ਬਰ ਚਰਨਨ ਸੰਗ॥ ਬਿੰਧਯਾ ਚਲ ਗਿਰ ਪਰ ਉਤਰੇ ਅੰਗ॥੧੯॥ ਸ਼੍ਰੀ ਮੁਖ ਕਹੀ ਜਾਹੁ ਨਿਜ ਧਾਮਾ॥ ਪੂਰਨ ਭਏ ਤੁਮਾਰੇ ਕਾਮਾ॥ ਤੇ ਤਬ

Sri Satguru Jagjit Singh Ji eLibrary NamdhariElibrary@gmail.com

ਰੋਵਨ ਲਾਗੇ ਦੋਊ॥ ਤਯਾਗੁਹੁ ਨਾਹਿ ਦਰਸ ਤੇ ਸੋਊ॥੨੦॥ ਮਹਾਰਾਜ ਤਬ ਤਿਨ ਸੋ ਕਹੀ॥ ਅਬਚਲ ਨਗਰ ਦਰਸ ਮਮ ਸਹੀ॥ ਤਹਾਂ ਜਾਇ ਕਰ ਪੰਚ ਸਿੰਘ ਜਹਿ॥ ਪੂਜਹੁ ਪੂਜਹਿ ਸਕਲ ਕਾਮ ਤਹਿ॥੨੧॥ ਗੁਪਤ ਭਏ ਦੇਖੇਤ ਗੁਰਰਾਈ॥ ਪੁਰਛਿਤ ਭਏ ਮ੍ਰਿਤਕ ਇਵਰਾਈ॥ ਪੁਨ ਸ਼੍ਰੀ ਸਤਗੁਰੁ ਤਿਨਹਿ ਜਗਾਯੋ॥ ਅਧਿਕ ਪ੍ਰੇਮ ਲਖ ਕ੍ਰਿਪਾ ਬਢਾਯੋ॥੨੨॥ ਸਵਰਨ ਮਈ ਪ੍ਰਤਿਮਾ ਬਨਵਾਈ॥ ਨਿਜ ਸਨਮੁਖ ਗੁਰੁ ਆਨੰਦ ਰਾਈ॥ ਪੁਨ ਦੈ ਧੀਰ ਲੋਪ ਪ੍ਰਭੁ ਭਏ॥ ਸਬ ਜਗ ਮਹਿ ਸੁ ਕਥਾ ਬਿਦਤਏ॥੨੩॥ਦੋ:॥ ਤੇ ਦੋਊ ਭ੍ਰਾਤਾ ਸੁਮਤਿ ਭਾਂਤ ਭਾਂਤ ਲੈ ਭੇਟ॥ ਆਏ ਅਬਚਲ ਨਗਰ ਮਹਿ ਜਹਿ ਗੁਰੁ ਧਾਮ ਅਮੇਟ॥੨੪॥ਚੌ:॥ ਦੁਸਟ ਦਮਨ ਬਪੁ ਜਹ ਤਨ ਤਾਪਾ॥ ਕਮਰ ਕਸਾ ਜਹਿ ਨਿਜਪੁਨ ਥਾਪਾ॥ ਸ਼੍ਰੀ ਸੰਤੋਖ ਸਿੰਘ ਕਹਿ ਹੇਰਾ॥ ਕਥਾ ਸੁ ਨਾਈ ਸਭ ਸੁਖ ਡੇਰਾ॥੨੫॥ ਕਰਯੋ ਕੜਾਹ ਪ੍ਰਸਾਦਿ ਬਰਤਾਯੋ॥ ਦੇਗ ਛਕਾਇ ਭੇਟ ਸੁ ਚਢਾਯੋ॥ ਚੰਦਨ ਧੂਪ ਦੀਪ ਅਰਮਾਲਾ॥ ਖੋੜਸ ਬਿਧਿ ਪੂਜਨ ਸੁ ਬਿਸਾਲਾ॥੨੬॥ ਕਰੀ ਪੰਚ ਸਿੰਘਨ ਕੀ ਤਬਹੀਮ ਪੂਰਨ ਸਕਲ ਕਾਮਨਾ ਜਬ ਹੀ॥ ਰਸਨਾ ਏਕ ਪਾਰ ਨਹਿ ਆਵੈ॥ ਸਹਸ ਰਸਨ ਹੂੰ ਅੰਤ ਨ ਮਾਵੈ॥੨੭॥ ਕਰ ਨਿਜ ਕਿਰਪਾ ਦਾਸ ਨਿਜ ਜਾਨੀ॥ ਸੇਵਕ ਸਾਧੂ ਸਿੰਘ ਗਆਨੀ॥ ਗ੍ਰੰਥ ਸੰਪੂਰਨ ਪ੍ਰਭ ਕਰ ਚੀਨੋ॥ ਮੋਰੋ ਕਛੂ ਅੰਗੁਨ ਨਹਿ ਚੀਨੋ॥੨੮॥ ਰਾਖ ਲੀਉ ਜਗ ਰਖਨ ਹਾਰੇ॥ ਸੇਵਕ ਸੰਕਟ ਕੰਟਕ ਟਾਰੇ॥ ਬਾਲਕ ਮੁਖੁ ਕਿਛੂ ਨਿਕਸਤ ਬੀਨੀ॥ ਸਨਮਾਨਤ ਪਿਤ ਹਿਤ ਕਰ ਜਾਨੀ॥੨੯॥ ਤਿਸ ਸਮ ਮੁਖ ਤੇ ਆਪ ਬਨਾਯੋ॥ ਮੇਰੇ ਕਰ ਤੇ ਨਾਥ ਲਖਾਯੋ॥ ਜਤੁ ਸਮੁੰਦ੍ ਅਸ ਸਤਿਗੁਰ ਜਸ ਕਰ॥ ਮੈਂ ਕਿ ਜੀਵ ਸਕ ਪਾਰ ਪਰਯੋ ਤਰ॥੩੦॥ਦੋ:॥ ਜੋ ਚਾਹਯੋ ਸੋਈ ਕਿਉ ਜੋ ਕਿਛ ਲਿਖਯੋ ਲਿਖਾਇ॥ ਸਿੰਘ ਸੁਮੇਰਹ ਕੇ ਪ੍ਰਭੂ ਸੋਭਾ ਵਰਨ ਨ ਜਾਏ॥

ਸਾਖੀ॥੫੫॥

ਨਗਰ ਬਿਰਾਟ ਪਿਸੇਰ ਮਧ ਇਕ ਭਗਤ ਭਗੰਤੀ ਪ੍ਰੇਮੀ॥ ਸ਼੍ਰੀ ਗੁਰੁ ਗੋਬਿੰਦ ਸਿੰਘ ਚਰਨ ਰਤਿ ਚਾਹਤ ਦਰਸਨ ਨੇਮੀ॥੧॥ ਏਕ ਬੰਾਰ ਸ਼੍ਰੀ ਗੁਰੁ ਚਰਕਨ ਕੋ ਅਧਿਕ ਧਯਾਨ ਤਿਨ ਕੀਨੋ॥ ਪ੍ਰਗਟ ਗੁਬਿੰਦ ਸਿੰਘ ਸਤਗੁਰੁ ਨੈ ਤਾਕੋ ਦਰਸਨ ਦੀਨੋ॥੨॥ ਪਹਿਰਾਈ ਤ ਪੁਸ਼ਾਕ ਭਗੋਤੀ ਸ਼੍ਰੀ ਗੁਰੁ ਅਧਿਕ ਰਿਝਾਏ॥ ਚਰਨਨ ਧੋਇ ਚਰਨਾਮ੍ਰਿਤ ਲੀਨੋ ਭੋਜਨ ਭਬ ਛਕਾਏ॥੩॥ ਅਜਹੁ ਤਹਾ ਬਨਯੋ ਗੁਰਦਵਾਰਾ ਪੂਜਤ ਪੁਰ ਨਰ ਨਾਰੀ॥ ਪੁਨ ਤਹਿ ਤੇ ਉਹ ਕਾਬੁਲ ਆਗੇ ਅਸਟ ਕੋਸ ਗੁਰ ਭਾਰੀ॥੪॥ ਲਾਇ ਦਿਵਾਨ ਕਹੀ ਸਿੰਘਨ ਸੋ ਲੰਡਾ ਤਹ ਦਰਿਆਵਾ॥ ਮਾਰਹੁ ਪਾਥਰ ਯਾ ਸਰਿਤਾ ਮੈ ਮਾਰਯੋ ਬਰਨ ਪ੍ਰਭਾਵਾ॥੫॥ ਤਬ ਪੂਛੀਯਾ ਕਰ ਕਾ ਕਾਰਨ ਸ਼੍ਰੀ ਗੁਰੁ ਸ੍ਭਨ ਸੁਨਾਈ॥ ਤੁਰਕ ਸਹੀਦ ਲਰਨ ਹਿਤ ਆਏ ਦੀਏ ਸੁਪਾਰ ਭਜਾਈ॥੬॥ ਪ੍ਰਤਿ ਰਵਿਵਾਰ ਹੋਤ ਤਹ ਮੇਲਾ ਸ਼੍ਰੀ

Sri Satguru Jagjit Singh Ji eLibrary NamdhariElibrary@gmail.com

ਸਤਗੁਰੁ ਬਰ ਆਵੈ॥ ਘੋਰਨ ਕੀ ਅਵਾਜ ਸੁਨ ਪਰੈ ਦਰਸਨ ਕਾਹੁ ਦਿਯਾਵੈ॥੭॥ ਕੋਠਾ ਸਾਹਬ ਬਿਦਿਤ ਬਿਸ੍ਵ ਮੈ ਜਾਹਿਰ ਕਲਾ ਪ੍ਰਤਾਪਾ॥ ਹਿੰਦੁ ਅਹਿੰਦੁ ਦੁਉ ਤਿਹ ਮਾਨਤ ਪੂਰਿਤ ਕਾਮ ਅਪਾਪਾ॥੮॥ਦੋ:॥ ਅਦਭੁਤ ਚਰਿਤ ਅਪਾਰਗਤ ਪਾਵਤ ਪਾਰਨ ਕੋਇ॥ ਜਗਦੀਸਰ ਪੂਰਨ ਬ੍ਰਹਮ ਪ੍ਰਾਪਤ ਸਭ ਥਲ ਸੋਇ॥੯॥

ਸਾਖੀ॥ਪਏ॥

ਚੌ:॥ ਕਰ ਨਿਜ ਕ੍ਰਿਪਾ ਦਾਸ ਨਿਜ ਜਾਨੀ॥ ਸੇਵਕ ਸਾਧੂ ਸਿੰਘ ਗੁਰੁ ਗਯਾਨੀ॥ ਗ੍ਰੰਥ ਸੰਪੂਰਨ ਪ੍ਰਭ ਕਰ ਦੀਨੋ॥ ਮੋਰੋ ਕਛੂਐ ਗੁਨ ਨਹਿ ਚੀਨੋ॥੧੦॥ ਰਾਖ ਲੀਓ ਜਗ ਰਾਖਨ ਹਾਰੇ॥ ਸੇਵਕ ਸੰਕਟ ਕੰਟਕ ਟਾਰੇ॥ ਬਾਲਕ ਮੁਖ ਕਛੁ ਨਿਕਸਤ ਬਾਨੀ॥ ਸਨਮਾਨਤ ਪਿਤ ਕਰਹਿਤ ਜਾਨੀ॥੨॥ ਤਿਮ ਮਮ ਮੁਖ ਤੇ ਆਪ ਬਨਾਯੋ॥ ਮੇਰੇ ਕਰਤੇ ਨਾਥ ਲਿਖਾਯੋ॥ ਨਵ ਸਮੁਦਰ ਅਸ ਸਤਗੁਰੁ ਜਸ ਕਰ॥ ਮੈ ਕਿ ਜੀਵ ਸਕ ਪਾਰ ਪਰਯੋਤਰ॥੩॥ਦੋ:॥ ਜੋ ਚਾਹਯੋ ਸੋਈ ਕਿਓ ਜੋ ਕਛੁ ਲਿਖਯੋ ਲਿਖਾਇ॥ ਸਿੰਘ ਸੁਮੇਰ ਕੇ ਪ੍ਰਭ ਸੋਭਾ ਬਰਨਿ ਨ ਜਾਇ॥੪॥ਚੌ:॥ ਸੈਨਾ ਸਿੰਘ ਕਹੀ ਗੁਰ ਸੋਭਾ॥ ਸਤੁਰਹ ਸਤ ਅਠ ਸਠ ਨਿਜ ਓਭਾ॥ ਮਨੀ ਸਿੰਘ ਹੂ ਗ੍ਰੰਥ ਬਨਾਯੋ॥ ਗੁਰ ਬਿਲਾਸ ਅਤਿ ਅਨੁਪਮ ਗਾਯੋ॥੫॥ ਕਹੀ ਕੇਸਰਾ ਸਿੰਘ ਛਿਬ੍ ਮਤ॥ ਅਠਾਰਹੂ ਸਤ ਪਚਿਸ ਸੰਮਤ॥ ਸ਼੍ਰੀ ਬਾਬਾ ਸਰੂਪ ਸਸਿ ਸਵਾਮੀ॥ ਅਮਰ ਅੰਸ ਜਗ ਜੋਤਨ ਮਾਮੀ॥੬॥ ਸਤਕ ਅਠਾਰਹ ਅਰੁ ਇਕਤੀਸਾ॥ ਗੁਰ ਮਹਿਮਾ ਪ੍ਰਕਾਸ ਜਗਦੀਸਾ॥ ਭਾਈ ਸੁਖਾ ਸਿੰਘ ਬਨਾਯੋ॥ ਗੁਰ ਬਿਲਾਸ ਅਤਿ ਪ੍ਰੇਮ ਬਢਾਯੋ॥੭॥ ਅਠਾਰਹ ਸਤ ਚੋਵਨ ਪਿਖਾ॥ ਗੁਰ ਬਿਲਾਸ ਬਰਨਯੋ ਜਸ ਸਿਖਾ॥ ਸਾਧ ਸੁਮਨ ਚੰਦ੍ਰਿਕਾ ਸੁਹਾਈ॥ ਸ਼੍ਰੀ ਨਿਰਬਾਨ ਰਿਖੀ ਜੋ ਗਾਈ॥੮॥ਦੋ: ਉਨਿਸ ਸਤ ਪੂਰੇ ਭਏ ਸ਼੍ਰੀ ਸੰਤੋਖ ਮ੍ਰਿਗੇਸ॥ ਸ਼੍ਰੀ ਸੂਰਜ ਪਰਕਾਸ ਕਿਅ ਅਦਭੁਦ ਗ੍ਰੰਥ ਬਿਸੇਸ॥੯॥ਚੌ:॥ ਜਾ ਸਮਾਨ ਕੁਉ ਗ੍ਰੰਥ ਨ ਆਨਾ॥ ਸਤਗੁਰੁ ਜਸ ਕਰ ਮਨਹੁ ਖਜਾਨਾ॥ ਰਚ ਜਹਾਜ ਜਗ ਸਿੰਘ ਤਰਾਏ॥ ਸ਼੍ਰੀ ਸੰਤੋਖ ਸਿੰਘ ਜਸ ਆਏ॥੧੦॥ ਭਾਈ ਗਿਯਾਨ ਸਿੰਘ ਸੁਖਦਾਨਾ॥ ਜਿਨ ਗੁਰੁ ਜਸ ਕਿਆ ਕੰਠ ਮਹਾਨਾ॥ ਜਾਹਿ ਸਦਾ ਸਤਗੁਰੁ ਪਦ ਪ੍ਰੀਤੀ॥ ਜਾਨਤ ਸਰਬ ਸੁ ਗੁਰੁ ਗਤਿ ਰੀਤੀ॥੧੧॥ ਬਾਰ ਬਾਰ ਤਿਨ ਤੇ ਸੁਨ ਸਾਖੀ॥ ਸੋਊ ਸੁ ਭਯਾ ਗ੍ਰੰਥਹਿ ਰਾਖੀ॥ ਸਤ ਸਿਧਾਂਤ ਅਨੇਕ ਪ੍ਰਕਾਰਾ॥ ਪ੍ਰਛਸੋ ਪਰਮ ਸਨੇਹ ਪਸਾਰਾ॥੧੨॥ ਸੰਮਤ ਉਨਿਸ ਸਤ ਅਠ ਤੀਸਾ॥ ਮਾਸ ਭਾਦ੍ ਪਦ ਬੁਧ ਦਿਨ ਦੀਸਾ॥ ਸੁਦੀ ਚਤੁਰ ਦਸਿ ਅਤਿਹਿ ਸੁਹਾਵਨ॥ ਬ੍ਰਤ ਅਨੰਤ ਭਗਵਾਨ ਸੁਭਾਵਨ॥੧੩॥ ਸਹਨ ਸਾਧ ਬਿਕਟੋਰਿਆ[1] ਰਾਜ ਤਹ ਤੇਜ ਦਿਨੇਸ॥ ਬਡੇ ਬਡੇ ਅਵਨੀ ਪਤੀ ਮਾਨਤ ਆਨ ਹਮੇਸ॥੧੪॥ ਗੁਰੁ ਸੰਮਤ ਜੁ ਚਤੁਰ ਸਤ ਦੁਆਸਤ॥ ਪੂਰਨ ਭਯੋ ਗ੍ਰੰਥ ਯਹ ਜਸ ਰਸ॥

---

1. ਮਲਕਾ ਵਿਕਟੋਰੀਆ

Sri Satguru Jagjit Singh Ji eLibrary NamdhariElibrary@gmail.com

ਮੰਡਲ ਦਸ ਮਅ ਅਖੰਡਲ ਭਯੋ॥ ਬਾਬਾ ਸਾਧੂ ਸਿੰਘ ਜੁਦਯੋ॥੧੫॥ਦੋ:॥ ਪੰਚ ਖਾਲਸਾ ਬੰਦ ਪਦ ਬਾਬਾ ਸਾਧੂ ਸਿੰਘ॥ ਪੂਰਨ ਕੀਨੋ ਗ੍ਰੰਥ ਗੁਰੁ ਅਨੁਗ ਸੁਮੇਰ ਸੁ ਸਿੰਘ॥੧੬॥ਚੋ:॥ ਪਢੇ ਸੁਨੈ ਜੋ ਚਿਤ ਬ੍ਰਤ ਲਾਈ॥ ਮਨ ਬਾਂਛਤ ਫਲ ਗੁਰ ਤੇ ਪਾਈ॥ ਕਥਾ ਕਰਾਇ ਦੇਇ ਬਹੁਦਾਨਾ॥ ਪੰਥ ਖਾਲਸਾ ਪੂਜ ਪ੍ਰਮਾਨਾ॥੧੭॥ ਸੁਤ ਬਿਤ ਮੁਕਿਤ ਭੁਕਿਤ ਬਰ ਪਾਵੈ॥ ਜੋ ਜਿਹਿ ਰੁਚਿ ਜਿਹਿ ਬਿਧਿ ਕਰ ਗਾਵੈ॥ ਤਰਕ ਫਰਕ ਜੇ ਕਰਬੇ ਵਾਰੇ॥ ਤਿਨ ਤੇ ਰਖਹਿ ਦੂਰਾਇ ਬਿਚਾਰੇ॥੧੮॥ ਸਭ ਗ੍ਰੰਥਨ ਕੀ ਮਤ ਹੈ ਰਾਖੀ॥ ਪੰਚਾਸਾਦਿ ਤਥਾਸੋ ਸਾਖੀ॥ ਯਾਤੇ ਮਿਲਾ ਏਕ ਮਤ ਨਾਹੀ॥ ਤਾ ਮੈ ਸੰਕਾ ਕਰਤਬ ਨਾਹੀ॥੧੯॥ ਯਹ ਸੁਭ ਗ੍ਰੰਥ ਜਗਤ ਬਿਸਤਰਿ ਹੈ॥ ਸਕਲ ਸੋਕ ਸੰਤਾਪ ਨਿਵਰਿ ਹੈ॥ ਮੇਰੋ ਕਛੂ ਮਮਤਵ[1] ਇਹ ਨਾਹੀ॥ ਸਤਗੁਰੁ ਕਰ ਪਰਤਵ ਇਹਿ ਮਾਹੀ॥੨੦॥ ਨਗਰ ਨਿਜਾਮਾਬਾਦ ਸੁਹਾਯੋ॥ ਸਿੰਘ ਪੁਰਾ ਜਿਹਿ ਸਿੰਘਨ ਗਾਯੋ॥ ਤਹ ਮਮ ਪੂਰਸੁ ਪਿਤਾਮਹਿ ਆਏ॥ ਤਬ ਤੇ ਹਮ ਇਹ ਠੌਰ ਬਸਾਇ॥੨੧॥ ਅਠਾਰਹ ਸਤ ਅਠਾਰਹ ਬਰ॥ ਪੂਰਬ ਦੇ ਸ ਨਿਵਾਸ ਭਯੋ ਘਰ॥ ਤਹਹਿ ਬੈਠਯਹ ਪੂਰਨ ਕੀਨਾ॥ ਸਤਗੁਰੁ ਕ੍ਰਿਪਾ ਭਰੋਸਾ ਚੀਨਾ॥੨੨॥

ਸਾਖੀ ॥੫੭॥

ਗੁਰੁ ਸੋਭਾ॥ ਕਬਿੱਤ॥ ਗਯਾਨ ਧਯਾਨ ਹਠ ਔਰ ਸੰਜਮ ਧਰਮ ਬਿੱਦਿਯਾ ਅਧਆਤਮ ਬੁੱਧ ਦਯਾ ਦਾਨ ਕੇ ਸਹਿਤ ਹੈ॥ ਪੁਨਯ ਨੇਮ ਜਤ ਸਤ ਪ੍ਰੇਮ ਬ੍ਰਹਮ ਕੀ ਪਛਾਨ ਏਈ ਕਲਾ ਖੋੜਸ ਪੁਰਾਨ ਜੋ ਕਹਤ ਹੈ॥ ਭਨਤ ਸੁਮੇਰ ਸਿੰਘ ਸੋਯਾ ਦਰਬਾਰ ਮਾਹਿ ਸਿੰਘ ਨਿਜ ਦਾਸਨ ਕੋ ਦੇਤ ਉਮਹਤ ਹੈ॥ ਸਾਚੋ ਪਾਤਸਾਹ ਸ਼੍ਰੀ ਗੁਬਿੰਦ ਸਿੰਘ ਮਹਾਰਾਜ ਖੋੜਸ ਕਲਾ ਤੈ ਪਰਿ ਪੂਰਨ ਰਹਤ ਹੈ॥੧॥ ਸਵੈਯਾ॥ ਯਾ ਜਗ ਆਇ ਕੈ ਹਾਇ ਕਿਓ ਕਹਾ ਪ੍ਰੇਮ ਕਿਓਨ ਗੁਬਿੰਦ ਰਿਝਾਯੋ॥ ਸੰਤਨ ਕੋ ਸਤ ਸੰਗ ਉਮੰਗ ਤਰੰਗ ਨਿ ਜਾਇਨ ਪਾਪ ਬਹਾਯੋ॥ ਝੂਠ ਹੂ ਜਾਨ ਅਜਾਨ ਮਹਾਨ ਹੋਵੈ ਸਾਂਚ ਜਯੋ ਨੇਹ ਕੇ ਫੰਸ ਫਸਾਯੋ॥ ਰੇ ਚਿਤ ਚੇਤ ਅਚੇਤ ਅਜੋ ਚਿਤ ਚੇਤ ਚਲਯੋ ਚਿਤ ਤੇ ਤਨ ਆਯੋ॥੨॥ ਲੋ ਸ਼ਮਦਤ ਦਿਗੰਬਰ ਨਾਰਦ ਬਯਾਸ ਪਰਾਸਰ ਸੇ ਮੁਨਿ ਭਾਏ॥ ਮਾਰ ਕੰਡੇ ਬਗਦਾਲਿਭ ਸੇ ਸਭ ਪਰੇ ਨ ਕਹਾਂ ਕੋ ਸਿਧਾਏ॥ ਬਲਭ ਬਿਰਲ ਨਿੰਬਰਮਾ ਨੁਜ ਪੰਥ ਚਲਾਇ ਕੈ ਪੰਥ ਪਰਾਏ॥ ਰੇ ਮਨ ਤੂੰ ਧਨ ਸੋਚਨ ਮੈ ਇਨਕੇ ਉਨਕੇ ਹਿਤ ਕਯੋ ਦੁਖ ਪਾਏ॥੩॥ ਆਦਿ ਅਨਾਦਿ ਅਜੈ ਅਨਭੈ ਪ੍ਰਭ ਅਚੁਤਯਤ ਔਰ ਅਨੀਹ ਅਕਾਮੀ॥ ਰੂਪ ਅਨੂਪ ਸੁ ਭੂਪਨ ਭੂਪ ਹੈ ਗੋਬਿੰਦ ਸਿੰਘ ਭਯੋ ਘਟ ਗਾਮੀ॥ ਪੰਥ ਪ੍ਰਕਾਸ਼ ਕੈ ਬੁੱਧਿ ਬਿਕਾਸ ਕਰੈ ਸਕਰੇ ਸਭ ਲੋਕ ਸੁਲਾਮੀ॥ ਰੇ ਮਨ ਢੀਲ ਕਰੇ ਕਿਹ ਕਾਰਨ ਤਾਰਨ ਹਾਰ ਖਰੋ ਗੁਰੁ

---

1. ਮੰਤਵ

Sri Satguru Jagjit Singh Ji eLibrary NamdhariElibrary@gmail.com

ਸਵਾਮੀ॥੪॥ ਕਬਿੱਤ॥ ਸੋਚਨ ਮੈ ਕਾਕੇ ਪਰੋਏ ਰੇ ਮਨ ਮੂਰਖ ਤੂੰ ਕੌਨ ਅਘ ਭਾਰੇ ਤੇਰੇ ਗਨਤੀ ਮੈ ਗਾਢੇ ਹੈਂ॥ ਜਾ ਭੁਜ ਅਖੰਡ ਸੁ ਪ੍ਰਚੰਡ ਖੰਡਪ ਤਿਨ ਕੇ ਖੰਡ ਖੰਡ ਕੀਨੇ ਲੀਨੇ ਰਾਜ ਤੇਜ ਬਾਢੇ ਹੈਂ॥ ਚਾਰਹੂੰ ਬਰਨ ਕੋ ਸਰਨ ਕੈ ਸੁਮੇਰ ਸਿੰਘ ਸਿੰਘ ਰੂਪ ਸਾਜਯੋ ਲਾਜਯੋ ਬਿਧਿ ਬੇਖ ਕਾਢੇ ਹੈ॥ ਊਚੀ ਭੁਜ ਕੀਨੇ ਉਚੀ ਸੁਰ ਸੋ ਸੁਮੇਰ ਪਰਤੋ ਹਿਤੋ ਪੁਕਾਰਤ ਗੋਬਿੰਦ ਸਿੰਘ ਠਾਢੇ ਹੈ॥੫॥ ਪਰਹਰ ਸੁਚ ਔ ਸਕੋਚ ਸਭ ਜਗ ਹੂੰ ਕੋ ਪਰਹਰ ਪੋਚ ਪਨ ਆਲਸ ਸੋ ਡਾਢੇ ਹੈ॥ ਜਿਨ ਕੋ ਪ੍ਰਪੰਚ ਹੇਰ ਬਚਤ ਬਿਰੰਚ ਭਯੋ ਆਪਨੋ ਪ੍ਰਪੰਚ ਰੰਚ ਲਗੁ ਤਨ ਸਾਢੇ ਹੈ॥ ਤਕੇ ਆਗੇ ਕੌਨ ਸੀ ਹੈ ਗਨਿਤ ਨਰੇਸ ਦੇਸ ਝੂਠੇ ਪਾਤਸਹ ਜੋ ਸੁਮੇਰ ਸਿੰਘ ਠਾਢੇ ਹੈ॥ ਕੋਟਿ ਇੰਦ੍ਰ ਇੰਦ੍ਰ ਕੇ ਇੰਦ੍ਰ ਸੀ ਜੁਗਿੰਦ੍ਰ ਸਾਚੇ ਤੋਹਿ ਤੋਂ ਪੁਕਾਰਤ ਗੁਬਿੰਦ ਸਿੰਘ ਠਾਢੇ ਹੈ॥੬॥ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਮਹਾਨ ਭਾਊ ਸਾਚੋ ਸਤ੍ਵਗੁਨ ਕੋ ਸਰੂਪ ਧਰ ਆਯੋ ਹੈ॥ ਆਪ ਲਿਖਯੋ ਸ਼੍ਰੀ ਮੁਖ ਸੁ ਆਪਨੇ ਹੀ ਗ੍ਰੰਥ ਮਾਹਿ ਅਧਰਮ ਨਾਸ ਹੇਤ ਅਵਤਾਰ ਜਾਯੋ ਹੈ॥ ਕਰ ਕੈ ਪ੍ਰਤਯਖਯ ਸਵਸਯ ਅੰਬਿਕਾ ਸਰੇਸੇਟ ਸੁਮਤਿ ਸੁਮੇਰ ਸਿੰਘ ਪੰਥ ਪ੍ਰਗਟਾਯੋ ਹੈ॥ ਤਾ ਮੈ ਚਲ ਤਾਕੋ ਹੋਇ ਸੋਚਤ ਬ੍ਰਿਥਾਈ ਮੂਢ ਤਾਰਨ ਤਰਨ ਤਾਰੇ ਤਾਰਿ ਹੈ ਤਰਾਯੋ ਹੈ॥੭॥ਦੋ:॥ ਸੋ ਦਿਨ ਆਵਨ ਅਬ ਲਗੇ ਜੋ ਦਿਨ ਭਾਖੇ ਆਪਾ॥ ਤਾਹਿ ਸੋਚ ਕਰ ਔਰ ਕੋ ਜਿਹ ਕਲਗੀਧਰ ਬਾਪ॥੮॥ ਨਿਜ ਸੇਵਕ ਕੰਹਿ ਜਿਨ ਦਯੋ ਰਾਜ ਲੋਕ ਪਰਲੋਕ॥ ਸਤਗੁਰੁ ਗੋਬਿੰਦ ਸਿੰਘ ਭਜਤ ਜਸ ਸਭ ਬਿਧਿ ਮਨ ਸੋਕ॥੯॥ ਸ਼੍ਰੀ ਸਤਗੁਰੁ ਗੋਬਿੰਦ ਸਿੰਘ ਸਾਹਿਬ ਕ੍ਰਿਪਾ ਨਿਧਾਨ॥ ਕਰੀ ਸੈਨ ਅਬਚਲ ਨਗਰ ਦੈ ਬਰਦਾਨ ਮਹਾਨ॥੧੦॥ ਭਗਤ ਭਾਉ ਨਾ ਧਾਰ ਮਨ ਗੁਰੁ ਬਰਦੇਵ ਜਗਾਇ॥ ਪ੍ਰੇਮ ਪੁਕਾਰ ਸੁਮੇਰ ਸਿੰਘ ਬਿਨਤੀ ਕਰਤ ਬਨਾਇ॥੧੧॥

ਅਬ ਬੰਦੀ ਜਨ ਬਿਰਦਾਵਲੀ—ਛਪਯ ਛੰਦ॥ ਜਾਗਹੁ ਜਾਗਹੁ ਪ੍ਰਾਨ ਨਾਥ ਜਗਦੀਸ ਗੁਸਾਂਈ॥ ਜਾਗਹੁ ਜਾਗਹੁ ਜਗਜੀਵਨ ਜਗਤੀ ਪਤਿ ਸਾਂਈ॥ ਜਾਗਹੁ ਜਾਗਹੁ ਕ੍ਰਿਪਾ ਸਿੰਧੁ ਸਾਹਿਬ ਸੁਖਦਾਈ॥ ਜਗਾਹੁ ਜਾਗਹੁ ਜੀਵ ਤੇ ਸਭ ਭਗਤਨ ਕੇ ਰਾਈ॥ ਅਬ ਜਾਗਹੁ ਜਗਾਹੁ ਬੇਰ ਭਈ ਭਵਨ ਭੀਰ ਭੀਖਕ ਭਵਤਾ॥ ਨਹਿ ਤੁਮ ਬਿਨ ਮੇਰੇ ਪ੍ਰਾਨ ਪ੍ਰਿਅ ਹਮ ਦੀਨਨ ਕੀ ਕਉ ਸੁਨਤਾ॥੧॥ ਜਾਗਹੁ ਜਾਗਹੁ ਜਗਤ ਜਰਤ ਜਲ ਜਾਲ ਭਿਜਾਵਹੁ॥ ਕ੍ਰਿਪਾ ਕੋਰ ਨਿਜਓਰ ਕਰਹੁ ਸਭ ਸੋਕ ਸਿਰਾਵਹੁ॥ ਅਬ ਜਾਗਹੁ ਜਾਗਹੁ ਬੇਰ ਭਈ ਪਰਾ ਪੁਰਖ ਨਰ ਰੂਪ ਹਰਿ॥ ਨਹਿ ਤੁਮ ਬਿਨ ਮੇਰੋਂ ਪ੍ਰਾਣ ਪਿਅ ਰਖਯਕ ਸਿੰਘ ਸੁਮੇਰ ਬਰ॥੨॥ ਜਾਗਹੁ ਜਾਗਹੁ ਖਰੇ ਬੇਦ ਬੰਦੀ ਜਨ ਸਗਰੇ॥ ਹੰਮਰਾਮ ਮੰਗਲ ਸੁ ਤੀਰ ਅੰਮ੍ਰਿਤ ਜਸ ਲਗਰੇ॥ ਦਯਾ ਸਿੰਘ ਸ਼੍ਰੀ ਧਰਮ ਸਿੰਘ ਅਰ ਮੁਹਕਮ ਸਿੰਘ ਹੁ॥ ਠਾਂਢੇ ਲੈ ਲੈ ਅਸਤਰ ਸਸਤਰਹਿ ਹਿੰਮਤ ਸਿੰਘ ਹੂੰ॥ ਅਬ ਜਾਗਹੁ ਜਾਗਹੁ ਹੇਰ ਕੈ ਸਾਹਿਬ ਸਿੰਘਾਦਿਕ ਖਰੇ॥ ਕਰ ਜੋਰ ਆਏ ਨੰਦ ਲਾਲ ਜੂ ਨਵ ਕਬਿੱਤ ਕਰ ਮੈ

Sri Satguru Jagjit Singh Ji eLibrary NamdhariElibrary@gmail.com

ਧਰੈ॥੩॥ ਜਾਗਹੁ ਜਾਗਹੁ ਨਾਥ ਨਿਰੀਹਨਿ ਰੰਕੁਸ ਸਵਾਮੀ॥ ਜਾਗਹੁ ਜਾਗਹੁ ਜਗਤੀ ਪਤਿ ਘਟਿ ਅੰਤਰ ਜਾਮੀ॥ ਸੰਗਤ ਸੰਗਤ ਭਈ ਹੇਤ ਸੰਗਤ ਸ਼੍ਰੀ ਸਤਗੁਰੁ॥ ਸੰਗਤ ਅਪਨੀ ਦੇਹੁ ਕਰਹੁ ਸੰਗਤ ਪੰਗਤ ਉਰ॥ ਅਬ ਜਾਗਹੁ ਜਾਗਹੁ ਦਯਾ ਨਿਧਿ ਸਿੰਘ ਭੀਰ ਭਾਰੀ ਖਰੀ॥ ਮੁਖ ਚੰਦ ਅਮੰਦ ਪ੍ਰਕਾਸ ਹਿਤ ਚਖ ਚਕੋਰਚਯ ਨਰ ਹਰੀ॥੪॥ ਜਬ ਜਬ ਭੀਰ ਪਰਤ ਭਗਤਨ ਪਰ ਤਬ ਤਬ ਜਾਗਤ॥ ਜੋ ਅਨੁਰਾਗਤ ਆਇ ਆਪ ਤਾ ਪਰ ਅਨੁਰਾਗਤ॥ ਪ੍ਰੇਮਿਨ ਕੋ ਕਛੂ ਲਗਤ ਚੋਟ ਸੋ ਆਪ ਲਗਾਵਤ॥ ਜੋ ਗਾਵਤ ਗੁਨ ਗਨਨ ਗਯਾਨ ਨਿਧਿ ਤਾਕਹਿ ਗਾਵਤ॥ ਕਹਿ ਸਿੰਘ ਸੁਮੇਰ ਸਾਹਿਬ ਸੁਘਰ ਯਾਹੀ ਤੇ ਸਭ ਭਕਤ ਜਨ॥ ਨਿਤ ਪਰੇਦਵਾਰ ਰਾਉਰੇ ਰਟਤ ਨਾਮ ਸਤਨਾਮ ਧਨ॥੫॥ ਜਾਗਹੁ ਜਾਗਹੁ ਨਾਥ ਜੋਗ ਨਿੰਦਰਾ ਤਜ ਸੋਈ॥ ਜਿਮਿ ਮਧੁ ਕੈਟਕ ਬਧਨ ਹੇਤ ਜਾਗੇ ਅਘ ਖੋਈ॥ ਜਾਗੇ ਕੰਸਹਿ ਹੇਤ ਜਬੈ ਸੁਰ ਸਰਬ ਪੁਕਾਰੇ॥ ਜਾਗੇ ਜਨ ਪ੍ਰਹਲਾਦ ਗਿਰਾ ਗੁਰੁ ਰੂਪ ਮੁਰਾਰੇ॥ ਜਿਤ ਜਾਗੇ ਆਲਸਪ੍ਰਿਤ ਤਜ ਸਦਾ ਭਕਤ ਭਵ ਭੈ ਹਰਨ॥ ਅਬ ਜਾਗਹੁ ਜਾਗਹੁ ਚਕਰ ਧਰ ਦੇਹ ਸਿੰਘ ਪੰਥਹਿ ਸਰਨ॥੬॥ ਰਾਵਨ ਗਵਨ ਭਯੋ ਸੁਨ ਤਬ ਹੀ ਤੁਮ ਜਾਗੇ॥ ਮਹਿਖਾਸੁਰ ਕੇ ਹੇਤ ਆਪ ਹੀ ਸ਼੍ਰੀ ਪਤਿਲਾਗੇ॥ ਜਬ ਜਬ ਐਧਰ ਆਨ ਪਰਯੋ ਅਰ ਪ੍ਰਭ ਜਗਾਯੋ॥ ਹਾਜਿਰ ਭਏ ਹਜੂਰ ਜਹੂਰ ਜਾਹਰਾ ਪਾਯੋ॥ ਹੇ ਚੱਕਰ ਧਰਨ ਅਰ ਸਰਨ ਸਰਨ ਹਰਨ ਮੋਹ ਮਮਤਾ ਜਰਨ॥ ਅਬ ਜਾਗਹੁ ਜਾਗਹੁ ਬੇਰ ਭਈ ਦੇਹੁ ਦੀਨ ਸਿੰਘਨ ਸਰਨ॥੭॥ ਤੁਮ ਬਿਨ ਦੂਸਰ ਨਾਹਿ ਜਗਤ ਪਤਿ ਜਾਹਿਰ ਜਗ ਮੈ॥ ਤੁਮ ਬਿਨ ਦੂਸਰ ਨਾਹਿ ਸੁਨਨ ਹਾਰੋ ਨਿਜ ਰੰਗ ਮੈ॥ ਕਾਹੂ ਕੇ ਕੁਲ ਦੇਵ ਸੇਵ ਸੁਰ ਨਰ ਨਾਰਿਨ ਬਰ॥ ਕਾਹੂ ਕੇ ਗੁਰਦੇਵ ਅਚਾਰਜ ਅਹਹਿ ਅਪਰਪਰ॥ ਹਮਰੇ ਕੁਲ ਤੋ ਇਕ ਹੋ ਤੁਮੀ ਸਾਹਿਬ ਸੂਰ ਸੁਜਾਨ ਬਰ॥ ਅਬ ਜਾਗਹੁ ਜਾਗਹੁ ਬੇਰ ਭਈ ਦੇਹੁ ਖਾਲਸਹਿ ਅਭਯ ਕਰ॥੮॥ ਜਾਗਹੁ ਦੀਨ ਦਯਾਲ ਖਰੇ ਸਭ ਸਿੰਘ ਸਿਪਾਹੀ॥ ਉਜਲ ਬੁਧ ਸਰੂਪ ਅਮਲ ਚਹਨਨ ਰਸ ਚਾਹੀ॥ ਨੀਲਾਂਬਰ ਪਰਸਾਦੀ ਪਾਵਨ ਧਾਰਨ ਕੀਨੇ॥ ਚੱਕਰ ਬੱਕਰ ਸਹਿ ਸਸਤਰ ਬਸਤਰ ਸਜਿਤ ਰਸ ਭੀਨੇ॥ ਪ੍ਰਿਅ ਪਦ ਪੰਕਜ ਦਰਸਨ ਸੁ ਹਿਤ ਚਿਤ ਰਤਿ ਅਤਿ ਮਤਿ ਕਰ ਸੁ ਗਤਿ॥ ਅਬ ਜਾਗਹੁ ਜਾਗਹੁ ਚੱਕਰ ਧਰ ਦੇਹੁ ਖਾਲਸਹਿ ਨਾਮ ਸਤਿ॥੯॥ ਕਹੈ ਤੁਮੈ ਜੋ ਨਾਥ ਨਹੀ ਜਾਗਤ ਸੋ ਪਾਪੀ॥ ਨਿਜ ਜਾਗਤ ਜਗਦੀਸ ਬੇਦ ਬਰਨਤ ਸੰਲਾਪੀ॥ ਤੁਮਰੀ ਕ੍ਰਿਪਾ ਕੋ ਰਜ ਗੇਹੁ ਸੁ ਮੰਤ ਬਿਭੇਖਨ॥ ਸੁਕ੍ ਅਕ੍ਰੂਰ ਅਰ ਉਧਵ ਸੰਕਰ ਆਦਿਕ ਮੁਨਿ ਜਨ॥ ਸਬ ਜਾਗੇ ਜਾਕੀ ਕ੍ਰਿਪਾ ਤੇ ਸੋਨਿ ਜਾਗਕਿਮਿ ਕਵਿ ਕਹੈ॥ ਅਬ ਜਾਗਹੁ ਜਾਗਹੁ ਚੱਕ੍ ਧਾਰ ਦਰਸ ਦ੍ਰਿਗਨ ਅਘ ਗਨ ਦਹੈ॥੧੦॥ ਜਾਗਹੁ ਦੀਨ ਦਯਾਲ ਮਸੰਦ ਫੇਰ ਜਗ ਆਏ॥ ਲੇਨ ਆਪ ਨੋ ਬੈਰ ਸਿੰਘ ਗਨ ਅਧਿਕ ਦ੍ਰਖਾਏ॥ ਫਿਰ ਸੋਈ ਬਿਧਿ ਕਰਤ ਜਥਾ ਬਿਧਿ ਕਪਟ ਪ੍ਰਮਾਨੀ॥ ਨਰ ਹਰ ਨਾਨਕ ਦੇਵ

Sri Satguru Jagjit Singh Ji eLibrary NamdhariElibrary@gmail.com

ਨਿਕਟ ਮਾਨ ਤਨ ਅਗਯਾਨੀ॥ ਬਿਨ ਤੁਮਰੇ ਜਗੇ ਕ੍ਰਿਪਾ ਯੁਤਸ ਖਰੇ ਪ੍ਰੇਮ ਪਥ ਪਰਮ ਪ੍ਰਿਅ॥ ਨਹਿ ਕੋਊ ਸਵਾਰਨ ਹਾਰ ਹੈ ਹਰਿ ਸੁਮੇਰ ਕਬਿ ਕਹਤ ਪ੍ਰਿਆ॥੧੧॥ ਕੱਛ ਕੇਸ ਕਿਰਪਾਨ ਨੇਮ ਪੂਰਨ ਨਿਰਬਾਹੋ॥ ਖੱਗ ਜਨੇਊ ਦਿਯੋ ਲਾਜ ਤਾਕੀ ਚਖ ਚਾਹੋ॥ ਤਰ ਕਰਤ ਜੇ ਤੁਰਕ ਤਰਕ ਤਿਨਕੀ ਕਾ ਤਾਰੋ॥ ਲਾਜ ਜਗਯ ਉਪਵੀਤ ਖੱਗ ਰੀ ਬਹੁ ਨਿਰਧਾਰੋ॥ ਬਰ ਸਿੰਘ ਸੁਮੇਰ ਕਰ ਜੋਰ ਕੈ ਕਰਤ ਬਿਨਯ ਜਾਗਹੁ ਹਰੀ॥ ਤੇ ਚਕ੍ਰ ਧਰਨ ਅਸਨ ਸਰਨ ਗੋਬਿੰਦ ਸਿੰਘ ਕ੍ਰਿਪਾ ਕਰੀ॥੧੨॥ ਜਾਗਹੁ ਸਾਚੈ ਗੁਰੁ ਪ੍ਰਤਿਗਯ ਅਪਨੀ ਪਾਲਹੁ॥ ਗਊ ਘਾਤ ਕੋ ਦੋਖ ਦੁਨੀ ਤੈ ਸਭ ਹੀ ਟਾਲਹੂ॥ ਆਰਜ ਧਰਮ ਪ੍ਰਕਾਸ ਭੂਮ ਭਾਰਥ ਸੁਧ ਲੀਜੈ॥ ਲਾਖ ਲਾਖ ਸੋ ਏਕ ਲਰਊ ਸਿਮਰਨ ਕੀਜੈ॥ ਅਬ ਤੁਮ ਬਿਨ ਮੇਰੇ ਪ੍ਰਾਣ ਪ੍ਰਿਅ ਔਰ ਕੋਨ ਮੇਰੀ ਸੁਨਤ॥ ਨਹਿ ਆਂਖਿਤਰੇ ਕੋਊ ਜਚਤ ਜਾਸੋ ਸਿੰਘ ਸੁਮੇਰ ਕਹਿਤ॥੧੩॥ ਗੁਰਦਵਾਰਨ ਮੈ ਧਰਮ ਆਪਨੋ ਥਿਰੇ ਕਰ ਥਾਪਹੁ॥ ਪੁਜਾਰੀਨ ਕੋ ਨਾਮ ਦਾਨ ਦੈ ਮਾਨ ਅਲਾਪਹੁ॥ ਕਰੈ ਮ੍ਰਜਾਦਾ ਭੰਗ ਤਾਹਿ ਕਰ ਭੰਗ ਦਿਖਾਵਹੁ॥ ਨਾਮ ਦਾਨ ਇਸਨਾਨ ਧਰਮ ਕੀ ਰੀਤਿ ਚਲਾਵਹੁ॥ ਪੁਰ ਧਰਮ ਸਾਲ ਕੀ ਝਾਕ ਤਜ ਝਾਕੀ ਧਰਮ ਕਰਾਇਏ॥ ਅਬ ਨੈਨ ਖੋਲ ਕਰ ਚਕ੍ਰ ਧਰ ਚਰਨ ਕਮਲ ਦਿਖਰਾਇਏ॥੧੪॥ ਤਜਹਿ ਕਾਮ ਅਰ ਕ੍ਰੋਧ ਲੋਭ ਮੋਹਹਿ ਨਰ ਨਾਰੀ॥ ਹੋਇ ਪ੍ਰੇਮ ਮੈ ਮਤ ਚਰਨ ਪੰਕਜ ਨਿਰੰਕਾਰੀ॥ ਕਰਹਿ ਕੀਰਤਨ ਭਕਿਤ ਸਕਿਤ ਜਾਮੈ ਅਤਿ ਭਾਰੀ॥ ਬਿਦਯ ਬਾਦ ਬਿਤੰਡ ਤਜ ਬੇਦਾਂਤ[1] ਬਿਚਾਰੀ॥ ਹਰਿ ਗੁਰੁ ਬਰ ਬਪੁ ਮਹਿਲ ਖਹਿ ਚਿਤ ਅਭੇਦ ਰਤ ਪ੍ਰੇਮ ਮਤ॥ ਅਬ ਜਾਗਹੁ ਚਕਰ ਧਰ ਦੇਹੁ ਖਾਲਸਹਿ ਅਗਮ ਗਤਿ॥੧੫॥ ਛੋਰ ਆਨ ਕੀ ਆਸ ਆਸ ਤੁਮਰੀ ਹਮ ਪਕਰੀ॥ ਕਹਯੋ ਆਪ ਹੀ ਮੋਰ ਅਨਨਯ ਅਹੈਂ ਗਤਿਤ ਕਰੀ॥ ਤਾਂਤੇ ਤੁਮਰੇ ਹਾਥ ਨਾਥ ਅਬ ਆਇ ਰਹੀ ਹੈ॥ ਕਛੂ ਨ ਦੂਜੀ ਬਾਤ ਦਯਾ ਨਿਧਿ ਮੁਖਹ ਕਹੀ ਹੈ॥ ਅਬ ਚਰਨ ਸਰਨ ਦੀ ਸਰਨ ਬਿਨਅ ਸਰਨ ਸਰਨ ਸਰਨ ਹੈ॥ ਜਗ ਚਕ੍ਰ ਧਰਨਿ ਸੁਧ ਲੀਜੀਏ ਧਰਨਿ ਧਰ ਪਰਨ ਹੈ॥੧੬॥ ਉਦੇ ਸਿੰਘ ਦਸਤਾਰ ਚੁਨੇ ਪ੍ਰਭੂ ਕਰ ਮੈ ਠਾਢੋ॥ ਸਸਤਰ ਲਿਏ ਕਰ ਮਾਹਿ ਬਚਿੱਤ੍ਰ ਸਿੰਘ ਰਸ ਬਾਢੋ॥ ਧਨੁਖ ਬਾਨ ਸਵਧਾਨ ਲਿਏ ਸਾਹਿਬ ਸਿੰਘ ਆਯੋ॥ ਕਰ ਕਬਿੱਤ ਕੋ ਕਾਗਜ ਕੁਬੇਰੇ ਸਕ ਬਿਲਯਾਓ॥ ਸਤ ਨਿਜ ਨਿਜ ਅਨੁਮਤਿ ਸੋਭ ਰੇ ਭੂਰਿ ਭਾਗ ਭਾਵਤ ਭਰੀ॥ ਅਬ ਜਾਗਹੁ ਜਾਗਹੁ ਚਕ੍ਰ ਧਰ ਦੀਨ ਬੰਧੁ ਹੇ ਨਰਹਰੀ॥੧੭॥ ਧਾਮ ਚਾਰਹੂ ਮਾਹਿ ਸਿੰਘ ਸੂਰੇ ਠਹਿਰਾਵਹੁ॥ ਨਿਦਕ ਦੁਸਟ ਹਰਾਮਖੋਰ ਠਗ ਮਾਰ ਗਿਰਾਵਹੁ॥ ਪਟਨਾ ਇਕ ਹਰਿਮੰਦਿਰ ਅੰਦਰ ਜੋਤ ਬਿਰਾਜੈ॥ ਦਯਾ ਧਰਮ ਸੁਭ ਕਰਮ ਪਰਮ ਜਤ ਸਤ ਮਤ ਰਾਜੈ॥ ਨਿਤ ਰੀਤ ਪੀਤ ਪਰਤੀਤ ਬਿਨ ਬਰ ਬਿਬੇਕ ਬਰ ਧਰ ਨਹੀ॥ ਅਬ ਜਾਗਹੁ ਜਾਗਹੁ ਚਕ੍ਰ ਧਰ ਕਾਰਨ

---

1. ਵੇਦਾਂ ਦੀ ਸਿੱਖਿਆ

Sri Satguru Jagjit Singh Ji eLibrary NamdhariElibrary@gmail.com

ਕਰਨ ਧਰਨ ਮਹੀ॥੧੮॥ ਸੁਨਿਐ ਬਿਨਯ ਦਿਨੇਸ ਬੰਸ ਭੂਖਨ ਜਗਰਾਈ॥ ਸਾਹਿਬ ਸੂਰ ਸੁਜਾਨ ਸਰਨ ਪਾਲਕ ਸੁਖਦਾਈ॥ ਦਾਤ ਤੁਮ ਸੋ ਪਾਇ ਦਵਾਰ ਕਿਹ ਦੀਨ ਪੁਕਾਰੈਂ॥ ਜਾ ਕੁਲ ਕੋਲਖ ਇੰਦ੍ਰ ਚੰਦਰ ਕਰ ਜੋਰ ਜੁਹਾਰੈਂ॥ ਜਾਂ ਕੁਲ ਕ੍ਰਿਤ ਦਵਾਪੁਰ ਰਤ੍ਰਿਤਿਅ ਜੁਗ ਕਲਿਜੁਗ ਆਪ ਜਨਮਲਿਯੋ॥ ਅਬ ਜਾਗਹੁ ਜਾਗਹੁ ਚਕ੍ ਧਰ ਨਿਰ ਦਯ ਪ੍ਰਨ ਯਹ ਹੈ ਨਯੋ॥੧੯॥ ਵਾਹਗੁਰੂ ਜੀ ਕੇ ਪਯਾਰੇ ਸਭ ਸਿੰਘ ਠਢੇ ਹੈ॥ ਵਾਹਗੁਰੂ ਜੀ ਕੇ ਸਵਾਰੇ ਸਬ ਭਾਉ ਬਢੇ ਹੈਂ॥ ਸ਼੍ਰੀ ਵਾਹਗੁਰੂ ਜੀ ਕੇ ਮੰਨੇ ਸੁਭ ਬਿਨਤਿ ਸੁਨਾਵੈ॥ ਸ਼੍ਰੀ ਵਾਹਗੁਰੁ ਜੀ ਕੇ ਸੁ ਜਨਮ ਧੰਨੇ ਗੁਨ ਗਾਵੈ॥ ਉਜਲ ਮਸਤਕ ਸਵਸਿਤ ਮਤ ਪਰਉਪਕਾਰੀ ਕ੍ਰਿਪਾ ਨਿਧਿ॥ ਸਨਮੁਖ ਦਰਬਾਰੀ ਭਏ ਜਾਗਹੁ ਜਾਗਹੁ ਜੁਗਤ ਸਿਧਿ॥੨੦॥ ਜਾਗਹੁ ਜਾਗਹੁ ਨਾਥ ਚਿਰੈਅਨ ਰੋਰ ਮਚਾਯੋ॥ ਦੀਪ ਜੋਤਿ ਕੁਮਲਾਤਿ ਕਮਲ ਮੁਖ ਖੁਲਤ ਲਖਾਯੋ॥ ਪੋਨ ਗੌਨ ਸੀਰੋ ਸੁਜਾਨ ਸੀਤਲ ਸਭ ਮੋਤੀ॥ ਨਭ ਲਾਲੀ ਭਰਪੂਰ ਤਿਰ ਨਹੁ ਮੁਖ ਭਾਖਤ ਜੋਤੀ॥ ਸਭ ਜਗਤ ਜਗਤ ਜਨ ਭਗਤ ਉਰ ਅੰਮ੍ਰਿਤ ਸਮਯ ਮਹਾਨ ਲਖਿ॥ ਸ਼੍ਰੀ ਵਾਹਗੁਰੁ ਸਤਨਾਮ ਰਟ ਸਿੰਮਰਤ ਕਲਗੀਧਰ ਅਲਖਿ॥੨॥ ਕੋਊ ਆਸਾ ਕੀ ਵਾਰ ਪਛਤ ਕੋਊ ਸ਼੍ਰੀ ਜਪ ਜਾਪਾ॥ ਕੋਊ ਉਸਤਤਿ ਅਕਾਲ ਚੰਡਿ ਬਰ ਚਰਿਤ ਅਲਪਾ॥ ਕੋਈ ਦੇਵੀ ਅਸੋਤਤ੍ਰਿ ਕੋਊ ਸੁਖਮਨੀ ਸੁਬਾਨੀ॥ ਓਅੰਕਾਰ ਸਿਧਿ ਗੋਸਟ ਸੁ ਬਾਵਨਿ ਅਖਯਰਿ ਮਾਨੀ॥ ਕੁਉ ਪਰ ਅਨੰਦ ਅਨੰਦ ਕਰ ਕੋਊ ਸੁਨਤ ਰਾਗ ਰਸ ਰਾਗਮਤਿ॥ ਉਹ ਹੇਰ ਅਬ ਤਯਾਰ ਭਈ ਹੈ॥ ਛਾਨ ਮਾਨ ਰਸ ਖਾਨ ਖਾਲਸੇ ਹਾਥ ਲਈ ਹੈ॥ ਕਰਹੁ ਪਾਨ ਧਰ ਧਯਾਨ ਹਰਹੁ ਸਭ ਸਜਨਪੀਰਾ॥ ਲੋਭ ਮੋਹ ਮਮਤਾ ਮਹਾਨ ਲਖ ਨਿਜ ਜਨ ਭੀਰ॥ ਬਿਨ ਜਗੇ ਰਾਉਰੇ ਕ੍ਰਿਪਾ ਨਿਧਿ ਸਿਧਿ ਨਿਧਿ ਧਿਰਿਧ ਹਾਜਰ ਖਰੀ॥ ਅਬ ਜਾਗਹੁ ਜਾਗਹੁ ਕਲਗਿਧਰ ਦੇਹੁ ਹੁਕਮ ਪ੍ਰਿਅ ਨਰ ਹਰੀ॥੨੩॥ ਜਿਹ ਪਥ ਹੇਰ ਕ੍ਰਿਪਾ ਨਿਧਾਨ ਸੁਤ ਮੋਹ ਨਾ ਕੀਨਾ॥ ਨਿਜ ਪਤਿ ਨਿਲਸਨ ਨੇਹ ਤਯਾਗ ਕਰ ਮਾਰਗ ਲੀਨਾ॥ ਮਨ ਗਨ ਧਨ ਨਿਜਧਾਮ ਜਾਹਿ ਸਰਤਾ ਮਹਿ ਰਾਖਾ॥ ਸ਼੍ਰੀ ਯੁਤ ਸਹ ਸੰਗ੍ਰਾਮ ਪੰਚ ਭ੍ਰਾਤਨ ਤਨ ਨਾਖਾ॥ ਪ੍ਰਿਅ ਪੰਚਹੁ ਪਯਾਰੇ ਮੁਕਿਤਬਰ ਚਾਲੀਸ ਹੁ ਤਯਾਗਯੋ ਸੁਤਨ॥ ਸੁਇ ਪੰਥ ਨਾਥ ਸੰਕਟ ਸਹਤ ਜਾਗਹੁ ਜਾਗਹੁ ਗਯਾਨ ਘਨ॥੨੪॥ ਖੰਡਾ ਅਘ ਖੰਡਾ ਨਿਕਾਰ ਅੰਮ੍ਰਿਤ ਸੁ ਬਨਾਯੋ॥ ਸੀਸ ਪਰੀਖਯ ਲੇਇ ਜਨਨ ਕਹਿ ਨਿਜ ਕਰ ਪਯਾਯੋ॥ ਧੁਰ ਅਚਲ ਨੀਉ ਥਾਪਨ ਕਰੀ ਪੰਥ ਅਕਾਲੀ ਬਿਰਚਿ ਗੁਰੁ॥ ਅਬ ਸੋਈ ਪੰਥ ਸੰਕਟ ਸਹਤ ਜਾਗਹੁ ਨਾਥ ਕਾਅ ਹਹਿ ਉਰ॥੨੫॥ ਜੋ ਹਮ ਬਿਖਈ ਨਾਥ ਪ੍ਰਗਟ ਕੋਹੀ ਅਰੁ ਲੋਭੀ॥ ਤੋਕਾ ਤੁਮ ਤੇ ਦ੍ਰੁਮਿਤ ਹਰਹੁ ਦੈਸੁ ਸੁਧ ਬੁਧ ਸੋਭੀ॥ ਤੁਮਰੀ ਆਗਯਾ ਮਾਹਿ ਸਦਾ ਬਰਤਤ ਜਗ ਸਵਾਮੀ॥ ਸੁਰ ਅਰੁ ਅਸੁਰ ਅਨੀਹ ਜਦਪਿ ਤੁਮ ਪੂਰਨ ਕਾਮੀ॥ ਜੋਹ ਰਹੁ ਚੋਰਯ ਚਿਤ ਕੇ ਕਰਹੁ ਆਪਨੀ ਓਰ ਹਰਿ॥ ਤੋਕਾ ਆਚਰਜ ਯਾਮੈ ਪ੍ਰਭੂ ਜਗਹੁ ਨਾਥ ਸੁਧ ਲੇਹੁ

Sri Satguru Jagjit Singh Ji eLibrary NamdhariElibrary@gmail.com

ਢਰਿ॥੨੬॥ ਕਰਯੋ ਬਚਨ ਕਿਰਪਾ ਨਿਧਾਨ ਅਕਾਲ ਉਸਤਿਤ ਮੈ॥ ਪਾਪ ਸੰਬੂ ਨ ਭੇਟਨ ਪਾਵੈ ਜਾ ਕੋ ਹੈ ਮੈ॥ ਜਿਹਿ ਸਿਜਯੋ ਜਗ ਆਪਕਿਓ ਜਿਹਬਿ ਬਿਧਿ ਪ੍ਰਕਾਰਾ॥ ਸਵਰਗ ਨਰਕ ਅਰੁ ਕ਼ਰਮ ਅਕਸਰਮ ਰਚਯੋ ਸੰਸਾਰਾ॥ ਜੋ ਚਹਹੁ ਨਾਥ ਸੰਕਟ ਹਰਨ ਇਨ ਸਿੰਘਨ ਕੇ ਗਯਾਨ ਘਨ॥ ਤੋ ਕਹਾਂ ਅਚਰਜ ਹੋਇ ਗੋਹੇ ਰਅੁ ਜਗਜੀਵਨ ਸੁ ਜਨ॥੨੭॥ ਜਿਨ ਕੀ ਰਖਯਾ ਹੇਤ ਪਾਂਚ ਸੌ ਮੇਲ ਛੁੜਾਯੋ॥ ਜਦਪਿ ਆਪਨੀ ਬੰਸ ਪੂਜਯ ਪੂਜੇ ਸੁ ਦੁਰਾਇਓ॥ ਕੇਵਲ ਸਿੰਘਨ ਨਿਭਨ ਹੇਤ ਯਹ ਰੀਤ ਚਲਾਈ॥ ਕਸ ਨ ਦਯਾ ਨਿਧਿ ਸੁ ਦਯਾ ਤੁਮਰੇ ਮਨ ਆਈ॥ ਕੌਨ ਕੌਨ ਤਵ ਹਿਤੁਨ ਕੀ ਕਹਹੁ ਢਿਠਾਈ ਪ੍ਰਗਟ ਕਰ॥ ਨਿਤ ਬਿਰਦ ਦਾਨ ਬਕਸਤ ਰਹੇ ਜਗਹੁ ਨਾਥ ਪਖਅਭਯ ਕਰ॥੨੮॥ ਕਈ ਭਾਂਤ ਕੇ ਸੁਪਥ ਮਾਹਿ ਪੁਨਪਥ ਪ੍ਰਗਟ ਹੈਂ॥ ਨਿਗੁਨ ਸਗੁਨ ਕੋ ਭੇਦ ਬਕਤ ਨਹਿ ਕਛੁ ਨਿਕਟੇ ਹੈਂ॥ ਹਮ ਸਬ ਰਾਊਰ ਕ੍ਰਿਪਾ ਪੁੰਜ ਦੂਸਰ ਨਹਿ ਜਾਨੈ॥ ਅੰਤਰ ਬਾਹਰ ਏਕ ਸੁਰ ਸਨਿਤ ਜਸ ਤਵ ਮਾਨੈ॥ ਪੈ ਕਲਿ ਕੇ ਕਲੁਖਨ ਤੇ ਡਰਤ ਪ੍ਰਬਲ ਨਾਥ ਹਮ ਪਰ ਪਰਤ॥ ਬਲ ਛਲ ਦਿੰਦ੍ਰਿਨ ਕੋ ਨਹਿ ਟਰਤ ਬਿਨ ਜਗੇ ਰਾਉਰੇ ਜਗ ਜਰਤ॥੨੯॥ ਤੁਮਰੇ ਭੇਜੇ ਅਏ ਜਗਤ ਮੈ ਦੀਨ ਦਯਾਲਾ॥ ਹਮਹੂੰ ਅਰੁ ਦੇ ਕਾਮਾਦਿਕ ਸਭ ਹੀ ਜਗ ਜਾਲਾ॥ ਜੋ ਆਗਯਾ ਇਨ ਹੋਤ ਨਏ ਇਨ ਕੇ ਢਿਗਆਵੈ॥ ਤੋ ਕਿ ਇਨ ਹੂ ਕੋ ਮਾਨ ਆਇ ਜਨ ਮਾਨ ਹਰਾਵੈਂ॥ ਅਬ ਬਹੁਤ ਕਹਿਨ ਕੀ ਬਾਤ ਨਹਿ ਕਹੇ ਹੋਤ ਅਪ ਜਸ ਜਗਤ॥ ਸ਼੍ਰੀ ਕਲਗੀਧਰ ਜਗ ਲੇਹੁ ਸੁਧ ਪੰਥ ਖਾਲਸਾ ਨਿਭਗਤ॥੩੦॥ ਕਹਾ ਮਾਇ ਕੀ ਨਾਥ ਕ਼ਹਾਂ ਧੰਧੇ ਕੀ ਸਿਖੀ॥ ਕਹ ਦੇਖਾ ਦੇਖੀ ਕੀ ਦੀਨ ਦਯਾਲ ਜੁ ਲਿਖੀ॥ ਸਭ ਕਹਿ ਸਿਦਕ ਕੀ ਕਰਹੁ ਨਾਥ ਇਕ ਆਖ ਦਿਖਾਈ॥ ਲੇਹੁ ਸਭਹਿ ਅਪਨਾਇ ਹਾਇ ਮੈ ਦੇਤ ਦੁਹਾਈ॥ ਬਿਨ ਅਘ ਪਰਖੇ ਸੰਕਰ ਸਦਾ ਕਰਤ ਬਨਾਰਸ ਜਨ ਮੁਕਤ॥ ਸੋਈ ਜੁਗਤ ਨਾਥ ਨਿਜ ਪੰਥ ਕੀ ਕਰਹੁ ਆਪਨੇ ਹਾਥ ਗਤਿ॥੩੧॥ ਹਮ ਸੋ ਪ੍ਰਭੂ ਸੋ ਨਾਥ ਨਾਹਿ ਸਮਤਾ ਨਿਬਭੈਗੀ ਹਮ ਕੀਏ ਪ੍ਰਭ ਕਰਨਹਾਰ ਕਿਮਿ ਰੀਤ ਰਹੈਗੀ॥ ਹਮਰੇ ਅਘ ਨੁ ਨਿਹਾਰ ਸੈਨ ਰਸ ਚੈਨ ਸੁਹਾਈ॥ ਬਨਿ ਹੈ ਕਿਏ ਨਨਾਥ ਪੰਥ ਯਹ ਦੇਤ ਦੁਹਾਈ॥ ਉਡ ਕਮਰ ਕਸਾ ਕਰਪਾਨ ਕਰ ਬਿਜਯਾ ਬਿਜਯ ਜਗਤ ਕਰਹੁ॥ ਦੈ ਰਾਜ ਤੇਜ ਨਿਜ ਭਕਿਤ ਬਰ ਬਚਨ ਬਿਰਦ ਪਾਪਨ ਹਰਹੁ॥੩੨॥ ਅੰਮ੍ਰਿਤ ਫੇਰ ਛਕਾਇ ਸੁਧ ਖਾਲਸਾ ਬਨਾਵਹੁ॥ ਜੇਨ ਮਿਲਹਿ ਤਿਨ ਮੇਲ ਅਨ ਮਿਲਨ ਮੇਲ ਮਿਟਾਵਹੁ॥ ਕੱਛ ਕੇਸ ਕਿਰਪਾਨ ਰਹਤ ਸੁਭ ਰੀਤ ਦਿਖਾਈ॥ ਕਰਹੁ ਪ੍ਰਤਯ ਪੂਰ ਹਰਹੁ ਸਭ ਕਲਿ ਮਲ ਤਾਈ॥ ਇਕਿ ਭ੍ਰਿਕਟ ਭ੍ਰਮਾਵਨ ਮਾਤਰ ਮੈ ਜਗ ਸਿਰਜਤ ਪਾਲਤ ਹਰਤਾ॥ ਸੁ ਇਕ ਸਨ ਜਗਹੁ ਸ਼੍ਰੀ ਕਲਗੀਧਰ ਮੰਦਯ ਭਾਗ ਹਮ ਸਭ ਰਹਤ॥੩੩॥ ਜਦਪਿ ਤਿਹਾਰੇ ਬਚਨ ਨਾਥ ਪ੍ਰਭ ਪੂਰੇ ਪਾਏ॥ ਧੀਰੇ ਹੋਤ ਲਖ ਪਰਤ ਹਮ ਭਰਮਾਏ॥ ਹਮਰੀ ਕਰੀ ਢਿਠਾਇ ਨਾਥ ਬਕਸਹੁ

Sri Satguru Jagjit Singh Ji eLibrary NamdhariElibrary@gmail.com

ਸੁਖਦਾਈ॥ ਅਪਨੀ ਅਪਨੀ ਬੁਧਿ ਸਰਿਸ ਸਭ ਕਹਤ ਬਨਾਈ॥ ਪ੍ਰਭ ਸਮ ਪ੍ਰਭ ਲੋਗਨ ਕੀ ਕਥਾ ਹਮ ਮਹਿ ਧੀਰਨ ਦਯਾਲ ਅਬ॥ ਜਗ ਚਕ੍ ਧਰਨ ਕਰਨ ਹਰਹੁ ਮੋਹ ਮਮਤਾ ਸਰਬ॥੩੪॥ ਜਾਗ੍ਰਤ ਸੁਪ੍ਰਸਨ ਖੋਪਤ ਅਤੀਤ ਤੁਰੀਆ ਅਤੀਤਾ॥ ਪ੍ਰਭ ਮਹਿ ਬਨ ਤਨ ਆਨ ਰੀਤ ਸਭ ਹੀ ਬਿਪਰੀਤਾ॥ ਹਮ ਸਬ ਅਪਨੀ ਬੁਧਿ ਮਾਹਿ ਜਦਯਪਿ ਅਨੁਮਾਨਤ॥ ਪੈਦਰਸਨ ਬਿਨ ਦੀਨ ਬੰਧੂ ਮਨੁ ਬਿਰਹਨ ਭਾਨਤ॥ ਪ੍ਰਭ ਸਮਰਥ ਜਾਨੀ ਜਾਨ ਗੁਰੁ ਨਹਿ ਕਾਰਨ ਜਾਨਯੋ ਪਰਤ॥ ਹਰ ਸਿੰਘ ਸੁਮੇਰਹਿ ਕੀ ਕੁਮਤਿ ਜਗਹੁ ਨਾਥ ਭਾਖਤ ਡਰਤ॥੩੫॥ ਪਾਰਬਤੀ ਸ੍ਰੁਤਿ ਸਤੀ ਜਬਹਿ ਪ੍ਰਭ ਕਹਿ ਗੁਰ ਗਯੋ॥ ਅੰਧਕ ਤ੍ਰਿਪੁਰ ਪ੍ਰਭਿਤ ਬਿਨਾ ਸਤ ਜਸੇ ਜਹਿ ਆਯੋ॥ ਬਿਧਿ ਬਿਧਿ ਨ ਦੁਖ ਪਾਇ ਜਾਇ ਬਿਧਿ ਜਬਹਿ ਜਗਾਯੋ॥ ਜੋਗ ਸਯਨ ਤਜ ਨਯਨ ਖੋਲ ਮਧੁ ਕੋਟਤ ਘਾਯੋ॥ ਪ੍ਰਤਿ ਕਲਪ ਬਿਕਲਮਹਿ ਤਯਾਗ ਕੇ ਜਬ ਜਬ ਧਰਾ ਗੁਹਾਰ ਜੀ॥ ਜਗ ਚਕ੍ ਧਰਨ ਅਸਰਨ ਸਰਨ ਤਬ ਤਬ ਦਾਸ ਗੁਹਾਰ ਕੀ॥੩੬॥

ਅਥ ਦੇਵੀ ਜੀ ਕੀ ਉਸਤਤਿ ॥ ਕਬਿੱਤ॥ ਭਗਤ ਜਗਤ ਕੇ ਜਿਤੇ ਹੈ ਤਿਤੇ ਰਾਖੇ ਤੁਹੀ ਰਾਖਤ ਹੈਂ ਰਾਖੈਗੀ ਬਿਘਨ ਗਨ ਹਾਨੀ ਤੂੰ॥ ਤਾਰਨ ਤਰਨ ਬਿਸਤਾਰਨ ਸੁ ਜਸ ਦੀਹ ਧਾਰਨ ਧਰਨ ਧਰਨੀ ਧਰਨਿ ਨਿਸਾਨੀ ਤੂੰ॥ ਏਰੀ ਮੇਰੀ ਅੰਬੇ ਜਗਦੰਬੇ ਨ ਬਿਨ ਬੇਕਾਗ ਸੇਵਕ ਸੁਮੇਰ ਸਿੰਘ ਸਾਚੀ ਸਾਵਧਾਨੀ ਤੂੰ॥ ਜਨ ਮਨਮਾਨੀ ਮਹਾਕਾਲ ਪਟਰਾਨੀ ਤਵ ਕ੍ਰਮ ਭਯਹਾਨੀ ਸੁਖ ਖਾਨੀ ਸ਼੍ਰੀ ਭਵਾਨੀ ਤੂੰ॥੧॥

ਅਥ ਚਰਨ ਕਮਲ ਬਰਨਨ॥ ਕਬਿੱਤ॥ ਸੋਭਾ ਸੁਖ ਸਾਗਰ ਕੇ ਮੀਨ ਹੋਤ ਦੀਨ ਹੋਤ ਹੇਰ ਅਰਨਾਈ ਅਨੁਰਾਗਹਿ ਹੈਂ॥ ਪਨ ਹੀ ਬਿਲੋਕਤ ਪਨਾਹ ਨਿਜ ਚਾਹਤ ਹੈਂ ਰੇਖਨ ਬਿਲੋਕ ਰੇਖ ਭਾਗ ਕੀ ਹਰਤ ਹੈਂ॥ ਸ਼੍ਰੀ ਗੁਰੂ ਗੁਬਿੰਦ ਸਿੰਘ ਹੇਰ ਤੇਰੇ ਚਰਨ ਕੋ ਖਾਲਸੇ ਕੇ ਨੈਨ ਕੈਯੋ ਬਾਤਨ ਧਰਤ ਹੈਂ॥ ਨਖ ਬਿਲੋਕਤ ਨਖਨ ਕਰ ਧੀਰਜ ਕੋ ਪੰਕਜ ਪਛਾਨ ਮਧੁ ਕਰਜਯੁ ਠਿਰਤ ਹੈ॥੧॥ ਆ ਗਰੀਨ ਹੇਰ ਪੰਚ ਪਯਾਰਿਨ ਗਤਿ ਜਾਨ ਰੂਪ ਪੰਚ ਪਯਾਰੇ ਪਰ ਪੰਚ ਨਿਹਰਤ ਹੈਂ॥ ਅੰਮ੍ਰਿਤ ਨਿਧਾਨ ਹੇਰ ਕਰ ਚਰਨਾਮ੍ਰਿਤ ਕੋ ਹੇਤ ਛਕਿਬੇ ਕੇ ਛਬਿ ਛਾਪਨਿ ਦਰਤਿ ਹੈਂ॥ ਸ਼੍ਰੀ ਗੁਰੂ ਗੁਬਿੰਦ ਸਿੰਘ ਹੇਰ ਤੇਰੇ ਚਰਨ ਕੋ ਖਾਲਸੇ ਕੇ ਨੈਨਲ ਕੈ ਭਯੋ ਭਾਵਨ ਭਰਤਿ ਹੈ॥ ਹਿੰਦ ਕੀ ਪਨਾਹ ਕਰ ਪਨਹੀ ਕੀ ਚਾਹ ਕਰ ਆਪਨੀ ਪਨਾਹ ਕਰ ਪਾਇਨ ਪਰਤ ਹੈਂ॥੨॥ ਕੋਊ ਜੋ ਕਹਤ ਭਵ ਬਾਰਿਧ ਕੇ ਬੋਹਿਥ ਹੈ ਕੋਊ ਯੋ ਕਹਤ ਏਈ ਔਛਰ ਢਰਨ ਹੈ॥ ਅਸਰਨ ਸਰਨ ਅਕਰਨ ਕਰਨ ਹਾਰੇ ਧਰਨਿ ਧਰਨ ਹਾਰੇ ਪਾਨਿਪ ਭਰਨ ਹੈ॥ ਕੋਊ ਯੋਕਹਿਤ ਸੁਤਿ ਗਾਥਾ ਸੋ ਸੁ ਸੁਮੇਰ ਸਿੰਘ ਸਿੰਮ੍ਰਿਤ ਪੁਰਾਨ ਪ੍ਰਤਿ ਪਾਲਕ ਪਰਜ ਹੈ॥ ਲਾਖ ਲਾਖ ਭਾਂਤ ਅਭਿਲਾਖ ਭਰੇ ਸੋਢੀ ਨਾਥ ਮੇਰੇ ਜਾਨ ਮਾਨ ਪ੍ਰਦ ਰਾਉਰੇ ਚਰਨ ਹੈ॥੩॥ ਸੁਖਮਾ ਸਰੋਵਰ ਸੁ ਸੀਲਤਾ ਸੁ ਲਿਲ ਭਰੋ

Sri Satguru Jagjit Singh Ji eLibrary NamdhariElibrary@gmail.com

ਘੋਰੋ ਗਯੋ ਬਿਮਲ ਬਿਬੇਕ ਕੇ ਬਰਨ ਹੈਂ॥ ਗਯਾਨ ਕੋ ਸੁੰਭਦੀਨੋ ਭਗਤ ਕੀ ਪੰਕਤਾ ਮੇਂ ਦੂਰਹੀ ਤੇ ਜਾਨਿਅਤੁ ਜੋਅਨੁਕਰਨ ਹੈਂ॥ ਸਾਚੇ ਪਾਤਸਾਹ ਸ਼੍ਰੀ ਗੁਬਿੰਦ ਸਿੰਘ ਸਾਹਬ ਜੋ ਭਨਤ ਸੁਮੇਰ ਸਿੰਘ ਔਢਰਿ ਢਰਨ ਹੈ॥ ਬਿਚਰਨ ਹੇਤ ਅਨੁਚਰਨ ਕੇ ਆਚਰਨ ਉਚਿਰਨ ਜਾਤ ਪੰਕਜਾਤਕ ਚਰਨ ਹੈਂ॥੪॥ ਕੰਧੋ ਪਾਰ ਦੇਵ ਸੇਵ ਬਿਧਿ ਕੀ ਸ ਸੂਚਕ ਹੈ ਕੰਧੋ ਪਾਂਚ ਦੇਵਨ ਕੀ ਪਾਨਿ ਪਹੈਉਨਕੀ॥ ਕੈਧੋ ਪੰਚਤ ਤਵਨ ਕੋ ਬੋਧਨ ਕੀ ਪੋਥੀ ਪਾਂਚ ਕੈਧੋ ਪੰਚ ਸਰਨ ਕੀ ਹਰਨ ਹੈ ਮੁਨਕੀ॥ ਸੋਧੀ ਗੋਲ ਲਾਂਬੀ ਘਟ ਬੜ ਏਕ ਏਕ ਹੂੰ ਤੈ ਸੋਹਤ ਸੁਮੇਰ ਸਿੰਘ ਸੀਮਾਪ੍ਰਾਨ ਧਨ ਕੀ॥ ਕੈਧੋ ਸ਼੍ਰੀ ਗੁਰੂ ਗੁਬਿੰਦ ਸਿੰਘ ਜੂ ਕੇ ਚਰਨ ਕੀ ਪਾਚੋਆਂ ਗੁਰੀ ਹੈ ਭਰੀ ਪੋਰ ਪੋਰ ਗੁਨਕੀ॥੫॥ ਉਚਰਨ ਜਾਤ ਤੇਈ ਬੇਦ ਉਚਰਨ ਕਰੈ ਉਚਰਨ ਵਾਰੇ ਜਨ ਚਾਹੋਂ ਅਨੁਚਰਨ ਹੈਂ॥ ਨਿਜ ਅਨੁਚਰਨ ਕੈ ਆਗੇ ਨਾਨੁ ਚਰਨ ਕੋ ਸੁਕਬਿ ਸੁਮੇਰ ਸਿੰਘ ਕਰ ਅਨੁਚਰਨ ਹੈਂ॥ ਸਾਚੋ ਪਾਤਸਾਹ ਸ਼੍ਰੀ ਗੁਬਿੰਦ ਸਿੰਘ ਮਹਾਂਰਾਜ-ਚੋ ਮੁਖ ਉਚਰ ਉਚਰ ਹਾਰੇ ਉਚਰਨ ਹੈ॥ ਅਚਰਨ ਚਰਨ ਚਰਨ ਅਚਰਨ ਕਰ ਛਥਨ ਤਿਹਾਰੇ ਏਈ ਆਚਰਨ ਹੈ॥੬॥ ਨਿਰਖਤਨ ਖਨਨ ਖਤ ਪਤਹੋਤ ਜੋਤਿਨ ਪਰਹਤ ਤਾਕੋ ਨੈਨ ਨਨਿ ਹਾਰੋ ਸੋਂ॥ ਰੇਖਾ ਭਾਲ ਹਰਤ ਸੁ ਰੇਖਾ ਤੇਰੇ ਚਰਨ ਕੀ ਲੇਖਾ ਛੂਟਿ ਜਾਤ ਲੂਟਿਜਾਤ ਮੋਹ ਭਾਰੋ ਸੋ॥ ਸਾਚੁ ਪਾਤਸਾਹ ਸ਼੍ਰੀ ਗੁਬਿੰਦ ਸਿੰਘ ਮਹਾਰਾਜ ਭਨਤ ਸੁਮੇਰ ਸਿੰਘ ਪ੍ਰਾਨਪਤਿ ਪਯਾਰੋ ਸੋ॥ ਰੇਨੁਕਾ ਚਰਨ ਕੀ ਤਿਹਾਰੀ ਪਰਸੇ ਤੇ ਨਾਲ ਰੇਨਕਾ ਨੰਦਨ ਸੋ ਹੋਤ ਬਲਵਾਰੋ ਸੋਂ॥੭॥ ਸ਼੍ਰੀ ੬॥ **ਬਾਬਾ ਸਾਧੂ ਸਿੰਘ ਜੀ ਕੋ ਸੁਭਾਵੋ ਕਿਤ ਬਰਨਨ॥** ਕਬਿੱਤ॥ ਪ੍ਰੀਤ ਐਰ ਪ੍ਰੀਤਤ ਤਯੋ ਅਚਾਹਤਾ ਅੰਸਕਤਾਈ ਸੀਲਤਾ ਸਚਾਈ ਸਰ ਲਾਈ ਕੋ ਬਿਭਾਵ ਹੈ॥ ਅਤਿ ਹੀ ਬੰਕਾਈ ਗੁਰੁਮੁਖਤਾਈ ਦ੍ਰਿਢਤਾਈ ਸੁਬਦ ਸੰਬਾਈ ਸਾਰ ਗ੍ਰਾਹਤਾ ਮਿਲਾਉਹੈ॥ ਚਾਤੁਰ ਤਾਈ ਸਤਯ ਬਚਨ ਸੁਮੇਰ ਸਿੰਘ ਸੁਧ ਰਸਿ ਕਾਈ ਰੋਚ ਕਾਈ ਚਿਤ ਚਾਉ ਹੈ॥ ਏਤੇ ਗੁਨ ਪਾਇਐ ਅਨਨਯਤਾਕੇ ਸੋ ਅਨਨਯ ਬਾਬਾ ਸਾਧੂ ਸਿੰਘ ਕੋ ਸੁ ਸਹਜ ਸੁਭਾਉ ਹੈ॥੧॥ ਅਨਾਲਸ ਸਦਾ ਹੀ ਤਯੋ ਅਨੰਦੀ ਅਨ ਸੋਚ ਚਿਤ ਅਤਿ ਹੀ ਦਯਾਲੁ ਪ੍ਰਤਿਪਾਲਕ ਪ੍ਰਭਾਉ ਹੈ॥ ਕ੍ਰਿਆਕੇ ਕਰੈਯਾ ਸ਼੍ਰੀ ਉਦਾਰਨ ਮੈ ਅਗ੍ਰਨੀਯ ਆਪ ਤੋ ਅਮਾਨੀ ਮਾਨ ਦਾਨੀ ਦਾਸ ਚਾਉ ਹੈ॥ ਅਮਦ ਅਕੋ ਹੀ ਨਿਤਯ ਪਰਮ ਇਕਾਂਤੀ ਖਯਾਤ ਜਦਯਪਿ ਦਿਖਾਤ ਸਭ ਹੀ ਸਭੋ ਰਯੋ ਭਾਉ ਹੈ॥ ਏਤੇ ਗੁਨ ਜਾਮੈ ਤਾਹਿ ਕਹਤ ਅਨਨਯ ਧਨਯ ਬਾਬਾ ਸਾਧੂ ਸਿੰਘ ਕੋਸੋ ਸਹਜ ਸੁਭਾਉ ਹੈ॥੨॥ ਅਮਦਅ ਦੰਭੀ ਭਾਵੀਕ ਧਨ ਸੁਤਯਾਗੀ ਲਾਗੀ ਪ੍ਰਿਅ ਅਨੁਰਾਗੀ ਔ ਬਿਰਾਗੀ ਚਾਰੁ ਚਾਉ ਹੈ॥ ਭੇਖੀ ਭੇਖ ਦਾਤਾ ਐ ਬਿਧਾਤਾ ਸਿੰਘ ਪੰਥ ਹੂੰ ਕੇ ਆਚਾਰਜ ਰੂਪ ਭੂਤ ਮੰਤ੍ਰਦ ਮਿਲਾਉ ਹੈ॥ ਅੰਜਨ ਰਹਤ ਪੈ ਬਿਰਾਜਤ ਹੈ ਅੰਜਨ ਮੈ ਸੰਤ ਮਨ ਸੁਮੇਰ ਸਿੰਘ ਭਾਉ ਹੈ॥ ਧਨਯਤਾ ਅਨਨਯਤਾ ਪ੍ਰਪੰਨਯਤਾ ਨਿਹੰਗ ਤਾਈ ਬਾਬਾ ਕੋਸੋ ਸਹਜ ਸੁਭਾਉ ਹੈ॥੩॥ ਬਾਬੇ ਸਾਧੂ ਸਿੰਘ ਕੀ ਉਸਤਤਿ ਸਮਾਪਤੰ॥

Sri Satguru Jagjit Singh Ji eLibrary NamdhariElibrary@gmail.com

ਅਥ ਅਰਦਾਸ ਕਰਨ ਕੀ ਬਿਧ॥

ਕਬਿੱਤ॥ ਪ੍ਰਥਮ ਭਗੋਤੀ ਕੋ ਸਿਮਰ ਗੁਰੂ ਨਾਨਕ ਜੀ ਅੰਗਦ ਗੁਰੂ ਕੇ ਨਿਤਯ ਚਰਨ ਮਨਾਇਏ॥ ਗੁਰੂ ਸ਼੍ਰੀ ਅਮਰਦਾਸ ਸਤਗੁਰੂ ਰਾਮ ਦਾਸ ਅਰਜੁਨ ਗੁਰੁ ਹਰਿਗੋਬਿੰਦ ਧਿਆਇਏ॥ ਹਰੀ ਰਾਇ ਗੁਰੂ ਹਰੀ ਕਿਸਨ ਗੁਰੂ ਅਸਧੁਜ ਸ਼੍ਰੀ ਗੁਰੂ ਗੋਬਿੰਦ ਸਿੰਘ ਗ੍ਰੰਥ ਪੰਥ ਗਾਇਏ॥ ਸਤ ਸ਼੍ਰੀ ਅਕਾਲ ਪੁਰਖ ਜੀ ਕਾ ਗੁਰੂ ਖਾਲਸਾ ਜੀ ਬੋਲ ਵਾਹਗੁਰੂ ਵਾਹਗੁਰੂ ਗੁਨ ਗਾਇਏ॥੧॥ ਜਹਾਂ ਜਹਾਂ ਖਾਲਸਾ ਹੈ ਤਹਾਂ ਤਹਾਂ ਰਖਯਾ ਹੋਇ ਪੰਥ ਕੀ ਰਿਆਇਤ ਹੋ ਜੀਤ ਹੋਇ ਜਗ ਮੈ॥ ਨੀਚੋ ਮਨ ਊਚੀ ਮਤਿ ਮਤਿ ਰਾਖਾ ਵਾਹਗੁਰੂ ਕੇਸਾਂ ਸ੍ਵਾਂਸਾਂ ਸਾਥ ਸੋ ਨਿਬਾਹ ਹੋਇ ਅਗ ਮੈ॥ ਮੇਲ ਗੁਰੁ ਮੁਖ ਕੋ ਦਿਦਾਰ ਸਨਮੁਖ ਕੇਰੋ ਦੀਜੈ ਸੰਤਸੰਗ ਜਾਤ ਬਾਢੈ ਪ੍ਰੀਤ ਪਗ ਮੈ॥ ਪ੍ਰੀਤ ਕੇ ਨਿਹੋਰੇ ਬੋਲੋ ਵਾਹਗੁਰੂ ਵਾਹਗੁਰੂ ਦੇਗ ਤੇਗ ਫਤੇ ਕੀਜੈ ਸਿੰਘਨ ਕੀ ਜਗ ਮੈ॥੨॥ ਚੋਕੀਆ ਐ ਬੁੰਗੇ ਜੁਗ ਜੁਗ ਮੈ ਅਟਲ ਰਹੈ ਧਰਮ ਕੀ ਜੀਤ ਤਾਬੇ ਨਗਾਰੇ ਨਿਸਾਨ ਕੇ॥ ਸਚ ਖੰਡ ਅਬ ਚਲ ਨਗਰ ਕੋ ਦੀਦਾਰੁ ਹੋਇ ਪਟਨਾ ਜੀ ਆਨੰਦ ਨਗਰ ਮੋਦ ਮਾਨ ਕੇ॥ ਅੰਮ੍ਰਿਤ ਸਰੋਵਰ ਅਕਾਲ ਬੁੰਗਾ, ਕੇਸ ਗਢ, ਦਮਦਮਾ ਮੁਕਤਸਰ ਬਾਉਲੀ ਪ੍ਰਮਾਨ ਕੇ॥ ਸਦਾ ਹੀ ਸਹਾਇ ਸਾਂਤ ਦੇਤ ਰਹੇ ਸਤ ਕਾਂਤ ਸ਼੍ਰੀ ਸਾਹਿਬ ਵਾਹਗੁਰੂ ਸਤਯ ਕਾਲ ਜਾਨ ਕੇ॥੩॥ ਖਾਲ ਖਿਚਵਾਈ ਅੰਗ ਅੰਗ ਨਾ ਛਿਦਾਈ ਜਿਨ ਤਿਨ ਕੀ ਕਮਾਈ ਕੇ ਭਰੋਸੇ ਨਾਮ ਦੀਜੀਏ॥ ਪਯਾਰੇ ਪਾਂਚ ਮੁਕਤੇ ਪਾਂਚ ਦੁਗੁਨ ਚਾਲੀਸ ਐਰ ਇਨ ਕੀ ਅਸੀਸ ਸੋ ਹਮਾਰੀ, ਐਰ ਭੀਜੀਏ॥ ਸਾਚੇ ਪਾਤਸਾਹ ਸ਼੍ਰੀ ਗੁਬਿੰਦ ਸਿੰਘ ਮਹਾਰਾਜ ਜੈਸੋ ਮਾਨ ਦੀਨੋ ਤੈਸੋ ਨਿਭਹਾਇ ਲੀਜੀਏ॥ ਨਾਤੋ ਮਤਿਨਸੀ ਕਹੈ ਕੈਸੀ ਸੀ ਮਤਿਨ ਸੀ ਯਾਤੇ ਕਰਿ ਮਤਿਜ ਸੀ ਹਸੀ ਆਪਨੀ ਨ ਕੀਚੀਏ॥੪॥ ਧਨੀਯੋ ਕਰੋ ਤੋ ਕਰੋ ਨਿਧਨ ਕੀ ਪੂਰੀ ਆਸ ਨਿਧਨੀਕੋ ਕਰੋ ਜੋ ਤੋ ਸੰਤੋਖ ਚਿਤ ਕੀਜੀਏ॥ ਬਲੀ ਜੋ ਕਰੋ ਤੋ ਕਰੋ ਨਿਬਲ ਕੀ ਕਰੋ ਤੋ ਸਾਤ ਮੁਸਚਿਤ ਭੀਜੀਏ॥ ਸਾਚੇ ਪਾਤਸ਼ਾਹ ਸ਼੍ਰੀ ਗੁਬਿੰਦ ਸਿੰਘ ਮਹਾਰਾਜ ਭਨਤ ਸੁਮੇਰ ਸਿੰਘ ਜੂਕੀ ਸੁਨ ਲੀਜੀਈਏ॥ ਕੱਛਦਾਨ ਕੇਸ ਦਾਨ ਖੰਡਾਦਾਨ ਦਾਨ ਦਾਨ ਮਾਨ ਦਾਨ ਪ੍ਰੇਮ ਦਾਨ ਭਕਿਤ ਦਾਨ ਦੀਜੀਏ॥੫॥ ਪ੍ਰੇਮ ਦਾਨ ਖੇਮ ਦਾਨ ਤਨ ਦਾਨ ਧਨਦਾਨ ਗਯਾਨਦਾਨ ਮਾਨ ਦਾਨ ਪ੍ਰਾਨਦਾਨ ਕੀਜੀਏ॥ ਭਕਿਤ ਦਾਨ ਸਕਿਤ ਦਾਨ ਉਕਿਤਦਾਨ ਜੁ ਕਿਤਦਾਨ ਬਿਦਯਾਦਾਨ ਬੇਦਦਾਨ ਬ੍ਰਿਤਯਦਾਨ ਭੀਜੀਏ॥ ਸਾਚੇ ਪਾਤਸਾਹ ਸ਼੍ਰੀ ਗੁਬਿੰਦ ਸਿੰਘ ਮਹਾਰਾਜ ਭਨਤ ਸੁਮੇਰ ਸਿੰਘ ਜੂਕੀ ਸੁਨ ਲੀਜੀਏ॥ ਦਾਨ ਸਿਰ ਦਾਨ ਦੈ ਸੁਖਾਲੀ ਸਹੰਸੀ ਨਾਮ ਦਾਨ ਚਰਨ ਸਰਨ ਦਾਨ ਦੀਜੀਏ ਜੂ ਦੀਜੀਏ॥੬॥ ਸਾਹਿਬ ਅਜੀਤ ਸਿੰਘ ਸਾਹਿਬ ਜੁਝਾਰ ਸਿੰਘ ਜੋਰਾਵਰ ਸਿੰਘ ਫਤੇ ਸਿੰਘ ਜੂ ਕੋ ਧਯਾਇਐ॥ ਭਾਈ ਦੈਯਾ ਸਿੰਘ ਜੀ ਧਰਮ ਸਿੰਘ ਹਿੰਮਤ ਸਿੰਘ ਮੁਹਕਮ ਸਿੰਘ ਸਿੰਘ ਸਾਹਿਬ ਮਨਾਇਐ॥ ਬਾਬਾ ਸਾਧੂ

Sri Satguru Jagjit Singh Ji eLibrary NamdhariElibrary@gmail.com

ਸਿੰਘ ਸਿੰਘ ਸੰਮਤ ਸਭਾ ਮਹਾਨ ਸੇਵਕ ਸੁਮੇਰ ਸਿੰਘ ਤਨ ਮਨ ਗਾਇਐ॥ ਬੋਲ ਵਾਹਗੁਰੂ ਜੀ ਕਾ ਖਾਲਸਾ ਮਹਾਨ ਭਾਵ ਵਾਹਗੁਰੂ ਜੀ ਕੀ ਫਤੇ ਗੱਜ ਕੇ ਗਜਾਇਐ॥੭॥ ਚਹਤ ਹੋ ਏਤੀ ਸਾਂਚੇ ਪਾਤਸਾਹ ਰਾਉਰੇ ਸੋ ਝੂਠੇ ਪਾਤਸਾਹਨ ਕੋ ਜਸਨ ਉਚਾਰੋ ਮੈਂ॥ ਰਿਨ ਬਿਨ ਹੋਇ ਹੋਇ ਧਨ ਧਨ ਜਗ ਮਹਿ ਧਰਮ ਕਰਮ ਕਰ ਕਾਲਹਿ ਗੁਜਾਰੋ ਮੈਂ॥ ਸਤ੍ ਸੋ ਪ੍ਰਬਲ ਹੋਇ ਸਾਧੁ ਸੋ ਨਿਬਲ ਹੋਇ ਕਾਮ ਕ੍ਰੋਧ ਕੂਰਨ ਕੋ ਮੋਹ ਪਦ ਗਾਰੋ ਮੈਂ॥ ਸ਼੍ਰੀ ਗੁਰ ਗੁਬਿੰਦ ਸਿੰਘ ਸ਼੍ਰੀ ਗੁਰੂ ਗੁਬਿੰਦ ਸਿੰਘ ਸ਼੍ਰੀ ਗੁਰੂ ਗੁਬਿੰਦ ਸਿੰਘ ਰਚਨਾ ਉਚਾਰੋ ਮੈਂ॥੮॥ ਸਚ ਨਾਮ ਸਾਚੋ ਪਾਤਸਾਹ ਸ਼੍ਰੀ ਗੁਬਿੰਦ ਸਿੰਘ ਦਸਹੂੰ ਗੁਰੂ ਕੋ ਰੂਪ ਅਵਤਾਰ ਆਯੋ ਹੈ॥ ਮੰਗਲ ਸਰੂਪ ਪੰਥ ਮੰਗਲ ਮਹਾਨ ਰਚ ਮੰਗਲ ਸੁ ਗ੍ਰੰਥ ਪੰਥ ਤੇਜ ਪ੍ਰਗਟਾਯੋ ਹੈ॥ ਜਿਨ ਜਿਨ ਧਯਾਯੋ ਨਾਮ ਮਸਕਤ ਘਾਲਿ ਗਏ ਨਾਨਕ ਗੁਰੂ ਕੀ ਕ੍ਰਿਪਾ ਸਭ ਸੁਖ ਪਾਯੋ ਹੈ॥ ਊਜਲ ਭਏ ਭਾਲ ਟੇਡੇ ਛੂਟੇ ਤਿੰਨ ਨਾਲ ਗ੍ਰੰਥ ਗੁਰਬਰ ਅਕਾਲ ਸਤ ਸ਼੍ਰੀ ਅਕਾਲ ਗਾਯੋ ਹੈ॥੯॥

ਸਾਖੀ॥੫੯॥

ਜੁਮਿਲਾ ਸਭ ਸਾਖੀ ਪੂਰਬਾਰਧ ਉਤਰਾਰਧ ਕੀ॥੩੯੬॥ ਇਤਿ ਸ਼੍ਰੀ ਗੁਰੂਪਦ ਪ੍ਰੇਮ ਪ੍ਰਕਾਸ਼ ਸ਼੍ਰੀ ਗੁਰ ਚਤੁਰਥ ਖੰਡਾਤਰ ਗਤਿ ਦਸਮ ਮੰਡਲ ਉਤਰਾਰਧੇ ਸ਼੍ਰੀ ਗੁਰੂ ਗੋਬਿੰਦ ਸਿੰਘ ਸਚਾ ਪਾਤਸਾਹ ਸਚ ਖੰਡ ਪ੍ਰਸਥਾਨ ਪ੍ਰਸੰਗ ਬਰਨਨਾਤਮਕ ਦਸਮ ਮੰਡਲ ਸਮਾਪਿਤ॥ ਬਯਾਲੀਸਵੀ ਪਾਂਤ॥੪੨॥ ਗ੍ਰੰਥ ਸਮਾਪਤ ਮਸਤ ਸੁਭੰਭੂਯਾਤ ਸਤਿ ਸ਼੍ਰੀ ਅਕਾਲ ਗੁਰ ਬਰ ਅਕਾਲ ਸ੍ਰੀ ਵਾਹਿਗੁਰੂ ਮੁਖ ਉਚਾਰ॥ ਹੋਇ ਦਿਆਲ ਕਰ ਲਏ ਉਬਾਰ॥ ਸ੍ਰੀ ਵਾਹਿਗੁਰੂ ਜੀ ਕਾ ਖਾਲਸਾ॥ ਸ੍ਰੀ ਵਾਹਿਗੁਰੂ ਜੀ ਕੀ ਫਤੇ ਹੈ ॥੫੧॥ ਪ੍ਰਾਂਤ ਸਮਗਰ ਦਸਮ ਮੰਡਲ ਹੈਂ॥ ਸ਼੍ਰੀ ਵਾਹਗੁਰੂ ਮੁਖ ਕਰ ਉਚਾਰ॥ ਸੰ: ਨਾ: ੪੧੨॥ ਭਾਦ੍ਰੋ ਸੁਧੀ ੧੪ ਅਨੰਤ ਚੌਦੋਸ ਬੁਧਵਾਰ ੧੨ ਘਟੀ ਦਿਨ ਚਢੇ॥



(ਏ ਲਗਨ ਕੁੰਡਲੀ ਸ਼੍ਰੀ ਦਸਮ ਮੰਡਲ ਗ੍ਰੰਥ ਕੀ)

Sri Satguru Jagjit Singh Ji eLibrary NamdhariElibrary@gmail.com

ਸਤਿ ਗੁਰੋ ਕੇ ਪ੍ਰਸਾਦ ਸੇ ਇਤ ਸ਼੍ਰੀ ਪ੍ਰੇਮ ਪਦ ਪ੍ਰਕਾਸ ਗ੍ਰੰਥ ਦਸਮ ਮੰਡਲੇ ਸੰਪੂਰਨ ਹੂਆ ਸੋ ਗੁਰੂ ਮਹਾਰਾਜ ਕਥ ਤਾਕੇ ਚਿਤ ਹੁਲਾਸ ਪੂਰਨ ਕਰੈ॥ ਪੰਚ ਖਾਲਸਾ ਕੇ ਖਤ ਸ਼੍ਰੀ ਪੰਡਿਤ ਬ੍ਰਹਮਾ ਸਿੰਘ ਜੀਕੋ॥ ਛੰਦ॥ ਦਸਖਤ ਸ਼੍ਰੀ ਬਾਬਾ ਸਾਧੂ ਸਿੰਘ ਜੀਕਾ॥ ਸ਼੍ਰੀ ਭਾਈ ਗਯਾਨ ਸਿੰਘ ਜੀ॥ ਸ਼੍ਰੀ ਭਾਈ ਗਰੀਬ ਸਿੰਘ ਜੀ॥ ਸ਼੍ਰੀ ਭਾਈ ਗੁਰਮੁਖ ਸਿੰਘ ਜੀ॥ ਸ਼੍ਰੀ ਭਾਈ ਫਤੇ ਸਿੰਘ ਜੀ॥ ਭੁਜੰਗ ਪ੍ਰਯਤ॥ ਮਹਾਰਾਜ ਗ੍ਰੰਥੇ ਸਵਰੈ ਗ੍ਰੰਥ ਰਾਜੇ॥ ਰਚਯੋ ਹੇ ਪ੍ਰਤਾਪਾ ਨਿਵਤੰ ਸੁਧ ਕਾਜੈ॥ ਘਟੀ ਰੁਦ੍ ਦਯੋਸੰ ਤੁਲਾ ਲਗਨ ਜਾਨੋ॥ ਬੁਧੰਵਾਰ ਭਾਦ੍ਰੋ ਚੁਤੱਰਦੀਸ ਪਛਾਨੋ॥

ਅਨੰਤਾਖੰਯ ਪੂਜਾ ਗੁਰੂ ਪ੍ਰਬ ਹੈਸੀ॥ ਬਸੁਚਾਰਿ ਬਿਕ੍ਰਮ ਕੇਟ ੧੯੩੮ ਸੰਮਤ ਤੈਸੀ॥ ਪਢੈ ਔ ਸੁਨੈ ਬਰ ਚਾਰੋ ਕਰੈ ਹੈ॥ ਸਬੈ ਪੰਥ ਮੈ ਸ੍ਰੇਸਟ ਸੁੱਧ ਪਰੈ ਹੈ॥ ਕ:॥ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਕੀ ਕਥਾ ਪੂਰੀ ਭਈ ਕੀਰਤ ਸੁਮੇਰ ਸਿੰਘ ਜਗ ਬੀਚ ਛਾਵੈਗੋ॥ ਨਰ ਲੋਗ ਸੁਰ ਲੋਗ ਕ੍ਵਿੰਨਰ ਕੁਬੇਰ ਲੋਕ ਬਿਦਿਤ ਬਿਰੰਚ ਲੋਕ ਸੁ ਜਸ ਸੁਨਾਵੈਗੋ॥ ਸਿੰਘ ਪੁਰੇ ਸੰਗਤ ਮੈਂ ਗੁਨਿ ਜਨ ਸਿੰਘ ਸ੍ਰੋਤਾ ਦਿਜ ਕਰਕੈ ਕੁਲਾਹਲ ਗੁਬਿੰਦ ਗੁਨ ਗਾਵੈਗੋ॥ ਪੁਸ਼ਟ ਰਾਜ ਹਰੀ ਬਾਬਾ ਸਾਧੂ ਸਿੰਘ ਬੈਠੇ ਆਪ ਮਨ ਮਨੋਰਥ ਫਲ ਚਾਰੋ ਲੈ ਕੈ ਆਵੈਗੇ॥੧॥ ਕਾਹੂੰ ਨ ਬਨਾਏ ਗ੍ਰੰਥ ਗੀਤਾ ਗਯਾਨ ਦੇਖ ਦੇਖ ਕਾਹੂ ਨੈ ਬਨਾਏ ਗ੍ਰੰਥ ਪਿੰਗਲ ਪ੍ਰਧਾਨ ਕੇ॥ ਕਾਹੂ ਨ ਬਨਾਏ ਨਵ ਰਸ ਖਟ ਰਿਤ ਕਾਬਯ ਕਾਹੂ ਕੇ ਕਬਿੱਤ ਸੁਘਰਾਈ ਖਰ ਸਾਨਕੇ॥ ਕਾਹੂ ਨੇ ਬਨਾਇ ਹੈਂ ਪੁਰਾਨਨ ਕੀ ਆਸਾ ਲਿਏ ਕਾਹੂ ਕਰੇ ਸੰਗ੍ਰਹ ਸਵੈਯੇ ਰਸਖਾਨ ਕੇ॥ ਪੁਸ਼ਪ ਰਾਜ ਹਰੀ ਸ਼੍ਰੀ ਸੁਮੇਰ ਸਿੰਘ ਜੀ ਕੇ ਗ੍ਰੰਥ ਸ਼੍ਰੀ ਗੁਰੂ ਗੁਬਿੰਦ ਸਿੰਘ ਦੀਨੇ ਆਪ ਆਨਕੇ॥ ਸ਼੍ਰੀ ਗੁਲਾਬ ਸਿੰਘ ਕ੍ਰਿਤੰ॥ ਕੱ:॥ ਕ੍ਰਿਤ ਘਸੀਟਾ ਸਿੰਘ ਵਾਸੀ ਲਹੋਰ ਕਵੀ ਸਿੰਘ ਸਭਾ ਕੇ॥ ਸ਼੍ਰੀ ਗੁਰੂ ਅਮਰ ਅਮਰ ਕਰਹਿ ਨਾਮ ਲੀਏ ਤਾਸ ਅੰਸ ਹੰਸ ਰੂਪ ਕਾਮਹੂੰ ਕੇ ਕਾਮ ਹੈਂ॥ ਚਾਰ ਖਟ ਆਰ ਦਸ ਸਿੰਮ੍ਰਤ ਸਮੂਹ ਉਪਨਸਧ ਔ ਕਾਬ ਕੋ ਸਰਸ ਨਾਮੈ ਧਾਮ ਹੈਂ॥ ਸੋਭਾ ਕੇ ਸੁਮੇਰ ਸਿੰਘ ਔ ਸੁਮੇਰ ਘਰ ਜਾਨੀਏ ਸੁਮੇਰ ਰੱਛਯਪਾਲ ਸੋ ਸੁਮੇਰ ਸਿੰਘ ਨਾਮ ਹੈ॥ ਭਨਤ ਘਸੀਟਾ ਸਿੰਘ ਬਾਬਾ ਜੀ ਤੁਮਾਰੀ ਕ੍ਰਿਤ ਅਤਿ ਹਿਤ ਚਿਤ ਸਿੱਖ ਪਠੇ ਆਠੋ ਜਾਮ ਹੈਂ॥੧॥ਦੋ:॥ ਸ਼੍ਰੀ ਕਲਗੀਧਰ ਕੀ ਕਥਾ ਪਾਵਨ ਪਰਮ ਉਦਾਰ॥ ਰਚੀ ਸੁਮੇਰ ਮਿੰਦਗਜੀ ਸੋਦਾ ਇਕ ਫਲ ਚਾਰ॥੨॥ਦੋ:॥ ਕਾਪੀ ਸੋਧ ਵਿਚਾਰ ਅਤਿ ਲਿਖੀ ਕੁੱਸਾਲ ਮ੍ਰਿਗਿਦ॥ ਕਵਿਤਾ ਕੀਨ ਸੁਮੇਰ ਹਰਿ ਨੀਲ ਬਰਨ ਸਿਰ ਇੰਦ॥੩॥ ਬਕਲਮ ਕੁਸਾਲ ਸਿੰਘ ਅੰਮ੍ਰਿਤਸਰੀਆ॥ ਦਿਵਾਨ ਸਾਹਿਬ ਬੂਟਾ ਸਿੰਘ ਜੀ ਨੇ ਅਤਿ ਪ੍ਰੇਮ ਕਰ ਕੇ ਛਪਵਾਇਆ॥ ਪੋਥੀ ਸ਼੍ਰੀ ਦਸਮ ਮੰਡਲ॥ ਸ਼੍ਰੀ ਗੁਰੂ ਬਿਲਾਸ ਸ਼੍ਰੀ ਪਾਤਸਾਹੀ ਕਾ॥ ਜੋ ਸਭ ਗੁਰ ਬਿਲਾਸੋ ਕੇ ਤਾਤਪਰਜ ਕੋ ਬਿਚਾਰ ਕੇ ਔਰ ੬ ਰਿਤੂ ੨ ਐਨ ਗੁਰੂ ਸੂਰਜ ਪ੍ਰਤਾਪ ਕੀ ਕਥਾ ਔਰ ੨ ਕਥਾ ਕਾ

Sri Satguru Jagjit Singh Ji eLibrary NamdhariElibrary@gmail.com

ਸਾਰ ਸੰਗ੍ਰਹ ਕਰ ਸ਼੍ਰੀ ੬ ਸਤਗੁਰੁ ਅਮਰ ਬੰਸੋਦ ਭਵ ਏਕਾ ਦਸ ਪੁਰੁਖ ਮਹਾਮਾਨਯ ਮਹੰਤ ਸ਼੍ਰੀ ਕਾਸੀ ਬਾਸੀ ਅਨਨਯ ਗੁਰੂ ਖਾਲਸਾ ਸਵਰੂਪ ਤਸਯਾਤਮ ਜਤਸ ਯਾਗਯਾ ਪਰਿਪਾਲ ਪ੍ਰੇਯ ਪੁਤਰ ਸਿਸਯ ਬਾਬਾ ਸੁਮੇਰ ਸਿੰਘ ਪ੍ਰਣੀਤ ਸ਼੍ਰੀ ਗੁਰੁ ਪਦ ਪ੍ਰੇਮ ਪ੍ਰਕਾਸ ਪੁਰਾਨ ਦਾ ਦਸਮ ਮੰਡਲ ਬੜੇ ਪਰਿਸ੍ਰਮ ਸੇ ਸੋਧ ਕਰ ਕੇ ਸਰ ਬਤ੍ਰ ਗੁਰੂ ਖਾਲਸੇ ਜੀ ਕੀ ਪ੍ਰਸੰਨਤਾ ਕੇ ਲਿਏ॥

ਦੀਵਾਨ ਬੂਟਾ ਸਿੰਘ ਸਾਹਿਬ ਮਾਲਿਕ ਮਤਬੈ ਆਫਤਾਬ ਪੰਜਾਬ ਨੇ ਲਹੌਰ ਮੇ ਮੁਦ੍ਰਿਤ ਕੀਆ॥ ਔਰ ਇਸ ਗ੍ਰੰਥ ਕੋ ਗ੍ਰੰਥਾ ਕਾਰ ਕੀ ਇਛਾ ਸੇ ਬਿਗੈਰ ਛਾਪਨੇ ਕਾ ਅਧਿਕਾਰ ਨਹੀ ਹੈ ਅਗ੍ ਛਾਪੇ ਤੋ ਕਾ: ਸ: ਸੋ ਦੰਡ ਗਾਮੀ ਹੋਗਾ॥ ਤਰੀਕ ਸੰਨ : ਨਾਨਕ ਸਾਹੀ॥੪੧੩॥ ਪਹਲੀ ਬਾਰ ਜਿਲਦ ਬਨਾਈ ੧) ਫੀ: ਪੁਸਤਕ ੪) ਡਾਕ ਖਰਚਾ ੧੧—) ਦਸਖਤ ਕੁਸ਼ਾਲ ਸਿੰਘ ਅੰਮ੍ਰਿਤਸਰੀਆ॥

ਇਸ਼ਤਿਹਾਰ

ਸ਼੍ਰੀ ਪੋਥੀ ਗੁਰੁ ਬਿਲਾਸ ੧੦ ਪਾਤਸਾਹੀ ਕਾ॥ ਕ੍ਰਿਤ ਕਬਿ ਸ਼੍ਰੀ ਮਤ ਬਾਬਾ ਸੁਮੇਰ ਸਿੰਘ ਭੱਲੇ ਕੀ॥ ਆਫਤਾਬ· ਪੰਜਾਬ ਲਹੌਰ ਕੇ ਛਾਪੀ ਗਈ॥ ਔਰ ਕਾਪੀ ਰੈਟ ਇਸ ਗ੍ਰੰਥ ਕਾ ਬਾਬਾ ਸਾਹਿਬ ਮਾਲਿਕ ਇਸ ਛਾਪੇਖਾਨੇ ਕੋ ਦੇ ਦੀਆ॥ ਕੋਈ ਸਖਸ ਸਵਾਇ ਆਗਿਆ ਮਾਲਕ ਆਫਤਾਬ ਪੰਜਾਬ ਛਾਪੇਖਾਨੇ ਕੇ ਕੋਈ ਸਾਹਿਬ ਨ ਛਾਪੇ॥ ਔਰ ਜੇ ਕੋਈ ਛਾਪੇਗਾ ਅਤੇ ਬਮੂਜਬ ਏਕਟ ਨੰਬਰ ੨੫॥ ਸੰਨ ੧੮੬੭॥ ਸੋ ਨੁਖਸਾਨ ਉਠਾਵੇਗਾ ਅਤੇ ਅਧਿਕਾਰ ਦਿਵਾਨ ਸਾਹਿਬ ਬੂਟਾ ਸਿੰਘ ਜੀ ਮਾਲਕ ਛਾਪੇਖਾਨੇ ਕੇ ਲਹੌਰ ਮੈ ਛਾਪੀ ਗਈ॥ ਸੰਨ ੧੯੩੯॥ ਸੰਨ ਸ਼੍ਰੀ ਨਾਨਕ ਸਾਹੀ ੪੧੩॥ ਕਾਪੀ ਨਵੀਸ ਕੁਸਾਲ ਸਿੰਘ ਅੰਮ੍ਰਿਤਸਰੀਆ ਰੈਨੇਵਾਲਾ ਫੁਲਾਂ ਵਾਲੀ ਗਲੀ ਲੁਹਾਰੀ ਮੰਡੀ ਮੈ॥

Sri Satguru Jagjit Singh Ji eLibrary NamdhariElibrary@gmail.com

ਪ੍ਰਿਸ਼ਿਸ਼ਟ ਨੰ: 1

ਉੱਘੇ ਇਤਿਹਾਸਕ ਵਿਅਕਤੀ

ਉਦੇ ਸਿੰਘ : ਇਹ ਜ਼ਿਲ੍ਹਾ ਮੁਲਤਾਨ ਦੇ ਨਗਰ ਆਲੀਪੁਰ ਦੇ ਰਹਿਣ ਵਾਲੇ ਮਨੀ ਸਿੰਘ ਦਾ ਪੁੱਤਰ ਸੀ। ਇਸ ਦੇ ਹੋਰ ਭਰਾ ਅਜਬ ਸਿੰਘ, ਅਜਾਇਬ ਸਿੰਘ, ਅਨਕ ਸਿੰਘ ਅਤੇ ਬਚਿਤ੍ਰ ਸਿੰਘ ਸਨ। ਇਨ੍ਹਾਂ 1699 ਦੀ ਵਿਸਾਖੀ ਨੂੰ ਅੰਮ੍ਰਿਤ ਛੱਕਿਆ ਸੀ। ਇਹ ਸ਼ਾਹੀ ਟਿੱਬੀ ਵਾਲੇ ਯੁੱਧ ਵਿਚ ਸ਼ਹੀਦ ਹੋਇਆ ਸੀ।

ਅਜੀਤ ਸਿੰਘ—1 : ਸਾਹਿਬਜ਼ਾਦਾ ਅਜੀਤ ਸਿੰਘ ਸਪੁੱਤਰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ, ਮਾਤਾ ਸੁੰਦਰੀ ਜੀ ਦੀ ਕੁੱਖੋ ਜਨਮ ਲਿਆ। ਆਪ ਦਾ ਜਨਮ 27 ਜਨਵਰੀ 1687 ਈਸਵੀ ਨੂੰ ਹੋਇਆ। ਪਹਾੜੀ ਰਾਜਿਆਂ ਵਿਰੁੱਧ ਹੋਏ ਕ਼ਲਮੋਟ, ਅਨੰਦਪੁਰ ਤੇ ਹੋਰ ਜੁੱਧਾਂ ਵਿਚ ਬਹਾਕਰੀ ਦੇ ਜੋਹਰ ਵਿਖਾਉਂਦੇ ਰਹੇ। ਵੱਡੀ ਬਸੀ (ਹੁਸ਼ਿਆਰਪੁਰ) ਦੇ ਪਠਾਣਾਂ ਪਾਸੋ ਇਕ ਗਰੀਬ ਬ੍ਰਹਾਮਣ ਦੀ ਪਤਨੀ ਛੁਡਾਈ। ਅਨੰਦਪੁਰ ਛੱਡਣ ਸਮੇਂ ਸਰਸਾ ਨਦੀ ਤੇ ਬਹਾਦਰੀ ਨਾਲ ਲੜੇ। ਫਿਰ ਚਮਕੌਰ ਦੀ ਗੜੀ ਵਿਚ ਅੱਠ ਪੋਹ ਸੰਮਤ 1762 ਬਿਕ੍ਰਮੀ ਵਿਚ (ਈਸਵੀ1705) ਲੜਦੇ ਹੋਏ ਸ਼ਹੀਦ ਹੋ ਗਏ।

ਅਜੀਤ ਸਿੰਘ—2 : ਮਾਤਾ ਸੁੰਦਰੀ ਜੀ ਦੁਆਰਾ ਗੋਦ ਲਿਆ ਇਕ ਸੁਨਿਆਰੇ ਦਾ ਪੁਤਰ ਅਜੀਤ ਸਿੰਘ। ਇਸ ਦੀ ਸ਼ਕਲ ਸੂਰਤ ਸਾਹਿਬਜ਼ਾਦਾ ਅਜੀਤ ਸਿੰਘ ਨਾਲ ਬਹੁਤ ਮਿਲਦੀ ਜੁਲਦੀ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਅਕਾਲ ਚਲਾਣਾ ਕਰ ਜਾਣ ਉਪਰੰਤ, ਬਹਾਦਰ ਸ਼ਾਹ ਵੱਲੋ 30 ਅਕਤੂਬਰ 1708 ਈਸਵੀ ਵਿਚ ਮਾਤਮੀ ਖਿਲਅਤ ਆਪਨੂੰ ਪ੍ਰਦਾਨ ਕਰਨ ਦਾ ਹੁਕਮ ਹੋਇਆ।

ਅਜੀਤ ਸਿੰਘ—3 : ਜੋਧਪੁਰ ਦੇ ਇਲਾਕੇ ਦਾ ਰਾਠੌਰ ਰਾਜਪੂਤ। ਆਪ ਦੇ ਪਿਤਾ ਦਾ ਨਾਮ ਜਸਵੰਤ ਸਿੰਘ ਰਾਠੌਰ ਸੀ। ਗੁਰੂ ਗੋਬਿੰਦ ਸਿੰਘ ਜੀ ਨੂੰ ਦੱਖਣ ਦੀ ਯਾਤਰਾ ਸਮੇਂ ਮਿਲਿਆ ਸੀ। ਇਸ ਦਾ ਦਿਹਾਂਤ 1716 ਈਸਵੀ ਨੂੰ ਹੋਇਆ ਸੀ।

ਗੁਰੂ ਅਮਰਦਾਸ ਜੀ : ਸਿੱਖਾਂ ਦੇ ਤੀਸਰੇ ਗੁਰੂ। ਆਪ ਜੀ ਦੇ ਪਿਤਾ ਦਾ ਨਾਮ ਤੇਜ ਭਾਨ ਸੀ। ਆਪ ਦਾ ਜਨਮ ਬਾਸਰਕੇ ਜ਼ਿਲ੍ਹਾ ਅੰਮਰਿਤਸਰ ਵਿਚ ਵਿਸਾਖ ਸੁਦੀ 14, ਸੰਮਤ 1536 ਵਿਚ ਹੋਇਆ। ਆਪ ਨੂੰ ਗੁਰਿਆਈ ਚੇਤ ਸੁਦੀ ਚਾਰ ਸੰਮਤ 1609 ਬਿਕ੍ਰਮੀ ਨੂੰ ਖਡੂਰ ਸਾਹਿਬ ਵਿਖੇ ਮਿਲੀ। ਆਪ 1532 ਬਿਕ੍ਰਮੀ ਸੰਮਤ ਵਿਚ ਜੋਤੀ ਜੋਤ ਸਮਾ ਗਏ।

ਗੁਰੂ ਅਰਜਨ ਦੇਵ ਜੀ : ਆਪ ਸਿੱਖਾਂ ਦੇ ਪੰਜਵੇਂ ਗੁਰੂ ਸਨ। ਆਪ ਜੀ ਦੇ ਪਿਤਾ ਦਾ ਨਾਮ ਸ਼੍ਰੀ ਗੁਰੂ ਰਾਮ ਦਾਸ ਜੀ ਸੀ। ਆਪ ਦਾ ਜਨਮ ਗੋਇੰਦਵਾਲ ਵਿਚ 15 ਅਪਰੈਲ 1563 ਈਸਵੀ ਨੂੰ ਹੋਇਆ। ਆਪ ਨੇ ਹਰਮੰਦਰ ਸਾਹਿਬ ਦੀ ਨੀਂਹ ਰੱਖੀ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਕਾਤੀ। 30 ਮਈ 1606 ਈ. ਨੂੰ ਆਪ ਸ਼ਹੀਦ ਹੋ ਗਏ।

Sri Satguru Jagjit Singh Ji eLibrary NamdhariElibrary@gmail.com

ਅਲਫ ਖਾਂ (ਆਲਿਫ ਖ਼ਾਂ) : ਇਹ ਸ਼ਾਹੀ ਵਜ਼ੀਰ ਲੁਤਫੱਲਾ ਖ਼ਾਨ ਦਾ ਪੁੱਤਰ ਸੀ ਅਤੇ ਜੰਮੂ ਦੇ ਸੂਬੇਦਾਰ ਮੀਆਂ ਖਾਂ ਦਾ ਭਤੀਜਾ ਸੀ। ਮੀਆਂ ਖਾਂ ਨੇ ਅਲਫ ਖਾਂ ਨੂੰ ਭੀਮ ਚੰਦ ਕਹਿਲੂਰੀਏ ਦੇ ਵਿਰੁੱਧ ਲੜਨ ਲਈ ਭੇਜਿਆ ਸੀ, ਨਾਦੌਣ ਦੇ ਜੁੱਧ ਵਿਚ ਗੁਰੂ ਜੀ ਨੇ ਇਸ ਦੇ ਵਿਰੁੱਧ ਭੀਮ ਚੰਦ ਦੀ ਸਹਾਇਤਾ ਕੀਤੀ ਸੀ।

ਆਲਮ ਚੰਦ : ਪਹਾੜੀ ਸੈਨਾ ਦਾ ਇਕ ਸਰਦਾਰ ਜੀ ਜਿਸ ਨੇ ਗੁਰੂ ਗੋਬਿੰਦ ਸਿੰਘ ਜੀ ਵਿਰੁੱਧ ਕਈ ਲੜਾਈਆਂ ਵਿਚ ਪਹਾੜੀ ਸੈਨਾ ਦੀ ਅਗਵਾਈ ਕੀਤੀ ਸੀ।

ਆਜ਼ਮ—(ਮੁਹੰਮਦ) : ਇਹ ਬਾਦਸ਼ਾਹ ਔਰੰਗਜੇਬ ਦਾ ਤੀਜਾ ਪੁੱਤਰ ਸੀ। ਇਸ ਦਾ ਜਨਮ 11 ਜੁਲਾਈ 1653 ਨੂੰ ਹੋਇਆ ਸੀ। 1707 ਈਸਵੀ ਵਿਚ ਔਰੰਗਜ਼ੇਬ ਦੀ ਮੌਤ ਉਪਰੰਤ ਆਪ ਨੇ ਆਪਣੇ ਆਪ ਨੂੰ ਬਹਾਦਰ ਸ਼ਾਹ ਅਖਵਾਇਆ ਚਾਹੁੰਦਾ ਸੀ।

ਆਸਾ ਸਿੰਘ : ਗੁਰੂ ਗੋਬਿੰਦ ਸਿੰਘ ਜੀ ਦਾ ਮੁਤਸੱਦੀ ਸੀ। ਗਰੀਬਾਂ ਦੀ ਸਹਾਇਤਾ ਕਰਿਆ ਕਰਦਾ ਸੀ।

ਅੰਗਦ ਗੁਰੂ : ਸਿੱਖਾਂ ਦੇ ਦੂਸਰੇ ਗੁਰੂ। ਆਪ ਜੀ ਦੇ ਪਿਤਾ ਦਾ ਨਾਮ ਫੇਰੂ ਮੱਲ ਜੀ ਸੀ। ਆਪ ਦਾ ਜਨਮ ਸਰਾਇ ਨਾਗਾਂ ਜ਼ਿਲ੍ਹਾ ਫਿਰੋਜ਼ਪੁਰ ਵਿਚ 1561 ਬਿਕਰਮੀ ਨੂੰ ਹੋਇਆ। ਆਪ ਨੂੰ 1539 ਈਸਵੀ ਵਿਚ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾ ਜਾਣ ਉਪਰੰਤ ਗੁਰਿਆਈ ਮਿਲੀ।

ਔਰੰਗਜ਼ੇਬ : ਬਾਦਸ਼ਾਹ ਔਰੰਗਜ਼ੇਬ ਜਿਸ ਨੂੰ ਹਿੰਦੂ ਧਰਮ ਤੇ ਸਭ ਤੋਂ ਵੱਧ ਜ਼ੁਲਮ ਢਾਹੇ। ਇਸ ਨੇ ਹੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਨ ਦੇ ਹੁਕਮ ਦਿੱਤੇ। ਇਸ ਦਾ ਜਨਮ 10 ਅਕਤੂਬਰ 1619 ਨੂੰ ਹੋਇਆ। 1658 ਵਿਚ ਇਸ ਨੇ ਆਪਣੇ ਪਿਤਾ ਸ਼ਾਹ ਜਹਾਨ ਨੂੰ ਕੈਦ ਕਰ ਲਿਆ। ਇਹ ਕੱਟੜ ਸੁੰਨੀ ਮੁਸਲਮਾਨ ਸੀ। ਇਸ ਨੇ ਹਿੰਦੂਆਂ ਦੇ ਬਹੁਤ ਸਾਰੇ ਮੰਦਰ ਢਾਹੇ ਅਤੇ ਮਸੀਤਾਂ ਉਸਾਰੀਆਂ।

ਅੰਮ੍ਰਿਤ ਰਾਏ ਭੱਟ : ਗੁਰੂ ਜੀ ਦੇ ਦਰਬਾਰੀ ਕਵੀਆਂ ਵਿਚੋਂ ਇਕ ਕਵੀ ਸੀ।

ਸਾਧੂ ਸਿੰਘ ਬਾਬਾ : ਇਸ ਪੁਸਤਕ ਦੇ ਲੇਖਕ ਦਾ ਪਿਤਾ ਬਾਬਾ ਸਾਧੂ ਸਿੰਘ ਸਿੱਖ ਧਰਮ ਦਾ ਇਕ ਪ੍ਰਚਾਰਕ ਹੋਇਆ ਹੈ।

ਸਾਹਿਬ ਸਿੰਘ : 1. ਇਕ ਬਹਾਦਰ ਸਿੰਘ ਸੀ। ਇਹ ਗੁਰੂ ਜੀ ਨਾਲ ਦੱਖਣ ਨੂੰ ਗਿਆ ਸੀ।

2. ਪੰਜਾਂ ਪਿਆਰਿਆਂ ਵਿਚੋਂ ਇਕ ਸਿੰਘ ਜਿਹੜਾ ਚਮਕੌਰ ਦੀ ਗੜ੍ਹੀ ਵਿਚ ਸ਼ਹੀਦ ਹੋ ਗਿਆ ਸੀ।

3. ਅਠਾਹਰਵੀਂ ਉਨ੍ਹੀਵੀਂ ਸਦੀ ਦਾ ਇਕ ਲਿਖਾਰੀ ਜਿਸ ਨੂੰ 'ਸੋ-ਸਾਖੀ ਗੁਰ ਰਤਨਮਾਲ' ਦਾ ਕਰਤਾ ਮੰਨਿਆ ਜਾਂਦਾ ਹੈ।

ਸਾਹਿਬ ਚੰਦ : ਆਪ ਦੀਵਾਨ ਮਤੀ ਦਾਸ ਜੀ ਦੇ ਸਪੁੱਤਰ ਸਨ। ਆਪ ਭੰਗਾਣੀ ਦੇ ਜੁੱਧ ਵਿਚ ਬੜੀ ਬਹਾਦਰੀ ਨਾਲ ਲੜੇ ਸਨ। ਨਿਰਮੋਹਗੜ੍ਹ ਦੇ ਯੁੱਧ ਵਿਚ ਆਪ ਸ਼ਹੀਦ ਹੋਏ ਸਨ।

ਸੈਦ ਖਾਂ : ਇਕ ਮੁਗ਼ਲ ਸਿਪਾਹ ਸਲਾਰ ਸੀ ਜੋ ਗੁਰੂ ਜੀ ਨਾਲ ਲੜਨ ਲਈ ਆਇਆ ਸੀ ਪਰ ਗੁਰੂ ਜੀ ਦੇ ਦਰਸ਼ਨ ਕਰ ਕੇ ਮੁਰੀਦ ਹੋ ਗਿਆ ਸੀ।

ਸੈਨਾਪਤੀ : ਗੁਰੂ ਗੋਬਿੰਦ ਸਿੰਘ ਜੀ ਦੇ ਦਰਵਾਰ ਦੇ ਬਵੰਜਾ ਕਵੀਆਂ ਵਿਚੋਂ ਇਕ ਸੀ, ਜਿਸ ਨੇ 'ਗੁਰ ਸੋਭਾ' ਗ੍ਰੰਥ ਦੀ ਰਚਨਾ ਕੀਤੀ ਅਤੇ ਚਾਣਚਕ ਨੀਤੀ ਦਾ ਉਲੱਥਾ ਕੀਤਾ।

ਸੰਗਤੀ ਸਿੰਘ : ਗੁਰੂ ਗੋਬਿੰਦ ਸਿੰਘ ਜੀ ਦਾ ਇਕ ਸਿੱਖ ਸੀ। ਗੁਰੂ ਜੀ ਨੇ ਇਸ ਨੂੰ ਭੀਮ ਚੰਦ ਅਤੇ ਕਿਰਪਾਲ ਕਟੋਚੀਏ ਦੀ ਸੁਲਾਹ ਕਰਵਾਉਣ ਲਈ ਭੇਜਿਆ ਸੀ।

ਸੁਮੇਰ ਸਿੰਘ ਮਹੰਤ : ਇਸ ਪੁਸਤਕ ਦਾ ਕਰਤਾ, ਬਾਬਾ ਸਾਧੂ ਸਿੰਘ ਭੱਲੇ ਦਾ ਸਪੁੱਤਰ ਜੋ ਕਿ ਨਜੀਬਾਬਾਦ

Sri Satguru Jagjit Singh Ji eLibrary NamdhariElibrary@gmail.com

ਜ਼ਿਲ੍ਹਾ ਆਜ਼ਮਗੜ ਦਾ ਰਹਿਣ ਵਾਲਾ ਸੀ। ਇਸ ਨੇ 'ਗੁਰਪਦ ਪ੍ਰੇਮ ਪ੍ਰਕਾਸ਼' ਅਤੇ 'ਖਾਲਸਾ ਸ਼ਤਕ' ਦੀ ਰਚਨਾ ਕੀਤੀ ਸੀ।

ਸੰਗੋਸਾਹ (ਸੰਗ੍ਰਾਮ ਸ਼ਾਹ) : ਇਹ ਗੁਰੂ ਹਰਗੋਬਿੰਦ ਜੀ ਦੀ ਸਪੁੱਤਰੀ ਬੀਬੀ ਵੀਰੋ ਜੀ ਦਾ ਸਪੁੱਤਰ ਸੀ। ਇਸ ਤਰ੍ਹਾਂ ਰਿਸ਼ਤੇ ਵਿਚੋਂ ਗੁਰੂ ਗੋਬਿੰਦ ਸਿੰਘ ਜੀ ਦੀ ਭੂਆ ਦਾ ਪੁੱਤਰ ਲਗਦਾ ਸੀ। ਇਹ ਭੰਗਾਣੀ ਦੇ ਯੁੱਧ ਵਿਚ ਸ਼ਹੀਦ ਹੋ ਗਏ ਸਨ।

ਸੰਤ ਸਿੰਘ : ਇਹ ਮਾਝੇ ਦੇ ਇਲਾਕੇ ਦਾ ਸਿੱਖ ਸੀ। ਇਸ ਦਾ ਪਿੰਡ ਪੱਟੀ ਸੀ। ਚਮਕੌਰ ਦੀ ਗੜ੍ਹੀ ਛੱਡਣ ਸਮੇਂ ਗੁਰੂ ਜੀ ਨੇ ਇਸ ਨੂੰ ਆਪਣਾ ਤੁੱਰਰਾ ਤੇ ਕਲਗੀ ਬਖਸ਼ ਕੇ ਆਪਣੀ ਜਗਾ ਤੇ ਬੈਠਾਇਆ ਸੀ।

ਹਯਾਤ ਖ਼ਾਨ : ਇਕ ਪਠਾਣ ਸੀ ਜਿਹੜਾ ਕਿ ਸੋ ਸਵਾਰਾਂ ਦਾ ਸਰਦਾਰ ਸੀ ਇਸ ਨੂੰ ਪੀਰ ਬੁੱਧੂ ਸ਼ਾਹ ਸਢੌਰੇ ਵਾਲੇ ਨੇ ਗੁਰੂ ਗੋਬਿੰਦ ਸਿੰਘ ਜੀ ਕੋਲ ਪਾਉਂਟਾ ਸਾਹਿਬ ਵਿਖੇ ਨੌਕਰ ਰੱਖਵਾਇਆ ਸੀ। ਇਹ ਭੰਗਾਣੀ ਦੇ ਪਹਿਲੇ ਯੁੱਧ ਸਮੇਂ ਹੀ ਪਹਾੜੀ ਰਾਜਿਆਂ ਨਾਲ ਜਾ ਮਿਲਿਆ ਸੀ ਅਤੇ ਕ੍ਰਿਪਾਲ ਦਾਸ ਉਦਾਸੀ ਹੱਥੋਂ ਮਾਰਿਆ ਗਿਆ ਸੀ।

ਹਰਿ ਕ੍ਰਿਸ਼ਨ ਗੁਰੂ : ਆਪ ਸਿੱਖਾਂ ਦੇ ਅੱਠਵੇਂ ਗੁਰੂ ਸਨ। ਆਪ ਜੀ ਦੇ ਪਿਤਾ ਜੀ ਦਾ ਨਾਮ ਗੁਰੂ ਹਰਿ ਰਾਇ ਜੀ ਸੀ। ਜਨਮ 7 ਜੁਲਾਈ 1656 ਈਸਵੀ ਅਤੇ ਅਕਾਲ ਚਲਾਣਾ 30 ਮਾਰਚ 1664 ਈਸਵੀ।

ਹਰਿ ਗੋਬਿੰਦ ਗੁਰੂ : ਆਪ ਸਿੱਖਾਂ ਦੇ ਛੇਵੇਂ ਗੁਰੂ ਜੀ ਸਨ। ਆਪ ਜੀ ਦੇ ਪਿਤਾ ਜੀ ਦਾ ਨਾਮ ਗੁਰੂ ਅਰਜਨ ਦੇਵ ਜੀ ਸੀ। ਆਪ ਨੇ ਮੁਗ਼ਲਾਂ ਵਿਰੁੱਧ ਕਈ ਲੜਾਈਆਂ ਲੜੀਆਂ ਹਨ। ਆਪ ਜੀ ਦਾ ਜਨਮ 19 ਜੂਨ 1595 ਈਸਵੀ ਨੂੰ ਅਤੇ ਅਕਾਲ ਚਲਾਣਾ 5 ਮਾਰਚ 1644 ਈਸਵੀ ਨੂੰ ਹੋਇਆ।

ਹਰਿ ਰਾਏ ਗੁਰੂ : ਆਪ ਸਿੱਖਾਂ ਦੇ ਸੱਤਵੇਂ ਗੁਰੂ ਸਨ। ਆਪ ਜੀ ਦੇ ਪਿਤਾ ਦਾ ਨਾਮ ਬਾਬਾ ਗੁਰਦਿੱਤਾ ਜੀ ਸੀ। ਆਪ ਦਾ ਜਨਮ 26 ਜਨਵਰੀ 1630 ਈ. ਨੂੰ ਹੋਇਆ ਅਤੇ ਅਕਾਲ ਚਲਾਣਾ ਅਕਤੂਬਰ 1661 ਈ. ਨੂੰ ਹੋਇਆ।

ਹਰੀ ਸਿੰਘ : ਇਕ ਪਹਾੜੀ ਰਾਜਪੂਤ ਜੋਧਾ ਸੀ ਜਿਸ ਨੇ ਹੁਸੈਨੀ ਖਾਂ ਦੇ ਯੁੱਧ ਵਿਚ ਬੜੀ ਬਹਾਦਰੀ ਵਿਖਾਈ ਸੀ।

ਹਰੀ ਚੰਦ : ਹੰਡੂਰ (ਨਾਲਾਗੜ੍ਹ) ਦਾ ਰਾਜਾ ਸੀ। ਇਹ ਭੀਮ ਚੰਦ ਨਾਲ ਮਿਲ ਕੇ ਗੁਰੂ ਜੀ ਦੇ ਵਿਰੁੱਧ ਲੜਿਆ ਸੀ।

ਹੁਸੈਨੀ ਖ਼ਾਨ : ਇਹ ਮੁਗ਼ਲ ਜਰਨੈਲ ਦਿਲਾਵਰ ਖਾਂ ਦਾ ਗੁਲਾਮ ਸੀ ਜਿਹੜਾ ਦਿਲਾਵਰ ਖਾਂ ਦੇ ਪੁੱਤਰ ਦੇ ਯੁੱਧ ਵਿਚੋਂ ਭੱਜ ਜਾਣ ਉਪਰੰਤ ਫੌਜ ਲੈ ਕੇ ਗੁਰੂ ਜੀ ਨਾਲ ਲੜਨ ਲਈ ਆਇਆ ਸੀ ਪਰ ਰਸਤੇ ਵਿਚ ਪਹਾੜੀ ਰਾਜਿਆਂ ਹੱਥੋਂ ਮਾਰਿਆ ਗਿਆ ਸੀ।

ਕਲਾਧਾਰੀ ਬਾਬਾ : ਆਪ ਬੇਦੀ ਵੰਸ਼ ਵਿਚੋਂ ਇਕ ਅਜਮਤਵਾਨ ਸਿੱਖ ਸਨ। ਆਪ ਦਾ ਇਕ ਪੁੱਤਰ ਅਜੀਤ ਸਿੰਘ ਸੀ।

ਕਪੂਰਾ : ਬਰਾੜ ਗੋਤ ਦਾ ਇਕ ਸਰਦਾਰ ਸੀ ਜਿਸ ਨੇ ਕੋਟਕਪੂਰਾ ਵਸਾਇਆ ਸੀ। ਇਹ ਗੁਰੂ ਜੀ ਦਾ ਮੁਰੀਦ ਹੋਇਆ ਹੈ। ਮੰਜ ਈਸਾ ਖਾਂ ਨੇ ਇਸ ਨੂੰ 1708 ਈ. ਵਿਚ ਫਾਂਸੀ ਦੇ ਕੇ ਮਰਵਾਇਆ ਸੀ।

ਕਿਰਪਾਲ ਮਹੰਤ : ਮਹੰਤ ਕਿਰਪਾਲ ਦਾਸ ਉਦਾਸੀ—ਇਸ ਦਾ ਗੱਦੀ ਪਿੰਡ ਹੇਰਰ ਜ਼ਿਲ੍ਹਾ ਲੁਧਿਆਣਾ ਵਿਚ ਹੈ। ਇਹ ਭੱਗਾਣੀ ਦੇ ਯੁੱਧ ਵਿਚ ਲੜਿਆ ਸੀ। ਜਦੋਂ ਗੁਰੂ ਜੀ ਮਾਛੀਵਾੜੇ ਤੋਂ ਮਾਲਵੇ ਵੱਲ ਜਾ ਰਹੇ ਸਨ ਤਾਂ ਪਿੰਡ ਹੇਹਰ ਆਪ ਪਾਸ ਵੀ ਗਏ ਸਨ।

ਕਿਰਪਾਲ ਚੰਦ : ਇਹ ਕਾਂਗੜੇ ਦੇ ਰਾਜੇ ਭੀਮ ਚੰਦ ਕਟੋਚ ਦਾ ਛੋਟਾ ਭਰਾ ਸੀ। ਇਹ ਹੁਸੈਨੀ ਦੀ ਲੜਾਈ

Sri Satguru Jagjit Singh Ji eLibrary NamdhariElibrary@gmail.com

ਵਿਚ ਮਾਰਿਆ ਗਿਆ ਸੀ।

ਕੇਸਰੀ ਸਿੰਘ : ਪਹਾੜੀ ਇਲਾਕੇ ਜਸਵਾਲ ਦਾ ਰਾਜਾ ਸੀ। ਇਹ ਗੁਰੂ ਜੀ ਵਿਰੁੱਧ ਲੜਿਆ ਸੀ।

ਕੇਸੋ ਦਾਸ : ਤੰਤਰ ਸ਼ਾਸਤਰ ਦਾ ਇਕ ਮਾਹਿਰ ਪੰਡਿਤ ਸੀ। ਇਸ ਨੇ ਦੇਵੀ ਪ੍ਰਗਟ ਕਰਨ ਦਾ ਦਾਵਾ ਕੀਤਾ ਸੀ ਪਰ ਅਸਫਲ ਰਹਿਣ ਤੇ ਸ਼ਰਮਿੰਦਾ ਹੋ ਕੇ ਆਨੰਦਪੁਰ ਤੋਂ ਚਲਾ ਗਿਆ ਸੀ।

ਖ਼ਾਨ ਖੰਨਾਨ : ਬਾਦਸ਼ਾਹ ਬਹਾਦਰ ਸਾਹਬ ਦਾ ਵੱਡਾ ਵਜ਼ੀਰ, ਜਿਸ ਨਾਲ ਗੁਰੂ ਜੀ ਦੀ ਮੁਲਾਕਾਤ ਹੋਈ ਦੱਸੀ ਗਈ ਹੈ। ਇਹ ਮੁਲਾਕਾਤ 1707 ਈਸਵੀ ਵਿਚ ਹੋਈ, ਔਰੰਗਜ਼ੇਬ ਦੀ ਮੋਤ ਤੋਂ ਬਾਅਦ।

ਖਾਨਜਾਦਾ : ਇਹ ਦਿਲਾਵਰ ਖ਼ਾਨ ਜਰਨੈਲ ਦਾ ਪੁੱਤਰ ਸੀ। ਜਦੋਂ ਗੁਰੂ ਜੀ ਦੇ ਸਿੱਖ ਗਰਜ਼ਦੇ ਹੋਏ ਲੜਾਈ ਲਈ ਨਿਕਲੇ ਤਾਂ ਇਹ ਬਿਨਾਂ ਲੜਾਈ ਦੇ ਹੀ ਮੈਦਾਨ ਵਿਚੋਂ ਭੱਜ ਗਿਆ ਸੀ।

ਗੁਲਾਬ ਰਾਏ ਸੋਢੀ : ਗੁਰੂ ਰਾਮ ਦਾਸ ਦੀ ਅੰਸ਼ ਵਿਚੋਂ ਪ੍ਰਿਥੀ ਚੰਦ, ਸੂਰਜ ਮੱਲ ਦੇ ਵੰਸ਼ ਵਿਚੋਂ ਜਿਹੜਾ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਨ ਆਇਆ ਸੀ।

ਗੁਰਦਾਸ ਬਹਲੋ : ਬਹਲੋ ਵੰਸੀ, ਗੁਰਦਾਸ ਮਸੰਦ ਇਹ ਬਾਬਾ ਰਾਮ ਰਾਇ ਦਾ ਮਸੰਦ ਸੀ ਉਨ੍ਹਾਂ ਦੀ ਮੋਤ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਨ ਵਿਚ ਆ ਗਿਆ ਹੈ।

ਚੇਤੂ ਮਸੰਦ ਭਾਈ : ਇਹ ਇਕ ਮਸੰਦ ਸੀ ਜਿਹੜਾ ਅਨੰਦਪੁਰ ਵਿਚ ਗੁਰੂ ਜੀ ਦੇ ਹਜ਼ੂਰ ਵਿਚ ਰਹਿੰਦਾ ਸੀ।

ਚੈਯਾ ਮੈਯਾਂ : ਇਹ ਮਸੰਦ ਗੁਰੂ ਤੇਗ ਬਹਾਦਰ ਜੀ ਦੁਆਰਾ ਥਾਪਿਆ ਹੋਇਆ ਸੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਹਜ਼ੂਰੀ ਵਿਚ ਰਹਿੰਦਾ ਸੀ।

ਚੋਪਾ ਸਿੰਘ ਭਾਈ : ਇਹ ਗੁਰੂ ਗੋਬਿੰਦ ਸਿੰਘ ਜੀ ਦਾ ਖਿਡਾਵਾ ਸੀ। ਇਸ ਦੇ ਰਚੇ ਰਹਿਤਨਾਮੇ ਵੀ ਪ੍ਰਸਿੱਧ ਹਨ।

ਜੀਤ ਮੱਲ : ਆਪ ਸ੍ਰੀ ਗੁਰੂ ਹਰਿ ਗੋਬਿੰਦ ਜੀ ਦੀ ਸਪੁੱਤਰੀ ਬੀਬੀ ਵੀਰੋ ਦੇ ਸਪੁੱਤਰ ਸੀ। ਇਹ ਭੰਗਾਣੀ ਦੇ ਜੁੱਧ ਵਿਚ ਸ਼ਹੀਦ ਹੋ ਗਏ ਸਨ।

ਜ਼ਾਲਿਮ ਸਿੰਘ : ਗੁਰੂ ਗੋਬਿੰਦ ਸਿੰਘ ਜੀ ਦਾ ਸੁਰਾਹੀ ਬਰਦਾਰ ਸੇਵਕ ਸਨ। ਇਹ ਤਾਕਤਵਰ ਵਿਕਅਤੀ ਸਨ।

ਜੁਝਾਰ ਸਿੰਘ (ਸਾਹਿਬਜ਼ਾਦਾ) : ਗੁਰੂ ਗੋਬਿੰਦ ਸਿੰਘ ਜੀ ਦਾ ਸਪੁੱਤਰ ਸਨ। ਮਾਤਾ ਜੀਤੋ ਜੀ ਦੀ ਕੁਖੋ ਆਪ ਦਾ ਜਨਮ 1690 ਈਸਵੀ ਵਿਚ ਹੋਇਆ ਸੀ। ਆਪ ਚਮਕੌਰ ਸਿੰਘ ਦੀ ਜੰਗ ਵਿਚ 7 ਦਸੰਬਰ 1705 ਈ. ਨੂੰ ਸ਼ਹੀਦ ਹੋ ਗਏ ਸਨ।

ਜਮਤੂਲਾ ਭਾਊ : ਇਹ ਇਕ ਰਾਜਪੂਤ ਗੁਜਰ ਸਰਦਾਰ ਸੀ। ਗੁਰੂ ਜੀ ਵਿਰੁੱਧ ਇਕ ਲੜਾਈ ਵਿਚ ਬਹਾਦਰੀ ਨਾਲ ਲੜਿਆ ਅਤੇ ਮਾਰਿਆ ਗਿਆ ਸੀ।

ਜ਼ੋਰਾਵਰ ਸਿੰਘ : 1. ਗੁਰੂ ਗੋਬਿੰਦ ਸਿੰਘ ਜੀ ਦਾ ਸਪੁੱਤਰ ਸੀ ਆਪ ਦਾ ਜਨਮ ਮਾਤਾ ਜੀਤੋ ਜੀ ਕੀ ਕੁੱਖੋ 18 ਨਵੰਬਰ 1696 ਈਸਵੀ ਨੂੰ ਹੋਇਆ ਸੀ। ਆਪ 12 ਦਸੰਬਰ 1705 ਈ. ਵਿਚ ਸਰਹੰਦ ਵਿਖੇ ਸ਼ਹੀਦ ਹੋਏ ਸਨ।

2. ਇਹ ਜ਼ੋਰਾਵਰ ਸਿੰਘ ਬੱਸੀ ਪਠਾਣਾ ਦੇ ਨਿਵਾਸੀ ਭਾਈ ਨੱਥੂ ਤਖਰਾਣ ਦਾ ਪੁੱਤਰ ਸੀ। ਇਸ ਦੀ ਮਾਤਾ ਬੀਬੀ ਭਿਖੀ ਮਾਤਾ ਜੀਤੋ ਜੀ ਦੀ ਟਹਿਲਣ ਸੀ। ਇਸ ਨੇ ਇਕ ਵਾਰੀ ਘੋਲ ਵਿਚ ਜੋਰਾਵਰ ਸਿੰਘ ਨੂੰ ਢਾਅ ਲਿਆ ਸੀ। ਗੁਰੂ ਜੀ ਦੇ ਦੱਖਣ ਦੇ ਸਫਰ ਸਮੇਂ ਇਹ ਚਿਤੋੜ ਦੀ ਮੁੱਠ ਭੇੜ ਵਿਚ ਸ਼ਹੀਦ ਹੋ ਗਿਆ ਸੀ।

ਝਝਵਾਲੀਆ, ਝਝਵਾਲ : (ਰਾਜਪੂਤਾਂ ਦੀ ਗੋਤ) ਦਾਤਾਰਪੁਰੀਏ ਰਾਜਪੂਤ ਇਸ ਗੋਤ ਦੇ ਹਨ। ਇਹ

Sri Satguru Jagjit Singh Ji eLibrary NamdhariElibrary@gmail.com

ਇਲਾਵਾ ਊਨਾ ਤਹਿਸੀਲ ਦੇ ਚੜ੍ਹਦੇ ਪਾਸੇ ਪਹਾੜੀ ਇਲਾਕੇ ਵਿਚ ਹੈ।

ਤੇਗ ਬਹਾਦਰ ਗੁਰੂ : ਸਿੱਖਾਂ ਦੇ ਨੌਵੇਂ ਗੁਰੂ। ਆਪ ਸ਼੍ਰੀ ਗੁਰੂ ਹਰਗੋਬਿੰਦ ਜੀ ਦੇ ਸਾਹਿਬਜ਼ਾਦੇ ਸਨ। ਆਪ ਦਾ ਜਨਮ ਪਹਿਲੀ ਅਪਰੈਲ 1621 ਈ. ਵਿਚ ਹੋਇਆ ਸੀ। ਆਪ ਨੂੰ ਔਰੰਗਜ਼ੇਬ ਦੇ ਹੁਕਮ ਨਾਲ 11 ਨਵੰਬਰ 1675 ਈਸਵੀ ਨੂੰ ਦਿੱਲੀ ਵਿਚ ਸ਼ਹੀਦ ਕਰ ਦਿੱਤਾ ਗਿਆ ਸੀ।

ਦਯਾ ਸਿੰਘ ਭਾਈ : ਆਪ ਪੰਜਾਂ ਪਿਆਰਿਆਂ ਵਿਚੋਂ ਇਕ ਸਿੱਖ ਸਨ। ਆਪ ਲਾਹੌਰ ਦੇ ਰਹਿਣ ਵਾਲੇ ਸੋਢਤ ਖੱਤਰੀ ਸਨ। ਆਪ ਦੇ ਹੱਥੀਂ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਜਫ਼ਰਨਾਮਾ ਭੇਜਿਆ ਸੀ।

ਦਯਾ ਰਾਮ : ਮਲਕ ਜਾਤੀ ਦਾ ਇਕ ਖੱਤਰੀ ਸਿੱਖ ਸੀ। ਜਿਸ ਨੇ ਭੰਗਾਣੀ ਦੇ ਯੁੱਧ ਵਿਚ ਬੜੀ ਬਹਾਦਰੀ ਨਾਲ ਲੜਾਈ ਕੀਤੀ ਸੀ।

ਦਿਲਾਵਰ ਖ਼ਾਂ : ਇਹ ਬਾਦਸ਼ਾਹ ਔਰੰਗਜ਼ੇਬ ਦਾ ਪੰਜ ਹਜਾਰੀ ਫੌਜਦਾਰ ਸੀ ਜਿਹੜਾ ਪਹਾੜੀ ਰਾਜਿਆਂ ਨੂੰ ਜਿੱਤਣ ਲਈ ਆਇਆ ਸੀ। ਉਸ ਨੇ ਆਪਣੇ ਪੁੱਤਰ ਨੂੰ ਗੁਰੂ ਜੀ ਵਿਰੁੱਧ ਭੇਜਿਆ ਸੀ ਜਿਹੜਾ ਮੈਦਾਨ ਵਿਚੋਂ ਭੱਜ ਗਿਆ ਸੀ।

ਧਰਮ ਸਿੰਘ ਭਾਈ : ਆਪ ਪੰਜਾਂ ਪਿਆਰਿਆਂ ਵਿਚੋਂ ਇਕ ਸਨ। ਆਪ ਦਾ ਜਨਮ ਹਸਤਨਾਪੁਰ (ਦਿੱਲੀ) ਵਿਚ 1723 ਬਿਕ੍ਰਮੀ ਅਥਵਾ 1666 ਈਸਵੀ ਵਿਚ ਹੋਇਆ ਸੀ।

ਨਉਰੰਗ : ਬਾਦਸ਼ਾਹ ਔਰੰਗਜ਼ੇਬ—ਦੇਖੋ ਔਰੰਗਜ਼ੇਬ ਬਾਦਸ਼ਾਹ

ਨੰਦ ਚੰਦ ਦੀਵਾਨ : ਆਪ ਡਰੋਲੀ ਨਿਵਾਸੀ ਉਮਰਸ਼ਾਹ ਦੇ ਪੋਤਰੇ ਸਨ। ਆਪ ਇਸੇ ਇਲਾਕੇ ਦੇ ਮਸੰਦ ਸਨ। ਗੁਰੂ ਜੀ ਨੇ ਆਪ ਨੂੰ ਆਪਣਾ ਦੀਵਾਨ ਤੇ ਸੈਨਾਨੀ ਥਾਪਿਆ ਸੀ। ਇਕ ਵਾਰੀ ਆਪ ਨੇ ਉਦਾਸੀ ਸਾਧੂ ਦੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਆਪ ਰੱਖ ਲਈ ਸੀ ਜਿਹੜੀ ਕਿ ਉਹ ਗੁਰੂ ਜੀ ਦੇ ਦਸਤਖਤ ਕਰਵਾਉਣ ਲਈ ਲਿਆਇਆ ਸੀ ਜਦੋਂ ਸਾਧੂ ਨੇ ਗੁਰੂ ਜੀ ਪਾਸ ਸ਼ਿਕਾਇਤ ਕੀਤੀ ਤਾਂ ਇਹ ਡਰਦਾ ਮਾਰਾ ਅਨੰਦਪੁਰ ਭੱਜ ਕੇ ਕਰਤਾਰਪੁਰ ਧੀਰਮੱਲ ਕੋਲ ਚਲਾ ਗਿਆ। ਜਿਥੇ ਆਪ ਨੂੰ ਜਸੂਸ ਸਮਝ ਕੇ ਮਾਰ ਦਿੱਤਾ ਗਿਆ ਸੀ।

ਨੰਦ ਲਾਲ ਭਾਈ : ਇਹ ਫਾਰਸੀ ਦਾ ਬੜਾ ਵੱਡਾ ਵਿਦਵਾਨ ਸੀ ਅਤੇ ਔਰੰਗਜ਼ੇਬ ਦੇ ਪੁੱਤਰ ਮੁਅੱਜ਼ਮ ਦਾ ਉਸਤਾਦ ਰਹਿ ਚੁੱਕਾ ਸੀ। ਮੁਅੱਜਮ ਹੀ ਬਾਅਦ ਵਿਚ ਬਹਾਦਰ ਸ਼ਾਹ ਬਣਿਆ ਸੀ। ਆਪ 1697 ਈਸਵੀ ਵਿਚ ਗੁਰੂ ਗੋਬਿੰਦ ਸਿੰਘ ਜੀ ਕੋਲ ਆਏ ਸਨ ਅਤੇ ਬਾਅਦ ਵਿਚ ਬਹਾਦਰ ਸ਼ਾਹ ਦੀ ਸਹਾਇਤਾ ਵੀ ਗੁਰੂ ਜੀ ਨੇ ਆਪ ਦੇ ਕਹਿਣ ਤੇ ਹੀ ਕੀਤੀ ਸੀ।

ਪਰਮਾ ਨੰਦ ਪ੍ਰੋਹਤ : ਇਹ ਭੀਮ ਚੰਦ ਕਹਿਲੂਰੀਏ ਦਾ ਮੰਤਰੀ ਸੀ। ਇਹ ਰਾਜੇ ਨੂੰ ਗੁਰੂ ਜੀ ਵਿਰੁੱਧ ਭੜਕਾਉਂਦਾ ਸੀ ਤੇ ਸੋਹਾਂ ਖਾਂਦਾ ਸੀ।

ਫਤੇਹ ਸਿੰਘ (ਸਾਹਿਬਜ਼ਾਦਾ) : ਆਪ ਗੁਰੂ ਗੋਬਿੰਦ ਸਿੰਘ ਜੀ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਸਨ। ਆਪ ਦਾ ਜਨਮ ਮਾਤਾ ਜੀਤੋ ਜੀ ਦੀ ਕੁੱਖੋ 26 ਫਰਵਰੀ 1699 ਈਸਵੀ ਨੂੰ ਹੋਇਆ ਸੀ। ਆਪ 12 ਦਸੰਬਰ 1705 ਈਸਵੀ ਨੂੰ ਸਰਹੰਦ ਵਿਚ ਸ਼ਹੀਦ ਹੋ ਗਏ ਸਨ।

ਫਤੇ ਸ਼ਾਹ : ਇਹ ਸ਼੍ਰੀ ਨਗਰ (ਗੜਵਾਲੀ ਦਾ ਰਾਜਾ ਸੀ ਜੋ ਗੁਰੂ ਜੀ ਵਿਰੁੱਧ ਭੰਗਾਣੀ ਦੇ ਯੁੱਧ ਵਿਚ ਲੜਿਆ ਸੀ।

ਫੇਰੂ ਸ਼ਾਹ : ਅੰਮਬਾੜੀ ਪਿੰਡ ਵਿਚ ਉਪਲ ਖੱਤਰੀ ਜਾਤ ਦਾ ਸੀ। ਇਹ ਇਕ ਮਸੰਦ ਸੀ ਜਿਹੜਾ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਮੰਨ ਕੇ ਆਪਣੀ ਦਾਹੜੀ ਆਪਣੇ ਹੱਥ ਵਿਚ ਫੜ ਕੇ ਗੁਰੂ ਜੀ ਕੋਲ ਹਾਜ਼ਰ ਹੋਇਆ ਸੀ। ਗੁਰੂ ਜੀ ਨੇ ਆਪ ਨੂੰ ਮੁਆਫ਼ ਕਰ ਦਿੱਤਾ ਸੀ।

Sri Satguru Jagjit Singh Ji eLibrary NamdhariElibrary@gmail.com

ਭੀਖਨ ਖ਼ਾਨ : ਇਹ ਵੀ ਇਕ ਪਠਾਣ ਸੀ ਜਿਹੜਾ 100 ਸਿਪਾਹੀਆਂ ਦਾ ਸਰਦਾਰ ਸੀ। ਇਹ ਭੰਗਾਣੀ ਦੇ ਜੁੱਧ ਵਿਚ ਪਹਿਲਾਂ ਹੀ ਪਹਾੜੀ ਰਾਜਿਆਂ ਨਾਲ ਜਾ ਮਿਲਿਆ ਸੀ।

ਭੀਮ ਚੰਦ : ਇਹ ਕਹਿਲੂਰ (ਬਿਲਾਸਪੁਰ) ਦਾ ਰਾਜਾ ਸੀ। ਇਹ 1667 ਈਸਵੀ ਵਿਚ ਗੱਦੀ ਤੇ ਬੈਠਾ ਸੀ। ਇਸ ਨੇ ਗੁਰੂ ਜੀ ਵਿਰੁੱਧ ਲੜਾਈਆਂ ਲੜੀਆਂ ਅਤੇ ਹਾਰ ਖਾਧੀ। ਇਹ ਬਹੁਤ ਨੀਚ ਮਨੁੱਖ ਸੀ।

ਪੈਂਡੇ ਖਾਂ : ਔਰੰਗਜ਼ੇਬ ਦੀ ਫੌਜ ਦਾ ਇਕ ਜਰਨੈਲ ਸੀ। ਇਹ ਆਨੰਦਪੁਰ ਦੀ ਜੰਗ ਵਿਚ ਮਾਰਿਆ ਗਿਆ ਸੀ।

ਬਲਿਆਚੰਦ : ਪਹਾੜੀ ਸੈਨਾਂ ਦਾ ਇਕ ਸਰਦਾਰ ਸੀ ਜੋ ਮੈਦਾਨ ਵਿਚੋਂ ਭੱਜ ਗਿਆ ਸੀ।

ਬਚਿੱਤ੍ਰ ਸਿੰਘ ਭਾਈ : ਇਹ ਜ਼ਿਲ੍ਹਾ ਮੁਲਤਾਨ ਦੇ ਨਗਰ ਆਲੀਪੁਰ ਦੇ ਨਿਵਾਸੀ ਮਾਈ ਦਾਸ ਦਾ ਪੁੱਤਰ ਸੀ ਜਿਸ ਨੇ ਵਿਸਾਖੀ (1699 ਈ.) ਨੂੰ ਅੰਮ੍ਰਿਤ ਛਕਿਆ ਸੀ। ਆਪ ਨੇ ਹੀ ਮਸਤ ਹਾਥੀ ਨੂੰ ਮਾਰਿਆ ਸੀ।

ਭੀਮ ਚੰਦ : ਕਾਂਗੜੇ ਦਾ ਰਾਜਾ ਭੀਮ ਚੰਦ ਵੀ ਹੋਇਆ ਹੈ। ਇਹ ਵੀ ਭੀਮ ਚੰਦ ਦਾ ਸਮਕਾਲੀ ਸੀ ਅਤੇ ਗੁਰੂ ਜੀ ਦੇ ਵਿਰੁੱਧ ਲੜਦਾ ਰਿਹਾ ਸੀ।

ਮਨੀ ਸਿੰਘ ਭਾਈ : ਆਪ ਕੈਂਥੋਵਾਲ ਦੇ ਦੁਲਟ ਜੱਟ ਚੌਧਰੀ ਕਾਲੇ ਦੇ ਸਪੁੱਤਰ ਸਨ। ਆਪ ਪੰਜਵਰ੍ਹੇ ਦੀ ਉਮਰ ਵਿਚ ਗੁਰੂ ਤੇਗ ਬਹਾਦਰ ਜੀ ਦੀ ਸੇਵਾ ਵਿਚ ਚਲੇ ਗਏ ਸਨ। ਆਪ ਹੀ ਗੁਰੂ ਗ੍ਰੰਥ ਸਾਹਿਬ ਦੇ ਲਿਖਾਰੀ ਸਨ (ਦਮਦਮੀ ਬੀੜ ਆਪ 1737 ਈਸਵੀ ਵਿਚ ਸ਼ਹੀਦ ਹੋ ਗਏ ਸਨ।

ਮਾਨ ਸਿੰਘ : ਆਪ ਬਲੂ ਬੰਸੀ ਮਾਈ ਦਾਸ ਦੇ ਸਪੁੱਤਰ ਸਨ। ਇਹ ਭਾਈ ਮਨੀ ਸਿੰਘ ਜੀ ਦਾ ਭਰਾ ਸੀ। ਦੱਖਣ ਨੂੰ ਜਾਣ ਸਮੇਂ ਇਹ ਗੁਰੂ ਜੀ ਦੇ ਨਾਲ ਸੀ। ਇਹ ਚਿਤੌੜ ਦੇ ਕਿਲੇ ਦੀ ਲੜਾਈ ਵਿਚ ਜ਼ੋਰਾਵਰ ਸਿੰਘ 2 ਨਾਲ ਹੀ ਮਾਰਿਆ ਗਿਆ ਸੀ।

ਮਾਨ ਸਿੰਘ ਦੂਸਰਾ : ਇਹ ਵੀ ਅਨੰਦਪੁਰ, ਚਮਕੌਰ ਅਤੇ ਫਿਰ ਦੱਖਣ ਨੂੰ ਜਾਣ ਸਮੇਂ ਗੁਰੂ ਜੀ ਦੇ ਨਾਲ ਰਿਹਾ ਸੀ। ਇਹ ਘੋੜਿਆਂ ਲਈ ਘਾਹ ਲੈਣ ਗਏ ਸਿੱਖਾਂ ਦੀ ਮੁਗ਼ਲ ਸਿਪਾਹੀਆਂ ਨਾਲ ਸੁਲਹਾ ਕਰਾਉਂਦੇ ਸਮੇਂ ਮਾਰਿਆ ਗਿਆ ਸੀ।

ਮਾਹੁਰੀ ਚੰਦ : ਇਹ ਵੀ ਸ਼੍ਰੀ ਗੁਰੂ ਹਰਿਗੋਬਿੰਦ ਜੀ ਦੀ ਸਪੁੱਤਰੀ ਬੀਬੀ ਵੀਰੋ ਜੀ ਦਾ ਸਪੁੱਤਰ ਸੀ। ਇਹ ਭੰਗਾਣੀ ਦੇ ਯੁੱਧ ਵਿਚ ਬਹਾਦਰੀ ਨਾਲ ਲੜਿਆ ਸੀ।

ਮੀਆਂ ਖ਼ਾਨ : ਇਸ ਦਾ ਅਸਲ ਨਾਮ ਹਿੱਫਜ਼ੁੱਲਾ ਖਾਂ ਸੀ। ਇਹ ਸ਼ਾਹ ਜਹਾਨ ਦੇ ਵੱਡੇ ਵਜੀਰ ਸਾਦੁੱਲ ਖਾਂ ਦਾ ਪੁਤਰ ਸੀ। ਇਹ ਜੰਮੂ ਦਾ ਸੂਬੇਦਾਰ ਵੀ ਰਿਹਾ ਸੀ।

ਮੁਨਇਮ ਖ਼ਾਨ : ਇਹ ਸੁਲਤਾਨ ਬੇਗ ਬਰਲਾਸ ਦਾ ਪੁੱਤਰ ਸੀ ਇਹ ਪਹਿਲਾਂ ਕਾਬਲ ਦਾ ਦੀਵਾਨ ਸੀ।

ਮੇਘ ਰਾਜ ਭੱਲਾ : ਆਪ ਗੁਰੂ ਅਮਰਦਾਸ ਜੀ ਦੀ ਬੰਸ ਵਿਚੋਂ ਸਨ ਅਤੇ ਗੋਇੰਦਵਾਲ ਰਹਿੰਦੇ ਸਨ। ਇਕ ਵਾਰੀ ਆਪਣੀ ਪਤਨੀ ਦੇ ਕਹਿਣ ਤੇ ਅਨੰਦਪੁਰ ਗਏ ਅਤੇ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਪੁੱਤਰਾਂ ਦੀ ਦਾਤ ਪਾਈ। ਆਪ ਸਾਧੂ ਸੁਭਾਅ ਵਿਅਕਤੀ ਸਨ।

ਮੇਦਨੀ ਪ੍ਰਕਾਸ : ਇਹ ਰਾਜੇ ਬੁਧ ਪ੍ਰਕਾਸ਼ ਦਾ ਪੁਛਰ ਸੀ। ਇਹ ਗੁਰੂ ਜੀ ਪ੍ਰਤੀ ਸ਼ਰਧਾ ਰੱਖਦਾ ਸੀ।

ਰਣਜੀਤ ਸਿੰਘ : ਇਸ ਪੁਸਤਕ ਵਿਚ ਰਣਜੀਤ ਸਿੰਘ ਦੇ ਨਾਂ ਨਾਲ ਰਣਜੀਤ ਸਿੰਘ ਬਾਰੇ ਭਵਿੱਖ ਬਾਣੀ ਵੀ ਅੰਕਿਤ ਹੈ। ਇਹ ਪੰਜਾਬ ਦਾ ਮਹਾਰਾਜਾ ਹੋਇਆ ਹੈ।

ਰਾਮ ਸਿੰਘ ਮਾਰਵਾੜੀ : ਇਹ ਗੁਰੂ ਜੀ ਦਾ ਇਕ ਮਾਰਵਾੜੀ ਸਿੱਖ ਸੀ ਜੋ ਬਹੁਤ ਸ਼ਰਧਾਲੂ ਸੀ।

ਰਾਮ ਦਾਸ ਗੁਰੂ : ਆਪ ਸਿੱਖਾਂ ਦੇ ਚੌਥੇ ਗੁਰੂ ਸਨ। ਆਪ ਸੋਢੀ ਵੰਸ਼ ਵਿਚੋਂ ਲਹੌਰ ਦੇ ਰਹਿਣ ਵਾਲੇ

Sri Satguru Jagjit Singh Ji eLibrary NamdhariElibrary@gmail.com

ਹਰਿਦਾਸ ਸੋਢੀ ਦੇ ਸਪੁੱਤਰ ਸਨ। ਆਪ ਦਾ ਜਨਕ 24 ਸਤੰਬਰ 1534 ਈਸਵੀ ਨੂੰ ਹੋਇਆ ਸੀ ਅਤੇ ਆਪ ਇਕ ਸਤੰਬਰ 1574 ਈਸਵੀ ਨੂੰ ਜੋਤੀ ਜੋਤ ਸਮਾ ਗਏ ਸਨ।

ਰਾਮ ਕੁਇਰ : ਆਪ ਬਾਬਾ ਬੁਢਾ ਜੀ ਦੇ ਵੰਸ਼ ਵਿਚੋਂ ਬਾਬਾ ਗੁਰਦਿੱਤਾ ਜੀ ਦੇ ਸਪੁੱਤਰ ਸਨ। ਆਪ ਅਨੰਦਪੁਰ ਗੁਰੂ ਜੀ ਦੀ ਹਜ਼ੂਰੀ ਵਿਚ ਰਹੇ ਸਨ। ਆਪ ਅੰਮ੍ਰਿਤ ਛਕਣ ਉਪਰੰਤ ਗੁਰਬਖਸ਼ ਸਿੰਘ ਦੇ ਨਾਮ ਨਾਲ ਪ੍ਰਸਿੱਧ ਹੋਏ ਸਨ। ਆਪ ਦਾ ਸਮਾਂ ਸੰਮਤ 1729 ਤੋਂ ਸੰਮਤ 1818 ਤਕ ਦਾ ਹੈ।

ਲਾਲ ਚੰਦ : ਇਹ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਸਿੱਖ ਸੀ ਜਿਹੜਾ ਭੰਗਾਣੀ ਦੇ ਯੁੱਧ ਵਿਚ ਬੜੀ ਬਹਾਦਰੀ ਨਾਲ ਲੜਿਆ ਸੀ।

ਲਾਹੌਰਾ ਸਿੰਘ : ਇਹ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦਾ ਖਿਡਾਵਾ ਸੀ।

Sri Satguru Jagjit Singh Ji eLibrary NamdhariElibrary@gmail.com

ਪ੍ਰਸ਼ਿਸ਼ਟ ਨੰ: 2

ਪ੍ਰਸਿੱਧ ਇਤਿਹਾਸਕ ਸਥਾਨ

ਉਜੈਨ : ਮੱਧ ਭਾਰਤ ਵਿਚ ਪੁਰਾਣੀ ਰਿਆਸਤ—ਗਵਾਲੀਅਰ ਦਾ ਇਕ ਸ਼ਹਿਰ ਜਿਹੜਾ ਮਾਲਵਾ ਦੇਸ਼ ਦੇ ਵਿਚਕਾਰ ਪੈਂਦਾ ਸੀ ਅਤੇ ਕਦੀ ਇਸ ਦੇਸ਼ ਦੀ ਰਾਜਧਾਨੀ ਹੁੰਦਾ ਸੀ।

ਉਦੈਪੁਰ : ਰਾਜਸਥਾਨ ਦੀ ਇਕ ਪੁਰਾਣੀ ਰਿਆਸਤ ਦਾ ਪ੍ਰਸਿੱਧ ਸ਼ਹਿਰ ਹੈ। ਇਸ ਦਾ ਦੂਸਰਾ ਨਾਮ ਮੇਵਾੜ ਹੈ।

ਅਜਮੇਰ : ਇਹ ਵੀ ਰਾਜਸਥਾਨ ਦਾ ਇਕ ਵੱਡਾ ਸ਼ਹਿਰ ਹੈ।

ਆਨੰਦਪੁਰ : ਪੁਰਾਣੇ ਜ਼ਿਲ੍ਹਾ ਹੁਸ਼ਿਆਰਪੁਰ ਦੀ ਊਨਾ ਤਹਿਸੀਲ ਦਾ ਇਕ ਕਸਬਾ। ਇਸ ਦਾ ਪਹਿਲਾ ਨਾਮ ਮਾਖੋਵਾਲ ਸੀ। ਗੁਰੂ ਤੇਗ ਬਹਾਦਰ ਜੀ ਨੇ ਇਸ ਦੀ ਜ਼ਮੀਨ ਖਰੀਦ ਕੇ ਇਹ ਸ਼ਹਿਰ ਵਸਾਇਆ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਏਥੇ ਪੰਜ ਕਿਲੇ ਬਣਵਾਏ ਸਨ।

ਆਲਮਗੀਰ : ਅਜੋਕੇ ਲੁਧਿਆਣੇ ਦੇ ਨੇੜੇ ਪ੍ਰਸਿੱਧ ਗੁਰਦਵਾਰਾ ਹੈ। ਇਥੇ ਵੀ ਗੁਰੂ ਜੀ ਆਏ ਸਨ।

ਅਹਿਮਦ ਨਗਰ : ਦੱਖਣ ਦਾ, ਬੰਬਈ ਦੇ ਇਲਾਕੇ ਦਾ ਇਕ ਸ਼ਹਿਰ ਹੈ ਜਿਥੇ ਔਰੰਗਜ਼ੇਬ ਦਾ ਦਿਹਾਂਤ ਹੋਇਆ ਸੀ।

ਆਗਰਾ : ਯੂ. ਪੀ. ਵਿਚ ਜਮਨਾ ਦੇ ਕੰਢੇ ਇਕ ਪ੍ਰਸਿੱਧ ਸ਼ਹਿਰ ਹੈ। ਇਥੇ ਹੀ ਤਾਜ ਮਹਿਲ ਸਥਿਤ ਹੈ।

ਸਰਹੰਦ : ਪੰਜਾਬ ਦਾ ਇਕ ਪ੍ਰਸਿੱਧ ਇਤਿਹਾਸਕ ਸ਼ਹਿਰ ਹੈ। ਇਥੇ ਮੁਸਲਮਾਨਾਂ ਦਾ ਇਕ ਪ੍ਰਸਿੱਧ ਮਕਬਰਾ ਵੀ ਹੈ। ਇਥੇ ਹੀ ਸੂਬਾ ਸਰਹੰਦ ਵਜ਼ੀਦ ਖਾਂ ਦੇ ਹੁਕਮ ਨਾਲ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਫਤੇ ਸਿੰਘ ਜੀ ਨੂੰ ਨੀਂਹਾਂ ਵਿਚ ਚਿਣ ਕੇ ਸ਼ਹੀਦ ਕੀਤਾ ਗਿਆ ਸੀ।

ਸਾਹੀ ਟਿੱਬੀ : ਇਹ ਨਿਰਮੋਹਗੜ੍ਹ ਤੋਂ ਥੋਹੜੀ ਦੂਰ ਇਕ ਸਥਾਨ ਹੈ। ਇਸ ਸਥਾਨ ਤੇ ਹੀ 7 ਪੋਹ ਸੰਮਤ 1762 ਬਿਕ੍ਰਮੀ ਅਰਥਾਤ 1705 ਈਸਵੀ ਵਿਚ ਭਾਈ ਉਦੈ ਸਿੰਘ ਸ਼ਹੀਦ ਹੋਏ ਸਨ।

ਹੇਹਰ : ਜ਼ਿਲ੍ਹਾ ਲੁਧਿਆਣਾ ਦਾ ਇਕ ਪਿੰਡ ਜਿੱਥੋਂ ਦਾ ਕ੍ਰਿਪਾਲ ਦਾਸ ਉਦਾਸੀ ਸੀ।

ਹੰਡੂਰ/ਹੰਢੂਰ : ਅੱਜਕਲ੍ਹ ਇਹ ਨਾਲਾਗੜ੍ਹ ਕਰਕੇ ਪ੍ਰਸਿੱਧ ਹੈ।

ਕਹਿਲੂਰ : ਇਹ ਪੁਰਾਣੀ ਰਿਆਸਤ ਬਿਲਾਸਪੁਰ ਦਾ ਇਲਾਕਾ ਹੈ। ਇਥੋਂ ਦਾ ਰਾਜਾ ਗੁਰੂ ਗੋਬਿੰਦ ਸਿੰਘ ਜੀ ਦਾ ਵਿਰੋਧੀ ਹੋ ਗਿਆ ਸੀ।

ਕਨੇਚ : ਲੁਧਿਆਣੇ ਜ਼ਿਲ੍ਹੇ ਦਾ ਇਕ ਪਿੰਡ ਹੈ। ਗੁਰੂ ਜੀ ਮਾਲਵੇ ਦੀ ਯਾਤਰਾ ਵਿਚ ਇੱਥੇ ਵੀ ਆਏ ਸਨ।

ਕਲਮੋਟ : ਇਹ ਤਹਿਸੀਲ ਊਨਾ ਦਾ ਇਕ ਪਿੰਡ ਹੁੰਦਾ ਸੀ। ਇਸ ਦੇ ਵਸਨੀਕਾਂ ਨੇ ਇਕ ਵਾਰ ਆਨੰਦਪੁਰ ਜਾਂਦੀ ਸੰਗਤ ਨੂੰ ਲੁੱਟ ਲਿਆ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਘਟਨਾ ਕਾਰਣ ਇਸ ਪਿੰਡ ਤੇ ਚੜ੍ਹਾਈ ਕੀਤੀ ਅਤੇ ਦੁਸ਼ਟਾਂ ਨੂੰ ਸੋਧਿਆ। ਇਹ ਘਟਨਾ 1700 ਈਸਵੀ ਦੀ ਹੈ।

ਕਾਂਗੜ (ਦੀਨਾ ਕਾਂਗੜ) : ਇਹ ਦਿਆਲਪੁਰਾ ਭਾਈ ਕਾ ਤੋਂ ਦੋ ਮੀਲ ਦੀ ਵਿੱਥ ਤੇ ਸਥਿਤ ਨਗਰ ਹੈ। ਇਹ ਫੂਲ ਮੰਡੀ ਸਟੇਸ਼ਨ ਤੋਂ 15 ਮੀਲ ਉਤਰ ਵੱਲ ਹੈ।

Sri Satguru Jagjit Singh Ji eLibrary NamdhariElibrary@gmail.com

ਕੋਟਕਪੁਰਾ : ਪੰਜਾਬ ਦਾ ਇਕ ਪ੍ਰਸਿੱਧ ਨਗਰ ਹੈ ਜਿਹੜਾ ਬਰਾੜ ਗੋਤ ਦੇ ਕਪੂਰੇ ਨੇ ਵਸਾਇਆ ਸੀ।

ਗੁਲਏਰ (ਗਵਾਲੀਅਰ) : ਪੁਰਾਣੀ ਰਿਆਸਤ ਗਵਾਲੀਅਰ ਦੀ ਰਾਜਧਾਨੀ ਸੀ।

ਘਨੌਲਾ : ਰੋਪੜ ਦੇ ਇਲਾਕੇ ਦਾ ਇਕ ਪਿੰਡ ਹੈ ਜਿਸ ਵੱਲ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਛੱਡਣ ਸਮੇਂ ਵਧੇ ਸਨ।

ਚਮਕੌਰ : ਪੰਜਾਬ ਦੀ ਤਹਿਸੀਲ ਰੋਪੜ ਦਾ ਇਕ ਪਿੰਡ ਜਿਥੇ ਗੁਰੂ ਜੀ ਨੇ ਗੜ੍ਹੀ ਵਿਚ ਜੰਗ ਲੜੀ ਸੀ ਅਤੇ ਜਿਥੇ ਦੋ ਵੱਡੇ ਸਾਹਿਬਜ਼ਾਦੇ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਜੁਝਾਰ ਸਿੰਘ ਸ਼ਹੀਦ ਹੋਏ ਸਨ।

ਚਤੌੜ : ਇਹ ਰਾਜਸਥਾਨ ਦੀ ਰਿਆਸਤ ਉਦੈਪੁਰ ਦਾ ਪੁਰਾਣਾ ਪ੍ਰਸਿੱਧ ਕਸਬਾ ਹੈ। ਜਦੋਂ ਗੁਰੂ ਜੀ ਬਹਾਦਰ ਸ਼ਾਹ ਨਾਲ ਦੱਖਣ ਨੂੰ ਜਾ ਰਹੇ ਸਨ ਤਾਂ ਇਥੇ ਦੇ ਰਾਜਪੂਤਾਂ ਨਾਲ ਸਿੱਖਾਂ ਦੀ ਝੜਪ ਹੋ ਗਈ ਸੀ। ਜਿਸ ਵਿਚ ਜੋਰਾਵਰ ਸਿੰਘ ਦੂਜਾ ਮਾਰਿਆ ਗਿਆ ਸੀ।

ਜੈਤੋ : ਮਾਲਵੇ ਦਾ ਇਕ ਨਗਰ ਹੈ ਜਿਥੇ ਗੁਰੂ ਜੀ ਗਏ ਸਨ।

ਜੰਮੂ : ਕਸ਼ਮੀਰ ਪ੍ਰਦੇਸ਼ ਦਾ ਦੂਸਰਾ ਵੱਡਾ ਸ਼ਹਿਰ ਹੈ।

ਢਿਲਵਾਂ : ਇਹ ਵੀ ਮਾਲਵੇ ਦਾ ਇਕ ਪਿੰਡ ਹੈ। ਗੁਰੂ ਜੀ ਇਸ ਪਿੰਡ ਵੀ ਗਏ ਸਨ।

ਦੀਨਾ : ਤਹਿਸੀਲ ਮੋਗਾ ਦਾ ਇਕ ਪਿੰਡ ਇਹ ਕਾਂਗੜ ਤੇ ਦਿਆਲਪੁਰਾ ਭਾਈ ਕਾ ਨੇੜੇ ਹੈ।

ਦਿਆਲਪੁਰਾ (ਭਾਈ ਕਾ) : ਇਹ ਕਾਂਗੜ ਦੇ ਨੇੜੇ ਹੈ ਇਥੇ ਹੀ ਅਸਲ ਵਿਚ ਗੁਰੂ ਜੀ ਨੇ ਜਫਰਨਾਮਾ ਲਿਖਿਆ ਸੀ।

ਦਿੱਲੀ : ਭਾਰਤ ਦੀ ਰਾਜਧਾਨੀ ਹੈ।

ਨਰਬਦਾ : ਇਕ ਨਦੀ ਦਾ ਨਾਮ ਹੈ।

ਨਦੌਣ : ਹਿਮਾਚਲ ਪ੍ਰਦੇਸ਼ ਦੀ ਤਹਿਸੀਲ ਹਮੀਰਪੁਰ ਦਾ ਇਕ ਨਗਰ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਇਥੇ ਇਕ ਲੜਾਈ ਲੜੀ ਸੀ ਜੋ ਇਤਿਹਾਸ ਵਿਚ ਨਦੌਣ ਦੀ ਯੁੱਧ ਨਾਲ ਵੀ ਪ੍ਰਸਿੱਧ ਹੈ।

ਨਾਂਦੇੜ : ਗੋਦਾਵਰੀ ਨਦੀ ਦੇ ਕੰਢੇ ਇਕ ਕਸਬਾ ਹੈ। ਇਹ ਪੁਰਾਣੀ ਹੈਦਰਾਬਾਦ ਰਿਆਸਤ ਦਾ ਭਾਗ ਸੀ। ਇਥੇ ਹੀ ਗੁਰੂ ਜੀ ਸੱਤ ਅਕਤੂਬਰ 1708 ਈਸਵੀ ਨੂੰ ਜੋਤੀ-ਜੋਤ ਸਮਾਏ ਸਨ। ਇੱਥੋਂ ਹੀ ਗੁਰੂ ਜੀ ਨੇ ਮਾਧੋਦਾਸ ਬੈਰਾਗੀ ਨੂੰ ਬੰਦਾ ਬਹਾਦਰ ਬਣਾ ਕੇ ਪੰਜਾਬ ਭੇਜਿਆ ਸੀ। ਇਸ ਥਾਂ ਨੂੰ ਅਬਚਲ ਨਗਰ ਹਜ਼ੂਰ ਸਾਹਿਬ ਵੀ ਆਖਦੇ ਹਨ।

ਨਿਰਮੋਹ : ਇਥੇ ਗੁਰੂ ਜੀ ਦਾ ਇਕ ਕਿਲਾ ਸੀ। ਇਹ ਥਾਂ ਕੀਰਤਪੁਰ ਦੇ ਨੇੜੇ ਹੈ। ਨਿਰਮੋਹ ਦਾ ਜੁੱਧ 8 ਅਕਤੂਬਰ 1700 ਈਸਵੀ ਵਿਚ ਹੋਇਆ ਸੀ।

ਪਾਉਂਟਾ (ਪਾਵਟਾ) : ਨਾਹਨ ਦੇ ਇਲਾਕੇ ਵਿਚ ਇਕ ਸਥਾਨ ਜਿਥੇ ਗੁਰੂ ਜੀ ਕੁਝ ਸਮੇਂ ਲਈ ਟਿਕੇ ਸਨ। ਇਥੇ ਗੁਰੂ ਜੀ ਦੀ ਯਾਦ ਵਿਚ ਇਕ ਗੁਰਦੁਆਰਾ ਵੀ ਹੈ। ਇਥੇ ਹੀ ਗੁਰੂ ਜੀ ਨੇ ਭੰਗਾਣੀ ਦਾ ਯੁੱਧ ਲੜਿਆ ਸੀ।

ਬਘੌਰ : ਉਦੇਪੁਰ ਰਿਆਸਤ ਦਾ ਇਕ ਨਗਰ। ਗੁਰੂ ਜੀ ਦੱਖਣ ਨੂੰ ਜਾਂਦੇ ਸਮੇਂ ਇੱਥੋਂ ਦੀ ਲੰਘੇ ਸਨ।

ਬਿੰਦ੍ਰਾਬਨ : ਉਤਰ ਪ੍ਰਦੇਸ਼ ਦੇ ਮਥੁਰਾ ਜ਼ਿਲ੍ਹੇ ਦਾ ਇਕ ਨਗਰ ਹੈ। ਇਹਹ ਨਗਰ ਕ੍ਰਿਸ਼ਨ ਜੀ ਦੇ ਨਾਮ ਨਾਲ ਪ੍ਰਸਿੱਧ ਹੋਇਆ ਹੈ।

ਬੁਰਹਾਨਪੁਰ : ਇਹ ਮੱਧ ਪ੍ਰਦੇਸ਼ ਦੇ ਨਮਾਰ ਜ਼ਿਲ੍ਹੇ ਦਾ ਇਕ ਨਗਰ ਹੈ। ਗੁਰੂ ਜੀ ਇਸ ਸਥਾਨ ਤੇ ਵੀ ਗਏ ਸਨ।

ਭੰਗਾਣੀ : ਪਾਉਂਟਾ ਤਹਿਸੀਲ ਦਾ ਇਕ ਨਗਰ ਹੈ। ਇਥੇ ਹੀ ਗੁਰੂ ਜੀ ਨੇ ਆਪਣੇ ਜੀਵਨ ਦੀ ਪਹਿਲੀ ਲੜਾਈ ਲੜੀ ਸੀ।

Sri Satguru Jagjit Singh Ji eLibrary NamdhariElibrary@gmail.com

ਮੁਕਤਸਰ : ਪੰਜਾਬ ਦਾ ਪ੍ਰਸਿੱਧ ਇਤਿਹਾਸਕ ਸ਼ਹਿਰ ਹੈ। ਇਸ ਦਾ ਪਹਿਲਾ ਨਾਂ ਖਿਦਰਾਣਾ ਸੀ। ਇਥੇ ਗੁਰੂ ਜੀ ਨੇ ਅੰਤਿਮ ਜੁੱਧ ਲੜਿਆ ਸੀ।

ਮਥੁਰਾ : ਇਹ ਇਕ ਪ੍ਰਸਿੱਧ ਹਿੰਦੂ ਤੀਰਥ ਹੈ। ਇਸ ਥਾਂ ਗੁਰੂ ਨਾਨਕ ਦੇਵ ਜੀ, ਗੁਰੂ ਹਰਿਗੋਬਿੰਦ ਜੀ, ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਵੀ ਗਏ ਸਨ।

ਮਾਲਵਾ : ਪੰਜਾਬ ਦੇ ਜ਼ਿਲ੍ਹਾ ਫੀਰੋਜ਼ਪੁਰ, ਫ਼ਰੀਦਕੋਟ, ਲੁਧਿਆਣਾ, ਪਟਿਆਲਾ, ਨਾਭਾ, ਜੀਂਦ, ਆਦਿ ਦੇ ਇਲਾਕੇ ਨੂੰ ਮਾਲਵਾ ਆਖਦੇ ਹਨ। ਪਹਿਲਾਂ ਇਸ ਨੂੰ ਜੰਗਲ ਦਾ ਇਲਾਕਾ ਵੀ ਆਖਦੇ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਮਾਲਵਾ ਕਿਹਾ ਹੈ।

ਮਾਛੀਵਾੜਾ : ਜ਼ਿਲ੍ਹਾ ਲੁਧਿਆਣਾ ਵਿਚ ਤਹਿਸੀਲ ਸਮਰਾਲਾ ਦਾ ਕਸਬਾ ਹੈ ਜਿਥੇ ਗੁਰੂ ਜੀ ਚਮਕੌਰ ਦੀ ਗੜ੍ਹੀ ਵਿਚੋਂ ਨਿਕਲ ਕੇ ਭਾਈ ਗੁਲਾਬੇ ਦੇ ਘਰ ਆ ਠਹਿਰੇ ਸਨ।

ਲਾਹੌਰ : ਅਣਵੰਡੇ ਪੰਜਾਬ ਦੀ ਰਾਜਧਾਨੀ ਸੀ। ਪੰਜਾਬ ਦਾ ਇਕ ਪ੍ਰਸਿੱਧ ਸ਼ਹਿਰ ਹੈ। ਮੁਗ਼ਲਾਂ ਦੇ ਵੇਲੇ ਵੀ ਲਾਹੌਰ ਇਕ ਸੂਬਾ ਹੁੰਦਾ ਸੀ।

ਨੋਟ : ਮਾਲਵੇ ਦੇ ਇਲਾਕੇ ਦੇ ਹੋਰ ਬਹੁਤ ਸਾਰੇ ਪਿੰਡ ਹਨ ਜਿਥੇ ਗੁਰੂ ਗੋਬਿੰਦ ਸਿੰਘ ਜੀ ਗਏ ਸਨ ਜਿਵੇਂ, ਰਮਿਆਣਾ, ਰੁਪਾਣਾ, ਛਤਿਆਣਾ, ਲੱਲੀ ਕੁੱਬੀ; ਰਾਏਕੋਟ, ਨਿਥਾਣਾ, ਸਰਾਇ, ਫਤੇ ਸੰਮੂ, ਕੁੰਦੜ, ਰਾਹਕਾਸਬ ਭੱਟੀ, ਗੁਰੂ ਸਰ, ਪੱਕਾ ਦਮਦਮਾ, ਬਠਿੰਡਾ, ਮੋੜ, ਬੰਗਾਰੀ, ਖਟਾਣਾ, ਤਖਤੂਪੁਰਾ, ਰਖਾਲੇ, ਬਹਬਲ, ਸ਼ਿਵਰਾਮੀ ਦੋਦਾ, ਬਾਦਰੀ, ਬਨਗਾੜੀ, ਭਕਨਾ ਆਦਿ।

Sri Satguru Jagjit Singh Ji eLibrary NamdhariElibrary@gmail.com